ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰੁਤਿ ਚੌਥੀ Rut 4

# Sri Gur Partap Suraj Granth


ਕ੍ਰਿਤ:

ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

Bhai Santokh Singh 'Kavi Churamani'


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas & Mata Gujri ji


ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Bhai Baljinder Singh ji



© Baljinder Singh 16914 Lassen Street, Northridge, CA 91343 USA

ੴ ਸਤਿਗੁਰ ਪ੍ਰਸਾਦਿ ॥


## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਕੀ-ਸਟ੍ਰੋਕ ਸੂਚੀ

## ਤਤਕਰਾ ਰੁਤਿ ਚੌਥੀ

## ਰੁਤਿ ਚੌਥੀ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ ਉਪਲਬਧ ਕਰਾਉਣਾ; ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ

ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰੁਤਿ ਚੌਥੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰੁਤਿ ੪ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |

# ਕੀ-ਸਟ੍ਰੋਕ ਸੂਚੀ

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਕੋਈ ਅੱਖਰ ਲੱਭਣ ਵਾਸਤੇ ਗੁਰਮੁਖੀ ਫੌਂਟ ਲਈ ਨਿਰਧਾਰਤ ਕੀ-ਸਟ੍ਰੋਕ ਦੀ ਸੂਚੀ

| | | | | | | | | | |
|---|---|---|---|---|---|---|---|---|---|
| ੳ | ਅ | ੲ | ਸ | ਹ | ਕ | ਖ | ਗ | ਘ | ਙ |
| A | a | e | s | h | k | K | g | G | Alt+ 249 |
| ਚ | ਛ | ਜ | ਝ | ਞ | ਟ | ਠ | ਡ | ਢ | ਣ |
| c | C | j | J | Alt+ 248 | t | T | f | F | N |
| ਤ | ਥ | ਦ | ਧ | ਨ | ਪ | ਫ | ਬ | ਭ | ਮ |
| q | Q | d | D | n | p | P | b | B | m |
| ਯ | ਰ | ਕ | ਵ | ੜ | ਸ਼ | ਖ਼ | ਗ਼ | ਜ਼ | ਫ਼ |
| X | r | k | v | V | S | Alt+ 222 | Alt+ 223 | Z | Alt+ 227 |
| ਲ਼ | ਨੂੰ | ਜ | ੑ | ਾ | ਂ | ਿ | ੀ | ੁ | ੁ |
| Alt+ 253 | L | Alt+ 206 | Alt+ 236 | w | W | i | I | u | Alt+ 252 |
| ੂ | ੂ | - | ੇ | ੈ | ੋ | ੌ | : | ੰ | ੰ |
| U | Alt+ 193 | Alt+ 216 | y | Y | o | O | x | M | Alt+ 251 |
| ੁ | ੁ | ੑ | ੍ਵ | ੍ਹ | ੍ਧ | ੍ਟ | ੍ਤ | ੍ਵ | ੍ਰ |
| z | Alt+ | Alt+ 196 | Alt+ 180 | H | Alt+ 231 | Alt+ 195 | Alt+ 156 | Alt+ 205 | R |
| - | . | ਃ | | | | | | | |
| Alt+ 216 | Alt+ 230 | Alt+ 218 | | | | | | | |

# ਤਤਕਰਾ ਰੁਤਿ ੪


| | ਚਉਥੀ ਰੁਤਿ |
|---|---|
| ੧ | ੧. [ਮੰਗਲ। ਖਾਲਸੇ ਦਾ ਬਾਹਰ ਚੜ੍ਹਨਾ]<br>੧. ਇਸ਼੍ਟ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ।<br>੨. ਇਸ਼੍ਟ ਗੁਰੂ-ਦਸੋ ਗੁਰੂ ਸਾਹਿਬਾਂ ਦਾ-ਮੰਗਲ।<br>੩. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ। |
| ੨ | ੨. [ਸ਼ੰਕਰ ਵਰਣ] |
| ੩ | ੩. [ਮੋਮਨ ਸ਼ਰਫ] |
| ੪ | ੪. [ਬਲੀਆ ਚੰਦ ਤੇ ਆਲਮ ਚੰਦ ਨਾਲ ਜੁੱਧ] |
| ੫ | ੫. [ਰਾਜਿਆਂ ਦੀ ਸਲਾਹ। ਕਾਜ਼ੀ ਸਲਾਰ ਦੀਨ] |
| ੬ | ੬. [ਮਰਦ ਦਾ ਮੂੰਹ ਨਾ ਫਿਟਕਾਰਨਾ। ਨਿਗਾਹੇ ਦਾ ਮੁਰੀਦ ਵਣਜਾਰਾ] |
| ੭ | ੭. [ਕੋਮਲ ਹੱਥਾਂ ਵਾਲੇ ਲੜਕੇ ਨੂੰ ਸੇਵਾ ਦਾ ਉਪਦੇਸ਼] |
| ੮ | ੮. [ਦੀਨਾਬੇਗ ਤੇ ਪੈਂਡੇ ਖਾਂ ਨਾਲ ਯੁੱਧ] |
| ੯ | ੯. [ਪੈਂਡਾ ਖਾਨ ਬੱਧ] |
| ੧੦ | ੧੦. [ਸਤਿਗੁਰ ਮਹਿਮਾ] |
| ੧੧ | ੧੧. [ਭੀਮ ਚੰਦ ਦੀ ਧਮਕੀ] |
| ੧੨ | ੧੨. [ਫੌਜਾਂ ਦੀ ਚੜ੍ਹਾਈ] |
| ੧੩ | ੧੩. [ਜੰਗ ਆਰੰਭ] |
| ੧੪ | ੧੪. [ਜੰਗ] |
| ੧੫ | ੧੫. [ਜਮਤੁੱਲਾ ਭਾਊ ਬੱਧ] |
| ੧੬ | ੧੬. [ਜਮਤੁੱਲੇ ਮਾਰਨ ਪਿਛੋਂ ਜੰਗ। ਰਾਤ ਨੂੰ ਆਰਾਮ] |
| ੧੭ | ੧੭. [ਪਹਾੜੀਆਂ ਦੀਆਂ ਰਾਤੀਂ ਸਲਾਹਾਂ] |
| ੧੮ | ੧੮. [ਸਾਹਿਬ ਅਜੀਤ ਸਿੰਘ ਜੀ ਦਾ ਯੁੱਧ] |
| ੧੯ | ੧੯. [ਜੰਗ-ਜਾਰੀ] |
| ੨੦ | ੨੦. [ਭਾਈ ਦਯਾ ਸਿੰਘ ਜੀ ਦੀ ਆਗਿਆ ਨਾਲ ਰਾਤੀਂ ਮੋਰਚਾ ਕਰਨਾ] |
| ੨੧ | ੨੧. [ਕੇਸਰੀ ਚੰਦ ਦੀ ਪ੍ਰਤੱਗਜਾ] |
| ੨੨ | ੨੨. [ਦੁਨੀਚੰਦ ਨੇ ਡਰ ਜਾਣਾ] |
| ੨੩ | ੨੩. [ਦੁਨੀਚੰਦ ਨੇ ਨੱਸ ਜਾਣਾ] |
| ੨੪ | ੨੪. [ਦੁਨੀਚੰਦ ਦੀ ਮੌਤ] |
| ੨੫ | ੨੫. [ਬਚਿੱਤ੍ਰ ਸਿੰਘ ਨੂੰ ਤਿਆਰ ਕੀਤਾ] |
| ੨੬ | ੨੬. [ਬਚਿੱਤ੍ਰ ਸਿੰਘ ਨੇ ਹਾਥੀ ਨੂੰ ਨੇਜ਼ਾ ਮਾਰਨਾ] |
| ੨੭ | ੨੭. [ਕੇਸਰੀ ਚੰਦ ਨੂੰ ਮਾਰਨਾ] |

| | |
|---|---|
| ੨੮ | ੨੮. [ਭੀਮ ਚੰਦ ਸ਼ੋਕ] |
| ੨੯ | ੨੯. [ਦੂਜੇ ਦਿਨ ਦਾ ਜੰਗ] |
| ੩੦ | ੩੦. [ਖਾਲਸੇ ਦੀ ਜਿੱਤ] |
| ੩੧ | ੩੧. [ਭਾਈ ਆਸਾ ਸਿੰਘ] |
| ੩੨ | ੩੨. [ਸ਼ਸਤ੍ਰ ਮਾਂਜਣੇ। ਦੁਸਹਿਰਾ] |
| ੩੩ | ੩੩. [ਮਾਤਾ ਜੀ ਨੂੰ ਸੰਤ ਦਰਸ਼ਨ] |
| ੩੪ | ੩੪. [ਕੜਾਹ ਦੀ ਲੁੱਟ। ਭਾਈ ਰਾਮਕੁਇਰ ਜੀ] |
| ੩੫ | ੩੫. [ਭਾਈ ਰਾਮ ਕੁਇਰ ਜੀ] |
| ੩੬ | ੩੬. [ਜੋਗਾ ਸਿੰਘ] |
| ੩੭ | ੩੭. [ਗਊ ਦੀ ਆਣ ਤੇ ਆਨੰਦ ਪੁਰ ਛੱਡਣਾ] |
| ੩੮ | ੩੮. [ਆਨੰਦਪੁਰ ਛੱਡਣ ਪਿੱਛੋਂ ਜੰਗ] |
| ੩੯ | ੩੯. [ਬਾਹਰ ਡੇਰਾ ਕਰਨਾ] |
| ੪੦ | ੪੦. [ਤੋਪ ਦੇ ਗੋਲੇ ਤੋਂ ਬਚਾਉ] |
| ੪੧ | ੪੧. [ਵਜ਼ੀਰ ਖਾਂ ਦਾ ਆਉਣਾ] |
| ੪੨ | ੪੨. [ਰਾਜਿਆਂ ਨੇ ਵਜ਼ੀਰ ਖਾਂ ਨੂੰ ਭੜਕਾਉਣਾ। ਰਾਇ ਬਿਸਾਲੀ ਮੇਲ] |
| ੪੩ | ੪੩. [ਜੰਗ] |
| ੪੪ | ੪੪. [ਘਮਸਾਨ। ਸਾਹਿਬ ਚੰਦ ਜੀ ਦੀ ਸ਼ਹਾਦਤ] |
| ੪੫ | ੪੫. [ਵਿਜੈ ਲੈਕੇ ਬਿਸਾਲੀ ਪਹੁੰਚਣਾ] |
| ੪੬ | ੪੬. [ਬਿਸਾਲੀ ਡੇਰਾ। ਸਿੰਘਾਂ ਦਾ ਪਹਾੜੀਆਂ ਨਾਲ ਜੰਗ] |
| ੪੭ | ੪੭. [ਬਿਭੌਰ ਦੇ ਰਾਣੇ ਨਾਲ ਮੇਲ] |
| ੪੮ | ੪੮. [ਕਲਮੋਟ ਨੂੰ ਘੇਰਨਾ] |
| ੪੯ | ੪੯. [ਵਾਪਸ ਆਨੰਦ ਪੁਰ ਆਏ] |
| ੫੦ | ੫੦. [ਭੀਮਚੰਦ ਦਾ ਮੇਲ। ਨਾਰਦ ਨੇ ਖੰਭ ਭੇਟ ਕਰਨੇ] |
| ੫੧ | ੫੧. [ਖੰਭਾਂ ਦੁਵਾਰਾ ਉਪਦੇਸ਼] |

# ਰਿਤੁ ਚਉਥੀ ਚੱਲੀ

ੴ ਸਤਿਗੁਰ ਪ੍ਰਸਾਦਿ॥

ਸ਼੍ਰੀ ਵਾਹਿਗੁਰੂ ਜੀ ਕੀ ਫਤੇ॥

ਅਰਥਾਂ ਲਈ ਦੇਖੋ ਰਾਸਿ ੩ ਦਾ ਆਦਿ।

## ਅਥ ਚਤੁਰਥ ਰੁਤ ਕਥਨੰ ॥

### ੧. [ਮੰਗਲ। ਖਾਲਸੇ ਦਾ ਬਾਹਰ ਚੜ੍ਹਨਾ]

<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੨

੧. ਇਸ਼੍ਰ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ।

ਦੋਹਰਾ: ਦੀਨਨਿ ਦਜਾਲੁ* ਅਨੰਦਘਨ, ਜੋ ਸਭਿ ਮੈਂ ਲਯ, ਲੀਨਿ।
ਲੀਨਿ ਨਾਮ ਜਨ ਜਾਂਹਿ ਨੇ, ਤਿਨ ਕੌ ਕੈਵਲ ਦੀਨਿ ॥੧॥

ਅਨੰਦਘਨੁ = ਇਕ ਰਸ ਆਨੰਦ (ਸ੍ਵਰੂਪ)। ਲਯ = ਸਮਾਇਆ ਹੋਇਆ।
ਲੀਨ = ਜੱਫੀ ਵਿਚ, ਨਾਲ ਲਗੇ ਹੋਏ, ਅਲੰਬ ਵਿਚ, ਆਸਰੇ।
ਕੈਵਲ = ਕੈਵਲਜ = ਸਦਾ ਦੀ ਮੁਕਤੀ।

ਸੂਚਨਾ-'ਜੋ ਸਭ ਮੈਂ ਲਯ ਤੇ ਲੀਨ ਦੁਹਾਂ ਦੀ ਦੇਹੁਰੀ ਦੀਪਕ ਹੈ।

ਅਰਥ: ਦੀਨਾਂ ਉੱਤੇ ਦਿਆਲੂ ਕੇ ਇਕ ਰਸ ਆਨੰਦ (ਸਰੂਪ ਪਰਮਾਤਮਾ) ਜੋ ਸਾਰਿਆਂ ਵਿਚ ਸਮਾਇਆ ਹੋਇਆ ਹੈ (ਅਤੇ) ਜਿਸ ਦੇ ਆਸਰੇ ਸਾਰੇ (ਕਾਇਮ) ਹਨ, (ਐਸੇ ਪਰਮਾਤਮਾ ਦਾ) ਨਾਮ ਜਿਨ੍ਹਾਂ ਜਨਾਂ ਨੇ ਲੀਤਾ ਹੈ, ਉਹਨਾਂ ਨੂੰ (ਆਪ ਨੇ) ਕੈਵਲ (ਪਦਵੀ) ਦਿਤੀ ਹੈ।

ਭਾਵ: ਨਯਾਯ ਨੇ ਦੁੱਖ ਤੋਂ ( = ੨੧ ਪ੍ਰਕਾਰ ਦੇ ਦੁੱਖ ਤੋਂ) ਮੂਲੋਂ ਹੀ ਛੁਟਕਾਰਾ ਪਾ ਜਾਣ ਦਾ ਨਾਮ ਕੇਵਲ ਦੱਸਿਆ ਹੈ, ਸਾਧਨ ਉਸ ਦਾ ਹੈ ੧੬ ਪਦਾਰਥਾਂ ਦਾ ਤਤ੍ਵਗਜਾਨ। ਸਾਂਖ ਵਿਚ ਤ੍ਰੈ ਪ੍ਰਕਾਰ ਦੇ ਦੁਖਾਂ ਤੋਂ ਸੰਪੂਰਣ ਖਲਾਸੀ ਨੂੰ ਕੈਵਲ ਆਖਿਆ ਹੈ, ਤੇ ਵਿਵੇਕ ਉਸ ਦਾ ਸਾਧਨ ਹੈ। ਯੋਗ ਦਰਸ਼ਨ ਵਿਚ ਅਹੰਕਾਰ ਹੀ ਪੂਰਨ ਨਵਿਰਤੀ ਹੋ ਜਾਣ ਤੇ ਦ੍ਰਿਸ਼ਟਾ ਦਾ ਸ੍ਵੈ ਸਰੂਪ ਵਿਚ ਇਸਥਿਤ ਹੋ ਜਾਣਾ ਕੈਵਲ ਹੈ, ਚਿਤ ਬ੍ਰਿਤੀਆਂ ਨੂੰ ਨਿਰੋਧ ਕਰਨਾ ਉਸ ਦਾ ਸਾਧਨ ਹੈ।

ਵੇਦਾਂਤ ਵਿਚ ਅਦ੍ਵੈਤ ਵਿਚ ਨਿਸ਼ਚਾ ਹੋਕੇ ਨਿਰੋਲ ਬ੍ਰਹਮ ਭਾਵ ਵਿਚ ਹੋ ਜਾਣਾ ਕੈਵਲ ਹੈ, ਸਾਧਨ ਅਵਿੱਦਜਾ ਦਾ ਨਾਸ਼ ਕਰਨਾ ਹੈ। ਗੁਰਮਤ ਮਾਰਗ ਵਿਚ ਜਦੋਂ ਕੈਵਲ ਪਦ ਵਰਤਿਆ ਜਾਵੇ ਤਾਂ ਭਾਵ ਹੈ:-ਜੀਵਾਤਮਾਂ ਦਾ ਪ੍ਰਮਾਤਮਾਂ ਨਾਲ ਅਵਿਛੜ ਮੇਲ ਵਿਚ (ਸਦਾ ਸੰਜੋਗ ਵਿਚ) ਹੋ ਜਾਣਾ, ਭਾਵ ਜੀਵ ਤੱਤ੍ਵ ਦਾ ਪਰਮ ਤੱਤ੍ਵ ਨਾਲ ਅਵਿਛੜ ਮਿਲਾਪ। ਇਸ ਦਾ ਸਾਧਨ ਪ੍ਰੇਮ ਹੈ, ਪਰੇਮ ਦਾ ਵਿਦਤ ਸਰੂਪ ਸਿਮਰਨ ਹੈ।

੨. ਇਸ਼੍ਰ ਗੁਰੂ-ਦਸੋ ਗੁਰੂ ਸਾਹਿਬਾਂ ਦਾ-ਮੰਗਲ।

ਕਬਿੱਤ: ਹਰਿ ਹਰਿ ਖੋਟੀ ਮਤਿ ਹਰਿ ਹਰਿ ਦੈ ਦੈ ਨਾਮ
ਗੁਰ ਗੁਰੂ ਨਾਨਕ ਜਹਾਜਨਿ ਕੋ ਭਰਿ ਭਰਿ।
ਕਰਿ ਕਰਿ ਪਾਰ ਗੁਰ ਅੰਗਦ ਅਮਰਦਾਸ

---

*ਪਾ:-ਦੀਨ ਦਇਆਲ।

ਸੋਢੀ ਕੁਲ ਚੰਦ ਰਾਮੁਦਾਸ ਦਯਾ ਢਰਿ ਢਰਿ।
ਘਰੁ ਘਰੁ ਜਸ ਗੁਰੁ ਅਰਜਨ ਜਾਨੀਯਤਿ,
ਸ੍ਰੀ ਹਰਿਗੁਬਿੰਦ ਹਰਿ ਰਾਇ ਰੂਪ ਧਰਿ ਧਰਿ।
ਦਰਿ ਦਰਿ ਦੁਖ ਹਰਿਕ੍ਰਿਸ਼ਨ ਨਵਮ ਗੁਰੁ
ਸ੍ਰੀ ਗੋਬਿੰਦ ਸਿੰਘ ਲੌ ਚਰਨ ਪਰ ਪਰਿ ਪਰਿ ॥੨॥

ਹਰਿ = ਹਰਿਕ ਦੀ। ਹਰਿ = ਦੂਰ ਕਰਕੇ। ਹਰਿ = ਭਗਵਾਨ ਰੂਪ।

ਹਰਿ ਦੈ ਦੈ ਨਾਮ = ਹਰਨਾਮ ( = ਵਾਹਿਗੁਰੂ ਦਾ ਨਾਮ) ਦੇ ਦੇ ਕੇ।

ਗੁਰ ਗੁਰੁ = ਗੁਰਾਂ ਦੇ ਗੁਰੂ। ਪਰਮ ਗੁਰੂ। ਜਾਨੀਯਤਿ = ਪ੍ਰਸਿੱਧ ਹੈ।

ਦਰ = ਦਲਨਾ। ਪਹਿਲਾ ਗੁਰੂ ਹਰਿ ਕ੍ਰਿਸ਼ਨ ਜੀ ਦੇ ਦੁੱਖ ਦਲਨ ਵੱਲ ਲੱਗੇਗਾ ਤੇ ਦੂਸਰਾ ਨਾਵੇਂ ਦਸਵੇਂ ਗੁਰੂ ਜੀ ਦੀ ਦਲਨ ਸ਼ਕਤੀ ਵੱਲ। (ਅ) ਬੂਹੇ ਬੂਹੇ ਦਾ ਦੁੱਖ ਦੂਰ ਕਰਨ ਵਾਲੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਹੋਏ। [ਫਾ: ਦਰ = ਬੂਹਾ]।

ਅਰਥ: ਗੁਰਾਂ ਦੇ ਗੁਰੂ ਨਾਨਕ ਨੇ ਦੂਰ ਕਰਕੇ ਖੋਟੀਆਂ ਮਤਾਂ, ਤੇ ਦੇ ਦੇ ਕੇ ਹਰੀ ਦਾ ਨਾਮ ਜਹਾਜ਼ਾਂ ਦੇ ਜਹਾਜ਼ ਭਰ ਭਰਕੇ ਕਰ ਦਿੱਤੇ (ਹਾਂ) ਕਰ ਦਿਤੇ ਪਾਰ। (ਤਿਵੇਂ ਹੀ ਗੁਰੂ) ਅੰਗਦ (ਗੁਰੂ) ਅਮਰਦਾਸ ਸੋਢੀ ਕੁਲ ਦੇ ਚੰਦ (ਗੁਰੂ) ਰਾਮਦਾਸ ਜੀ ਨੇ ਦਇਆ ਵਿਚ ਢਲ ਢਲਕੇ (ਲੋਕੀ ਪਾਰ ਕੀਤੇ)। (ਇਹੋ ਹੀ) ਜਸ ਘਰ ਘਰ ਵਿਚ ਪ੍ਰਸਿੱਧ ਹੈ ਗੁਰੂ ਅਰਜਨ ਜੀ ਦਾ, (ਜਿਨ੍ਹਾਂ ਦਾ ਹੀ) ਰੂਪ ਧਰ ਧਰਕੇ ਸ੍ਰੀ ਹਰਿ ਗੋਬਿੰਦ ਤੇ ਹਰਿਰਾਇ (ਜੀ ਹੋਏ), (ਉਨ੍ਹਾਂ ਹੀ ਵਾਂਙ ਹੋਏ) ਹਰਿ ਕ੍ਰਿਸ਼ਨ ਜੀ ਦੁਖਾਂ ਨੂੰ ਦਲਨ ਵਾਲੇ ਤੇ (ਸ੍ਰੀ ਗੁਰੂ ਤੇਗ ਬਹਾਦਰ) ਨਾਵੇਂ ਗੁਰੂ ਤੇ (ਸ੍ਰੀ ਗੁਰੂ) ਗੋਬਿੰਦ ਸਿੰਘ ਜੀ (ਵੈਰੀਆਂ ਨੂੰ) ਦਲਣ ਵਾਲੇ, (ਕਵਿ ਆਦਿ ਤੋਂ ਲੈ ਅੰਤ) ਤਕ (ਸਾਰੇ ਗੁਰਾਂ ਦੇ) ਚਰਨਾਂ ਤੇ ਡਿੱਗਕੇ (ਉਥੇ ਹੀ) ਪੈ ਰਿਹਾ ਹੈ।

### ੩. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਚੌਪਈ: ਚੰਦਨ ਸੇਤ ਸੁ ਚਰਚਤਿ ਅੰਗਾ।
ਚੰਦ ਮਨਿੰਦ ਬਦਨ ਸਿਤ ਰੰਗਾ।
ਚੰਦ੍ਰਿਕ ਸੇਤ ਲਗਯੋ ਤਨ ਸੰਗ।
ਜਲ ਪ੍ਰਵਾਹਿ ਜਿਹ ਰੰਗ ਸੁ ਰੰਗ ॥੩॥
ਚੌਦਹਿੰ ਲੋਕਨਿ ਬਯਾਪ ਮਹਾਂਨੀ।
ਉਚਰਤਿ ਕੋਟਹੁੰ ਅੰਤ ਨ ਜਾਨੀ।
ਨਈ ਨਈ ਨਿਤ ਕਵਿਨਿ ਬਖਾਨੀ।
ਅਸ ਬਾਨੀ ਪਦ ਬੰਦਨ ਠਾਨੀ ॥੪॥

ਚੰਦਨ ਸੇਤ = ਚਿੱਟਾ ਚੰਦਨ। ਚਰਚਤਿ = ਛਿੜਕਿਆ ਹੋਇਆ।

ਚੰਦ੍ਰਿਕ = ਕਪੂਰ। (ਅ) ਚਾਂਦਨੀ। ਤੁਕ ਦਾ ਅਰਥ:-ਮਾਨੋਂ ਚਿੱਟੀ ਚਾਂਦਨੀ ਹੀ ਤਨ ਨਾਲ ਲਗ ਰਹੀ ਹੈ।

ਜਲ ਪ੍ਰਵਾਹ = ਜਲ ਦਾ ਪ੍ਰਵਾਹ। ਗੰਗਾ ਦੇ ਜਲ ਦੇ ਪ੍ਰਵਾਹ ਤੋਂ ਮੁਰਾਦ ਹੈ, ਜਿਸ ਦਾ ਪ੍ਰਵਾਹ ਚਿੱਟਾ ਗਿਣਿਆ ਹੋਇਆ ਹੈ। ਜਾਪਦਾ ਹੈ ਕਿ ਸ਼ੁੱਧ ਪਾਠ 'ਜਲ ਪ੍ਰਵਾਹ ਜਹਿ ਗੰਗ

ਸੁਰੰਗ' ਸੀ = ਜਿਸ ਦਾ ਰੰਗ ਗੰਗਾ ਦੇ ਜਲ ਪ੍ਰਵਾਹ ਵਰਗਾ ਹੈ। ਜਲ ਪ੍ਰਵਾਹ ਵਿਚ ਮੁਰਾਦ ਲੁਸ ਲੁਸ ਕਰਨ ਦੀ ਤੇ ਲਹਿਰਨ ਦੀ ਬੀ ਹੈ।

ਅਰਥ: ਜਿਸ (ਦੇ ਤਨ ਦੇ) ਅੰਗ ਚਿੱਟੇ ਚੰਦਨ ਨਾਲ ਚਰਚਤਿ ਹਨ, ਮੁਖ ਦਾ ਰੰਗ ਚੰਦ੍ਰਮਾ ਵਰਗਾ ਚਿੱਟਾ ਹੈ, ਜਿਸ ਦੇ ਤਨ ਨਾਲ ਲਗਾ ਹੈ ਚਿੱਟਾ ਕਪੂਰ, ਜਿਸ ਦਾ ਸੁਹਣਾ ਰੰਗ ਜਲ ਪ੍ਰਵਾਹ ਦੇ ਰੰਗ ਵਾਂਙੂ (ਲਹਿਰਦਾ ਭਾਸਦਾ) ਹੈ ॥ ੩ ॥

ਜੋ ਮਹਾਨ (ਬਾਣੀ ਕਿ) ਚੌਦਾਂ ਲੋਕਾਂ ਵਿਚ ਵਿਆਪਕ ਹੈ। (ਜਿਸ ਬਾਣੀ ਨੂੰ) ਕਰੋੜਾਂ ਉਚਾਰ ਰਹੇ ਹਨ, (ਜਿਨ੍ਹਾਂ ਦਾ ਮੈਂ) ਅੰਤ ਨਹੀਂ ਜਾਣਦਾ। ਨਵੀਂ ਤੋਂ ਨਵੀਂ (ਬਾਣੀ) ਨਿਤ ਕਵੀ ਆਖਦੇ ਹਨ, ਐਸੀ ਬਾਣੀ ਨੂੰ (ਮੈਂ) ਵੀ ਚਰਨਾਂ ਤੇ ਮੱਥਾ ਟੇਕਦਾ ਹਾਂ।

ਸੁਨਹੁ ਕਥਾ ਸ਼੍ਰੀ ਕਲ਼ਗੀਧਰ ਕੀ।
ਸ਼੍ਰੋਤਾ ਪਰਹਰਿ ਦੁਰਮਤਿ ਉਰ ਕੀ।
ਅਚਰਜ ਚਰਿਤ੍ਰ ਗੁਰੂ ਕੇ ਅਹੈਂ।
ਕਿਸ ਮਹਿਂ ਸ਼ਕਤਿ ਜੁ ਸਗਰੇ ਕਹੈ ॥੫॥

ਗੁਰ ਕ੍ਰਿਪਾਲ ਜੇਤਿਕ ਕਿਯ ਕਰੁਨਾ।
ਮੈਂ ਭੀ ਕਰਹੁਂ ਤਿਤਿ ਜਸੁ ਬਰਨਾ।
ਮੈ ਮਹਿਂ ਸ਼ਕਤਿ ਨ ਰੰਚਕ ਭਰ ਹੈ।
ਅਪਨੇ ਚਲਿਤ ਆਪ ਹੀ ਕਰਿਹੈ ॥੬॥

ਭਯੋ ਖਾਲਸਾ ਪੰਥ ਬਿਸਾਲਾ।
ਤਿਨ ਕੌ ਜੁੱਧ ਪ੍ਰਬੰਧ ਕਰਾਲਾ[1]।
ਬਰਨਨ ਕਰੌਂ ਸੁਨੋ ਮਨ ਲਾਏ।
ਸ਼੍ਰੀ ਕਲ਼ਗੀਧਰ ਜਿਮ ਕਰਿਵਾਏ ॥੭॥

ਨਿਤ ਸਿੰਘਨਿ ਕੀ ਸਭਾ ਲਗਾਵੈਂ।
'ਹਤਹੁ ਰਿਪੁਨ' ਉਪਦੇਸ਼ ਦ੍ਰਿੜਾਵੈਂ।
ਸ਼ਸਤ੍ਰਨ ਕੋ ਅੱਭਜਾਸ ਸਦੀਵਾ।
ਮਤਿ ਊਚੀ ਰਾਖਹੁ ਮਨਿ ਨੀਵਾ' ॥੮॥

ਆਯੁਧ ਕੋ ਵਿਸਾਹੁ ਨਹਿਂ ਕਰੈਂ।
ਅੰਗ ਮਨਿੰਦ ਰੈਨ ਦਿਨ ਧਰੈਂ[2]।
ਵਾਹਿਗੁਰੂ ਜੀ ਕੀ ਕਹਿਂ ਫਤੇ।
ਗਰਜਤਿ ਭਯੋ ਖਾਲਸਾ ਅਤੇ ॥੯॥

ਨਿਤਪ੍ਰਤਿ ਸੰਗਤਿ ਅਤਿਸ਼ੈ[3] ਆਵੈ।
ਬਸਹਿ ਅਨੰਦਪੁਰਿ ਮੋਦ ਬਢਾਵੈ।

---

[1]ਭਯਾਨਕ ਜੁੱਧਾਂ ਦਾ ਪ੍ਰਸੰਗ।
[2]ਅੰਗਾਂ ਵਾਂਙ (ਸ਼ਸਤ੍ਰ) ਰਾਤ ਦਿਨ ਧਾਰਦੇ ਹਨ।
[3]ਬਹੁਤ।

ਥਿਰਹਿਂ ਸਦੀਵ ਸਿੰਘ ਦਲ[1] ਭਯੋ।
ਬਲੀ ਤੁਰੰਗਮ ਚਢਿਬੇ ਲਯੋ ॥੧੦॥
ਕਿਸ ਕੌ ਅਸੁ[2] ਕਲਗ਼ੀਧਰ ਦੇਤਿ।
ਕੋ ਮੁਲ ਮਾਨਿ ਅਪਨਿ ਨਿਕੇਤ[3]।
ਬ੍ਰਿੰਦ ਬਟੋਰ ਸੁਦਾਗਰ ਆਨੈਂ।
ਲੇਤਿ ਮੋਲ ਗੁਰ ਦਰਬ ਮਹਾਨੈ ॥੧੧॥
ਲਗੇ ਤਬੇਲੇ ਸੁੰਦਰ ਘੋੜੇ।
ਚਪਲ[4], ਬਿਸਾਲ[5], ਭਰੇ ਤਨ[6], ਜੋੜੇ[7]।
ਕੇਤਿਕ ਹਾਥੀ ਰਹਿ ਗੁਰਦ੍ਵਾਰੇ।
ਝੂਲਤਿ ਝੂਲਨ ਡਾਰਿ ਸ਼ਿੰਗਾਰੇ ॥੧੨॥
ਬ੍ਰਿੰਦ ਬ੍ਰਿੰਦ ਨਰ ਬ੍ਰਿੰਦ ਸਥਾਨ[8]।
ਉਤਰੇ ਡੇਰੇ ਪਰੇ ਮਹਾਂਨ।
ਸਤਿਗੁਰ ਪੌਰ ਭੀਰ ਬਹੁ ਰਹੈ।
ਰਾਜਨ ਕੇ ਵਕੀਲ ਥਿਰ ਲਹੈਂ ॥੧੩॥
ਭੀਰ ਬਜ਼ਾਰ ਬਿਖੈ ਬਹੁ ਨਰ ਕੀ।
ਦੇਸ ਬਿਦੇਸ਼ੀ ਬੇਸਨ ਧਰ ਕੀ[9]।
ਬਧਜੋ ਅਨੰਦਪੁਰਾ ਬਡ ਨਗਰੰ।
ਆਵਹਿਂ ਚਲੇ ਸਿੱਖ ਦਿਸ਼ਿ ਸਗਰੰ[10] ॥੧੪॥
ਨਿਕਟ ਨਿਕਟ ਤ੍ਰਿਣ[11] ਕਤਹੁਂ ਨ ਰਹੇ।
ਖੋਜਤਿ ਤਿਸੀ ਦੂਣ ਕੋ ਲਹੇ।
ਛੁਧਿਤਿ ਰਹਤਿ ਘੋਰੇ ਗਨ ਹਾਥੀ।
ਚਾਰਾ ਅਲਪ ਆਇ ਬਨ ਸਾਥੀ[12] ॥੧੫॥

---

[1]ਸਿੰਘਾਂ ਦੀ ਸੈਨਾ।
[2]ਘੋੜਾ।
[3]ਆਪਣੇ ਘਰੋਂ।
[4]ਚਾਲਾਕ।
[5]ਲੰਮੇ ਤੇ ਉਚੇ।
[6]ਸਰੀਰ ਦੇ ਭਰਵੇਂ।
[7]ਜੋੜੀਆਂ ਵਿਚ।
[8]ਬਹੁਤ ਥਾਵਾਂ ਤੇ ਸਮੂਹਾਂ ਦੇ ਸਮੂਹ ਪੁਰਸ਼।
[9]ਦੇਸ਼ਾਂ ਬਦੇਸ਼ਾਂ ਦੇ ਵੇਸ ਧਾਰੀਆਂ ਦੀ ਭਾਵ ਦੇਸ਼ ਦੇਸ਼ ਦੇ ਵੇਸ ਦਿੱਸਦੇ ਹਨ।
[10]ਸਾਰੇ ਪਾਸਿਆਂ ਦੇ।
[11]ਘਾਹ।
[12]ਨਾਲ ਦੇ ਬਨਾਂ ਵਿਚੋਂ ਥੋੜਾ ਚਾਰਾ ਮਿਲਦਾ ਹੈ।

ਮਿਲਜੋ ਖਾਲਸਾ ਇਕ ਦਿਨ ਗ਼ਰਜ਼ੀ[੧]।
ਮਰਜ਼ੀ ਲਖੀ ਗੁਜ਼ਾਰਤਿ ਅਰਜ਼ੀ।
'ਸੁਨੀਅਹਿ ਸ੍ਰੀ ਸਤਿਗੁਰ ਮਹਾਰਾਜਾ!
ਨਿਕਟ ਨ ਰਹਜੋ ਹਾਥੀਅਨਿ ਖਾਜਾ ॥੧੬॥
ਤਿਮ ਹੀ ਤ੍ਰਿਣ ਨ ਤੁਰੰਗਮ ਕੇਰੇ।
ਨਹਿਂ ਪਾਈਯਤ ਹੈਂ ਕਿਤਹੁੰ ਨੇਰੇ।
ਰਹੈਂ ਛੁਧਿਤਿ ਗਜ ਬਾਜਿ ਸੁ ਦੁਰਬਲ।
ਤੁਮ ਬਿਨ ਕਹੇ ਨ ਜਾਹਿਂ ਅਨਤ ਥਲ[੨] ॥੧੭॥
ਮਰਦਨ ਦੂਨ ਭਈ ਸਭਿ ਨੇਰੇ[੩]।
ਨਿਤ ਆਮਦ ਗਜ ਹਯਨਿ ਘਨੇਰੇ।
ਇਸ ਕਾਰਣ ਹਮ ਭਾਖੀ ਅਰਜ਼ੀ।
ਕਰਹਿ ਖਾਲਸਾ ਰਾਵਰਿ ਮਰਜ਼ੀ ॥੧੮॥
ਕੀਰਤਪੁਰਿ ਆਨੰਦ ਪੁਰਿ ਸਾਰੇ।
ਸੰਗਤ ਬਿਚਰਤਿ ਗਿਰਨ ਕਿਨਾਰੇ।
ਤਿਮ ਹੀ ਸਿੰਘਨ ਕੋ ਦਲ ਹੋਵਾ।
ਵਿਚਰਹਿ ਵਹਿਰ ਅਖੇਰਨਿ ਜੋਵਾ[੪]' ॥੧੯॥
ਸ੍ਰੀ ਕਲਗ਼ੀਧਰ ਗੁਨ ਗਨ ਖਾਨੀ।
ਸੁਨੀ ਖਾਲਸੇ ਕੀ ਅਸ ਬਾਨੀ।
ਅਵਨੀ ਭਾਰ ਨਿਵਾਰਨ ਹੇਤ।
ਘਾਲਨ ਘਨੋ ਜੰਗ ਰਿਪੁ ਖੇਤ[੫] ॥੨੦॥
ਸਿੰਘਨਿ ਕੋ ਸੰਘਰ[੬] ਸਿਖ ਰਾਵਨਿ।
ਦੇਨਿ ਰਾਜ ਕੋ, ਤੇਜ ਵਧਾਵਨਿ।
ਦੇਗ਼ ਤੇਗ਼ ਮਹਿਂ ਫਤੇ ਕਰਨ ਕੋ।
ਲੇਨਿ ਬਚਾਇ ਜੁ ਗਹੈ ਸ਼ਰਨ ਕੋ ॥੨੧॥
ਘਨ ਸੁਰ ਸੋਂ ਗਰਜੇ ਰਿਪੁ ਹਾਨੀ[੭]।
ਕਹੀ ਖਾਲਸੇ ਸੋਂ ਇਮ ਬਾਨੀ।

---

[੧](ਆਪਣੀ) ਗਰਜ਼ ਵਾਸਤੇ।
[੨]ਹੋਰ ਥਾਂ ਤੇ।
[੩]ਭਾਵ ਦੂਣ ਦਾ ਤ੍ਰਿਣ ਮੁੱਕ ਚੁਕਾ ਹੈ।
[੪]ਸ਼ਿਕਾਰਾਂ ਨੂੰ ਭਾਲਦੇ।
[੫]ਵੈਰੀਆਂ ਨਾਲ ਯੁੱਧ ਭੂਮੀ ਵਿਚ ਬਹੁਤ ਜੰਗ ਕਰਨ ਲਈ।
[੬]ਜੰਗ (ਕਰਨਾ)।
[੭]ਸ਼ੱਤ੍ਰੂ ਨਾਸ਼ਕ।

'ਸੁਤ ਪਰਵਾਰ ਬਧਤਿ ਹੈ ਜਯੋਂ ਜਯੋਂ[੧]।
ਜਲ ਸਮ ਧਰਨੀ ਪਸਰਹਿਂ ਤਯੋਂ ਤਯੋਂ[੨] ॥੨੨॥
ਏਕ ਦੂਨ ਅਬਿ ਕਹਾਂ ਬਿਚਾਰੀ।
ਪਸਰਹਿਂ ਸਿੰਘ ਧਰਾ ਮਹਿਂ ਸਾਰੀ।
ਅਪਰ ਦੂਨ ਮਹਿਂ ਚਢਿ ਗਮਨੀਜੈ।
ਸਾਵਧਾਨ ਸ਼ਸਤ੍ਰਨਿ ਧਰਿ ਲੀਜੈ ॥੨੩॥
ਜਹਿਂ ਤ੍ਰਿਣ[੩] ਹੇਰਹੁ ਹਰੇ ਕਿਸੂ ਕੇ।
ਤਹਾਂ ਖਾਲਸੇ ਕੋ ਦਲ ਢੂਕੇ[੪]।
ਬਹੁਰ ਖੇਤ ਲਿਹੁ ਬਾਢਿ ਉਠਾਈ।
ਗਜ ਬਾਜਿਨੀ ਚਾਰਹੁ ਸਮੁਦਾਈ[੫] ॥੨੪॥
ਦੈ ਕਰਿ ਭੇਟ[੬], ਮਿਲਹਿ ਜੋ ਆਇ।
ਹੁਇ ਸਹਾਇ ਤਿਹ ਲੇਹੁ ਬਚਾਇ[੭]।
ਜਹਿਂ ਅਕਰਹਿਂ[੮] ਮਿਲਿਬੇ ਨਹਿਂ ਆਵਹਿਂ।
ਨਿਜ ਰਾਜਨਿ ਕੋ ਜੋਰ ਜਨਾਵਹਿਂ ॥੨੫॥
ਤਹਾਂ ਨ ਤਜੀਅਹਿ ਲੇਹੁ ਕਹੀ ਕਰਿ[੯]।
ਆਨਹੁਂ ਤ੍ਰਿਪਤ ਤੁਰੰਗਮ ਲੇਂ ਚਰ[੧੦]।
ਦਿਨ ਪ੍ਰਤਿ ਕਰਹੁ ਇਸੀ ਬਿਧਿ ਫੇਰੇ।
ਸਭਿ ਰਾਜਨਿ ਢਿਗ ਦੇਸ਼ ਘਨੇਰੇ[*]' ॥੨੬॥
ਸੁਨਿ ਗੁਰ ਹੁਕਮ ਖਾਲਸਾ ਗਰਜਯੋ।

---

[੧]ਜਿਵੇਂ ਜਿਵੇਂ ਸੁਤ ਤੇ ਪਰਿਵਾਰ ਵਧਦੇ ਹਨ।
[੨]ਪਾਣੀ ਵਾਙੂ ਧਰਤੀ ਉਤੇ ਤਿਉਂ ਤਿਉਂ ਫੈਲਦੇ ਹਨ। ਭਾਵ ਜਿਵੇਂ ਪਾਣੀ ਵਧੇ ਤਾਂ ਧਰਤੀ ਤੇ ਫੈਲਦਾ ਹੈ।
[੩]ਘਾਹ ਪੱਠੇ।
[੪]ਜਾਵੇ।
[੫]ਚਾਰੋ ਸਾਰਿਆਂ ਨੂੰ।
[੬]ਕੀਮਤ ਦੇਕੇ (ਲਓ)।
[੭]ਤੇ ਜੋ (ਆਪ) ਆਕੇ ਮਿਲ ਪਵੇ ਉਸ ਨੂੰ ਬਚਾ ਲਓ। (ਅ) ਜੋ ਭੇਟਾ ਦੇਕੇ ਆ ਮਿਲੇ ਉਸ ਨੂੰ ਬਚਾ ਲਓ।
[੮]ਆਕੜਨ ਭਾਵ ਮੁੱਲ ਲੈਕੇ ਬੀ ਨਾ ਦੇਣ।
[੯]ਕਹੀ ਕਰਨਾ = ਕਾਢੂਆਂ ਦਾ ਖੜੀ ਖੇਤੀਆਂ ਦਾ ਅੰਦਾਜ਼ਾ ਲਾਕੇ ਕਹੀ ਨਾਲ ਚੁਗਿਰਦੇ ਨਿਸ਼ਾਨ ਪਾ ਦੇਣੇ। (ਅ) ਫੌਜੀ ਲੋੜ ਵੇਲੇ ਘਾਹ ਤੇ ਪੱਠੇ ਦੇ ਖੇਤਾਂ ਨੂੰ ਅੰਦਾਜ਼ੇ ਨਾਲ ਜਾਚਕੇ ਮਾਲਕਾਂ ਤੋਂ ਮੁੱਲ ਲੈਣਾ ਤੇ ਕਹੀ ਨਾਲ ਗਿਰਦੇ ਟੱਕ ਲਾ ਦੇਣਾ ਜੋ ਪਛਾਣ ਰਹੇ। (ੲ) ਜੋ ਲੋੜ ਵੇਲੇ ਮਾਲਕ ਮੁਲ ਲੈਕੇ ਨਾ ਦੇਣ ਤਾਂ ਮੱਲੋ ਮੱਲੀ ਕਬਜ਼ਾ ਕਰ ਲੈਣਾ, ਨਿਸ਼ਾਨ ਕਹੀ ਦੇ ਲਾ ਦੇਣੇ, ਯਾ ਲੋੜ ਮੂਜਬ ਤਦੋਂ ਹੀ ਵੱਢ ਲੈਣੇ ਤੇ ਜ਼ਿਮੀਂ ਸਾਫ ਕਰ ਦੇਣੀ। (ਸ) (ਜੋ ਮੂੰਹੋਂ) ਆਖੋ ਸੋ ਕਰ ਲਓ। ਦੇਖੋ ਅੰਸੂ ੧੦ ਅੰਗ ੨੦ ਇਸੇ ਰੁਤ ਦਾ।
[੧੦]ਲਿਆਕੇ ਚਰਾ ਕੇ ਘੋੜੇ ਰਜਾਓ।
[*]ਭੀਮ ਚੰਦ ਆਦਿ ਨੇ ਪਿੰਡਾਂ ਤੋਂ ਪੱਠੇ ਵਗੈਰਾ ਮਿਲਨ ਦੀ ਮਨਾਹੀ ਕੀਤੀ ਸੀ, ਇਸ ਕਰਕੇ ਇਹ ਹੁਕਮ ਸਾਦਰ ਹੋਏ ਸਨ।

ਬਾਂਛਹਿ ਹਿੰਦੂ ਤੁਰਕਨਿ ਤਰਜਜੋ[੧]।
ਜੇ ਨ ਜਰਹਿ[੨] ਉਰ ਜਰਿ ਜਰਿ ਜਾਂਹਿ।
ਦੁਖ ਦੈਬੇ ਜਿਮ ਤ੍ਰਿਣ ਦ੍ਰਿਗ ਮਾਂਹਿ ॥੨੭॥
ਅਵਨੀ ਲੇਨਿ ਇਰਾਦਾ ਧਰਜੋ।
ਚਹਤਿ ਗਰਬ ਰਾਜਨ ਪਰਹਰਜੋ।
ਗੁਰੂ ਮਨੋਰਥ ਸਾਚ ਕਰਨਿ ਕੋ।
ਸਫਲਹਿਂ ਸਿੰਘਨਿ ਸ਼ਸਤ੍ਰ ਧਰਨ ਕੋ[੩] ॥੨੮॥
ਸਭਾ ਬਿਖੈ ਆਇਸੁ ਇਮ ਕਰੇ।
ਉਠੇ ਪ੍ਰਭੂ ਨਿਜ ਮੰਦਿਰ ਬਰੇ।
ਖਾਨ ਪਾਨ ਕਰਿ ਕੈ ਸੁਖ ਪਾਯੰ।
ਸੁਪਤਿ ਜਥਾ ਸੁਖ ਨਿਸਾ ਬਿਤਾਯੰ ॥੨੯॥
ਬਡੀ ਪ੍ਰਾਤਿ ਉਠਿ ਬਜਜੋ ਨਗਾਰਾ।
ਸੁਨਤਿ ਖਾਲਸਾ ਹੋਯਸਿ ਤਯਾਰਾ।
ਗਹਿ ਗਹਿ ਤੁਪਕਨਿ ਚਢੇ ਤੁਰੰਗ।
ਗਮਨਹਿਂ ਵਹਿਰ ਬੀਰਤਾ ਸੰਗ ॥੩੦॥
ਭੀਮਚੰਦ ਕੇ ਗ੍ਰਾਮਨਿ ਗਏ।
ਜਿਨ ਡਰ ਧਾਰਿ ਅਕੋਰਨਿ ਦਏ[੪]।
ਦੁਗਧ ਦਧੀ ਦੇ ਕਰਿ ਘਿਘਿਆਏ।
ਕ੍ਰਿਪਾ ਧਾਰਿ ਸੇ ਲੀਨਿ ਬਚਾਏ ॥੩੧॥
ਭਏ ਸਮੁਖ ਜੋ ਸ਼ਸਤ੍ਰਨਿ ਗਹਿ ਗਹਿ।
ਤਿਨ ਪਰ ਮਚੀ ਮਾਰਿ ਰਿਪੁ ਲਹਿ ਲਹਿ।
ਦੁਹਰਿ ਚੌਬ ਧੌਂਸੇ ਪਰ ਧਰੀ।
ਤਬਿ ਗੁਲਕਨਿ ਕੀ ਬਰਖਾ ਕਰੀ[੫] ॥੩੨॥
ਖੇਤੀ ਲਈ ਵਹਿਰ ਤੇ ਕਾਟ।
ਬਾਰੇ ਗ੍ਰਾਮ ਬਿਖੈ ਰਿਪੁ ਡਾਟਿ[੬]।
ਲਾਦਿ ਲਾਦਿ ਸੋ ਡੇਰਨਿ ਆਏ।
ਲਰੇ ਖਾਲਸੇ ਸ਼ੱਤ੍ਰ ਹਟਾਏ ॥੩੩॥

---

[੧]ਬਾਂਛਹਿ ਤਰਜਜੋ = ਤਾੜਨਾ ਚਾਹੁੰਦਾ ਹੈ।
[੨]ਜੋ ਨਹੀਂ ਸਹਾਰਦੇ।
[੩]ਸਿੰਘਾਂ ਦੇ ਸ਼ਸਤ੍ਰ ਧਾਰੇ ਸਫਲ ਕਰਨੇ ਨੂੰ।
[੪]ਭੇਟਾ ਦਿਤੀਆਂ।
[੫]ਦੁਹਰੀ ਚੋਬ ਡੰਕੇ ਤੇ ਦੇਣੀ ਤੇ ਖਾਲੀ ਸ਼ਲਖਾਂ ਛੱਡਣੀਆਂ ਏਹ ਡਰਾਉਣ ਵਾਸਤੇ ਹੁੰਦੀਆਂ ਸਨ।
[੬]ਡਾਂਟ ਕੇ ਵੈਰੀ ਪਿੰਡਾਂ ਦੇ ਅੰਦਰ ਵਾੜ ਦਿਤੇ।

[1]ਜੇ ਨ ਟਰਹਿਂ ਲਰਿਬੇ ਦੁਖ ਮਾਨ।
ਪਿਖਿ ਖੇਤੀ ਕੋ ਬਹੁ ਨੁਕਸਾਨ।
ਤਿਨਹੁਂ ਪਲਾਵਹਿਂ ਗ੍ਰਾਮ ਮਝਾਰੇ[2]।
ਚਲਹਿਂ ਸਦਨ ਤੇ ਨਿਕਸਿ ਡਰਾਰੇ[3] ॥੩੪॥
ਲੂਟ ਲੂਟ ਸਭਿਹਿਨਿ ਕੋ ਲੇਈਂ।
ਮਹਾਂ ਤ੍ਰਾਸ ਰਿਪ ਗਨ ਕੋ ਦੇਈਂ।
ਬਿਜੈ ਪਾਇ ਕਰਿ ਕਰਤਿ ਅਨੰਦੰ।
ਹਟਹਿ ਖਾਲਸਾ ਪੁਰੀ ਅਨੰਦੰ ॥੩੫॥
ਮਨ ਭਾਵਤਿ ਗਜ ਬਾਜਨਿ ਆਗੇ।
ਪਾਵਹਿਂ ਤ੍ਰਿਣਨਿ ਖਾਨ ਸਭਿ ਲਾਗੇ।
ਕਰਹਿਂ ਸੁਚੇਤਾ[4] ਸਤਿਗੁਰ ਦਰਸੈਂ।
ਹਰਖਹਿਂ ਚਰਨ ਕਮਲ ਕਹੁ ਪਰਸੈ ॥੩੬॥
ਵਾਹਿਗੁਰੂ ਜੀ ਕੀ ਕਹਿਂ ਫਤੇ।
ਲਗੇ ਦਿਵਾਨ ਖਾਲਸਾ ਮਤੇ[5]।
ਸੁਧ ਸਤਿਗੁਰ ਕੋ ਸਕਲ ਬਤਾਵੈਂ।
'ਇਮ ਦੂਣਨ ਮਹਿਂ ਧੂਮ ਮਚਾਵੈਂ ॥੩੭॥
'ਅਮੁਕ ਗ੍ਰਾਮ ਆਜ ਬਹੁ ਲਰੇ।'
'ਅਮੁਕੇ ਤੇ ਤ੍ਰਿਣ ਬਾਢਨਿ ਕਰੇ।'
'ਅਮਕੋ ਲੂਟ ਖਾਲਸੇ ਲੀਨੋ।'
'ਅਮੁਕੋ ਮਿਲਜੋ ਬਚਾਵਨਿ ਕੀਨੋ' ॥੩੮॥
ਦੁਤਿਯ ਦਿਵਸ ਮਹਿਂ ਤਿਸ ਬਿਧਿ ਗਏ।
ਜਾਇ ਕਹੀ ਕੀਨਸਿ ਤ੍ਰਿਣ ਲਏ।
ਨਏ ਗ੍ਰਾਮ ਕੋ ਨਿਤ ਚਲਿ ਜਾਵੈਂ।
ਲੂਟ ਕੂਟ ਕਰਿ ਕੈ ਚਲਿ ਆਵੈਂ ॥੩੯॥
ਮਾਚੀ ਧੂਮ ਸੁ ਦੇਸ਼ ਪਹਾਰਨਿ।
ਪਰਹਿ ਲਰਾਈ ਮਰਿਬੇ ਮਾਰਨ।
ਮਰੇ ਸੈਂਕਰੇ ਆਯੁਧ ਧਾਰੀ।
ਧਰੇ ਸੈਂਕਰੇ ਘਾਇਲ ਭਾਰੀ ॥੪੦॥

---

[1]ਜਿਹੜੇ (ਆਪਣੀ) ਖੇਤੀ ਦੇ ਬਹੁਤੇ ਨੁਕਸਾਨ ਦਾ ਦੁੱਖ ਮੰਨਕੇ ਲੜਨ ਤੋਂ ਟਲਦੇ ਨਹੀਂ।
[2]ਭਜਾ ਦਿੰਦੇ ਹਨ ਪਿੰਡ ਵਿਚੋਂ।
[3]ਡਰਦੇ ਨਿਕਲ ਜਾਂਦੇ ਹਨ।
[4]ਘਰਾਂ ਤੋਂ ਸੁਚੇਤ ਹੋਕੇ।
[5]ਸਲਾਹ ਮਸ਼ਵਰੇ ਲਈ। (ਅ) ਚੜ੍ਹਦੀਆਂ ਕਲਾਂ ਵਾਲੇ [ਮੱਤ = ਮਸਤ, ਉੱਚਮਨੇ]।

ਖੇਤੀ ਕਟੀ ਵਹਿਰ ਤੇ ਸਾਰੀ।
ਕਿਤੇ ਗ੍ਰਾਮ ਹ੍ਵੈ ਗਏ ਉਜਾਰੀ।
ਕੇਤਿਕ ਰਾਖੀ ਲਗੇ ਸੁ ਦੇਨਿ[1]।
ਸਕਲ ਸਮਾਜ ਬਚਾਇ ਸੁ ਲੇਨਿ ॥੪੧॥
ਢਿਗ ਢਿਗ ਹੁਤੇ ਅਨੰਦਪੁਰਿ ਜੇਈ।
ਮਾਨੀ ਆਨ ਨੰਮ੍ਰਿ ਭੇ ਤੇਈ।
ਜੇ ਰਾਜਨ ਕੇ ਬਲ ਕੋ ਧਰੈਂ।
ਤਿਨ ਪਰ ਗ਼ਜ਼ਬ ਗੁਜ਼ਾਰਨਿ ਕਰੈਂ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਖਾਲਸਾ ਬਾਹਰ ਚਢਨ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

[1]ਭਾਵ ਪਰਜਾ ਦਾ ਇਹ ਕਹਿਣਾ ਕਿ ਸਾਨੂੰ ਰੱਖ ਲਓ ਅਤੇ ਅਸੀਂ ਇਸ ਰਾਖੀ ਦੇ ਬਦਲੇ ਪੱਠੇ ਆਦਿ ਆਪ ਨੂੰ ਦਿਆਂਗੇ।

## ੨. [ਸ਼ੰਕਰ ਵਰਣ]

੧<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੩

ਦੋਹਰਾ: ਪ੍ਰਜਾ ਗਈ ਦੁਖ ਪਾਇ ਕੈ,
ਰਾਜਨ ਪਾਸ ਪੁਕਾਰ।
'ਲੁਟੇ ਗ੍ਰਾਮ ਸਭਿ ਖਾਲਸੇ,
ਮਾਰੇ ਕਰੇ ਉਜਾਰ ॥੧॥
ਚੌਪਈ: ਕ੍ਯੋਂ ਨ ਕਰੋ ਪਰਜਾ ਰਖਵਾਰੀ?
ਜਿਸ ਤੇ ਲੇਤੇ ਦਾਮ ਹਜ਼ਾਰੀ।
ਜੇ ਨਹਿਂ ਚਲ ਕਰਿ ਕਰਹੁ ਸਹਾਇ।
ਤੌ ਸਭਿ ਦੂਨ ਉਜਰ ਕਰਿ ਜਾਇ' ॥੨॥
ਭੀਮਚੰਦ ਤੇ ਆਦਿਕ ਰਾਜੇ।
ਸੁਨਤਿ ਪ੍ਰਜਾ ਤੇ ਕੀਨਿ ਕੁਕਾਜੇ[1]।
ਗ੍ਰਾਮ ਗ੍ਰਾਮ ਮਹਿਂ ਚਮੂੰ ਉਤਾਰੀ।
ਦੁੰਦਭਿ ਢੋਲ ਦੀਨਿ ਸੰਗ ਭਾਰੀ ॥੩॥
ਚਿੰਤਾਤੁਰ ਸੁਨਿ ਸੁਨਿ ਸਭਿ ਭਏ।
ਆਪਸ ਬਿਖੈ ਮੇਲ ਕਰਿ ਲਏ।
ਮਿਲ੍ਯੋ ਹੰਡੂਰੀ ਅਰੁ ਜਸਵਾਲ।
ਭੀਮਚੰਦ ਆਦਿਕ ਗਿਰਪਾਲ ॥੪॥
'ਅਬਿ ਗੁਰ ਦਲ ਕਰਿ ਧੂਮ ਮਚਾਈ।
ਬਿਨਾ ਲਰੇ ਬਹੁ ਕ੍ਯੋਂ ਬਨਿ ਆਈ।
ਇਤ ਦਿਸ਼ਿ ਜੇ ਅਖੇੜ ਭੀ ਚੜ੍ਹੈਂ।
ਕਰਿ ਨੁਕਸਾਨ ਸਿੰਘ ਦਲ ਲੜੈਂ[2] ॥੫॥
ਸਭਿ ਮਿਲਿ ਇਕ ਥਲ ਹੋਇ ਲਰੀਜੈ।
ਰਾਜ ਅਪਨੋ ਰਾਖਨਿ ਕੀਜੈ।
ਐਸੀ ਮਾਰ ਕਰਹੁ ਇਕ ਬਾਰੀ।
ਪੁਨ ਇਤ ਆਇ ਨ ਕਰੇ ਸੰਭਾਰੀ ॥੬॥
ਆਪ ਜਿ ਗੁਰ ਸ਼ਿਕਾਰ ਇਤ ਆਇ।
ਫਿਰਿਬੇ ਦੇਹੁ ਨ ਤੁਪਕ ਚਲਾਇ।
ਜਗ ਗੁਰ ਭਯੋ ਤ ਕ੍ਯਾ ਹੁਇ ਗਯੋ।
ਨਹੀਂ ਰਾਜ ਤੋ ਹਮ ਨੇ ਦਯੋ ॥੭॥

---

[1]ਮਾੜਾ ਕੰਮ ਕੀਤਾ (ਜੋ ਅੱਗੇ ਦੱਸਿਆ ਹੈ)।
[2]ਸਿੰਘਾਂ ਦਾ ਦਲ ਜੇ ਲੜੇ।

ਜੇ ਸਨਮੁਖ ਹੁਇ ਦੇਹੁ ਨ ਜੰਗ।
ਰਾਜ ਬਿਨਾਸ਼ ਕਰੈ ਸਰਬੰਗ[1]।
ਕਿਤਨੇ ਗ੍ਰਾਮਨਿ ਖੇਤ ਉਜਾਰੇ।
ਨੁਹ ਬਜਰੂੜ ਕਤਲ ਕਰਿ ਮਾਰੇ' ॥੮॥
ਇਮ ਸਲਾਹ ਕਰਿ ਚਮੂੰ ਬਿਥਾਰੀ।
ਜਿਤ ਆਵਹਿ ਸਿੰਘਨਿ ਅਸਵਾਰੀ।
ਲੇ ਲੇ ਢੋਲ ਬਜਾਇ ਨਗਾਰੇ।
ਕਰਤਿ ਊਚ ਧੁਨਿ ਮਾਰ ਬਕਾਰੇ ॥੯॥
ਦੁੰਦ ਮਚ੍ਯੋ ਜਬਿ ਦੇਸ਼ ਮਝਾਰੀ।
ਤਿਮ ਹੀ ਸਿੰਘ ਚਢੇ ਬਲ ਧਾਰੀ।
ਕ੍ਰਿਖਿ ਕਾਟਤਿ ਬਹੁ ਮਚੈ ਲਰਾਈ।
ਤੜ ਭੜ ਚਲਹਿ ਤੁਪਕ ਸਮੁਦਾਈ ॥੧੦॥
ਮਾਰਹਿਂ ਮਾਰਹਿਂ ਜੰਗ ਨਿਤ ਹੋਤਿ।
ਕਬਿ ਕਿਤਹੂੰ ਕਬਿ ਕਿਤਹੁੰ ਉਦੋਤਿ।
ਸੀਖੇ ਜੰਗ ਘਾਤ ਬਿਧਿ ਨਾਨਾ।
ਦਿਨ ਪ੍ਰਤਿ ਰਿਪੁਨਿ ਸੰਗ ਘਮਸਾਨਾ ॥੧੧॥
ਇਕ ਦਿਨ ਬੈਠ੍ਯੋ ਲਗੇ ਦਿਵਾਨ।
ਬੀਚ ਬਿਰਾਜਹਿਂ ਗੁਰ ਭਗਵਾਨ।
ਚਲੀ ਬਾਰਤਾ ਕਰਿਬੇ ਜੁੱਧ।
'ਲਰਹਿਂ ਪਹਾਰੀ ਕਰਿ ਕਰਿ ਕ੍ਰੁੱਧ ॥੧੨॥
ਤਊ ਨ ਠਹਿਰਹਿਂ ਖੇਤ ਮਝਾਰੇ।
ਕਾਤੁਰ ਹੋਤਿ ਪਰਹਿ ਜਬਿ ਮਾਰੇ[2]।'
ਕ੍ਰਿਪਾ ਧਾਰਿ ਗੁਰ ਤਬਹਿ ਬਖਾਨਾ।
'ਤੇਜ ਖਾਲਸੇ ਬਧਹਿ ਮਹਾਨਾ ॥੧੩॥
ਸਮਾ ਪਾਇ ਪਸਰਹਿ ਸਭਿ ਧਰਾ।
ਹਿੰਦੂ ਤੁਰਕ ਨ ਹੋਵਹਿ ਖਰਾ।
ਬਧੈ ਸਮਾਜ ਰਾਜ ਕੋ ਭਾਰਾ।
ਜਬਿ ਬਿਦਤਹਿ ਜਾਨਹਿਂ ਜਗ ਸਾਰਾ' ॥੧੪॥
ਸੁਨਿ ਕਰਿ ਦਯਾ ਸਿੰਘ ਬਡ ਧੀਰ।
ਉਦੇ ਸਿੰਘ, ਆਲਮ ਸਿੰਘ ਬੀਰ।

---

[1]ਸਾਰਾ ਰਾਜ ਨਾਸ਼ ਕਰ ਦੇਵੇਗਾ।
[2]ਪੈਂਦੀ ਹੈ ਜਦੋਂ ਮਾਰ ਕਾਇਰ ਹੋ ਜਾਂਦੇ ਹਨ।

ਮੁਹਕਮ ਸਿੰਘ, ਸਾਹਿਬ ਸਿੰਘ ਜੋਧਾ।
ਹਿੰਮਤ ਸਿੰਘ, ਰਾਮ ਸਿੰਘ ਬੋਧਾ[੧] ॥੧੫॥
ਇਨ ਤੇ ਆਦਿ ਖਾਲਸਾ ਸਾਰਾ।
ਕਰ ਜੋਰਤਿ ਸਰਬੱਤ੍ਰ ਉਚਾਰਾ।
'ਮੁਗ਼ਲ ਪਠਾਨਨਿ ਤੇਜ ਬਡੇਰਾ।
ਸਗਰੋ ਜਗਤ ਜੀਤ ਕਰਿ ਜ਼ੇਰਾ[੨] ॥੧੬॥
ਅਬਿ ਹਮ ਹੁਕਮ ਆਪ ਕੋ ਚਾਹਤਿ।
ਹਰਿਬੇ ਤੁਰਕਨ ਹੇਤੁ ਉਮਾਹਤਿ।
ਭਯੋ ਖਾਲਸਾ ਬੀਰ ਬਿਸਾਲਾ।
ਮੁਗ਼ਲ ਪਠਾਨ ਹੋਹਿਂ ਬਸਿ ਕਾਲਾ[੩] ॥੧੭॥
ਪ੍ਰਥਮ ਮਰਦ ਕੋ[੪] ਗਰਦ ਮਿਲਾਵੈਂ।
ਬਨਹਿਂ ਜ਼ਰਦਰੂ[੫] ਭੀਰੁ ਪਲਾਵੈਂ।
ਦਿਨਪ੍ਰਤਿ ਕਰਿ ਕਰਿ ਜੰਗ ਨਿਬੇਰੈਂ।
ਪੁਰਿ ਕੇ ਦੁਰਗ ਕੋਟ ਸਭਿ ਘੇਰੈਂ[*]' ॥੧੮॥
ਚੌਂਪ ਖਾਲਸੇ ਕੀ ਸੁਨਿ ਸਤਿਗੁਰ।
ਕਰਯੋ ਪ੍ਰਸੰਗ ਸਨਾਵਨਿ ਭਾ ਧੁਰ[੬][+]।
'ਜਮ ਨੇ ਠਟਯੋ ਨੇਮ ਇਕ ਬੇਰੀ।
-ਹਿੰਸਾ ਮੈਂ ਨ ਕਰਉਂ ਕਿਸ ਕੇਰੀ- ॥੧੯॥
ਪ੍ਰਜਾ ਬਿਸਾਲ ਵਧੀ ਤਿਸ ਕਾਲਾ।
ਭਯੋ ਦੂਰ ਡਰ ਕਾਲ ਕਰਾਲਾ[੭]।
ਇਕ ਇਕ ਕੈ ਪਰਵਾਰ ਘਨੇਰੇ।
ਨਿਪਜੀ ਸੰਤਤਿ ਅਗਹੁਂ ਅਗੇਰੇ[੮] ॥੨੦॥

---

[੧]ਬੁਧੀਵਾਨ।
[੨]ਅਧੀਨ ਕਰ ਲਿਆ ਹੈ।
[੩]ਮੌਤ ਦੇ ਵਸ ਭਾਵ ਮਰਨਗੇ।
[੪]ਪਹਿਲੋਂ ਸੂਰਮਿਆਂ ਨੂੰ।
[੫]ਪੀਲੇ ਮੂੰਹ ਵਾਲੇ ਭਾਵ ਡਰੇ ਹੋਏ।
[*]ਇਹ ਅਹੰਕਾਰ ਦੇ ਵਾਕ ਸਨ, ਇਸ ਦਾ ਸਮੋਧ ਅੱਗੇ ਹੋਵੇਗਾ।
[੬]ਧੁਰੋਂ ਹੋਇਆ ਸੀ ਜੋ ਪ੍ਰਸੰਗ।
[+]ਸੌ ਸਾਖੀ ਦੇ ਆਖੇਪਕਾਰ ਨੇ ਮੁਗਲ ਪਠਾਣਾਂ ਦੀ ਉਤਪਤੀ ਤੇ ਵਰਣ ਸ਼ੰਕਰ ਬਾਬਤ ਜੋ ਹਾਸੀ ਜੋਗ ਖਿਆਲ ਦਿੱਤੇ ਹਨ ਉਹੀ ਕਵੀ ਜੀ ਨੇ ਇੱਥੇ ਲਿਖੇ ਹਨ। ਇਹ ਸੌ ਸਾਖੀ ਦੀ ਪਹਿਲੀ ਸਾਖੀ ਹੈ ਤੇ ਅੰਸੂ ੪ ਦੇ ਅੰਤ ਜਾ ਕੇ ਸਮਾਪਤ ਹੁੰਦੀ ਹੈ।
[੭]ਭਿਆਨਕ ਕਾਲ ਦਾ ਭੈ।
[੮]ਅੱਗੇ ਤੋਂ ਅੱਗੇ।

ਧਰਨੀ ਪਰ ਨਰ ਭੀਰ ਬਡੇਰੀ।
ਜਨਮਹਿਂ ਨਿਤ ਮ੍ਰਿਤੁ ਕਿਸਹੁਂ ਨ ਕੇਰੀ।
ਜਿਤ ਕਿਤ ਬਨ ਥਲ ਗ੍ਰਾਮ ਬਸੇ ਹੈਂ।
ਸੁਖ ਤੇ ਹਰਖਤਿ ਨਹੀਂ ਤ੍ਰਸੇ ਹੈਂ ॥੨੧॥
ਦੇਵ ਕਰਮ ਜੇ ਬੇਦਹੁਂ ਬਰਨੇ।
ਜੱਗਜ ਦਾਨ ਸਤਿ ਸਿਮਰਨ ਕਰਨੇ।
ਸੋ ਸਭਿ ਛੋਰਿ ਭ੍ਰਸ਼ਟ ਹੁਇ ਗਏ।
ਬਿਨਾ ਮਰਨ ਹੰਕਾਰੀ ਭਏ ॥੨੨॥
ਸਮਤਾ ਲਗੇ ਸੁਰਨਿ ਕੀ ਕਰਨੇ।
-ਅਹੈਂ ਤਿਨਹੁਂ ਸਮ ਨਾਂਹਨਿ ਮਰਨੇ[੧]-।
ਤਬਹਿ ਦੇਵਤਾ ਮਿਲਿ ਕਰਿ ਸਾਰੇ।
ਕਮਲਾਸਨ ਕੇ ਪਾਸ ਪੁਕਾਰੇ ॥੨੩॥
-ਹੇ ਪ੍ਰਭੁ ! ਸਭਿ ਤੁਮ ਸ੍ਰਿਸ਼ਟਿ ਬਨਾਈ।
ਨਿਜ ਨਿਜ ਕਾਰਜ ਸਰਬ ਲਗਾਈ।
ਜਿਮ ਆਗਜਾ ਦਿਗਪਾਲਨ[੨] ਦਈ।
ਤਿਮ ਤਿਮ ਕਾਰ ਹਮਹੁਂ ਸਭਿ ਕਈ ॥੨੪॥
ਤਪੁ ਆਦਿਕ ਜੇ ਕਰਮ ਹਮਾਰੇ।
ਦੇਖਤਿ ਉਪਜੀ ਦਯਾ ਤੁਮਾਰੇ।
ਅਪਨੀ ਸੇਵਾ ਜਾਨਿ ਬਿਸਾਲਾ।
ਹਮ ਕੋ ਬਖਸ਼ਿਸ਼ ਕਰੀ ਕ੍ਰਿਪਾਲਾ ॥੨੫॥
ਜਿਸ ਤੇ ਸਰਬ ਲੋਕ ਹਿਤ ਲੇਨੇ[੩]।
ਹਮ ਕਹੁ ਮਾਨਿ ਲਗੇ ਬਲਿ ਦੇਨੇ[੪]।
ਸੋ ਹਮਰੀ ਮਨਤਾ ਜਗ ਮਾਂਹੀ।
ਭਈ ਬਿਨਾਸ, ਕਰਤਿ ਕੋ ਨਾਂਹੀ ॥੨੬॥
ਤਪ ਕੋ ਕਰਨ ਨੇਮ ਜਮ ਲਏ[੫]।

---

[੧]ਤਿਨ੍ਹਾਂ (ਦੇਵਤਿਆਂ ਦੇ) ਅਸੀਂ ਤੁੱਲ ਹਾਂ, ਸਾਨੂੰ ਮੌਤ ਨਹੀਂ।
[੨]ਦਿਸ਼ਾਂ ਨੂੰ ਪਾਲਣ ਵਾਲੇ ਦੇਵਤੇ, ਜੋ ਦਸ ਹਨ:-(ੳ) ਉਤਰ ਦਾ ਕੁਬੇਰ, (ਅ) ਈਸ਼ਾਨ (ਉਤਰ ਪੂਰਬ) ਦਾ ਸ਼ਿਵ, (ੲ) ਪੂਰਬ ਦਾ ਇੰਦ੍ਰ, (ਸ) ਅਗਨਿ ਕੋਣ (ਪੂਰਬ ਦੱਖਣ) ਦੀ ਅਗਨੀ, (ਹ) ਦੱਖਣ ਦਾ ਜਮ, (ਕ) ਨੈਰਿਤ ਕੋਣ (ਦੱਖਣ ਪੱਛਮ) ਦਾ ਨੇਰਤ ਨਾਮੇ ਰਾਖ਼ਸ਼, (ਖ) ਪੱਛਮ ਦਾ ਵਰੁਣ, (ਗ) ਵਾਯਵ ਕੋਣ (ਪੱਛਮ ਉਤਰ) ਦਾ ਵਾਯੂ, (ਘ) ਊਰਧ (ਉੱਪਰ ਦਾ) ਬ੍ਰਹਮਾ, (ਙ) ਅਧੋ (ਹੇਠਲੀ ਦਿਸ਼ਾ) ਦਾ ਸ਼ੇਸ਼ਨਾਗ।
[੩](ਸਾਥੋਂ ਮੀਂਹ, ਧਨ, ਧਾਨ, ਬੱਚੇ, ਉਮਰਾ ਆਦਿ) ਲੈਣ ਲਈ।
[੪]ਸਾਨੂੰ ਬਲੀ ਦੇਕੇ ਮੰਨਣ ਲੱਗੇ।
[੫](ਜਦ ਤੋਂ) ਤਪ ਕਰਨੇ ਦਾ ਨੇਮ ਜਮ ਕੇ ਲਿਆ ਹੈ।

ਲੋਕ ਮਰਨ ਤੇ ਸਭਿ ਰਹਿ ਗਏ।
ਦੇਵਨ ਤੇ ਭਯ ਧਾਰਤਿ ਜੋਇ।
ਸਭਿ ਜੀਵਨ ਅਬਿ ਤਜਾਗਜੋ ਸੋਇ- ॥੨੭॥
ਸੁਨਿ ਦੇਵਨ ਤੇ ਬਾਕ ਦੁਖਾਰੇ।
ਕਮਲਾਸਨ ਤਿਹ ਸਾਥ ਉਚਾਰੇ।
-ਕਰਤਾ ਪੁਰਖ ਅਕਾਲ ਕ੍ਰਿਪਾਲ।
ਤਿਸ ਕੀ ਨੇਤ[੧] ਲਖਹੁ ਇਸ ਢਾਲ ॥੨੮॥
ਕਰਤਾ ਅਹੈ ਅਕਰਤੀ ਸੋਇ[੨]।
ਤਿਮ ਹੀ ਕਰਹਿ ਜਥਾਵਤਿ ਹੋਇ।
ਅਪਨੇ ਅਪਨੇ ਥਾਨ ਪਯਾਨੋ।
ਕਰਹਿ ਸੁ ਕ੍ਰਿੱਤ ਰਿਦੇ ਤੁਮ ਜਾਨਹੁੰ[੩]- ॥੨੯॥
ਜਬਿ ਪ੍ਰਮੇਸਰੀ ਦੇਵ ਬਖਾਨੇ[੪]।
ਗੀਰਬਾਨ[੫] ਨਿਜ ਥਾਨ ਪਯਾਨੇ।
ਕਰਿ ਕਰਿ ਬੰਦਨ ਪਦ ਅਰਬਿੰਦ।
ਪਹੁੰਚੇ ਧਾਰਤਿ ਰਿਦੈ ਅਨੰਦ ॥੩੦॥
ਕੇਤਿਕ ਕਾਲ ਬਿਤਜੋ ਤਪ ਕਿਯੋ।
ਜਮ ਕੋ ਨੇਮ ਸਪੂਰਨ ਭਯੋ।
ਜਬਹਿ ਜਗਤ ਕੀ ਦਿਸ਼ਿ ਕੋ ਦੇਖਾ।
ਪ੍ਰਜਾ ਬਧੀ ਜਿਸ ਬਿਖੈ ਬਿਸ਼ੇਖ਼ਾ ॥੩੧॥
ਜਥਾ ਤਰੀ[੬] ਬਹੁ ਭਾਰੀ ਭਾਰ[੭]।
ਡਗਮਗ ਡੋਲ ਸਕਹਿ ਨ ਸਹਾਰ।
ਤਿਸ ਪ੍ਰਕਾਰ ਹੋਈ ਸਭਿ ਧਰਨੀ।
ਅੱਪ੍ਰਮਾਨ ਤਰਨੀ ਸਮੁ ਬਰਨੀ[੮] ॥੩੨॥
ਪਾਪ ਕਲਾਪਨ ਤੇ ਜਮ ਆਪ।

---

[੧]ਸਾਈਂ ਦੀ ਠਟੀ, [ਸੰਸ:, ਨਯਤ = ਮੁਕਰਰ ਕੀਤੀ ਹੋਈ]।
[੨]ਨਾ ਹੋ ਸਕਣ ਵਾਲੀ ਨੂੰ ਜੋ ਕਰ ਸਕੇ।
[੩]ਤੁਸੀਂ ਰਿਦੇ ਵਿਚ ਜਾਣ ਲਓ ਕਿ (ਸੁ =) ਉਸੇ ਤਰ੍ਹਾਂ ਕਰੇਗਾ। ਸੌ ਸਾਖੀ ਦਾ ਪਾਠ ਹੈ:-ਕਰੇਗਾ ਉਸੇ ਹੀ। (ਅ) ਕਰਹਿ ਸੁਕ੍ਰਿਤ = (ਉਹ) ਭਲੀ ਕਰੇਗਾ।
[੪]ਜਦ ਬ੍ਰਹਮਾ ਨੇ ਦੇਵਤਿਆਂ ਨੂੰ ਇਹ ਕਿਹਾ ਤਾਂ.... [ਸੰਸ:, ਪਰਮੇਖ਼੍ਰਿ = ਬ੍ਰਹਮਾ]।
[੫]ਦੇਵਤੇ।
[੬]ਬੇੜੀ।
[੭]ਬਹੁਤ ਭਾਰੀ ਭਾਰ (ਨਾਲ ਭਰੀ ਹੋਈ)।
[੮]ਬਿਅੰਤ (ਭਾਰ ਵਾਲੀ) ਬੇੜੀ ਵਾਙੂ ਕਥਨ ਕਰ ਸਕੀਦਾ ਹੈ (ਉਸ ਨੂੰ)।

[1]ਪਿਖ੍ਯੋ ਕ੍ਰੋਧ ਕਰਿ ਭਾ ਪਰਤਾਪ।
ਰੁੱਦ੍ਰ ਧ੍ਯਾਨ ਕਰਿ ਭਸਮੀ ਹੋਏ।
ਅਗਨ ਪ੍ਰਜ੍ਵਲਤ ਦਗਧ ਭੇ ਕੋਏ[2] ॥੩੩॥
ਬਾਯੂ ਬਹੀ ਉਡਾਇ ਡਿਗਾਏ।
ਮਰਿ ਮਰਿ ਜਮ ਕੇ ਲੋਕ ਸਿਧਾਏ।
ਪੁਨ ਦੁਰਭਿੱਖ੍ਯ ਪਰ੍ਯੋ ਦੁਖਦਾਈ।
ਤਿਸ ਤੇ ਮਰੇ ਲੋਕ ਸਮੁਦਾਈ ॥੩੪॥
ਨਹੀਂ ਅੰਨ ਪ੍ਰਾਪਤਿ ਜਬਿ ਹੋਵਾ।
ਬਚੇ ਜੁ ਕੁਛਕ ਮਰਨ ਤਿਨ ਜੋਵਾ।
ਦੇਸ਼ ਛੋਰਿ ਸੋ ਚਲੇ ਪਲਾਈ।
ਅਧਿਕ ਅੰਨ ਕੀ ਸੁਧ ਜਿਤ ਪਾਈ।
ਸਤੁੱਦ੍ਰਵ ਉਲੰਘਿ ਬਿਪਾਸਾ ਗਏ।
ਰਾਵੀ ਚੰਦ੍ਰਭਗਾ[3] ਉਲੰਘਏ ॥੩੫॥
ਨਦੀ ਬਿਦੱਸਤਾਂ[4] ਸਿੰਧੁ[5] ਬਿਸਾਲਾ।
ਤਰਿ ਕਰਿ ਪਾਰਿ ਪਰੇ ਤਿਸ ਕਾਲਾ।
ਗੰਧ੍ਰਬ ਇਕ ਜਲਾਲ ਤਹਿ ਭਯੋ।
ਪੁਰਿ ਜਲਾਲ ਤਿਹ ਨਗਰ ਬਸਯੋ ॥੩੬॥
ਨਾਮ ਜਲਾਲਾਬਾਦ[*] ਕਹੈਂ ਅਬਿ[+]।
ਪਹੁੰਚੇ ਗੰਧ੍ਰਬ[++] ਦੇਸ਼ ਜਾਇ ਸਬਿ।
ਨਗਰ ਕੰਧਾਰ[¶] ਆਦਿ ਜੇ ਜਹਾਂ।
ਬਸੇ ਜਾਇ ਜੀਵੇ ਸਭਿ ਤਹਾਂ ॥੩੭॥
ਗੰਧ੍ਰਬ ਦੇਸ਼ ਬਿਖੇ ਤਿਨ ਕੇਰੀ।
ਵਧਤਿ ਭਈ ਸੰਤਾਨ ਘਨੇਰੀ।

---

[1]ਦੇਖਦਿਆਂ ਜਮ ਨੇ ਤਪਕੇ ਤੇ ਕ੍ਰੋਧ ਕਰਕੇ ਸ਼ਿਵ ਦਾ ਧਿਆਨ ਕੀਤਾ ਤਾਂ........।
[2]ਕੋਈ ਸੜ ਗਿਆ।
[3]ਚਨਾਬ ਦਰਿਆ।
[4]ਜੇਹਲਮ।
[5]ਦਰਿਆ ਅਟਕ।
[*]ਅਫ਼ਗਾਨਸਤਾਨ ਦਾ ਇਕ ਸ਼ਹਿਰ ਜੋ ਲੰਡੇ ਦਰਿਆ ਦੇ ਕਿਨਾਰੇ ਕਾਬਲ ਤੋਂ ੧੦੦ ਮੀਲ ਉਰੇ ਉਸ ਦੀ ਸੜਕ ਪਰ ਹੈ।
[+]ਪਾ:-ਤਬ।
[++]ਸੰਸਕ੍ਰਿਤ 'ਗਾਂਧਾਰ' ਦੇਸ਼ ਤੋਂ ਮੁਰਾਦ ਹੈ ਜੋ ਅਟਕੋਂ ਪਾਰ ਹੈ ਤੇ ਅਫਗਾਨਸਤਾਨ ਦੇ ਪੂਰਬ ਦਾ ਹਿੱਸਾ ਉਸ ਵਿਚ ਸ਼ਾਮਲ ਹੈ।
[¶]ਅਫ਼ਗਾਨਸਤਾਨ ਦਾ ਇਕ ਸ਼ਹਿਰ ਜੋ ਕਾਬਲ ਤੋਂ ੩੧੫ ਮੀਲ ਦੱਖਣ ਨੂੰ ਹੈ।

ਕੈਰਵ ਪਾਂਡਵ[੧] ਕਰਿ ਕਰਿ ਕ੍ਰੱਧੰ।
ਵਧੵੋ ਵਿਖਾਦ ਭਯੋ ਬਡ ਜੁੱਧੰ ॥੩੮॥
ਕਰਿਓ ਮਹਾਂ ਭਾਰਥੰ ਭਾਰੇ।
ਤਿਨ ਕੀ ਸੰਤਤਿ ਕੇਰਹਿ ਮਾਰੇ[੨]।
ਦੁਰਜੋਧਨ ਕੋ ਮਾਤੁਲ ਰਾਜਾ।
ਸਕੁਨੀ ਨਾਮ ਵਧਾਇ ਸਮਾਜਾ ॥੩੯॥
ਸੰਗ ਲਜਾਇ ਤਿਨ ਬਹੁ ਮਰਿਵਾਏ[੩]।
ਅਰਜਨ ਖਰ ਤੀਰਨ ਸੋਂ ਘਾਏ।
ਹਨੇ ਨੇਤ ਕੇ ਥੋਰੇ ਰਹੇ।
ਤਿਨਹੁੰ ਬਿਪਰਜੈ ਮਾਰਗ ਲਹੇ[੪] ॥੪੦॥
ਚਾਰ ਬਰਨ ਕੋ ਭੇਦ ਮਿਟਾਯੋ[੫]।
ਏਕ ਮੇਕ ਹ੍ਵੈ ਭੋਜਨ ਖਾਯੋ।
ਆਪਸ ਮਹਿਂ ਸਨਬੰਧ ਬਨਾਏ।
ਪੁੱਤ੍ਰ ਸੁਤਾ ਕੇ ਬਜਾਹ ਰਚਾਏ ॥੪੧॥
ਤਿਨ ਕੇ ਸੰਤਤਿ ਪੁਨ ਵਧ ਗਈ।
ਸਕਲ ਰੀਤਿ ਮਰਜਾਦਾ ਹਈ[੬]।
ਨਿਜ ਬਿਵਹਾਰਨ ਕੋ ਕਰਿ ਲਯੋ।
ਸ਼ੰਕਰ ਬਰਨ ਏਸ[*] ਬਿਧਿ ਭਯੋ[+]' ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਪ੍ਰਸੰਗ ਸੁਨਾਵਨਿ ਖਾਲਸੇ ਪ੍ਰਤਿ' ਬਰਨਨੰ ਨਾਮ ਦੁਤੀਓ ਅੰਸੂ ॥੨॥

---

[੧](ਇਧਰ) ਕੈਰਵ ਪਾਂਡਵ।
[੨]ਉਹਨਾਂ ਦੀ ਉਲਾਦ ਦੇ ਬਹੁਤੇ ਮਾਰੇ ਗਏ।
[੩]ਦੁਰਜੋਧਨ ਦੇ ਮਾਮੇ ਸ਼ਕੁਨੀ ਨਾਮੀ ਨੇ ਆਪਣਾ ਸਮਾਜ ਵਧਾਉਣ ਲਈ (ਗੰਧਰਬ ਦੇਸ਼ ਵਾਲੇ) ਨਾਲ ਲਿਆਂਦੇ ਸਨ, ਸੋ ਬਹੁਤੇ ਮਾਰੇ ਗਏ।
[੪]ਥੋੜੇ ਰਹਿ ਜਾਣ (ਕਰਕੇ ਉਨ੍ਹਾਂ ਨੇ ਉਲਟਾ ਰਾਹ ਛੇੜਿਆ (ਜੋ ਅੱਗੇ ਚਲਕੇ ਦੱਸਦੇ ਹਨ)।
[੫]ਭਾਵ ਗੰਧਰਬ ਦੇਸ਼ ਵਾਲਿਆਂ ਨੇ।
[੬]ਨਾਸ਼ ਹੋਈ।
[*]ਪਾ:-ਏਕ।
[+]ਵਰਣ ਸ਼ੰਕਰ ਤੋਂ ਮੁਰਾਦ ਦੋਗਲੀ ਉਲਾਦ ਦੀ ਹੈ। ਹਿੰਦੂ ਗ੍ਰੰਥਾਂ ਵਿਚ ਇਸ ਦੇ ਅਨੇਕ ਕਾਰਨ ਤੇ ਕਿਸਮਾਂ ਦੱਸੀਆਂ ਹਨ। ਸੌ ਸਾਖੀ ਦੇ ਆਖੇਪਕਾਰ ਨੇ ਏਥੇ ਪੱਛਮੀ ਲੋਕਾਂ ਦੀ ਉਤਪਤੀ ਘ੍ਰਿਣਾ ਯੋਗ ਕਰਕੇ ਦੱਸੀ ਹੈ।

## ੩. [ਮੋਮਨ ਸ਼ਰਫ]

੨<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੪

ਦੋਹਰਾ: 'ਜਹਾਂ ਵਧੀ ਸੰਤਾਨ ਤਿਨ, ਭਈ ਸਕਲ ਇਕ ਰੰਗ।
ਤਨੁਜਾ ਉਪਜੀ ਗੋਰਟੀ, ਬਹੁ ਸੁੰਦਰ ਸਰਬੰਗ ॥੧॥
ਚੌਪਈ: ਮੋਮਨ ਸ਼ਰਫ[1] ਭਯੋ ਤਹਿਂ ਰਾਜਾ।
ਅਧਿਕ ਬ੍ਰਿਧਾਯਹੁ ਰਾਜ ਸਮਾਜਾ।
ਤਿਨ ਕੇ ਸਦਨ ਹੁਤੀ ਪਟਰਾਣੀ।
ਸੁੰਦਰ ਅੰਗਨਿ ਸਕਲ ਸਵਾਣੀ ॥੨॥
ਤਿਸ ਤੇ ਪੁੱਤ੍ਰ ਭਯੋ ਬਲਵਾਨਾ।
ਜ੍ਵਾਨ ਮਹਾਨ ਅਧਿਕ ਸਵਧਾਨਾ।
ਕਛੁ ਅੱਨਜਾਇ ਰਾਜ ਮੈਂ ਕੀਨਾ।
ਮੋਮਨ ਸ਼ਰਫ ਜਬਹਿ ਸੁਨਿ ਲੀਨਾ ॥੩॥
ਰਿਸ ਧਰਿ ਤਿਸ ਕੋ ਸਦਨ ਨਿਕਾਰਾ।
ਨਹੀ ਹਕਾਰਨਿ ਬਹੁਰ ਸੰਭਾਰਾ।
ਪਿਤਾ ਨਿਕਾਸਯੋ ਚਲਿ ਸੋ ਆਯੋ।
ਤਿਨ ਲੋਕਨ ਮਿਲਿ ਸਮਾ ਬਿਤਾਯੋ[2] ॥੪॥
ਚਿਰੰਕਲ ਜਬਿ ਮਿਲਿ ਕਰਿ ਰਹਯੋ।
ਨਾਮ ਸਜਾਦਾ ਤਿਸ ਕੋ ਕਹਯੋ।
ਏਕ ਸੁਤਾ ਉਪਜੀ ਤਿਸ ਕੇਰੀ।
ਜੋ ਸੁੰਦਰ ਸਰਬੰਗ ਬਡੇਰੀ ॥੫॥
ਸ਼ੰਕਰ ਬਰਣ ਸੁ ਨਰਨ ਮਝਾਰਾ।
ਤਰੁਨਾਪਨ[3] ਤਨ ਮਾਂਹਿ ਸੰਭਾਰਾ।
ਰਾਜਾ ਮੋਮਨ ਸ਼ਰਫ ਮਹਾਂਨਾ।
ਇਕ ਦਿਨ ਪੁਰਿ ਤੇ ਕਰਿ ਪ੍ਰਸਥਾਨਾ ॥੬॥
ਸਹਿਜ ਸੁਭਾਇਕ ਬਿਚਰਤਿ ਭਯੋ।
ਦੇਸ਼ ਬਿਦੇਸ਼ਨ ਦੇਖਤਿ ਗਯੋ।
ਆਯੋ ਤਿਨ ਲੋਕਨ[4] ਕੇ ਨਗਰ।
ਜਿਹ ਠਾਂ ਬਾਸ ਕਰਤਿ ਵੈ ਸਗਰ ॥੭॥

---

[1]ਨਾਮ ਰਾਜੇ ਦਾ।
[2]ਉਸ ਨੇ (ਆਮ) ਲੋਕਾਂ ਵਿਚ ਮਿਲਕੇ ਸਮਾਂ ਬਿਤਾਇਆ। (ਅ) ਉਹਨਾਂ ਲੋਕਾਂ ਵਿਚ ਭਾਵ ਸ਼ੰਕਰ ਵਰਣ ਵਾਲਿਆਂ ਵਿਚ ਆ ਵੱਸਿਆ।
[3]ਜਵਾਨੀ।
[4]ਜਿਨ੍ਹਾਂ ਵਿਚ ਵਰਣ ਸ਼ੰਕਰ ਸੀ।

ਉਤਰਜੋ ਬਾਗ ਮਾਂਹਿ ਸੁਖ ਪਾਏ।
ਪਿਖਿ ਬਾਲਾ ਕੋ ਰਹਿ ਬਿਰਮਾਏ[1]।
ਉਪਜਜੋ ਕਾਮ ਰਿਦੈ ਤਬਿ ਭਾਰੀ।
ਤਿਨ ਲੋਕਨਿ ਕੀ ਸੁਤਾ ਕੁਮਾਰੀ ॥੮॥
ਹੇਰਿ ਹੇਰਿ ਕਰਿ ਉਰ ਬਿਰਮਾਯੋ।
ਬਜਾਹਨਿ ਹੇਤੁ ਤਿਨਹਿ ਲਲਚਾਯੋ।
ਕਰਿ ਜਬਰੀ ਜਬਿ ਲਈ ਮੰਗਾਇ।
ਪਾਸ ਆਪਨੇ ਲਈ ਬਿਠਾਇ ॥੯॥
ਤਿਨ ਲੋਕਨਿ ਕੀ ਸੁਤਾ ਰਿਸਾਈ।
-ਹਮ ਨਹਿਂ ਰਮਹਿਂ, ਮਰਹਿਂ ਬਿਖ ਖਾਈ।
ਕੈ ਗਰ ਪਾਸੀ ਪਾਇ ਮਰੈਂਗੀ।
ਜਲ ਡੂਬਹਿਂ ਨਿਜ ਪ੍ਰਾਣ ਹਰੈਂਗੀ- ॥੧੦॥
ਇਮ ਤਨ ਕੋ ਹਠ ਹੇਰਨਿ ਕੀਨਾ।
ਮੋਮਨ ਸ਼ਰਫ ਜਤਨ ਮਨ ਕੀਨਾ।
ਧਨ ਕੋ ਦੇਨ ਅਪਰ ਸਿਰਦਾਰੀ।
ਲੋਭ ਦਿਖਾਯੋ ਅਨਿਕ ਪ੍ਰਕਾਰੀ ॥੧੧॥
ਸਭਿ ਕੇ ਸੰਗ ਰਮਜੋ ਸੁਖ ਪਾਏ।
ਗਰਭਵਤੀ ਹੁਇ ਸੁਤ ਤਿਨ ਜਾਏ।
ਬਿੱਦਜਾਧਰਿ ਪਾਠਕ ਕੀ ਸੁਤਾ[2]।
ਤਿਸਤੇ ਪੋਟਲ ਖਾਂ ਉਤਪੱਤਾ[3] ॥੧੨॥
ਸ਼ੇਖ ਸ਼ਰਫ ਇਕ ਮੁਗ਼ਲ ਰਹਾਈ।
ਨਾਮ ਸ਼ੇਖਰਾ ਸੁਤਾ ਸੁ ਤਾਂਹੀ।
ਸੁੰਦਰ ਰੂਪ ਤਾਂਹਿ ਕੋ ਚੀਨਾ।
ਤਾਂ ਕੋ ਗਹਿ ਕੈ ਰਮਨ ਸੁ ਕੀਨਾ* ॥੧੩॥

---

[1]ਇਸਤ੍ਰੀਆਂ ਨੂੰ ਦੇਖਕੇ ਭਰਮ ਗਿਆ।
[2]ਪਾਠਕ ਨਾਮੇ ਗੰਧ੍ਰਬ ਤਿਸ ਦੀ ਪੁੱਤ੍ਰੀ।
[3]ਤਿਸ ਤੋਂ ਪੋਟਲ ਖਾਂ ਪੈਦਾ ਹੋਇਆ।
*ਇਥੇ ਕੁਛ ਗੜਬੜ ਹੈ, ਸੌ ਸਾਖੀ ਦਾ ਪਾਠ ਹੈ:-'ਜਿਨ੍ਹਾਂ ਤਕਰਾਰ ਕੀਤਾ ਹਮ ਮਰਾਂਗੀਆਂ ਉਨ੍ਹਾਂ ਨੂੰ ਸ੍ਰਦਾਰੀ ਦਾ ਲੋਭ ਦਿਤਾ ਤੇ ਸੰਤਾਨ ਉਪਾਈ। ਬਿਦਯਾਧਰ ਪਾਠਕ ਦੀ ਬੇਟੀ ਤੇ ਪੋਟਲ ਖਾਨ। ਮੁਦਗਲੀ ਬ੍ਰਾਹਮਣੀ ਤੇ ਮੁਗਲ ਮੁੰਗਾਲ ਬੇਗ। ਸ਼ੇਖਰਾਂ ਕੀ ਸਿਖਾਵਤ ਕੀ ਬੇਟੀ ਤੇ ਸੇਖ ਸੰਮਨ। ਸਜਾਤੀ ਪਾਸ ਤੇ ਬੇਟਾ ਜਨਮਿਆਂ। ਪੁਛਿਆ ਤੇਰਾ ਗੋਤ, ਬੋਲੀ ਮੈਂ ਬੇਟੀ ਸਜਾਦ ਰਾਇ। '

ਇਸ ਤੋਂ ਪਤਾ ਲੱਗਾ ਕਿ 'ਮੁਦਗਲ ਬ੍ਰਾਹਮਣੀ ਤੇ ਮੁਗਲ ਮੁੰਗਾਲ ਬੇਗ' ਦਾ ਅਨੁਵਾਦ ਸੂਰਜ ਪ੍ਰਕਾਸ਼ ਵਿਚ ਨਹੀਂ ਆਇਆ। ਇਸਦਾ ਅਨੁਵਾਦ ਕਿਸੇ ਪਹਿਲੇ ਹੀ ਲਿਖਾਰੀ ਤੋਂ ਰਹਿ ਗਿਆ ਹੈ, ਕਿਉਂਕਿ ਟੋਲ ਕਰਨ ਤੇ ਸਾਨੂੰ ਇਕ ਲਿਖਤੀ ਨੁਸਖੇ ਵਿੱਚ ਇਸ ਚੌਪਈ ਦੀਆਂ ਤਿੰਨ ਸਤਰਾਂ ਹੀ ਮਿਲਦੀਆਂ ਹਨ। 'ਸ਼ੇਖ

ਤਿਸਕੇ ਏਕ ਪੁੱਤ੍ਰ ਜਨਮਯੋ।
ਨਾਮ ਸ਼ੇਖ ਸੰਮਨ ਤਿਸ ਭਯੋ।
ਹੁਤੀ ਸ਼ਜ਼ਾਦੇ ਕੀ ਇਕ ਤਨੀਆ।
ਨਾਮ ਸਜਾਤੀ ਤਿਸ ਕੋ ਭਨੀਆ ॥੧੪॥
ਜਨਮਜੋਂ ਬੇਟਾ ਤਿਸ ਤੇ ਜਬੈ।
ਮੋਮਨ ਸ਼ਰਫ ਸੁ ਬੂਝੀ ਤਬੈ।
-ਤੇਰਾ ਗੋਤ ਕਹਹੁ ਕਜਾ ਅਹੈ? -।
ਸੁਨਤਿ ਸ਼ਜ਼ਾਦੀ ਤਿਸ ਕੋ ਕਹੈ ॥੧੫॥
-ਸੁਤਾ ਸਜਾਦ ਰਾਇ ਕੀ ਮੈਂ ਹੌਂ।
ਤੁਝ ਬੂਝੀ ਤੇ ਸਭਿ ਕਹਿ ਦੈਹੋਂ-।
ਮੋਮਨ ਸ਼ਰਫ ਸੁਨਤਿ ਸ਼ਰਮਾਯੋ।
ਪੋਤੀ ਸੰਗ ਰਮਜੋ ਪਛੁਤਾਯੋ ॥੧੬॥
ਸ਼ਰਫ ਹਿਦਾਇਤ ਸਾਈਂ ਲੋਗ[1]।
ਤਿਸ ਕੋ ਲਖਜੋ ਬੰਦਗੀ ਜੋਗ।
ਬਿਸਮਾਵਤ ਤਿਸ ਕੇ ਢਿਗ ਗਯੋ।
ਸੇਵਾ ਬਿਖੇ ਰਾਤ ਦਿਨ ਭਯੋ ॥੧੭॥
ਸਭੀ ਹਕੀਕਤ ਕਹਿ ਸਮੁਝਾਈ।
-ਬਿਨ ਜਾਨੇ ਅਪਰਾਧ ਕਮਾਈ-।
ਕਰਹਿ ਬੰਦਗੀ ਪੀਰ ਤਿਸੀ ਕੀ।
ਉਚਰਤਿ ਰਹੈ ਦੁਆਇ ਖੁਸ਼ੀ ਕੀ ॥੧੮॥
ਬੀਤ ਗਏ ਬਹੁਤੇ ਦਿਨ ਜਬੈ।
ਸ਼ਰਫ ਹਿਦਾਯਤ ਬੋਲਜੋ ਤਬੈ।
-ਏਕ ਸਮਾ ਐਸੋ ਚਲਿ ਆਵੈ।
ਪੁੱਤ੍ਰ ਸਜਾਤੀ ਕੇ ਬਿਰਧਾਵੈਂ ॥੧੯॥
ਸੱਯਦ ਸੰਗਜਾ ਹੁਇ ਤਿਨ ਕੇਰੀ।

---

ਸ਼ਰਫ ਇਕ ਮੁਗਲ ਰਹਾਈ' ਇਹ ਪਹਿਲੀ ਤੁਕ ਅੰਕ ੧੩ ਦੀ ਨਹੀਂ ਮਿਲੀ, ਸੋ ਏਹ ਪਿਛੋਂ ਕਿਸੇ ਪਾਈ ਹੈ। ੧੯੧੯ ਵਾਲੇ ਨੁਸਖੇ ਵਿੱਚ ਇਸ ਅੰਕ ਦੀਆਂ ਪਿਛਲੀਆਂ ਦੋ ਪੰਕਤੀਆਂ ਹਨ ਤੇ ਪਹਿਲੀਆਂ ਦੋਵੇ ਨਹੀਂ ਹਨ।

ਇਸ ਕਮੀ ਨੂੰ ਛਾਪੇ ਵਾਲਿਆਂ ਨੇ '...... ਸੁਤਾ ਸੁ ਤਾਹੀਂ' ਦੇ ਮਗਰੋਂ ਕੁੱਛ ਸਤਰਾਂ ਆਖੇਪ ਕਰਕੇ ਪੂਰਨ ਕੀਤਾ ਹੈ।

ਯਥਾ:- 'ਸੁੰਦਰ ਰੁਪ ਤਾਂਹਿ ਕੋ ਚੀਨਾ। ਤਾਕੋ ਗਹਿ ਕੈ ਰਮਨ ਸੁਕੀਨਾ। ਨਾਮ ਸ਼ੇਖਰਾ ਸੁਤਾ ਸੁ ਤਾਹੀ। ਗਰਭ ਧਾਰਿਓ ਹੈ ਸੁਠ ਜਾਹੀ। ਜਿਸ ਕੋ ਦੇਖ ਅਪਸਰਾ ਲਾਜੈ। ਸੁੰਦਰ ਸਦਨ ਸੁ ਮਹਾਂ ਬਿਰਾਜੈ। ਤਿਸ ਤੇ ਏਕ ਪੁੱਤ੍ਰ ਜਨਮਇਓ। ਨਾਮ ਸ਼ੇਖ ਸੰਮਨ ਤਿਸ ਭਇਓ' ॥

[1]ਇਕ ਸ਼ਰਫ ਹਿਦਾਇਤ ਨਾਮ ਕਰਕੇ ਸਾਈਂ ਲੋਕ ਸੀ।

ਰਾਖਹਿੰਗੇ ਤਬਿ ਸੰਤਤਿ ਤੇਰੀ[1]।
ਤੂੰ ਭੀ ਨੇਤ ਮਾਨਿ ਜਗਦੀਸ਼ਾ।
ਸਾਧਨ ਕਰੋ ਬੈਠਿ ਚਲੀਸਾ ॥੨੦॥
ਪਾਪ ਕਰਜੋ ਅਨਜਾਨ ਪਨੇ ਮਹਿਂ।
ਹੋਇ ਬਿਨਾਸ਼ਨ, ਦੇਹਿ ਕਸ਼ਟ ਨਹਿਂ[2]-।'
ਸ਼੍ਰੀ ਕਲਗ਼ੀਧਰ ਕਰਤਿ ਉਚਾਰੋ।
'ਸੁਨੀਅਹਿ ਸਿੰਘਹੁ ! ਰਿਦੈ ਬਿਚਾਰੋ ॥੨੧॥
ਜਮ ਤੇ ਜੋ ਭਾਜੇ ਧਰਿ ਤ੍ਰਾਸ।
ਸੋ ਅਰਜਨ ਤੇ ਭਏ ਬਿਨਾਸ਼।
ਭੀਮ ਸੈਨ ਜੁਤਿ ਪਾਂਡਵ ਆਨਾ।
ਤਿਨੈ ਹਜ਼ਾਰਨਿ ਕੀਨੇ ਹਾਨਾ ॥੨੨॥
ਕੋਪਜੋ ਤਿਸੀ ਅੰਸ਼ ਪਰ ਕਾਲ[3]।
ਬਚਹਿ ਨ ਕਜੋਹੂੰ ਅਲਪ ਬਿਸਾਲ।
ਮਹਾਂਕਾਲ ਕਾਲਹਿ ਕਹਿ ਕਾਲਾ[4]।
ਉੱਗ੍ਰ ਸਮਰਥ ਬਿਸਾਲ ਕਰਾਲਾ ॥੨੩॥
ਦੋਹਰਾ: ਅਕਾਲ ਪੁਰਖ ਤੇ ਹੋਤਿ ਹੈ, ਕੋਟਕ ਬਿਸ਼ਨ ਮਹੇਸ਼।
ਤੈਸੇ ਸੇਵਕ ਸਾਥ ਹਮ, ਮਾਰੋਂ ਚਾਰੋਂ ਸ਼ੇਖ[5]*' ॥੨੪॥
ਚੌਪਈ: ਸੁਨਿ ਕਰਿ ਸਿੰਘ ਸਕਲ ਬਿਸਮਾਏ।
ਅਦਭੁਤ ਸਤਿਗੁਰ ਬਾਕ ਸੁਨਾਏ[+]।
'ਸਾਚੇ ਪਾਤਿਸ਼ਾਹੁ ਹਮ ਤਾਂਈ।
ਸ਼੍ਰੀ ਮੁਖ ਤੇ ਦਿਹੁ ਭੇਵ ਸੁਨਾਈ ॥੨੫॥
ਤਿਨ ਕੌ ਅੰਸ਼ ਸਰਬ ਹੀ ਮਰਿ ਹੈ।

---

[1]ਤੇਰੀ ਸੰਤਾਨ ਦੀ ਰੱਖਿਆ ਕਰਨਗੇ।
[2]ਪਾਪ ਨਾਸ਼ ਹੋਵੇਗਾ, ਕਸ਼ਟ ਨਹੀਂ ਦੇਵੇਗਾ।
[3]ਤਿਨ੍ਹਾਂ ਦੀ (ਭਾਵ ਮੋਮਨ ਸ਼ਰਫ ਦੀ) ਅੰਸ਼ ਪਰ ਕਾਲ ਕੋਪਿਆ।
[4]ਕਾਲ ਦਾ ਕਾਲ।
[5]ਸਿੰਘਾਂ ਦੇ ਸਾਥ ਮਾਰਾਂਗਾ ਮੈਂ ਚਾਰੋਂ ਬਾਕੀ ਦੇ (ਸਯਦ, ਮੁਗਲ, ਪਠਾਣ, ਸ਼ੇਖ)। (ਅ) ਚਾਰੋਂ ਸ਼ੇਖ਼ = ਬਾਕੀ ਦੇ ਚਾਰੋਂ, ਭਾਵ ਪਠਾਣ ਮੁਗਲ ਸਯਦ ਸ਼ੇਖ਼।
*ਇਹ ਪਠਾਣਾਂ, ਮੁਗ਼ਲਾਂ, ਸ਼ੇਖ਼ਾਂ ਤੇ ਸੱਯਦਾਂ ਦੀ ਹਾਸੋ ਹੀਣੀ ਉਤਪਤੀ ਸੌ ਸਾਖੀ ਦੇ ਆਖੇਪਕਾਰ ਨੇ ਪਤਾ ਨਹੀਂ ਕਿੱਥੋਂ ਤੇ ਕਿਉਂ ਪਾਈ ਹੈ। ਸ਼ੋਕ ਹੈ ਕਿ ਕਵੀ ਜੀ ਨੇ ਇਸ ਨੂੰ ਛਾਣ ਬੀਨ ਦੀ ਨਿਗਾਹ ਨਾਲ ਤੋਲਕੇ ਛੋੜ ਕਿਉਂ ਨਾ ਦਿੱਤਾ।
+ਐਸੇ ਖਿਆਲੀ ਪੁਲਾਉ ਸ਼੍ਰੀ ਕਲਗੀਧਰ ਜੀ ਨੇ ਨਹੀਂ ਸੁਣਾਏ, ਏਹ ਸੌ ਸਾਖੀ ਦਾ ਆਖੇਪਕਾਰ ਕਹਾਣੀਆਂ ਪਾ ਰਿਹਾ ਹੈ। ਯਾ ਹਿੰਦੂਆਂ ਵਿਚ ਆਪਣੇ ਵੈਰੀ ਮੁਸਲਮਾਨਾਂ ਬਾਬਤ ਟੁਰੀਆਂ ਲੋਕ ਗਾਥਾ (Folk lore) ਕਹਿ ਰਿਹਾ ਹੈ।

ਕਿਧੌਂ ਬੀਚ ਤੇ ਕੋਇ ਉਬਰਿ ਹੈ।'
ਫੁਰਮਾਯੋ ਬਚ 'ਲੋਕ ਘਨੇਰੇ।
ਤਿਨ ਕੀ ਅੰਸ਼ ਬਿਲੋਕਿ ਬਡੇਰੇ ॥੨੬॥
ਨਿਜ ਨਿਜ ਧਰਮ ਛੋਡਿ ਮਿਲ ਰਹੈਂ।
ਤਿਨ ਪਰ ਹੁਕਮ ਨਹੀਂ ਪ੍ਰਭੁ ਕਹੈਂ।
ਤਿਸੀ ਅੰਸ਼ ਕੇ ਸਭਿ ਮਰਿ ਜੈ ਹੈਂ।
ਇਤ ਦਿਸ਼ਿ ਕੋ ਨਹਿਂ ਰਹਿਣਾ ਪੈ ਹੈ ॥੨੭॥
ਹਮ ਹ੍ਵੈਂ ਪੀਛੇ ਬਰਖ ਸਵਾਸੈ।
ਤਬਹਿ ਖਾਲਸਾ ਇਨਹੁ ਬਿਨਾਸੈ*।
ਬਿਨਸਤਿ ਰਹੈਂ ਸਮੈ ਪ੍ਰਤਿ ਫੇਰ।
ਯੌਂ ਤਿਨ ਕੀ ਹੁਇ ਮੂਲ ਉਖੇਰ' ॥੨੮॥
ਇਸ ਪ੍ਰਕਾਰ ਸਿੰਘਨਿ ਸਮੁਝਾਯੋ।
ਸਭਾ ਉਠਨ ਕੋ ਸਮੈ ਸੁ ਆਯੋ।
ਮੰਦਿਰ ਅੰਦਰ ਜਾਇ ਪ੍ਰਵੇਸ਼ੇ।
ਗਯੋ ਖਾਲਸਾ ਸਿਵਰ ਅਸ਼ੇਸ਼ੇ ॥੨੯॥
ਖਾਨ ਪਾਨ ਕਰਿ ਨਿਸਾ ਬਿਤਾਈ।
ਭਈ ਪ੍ਰਾਤਿ ਪੁਨ ਸਭਾ ਲਗਾਈ।
ਆਨਿ ਖਾਲਸੇ ਦਰਸ਼ਨ ਕੀਨਾ।
ਕਰਿ ਬੰਦਨ ਢਿਗ ਬੈਠਿ ਪ੍ਰਬੀਨਾ ॥੩੦॥
ਗਰਜ ਗਰਜ ਗੁਰ ਫਤੇ ਬੁਲਾਵੈਂ।
ਸ਼ਸਤ੍ਰਨ ਸਹਤ ਬੈਸਿ[1] ਦੁਤਿ ਪਾਵੈਂ।
ਰਾਜਨ ਕੇ ਤਬਿ ਚਲੇ ਪ੍ਰਸੰਗਾ।
'ਧਰੇ ਤ੍ਰਾਸ ਮਿਲਿ ਭੇ ਇਕ ਰੰਗਾ ॥੩੧॥
ਕੇਤਿਕ ਲੇ ਕਰਿ ਚਮੂੰ ਬਿਸਾਲਾ।
ਦਿਸ਼ਿ ਅਨੰਦਪੁਰ ਘੇਰੋ ਡਾਲਾ।
ਚਹਤਿ ਰਹੈਂ ਲਰਿਬੇ ਕਹੁ ਜੰਗ।
ਕੇਤਿਕ ਆਗੇ ਆਇ ਨਿਸੰਗ ॥੩੨॥
ਸਿੰਘਨ ਸੰਗ ਭਿਰਤਿ ਹੀ ਰਹੈਂ।

---

*ਗੁਰੂ ਜੀ ਦੇ ਜੋਤੀ ਜੋਤ ਦਾ ਸੰਮਤ ੧੭੬੫ ਹੈ ਇਸ ਵਿਚ ੧੨੫ ਪਾਈਏ ਤਾਂ ੧੮੯੦ ਬਣਦਾ ਹੈ। ਏਹ ਖਾਲਿਸੇ ਦੇ ਰਾਜ ਤੇਜ ਦਾ ਸਮਾਂ ਹੈ। ਹੋ ਸਕਦਾ ਹੈ ਕਿ ਸੌ ਸਾਖੀ ਵਿਚ ਆਖੇਪ ਕਰਨ ਵਾਲਾ ਇਸੇ ਸਮੇਂ ਵਿਚ ਆਪਣਾ ਕੰਮ ਕਰ ਰਿਹਾ ਹੋਵੇ, ਪਤੇ ਜੋ ਅਪਣੇ ਸਮੇਂ ਦੇ ਦੇ ਰਿਹਾ ਹੈ। ਇਸ ਸੰਮਤ ਤੋਂ ਪਹਿਲੇ ਦੀ ਲਿਖੀ ਹੋਈ ਸੌ ਸਾਖੀ ਅਜੇ ਤੱਕ ਸਾਡੀ ਨਜ਼ਰੋਂ ਨਹੀਂ ਗੁਜ਼ਰੀ।

[1]ਬੈਠਕੇ।

ਜੇ ਜੇ ਬਡੇ ਸੁ ਐਸੇ ਕਹੈਂ।
-ਸ਼੍ਰੀ ਕਲਗੀਧਰ ਚਢਿ ਇਤ ਓਰ।
ਆਵਹਿਂ ਤਿਨਹਿਂ ਦਿਖਾਵਹਿਂ ਜ਼ੋਰ ॥੩੩॥
ਸਿੰਘਨ ਸੰਗ ਲਰਹਿਂ ਨਹਿਂ ਜਾਇ[1]।
ਸੰਗ ਚਮੂੰ ਕੇ ਚਮੂੰ ਲਰਾਇ-।
ਬੈਠਿ ਸਭਾ ਮਹਿਂ ਬੋਲਹਿਂ ਬਾਤਨ।
ਚਾਹਤਿ ਹੈਂ ਸੰਘਰ ਕੇ ਘਾਤਨ[2]' ॥੩੪॥
ਸੁਨਿ ਸ਼੍ਰੀ ਮੁਖ ਤੇ ਤਬਿ ਫੁਰਮਾਯੋ।
'ਭਏ ਪ੍ਰਭਾਤਿ ਚਹਤਿ ਹਮ ਜਾਯੋ।
ਬਹੁ ਦਿਨ ਬੀਤੇ ਗਏ ਅਖੇਰ।
ਤਿਤ ਦਿਸ਼ਿ ਚਲਹਿਂ ਹਤਹਿਂ ਕਿਤ ਸ਼ੇਰ' ॥੩੫॥
ਇਸ ਤੇ ਆਦਿਕ ਅਨਿਕ ਪ੍ਰਸੰਗ।
ਭਏ ਸੁਨੇ ਸਭਿ ਸਿੰਘਨ ਸੰਗ।
ਸੋ ਭਿ ਰਾਤਿ ਸਤਿਗੁਰੂ ਬਿਤਾਈ।
ਹੋਤਿ ਪ੍ਰਾਤਿ ਕੇ ਕਰੀ ਚਢਾਈ ॥੩੬॥
ਪਾਇ ਹੁਕਮ ਰਣਜੀਤ ਨਗਾਰਾ।
ਗਰਜ ਉਠ੍ਯੋ ਜਿਮ ਜਲਧਰ ਭਾਰਾ।
ਸੁਨਤਿ ਖਾਲਸਾ ਹੋਯਸਿ ਤਯਾਰੂ।
ਜ਼ੀਨ ਤੁਰੰਗਮ ਕਰਿ ਸ਼ਿੰਗਾਰੂ ॥੩੭॥
ਬਸਤ੍ਰ ਸ਼ਸਤ੍ਰ ਤੇ ਸਜੇ ਬਿਸਾਲੇ।
ਗਹੇ ਤੁਫੰਗਨਿ ਚਢਿ ਚਢਿ ਚਾਲੇ।
ਸੌਚ ਸ਼ਨਾਨੇ ਸ਼ਸਤ੍ਰ ਸਜਾਏ।
ਕਲਗੀਧਰ ਆਯੁਧ ਅੰਗ ਲਾਏ ॥੩੮॥
ਬਿਧਿ ਸੰਗ ਕਟ ਮੋਂ ਖੜਗ ਨਿਖੰਗ।
ਗਹ੍ਯੋ ਧਨੁਖ ਕਰ ਸਬਜ਼ ਸੁਰੰਗ।
ਜਿਗਾ ਜਵਾਹਰ ਜ਼ਾਹਿਰ ਜੋਤਿ।
ਝੂਲਤਿ ਕਲਗੀ ਅਤਿ ਦੁਤਿ ਹੋਤਿ ॥੩੯॥
ਦੀਨ ਹੁਕਮ 'ਅਨਵਾਇ[3] ਤੁਰੰਗ।

---

[1]ਸਿੰਘਾਂ ਨਾਲ ਨਹੀਂ ਲੜਾਂਗੇ ਜਾਕੇ।
[2]ਜੁੱਧ ਦਾ ਦਾਉ ਭਾਲਦੇ ਹਨ।
(ਅ) ਜੁੱਧ ਦੇ (ਵਿਚ) ਨਾਸ਼ ਕਰਨਾ ਚਾਹੁੰਦੇ ਹਨ।
[3]ਮੰਗਵਾਕੇ।

ਭਏ ਅਰੋਹਨਿ ਗਹਿ ਬਲ ਅੰਗ[1]।
ਜਬਿ ਕੀਨਸਿ ਪ੍ਰਸਥਾਨ ਅਗੇਰੇ।
ਦੁੰਦਭਿ ਬਾਜਯੋ ਸ਼ਬਦ ਉਚੇਰੇ ॥੪੦॥
ਤੁਪਕਨ ਸੋਂ ਤੋੜੇ ਸੁ ਲਗਾਇ।
ਚਲੇ ਬੀਰ ਹੋਏ ਪਿਛਵਾਇ।
ਚੰਚਲ ਬਲੀ ਕੁਦਾਇ ਹਯਨਿ ਕੋ।
ਗਮਨੇ ਪ੍ਰਭੁ ਕੇ ਸੰਗ ਸੁ ਬਨ ਕੋ ॥੪੧॥
ਦੀਰਘ ਕਾਨਨ ਜਾਇ ਪ੍ਰਵੇਸ਼ੇ।
ਹੇਰਿ ਹੇਰਿ ਮ੍ਰਿਗ ਹਨੇ ਵਿਸੇਸ਼ੇ।
ਤੁਪਕਨ ਕੇ ਤੜਾਕ ਗਨ ਹੋਵੈਂ।
ਦੂਰ ਦੂਰ ਇਤ ਉਤ ਫਿਰ ਜੋਵੈਂ ॥੪੨॥
ਧੁਨਿ ਊਚੀ ਪੁਨ ਬਜਯੋ ਨਗਾਰਾ।
ਬਨ ਮਹਿਂ ਹੋਤਿ ਕੁਲਾਹਲ ਭਾਰਾ।
ਖੇਲਿ ਅਖੇਰ ਸੈਲ ਪਰ ਸੈਲ[2]।
ਗਏ ਗੁਰੂ ਦਲ ਜੁਤਿ ਸੋ ਗੈਲ[3] ॥੪੩॥
ਥਲ ਉਤੰਗ ਸਤਿਗੁਰ ਥਿਰ ਹੋਏ।
ਚਾਰਹੁਂ ਦਿਸ਼ਿ ਕਾਨਨ ਗਿਰ ਜੋਏ।
ਹਾਥ ਧਨੁਖ ਧਰਿ ਖੈਂਚਨ ਕਰਜੋ।
ਸ਼ਬਦ ਉਤੰਗ ਦੇਸ਼ ਤਿਸ ਭਰਜੋ ॥੪੪॥
ਗਰਜਯੋ ਗਗਨ ਭਈ ਧੁਨਿ ਭਾਰੀ।
ਇਮ ਸਭਿ ਸਥਲ ਅਵਾਜ਼ ਉਚਾਰੀ।
'ਰਾਖ ਲੇਹੁ ਗੁਰੂ ਜੀ ਰਖਿ ਲੇਹੂ।
ਤੁਮ ਸਮਾਨਤਾ ਬਨਹਿ ਨ ਕੇਹੂ ॥੪੫॥
ਤਜਹੁ ਛੋਭ ਉਰ ਕਰੁਨਾ ਕੀਜੈ।
ਅਪਨੇ ਜਾਨਹੁ ਰਾਖ ਲਾਈਜੈ।'
ਹਯ ਨੀਲੋ ਪੁਨ ਤਲੇ ਉਤਾਰਾ।
ਪਰਚਤਿ[4] ਲਾਗੇ ਕਰਨ ਸ਼ਿਕਾਰਾ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਸ੍ਰੀ ਗੁਰੂ ਚਢਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

---

[1]ਬਲੀ ਅੰਗਾਂ ਵਾਲੇ (ਸਤਿਗੁਰੂ)। (ਅ) ਬਲੀ ਅੰਗਾਂ ਵਾਲੇ (ਘੋੜੇ ਨੂੰ) ਫੜਕੇ।
[2]ਪਹਾੜਾਂ ਤੇ ਸੈਲ ਕਰਕੇ।
[3]ਓਸੇ ਰਾਹ।
[4]ਪਰਚਕੇ।

## ੪. [ਬਲੀਆ ਚੰਦ ਤੇ ਆਲਮ ਚੰਦ ਨਾਲ ਜੁੱਧ]

੩<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੫

ਦੋਹਰਾ: ਪਰਚਤਿ ਕਰਤਿ ਸ਼ਿਕਾਰ ਕੋ, ਦੂਰ ਗਏ ਜਗਨਾਥ।
ਨਾਦ ਕੁਲਾਹਲ ਗੈਲ ਮਹਿਂ, ਦੁੰਦਭਿ ਤੁਪਕਨ ਸਾਥ[1] ॥੧॥
ਚੌਪਈ: ਨਿਕਟ ਰਹਜੋ ਰਾਜਨਿ ਕੋ ਡੇਰਾ।
ਜਿਨ ਕੇ ਮਨ ਹੰਕਾਰ ਬਡੇਰਾ।
ਬਲੀਆਚੰਦ ਸੁ ਆਲਮਚੰਦ।
ਸੁਨਿ ਧੁਨ ਕੋ ਉਤਸਾਹ ਬਿਲੰਦ ॥੨॥
ਤੂਰਨ ਤਜਾਰ ਹੋਇ ਅਸਵਾਰਾ।
ਜਿਨ ਕੇ ਸੰਗ ਸਿਪਾਹਿ ਹਜ਼ਾਰਾ।
ਚਹਿਂ ਬਹਾਦਰੀ ਕਰਨਿ ਦਿਖਾਵਨਿ[2]।
ਕਹੈਂ ਪਰਸਪਰ 'ਭਾ ਮਨ ਭਾਵਨ' ॥੩॥
ਜੰਗ ਕਰਨ ਕੋ ਉਰ ਹੰਕਾਰੀ।
ਆਏ ਸਮੁਖ ਚਮੂੰ ਲੇ ਸਾਰੀ।
ਮਿਲੇ ਆਨਿ ਕਰਿ ਅਨਿਕ ਪਹਾਰੀ।
ਤੁਪਕ ਚਲਨਿ ਲਾਗੀ ਤਿਸ ਬਾਰੀ ॥੪॥
ਸਿੰਘ ਸ਼ਸਤ੍ਰਧਾਰੀ ਇਤ ਥੋਰੇ।
ਜੋਧਾ ਘਨੇ ਆਇ ਉਤ ਓਰੇ।
ਤਬਿ ਕਲਗ਼ੀਧਰ ਪੂਰਬ ਦਿਸ਼ਿ ਕੋ।
ਗਏ ਭਜਾਇ ਕੁਦਾਇਤ ਅਸੁ ਕੋ ॥੫॥
ਕੇਤਿਕ ਕਾਲ ਖਾਲਸਾ ਲਰਜੋ।
ਅਪਨੇ ਮਹਿਂ ਗੁਰ ਨਹੀਂ ਨਿਹਰਜੋ।
'ਹਮ ਕੋ ਛੋਰਿ ਗਏ ਕਰਿ ਭਾਣਾ।
ਕੋ ਜਾਣਹਿਂ ਮਨ ਮਹਿਂ ਕਯਾ ਜਾਣਾ' ॥੬॥
ਧੀਰਜ ਰਹਜੋ ਨ ਸਿੰਘਨਿ ਕੇਰਾ।
ਰਣ ਤੇ ਭਾਜਿ ਚਲੇ ਤਿਸ ਬੇਰਾ।
ਬਿਚਲਜੋ ਪਿਖਜੋ ਖਾਲਸਾ ਜਬੈ।
ਮਿਲਿ ਪਹਾਰੀਯਨਿ ਮਾਰੇ ਤਬੈ ॥੭॥
ਨਿਕਸੇ ਖੜਗ ਕਟੇ ਬਹੁ ਅੰਗ।
ਭਈ ਲਾਲ ਛਿਤ ਸ਼੍ਰੋਣਤ ਸੰਗ।

---
[1]ਨਗਾਰੇ ਤੇ ਬੰਦੂਕਾਂ ਦੀ ਅਵਾਜ਼ ਦਾ ਸ਼ੋਰ ਰਸਤੇ ਵਿਚ ਹੁੰਦਾ ਸੀ।
[2]ਬਹਾਦਰੀ ਕਰਕੇ ਦਿਖਾਇਆ ਚਾਹੁੰਦੇ ਹਨ।

ਬਿਥਰੀ ਲੋਥ ਪੋਥਨਾ ਹੋਈ।
ਮਾਰਨ ਮਰਨ ਭਿਰੇ ਦਿਸ਼ਿ ਦੋਈ ॥੮॥
ਬਹੁਤ ਸਿੰਘ ਜਬਿ ਰਣ ਮਹਿਂ ਮਾਰੇ।
ਕੋ ਦੌਰਤਿ ਗੁਰ ਤੀਰ ਪੁਕਾਰੇ।
'ਸਾਚੇ ਪਾਤਸ਼ਾਹੁ ਰਖਿ ਲੀਜੈ।
ਤੇਰੋ ਬਿਰਦ ਤਜਾਗ ਨਹਿਂ ਦੀਜੈ ॥੯॥
ਸ਼ੋਭਤਿ ਬਿਨਾ ਸ਼ੇਰ ਨਹਿਂ ਕਾਨਨ।
ਜਿਤ ਕਿਤ ਸੁਨੀ ਬਾਤਿ ਇਹੁ ਕਾਨਨਿ[1]।'
ਸਿੰਘਨ ਤੇ ਇਸ ਬਿਧਿ ਸੁਨਿ ਜਬੈ।
ਸ੍ਰੀ ਕਲਗ਼ੀਧਰ ਬੋਲੇ ਤਬੈ ॥੧੦॥
ਦੋਹਰਾ: 'ਸਿਦਕ ਪੁਕਾਰੇ ਖਾਲਸਾ, ਗੁਰ ਕੀ ਬਾਨੀ ਪਾਠ।
ਆਪ ਸਿੰਘ ਆਪੇ ਬਿਪਨ, ਬਿਰਦ ਬਿਹਾਰੀ ਰਾਠ[2]' ॥੧੧॥
ਚੌਪਈ: ਥਿਰੇ ਗੁਰੂ ਕਰ ਧਨੁਖ ਸੰਭਾਰੇ।
ਸਰ ਨਿਖੰਗ ਤੇ ਪੰਚ ਨਿਕਾਰੇ।
ਤਾਨ ਕਾਨ ਲਗਿ ਤੁਰਤ ਚਲਾਏ।
ਸ਼ੂੰਕਤਿ ਚਾਲੇ ਨਾਦ ਉਠਾਏ ॥੧੨॥
ਚਹੁਂ ਦਿਸ਼ਿ ਤੇ ਚਲ ਦਲ ਉਮਡਾਯੋ।
ਸਰਬ ਖਾਲਸੇ ਕੋ ਦਿਖਰਾਯੋ[3]।
ਤੁਮਲ ਜੁੱਧ ਤਬਿ ਹੋਵਨਿ ਲਾਗਾ।
ਮਨਹੁਂ ਰੁੱਦ੍ਰ ਰਸ[4*] ਸੋਵਤਿ ਜਾਗਾ ॥੧੩॥
ਭਿੜੇ ਭੇੜ ਭਟ[5] ਮੁੜ ਮੁੜ ਲੜੇ।
ਜੇ ਭਾਜਤਿ ਧਰਿ ਧੀਰਜ ਖੜੇ।
ਹਤੀ ਸ਼ਲਖ ਗੁਲਕਨਿ ਕੀ ਐਸੇ।

---

[1]ਕੰਨੀ।

[2](ਖਾਲਸਾ ਆਖਦਾ ਸੀ ਕਿ) ਬਨ ਬੀ ਅਸੀਂ ਆਪ ਹਾਂ ਤੇ (ਬਨਾਂ ਦੇ) ਸ਼ੇਰ ਬੀ ਅਸੀਂ ਹਾਂ ਤੇ ਬਾਣੀ ਦਾ ਪਾਠ ਕਰਦਾ (ਅਭਿਮਾਨ ਵਿਚ) ਸਿਦਕ ਸਿਦਕ ਕੂਕਦਾ ਸੀ ਤੇ ਰਾਠ (ਬਣਦਾ ਸੀ) (ਹੁਣ ਕਿਉਂ) ਬਿਹਾਰੀ ਨੂੰ (ਭਾਵ ਸਾਨੂੰ) ਬਿਰਦ (ਦਾ ਵਾਸਤਾ ਪਾਉਂਦਾ ਹੈ।) (ਅ) ਅਪ੍ਰਸੰਗਕ ਅਰਥ ਲਾਉਣ ਦਾ ਯਤਨ ਐਉਂ ਬੀ ਹੁੰਦਾ ਹੈ:- 'ਗੁਰਾਂ ਦੀ ਬਾਣੀ' ਪੜ੍ਹਕੇ ਸਿਦਕੀ ਖਾਲਸਾ ਕਹਿੰਦਾ ਹੈ ਕਿ ਆਪੇ ਬਨ ਹੈ ਆਪੇ ਸ਼ੇਰ ਤੇ ਆਪੇ ਧਰਮ ਵਿਚ ਵਿਚਰਨੇ ਵਾਲਾ ਸੂਰਮਾ।

[3]ਚਾਰਾਂ ਪਾਸਿਆਂ ਤੋਂ ਫੌਜਾਂ ਉਮਡਕੇ ਚਲੀਆਂ ਆ ਰਹੀਆਂ ਸਾਰੇ ਖਾਲਸੇ ਨੂੰ ਦਿੱਸੀਆਂ। ਸੌ ਸਾਖੀ ਦਾ ਪਾਠ ਹੈ:-ਤਾਂ ਚਉਫੇਰੇ ਤੇ ਫੌਜਾਂ ਹੀ ਦੀਸੈਂ। ਭਾਵ ਗੁਪਤ ਫੌਜਾਂ ਦਿੱਸੀਆਂ।

[4]ਭਿਆਨਕ ਅਸਰ ਵਾਲਾ ਰਸ।

[*]ਪਾ:-ਰੋਸ ਰਸ।

[5]ਜੁੱਧ ਵਿਚ ਭਿੜਦੇ ਹਨ ਸੂਰਮੇ ਤੇ।

ਹਟਜੋ ਜਲਦ ਮੁਚਿ ਬਰਖਾ ਜੈਸੇ ॥੧੪॥
ਲੋਹ ਪਰੇ ਦੁਹਿਂ ਦਿਸ਼ਿ ਕੇ ਜੋਧਾ।
ਦੰਤਨ ਪੀਸ ਧਾਰਿ ਬਹੁ ਕ੍ਰੋਧਾ।
ਉਰ ਫੂਟੇ ਟੂਟੇ ਭਟ ਅੰਗਾ।
ਸ਼੍ਰੋਣਤ ਸੰਗ ਭਰੇ ਸਰਬੰਗਾ ॥੧੫॥
ਮਾਨਹੁਂ ਖੇਲ ਫਾਗ ਕੋ ਆਏ।
ਕੈ ਪਲਾਸ ਫੂਲੇ ਸਮੁਦਾਏ।
ਬੂਟਾ ਏਕ ਕਰੌਂਦੇ ਕੇਰਾ।
ਤਿਸ ਤਰੁ ਥਿਰੇ ਗੁਰੂ ਰਣ ਹੇਰਾ ॥੧੬॥
ਦੁਹਿਂ ਦਿਸ਼ਿ ਕੋ ਤਬਿ ਪਿਖਹਿਂ ਤਮਾਸ਼ਾ।
ਲਰਹਿਂ ਸੂਰਮੇ ਹੋਤਿ ਬਿਨਾਸ਼ਾ।
ਸਤਿਗੁਰ ਕੋ ਬਲ ਪਾਇ ਬਡੇਰਾ।
ਲਰਤਿ ਖਾਲਸਾ ਵਧਜੋ ਅਗੇਰਾ ॥੧੭॥
ਅਰਜੋ ਜੁ ਸਨਮੁਖ ਖੜਗ ਪ੍ਰਹਾਰੇ।
ਰੁੰਡ ਮੁੰਡ ਕਰਿ ਭੂ ਪਰ ਡਾਰੇ।
ਪਰੀ ਅਕਾਸ਼ੀ ਫੌਜਾਂ ਆਇ।
ਜਿਤ ਕਿਤ ਦੇਖਿ ਰਹੇ ਬਿਸਮਾਇ ॥੧੮॥
ਪਰ੍ਹਾ ਬੰਧਿ[1] ਜਨੁ ਘਟ ਘਟ ਆਈ।
ਗਨ ਗੁਲਕਾਂ ਬਰਖਾ ਬਰਖਾਈ।
ਤੁਪਕਨਿ ਕੜਕ ਗਾਜ ਜਨੁ ਪਰੈ।
ਛਟਾ ਪਲੀਤੇ ਧੁਖਿ ਧੁਖਿ ਟਰੈਂ[2] ॥੧੯॥
ਦੁੰਦਭਿ ਢੋਲਨਿ ਸ਼ਬਦ ਮਹਾਨਾ।
ਜਨੁ ਬਰਖਤਿ ਘਨ ਧੁਨਿ ਗਰਜਾਨਾ[3]।
ਕ੍ਰਿਖਿ ਪਾਕੀ ਸਮ ਪਰਮ ਪਹਾਰੀ[4]।
ਤੋਰਿ ਫੋਰਿ ਚੂਰਨ ਕਰਿ ਡਾਰੀ ॥੨੦॥
ਹੇਲਾ ਘਾਲਿ ਖਾਲਸਾ ਲਰਜੋ।
ਭਾਗਜੋ ਪ੍ਰਥਮ ਲਾਜ ਕਰਿ ਮੁਰਜੋ।
ਬਲੀਆ ਚੰਦ ਆਨਿ ਪਗ ਰੋਪਜੋ।

---

[1]ਸਫਾਂ ਬੰਨ੍ਹਕੇ।
[2]ਬਿਜਲੀ (ਵਤ) ਪਲੀਤੇ ਧੁਖ ਧੁਖਕੇ ਟਲਦੇ ਹਨ। ਭਾਵ ਕਦੇ ਚਮਕਦੇ ਤੇ ਕਦੇ ਧੁਖਦੇ ਹਨ।
[3]ਵਰਖਾ ਕਰਦਾ ਹੋਇਆ ਮਾਨੋ ਬੱਦਲ ਗੱਜਿਆ ਹੈ ਸ਼ਬਦ ਕਰਕੇ।
[4]ਵਡੇ (ਮਾਨੀ) ਪਹਾੜੀਏ।

ਪਿਖਿ ਸਿਪਾਹ ਭਾਜੀ ਉਰ ਕੋਪਯੋ ॥੨੧॥
ਇਤ ਤੇ ਉਦੇ ਸਿੰਘ ਧਰਿ ਧੀਰ।
ਪਹੁੰਚਯੋ ਲੇ ਸਿੰਘਨਿ ਕੀ ਭੀਰ।
ਆਲਮਚੰਦ ਖੜਗ ਕਰਿ ਨੰਗਾ।
ਭਯੋ ਸਮੁਖ ਚਾਹਤਿ ਰਣ ਜੰਗਾ ॥੨੨॥
ਆਲਮ ਸਿੰਘ ਕੁਪਯੋ ਇਸ ਦੇਖਿ।
ਦੋਨਹੁੰ ਕੇ ਮਨਿ ਕੋਪ ਵਿਸ਼ੇਖ।
ਦੋਨਹੁੰ ਗਹੇ ਸਿਪਰ ਸ਼ਮਸ਼ੇਰ[1]।
ਘਾਤ ਕਰਨਿ ਜੁਟੇ ਸਮ ਸ਼ੇਰ ॥੨੩॥
ਬਾਮ ਦਾਹਨੇ ਫਿਰਿ ਮਿਲਿ ਗਏ।
ਖੜਗ ਪ੍ਰਹਾਰ[2] ਪ੍ਰਹਾਰਤਿ ਭਏ।
ਗਿਰਪਤਿ ਸਮੁਖ ਸਿਪਰ ਕਰਿ ਦਈ।
ਰੋਕਯੋ ਵਾਰ ਹੁਤੇ ਬਲ ਮਈ ॥੨੪॥
ਤਿਹ ਪਾਛੈ ਨਿਜ ਵਾਰ ਪ੍ਰਹਾਰਾ।
ਖੜਗ ਸਮੇਤ ਹਾਥ ਕਟਿ ਡਾਰਾ।
ਤਿਸ ਕੇ ਭਟ ਪਹੁੰਚੇ ਲਿਯ ਆਗਾ।
ਆਲਮਚੰਦ ਤਯਾਗਿ ਰਣ ਭਾਗਾ ॥੨੫॥
ਇਮ ਆਲਮ ਸਿੰਘ ਲੇ ਕਰਿ ਫਤੇ।
ਵਾਹਿਗੁਰੂ ਜੀ ਕੀ ਕਹਿ ਫਤੇ।
ਦਿਸ਼ਾ ਦੂਸਰੀ ਬਲੀਆਚੰਦ।
ਲਰਤਿ ਕਰਤਿ ਉਤਸਾਹਿ ਬਿਲੰਦ ॥੨੬॥
ਊਚੀ ਧੁਨਿ ਤੇ ਬਾਜਤਿ ਢੋਲ।
ਲਲਕਾਰਤਿ ਸੂਰਨਿ ਕੋ ਟੋਲਿ।
ਐਂਚਿ ਐਂਚਿ ਧਨੁ ਬਾਨ ਚਲਾਵੈ।
ਤਨ ਸਿੰਘਨਿ ਕੇ ਪੁੰਜ ਧਸਾਵੈ ॥੨੭॥
ਉਦੇ ਸਿੰਘ ਚਲਿ ਸਨਮੁਖ ਹੋਵਾ।
ਸਿੰਘਨਿ ਸੰਗ ਕਰਯੋ ਰਿਪੁ ਜੋਵਾ[3]।
'ਕਯਾ ਦੇਖਤਿ ਹੋ ਹਤਹੁ ਤੁਫੰਗੇ।
ਆਵਹਿ ਸ਼ੱਤ੍ਰੂ ਵਧਯੋ ਕੁਢੰਗੇ' ॥੨੮॥

---

[1]ਤਲਵਾਰ।
[2]ਤਲਵਾਰ ਦੇ ਵਾਰ।
[3]ਵੈਰੀ ਦੇਖਕੇ, (ਤੇ ਬੋਲਿਆ।)

ਸੁਨਤਿ ਖਾਲਸੇ ਇਕ ਵਿਰ ਛੋਰੀ।
ਚਲੀ ਸਮੂਹ ਸ਼ੂੰਕਤੀ ਗੋਰੀ।
ਬਲੀਆਚੰਦ ਜੰਘ ਮਹਿਂ ਲਾਗੀ।
ਭਟ ਬਹੁ ਮਰੇ ਚਮੂੰ ਬਹੁ ਭਾਗੀ ॥੨੯॥
ਘਾਇਲ ਹ੍ਵੈ ਬਲੀਆ ਹਟਿ ਪਰਜੋ।
ਬਹੁਰ ਪਹਾਰੀ ਨਹਿਂ ਕੋ ਖਿਰਜੋ।
ਚਲੇ ਪਲਾਇਨ ਹ੍ਵੈ ਬਿਨ ਧੀਰ।
ਪਰੇ ਗਗਨ ਕੇ ਬਡ ਬਰ ਬੀਰ[1] ॥੩੦॥
ਹਤੇ ਸੈਂਕਰੇ ਜੋ ਅਰ ਰਹੇ।
ਭਜੀ ਸਿਪਾਹ ਤ੍ਰਾਸ ਕੌ ਗਹੇ।
ਰਾਮਕੁਇਰ ਸਭਿ ਕਹਤਿ ਪ੍ਰਸੰਗ।
ਤਬਿ ਮੈਂ ਹੁਤੋ ਪ੍ਰਭੂ ਕੇ ਸੰਗ ॥੩੧॥
ਹੁਤੋ ਅਵਸਥਾ ਬਿਖੈ ਛੁਟੇਰਾ।
ਮਰੇ ਸਿੰਘ ਕੇਤਿਕ ਰਣ ਹੇਰਾ।
ਤਬਿ ਮੁਝ ਕੋ ਕੰਪਾ ਹੁਇ ਆਈ[2]।
ਉਪਜਯੋ ਰਿਦੈ ਤ੍ਰਾਸ ਸਮੁਦਾਈ ॥੩੨॥
ਕ੍ਰਿਪਾ ਦ੍ਰਿਸ਼ਟਿ ਅਵਿਲੋਕਨ ਕਰਜੋ।
ਸ਼੍ਰੀ ਮੁਖ ਤੇ ਮੁਸਕਾਇ ਉਚਰਜੋ।
[3]'ਜਿਮ ਊਧਵ ਕੋ ਰਾਖਿ ਅਸ਼ੋਕ।
ਕ੍ਰਿਸ਼ਨ ਸਿਧਾਰ ਗਏ ਪਰਲੋਕ ॥੩੩॥
ਤਿਸ ਬਿਧਿ ਕਰਹਿਂ ਗੁਰੂ ਭੀ ਕਰਨੀ।
ਰਖਿ[4] ਗੁਰਬਖਸ਼ ਸਿੰਘ ਤਲ ਧਰਨੀ[5]।
ਬਹੁਰ ਸਿਧਾਰਨਗੇ[6] ਪਰਲੋਕ।
ਨਹਿਂ ਡਰ, ਨਹਿਂ ਡਰ, ਬਨਹੁ ਅਸ਼ੋਕ' ॥੩੪॥
ਸ਼੍ਰੀ ਕਲਗੀਧਰ ਭਾਖਜੋ ਜਬਿਹੂੰ।
ਰੁਦਨ ਕਰਨਿ ਲਾਗਜੋਂ ਮੈਂ ਤਬਿਹੂੰ।
ਸ਼੍ਰੀ ਮੁਖ ਤੇ ਪੁਨ ਬਾਕ ਅਲਾਵੈਂ।

---

[1](ਕਿਉਂਕਿ ਅਕਾਸ਼) ਤੋਂ ਜੇ ਬੜੇ ਵੀਰ ਪਏ ਸਨ।
[2]ਭਾਵ ਮੈਂ ਕੰਬਿਆ। ਸੌ ਸਾਖੀ ਵਿੱਚ ਪਾਠ ਹੈ ਕੰਬਾ।
[3]ਭਾਵ, ਖੁਸ਼ੀ ਨਾਲ ਊਧਵ ਨੂੰ (ਸੰਸਾਰ ਵਿਚ) ਰੱਖਕੇ ਆਪ ਪ੍ਰਲੋਕ ਚਲੇ ਗਏ ਸੇ।
[4]ਰੱਖਕੇ (ਤੈਨੂੰ) ਗਰੁਬਖਸ਼ ਸਿੰਘ ਨੂੰ।
[5]ਧਰਨੀ ਤਲ ਤੇ।
[6]ਭਾਵ ਗੁਰੂ ਕੇ।

'ਰਿਪੁਨਿ ਚਲਾਇ[1] ਖਾਲਸਾ ਆਵੈ ॥੩੫॥
ਧਰ ਧੀਰਜ ਕੌ ਉਰ ਨਹਿਂ ਰੋਵਹੁ।
ਸੰਘਰ ਮਚਯੋ ਖਰੋ ਰਹੁ ਜੋਵਹੁ।'
ਇਤਨੇ ਬਿਖੈ ਭਜਾਇ ਪਹਾਰੀ।
ਅਰਯੋ ਰਹਯੋ, ਤਿਹਿਂ ਦੀਨਸਿ ਮਾਰੀ ॥੩੬॥
ਚਮੂੰ ਅਕਾਸ਼ੀ ਸਭਿ ਚਲਿ ਗਈ।
ਅੰਤਰ ਧਯਾਨ ਬਿਲੋਕਤਿ ਭਈ।
ਬਹੁਰ ਖਾਲਸਾ ਹਟਿ ਕਰਿ ਆਯੋ।
ਖਰੇ ਪ੍ਰਭੂ ਕੋ ਦਰਸ਼ਨ ਪਾਯੋ ॥੩੭॥
ਕ੍ਰਿਪਾਦ੍ਰਿਸ਼ਟਿ ਕੋ ਦੇਖਿ ਗੁਸਾਈਂ।
ਧੀਰਜ ਦੀਨਿ ਸਭਿ ਇਨ ਕੇ ਤਾਂਈ।
ਸਿੰਘਨਿ ਦਿਸ਼ਿ ਕੋ ਪਿਖਤਿ ਉਚਾਰੇਂ।
'ਹਿੰਦੂ ਹੈਂ ਪਹਾਰੀਏ ਸਾਰੇ' ॥੩੮॥
ਸੁਨਤਿ ਖਾਲਸਾ ਬਿਨਤੀ ਕਹੈ।
'ਸਕਲ ਪਹਾਰੀ ਬਨਚਰ ਅਹੈਂ[2]।
ਸੋ ਹਮਰੇ ਹੈਂ ਖਾਜ ਬਿਸਾਲਾ।
ਖਾਵਤਿ ਰਹੈਂ ਸਰਬਥਾ ਕਾਲਾ' ॥੩੯॥
ਤਬਿ ਕਲਗੀਧਰ ਪੁਨ ਮੁਸਕਾਏ।
ਸਭਿਨਿ ਸੁਨਾਵਤਿ ਬਾਕ ਅਲਾਏ।
'ਸੁਨਹੁ ਖਾਲਸਾ ਜੀ! ਦੇ ਕਾਨ।
ਕਰਹਿਂ ਗਿਰੀਸ਼ ਰਾਜ ਅਭਿਮਾਨ[3] ॥੪੦॥
ਨਹੀਂ ਨੇਤ ਭਾਣੇ ਕੋ ਮਾਨਹਿਂ।
ਪਰਮੇਸ਼ਰ ਕੀ ਗਤਿ ਨਹਿਂ ਜਾਨਹਿਂ।
ਆਇ ਸਮਾ ਇਨ ਕੇ ਸਿਰ ਬਲੀ।
ਬਿਨ ਹੰਕਾਰ ਹੋਇਂ ਬਿਧਿ ਭਲੀ ॥੪੧॥
ਦੋਹਰਾ: ਭਲੀ ਨਿਬਾਹੀ ਪੁਰਖ[4],
ਨੇ ਕੀਨੋ ਤੀਜਾ ਲੋਗ[5]।

---

[1]ਭਜਾ ਕੇ।
[2]ਬਨ ਵਿੱਚ ਵਿਚਰਨ ਵਾਲੇ ਜੀਵ ਕਿਉਂਕਿ ਅਗਲੀ ਤੁਕ ਵਿਚ 'ਖਾਜ' ਲਿਖਿਆ ਹੈ, ਮ੍ਰਿਗ ਆਦਿਕ ਜੋ ਖਾਧੇ ਜਾਣ।
[3]ਪਹਾੜੀ ਰਾਜੇ ਰਾਜ ਦਾ ਹੰਕਾਰ ਕਰਦੇ ਹਨ।
[4]ਅਕਾਲ ਪੁਰਖ ਨੇ।
[5]ਭਾਵ ਖਾਲਸਾ ਪੰਥ।

ਜਿਨ ਸਿਰਜੀ ਗੋਈ ਤਿਸੈ[1],
ਮਿਟੈ ਤੁਮਾਰਾ ਰੋਗ[2]' ॥੪੨॥
ਚੌਪਈ: ਤੀਨ ਬਾਰ ਇਸ ਰੀਤਿ ਬਖਾਨਾ।
'ਰੋਗ ਸਮਾਨ ਸ਼ੱਤ੍ਰ ਹੁਇ ਹਾਨਾ।'
ਸੁਨਤਿ ਖਾਲਸੇ ਖੁਸ਼ੀ ਬਿਸਾਲੇ।
ਸ੍ਰੀ ਗੁਰ ਕੋ ਰੁਖ ਲਖ੍ਯੋ ਕ੍ਰਿਪਾਲੇ ॥੪੩॥
ਬੂਝ੍ਯੋ ਗੁਰ ਪੁਨ 'ਕਸ ਰਣ ਭਯੋ?'
ਮਹਾਂ ਸਿੰਘ ਤਬਿ ਸਭਿ ਕਹਿ ਦਯੋ।
'ਦ੍ਵੈ ਸਰਦਾਰ ਹੁਏ ਸੋ ਘਾਇਲ।
ਸਹਤ ਸਿਪਾਹਿ ਭਏ ਕਰ ਸਾਯਲ[3] ॥੪੪॥
ਭਾਗ ਗਏ ਨਹਿੰ ਪਾਇ ਜਮਾਏ।
ਮਰੇ ਪਰੇ ਕੋ ਧਰ ਤਰਫਾਏ[4]।
ਬਲ ਰਾਵਰ ਕੋ ਪਾਇ ਬਡੇਰਾ।
ਫਤੇ ਖਾਲਸੇ ਕੀ ਇਸ ਬੇਰਾ' ॥੪੫॥
ਸਕਲ ਬਾਰਤਾ ਭਾਖਿ ਸੁਨਾਈ।
ਤਬਿ ਸਤਿਗੁਰ ਸਭਿਹੂੰਨਿ ਅਲਾਈ।
'ਮਰੇ ਸਿੰਘ ਸਭਿ ਦਾਹਨ ਕਰੀਅਹਿ।
ਸਭਿ ਥਲ ਖੋਜ ਏਕ ਥਲ ਧਰੀਅਹਿ' ॥੪੬॥
ਮਾਨਿ ਬਚਨ ਕੋ ਤਤਛਿਨ ਕੀਨਿ।
ਕਰਿ ਇੱਕਤ੍ਰ ਸਭਿ ਦਾਹ ਸੁ ਦੀਨਿ।
ਘਾਇਲ ਹੁਤੇ ਉਠਾਇ ਸੁ ਲ੍ਯਾਏ।
ਫਤੇ ਪਾਇ ਗੁਰ ਪੁਰਿ ਕੋ ਆਏ ॥੪੭॥
ਬਜੇ ਖੁਸ਼ੀ ਕੇ ਬ੍ਰਿੰਦ ਨਗਾਰੇ।
'ਭਈ ਜੀਤ' ਨਰ ਨਾਰਿ ਉਚਾਰੇ।
ਮੰਗਲ ਕਰੇ ਅਨੇਕ ਪ੍ਰਕਾਰਾ।
ਭਾ ਸ਼ੱਤ੍ਰੁਨਿ ਕੇ ਸ਼ੋਕ ਅਪਾਰਾ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

---

[1]ਜਿਨ ਸਿਰਜੀ ਤਿਸ ਨੇ ਲੈ ਕਰ ਦਿੱਤੀ।
[2]ਭਾਵ ਸ਼ੱਤਰੂ (ਦੇਖੋ ਅੰਕ ੪੩)।
[3]ਹਰਨ ਹੋ ਗਏ। ਭਾਵ ਘੁੰਮਕੇ ਮੁੜ ਜਾਣਾ ਜਿਵੇਂ ਹਰਨ ਜ਼ਖ਼ਮ ਖਾਕੇ ਮੁੜਦਾ ਹੈ ਤੇ ਭੱਜ ਜਾਂਦਾ ਹੈ।
[4]ਧੜ ਤੜਫਦਾ ਹੈ।

## ੫. [ਰਾਜਿਆਂ ਦੀ ਸਲਾਹ। ਕਾਜ਼ੀ ਸਲਾਰ ਦੀਨ]

੪<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੬

ਦੋਹਰਾ: ਸੁਨੀ ਲਰਾਈ ਗਿਰਪਤਿਨਿ, ਚਿਤ ਸ਼ੰਕਤ ਸਭਿ ਹੋਇ।
'ਅਲਪ ਚਮੂ ਗੁਰ ਸੰਗ ਹੈ, ਹਮਰੇ ਰਾਜੇ ਦੋਇ ॥੧॥
ਚੌਪਈ: ਸੈਨਾ ਪਠੀ ਸੰਗ ਸਮੁਦਾਈ।
ਕਿਮ ਰਣ ਕਰਤਿ ਪਰਾਜੈ ਪਾਈ।
ਵਡੇ ਬਹਾਦੁਰ ਉਰ ਹੰਕਾਰੀ।
ਆਯੁਧ ਬਿੱਦਯਾ ਜਾਨਤ ਸਾਰੀ ॥੨॥
ਠਹਿਰੇ ਕਯੋਂ ਨ ਗੁਰੂ ਕੇ ਆਗੇ।
ਹੁਇ ਘਾਇਲ ਸੇ ਤਤਛਿਨ ਭਾਗੇ।
ਜੇ ਗੁਰ ਸੰਗ ਹੋਇ ਦਲ ਮਹਾਂ।
ਹਮਰੋ ਰਾਜ ਥਿਰਹਿ ਤਬਿ ਕਹਾਂ ॥੩॥
ਨਿਤਪ੍ਰਤਿ ਜਾਟ ਕਮੀਨੀ ਜਾਤਿ।
ਬਨਹਿਂ ਸਿੰਘ ਪਾਹੁਲ ਲੇ ਜਾਤਿ।
ਖੜਗ ਤੁਫੰਗ ਕੇਸ ਕਛ ਧਰੈਂ।
ਬਹੁ ਬਿਧਿ ਮਾਰ ਬਕਾਰਾ ਕਰੈਂ ॥੪॥
ਪਾਤਿਸ਼ਾਹ ਰਾਜਾ ਨਹਿਂ ਗਨੈਂ।
-ਮਾਰਿ ਮਾਰਿ- ਸਭਿਹਿਨ ਕੋ ਭਨੈਂ।
ਵਧਤਿ ਜਾਤਿ ਨਿਤ ਪ੍ਰਤਿ ਇਮ ਪਈਅਤਿ।
ਜਿਮ ਪੜਵਾ ਤੇ ਨਿਸਪਤਿ ਲਹੀਅਤਿ[1] ॥੫॥
ਇਨ ਕੋ ਚਹੀਐ ਕਰਨਿ ਉਪਾਇ।
ਅਲਪ ਅਹੈਂ ਸਭਿ ਕਿਛੁ ਬਨਿ ਜਾਇ।
ਲਘੁ ਬੂਟੇ ਕੋ ਤੁਰਤ ਉਖਾਰੈਂ।
ਸਕੈਂ ਹਲਾਇ ਨ, ਬਟ ਜਬਿ ਭਾਰੈ[2] ॥੬॥
ਅਗਨਿ ਚਿੰਗਾਰਾ ਤੁਰਤ ਬੁਝਾਈ।
ਬਨ ਲਗਿ ਪਸਰੈ, ਹ੍ਵੈ ਨ ਉਪਾਈ।
ਥੋਰਨਿ ਦਿਨ ਕੋ ਕੇਹਰਿ ਹੋਇ।
ਪਕਰ ਲੇਹਿਂ ਨਿਰਬਲ ਹੁਇ ਸੋਇ ॥੭॥
ਜਬਿ ਅਪਨੋ ਬਲ ਧਰਿ ਕਰਿ ਗਰਜੈ।
ਕੌਣ ਸਮੁਖ ਹੁਇ ਤਿਹ ਤਬਿ ਤਰਜੈ।

---

[1]ਜਿਵੇਂ ਏਕਮ ਤੋਂ ਚੰਦ੍ਰਮਾ (ਵਧਦਾ) ਵੇਖੀਦੀ ਹੈ [ਸੰਸ:, ਪ੍ਰਤਿਪਦਾ]।
[2]ਹਿਲਾ ਨਾ ਸੱਕਾਂਗੇ ਜਦੋਂ ਭਾਰੀ ਹੋ ਜਾਊ ਬੋਹੜ।

ਅਬਿ ਤੌ ਸਿੰਘ ਸੈਂਕਰੇ ਅਹੈਂ।
ਇਮ ਉਤਪਾਤਿ ਕਰਤਿ ਸੋ ਰਹੈਂ ॥੮॥
ਜਬਹਿ ਹਜ਼ਾਰੋਂ ਗਿਨਤੀ ਹੋਇ।
ਅਰੈ ਲਰੈ ਤਿਨ ਸੋਂ ਤਬਿ ਕੋਇ[1]?'
ਇੱਤਜਾਦਿਕ ਮਿਲਿ ਗਿਰਪਤਿ ਕਹੈਂ।
ਦਲ ਤੁਰਕਾਨ ਹਕਾਰਜੋ ਚਹੈਂ ॥੯॥
ਦੱਖਣ ਗਯੋ ਨੁਰੰਗਾ ਆਪ।
ਦਿੱਲੀ ਮਹਿਂ ਸੂਬਾ ਬਡ ਥਾਪਿ।
ਤਹਾਂ ਵਕੀਲ ਪਠਨ ਕੇ ਕਾਰਨ।
ਕਰਜੋ ਤਜਾਰ ਸਮੁਝਾਇ ਉਚਾਰਨਿ ॥੧੦॥
ਦਰਬ ਹਜ਼ਾਰਹੁਂ ਵਸਤੁ ਸਮਾਜੇ।
ਪ੍ਰਿਥਕ ਪ੍ਰਿਥਕ ਦੀਨਸਿ ਗਨ ਰਾਜੇ।
ਬਹੁਤ ਮੋਲ ਤੇ ਜੋ ਕਰ ਆਵੈ।
ਹੇਤੁ ਖੁਸ਼ਾਮਦ ਕਹਿ ਪਹੁਂਚਾਵੈ ॥੧੧॥
ਲਿਖੇ ਪੱਤ੍ਰ ਪਰ ਗੁਰੂ ਬ੍ਰਿਤਾਂਤ।
'ਊਧਮ ਦੇਸ਼ ਪਾਇ ਬਹੁ ਭਾਂਤ।
ਕਹੈ -ਖਾਲਸਾ ਮੈਂ ਅਬਿ ਕਰਜੋ-।
ਹਮ ਸੋਂ ਕਈ ਬਾਰ ਲਰਿ ਪਰਜੋ ॥੧੨॥
ਪਾਤਿਸ਼ਾਹੁ ਕੋ ਤ੍ਰਾਸ ਬਿਸਾਰਾ।
ਜਿਤ ਕਿਤ ਚਾਹਹਿ ਜੰਗ ਅਖਾਰਾ।
ਬਿਗਰੈ ਤੁਮ ਸੋਂ ਭੀ ਇਕ ਬਾਰੀ।
ਯਾਂ ਤੇ ਸੁਧ ਭੇਜੀ ਹਮ ਸਾਰੀ ॥੧੩॥
ਅਬਿ ਉਪਾਇ ਇਸ ਕੋ ਹੁਇ ਆਵੈ।
ਨਤੁ ਦਿਨ ਪ੍ਰਤਿ ਨਿਜ ਪੰਥ ਵਧਾਵੈ।
ਸੈਨ ਪਠਹੁ ਮਿਲਹਿਂ ਹਮ ਸੰਗ[2]।
ਦੇਹਿਂ ਨਿਕਾਰ ਕਰਹਿਂ ਬਹੁ ਜੰਗ' ॥੧੪॥
ਇੱਤਜਾਦਿਕ ਬਹੁ ਲਿਖੇ ਪਠਾਏ[3]।
ਕਹਿ ਵਕੀਲ ਸੋਂ ਬਚ ਸਮੁਝਾਏ।
ਸੂਬੇ ਢਿਗ ਦਿੱਲੀ ਚਲਿ ਗਯੋ।

---

[1]ਕੌਣ।
[2]ਅਸੀਂ ਵੀ ਨਾਲ ਮਿਲਾਂਗੇ।
[3]ਲਿਖਕੇ ਭੇਜਿਆ।

ਸਨੇ ਸਨੇ ਤਹਿਂ ਪਹੁੰਚਤਿ ਭਯੋ ॥੧੫॥
ਹਾਥ ਜੋਰਿ ਬਹੁ ਦਈ ਅਕੋਰਾ।
ਸਰਬ ਪ੍ਰਸੰਗ ਭਨ੍ਯੋ ਇਤ ਓਰਾ।
'ਸਭਿ ਰਾਜਨਿ ਮਿਲਿ ਮੋਹਿ ਪਠਾਯੋ।
ਆਪ ਪਾਸ ਇਸ ਹਿਤ ਚਲਿ ਆਯੋ' ॥੧੬॥
ਤਿਨ ਸੂਬੇ ਸੁਨਿ ਕਰਿ ਸਭਿ ਬਾਤ।
ਲਿਖ੍ਯੋ ਨੁਰੰਗੇ ਕੌ ਬਿਰਤਾਂਤ।
ਧੀਰਜ ਤਿਸ ਵਕੀਲ ਕੌ ਦਈ।
ਗਜ ਬਾਜੀ ਜੁਤਿ ਭੇਟੈਂ ਲਈ ॥੧੭॥
ਇਤ ਰਾਜਨਿ ਬਹੁ ਸੈਨ ਬਨਾਈ।
ਤ੍ਰਾਸ ਗੁਰੂ ਕੋ ਕਰਿ ਤਕਰਾਈ[1]।
ਚਢੈਂ ਸਿੰਘ ਗਨ ਖੇਤ ਉਜਾਰੈਂ।
ਅਰੈਂ ਲਰੈਂ ਰਣ ਮਰੈਂ ਸੁ ਮਾਰੈਂ ॥੧੮॥
ਰਾਜਨਿ ਕੇ ਨਿਤ ਬਡੋ ਹੰਗਾਮਾ[2]।
ਇਨ ਕੈ ਸਹਿਜ ਸੁਭਾਇਕ ਕਾਮਾ[3]।
[*]ਇਕ ਦਿਨ ਬੈਠੇ ਸਭਾ ਲਗਾਇ।
ਪ੍ਰਾਪਤਿ ਸੰਗਤਿ ਭੀ ਸਮੁਦਾਇ ॥੧੯॥
ਦਰਸ਼ਨ ਕਰਨ ਦੂਰ ਤੇ ਆਈ।
ਅਨਿਕ ਪ੍ਰਕਾਰ ਉਪਾਇਨ ਲ੍ਯਾਈ।
ਤਬਿ ਅਰਦਾਸੀ ਅੱਗ੍ਰ ਖਰੋਇ।
ਸਾਂਭਤਿ ਸਕਲ ਵਸਤੁ ਕੋ ਸੋਇ ॥੨੦॥
ਪੈਸਾ ਮੁਹਰ ਰਜਤਪਣ ਜੇਤੇ।
ਕਰਹਿ ਸੰਭਾਰਨਿ ਰਾਖਹਿ ਤੇਤੇ।
ਭਯੋ ਗੁਰੂ ਢਿਗ ਅਨਿਕ ਖਜ਼ਾਨਾ।
ਪੁਰਹਿਂ ਭਾਵਨਾ ਦਾਸਨ ਨਾਨਾ ॥੨੧॥
ਹੁਤੋ ਸਲਾਰਦੀਨ ਇਕ ਕਾਜ਼ੀ।
ਸਾਂਈ ਲੋਕ ਭਯੋ ਨਹਿਂ ਪਾਜੀ[4]।
ਨਹਿਂ ਹਿੰਦੁਨਿ ਸੋਂ ਧੋਖ ਕਰੰਤਾ।

---

[1]ਗੁਰਾਂ ਦਾ ਡਰ ਕਰਕੇ ਤਕੜਾਈ ਕੀਤੀ।
[2]ਰਾਜਿਆਂ ਦੇ ਭਾ ਦੀ ਨਿਤ ਜੰਗ ਰਹੇ।
[3]ਸੁਤੇ ਸਿੱਧ ਹੀ ਕੰਮ ਹੈ।
[*]ਇਹ ਸੌ ਸਾਖੀ ਦੀ ੪੨ਵੀਂ ਸਾਖੀ ਚੱਲੀ ਹੈ।
[4]ਸਾਈਂ ਲੋਕ ਹੋਇਆ ਹੈ ਤੇ ਪਖੰਡੀ ਨਹੀਂ ਸੀ।

ਸਭਿ ਮਹਿਂ ਇਕ ਸਮਾਨ ਬਰਤੰਤਾ ॥੨੨॥
ਹਿਤ ਦਰਸ਼ਨ ਕੇ ਗੁਰ ਢਿਗ ਆਯੋ।
ਬੈਠਜੋ ਬਹੁਰ ਅਨੰਦ ਕੋ ਪਾਯੋ।
ਸੰਗਤਿ ਅਰੁ ਗੁਰ ਕੋ ਬਿਵਹਾਰ।
ਚਿਰੰਕਾਲ ਲਗਿ ਰਹਜੋ ਨਿਹਾਰ ॥੨੩॥
ਮਨ ਮਹਿਂ ਤਰਕਨ ਕਰਹਿ ਬਿਚਾਰਨ।
-ਲਹਿ ਅਵਕਾਸ਼ਹਿਂ ਕਰਹਿਂ ਉਚਾਰਨਿ-।
ਜਬਹਿ ਭੀਰ ਬਹੁ ਹਟਿ ਕਰਿ ਗਈ।
ਤਬਿ ਬੂਝਨਿ ਕੀਚਿਤ ਮਹਿਂ ਭਈ ॥੨੪॥
ਕਹਜੋ 'ਗੁਰੂ ਜੀ! ਤੁਮਰੇ ਪਾਸ।
ਨਰ ਕਜੋਂ ਕਰਿ ਕਰਿਤੇ ਅਰਦਾਸ?
ਦਿਹੁ+ ਅਸੀਸ ਕੈਸੇ ਕਰਿ ਦੇਤ[1]?
ਇਸ ਕੌ ਮੈਂ ਨਹਿਂ ਜਾਨਜੋ ਹੇਤ ॥੨੫॥
ਜੋ ਖ਼ੁਦਾਇ ਨੇ ਦੀਨ ਬਨਾਇ।
ਸੋ ਭੋਗਤਿ ਹੈ ਜਿਤ ਕਿਤ ਜਾਇ।
ਹਿੰਦੁਨਿ ਕੇ ਮਤਿ ਮਹਿਂ ਭੀ ਐਸੇ।
ਪੂਰਬ ਕਰੀ ਪ੍ਰਮੇਸ਼ੁਰ ਜੈਸੇ ॥੨੬॥
ਭੋਗਤਿ ਸਰਬ ਜੀਵ ਸਦ ਤੈਸੇ।
ਤਿਸ ਕੋ ਮੇਟ ਸਕੈ ਕੋ ਕੈਸੇ।
ਖੁਸ਼ੀ ਹੋਇ ਕਰਿ ਬਿਤ ਸੁਤ ਦੇਤਿ।
ਐਸੋ ਝੂਠ ਕਹਨਿ ਕਿਸ ਹੇਤ[2]' ॥੨੭॥
ਬਡੋ ਪ੍ਰਸ਼ਨ ਕਾਜ਼ੀ ਕੋ ਸੁਨਿ ਕੈ।
ਉੱਤਰ ਦੀਨਿ ਸੁਮਤਿ ਤੇ ਭਨਿ ਕੈ[3]।
'ਸੁਨਿ ਕਾਜ਼ੀ! ਬਡ ਬੁੱਧਿ ਬਿਚਾਰੀ।
ਅਹੈ ਜਥਾਵਤ ਤਥਾ ਉਚਾਰੀ ॥੨੮॥
ਤਊ ਜਨਨ[4] ਕੋ ਜਿਮ ਹਮ ਦੇਤਿ।
ਤਿਮ ਗਤਿ ਕੋ ਅਵਿਲੋਕਹੁ ਹੇਤੁ।'
ਇਮ ਕਹਿ ਕਰਿ ਕਾਗਦ ਮਸ ਲੈ ਕੈ।

---

+ਪਾ:-ਦੇਕੇ। ਪੁਨਾ:-'ਨਿਜ' ਬੀ ਪਾਠਾਂਤ੍ਰ ਹੈ।
[1]ਅਸੀਸ ਦੇਕੇ ਆਪ ਕੀਹ ਕਰ ਦਿੰਦੇ ਹੋ।
[2]ਕਾਹਦੇ ਲਈ।
[3]ਸੁਮੱਤ ਦੇਣ ਲਈ ਕਹਿਕੇ ਉੱਤਰ ਦਿੱਤਾ।
[4]ਲੋਕਾਂ ਨੂੰ।

ਪੂਰਬ ਮੁਹਰ[1] ਦਿਖਾਵਨਿ ਕੈ ਕੈ ॥੨੯॥
'ਬਰਨ[2] ਅਪੂਠੇ ਇਸ ਪਰ ਅਹੈਂ।
ਇਨ ਤੇ ਕਾਜ ਸਰਤਿ ਨਹਿਂ ਲਹੈ।
ਪੁਨ ਕਾਗਦ ਪਰ ਦਈ ਲਗਾਇ।
ਭਏ ਬਰਨ ਸੂਧੇ ਇਸ ਭਾਇ ॥੩੦॥
ਸੁਨਿ ਕਾਜ਼ੀ! ਨਰ ਜਨਮੈਂ ਜਬੈ।
ਪ੍ਰਥਮ ਕਰਮ ਅਨੁਸਾਰੀ ਤਬੈ।
ਹੋਨਹਾਰ ਸਿਰ ਲਿਖੀ ਸੁ ਜਾਈ।
ਪੂਠੇ ਬਰਣ ਮੁਹਰ ਜਿਸ ਭਾਇ ॥੩੧॥
ਜਬਹਿ ਲਗਾਵਣਹਾਰ ਲਗਾਵੈ।
ਹੁਇੰ ਸੂਧੇ ਤਬਿ, ਨੰਮ੍ਰਿ ਟਿਕਾਵੈ[3]।
ਤਿਸ ਪ੍ਰਕਾਰ ਕਰਮਨਿ ਫਲ ਦਾਤਾ[4]।
ਮਸਤਕ ਪਰ ਲਿਖਿ ਲੇਖ ਬਿਧਾਤਾ ॥੩੨॥
ਤਬਹਿ ਕਹਹਿ ਏਹ ਮਾਨੁਖ ਜੋਇ।
ਗੁਰੂ ਪੀਰ ਕੇ ਆਗੇ ਹੋਇ।
ਮਸਤਕ ਸ਼ਰਧਾ ਸਹਤ ਨਿਵਾਵੈ।
ਸੂਧੇ ਅੱਖਰ ਤਬਿ ਹੁਇ ਜਾਵੈਂ ॥੩੩॥
ਤਿਸ ਕੋ ਫਲ ਸੁਖ ਭੋਗਨਿ ਕਰੈ।
ਇਸ ਪ੍ਰਕਾਰ ਜੇ ਕਾਜ ਸਵਰੈ।
ਜੇ ਮਸਤਕ ਕੋ ਟੇਕੈ ਨਾਂਹੀ।
ਪੂਠੇ ਕਰਮ ਰਹੈਂ ਬਿਧਿ ਤਾਂਹੀ ॥੩੪॥
ਗੁਰ ਮਹਿਂ ਸਿੱਖ ਭਾਵਨਾ ਧਰੈ।
ਸੁਤ ਬਿਤਾਦਿ ਸੁਖ ਪਾਵਨ ਕਰੈ।'
ਕਾਜ਼ੀ ਸੁਨਿ ਮਨ ਭਯੋ ਅਨੰਦ।
ਠਾਂਢਾ ਭਯੋ ਹਾਥ ਦ੍ਵੈ ਬੰਦਿ ॥੩੫॥
ਝੁਕਿਝੁਕਿ ਕਰੈ ਸਲਾਮ ਅਗਾਰੀ।
ਗੁਰ ਤਾਰੀਫ ਬਲੰਦ ਉਚਾਰੀ।
'ਪ੍ਰਭੁ ਜੀ! ਸੰਸੇ ਭਯੋ ਬਿਨਾਸ਼।

[1] ਛਾਪ।
[2] ਅੱਖਰ।
[3] (ਜਦ ਮੁਹਰ) ਨੀਵੀਂ ਕਰ ਟਿਕਾਂਵਦਾ ਹੈ ਤਦ ਅੱਖਰ ਸਿੱਧੇ ਹੋ ਜਾਂਦੇ ਹਨ।
[4] ਭਾਵ ਈਸ਼ਰ।

ਵਾਹ ਵਾਹ ਬਡ ਬੁੱਧ ਪ੍ਰਕਾਸ਼ ॥੩੬॥

ਬਚਨ[1]:

[2]ਐਨ ਖੁਦਾਇ ਅਬਲ ਗੁਰ ਆਮਦਹ।
ਕਦਮ ਮਿਸ੍ਰਤ ਬੰਦਹਿ ਜਹਾਨ ਪਾਰ ਕਰਦਮਹਿੰ ॥ ੧ ॥

ਚੌਪਈ: ਹਤਿ ਸੰਸੈ ਸੁ ਤਸੱਲੀ ਹੌਨ[3]।
ਅਸ ਉੱਤਰ ਦੇ ਸਕ ਹੈ ਕੌਨ।
ਤੁਮ ਬਿਨ ਸੁਮਤਿ ਧਰਹਿ ਕੋ ਐਸੇ।
ਆਪ ਦਿਖਾਇ ਕਹਯੋ ਸ਼ੁਭ ਜੈਸੇ' ॥੩੭॥
ਪੁਨ ਸਾਦਰ ਬੈਠਾਯਹੁ ਕਾਜ਼ੀ।
ਸੁਨਿ ਉੱਤਰ ਜੋ ਅਤਿਸ਼ੈ ਰਾਜ਼ੀ[4]।
ਅਪਰ ਸੰਬਾਦ ਕਰਯੋ ਸੁਖ ਪਾਏ।
ਦਰਸ਼ਨ ਦੇ ਸੰਗਤਿ ਸਮੁਦਾਏ ॥੩੮॥
ਪੂਰਨ ਕੀਨਿ ਕਾਮਨਾ ਮਨ ਕੀ।
ਸੁਤ ਬਿਤ ਸੁਖ ਕੀ ਲਾਲਸ ਤਿਨ ਕੀ।
ਬਹੁਰੋ ਉਠੇ ਚਲੇ ਸ਼ੁਭ ਮੰਦਿਰ।
ਜਹਿਂ ਇਕਾਂਤ ਬੈਠਨਿ ਥਲ ਸੁੰਦਰ ॥੩੯॥
ਸਕਲ ਖਾਲਸਾ ਬੰਦਨ ਕਰਿ ਕਰਿ।
ਪ੍ਰਭੁ ਦਰਸ਼ਨ ਤੇ ਮੁਦ ਬਹੁ ਧਰਿ ਧਰਿ।
ਨਿਜ ਨਿਜ ਥਾਂਨ ਪਹੁੰਚਤੇ ਭਏ।
ਕਰਤਿ ਸੁਜਸੁ ਗੁਰ ਸੁਖ ਬਹੁ ਲਏ ॥੪੦॥
ਖਾਨ ਪਾਨ ਕਰਿ ਕਰਿ ਮਨ ਭਾਏ।
ਰੁਚਿਰ ਪ੍ਰਯੰਕ ਪ੍ਰਭੁ ਸੁਪਤਾਏ।

---

[1]ਕਾਜ਼ੀ ਦਾ ਬਚਨ ਭਾਵ ਕਿ ਅਗਲਾ ਵਾਕ ਕਾਜ਼ੀ ਦਾ ਹੈ।

[2]ਸੌ ਸਾਖੀ ਦਾ ਪਾਹ ਐਉਂ ਹੈ:-

ਕਾਜ਼ੀ ਸਲਾਮ ਕੀਤੀ: ਸੱਚੇ ਪਾਤਸ਼ਾਹ ਜੀ ਸੰਸਾ ਦੂਰ ਹੁਆ। ਬੋਲਿਆ 'ਵਾਹਿ ਵਾਹਿ ਜੀ ਐਨ ਖੁਦਾਇ ਅਬਲ ਗੁਰੂ ਆਮਦਹ। ਕਦਮ ਮਿਸ੍ਰਤ ਬੰਦਹ ਜਹਾਨ ਪਾਰਕਰਦਮਹ। ਅਰਥ-ਪਹਿਲੋਂ ਆਉਂਦਿਆਂ ਹੀ ਗੁਰੂ ਜੀ ਠੀਕ ਖੁਦਾਇ ਦਾ ਰੂਪ (ਮੈਨੂੰ ਨਜ਼ਰੀਂ ਪਏ, ਗੁਰੂ ਜੀ ਦੇ) ਚਰਨ ਦਾਸਾਂ ਨੂੰ ਵਡਿਆਈ ਦੇਣ ਵਾਲੇ (ਸਹੀ ਹੋਏ, ਜਿਨ੍ਹਾਂ ਨੇ ਮੈਨੂੰ) ਜਹਾਨ ਤੋਂ ਪਾਰ ਕਰ ਦਿਤਾ। [ਐਨ = ਠੀਕ। ਖੁਦਾਇ = ਰੱਬ। ਅੱਬਲ = ਪਹਿਲੋਂ। ਆਮਦਹ = ਆਉਣ ਤੇ, ਆਇਆਂ। ਕਦਮ = ਚਰਨ। ਮਿਸ੍ਰਤ = ਇਹ ਪਾਠ ਜਾਪਦਾ ਹੈ ਕਿ ਫਾਰਸੀ ਪਦ ਮੁਸ਼ਰਫ ਸੀ। ਮੁਸ਼ਰਫ = ਵਡਿਆਈ ਦੇਣ ਵਾਲੇ।

ਜੇ 'ਮਿਸ੍ਰਤ' ਪਦ ਨੂੰ 'ਮੁਸੱਰਤ' ਸਮਝੀਏ ਤੇ ਅਰਥ ਲਗਣਗੇ ਖੁਸ਼ੀ (ਦੇਣ ਵਾਲੇ)। ਬੰਦਹ = ਦਾਸ। ਪਾਰ ਕਰਦਮਹ = ਮੈਨੂੰ ਪਾਰ ਕੀਤਾ]

ਨੋਟ: ਇਸ ਬੈਂਤ ਦੀ ਫਾਰਸੀ ਬੰਦਸ਼ ਸ਼ੁੱਧ ਨਹੀਂ।

[3]ਤਸੱਲੀ ਹੋ ਗਈ ਹੈ ਮੈਨੂੰ।

[4]ਖੁਸ਼ੀ।

ਜਾਮ ਜਾਮਨੀ ਜਾਗਨਿ ਧਰੇ।
ਸੌਚ ਸ਼ਨਾਨ ਸਕਲ ਬਿਧਿ ਕਰੇ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਕਾਜ਼ੀ ਕੋ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

## ੬. [ਮਰਦ ਦਾ ਮੂੰਹ ਨਾ ਫਿਟਕਾਰਨਾ। ਨਿਗਾਹੇ ਦਾ ਮੁਰੀਦ ਵਣਜਾਰਾ]

੫<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੭

ਦੋਹਰਾ: *ਭਈ ਪ੍ਰਾਤਿ ਸਤਿਗੁਰ ਤਬੈ ਸ਼ਸਤ੍ਰ ਬਸਤ੍ਰ ਕੌ ਪਾਇ।
ਅਲੰਕਾਰ ਦੀਪਤਿ ਰਤਨ ਸੁੰਦਰ ਰੂਪ ਸੁਹਾਇ ॥੧॥

ਚੌਪਈ: ਸਭਾ ਸਥਾਨ ਆਨਿ[1] ਗੁਰ ਪੂਰੇ।
ਸੁਨਿ ਕਰਿ ਪਹੁੰਚੇ ਸਿੰਘ ਹਜ਼ੂਰੇ।
ਸਿਰ ਨੰਮ੍ਰੀ ਕਰਿ ਦਰਸ਼ਨ ਚਿਤੇ।
ਵਾਹਿਗੁਰੂ ਜੀ ਕੀ ਕਹਿ ਫਤੇ ॥੨॥
ਲਗ੍ਯੋ ਦਿਵਾਨ ਖਾਲਸਾ ਆਯੋ।
ਸੁਰ ਗਨ ਮਹਿਂ ਜਿਮ ਇੰਦ੍ਰ ਸੁਹਾਯੋ।
ਜੋ ਸੰਗਤਿ ਦਰਸ਼ਨ ਹਿਤ ਆਈ।
ਕਰਿ ਕਰਿ ਨਮੋ ਥਿਰੇ ਸਮੁਦਾਈ ॥੩॥
ਇਕ ਟਕ ਹੇਰਤਿ ਹੈਂ ਨਰ ਨਾਰੀ।
ਸਿਰ ਪਰ ਢੁਰਹਿ ਚੌਰ ਬਹੁ ਬਾਰੀ।
ਚਹੁਂਦਿਸ਼ਿ ਦੂਰ ਦੂਰ ਲਗਿ ਬੈਸੇ।
ਊਚੇ ਧੁਨਿ ਬੋਲੇ ਪ੍ਰਭੁ ਐਸੇ ॥੪॥
'ਅਸ ਇਸਤ੍ਰੀ ਕੋ, ਸੰਗਤਿ ਮਾਂਹੀ?
ਮਰਦ ਨਹੀਂ ਫਿਟਕਾਰ੍ਯੋ ਜਾਂਹੀ।
ਛੋਟਾ ਬਡਾ ਹੋਇ ਬਯ ਕੋਈ।
ਰਿਦੈ ਸੁਮਤਿ ਧਰਿ ਕਹ੍ਯੋ ਨ ਜੋਈ[2]' ॥੫॥
ਸੰਗਤਿ ਬਿਖੈ ਸਿੱਖਣੀ ਜੇਤੀ।
ਗੁਰੂ ਬਾਕ ਸੁਨਿ ਤੂਸ਼ਨਿ ਤੇਤੀ।
ਕਰ ਜੋਰੇ ਇਕ ਸਿੱਖ ਕੀ ਤਨੀਆ।
ਖਰੀ ਹੋਹਿ ਸਭਿ ਮਹਿਂ ਬਚ ਭਨੀਆ ॥੬॥
'ਸੱਚੇ ਪਾਤਿਸ਼ਾਹ! ਮੈਂ ਦੀਨ[3]।
ਮਰਦ ਨ ਕਬਿ ਫਿਟਕਾਰਨਿ ਕੀਨਿ।
ਅਪਨਾ ਪੁੱਤ੍ਰ ਨ ਝਿਰਕ੍ਯੋ ਕਬ ਹੀ।
ਜ਼ਾਤਿ ਮਰਦ ਕੀ ਲਖਿ ਬਡ ਸਭਿ ਹੀ[4]' ॥੭॥

---

*ਇਹ ਸੌ ਸਾਖੀ ਦੀ ੪੩ਵੀਂ ਸਾਖੀ ਹੈ।
[1]ਆਏ।
[2]ਜਿਸ ਨੇ ਸ੍ਰੇਸ਼ਟ ਬੁੱਧੀ ਧਾਰਕੇ (ਫਿਟਕਾਰ ਦਾ ਵਾਕ) ਨਾ ਕਿਹਾ ਹੋਵੇ।
[3]ਮੈਂ ਗ਼ਰੀਬ ਨੇ।
[4]ਮਰਦ ਦੀ ਜਾਤ ਸਭ ਵੱਡੀ ਜਾਣੀ ਹੈ।

ਤਬਿ ਕਲਗੀਧਰ ਬਾਕ ਬਖਾਨੇ।
'ਸਾਧ ਸਾਧ ਤੁਵ ਜੇ ਇਮ ਜਾਨੇ।
ਤਊ ਜਿ ਸਿਖ ਸੰਗਤਿ ਇਨ ਚੀਤ।
ਸਭਿ ਕੋ ਹੁਇ ਕਿਸ ਰੀਤਿ ਪ੍ਰਤੀਤ' ॥੮॥
ਭਾਗਣ ਨਾਮ ਤ੍ਰਿਯਾ ਤਬਿ ਕਹ੍ਯੋ।
'ਮਹਾਰਾਜ ਸੁਨੀਯਹਿ ਜਿਮ ਚਹ੍ਯੋ[1]।
ਬਸਹਿ ਆਗਰੇ ਨਗਰ ਮਹਾਂਨ।
ਪਾਤਿਸ਼ਾਹ ਮਮ ਪਿਤਾ ਦਿਵਾਨ ॥੯॥
ਸਭਿ ਪਰ ਹੁਕਮ, ਦਰਬ ਬਹੁ ਆਵੈ।
ਸਰਬ ਕਾਰ ਸਰਕਾਰ ਚਲਾਵੈ।
ਚਿਰੰਕਾਲ ਲਗਿ ਕਾਰਜ ਕਰ੍ਯੋ।
ਸਮਾਂ ਪੁਜ੍ਯੋ ਮੇਰੋ ਪਿਤ ਮਰ੍ਯੋ ॥੧੦॥
ਪਾਤਿਸ਼ਾਹ ਨੇ ਜਬਿ ਹੀ ਸੁਨ੍ਯੋ।
ਨਿਜ ਲੋਕਨਿ ਸੋਂ ਤਤਛਿਨ ਭਨ੍ਯੋ।
-ਚੌਂਕੀ ਦਿਹੁ ਬਿਠਾਇ ਤਿਸ ਦ੍ਵਾਰੇ।
ਵਸਤੁ ਸੰਭਾਰਹੁ ਭੇਰਹੁ ਤਾਰੇ ॥੧੧॥
ਤਿਸ ਕੇ ਪੁੱਤ੍ਰ ਹੋਇ ਜੇ ਕੋਈ।
ਮੁਹਿ ਢਿਗ ਜਾਇ ਆਨਿਯੈ ਸੋਈ-।
ਤੂਰਨ ਸ਼ਾਹਿ ਸਿਪਾਹੀ ਆਏ।
ਸਭਿ ਦ੍ਵਾਰਨ ਤਾਰ ਭਿਰਵਾਏ ॥੧੨॥
ਹਮਰੇ ਨਰ ਹਟਾਇ ਸਮੁਦਾਈ।
ਚੌਂਕੀ ਕਰਿ ਤਾਕੀਦ ਬਿਠਾਈ।
ਬੂਝਿ ਬਾਰਤਾ ਹਮ ਤੇ ਸਾਰੀ।
ਜਾਇ ਸ਼ਾਹੁ ਕੇ ਪਾਸ ਉਚਾਰੀ ॥੧੩॥
-ਸਪਤ ਸੁਤਾ ਤਿਸ ਕੇ ਘਰ ਮਾਂਹੀ।
ਅਸ਼ਟਮ ਹੈ ਅਧਾਨ[2] ਤ੍ਰਿਯ ਤਾਂਹੀ।
ਭ੍ਰਾਤਾ ਬੰਧੁ ਅਪਰ ਨਹਿਂ ਕੋਈ।
ਜੋ ਨਿਕੇਤ ਕੋ ਮਾਲਿਕ ਹੋਈ ॥੧੪॥
ਪਾਤਿਸ਼ਾਹਿ ਇਮ ਸੁਨਤਿ ਉਚਾਰੀ।
-ਜਨਮੈ ਜਬਿ ਲੌਂ ਲੇਹੁ ਨਿਹਾਰੀ।

---

[1]ਜਿਵੇਂ (ਸੁਣਨਾ) ਚਾਹਿਆ ਹੈ (ਆਪ ਨੇ)।
[2]ਗਰਭ।

ਹੋਹਿ ਪੁੱਤ੍ਰ ਤੌ ਕਰਹੁ ਖਲਾਸੇ[੧]।
ਸੁਤਾ ਭਏ ਕਰਿ ਜਪਤ ਅਵਾਸੇ[੨]- ॥੧੫॥
ਹੁਕਮ ਮਾਨਿ ਚੌਂਕੀ ਥਿਰ ਦ੍ਵਾਰੇ[*]।
ਪੁਜੇ ਗਰਭ ਕੇ ਜਬਿ ਦਿਨ ਸਾਰੇ।
ਜਨਮਜੋ ਪੁੱਤ੍ਰ ਤਹਾਂ ਸਭਿ ਜੋਵਾ।
ਮੰਗਲ ਕੋ ਉਤਸਵ ਬਹੁ ਹੋਵਾ ॥੧੬॥
ਦੁੰਦਭਿ ਬਜੇ ਨੌਬਤੈਂ ਬਾਜੀ।
ਸਭਿ ਪਰਵਾਰ ਭਯੋ ਬਹੁ ਰਾਜ਼ੀ।
ਪਾਤਿਸ਼ਾਹਿ ਜਬਿ ਸੁਨਿਬੋ ਕੀਨਿ।
-ਕਰਹੁ ਖਲਾਸੀ- ਆਇਸੁ ਦੀਨਿ ॥੧੭॥
ਬਖਸ਼ਜੋ ਪ੍ਰਥਮ ਸਮਾਨ ਰੁਜ਼ੀਨਾ।
ਘਰ ਖਲਾਸ ਤਤਛਿਨ ਕਰਿ ਦੀਨਾ।
ਚੌਂਕੀਦਾਰ ਸਿਪਾਹੀ ਗਏ।
ਜਨ[੩] ਸਨਮਾਨ ਕਰਤਿ ਸਭਿ ਭਏ ॥੧੮॥
ਸਪਤ ਭਗਨਿ ਮਹਿਂ ਕਹਿਂ ਤਿਸ ਕਾਲਾ।
-ਧੰਨ ਮਰਦ ਕੀ ਸ਼ਮਸ ਬਿਸਾਲਾ[੪]।
ਸਭਿ ਪਰਵਾਰਿ ਛੁਟਜੋ ਜਿਸ ਪਾਛੇ।
ਇਸ ਤੇ ਅਪਰ ਨਹੀਂ ਕੋ ਆਛੇ ॥੧੯॥
ਜਿਸ ਦਾੜ੍ਹੀ ਤੇ ਜਪ ਤਪ ਜੋਗ।
ਫਲਹਿ ਸਕਲ ਦੇ ਸੁਖ ਗਨ ਭੋਗ।
[੫]ਮਰਦ ਕਚਹਿਰੀ ਦਰ ਦਰਗਾਹਿ।
ਸ਼ਮਸ਼ ਕਬੂਲ ਪਰਹਿ ਦੁਤਿ ਜਾਹਿ[੬] ॥੨੦॥
ਮਰਦ ਬਿਨਾ ਸ਼ੱਮਸ਼ ਦਸਤਾਰ[੬]।

---

[੧](ਜਾਇਦਾਦ) ਖਲਾਸ ਕਰ ਦਿਓ।
[੨]ਘਰ ਜ਼ਬਤ ਕਰ ਲਓ।
[*]ਦੱਸਿਆ ਜਾਂਦਾ ਹੈ ਕਿ ਮੁਗਲ ਪਾਤਸ਼ਾਹਾਂ ਦੇ ਵੇਲੇ ਦਸਤੂਰ ਇਹ ਸੀ ਕਿ ਜਦ ਕੋਈ ਵੱਡਾ ਪਾਤਸ਼ਾਹੀ ਉਹਦੇਦਾਰ ਮਰ ਜਾਏ ਤਾਂ ਉਸ ਦੀ ਜਾਇਦਾਦ ਪਾਤਸ਼ਾਹ ਦੀ ਸਮਝੀ ਜਾਂਦੀ ਸੀ ਤੇ ਅੱਗੋਂ ਫੇਰ ਉਸ ਦੇ ਪੁੱਤ੍ਰ ਨੂੰ ਪਾਤਸ਼ਾਹ ਵੱਲੋਂ ਬਖਸ਼ੀਸ਼ ਮਿਲਦੀ ਸੀ, ਗ਼ਾਲਬਨ ਇਹ ਉਹਦੇਦਾਰਾਂ ਨੂੰ ਵਧੇਰੇ ਨਿਮਕ ਹਲਾਲ ਰੱਖਣ ਦਾ ਉਪਰਾਲਾ ਸੀ।
[੩](ਸਾਰੇ) ਲੋਗ।
[੪]ਮਰਦ ਦੀ ਦਾਹੜੀ।
[੫](ਇਸ ਲੋਕ ਦੀ) ਕਚਹਿਰੀ ਤੇ ਦਰਗਾਹ ਵਿਚ (ਧੰਨ) ਮਰਦ ਦੀ ਦਾੜ੍ਹੀ ਹੈ ਜੋ ਸ਼ੋਭਾ ਵਾਲੀ ਹੋਕੇ ਕਬੂਲ ਪੈਂਦੀ ਹੈ।
[੬]ਬਿਨਾਂ ਦਾੜ੍ਹੇ ਤੇ ਦਸਤਾਰ ਤੋਂ ਮਰਦ......।

ਇਨ ਬਿਨ ਔਰਤ ਪਰਹਿ ਨਿਹਾਰ-।
ਸਾਚੇ ਪਾਤਿਸ਼ਾਹਿ ਮੈਂ ਚੀਤ।
ਤਬਿ ਕੀ ਧਰੀ ਬਿਸਾਲ ਪ੍ਰਤੀਤ ॥੧੨॥
ਜਨਮਤਿ ਮਰਦ ਸੁ ਬੰਦ ਖਲਾਸੀ[1]।
ਹਮ ਜ਼ਨਾਨੀਯਾਂ ਸਪਤ ਪ੍ਰਕਾਸ਼ੀ।
ਨਹਿਂ ਮੁਲਾਹਜਾ ਕਿਨਹਿਂ ਉਬਾਚੀ।
ਯਾਂ ਤੇ ਧੰਨ ਸ਼ਮਸ਼ ਹੈ ਸਾਚੀ ॥੨੨॥

ਫਾਰਸੀ: ਜ਼ਨ ਜ਼ੁਲਮ ਜੰਮਹਿ ਲਾਨਤੁਹਿ ਸ਼ਬਹਿ ਰੋਜ਼ ਹਰਦੋ ਮਾਂਹਿ[2][*]।
ਮਰਦਹਿ ਜੰਮਹਿ ਦਰ ਗੋਸ਼ ਖ਼ੈਰ ਕਰਦਮਹਿ[3]।
ਦਾੜ੍ਹੀ ਬੰਦਗੀ ਐਨ ਖ਼ੁਦਾਇ ਦੀਦਾਰ ਸ਼ੁਮਾਰਹਿ[4]।
ਬਗ਼ੈਰ ਦਾੜੀ ਸ਼ੈਤਾਨ ਬਿਸਾਹਸ ਨ ਕਰਦਮਹਿ[5]' ॥੨੩॥

ਚੌਪਈ: ਸੁਨਿ ਕਰਿ ਸਕਲ ਸਭਾ ਬਿਸਮਾਈ।
'ਧੰਨੁ ਧੰਨੁ' ਬੋਲੇ ਤਿਸ ਤਾਂਈ।
ਤਬਿ ਸਤਿਗੁਰ ਭਾਖਯੋ ਤਿਸ ਹੇਰੀ।
'ਧੰਨ ਪ੍ਰਤੀਤ ਰਿਦੈ ਅਸ ਤੇਰੀ' ॥੨੪॥

ਫਾਰਸੀ: 'ਸਿੱਖੋ ਦਾੜੀ ਤਾਰੀਫ ਕੇਸ਼ ਸ਼ੁਮਾਰ ਬਾਲਤਣਹ[6]।
ਬਗੈਰ ਦਾੜੀ ਬਦਨ ਚਸ਼ਮ ਨ ਦੀਦਮਹਿ[7]' ॥੨੫॥

ਚੌਪਈ: ਇਮ ਸਤਿਗੁਰ ਕਰਿ ਬਚਨ ਬਿਲਾਸਾ।
ਕਰੀ ਸੰਪੂਰਨ ਸੰਗਤਿ ਆਸਾ।
ਕੇਤਿਕ ਦਿਨ ਅਨੰਦਪੁਰ ਰਹਿ ਕੈ।
ਭਈ ਬਿਦਾ ਪੁਨ ਬਿਨਤੀ ਕਹਿ ਕੈ ॥੨੬॥
ਲੇ ਪਾਹੁਲ ਖੰਡੇ ਕੀ ਕੇਤੇ।
ਆਯੁਧ ਧਾਰਿ ਗੁਰੂ ਹਰਖੇਤੇ।
ਲੇ ਸਿਰੁਪਾਉ ਅਵਾਸ ਸਿਧਾਏ।

---

[1]ਬੰਧਨ ਤੋਂ ਛੁਟਕਾਰਾ ਹੋਯਾ।
[2]ਇਸਤ੍ਰੀ ਦਾ ਜੰਮਣਾ ਜ਼ੁਲਮ (ਉਤਰਨਾ ਹੈ), ਦਿਨ ਰਾਤ ਦੁਇ ਵੇਲਿਆਂ ਵਿਚ ਲਾਨਤ ਹੀ ਮਿਲਦੀ ਹੈ।
[*]ਪਾ:-ਜ਼ਨ ਜੁਮਲ ਜੰਮਹਿ ਲਾਨਤੁਹਿ ਜ਼ਦਹ ਰੋਜ਼ ਹਰਦੁ ਮਹਿ।
[3]ਮਰਦ ਜੰਮੇ ਤਾਂ ਕੰਨਾਂ ਵਿਚ (ਵਧਾਈ ਦੀ ਸੋ ਪੈਂਦੀ ਹੈ ਤਾਂ ਸਾਰੇ ਆਖਦੇ ਹਨ) ਭਲਾ ਕੀਤਾ ਹੈ (ਰੱਬ ਨੇ)।
[4](ਦਾੜੀ ਰੱਖਣੀ ਖ਼ੁਦਾ ਦੀ) ਬੰਦਗੀ (ਤੁੱਲ ਹੈ, ਦਾੜੀ ਵਾਲੇ ਦਾ ਦੀਦਾਰ) ਖ਼ੁਦਾ ਦਾ ਹੂਬਹੂ ਦੀਦਾਰ ਗਿਣਿਆ ਜਾਂਦਾ ਹੈ।
[5](ਜੋ) ਬਿਨਾ ਦਾਹੜੀ ਦੇ ਹੈ (ਉਹ) ਸ਼ੈਤਾਨ ਹੈ ਉਸ ਦਾ ਵਿਸਾਹ ਨਹੀਂ ਕਰਨਾ ਚਾਹੀਏ।
ਨੋਟ: ਏਹ ਫਾਰਸੀਆਂ ਸ਼ੁਧ ਨਹੀਂ ਹਨ।
[6]ਸਿੱਖੋ ਦਾਹੜੀ ਦੀ ਤਾਰੀਫ ਹੈ (ਕਿ ਜਿਸ ਦੇ ਆਇਆਂ ਆਦਮੀ ਮਰਦ ਕਹਾਉਂਦਾ ਹੈ ਨਿਰੇ) ਕੇਸ਼ (ਤਾਂ) ਬਾਲਪਣੇ ਵਿਚ ਹੀ ਗਿਣਤੀ ਹੁੰਦੀ ਹੈ (ਇਨਸਾਨ ਦੀ)।
[7]ਦਾਹੜੀ ਤੋਂ ਬਿਨਾ ਹੀ ਜੋ ਮੂੰਹ ਹੈ (ਭਾਵ ਦਾਹੜੀ ਮੁੰਨੇ ਨੂੰ) ਅਸੀਂ ਅੱਖੀਂ ਨਹੀਂ ਡਿੱਠਾ ਚਾਹੁੰਦੇ।

ਜਸ ਕੋ ਉਚਰਤਿ ਜਿਤ ਜਿਤ ਜਾਏ ॥੨੭॥
ਜਿਮ ਆਮਦ[1] ਤਿਮ ਖਰਚ ਬਿਸਾਲਾ।
ਗੁਰ ਕੇ ਘਰ ਹੋਵਤਿ ਸਭਿ ਕਾਲਾ।
[+]ਕਾਤਕ ਬਿਤਯੋ ਸੁ ਅਗਹਨ[2] ਆਵਾ।
ਬੈਠੇ ਗੁਰੂ ਦਿਵਾਨ ਲਗਾਵਾ ॥੨੮॥
ਤਬਿ ਸਿੱਖਨ ਕਰ ਜੋਰਿ ਉਚਾਰਾ।
'ਗੁਰ ਸਾਚੇ ਪਾਤਿਸ਼ਾਹਿ ਉਦਾਰਾ।
ਭਾਣਾ ਪ੍ਰਭੁ ਕੋ ਜਿਮ ਉਰ ਚਾਹੋ।
ਤਿਮ ਵਿਹਾਰ ਤੋਰਹੁ ਸਭਿ ਮਾਹੋ ॥੨੯॥
ਤਊ ਪਰੰਤੁ ਖਰਚ ਅਬਿ ਚਹੀਅਹਿ।
ਸੀਤ ਕਾਲ[3] ਆਯੋ ਬਹੁ ਲਹੀਅਹਿ।'
ਇਸ ਪ੍ਰਕਾਰ ਜਬਿਹੂੰ ਸਭਿ ਕਹਯੋ।
ਇਕ ਵਣਜਾਰਾ ਆਵਤਿ ਲਹਯੋ ॥੩੦॥
ਧਰਯੋ ਰਜਤਪਣ ਦੌਨ ਹਜ਼ਾਰੇ।
ਮਸਤਕ ਟੇਕਯੋ ਗੁਰੂ ਅਗਾਰੇ।
ਹਾਥ ਜੋਰਿ ਜਬਿ ਸਨਮੁਖ ਬੈਸਾ।
ਬੋਲੇ ਪ੍ਰਭੁ 'ਇਹੁ ਧਨ ਹੈ ਕੈਸਾ? ॥੩੧॥
ਕਿਸ ਕੋ ਸਿੱਖ ਕਹਾਂ ਤੂੰ ਰਹੈ?'
ਸੁਨਿ ਗੁਰ ਸੰਗ ਬੇਨਤੀ ਕਹੈ।
'ਪੁਰਿ ਮੁਲਤਾਨੇ ਕਰਹੁੰ ਬਸੇਰਾ।
ਅਹੌਂ ਮੁਰੀਦ ਨਿਗਾਹੇ ਕੇਰਾ ॥੩੨॥
ਇਤ ਬਿਵਹਾਰ ਕਰਨ ਕੋ ਆਯੋ।
ਬਿਕਯੋ ਨ ਮਾਲ ਫਿਰਯੋ ਅਕੁਲਾਯੋ।
ਬੂਝਯੋ ਮੈਂ -ਕੋ ਜ਼ਾਹਰ ਪੀਰ?
ਸੁੱਖੋਂ ਜਿਸ ਕੀ ਸੁੱਖ ਸਧੀਰ- ॥੩੩॥
ਲੋਕਨ ਕਹਯੋ -ਆਜ ਕੇ ਸਮੈਂ।
ਗੁਰੂ ਪੀਰ ਜ਼ਾਹਰ ਜਗ ਨਿਮੈ-।
ਸੁੱਖੀ ਸੁੱਖ, ਤਬਹਿ ਬਿਕ ਗਯੋ।

---
[1]ਆਮਦਨ।
[+]ਇਹ ਸੌ ਸਾਖੀ ਦੀ ੪੪ਵੀਂ ਸਾਖੀ ਹੈ।
[2]ਮੱਘਰ।
[3]ਸਰਦੀ।

ਸਾਠ ਹਜ਼ਾਰ ਬਨਜ ਕਰਿ ਲਯੋ[੧] ॥੩੪॥
ਭਯੋ ਨਫੋ ਜੇਤਿਕ ਮਨ ਜਾਨੀ।
ਤਿਸ ਦਸਵੰਧ ਭੇਟ ਮੁਹਿ ਆਨੀ।'
ਸ਼੍ਰੀ ਸਤਿਗੁਰ ਤਬਿ ਭਨਜੋ ਬਚੰਨ।
'ਜਿਸ ਕੋ ਖੇਤ ਤਿਸੀ ਕਹੁ ਅੰਨ ॥੩੫॥
ਸੁਨਿ ਭਾਈ -ਕੋ ਪੰਥੀ ਜਾਇ[੨]।
ਚਰਿਤ ਖੇਤ ਗੋ[੩] ਦਈ ਹਟਾਇ।
ਦਾਵੇਦਾਰ ਖੇਤ ਕੋ ਹੋਇ ਨ[੪]।
ਇਹ ਕਜ਼ਾ ਬਾਤ, ਲਖਤਿ ਹੈ ਕੋਇ ਨ ॥੩੬॥
ਜਿਹ ਮੁਰੀਦ[੫] ਦਿਹੁ ਭੇਟ ਸੁ ਤਾਹੂ।
ਗੁਰ ਕੇ, ਰਾਹੁ ਨ ਮਾਰਤਿ ਕਾਹੂ[੬]।'
ਕਹਿ ਵਣਜਾਰਾ 'ਸੁਨਹੁਂ ਗੁਸਾਈਂ!
ਮੈਂ ਸੁ ਮੁਰੀਦੀ ਪਿਛਲ ਸੁਨਾਈ[੭] ॥੩੭॥
ਸੁੱਖ ਗੁਰੂ ਘਰ ਤੇ ਜਬਿ ਪਾਈ[੮]।
ਤਬਿ ਕੋ ਰਾਵਰਿ ਸਿੱਖ, ਗੁਸਾਈਂ!
ਬਖਸ਼ਹੁ ਕਰਜੋ ਗੁਨਾਹੁ ਜੁ ਪਾਛੇ।
ਅਬਿ ਦੀਜੈ ਸਿੱਖੀ ਮੁਝ ਆਛੇ' ॥੩੮॥
ਗੁਰੂ ਭਨਜੋਂ 'ਹਿੰਦੁਨਿ ਸਿਖ ਜੇਹੀ[੯]।
ਬਨ ਜੈ ਹੈਂ ਹਮਰੇ ਸਿਖ ਤੇਹੀ[੧੦]।
ਤੁਰਕ ਸ਼ੱਤ੍ਰੂ ਹਮ ਮਾਰਨ ਕਰਨੇ।
ਪਕਰਜੋ ਖੰਡਾ ਤਿਨ ਕੋ ਹਰਨੇ ॥੩੯॥
ਜੋ ਉਨ ਕਾ[੧੧], ਸੋ ਨਾਹਿਨ ਮੇਰਾ।
ਜੋ ਮੇਰਾ, ਤਿਨ ਕੋ ਨਹਿਂ ਹੇਰਾ।

---

[੧]ਭਾਵ ਵੱਟ ਲਿਆ।
[੨]ਜੇ ਕੋਈ ਤੁਰਿਆ ਜਾਂਦਾ ਰਾਹੀ।
[੩]ਖੇਤ ਚਰਦੀ ਗਾਂ।
[੪]ਉਹ (ਗਾਂ ਹਟਾ ਦੇਣ ਵਾਲਾ) ਖੇਤ ਦਾ ਦਾਵੇਦਾਰ ਤਾਂ ਨਹੀਂ ਨਾ ਬਣ ਜਾਂਦਾ।
[੫]ਜਿਸ ਦਾ ਤੂੰ ਮੁਰੀਦ ਹੈਂ।
[੬]ਕਿਸੇ ਦਾ ਰਾਹ ਨਹੀਂ ਮਾਰਦੇ।
[੭]ਪਿਛਲੀ ਮੁਰੀਦੀ ਦੱਸੀ ਹੈ (ਆਪ ਨੂੰ)।
[੮]ਸੁਖਣਾ ਜਦ ਗੁਰੂ ਘਰ ਤੋਂ ਪੂਰੀ ਹੋਈ ਹੈ।
[੯]ਜੋ ਹਿੰਦੂਆਂ ਦੇ ਸਿੱਖ ਹਨ।
[੧੦]ਓਹ ਤਾਂ ਸਾਡੇ ਸਿੱਖ ਬਣ ਸਕਦੇ ਹਨ।
[੧੧]ਭਾਵ ਤੁਰਕਾਂ ਦਾ।

ਹੋਨਿ ਸਿੱਖ, ਰਖਿ ਕੇਸ ਬਿਸਾਲੇ[੧]।
ਦੇਨਿ ਲੈਨਿ ਇਹ ਸਰਬ ਸੁਖਾਲੇ[੨] ॥੪੦॥
ਸਾਬਤ ਸਿਦਕ ਰਾਖਿਬੋ ਜੋਇ।
ਅਹੈ ਕਠਨ ਤੇ ਕਠਨੈ ਸੋਇ ॥੪੧॥
ਬਿਸਿਦਕ ਬੋਇ ਮੰਦ ਆਮਦਹ।
ਸਿਦਕ ਬੋਇ ਖ਼ੂਬ ਮਗਜ਼ ਖੈਰ ਸ਼ੁਦਹ[*]।
ਬਿਮੁਖਾਣਾ ਮਿਹ ਪਰਤ੍ਰੰਚ ਨ ਸੁਖੰ ਦ੍ਰਿਸ਼ਜਤੇ ਕ੍ਵਚਿਤ[*] ॥੪੨॥
ਦੋਹਰਾ: ਸਿਦਕ ਬਲਾਈਂ ਛੈ ਕਰੇ[੩],
ਬਿਸਿਦਕੀ ਘਰਨ ਉਜਾੜ[੪]।
ਗੁਰ ਪੀਰ ਬਿਸਿਦਕੀ ਕੇ ਨਹੀਂ
ਨਾਨਕ ਖੇਤਿ ਬਿਬਾੜ[+੫]’ ॥੪੩॥
ਚੌਪਈ: ਇੱਤਜਾਦਿਕ ਸ਼ੁਭ ਬਾਕ ਸੁਨਾਏ।
ਰਿਦੇ ਸਿਦਕ ਹੋਯਸਿ ਅਧਿਕਾਏ।
ਭਯੋ ਸਿੱਖ ਲੇ ਪਾਹੁਲ ਸੋਈ।
ਬਸਜੋ ਨਿਕਟ ਗੁਰ ਸ਼ਰਧਾ ਹੋਈ ॥੪੪॥
ਕੇਤਿਕ ਦਿਨ ਰਹਿ ਕੀਨਿ ਪਯਾਨਾ।
ਪਹੁੰਚਜੋ ਅਪਨੇ ਜਾਇ ਸਥਾਨਾ।
ਭੇਜਨਿ ਲਗਜੋ ਭੇਟ ਬਿਧਿ ਨਾਨਾ।
ਵਸਤੁ ਅਜਾਇਬ ਦਰਬ ਮਹਾਂਨਾ ॥੪੫॥
ਸ਼੍ਰੀ ਸਤਿਗੁਰ ਸਿਖ ਕੀ ਪਰਤੀਤ।
ਪਾਲਨ ਕਰਤਿ ਭਏ ਭਲਿ ਰੀਤਿ।
ਕਬਿ ਕਬਿ ਗੁਰ ਦਰਸ਼ਨ ਕੋ ਆਵੈ।

---

[੧]ਜੇ ਸਿੱਖ ਹੋਣਾ ਹੈ (ਤਾਂ) ਸਾਰੇ ਕੇਸ ਰਖਕੇ ਹੋ ਸਕਦਾ ਹੈ।
[੨]ਹੋਰ ਇਹ ਲੈਣਾ ਦੇਣਾ ਤਾਂ ਸਾਰਾ ਸੌਖਾ ਹੈ।
[*]ਇਹ ਪਾਠ ਦਰੁਸਤ ਫਾਰਸੀ ਨਹੀਂ ਕੁਛ ਐਉਂ ਪਾਠ ਹੋਵੇ, ਤਾਂ ਕੁਛ ਠੀਕ ਹੈ। ਜ਼ਿ ਬੇ ਸਿਦਕ ਬੂਇ ਗੰਦ ਮੇ ਆਯਦ, ਸਿਦਕ ਬੂਏ ਖੂਬ, ਮਗਜ਼ ਰਾ ਖੈਰ ਸ਼ੂੱਦ। ਅਰਥਾਤ-ਬੇ ਸਿਜਕੀ (ਦੀ ਬੋ) ਬਦਬੋ ਹੁੰਦੀ ਹੈ, ਸਿਦਕ ਇਕ ਸੁਗੰਧੀ ਹੈ (ਜਿਸ ਨਾਲ) ਮਗਜ਼ (ਹਉਂ ਦੀ ਬੀਮਾਰੀ ਤੋਂ) ਰਾਜ਼ੀ ਹੋ ਜਾਂਦਾ ਹੈ।
[*]ਸੌ ਸਾਖੀ ਤੇ ਸੂ: ਪ੍ਰ: ਵਿਚ ਇਹ ਪਾਠ ਅਸ਼ੁਧ ਸੰਸਕ੍ਰਿਤ ਹੈ, ਸ਼ੁੱਧ ਸੰਸਕ੍ਰਿਤ ਪਾਠ ਐਉਂ ਹੋਣਾ ਚਾਹੀਏ:- ਵਿਮੁਖਾਂਣਾਮ੍ ਪਰੱऽਤ੍ਰੰਚ ਨ ਸੁਖੰ ਦ੍ਰਿਸ਼ਜਤੇ ਕ੍ਵਚਿਤ = ਬੇਮੁਖਾਂ ਨੂੰ ਓਥੇ ਤੇ ਇਥੇ ਕਿਤੇ ਬੀ ਸੁਖ ਨਹੀਂ ਦਿੱਸੇਗਾ ਭਾਵ ਨਹੀਂ ਪ੍ਰਾਪਤ ਹੋਵੇਗਾ।
[੩]ਭਰੋਸਾ ਦੁਖਾਂ ਨੂੰ ਨਾਸ਼ ਕਰਦਾ ਹੈ।
[੪]ਬੇਸਿਦਕੀ ਘਰਾਂ ਨੂੰ ਉਜਾੜ ਦੇਂਦੀ ਹੈ।
[+]ਇਹ ਗੁਰਬਾਣੀ ਨਹੀਂ ਹੈ।
[੫][ਡਬੇ+ਵਾੜ = ਵਾੜ ਤੋਂ ਬਿਨਾਂ] ਭਾਵ ਬੇਸਿਦਕੀਆਂ ਦਾ ਖੇਤ ਬੇ ਵਾੜ ਹੈ।

ਸੰਗਤਿ ਸੰਗ ਹਜ਼ਾਰਹੁਂ ਲਜਾਵੈ ॥੪੬॥
ਦ੍ਵੈ ਹਜ਼ਾਰ ਧਨ ਦਯੋ ਸੁਨਾਏ।
'ਸੀਤ ਕਾਲ ਲਿਹੁ ਬਸਤ੍ਰ ਬਨਾਏ।'
ਤਬਹਿ ਖਾਲਸੇ ਮੋਲ ਮੰਗਾਇ।
ਲੇਫ ਨਿਹਾਲੀ ਲਏ ਬਨਾਇ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਖਸ਼ਟਮੋਂ ਅੰਸੂ ॥੬॥

## ੭. [ਕੋਮਲ ਹੱਥਾਂ ਵਾਲੇ ਲੜਕੇ ਨੂੰ ਸੇਵਾ ਦਾ ਉਪਦੇਸ਼]

੬<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੮

ਦੋਹਰਾ: ++ਇਕ ਦਿਨ ਜਨ ਥੋਰਨ ਬਿਖੈ,
ਬੈਠੇ ਗੁਰੂ ਗੰਭੀਰ।
ਪਯਾਸ ਲਗੀ, ਇਤ ਉਤ ਪਿਖਯੋ,
ਤਬਿ ਗਡਵਈ[੧] ਨ ਤੀਰ ॥੧॥
ਚੌਪਈ: ਨਾਮ ਸੁ ਜ਼ਾਲਮ ਸਿੰਘ ਪੁਕਾਰਯੋ।
ਜ਼ਾਲਮ[੨] ਪਿਆਸ ਲਗੀ ਸੁ ਹਕਾਰਯੋ।
'ਲਯਾਉ ਸਰਦ ਜਲ ਪੀਬੇ ਹੇਤੁ।'
ਇਮ ਜਬਿ ਬੋਲੇ ਕ੍ਰਿਪਾ ਨਿਕੇਤ ॥੨॥
ਇਕ ਸਿਖ ਸੁਤ ਸੁੰਦਰ ਤਿਸ ਬਾਰੀ।
ਨਿਜ ਸਰੂਪ ਉੱਜਲ ਹੰਕਾਰੀ[੩]।
ਤਿਨ ਕਰ ਜੋਰਤਿ ਗਿਰਾ ਉਚਾਰੀ।
'ਹੁਇ ਆਗਯਾ ਮੈਂ ਆਨੌਂ ਬਾਰੀ[੪]' ॥੩॥
ਸ਼ਾਰਤ ਕਰੀ, ਗਯੋ ਤਤਕਾਲੇ।
ਲੇ ਜਲ ਕੋ ਕਰਿ ਪ੍ਰੇਮ ਬਿਸਾਲੇ।
ਪਹੁੰਚਯੋ ਰੁਚਿਰ ਕਟੋਰਾ ਹਾਥ।
ਤਿਸ ਕੀ ਦਿਸ਼ਿ ਅਵਲੋਕਯੋ ਨਾਥ ॥੪॥
ਅਪਨੇ ਹਾਥ ਉਠਾਇ ਕਟੋਰਾ।
ਦੇਖਯੋ ਸਿਖ ਸੁਤ ਹਾਥਨਿ ਓਰਾ।
ਦੇਖਤਿ ਹੀ ਬੋਲੇ ਤਬਿ ਨਾਥ।
'ਕੋਮਲ ਬਹੁ ਮਲੂਕ[੫] ਤਵ ਹਾਥ ॥੫॥
ਕਹੁ ਸਿੱਖ ਕਯਾ! ਕਾਰਜ ਕਰੈਂ।
ਬਹੁਤ ਬਰੀਕ ਹਾਥ ਦਿਖ ਪਰੈਂ।'
ਹਾਥ ਜੋਰਿ ਬੋਲਯੋ ਸਿਖ ਗੁਰ ਤੇ[੬]।
'ਕਿਰਤ ਨ ਕਰੀ ਕਛੂ ਮੈਂ ਧੁਰ ਤੇ ॥੬॥

---

++ਸੌ ਸਾਖੀ ਦੀ ਇਹ ੫੦ਵੀਂ ਸਾਖੀ ਹੈ।
[੧]ਲੱਸੀ ਪਾਣੀ ਪਿਲਾਉਣ ਵਾਲਾ ਦਾਸ।
[੨]ਬਹੁਤੀ।
[੩]ਉਜਲ ਰੂਪ ਦਾ ਹੰਕਾਰੀ।
[੪]ਜਲ।
[੫]ਸੁਹਲ।
[੬]ਗੁਰਾਂ ਜੀ ਤਾਈਂ।

ਪਾਤਸ਼ਾਹ ਰਾਵਰਿ ਸਿਖ ਜੋਈ[੧]।
ਅਰੁ ਕੁਟੰਬ ਕੀ ਸੇਵਾ ਕੋਈ।
ਮੈਂ ਨਹਿਂ ਕਰੀ ਹੇਤ ਕਿਸੁ ਫਲ ਕੋ[੨]।
ਆਨਯੋ ਆਜ ਕਟੋਰਾ ਜਲ ਕੋ ॥੭॥
ਨਿਜ ਕਰ ਤੇ ਪੂਰਨ ਕਰਿ ਆਨਾ[੩]।
ਅਪਰ ਨ ਕੀਨਸਿ ਅਪਨ ਬਿਗਾਨਾ[੪]।'
ਸਤਿਗੁਰ ਸੁਨਤੇ ਹੀ ਤਤਕਾਲ।
ਦਿਯੋ ਕਟੋਰੇ ਤੇ ਜਲ ਡਾਲ ॥੮॥
ਕਹਯੋ 'ਕੁਸਿੱਖ ਕਾ ਕਰ ਜਲ ਛੁਹਯੋ।
ਪਾਨ ਕਰਨ ਕੇ ਉਚਿਤ ਨ ਰਹਯੋ।'
ਸੁਨਿ ਕਰਿ ਪਾਯੋ ਤ੍ਰਾਸ ਬਿਸਾਲਾ।
ਗਹੇ ਚਰਨ ਸਿਖ ਨੇ ਤਤਕਾਲਾ ॥੯॥
ਸ਼ਰਮਿੰਦਤਿ ਬੋਲਯੋ ਤਿਸ ਬੇਰਾ।
'ਸਿੱਖ ਕਦੀਮੀ ਮੈਂ ਗੁਰ ਕੇਰਾ।
ਪਾਹੁਲ ਚਰਨਨ ਕੀ ਲਿਯ ਮੋਹੀ।
ਬਖਸ਼ਹੁ ਪ੍ਰਭੂ ਦੋਸ਼ ਜੋ ਹੋਹੀ' ॥੧੦॥
ਤਬਿ ਸਤਿਗੁਰ ਉਪਦੇਸ਼ਤਿ ਭਨੈ।
ਪਢਿਬੇ ਤੇ ਕੁਛ ਸਿੱਖ ਨ ਬਨੈ।
'ਸੇਵਾ ਕਰਨ ਸਿਦਕ ਇਹੁ ਜਾਨਿ[੫]।
ਸੋ ਤੈਂ ਕਿਸ ਕੀ ਕਰੀ ਨ ਪਾਨਿ[੬] ॥੧੧॥
ਸੁਨਿ ਸਿੱਖਾ! ਗੁਰਮਤਿ ਇਹ ਸਾਰ।
ਸਤਿਸੰਗਤਿ ਕੀ ਸੇਵ ਉਦਾਰ।
ਹਾਥ ਪਵਿੱਤ੍ਰ ਟਹਿਲ ਤੇ ਜਾਨਹੁ।
ਪਦ ਪਵਿੱਤ੍ਰ ਗੁਰ ਦਰਸ ਪਯਾਨਹੁ[੭] ॥੧੨॥
ਸੰਤਨ ਤੀਰਥ ਪਰਸਨ ਪੰਥਾ।
ਪਦ ਪਾਵਨ ਭਾਖਹਿਂ ਸਭਿ ਗ੍ਰੰਥਾ।

---

[੧]ਜੋ ਆਪ ਦੇ ਸਿੱਖ ਹਨ।
[੨]ਕਿਸੇ ਫਲ ਦੀ ਇੱਛਾ ਧਾਰਕੇ ਬੀ ਸੇਵਾ ਨਹੀਂ ਕੀਤੀ (ਕਿਸੇ ਸਿੱਖ ਦੀ)।
[੩]ਭਰ ਕਰ ਲਿਆਂਦਾ।
[੪]ਹੋਰ ਆਪਣਾ ਤੇ ਪਰਾਇਆ (ਕੰਮ) ਨਹੀਂ ਕੀਤਾ।
[੫]ਸਿਦਕ ਨਾਲ ਸੇਵਾ ਕਰਨੀ ਇਹ (ਸਿੱਖ ਦਾ ਧਰਮ) ਜਾਣ।
[੬]ਹੱਥੀਂ।
[੭]ਦਰਸ਼ਨ ਨੂੰ ਜਾਇਆਂ।

ਸਕਲ ਰਿਖੀਕ ਸਮੇਤ ਸਰੀਰ।
ਸ਼ੁਭ ਕਰਮਨ ਕੀ ਸੇਵ ਸਧੀਰ[1] ॥੧੩॥
ਕੌਨ ਕੌਨ ਸ਼ੁਭ ਕਰਮ ਗਿਨੀਜੈ।
ਕਰਿਬੇਗੋ ਤਨ ਪਾਵਨ ਕੀਜੈ[2]।
ਸੋ ਤੈਂ ਕਰੀ ਨ ਕਿਸ ਕੀ ਕੈਸੇ।
ਰਹਜੋ ਅਪਾਵਨ ਸਭਿ ਬਿਧਿ ਐਸੇ ॥੧੪॥
ਜਿਮ ਮੁਰਦੇ ਕੇ ਅੰਗ ਅਪਾਵਨ[3]।
ਸੁਕਚਤਿ ਸਭਿ, ਨਹਿਂ ਕਰਹਿਂ ਛੁਵਾਵਨ।
ਬਿਨਾ ਸੇਵ ਸਤਿ ਸੰਗਤਿ ਕੇਰੀ।
ਦੇਹਿ ਅਪਾਵਨ ਤਿਮ ਨਰ ਕੇਰੀ ॥੧੫॥
ਯਾਂ ਤੇ ਹਾਥ ਅਪਾਵਨ ਤੇਰਾ।
ਕਰਜੋ ਨ ਪਾਨ ਹਮਹੁਂ ਜਲ ਗੇਰਾ।'
ਸਿਖ ਸਮਝਜੋ ਸੁਨਿ ਗੁਰ ਉਪਦੇਸ਼ੂ।
ਬਖਸ਼ਾਯਹੁ ਬਨਿ ਦੀਨ ਵਿਸ਼ੇਸ਼ੂ ॥੧੬॥
ਸਿਖ ਸੰਤਨ ਦਿਜ ਅਤਿਥਨ ਕੇਰੀ।
ਕਰਿ ਬੇਲਾ ਗਜੋ ਸੇਵ ਘਨੇਰੀ।
ਤਨ ਮਨ ਧਨ ਤੇ ਸੇਵ ਕਰੰਤਾ।
-ਹੋਹਿ ਭਲਾ ਮੇਰੋ- ਚਿਤੰਵਤਾ ॥੧੭॥
ਸਿਖ ਸੰਗਤਿ ਪਿਖਿ ਕਰਿ ਬਹੁ ਸੇਵਾ।
ਕਰਹਿਂ ਪ੍ਰਸ਼ੰਸ਼ਨਿ[4] ਢਿਗ ਗੁਰਦੇਵਾ।
'ਨਿਤ ਪ੍ਰਤਿ ਸੇਵਾ ਮਹਿਂ ਸਿਖ ਰਾਤਾ।
ਅਪਨੋ ਭਲਾ ਕਰਨਿ ਤਿਨ ਜਾਤਾ' ॥੧੮॥
ਸੁਨਿ ਕਲਗ਼ੀਧਰ ਭਏ ਪ੍ਰਸੰਨ।
ਖੁਸ਼ੀ ਕਰੀ ਭਾ ਤਤਛਿਨ ਧੰਨ।
ਇਤਨੀ ਕਥਾ ਉਚਾਰਿ ਸੁਨਾਈ।
ਪ੍ਰੇਮ ਸਮਾਧਿ ਰਿਦੈ ਹੁਇ ਆਈ ॥੧੯॥
ਰਾਮਕੁਇਰ ਮੁੱਦ੍ਰਿਤ ਕਰਿ ਨੈਨ।

---

[1]ਸ਼ੁਭ ਕਰਮਾਂ ਵਾਲੀ ਟਹਿਲ ਨਾਲ ਸਕਾਰਥ ਹੁੰਦੇ ਹਨ।
ਸੌ ਸਾਖੀ ਦਾ ਪਾਠ ਹੈ:-
ਦੇਹ ਅਤੇ ਇੰਦ੍ਰੀਆਂ ਸ਼ੁਭ ਕਾਮ ਕੀ ਟਹਿਲ ਤੇ ਪਵਿੱਤ੍ਰ ਹੁੰਦੇ ਹਨ।
[2]ਕਰਨੇ ਯੋਗ ਕਰਕੇ ਇੰਦ੍ਰੀਆਂ ਤੇ ਤਨ ਨੂੰ ਪਵਿੱਤ੍ਰ ਕਰੇ।
[3]ਅਪਿਵੱਤ੍ਰ ਅੰਗਾਂ ਤੋਂ।
[4]ਉਪਮਾ।

ਬੈਠਜੋ ਅਚਲ, ਕਹੈ ਕੋ ਬੈਨ[੧]।
ਸਭਿ ਸ਼੍ਰੋਤਾ ਮਨ ਆਨੰਦ ਪਾਏ।
ਅਪਨੇ ਅਪਨੇ ਥਾਨ ਸਿਧਾਏ ॥੨੦॥
ਪਾਛਲ ਪਹਿਰ ਦਿਵਸ ਕੋ ਹੁਤੋ।
ਬੁੱਢਾ[੨] ਤਬਿ ਸਮਾਧਿ ਮਹਿਂ ਜੁਤੋ।
ਸਰਬ ਜਾਮਨੀ ਤਿਵੇਂ ਬਿਤਾਈ[੩]।
ਜਾਗੇ ਜਬਿ ਪ੍ਰਭਾਤਿ ਹੁਇ ਆਈ ॥੨੧॥
ਉਠਿ ਕਰਿ ਸੌਚ ਸਮੇਤ ਸ਼ਨਾਨੇ।
ਥਿਰੇ ਆਨਿ ਆਸਨ ਜਿਸ ਥਾਨੇ।
ਸੁਨਨਿ ਹੇਤੁ ਸ਼੍ਰੋਤਾ ਚਲਿ ਆਏ।
ਗੁਰੂ ਚਰਿੱਤ੍ਰ ਜਿਨ ਕੇ ਮਨ ਭਾਏ ॥੨੨॥
ਸੰਮਤ ਸੱਤ੍ਰਾਂ ਸੈਯ ਇਕਾਸੀ।
ਜੇਠ ਮਾਸ ਇਹੁ ਕਥਾ ਪ੍ਰਕਾਸ਼ੀ[*]।
ਸਿੰਘ ਸਿੱਖਨ ਕੋ ਲਗਜੋ ਦਿਵਾਨ।
ਰਾਮਕੁਇਰ ਤਬਿ ਕਰਤਿ ਬਖਾਨ ॥੨੩॥
ਭੂਲ ਚੂਕ ਮੁਝ ਤੇ ਜਹਿਂ ਹੋਇ।
ਗੁਰ ਬਖਸ਼ਿੰਦ ਬਖਸ਼ ਹੈ ਸੋਇ।
ਅਗਮ ਅਗਾਧ ਗੁਰੂ ਇਤਿਹਾਸ।
ਨਰ ਬਪੁਰੇ ਕੀ ਬੁੱਧਿ ਕਹਾਂ ਸੁ ॥੨੪॥
ਜਥਾ ਸਮੁੰਦ੍ਰ ਨ ਸੀਪ ਉਲੀਚੈ[੪]।
ਤਾਰੇ ਜਿਮ ਅਸੰਖ ਨਭਿ ਬੀਚੈ।
ਤਥਾ ਕਥਾ ਗੁਰ ਬਰਨੈ ਕੌਨ।
ਕਹਤਿ ਸੁਨਤਿ ਸਿੱਖਨ ਸੁਖ ਭੌਨ ॥੨੫॥
ਸਕਲ ਕਾਮਨਾ ਪੂਰਨ ਹਾਰੀ।
ਸਿੱਖੀ ਹੁਇ ਸ਼ਰਧਾ ਉਰ ਭਾਰੀ।
ਗੁਰ ਕਰੁਨਾ ਤੇ ਚਾਰ ਪਦਾਰਥ।

---

[੧]ਭਾਵ ਬੋਲੇ ਕੌਣ।
[੨]ਭਾਵ ਭਾਈ ਰਾਮ ਕੁਇਰ ਸਾਹਿਬ।
[੩]ਭਾਵ ਸਮਾਧੀ ਵਿਚ ਜੁੜਿਆਂ ਹੀ।
[*]ਸੌ ਸਾਖੀ ਵਿਚ ੫੦ਵੀਂ ਸਾਖੀ ਤੇ ਅਖੀਰ ਐਉਂ ਇਬਾਰਤ ਹੈ:-ਸੰਮਤ ਬਿਕ੍ਰਮ ਸਤ੍ਰਾ ਸੈ ਏਕਾਸੀ ਮਾਸ ਤ੍ਰੈ ਜੇਠ। ਪੰਚਾਸ ਸਾਖੀ ਰਵਿਵਾਰ ਦਿਨ, ਹੁਣ ਸ਼ਿਕਾਰ ਕੀ ਬੇਰ। ਪਰ ਆਖੇਪਕਾਰ ਨੂੰ ਚੇਤਾ ਭੁੱਲ ਗਿਆ ਹੈ ਕਿ ਸੌ ਸਾਖੀ ਦੇ ਮੁੱਢ ਵਿੱਚ ਸੰਮਤ ੧੭੯ ਲਿਖਿਆ ਪਿਆ ਹੈ।
[੪]ਸਮੁੰਦਰ ਨੂੰ ਸਿੱਪੀ ਨਾਲ ਨਹੀਂ ਝੱਟਿਆ ਜਾਂਦਾ।

ਪਾਇ ਕਥਾ ਤੇ ਪੁਰਵਹਿਂ ਸਾਰਥ ॥੨੬॥
ਸੁਨਹੁ ਪ੍ਰੀਤ ਕਰਿ ਸ਼੍ਰੋਤਾ ਸਾਰੇ।
ਕਹੌਂ ਕਥਾ ਗੁਰ ਕੀ ਵਿਸਤਾਰੇ।
ਭੀਮ ਚੰਦ ਤੇ ਆਦਿ ਪਹਾਰੀ।
ਦਿੱਲੀ ਪਠਜੋ ਵਕੀਲ ਅਗਾਰੀ ॥੨੭॥
ਤਿਨ ਕਹਿ ਪਠਜੋ ਸਭਿਨਿ ਕੇ ਪਾਸ[1]।
'ਖਰਚੇ ਦਰਬ ਕਾਜ ਹੁਇ ਰਾਸ।
ਸ਼ਾਹੁ ਨਿਕਟ ਸੂਬੇ ਸੁਧ ਲਿਖੀ।
ਤਊ ਜਾਇ ਐਸੀ ਕੁਛ ਦਿਖੀ[2] ॥੨੮॥
ਪਠਹਿ ਨ ਸੈਨ ਬਿਨਾ ਧਨ ਲੀਨੇ।
ਕਹਿ ਕਰਿ ਇਕ ਦ੍ਵੈ ਵਾਰ ਪਤੀਨੇ[3]।'
ਭੀਮਚੰਦ ਸਭਿ ਸੰਗ ਬਿਚਾਰਾ।
ਦੈਬੇ ਹਿਤੁ ਧਨ ਸੰਚਿ ਉਚਾਰਾ ॥੨੯॥
ਸਭਿ ਤੇ ਕਰਿ ਇਕੱਤ੍ਰ ਪਠਿ ਦੀਨਿ।
ਬਿਨਤੀ ਲਿਖੀ ਅਧਿਕ ਬਨਿ ਦੀਨ।
'ਜੇ ਨਹਿਂ ਕਰਿ ਹੈ ਸ਼ਾਹ ਸਹਾਇ।
ਤੌ ਹਮ ਅਲੰਬ ਲੇਹਿਂ ਕਿਸ ਥਾਇਂ? ॥੩੦॥
ਸਦਾ ਆਸਰਾ ਬਡੋ ਹਮਾਰੇ।
ਤਮ ਸਮ ਸੂਬੇ ਸੁਖਧ ਉਦਾਰੇ।'
ਇੱਤਜਾਦਿਕ ਲਿਖਿ ਪਠੀ ਬਨਾਇ।
ਲਾਖ ਰਜਤਪਣ ਜਮਾ ਕਰਾਇ ॥੩੧॥
ਬੈਠਿ ਸਭਿਨਿ ਮਹਿਂ ਭਨੈ ਪ੍ਰਸੰਗ।
'ਆਵਹਿ ਸ਼ਾਹੁ ਸੈਨ ਹਿਤ ਜੰਗ।
ਲਰਹਿਂ, ਗੁਰੂ ਕੋ ਦੇਹਿਂ ਨਿਕਾਸੇ।
ਤੁਮ ਬੈਠੇ ਪਿਖਿ ਲੇਹੁ ਤਮਾਸ਼ੇ ॥੩੨॥
ਦੇਨੋ ਦਰਬ ਸਫਲ ਹੀ ਜਾਨੋ।
ਨਿਤ ਕੋ ਜੰਗ ਮਿਟਹਿ ਹਿਤ ਠਾਨੋ[4]।'
ਇਮ ਕਹਿ ਨਿਜ ਮਹਿਂ ਹਰਖ ਉਪਾਵੈਂ।

---

[1]ਭਾਵ ਵਕੀਲ ਨੇ (ਦਿੱਲੀ ਤੋਂ) ਸਾਰੇ (ਰਾਜਿਆਂ) ਨੂੰ ਕਹਿ ਘੱਲਿਆ ਕਿ.....।
[2]ਤਉ ਬੀ ਐਸੀ ਬਾਰਤਾ ਦੇਖੀ ਜਾਂਦੀ ਹੈ।
[3]ਭਾਵ ਮੈਂ ਇੱਕ ਦੋ ਵਾਰੀ ਸੂਬੇ ਨੂੰ ਕਹਿਕੇ ਪਰਤਾਇਆ ਹੈ।
[4]ਸਾਡਾ ਭਲਾ ਹੋ ਜਾਏਗਾ।

ਕਰਹਿਂ ਪ੍ਰਤੀਖਨ -ਦਲ ਕਬਿ ਆਵੈ- ॥੩੩॥
ਦਿੱਲੀ ਮਹਿਂ ਪਹੁੰਚਯੋ ਧਨ ਜਾਇ।
ਸੂਬੇ ਪਾਸ ਦਿਯੋ ਸਮੁਦਾਇ।
ਕਰਿ ਲਾਲਚ ਤਿਨ ਸਗਰੋ ਲੀਨਿ।
ਸੈਨਾ ਪਠਨ ਮਨੋਰਥ ਕੀਨਿ ॥੩੪॥
*ਦੀਨਾਬੇਗ ਮੁਗ਼ਲ ਅਹੰਕਾਰੀ।
ਮਨਸਬ ਜਿਸ ਕੋ ਪੰਚ ਹਜ਼ਾਰੀ।
ਤਿਸਹਿ ਬੁਲਾਇ ਕੀਨਿ ਸਨਮਾਨਾ।
ਸ਼ਸਤ੍ਰ ਬਸਤ੍ਰ ਦੇ ਕਾਜ ਬਖਾਨਾ ॥੩੫॥
'ਕਾਹਲੂਰ ਕੀ ਦੂਣ ਸਿਧਾਰੋ।
ਤਹਿਂ ਰਾਜਨਿ ਕੋ ਕਾਜ ਸੁਧਾਰੋ।
ਕੁਛਕ ਸੈਨ ਸ਼੍ਰੀ ਗੁਰੂ ਹਜ਼ੂਰ।
ਪਾਇ ਰਖਯੋ ਤਿਸ ਦੇਸ਼ ਫਤੂਰ ॥੩੬॥
ਹਜ਼ਰਤ ਕੋ ਆਯਹੁ ਪਰਵਾਨਾ।
ਕਰਹੁ ਪ੍ਰਾਤਿ ਕੋ ਤਹਿਂ ਪ੍ਰਸਥਾਨਾ।'
ਦੂਸਰ ਪੈਂਡੇਖਾਂ ਉਮਰਾਇ।
ਤਿਸ ਕੋ ਤਿਮ ਹੀ ਨਿਕਟ ਬੁਲਾਇ ॥੩੭॥
ਤਿਹ ਸਮ ਇਹ ਭੀ ਪੰਜ ਹਜ਼ਾਰੀ।
ਸਾਦਰ ਚਢਿਬੇ ਹੇਤੁ ਉਚਾਰੀ।
ਸ਼ਾਹੁ ਤਰਫ ਤੇ ਬਖਸ਼ਿਸ਼ ਕਰੀ।
ਦੋਨਹੁੰ ਤਜਾਰ ਭਏ ਬਿਧਿ ਖਰੀ ॥੩੮॥
ਗੁਲਕਾਂ ਬਹੁ ਬਰੂਦ ਬਰਤਾਈ।
ਦਸ ਹਜ਼ਾਰ ਇਮ ਫੌਜ ਸਜਾਈ।
ਕਰਯੋ ਕੂਚ ਦਿੱਲੀ ਪੁਰਿ ਛੋਰਾ।
ਮਗ ਕਹਿਲੂਰ ਦੂਨ ਕੀ ਓਰਾ ॥੩੯॥
ਦੁੰਦਭਿ ਬਾਜਤਿ ਚਲਹਿ ਅਗਾਰੀ।
ਛੂਟੇ ਨਿਸ਼ਾਨਨਿ ਫਰਰੇ ਭਾਰੀ।
ਦ੍ਵੈ ਉਮਰਾਵ ਬੀਰ ਹੰਕਾਰੀ।
ਬਿੱਦਯਾ ਅਧਿਕ ਖਤੰਗ ਪ੍ਰਹਾਰੀ[1] ॥੪੦॥
ਸਨੇ ਸਨੇ ਪਾਵਤਿ ਮਗ ਡੇਰੇ।

---

*ਸੌ ਸਾਖੀ ਦੀ ਇਹ ੩੬ਵੀਂ ਸਾਖੀ ਹੈ।
[1]ਬਾਣ ਚਲਾਉਣ ਦੀ ਵਧਵੀਂ ਵਿਦਿਆ ਦੇ।

ਆਵਤਿ ਭਏ ਅਨੰਦਪੁਰਿ ਨੇਰੇ।
ਸੁਨਿ ਕਰਿ ਰਾਜੇ ਹ੍ਵੈ ਕਰਿ ਤਯਾਰ।
ਲੈ ਕਰਿ ਸੈਨਾ ਹ੍ਵੈ ਅਸਵਾਰ ॥੪੧॥
ਕੇਤਿਕ ਮਜ਼ਲ ਅਗਾਰੀ ਜਾਇ।
ਤੁਰਕਨਿ ਸੰਗ ਮਿਲੇ ਹਰਖਾਇ।
ਭੀਮਚੰਦ ਕਹਿਲੂਰੀ ਰਾਇ।
ਬੀਰ ਸਿੰਘ ਜਸਪਾਲ ਮਿਲਾਇ ॥੪੨॥
ਮਦਨਪਾਲ ਸਿਰਮੌਰੀ ਗਯੋ।
ਦੇ ਬਹੁ ਭੇਟ ਮੇਲ ਤਬਿ ਕਿਯੋ।
ਗੁਰ ਕੀ ਬਾਤ ਸਕਲ ਸਮੁਝਾਈ।
'ਇਸ ਪ੍ਰਕਾਰ ਇਤ ਧੂਮ ਉਠਾਈ ॥੪੩॥
ਨਹਿਂ ਚਾਕਰ ਨਰ ਬੀਰ ਨ ਕੋਈ।
ਇਤ ਉਤ ਤੇ ਮਿਲਿ ਭਾ ਦਲ ਸੋਈ।
ਲਰ ਕਰਿ ਪੁਰਿ ਅਨੰਦ ਛੁਰਵਾਵਹੁ।
ਰਹੈ ਤ ਅਪਨੀ ਆਨ ਮਨਾਵਹੁ ॥੪੪॥
ਬਰਜਹੁ, ਨਹਿਂ ਫਤੂਰ ਇਤ ਪਾਵੈ।
ਹਮ ਪਰ ਅਪਨੋ ਦਲ ਨ ਚਢਾਵੈ।
ਖੇਤੀ ਕਾ ਨੁਕਸਾਨ ਨ ਕਰੈ।
ਅਪਨੇ ਨਗਰ ਬਾਸ ਕੌ ਧਰੈ' ॥੪੫॥
ਇੱਤਯਾਦਿਕ ਸਮੁਝਾਵਤਿ ਲਯਾਏ।
ਰੋਪਰ ਤੇ ਚਢਿ ਆਗੂ ਧਾਏ।
ਕੀਰਤਪੁਰਿ ਕੌ ਉਲੰਘੇ ਫੇਰ।
ਆਨਿ ਅਨੰਦਪੁਰਿ ਹੋਯਹੁ ਨੇਰ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਚਮੂ ਆਵਣ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

## ੮. [ਦੀਨਾਬੇਗ ਤੇ ਪੈਂਡੇ ਖਾਂ ਨਾਲ ਯੁੱਧ]

੭<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੯

ਦੋਹਰਾ: ਉਲੰਘੇ ਕੀਰਤਪੁਰੀ ਤੇ, ਦੁੰਦਭਿ ਬ੍ਰਿੰਦ ਬਜਾਇ।
ਪਹੁੰਚੀ ਖਬਰ ਅਨੰਦਪੁਰਿ, ਚਮੂੰ ਤੁਰਕ ਕੀ ਆਇ ॥੧॥
ਪਾਧੜੀ ਛੰਦੁ: -ਸਭਿ ਸੈਲਪਤੀ ਕਰਿ ਕੈ ਪੁਕਾਰ।
ਬਹੁ ਦਯੋ ਦਰਬ ਦਿੱਲੀ ਮਝਾਰ।
ਆਨੇ ਚਢਾਇ ਹਯ ਦਸ ਹਜ਼ਾਰ*।
ਉਮਰਾਇ ਦੋਇ ਹਿਤ ਕਰਨ ਰਾਰ- ॥੨॥
ਸੁਨਿ ਗੁਰੂ ਹੁਕਮ ਦੀਨੋ ਉਚਾਰ।
'ਸਭਿ ਚਢਹਿ ਖਾਲਸਾ ਸ਼ਸਤ੍ਰ ਧਾਰਿ।
ਇਹ ਪ੍ਰਥਮ ਜੰਗ ਤੁਰਕਾਨ ਸੰਗ।
ਧਰਿ ਖਰ ਖਤੰਗ ਪੂਰਹੁ ਨਿਖੰਗ' ॥੩॥
ਤਤਕਾਲ ਡਾਰਿ ਜ਼ੀਨਨਿ ਤੁਰੰਗ।
ਕਸਿ ਕਮਰ ਲੀਨਿ ਤੂਰਨ ਤੁਫੰਗ।
ਦੁੰਦਭਿ ਬਾਜਯੋ ਰਣਜੀਤ ਗਾਜ।
ਸਭਿਹੂੰਨਿ ਜਾਨਿ ਸੰਗ੍ਰਾਮ ਕਾਜ ॥੪॥
ਗੁਲਕਾਂ ਬਰੂਦ ਬਰਤਾਇ ਬ੍ਰਿੰਦ।
ਤੋੜੇ ਧੁਖਾਇ ਬੀਰਨਿ ਬਿਲੰਦ।
ਚਢਿ ਚਢਿ ਤੁਰੰਗ ਪਰ ਵਹਿਰ ਆਇ।
ਜਿਤ ਸੁਨੇ ਤੁਰਕ ਤਿਤ ਸਮੁਖ ਜਾਇ ॥੫॥
ਕਸਿ ਕਸਿ ਤੁਫੰਗ ਗੁਲਕਾਨਿ ਮਾਰਿ।
ਰੁਕਿਯੰਤਿ ਅੱਗ੍ਰ ਰਿਪੁ ਤ੍ਰਾਸ ਧਾਰਿ।
ਜਬਿ ਛੁਟੀ ਸ਼ਲਖ ਤੁਰਕਾਨ ਜਾਨਿ।
ਸ਼ਸਤ੍ਰਨਿ ਸੰਭਾਰਿ ਬਨਿ ਸਾਵਧਾਨ ॥੬॥
ਇਕ ਬਾਰਿ ਪਰੇ ਦੁੰਦਭਿ ਬਜਾਇ।
ਮੋਰਨ ਮਨਿੰਦ ਘੋਰਨ ਫੰਧਾਇ।
ਕਰਿ ਹਲਾਹੂਲ ਕੜਕੀ ਕਮਾਨ।
ਬਹੁ ਐਂਚਿ ਐਂਚਿ ਮੁਚਕੰਤਿ ਬਾਨ ॥੭॥
ਅਸ ਉਦੇ ਸਿੰਘ ਤੇ ਆਦਿ ਬੀਰ।
ਰਣ ਭੂਮ ਆਇ ਬਹੁ ਸਿੰਘ ਭੀਰ।
ਗਨ ਤੁਪਕ ਚਲੀ ਇਕ ਬਾਰਿ ਐਸ।

---

*ਦਸ ਹਜ਼ਾਰ ਫੌਜ ਦੀ ਗਿਣਤੀ ਸੌ ਸਾਖੀ ਵਿਚ ਬੀ ਹੈ।

ਭੁਜਿਯੰਤਿ ਧਾਨ ਬਿਚ ਭਾਠ ਜੈਸ ॥੮॥
ਬਰਛੇ ਭ੍ਰਮਾਇ ਕਰਿ ਬਾਰਿ ਬਾਰਿ।
ਧਸਿ ਅੰਗ ਜਥਾ ਬਲਮੀਕ ਮਾਰ[1]।
ਭਟ ਗਿਰਤਿ ਹਯਨ ਤੇ ਉਥਲ ਕੋਇ।
ਗੁਲਕਾਨ ਸੰਗ ਫੁਟਿ ਸੀਸ ਜੋਇ ॥੯॥

ਰਸਾਵਲ ਛੰਦ: ਦਯਾ ਸਿੰਘ ਧਾਯੋ।
ਉਦੈ ਸਿੰਘ ਆਯੋ।
ਇਨੈ ਆਦਿ[2] ਸਿੰਘੰ[3]। ਮਨੋ ਕੋਪ ਸਿੰਘੰ ॥੧੦॥
ਚਲੇ ਤੀਰ ਤੀਖੇ। ਬਿਖੀਚੈ ਸਰੀਖੇ[4]।
ਬਡੇ ਸੇਲ ਠੇਲੇ। ਭਰੀ ਰੇਲ ਪੇਲੇ ॥੧੧॥
ਗੁਰੂ ਤਜਾਰ ਹੋਏ। ਰਿਪੂ ਜਾਨਿ ਢੋਏ[5]।
ਕਰਾਚੋਲ[6] ਪਾਯੋ। ਨਿਖੰਗੰ ਸੁਹਾਯੋ ॥੧੨॥
ਕੁਦੰਡੰ ਸੰਭਾਰਾ। ਕਠੋਰੰ ਉਦਾਰਾ।
ਮੰਗਾਯੋ ਸੁ ਨੀਲਾ। ਸ਼ਿੰਗਾਰਜੋ ਛਬੀਲਾ ॥੧੩॥
ਚਢਜੋ ਤਾਤਕਾਲਾ। ਰਿਪੂ ਪੁੰਜ ਕਾਲਾ[7]।
ਜਿਗਾ ਸੋ ਕਲੰਗੀ[8]। ਸੁਹਾਵੈ ਉਤੰਗੀ ॥੧੪॥
ਨਗਾਰਾ ਬਜਾਯੋ। ਦੁਚੋਬੈ ਲਗਾਯੋ।
ਹਯੰ ਹੀਨ[9] ਜੇਈ। ਚਲੇ ਸਿੰਘ ਤੇਈ ॥੧੫॥
ਸੁ ਕੰਧੈ ਤੁਫੰਗਾ। ਮਹਾਂ ਬੇਗ ਸੰਗਾ।
ਲਘੁ ਏਕ ਨਾਰਾ[10]। ਤਿਸੀ ਵਾਰ ਪਾਰਾ[11] ॥੧੬॥
ਲਰਾਈ ਮਚਾਈ। ਇਤੈ ਉੱਤ ਜਾਈ।
ਕਦੇ ਵਾਰ ਆਵੈਂ[12]। ਕਦੇ ਪਾਰ ਜਾਵੈਂ ॥੧੭॥

---

[1]ਵਰਮੀ ਵਿਚ ਜਿਵੇਂ ਸੱਪ (ਧਸਦਾ ਹੈ ਤਿਵੇਂ) ਬਰਛੇ ਅੰਗਾਂ ਵਿੱਚ ਧਸਾਉਂਦੇ ਹਨ।
[2]ਇਨ੍ਹਾਂ ਤੋਂ ਆਦਿ।
[3]ਕ੍ਰੋਧ ਕਰਕੇ ਸ਼ੇਰ ਵਾਂਙੂ।
[4]ਸੱਪਾਂ ਵਰਗੇ।
[5]ਇਹ ਜਾਣਕੇ ਕਿ ਵੈਰੀ (ਨੇੜੇ) ਆ ਢੁੱਕੇ ਹਨ।
[6]ਤਲਵਾਰ।
[7]ਸਾਰੇ ਵੈਰੀਆਂ ਦੀ ਮੌਤ।
[8]ਕਲਗ਼ੀ।
[9]ਪੈਦਲ।
[10](ਪਾਣੀ) ਦਾ ਨਾਲਾ।
[11]ਉਰਵਾਰ ਤੇ ਪਾਰ।
[12]ਕਦੇ ਉਰਲੇ ਪਾਸੇ ਆਉਂਦੇ ਹਨ।

ਸੁ ਤਾਮੋ[1] ਦਿਖਾਏ। ਮਨੋ ਬਾਜ਼ ਆਏ।
ਤਥਾ ਸਿੰਘ ਧਾਏ। ਨਹੀਂ ਤ੍ਰਾਸ ਪਾਏ ॥੧੮॥
ਭਯੋ ਭੇਰ ਬਾਰੀ। ਪਰੀ ਭੂਰ ਮਾਰੀ।
ਮਹਾਂ ਲੋਹ ਮਾਚਾ। ਰਜੰ ਸ਼੍ਰੋਣ ਰਾਚਾ ॥੧੯॥
ਦੋਹਰਾ: ਪੰਚਹੁਂ ਮੁਕਤੇ ਸਿੰਘ ਜਬਿ, ਅਰੁ ਆਲਮ ਸਿੰਘ ਬੀਰ।
ਸਲਿਤਾ ਦਲ ਤੁਰਕਾਨ ਕੋ, ਅਰੇ ਸੈਲ ਸਮ ਧੀਰ[2] ॥੨੦॥
ਤਿਸ ਨਾਰੇ ਕੇ ਪਾਰ ਹੀ, ਰੋਕਯੋ ਦਲ ਸਮੁਦਾਇ।
ਗਿਰੇ ਹਜ਼ਾਰਹੁਂ ਪ੍ਰਾਨ ਬਿਨ, ਥਿਰੇ ਤ੍ਰਾਸ ਕੋ ਪਾਇ ॥੨੧॥
ਰਸਾਵਲ ਛੰਦ: ਚਲੈਂ ਯੌਂ ਤੁਫੰਗੈ। ਭਟੰ ਅੰਗ ਭੰਗੈਂ।
ਹਯੰ ਤੇ ਉਥੱਲੈਂ। ਨਹੀਂ ਅੰਗ ਹੱਲੈਂ ॥੨੨॥
ਖਰੇ ਘਾਵ ਝੱਲੈਂ। ਪਿਛਾਰੀ ਨ ਚੱਲੈਂ।
ਬਕੈਂ 'ਮਾਰ ਮਾਰਾ।' ਬਡੋ ਹੇਲ ਡਾਰਾ ॥੨੩॥
ਥਿਰੇ ਸਿੰਘ ਝੱਲੈਂ। ਨਹੀਂ ਪੈਰ ਹੱਲੈਂ।
ਤੁਫੰਗੰ ਚਲਾਵੈਂ। ਤੁਰੰਗੰ ਫੰਧਾਵੈਂ ॥੨੪॥
ਜਿਸੀ ਕੌ ਤਕਾਵੈਂ। ਤਿਸੀ ਕੋ ਗਿਰਾਵੈਂ।
ਦਸੰ ਬੀਸ ਗੇਰੇ। ਥਿਰੇ ਔਰ ਹੇਰੇ ॥੨੫॥
ਮਰੇ ਹੇਰਿ ਬੀਰੰ। ਕਿਤੇ ਹੋਤਿ ਭੀਰੰ[3]।
ਘਨੇ ਗੇਰਿ ਘੋਰੇ। ਕਿਤੇ ਪੇਟ ਫੋਰੇ ॥੨੬॥
ਕਿਤੇ ਅੰਗ ਤੋਰੇ। ਕਿਤੇ ਛੂਛ ਦੌਰੇ।
ਭਏ ਸ਼ੱਤ੍ਰ ਬੌਰੇ। ਮਹਾਂ ਡੌਰ ਭੌਰੇ ॥੨੭॥
ਤਬੈ ਪੈਂਡ ਖਾਨਾ। ਹੰਕਾਰੀ ਮਹਾਂਨਾ।
ਪ੍ਰਹਾਰੈ ਸੁ ਬਾਨਾ। ਨ ਕੋਊ ਸਮਾਨਾ ॥੨੮॥
ਤਬੈ ਦੇਖਿ ਜੁੱਧਾ। ਰਿਦੈ ਕੀਨਿ ਕ੍ਰੁੱਧਾ।
ਤਬੈ ਅੱਗ੍ਰ ਆਯੋ। ਸੁ ਊਚੇ ਸੁਨਾਯੋ ॥੨੯॥
ਦੋਹਰਾ: 'ਦੀਨ ਮਜਬ ਕੋ ਜੁੱਧ ਇਹ,
ਹਮ ਜੂਝਨਿ ਕੋ ਆਇ।
ਗੁਰੂ ਤੁਮਾਰੇ ਬਡ ਬਲੀ,
ਮੋ ਕਹੁ ਬਹੁਤ ਸੁਨਾਇੰ[4] ॥੩੦॥

---
[1]ਤਾਮਾ = ਬਾਜਾਂ ਨੂੰ ਜੋ ਮਾਸ ਖਾਣ ਨੂੰ ਦੇਈਦਾ ਹੈ।
[2]ਨਦੀ ਵਰਗੇ ਤੁਰਕਾਂ ਦੇ ਦਲ ਅੱਗੇ ਪਹਾੜ ਵਾਂਙੂ ਅੜ ਖੜੋਤੇ ਧੀਰਜ ਧਾਰਕੇ।
[3]ਕਈ ਕਾਇਰ ਹੋ ਜਾਂਦੇ ਹਨ।
[4]ਮੈਨੂੰ ਬਹੁਤ ਸੁਣਾਂਵਦੇ ਹੁੰਦੇ ਹਨ।

ਰਸਾਵਲ ਛੰਦ: ਲਰੌਂ ਤਾਂਹਿ ਸੰਗਾ। ਪਿਖੋ ਮੋਹਿ ਜੰਗਾ।
ਜਬੈ ਆਪ ਆਵੈਂ। ਸੁ ਹਾਥੰ ਦਿਖਾਵੈਂ ॥੩੧॥
ਦਿਖੈਂ ਮੋਰ ਹਾਥਾ। ਲਰੈਂ ਬਾਨ ਸਾਥਾ।
ਅਹੈ ਚਾਹ ਮੋਰੀ। ਲਰੌਂ ਨਾਂਹਿ ਔਰੀ[1] ॥੩੨॥
ਪਿਖੋ ਤੀਰ ਬਿੱਦਜਾ। ਕਰੈਂ ਬੀਰ ਭਿੱਦਜਾ[2]।'
ਜਬੈ ਬਾਕ ਗਾਏ। ਇਤੇ ਬੀਚ ਆਏ ॥੩੩॥
ਅਲੰਕਾਰ ਚਾਰੂ। ਦਿਪੈ ਰੂਪ ਭਾਰੂ।
ਸੁ ਨੀਲਾ[3] ਕੁਦਾਯੋ। ਸਬੈ ਮੈਂ ਸੁਹਾਯੋ ॥੩੪॥
ਗੁਰੂ ਬਾਕ ਭਾਖਾ। 'ਸੁਨੋਂ ਖਾਨ ਮਾਖਾ[4]!
ਮਹਾਂ ਸ਼ੱਤ੍ਰੁ ਮੇਰਾ। ਬਿਜੈ ਜੰਗ ਹੇਰਾ ॥੩੫॥
ਦਿਖੋਂ ਹਾਥ ਤੇਰੇ। ਸਹੋ ਬਾਨ ਮੇਰੇ।
ਕਰੋ ਵਾਰ ਆਈ। ਬਿਸੂਰੈਂ ਪਿਛਾਈ[5]' ॥੩੬॥
ਸੁਨੀ ਪੈਂਡਖਾਨਾ। ਦਿਲੇਰੀ ਮਹਾਂਨਾ।
ਰਿਦੈ ਬੀਚ ਜਾਨਾ[6]। -ਨਹੀਂ ਤ੍ਰਾਸ ਮਾਨਾ ॥੩੭॥
ਅਰੈ ਮੋ ਅਗਾਰੀ। ਸਹੈ ਤੀਰ ਭਾਰੀ।
ਕਿ ਜੈ ਹੈ ਪਲਾਈ। ਜਬੈ ਬਾਨ ਖਾਈ[7]- ॥੩੮॥
ਕਹਯੋ ਉਚ ਵਾਕੰ। 'ਕਿਜੈ ਵਾਰ ਪ੍ਰਾਕੰ[8]।
ਹਿੰਦੂ ਕੇਰ ਪੀਰੰ! ਅਹੋ ਬੀਰ ਧੀਰੰ ॥੩੯॥
ਲਗੈ ਵਾਰ ਮੇਰਾ। ਹਯੰ ਦੇਹਿ ਗੇਰਾ।
ਬਚੈਂਗੇ ਨ ਪ੍ਰਾਨਾ। ਬਿਧੌਂ ਏਕ ਬਾਨਾ[9] ॥੪੦॥

ਦੋਹਰਾ: ਮਮ ਖਤੰਗ ਬਡ ਜ਼ਾਲਮੀ,
ਕਰਦਮ ਗਰਦ ਸ਼ਿਤਾਬ[10]।
ਬਿਨਾ ਜਤਨ ਜਿਮ ਮਰਦਬੇ[11], ਬਿਨਸੈ ਫੂਲ ਗੁਲਾਬਿ ॥੪੧॥

---

[1]ਹੋਰ ਕਿਸੇ ਨਾਲ।
[2](ਜਿਸ ਨਾਲ) ਸੂਰਮਿਆਂ ਨੂੰ ਵਿੰਨ੍ਹਦੇ ਹਨ।
[3]ਨਾਮ ਘੋੜੇ ਦਾ।
[4]ਹੇ ਗੁੱਸੇ ਵਾਲੇ ਖਾਨ! ਸੁਣ।
[5]ਪਿੱਛੋਂ ਪਛਤਾਏਂਗਾ।
[6](ਕਿ ਇਨ੍ਹਾਂ ਨੇ ਮੇਰਾ) ਡਰ ਨਹੀਂ ਮੰਨਿਆਂ।
[7]ਜਦੋਂ ਮੇਰਾ ਬਾਣ ਖਾਧਾ।
[8]ਇਕੋ ਬਾਣ ਨਾਲ ਹੀ ਵਿੰਨ੍ਹ ਦਿਆਂਗਾ।
[9]ਪਹਿਲੇ।
[10]ਛੇਤੀ ਹੀ ਗਰਦ ਵਿਚ ਮਿਲਾ ਦੇਣ ਵਾਲਾ ਮੇਰਾ ਬਾਣ ਵਡਾ ਜ਼ਾਲਮ ਹੈ।
[11]ਮਲਣ ਨਾਲ ਹੀ।

ਪਾਧੜੀ ਛੰਦ: ਸੁਨਿ ਗੁਰੂ ਤਬਹਿ ਉੱਤਰ ਬਖਾਨਿ।
'ਅੱਬਲ ਸੁ ਵਿੰਗਾਰੇ ਆਪ ਆਨਿ।
ਅੱਵਲ ਸੁ ਵਾਰ ਕਰਦਮ ਬਨੰਤਿ[1]।
ਇਹੁ ਰੀਤ ਜੰਗ ਕੀ ਭਟ ਲਖੰਤਿ' ॥੪੨॥
ਸੁਨਿ ਕਰਿ ਪਠਾਨ ਚਮਕ੍ਯੋ ਬਿਲੰਦ।
ਦਲ ਦੁਊ ਦਿਖਤਿ ਹੁਇ ਕੋ ਨਿਕੰਦ? -।
ਸਭਿ ਸਿੰਘ ਲਖੈਂ -ਹਤਿ ਪ੍ਰਾਨ ਖਾਨ[2]।
ਗੁਰ ਸੰਗ ਜੁਟਯੋ, ਨਹਿਂ ਦੇਹਿਂ ਜਾਨ- ॥੪੩॥
ਸਭਿ ਤੁਰਕ ਭਨਹਿਂ 'ਇਹ[3] ਬਲਿ ਮਹਾਂਨ।
ਭਟ ਲਖਹਿਂ ਸੁ ਵਿੱਦਜਾਵਾਨ ਖਾਨ।
ਜਬਿ ਤਜਹਿ ਤੀਰ ਗੁਰ ਬਚੈਂ ਨਾਂਹਿ।
ਅਬਿ ਫਤੇ ਹੋਹਿ ਹਮ ਜੰਗ ਮਾਂਹਿ' ॥੪੪॥
ਬਖਤਰ[4] ਦੁਊਨ ਕੇ ਅੰਗ ਸੰਗ।
ਦੋਨਹੁਂ ਪ੍ਰਹਾਰ ਜਾਨਹਿਂ ਖਤੰਗ।
ਬਾਂਛਤਿ ਬਿਸਾਲ ਦੋਨਹੁਂ ਸੁ ਜੰਗ।
ਦ੍ਵੈ ਬੀਰ ਬਹਾਦੁਰ ਸ਼ੱਤ੍ਰੁ ਭੰਗ ॥੪੫॥
ਹਤਿ ਬਲੀ ਚੁਫੇਰੇ ਫੇਰਿ ਖਾਨ।
ਗੁਰ ਦਿਸ਼ਿ ਤਕਾਇ ਬਗਰਾਇ[5] ਬਾਨ।
ਐਂਚ੍ਯੋ ਕੁਦੰਡ ਕਰਿ ਲੱਛ ਭਾਲ[6]।
ਹੁਇ ਸਮੁਖ ਤਜਾਗ ਦੀਨਸਿ ਕਰਾਲ ॥੪੬॥
ਬਡ ਬੇਗ ਸੰਗ ਸ਼ੂੰਕ੍ਯੋ ਛੁਟੰਤਿ।
ਜਨੁ ਸਰਪ ਕੁਲੀ ਤੱਛਕ ਲਸੰਤਿ[7]।
ਗੁਰੂ ਤੇਜ ਹਾਥ ਬਹਿਕਾਇ ਦੀਨਿ[8]।
ਬਡ ਹੁਤੋ ਸਬਿੱਦਜਕ ਸਰਬ ਚੀਨ[9] ॥੪੭॥

---

[1]ਭਾਵ ਜੋ ਪਹਿਲਾਂ ਆਕੇ ਵੰਗਾਰੇ ਉਸ ਨੂੰ ਵਾਰ ਪਹਿਲਾਂ ਹੀ ਕਰਨਾ ਬਣਦਾ ਹੈ।
[2]ਖਾਨ ਦੇ ਪ੍ਰਾਣ ਨਾਸ਼ ਹੋ ਜਾਣਗੇ।
[3]ਭਾਵ ਪੈਂਡੇ ਖਾਨ।
[4]ਸੰਜੋਆਂ।
[5]ਚਿੱਲੇ ਵਿਚ ਬਾਗਰ ਰੱਖਕੇ ਤੀਰ ਖਿੱਜਣਾ। [ਬਾਗਰ ਜਾਂ ਬਾਗੜ ਤੀਰ ਦੇ ਪਿਛਲੇ ਸਿਰੇ ਦਾ ਨਾਉਂ ਹੈ ਉਸ ਦੀ ਕ੍ਰਿਆ ਹੈ:-ਬਗਰਾਉਣਾ]।
[6]ਧਨੁਖ ਖਿੱਚ ਕੇ ਮੱਥੇ ਦਾ ਨਿਸ਼ਾਨਾ ਤੱਕਕੇ।
[7]ਮਾਨੋਂ ਸਰਪ ਦੀ ਕੁਲ ਵਿਚੋਂ ਤੱਛਕ ਨਾਗ ਚਮਕਦਾ ਹੈ।
[8]ਗੁਰੂ ਜੀ ਦੇ ਤੇਜ ਨੇ ਹੱਥ ਕੰਬਾ ਦਿਤਾ।
[9]ਭਾਵੇਂ ਵਿਦਜਾਵਾਨ ਤੇ ਸਭ ਕੁਝ ਜਾਨਣ ਵਾਲਾ ਸੀ (ਭਾਵ ਤੀਰੰਦਾਜ਼ੀ ਦੇ ਭੇਤ)।

ਸਰ ਤਊ ਲਗਯੋ ਨਹਿਂ ਬੀਚ ਭਾਲ।
ਛੁਇ ਕਾਨ ਸਾਥ ਪੁਨ ਅੱਗ੍ਰ ਚਾਲ।
ਪਿਖਿ ਗੁਰੂ ਕਹਤਿ 'ਕਿਹ ਨਿਕਟ ਸੀਖ[੧]?
ਬਡ ਤੀਰਮਦਾਜ ਨ ਅਪਰ ਦੀਖ[੨] ॥੪੮॥
-ਚੁਕ ਗਯੋ- ਰਹਹਿ ਪਛਤਾਵ ਭੂਰ[੩]।
ਸਭਿ ਗਯੋ ਨਿਫਲ ਜੇਤਿਕ ਗ਼ਰੂਰ।
ਅਬਿ ਫੇਰ ਵਾਰਿ ਦੂਸਰ ਕਰੇਹੁ।
ਨਹਿਂ ਰਹਹਿ ਮਾਖਤਾ[੪] ਹੇਰਿ ਲੇਹੁ' ॥੪੯॥
ਸੁਨਿ ਕੈ ਪਠਾਨ ਹੁਇ ਲਾਜ ਹੀਨ।
ਨਹਿਂ ਕਹਤਿ ਬਾਤ ਮੁਖ ਮੌਨ ਕੀਨਿ।
ਉਰ ਮੈਂ ਬਿਸੂਰਿ ਕਰ ਕੈ ਬਿਚਾਰ।
-ਕਜ਼ਾ ਭਯੋ ਮੋਹਿ ਗਾ ਨਿਫਲ ਵਾਰ- ॥੫੦॥
ਹਯ ਕੋ ਧਵਾਇ ਗੁਰ ਭਾਖਿ ਫੇਰ।
'ਕਰਿ ਵਾਰ ਖਾਨ ਪੁਨ ਦੁਤਿਯ ਬੇਰ।'
ਪ੍ਰਭੁ ਵਾਰ ਵਾਰ ਤਿਹ ਕੋ ਸੁਨਾਇਂ।
'ਮਨ ਰਖਹੁ ਨਾਂਹਿ ਕਰਿ ਲੇਹੁ ਦਾਇ' ॥੫੧॥
ਤਬਿ ਪੈਂਡਖਾਨ ਚਪਿ ਕਹਤਿ ਬੈਨ।
'ਸਨਮੁਖ ਨ ਹੋਤਿ ਮੁਹਿ ਲਾਜ ਨੈਨ।
ਮੈਂ ਨਿਕਟਿ ਹੋਇ ਇਮ ਬਾਨ ਤਜਾਗ।
ਤੁਮ ਜਿਯਤ ਦਿਖਹੁ ਨਹਿਂ ਕਿਤਹੁ ਲਾਗ[੫] ॥੫੨॥
ਬਹੁ ਕਰਾਭਜਾਸ ਤਿਸੁ ਕੋ ਧਿਕਾਰ[੬]।
ਇਸ ਵਖਤ ਚੁਕਯੋ ਦੁਇ ਦਲ ਮਝਾਰ।
ਹੁਇ ਬੀਰ ਬਹਾਦਰ ਏਕ ਵਾਰ।
ਪਰ ਕਹਤਿ ਅਬੈ ਤੁਮ ਬਾਰਬਾਰ ॥੫੩॥
ਤਮਰੇ ਵਚੰਨ ਕੋ ਵਾਰ ਦੂਜ।
ਕਰਿਬੋ ਬਨਯੋ, ਹਹੁ ਦੀਹ ਪੂਜ[੭]।

---

[੧]ਕਿਸ ਪਾਸੋਂ ਸਿੱਖਿਆ ਹੋਈ?
[੨]ਤੇਰੇ ਨਾਲੋਂ ਵੱਡਾ ਤੀਰੰਦਾਜ਼ ਹੋਰ ਨਹੀਂ ਡਿੱਠਾ!
[੩]ਇਹ ਪਛਤਾਵਾ ਨਾ ਰਹਿ ਜਾਵੇ ਕਿ ਮੇਰਾ ਨਿਸ਼ਾਨਾ ਚੁੱਕ ਗਿਆ।
[੪]ਗੁੱਸੇ ਦਾ ਭਾਵ, ਰੰਜ, ਅਰਮਾਨ।
[੫]ਕਿਧਰੇ ਲੱਗਾ ਨਹੀਂ।
[੬]ਮੇਰੇ ਬਹੁਤ ਅਭਿਆਸ ਕੀਤੇ ਨੂੰ ਧ੍ਰਿਕਾਰ ਹੈ।
[੭]ਆਪ ਸਮੂਹ ਦੇ ਪੂਜਯ ਹੋ, ਆਪਦੇ ਕਹਿਣੇ ਉਪਰ ਕਰਨਾ ਬਣਿਆਂ।

ਨਹਿਂ ਕਰਹੁਂ ਨਾਂਹਿ, ਇਹ ਲਖਹੁ ਆਇ[1]।
ਸਵਧਾਨ ਆਪ ਹੂਜਹਿ ਬਨਾਇ' ॥੫੪॥
ਕਹਿ ਕਰਿ ਕੁਦੰਡ ਲੀਨਸਿ ਕਠੋਰ।
ਭਾਥਾ ਮਝਾਰ[2] ਸਰ ਕਾਢਿ ਘੋਰ[3]।
ਬਾਗਰ ਧਸਾਇ ਬਿਚ ਪਨਚ ਫਾਗ[4]।
ਕਰਿ ਸ਼ਿਸਤ ਐਂਚਿ ਕਰ ਸ਼੍ਰੋਣ ਲਾਗ[5] ॥੫੫॥
ਬਖਤਰ[6] ਸਰੀਰ ਆਛਾਦ ਹੇਰਿ।
-ਨਹਿਂ ਨਗਨ ਅੰਗ ਜਿਤ ਹਨਹਿ ਫੇਰ-।
ਬਹੁਰੋ ਬਿਸਾਲ ਸ਼ੁਭ ਭਾਲ ਜਾਨਿ।
ਤਕ ਕੈ ਮਹਾਨ ਬਲ ਜੁਤਿ ਪਠਾਨ ॥੫੬॥
ਸਮ ਸਰਪ ਛੋਰਿ ਤੀਖਨ ਖਤੰਗ।
ਜਿਸ ਬੇਗ ਬਹੁਤ ਤੀਖ਼ਨ ਸੁਢੰਗ[7*]।
ਖਪਰਾ ਦਰਾਜ਼ ਖਰ ਸਾਨ ਲਾਗ[8]।
ਸ਼ੂੰਕਯੋ ਸੁ ਜਾਤਿ ਜਬਿ ਖਾਨ ਤਜਾਗ ॥੫੭॥
[12]ਲਟਪਟੀ ਸ਼ਾਲ ਗੁਰ ਸਿਰ ਲਪੇਟ।
ਤਿਹ ਛੋਰ ਸਾਥ ਕਰਿ ਤੀਰ ਭੇਟ।
ਊਪਰ ਉਠਾਇ ਗਾ ਅੱਗ੍ਰ ਦੂਰ[9]।
ਬਿਸਮਾਇ ਰਹੇ ਦਲ ਦੁਹਨਿ ਸੂਰ ॥੫੮॥
ਡੂਬਯੋ ਪਠਾਨ ਬਹੁ ਲਾਜ ਮਾਂਹਿ।
ਤੁਰਕਾਨ ਬਿਖੈ ਬਡ ਨਾਮ ਜਾਂਹਿ।
[10]-ਢਿਗ ਅੱਗ੍ਰ ਲੱਛ ਬਨ ਸ਼ੱਤ੍ਰ ਬੀਰ[11]।

---

[1]ਮੈਂ ਨਾਂਹ ਨਹੀਂ ਕਰਦਾ ਇਹ (ਬਾਣ) ਆਯਾ ਜਾਣੋ।
[2]ਭੱਥੇ ਵਿੱਚੋਂ।
[3]ਭਿਆਨਕ ਤੀਰ ਕੱਢਿਆ।
[4]ਚਿੱਲੇ ਦੇ ਗੋਫੀਏ ਵਿਚ [ਫਾਗ = ਚਿੱਲੇ ਵਿਚਲਾ ਬਾਗਰ ਦੇ ਟਿਕਣ ਦਾ ਥਾਂ]।
[5]ਖਿੱਚਿਆ ਕਿ ਹੱਥ ਕੰਨਾਂ ਨੂੰ ਜਾ ਲੱਗਾ।
[6]ਸੰਜੋਅ ਨਾਲ।
[7]ਜਿਸਦਾ ਵੇਗ ਬਹੁਤ ਤਿੱਖਾ ਤੇ ਠੀਕ ਢੰਗ ਦਾ (ਨਿਸ਼ਾਨੇ ਬੈਠਣ ਵਾਲਾ) ਹੈ।
[*]ਪਾ:-ਕੁਢੰਗ।
[8]ਲੰਬਾ ਤੇ ਤ੍ਰਿੱਖਾ ਤੀਰ ਸਾਣ ਤੇ ਲਗਾ ਹੋਇਆ।
[9]ਮੋਹਤ ਕਰਨ ਵਾਲਾ (ਪਸ਼ਮੀਨੇ ਯਾ ਰੇਸ਼ਮ ਦਾ) ਸਾਫਾ ਸਿਰ ਤੇ ਲਪੇਟਿਆ ਹੋਇਆ ਸੀ, ਤਿਸ ਦੇ ਪੱਲੇ ਦੇ ਨਾਲ ਤੀਰ ਮਿਲਕੇ (ਉਸ ਪੱਲੇ ਨੂੰ) ਉੱਪਰ ਉਠਾਕੇ ਅੱਗੇ ਨਿਕਲ ਗਿਆ [ਲਟਪਟੀ = ਜੋ ਸੁਆਰ ਕੇ ਨਾ ਬੱਧੀ ਹੋਵੇ ਪੱਗ, ਪਰ ਚਿਹਰੇ ਦੀ ਸੁੰਦਰਤਾ ਨੂੰ ਫਿਰ ਬੀ ਦੁਬਾਲਾ ਕਰ ਰਹੀ ਹੋਵੇ]।
[10]ਪੈਂਡਖਾਨ ਵਿਚਾਰਦਾ ਹੈ।
[11]ਸੂਰਮਾਂ ਸ਼ੱਤ੍ਰ ਨਿਸ਼ਾਨਾ ਬਣਕੇ ਸਾਹਮਣੇ ਹੈ ਤੇ.....।

ਮੁਝ ਕੋ ਪ੍ਰਚਾਰ ਥਿਰਤਾ ਸਧੀਰ[1] ॥੫੯॥
ਸਦ ਹੈਫ[2] ਕਰਨ ਬਿੱਦਜਾ ਬਿਸਾਲ।
ਨਹਿਂ ਸਰਜੋ ਕਾਰ ਜਬਿ ਜੰਗ ਕਾਲ।
ਅਬਿ ਵਾਰਿ ਤਿਨਹੁਂ ਕੁਹ ਬਨਹਿ ਦੇਨਿ।
ਜਿਮ ਕਿਯੇ ਜੰਗ ਮਹਿਂ ਦੇਨਿ ਲੇਨਿ- ॥੬੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਅਸ਼ਟਮੋਂ ਅੰਸੂ ॥੮॥

---
[1] ਸਹਤ ਧੀਰਜ ਦੇ ਖਲੋ ਕੇ ਮੈਨੂੰ ਵੰਗਾਰ ਰਿਹਾ ਹੈ।
[2] ਅਫਸੋਸ।

## ੯. [ਪੈਂਡਾ ਖਾਨ ਬੱਧ]

੮<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੧੦

ਦੋਹਰਾ: ਇਸ ਬਿਧਿ ਹਤਿ ਕੈ ਖਾਨ ਸਰ ਰਹਯੋ ਰਿਦੈ ਪਛੁਤਾਇ।
ਆਦਿਕ ਦੀਨਾ ਬੇਗ ਤੇ[੧] ਦੇਖਤਿ ਰਣ ਬਿਸਮਾਇ ॥੧॥

ਭੁਜੰਗ ਛੰਦ: ਰਹਯੋ ਖ਼ਾਨ ਠਾਂਢੋ ਬਡੀ ਲਾਜ ਪਾਏ।
ਪਿਖੈਂ ਬੀਰ ਸਾਰੇ ਜਥਾ ਜੰਗ ਦਾਏ।
ਦੁਊ ਬੀਰ ਬੰਕੇ ਅਰੀਲੇ ਬਿਸਾਲੇ[੨]।
ਦੁਊ ਸੈਨ ਸ੍ਵਾਮੀ ਕੁਦੰਡੰ ਸੰਭਾਲੇ ॥੨॥
ਦੁਊ ਤੇਜ ਘੋਰੇ ਕਰੇ ਓਜਵਾਰੇ।
ਦੁਊ ਤੀਰ ਬਿੱਦਜਾ ਗ਼ਰੂਰੀ ਕਰਾਰੇ[੩]।
ਦੁਊ ਜੰਗ ਜੇਤਾ ਕਰ ਜੀਤ ਆਸਾ।
ਦੁਊ ਜੰਗ ਕੋ[੪] ਪੁੰਜ ਦੇਖੈਂ ਤਮਾਸ਼ਾ ॥੩॥
ਗੁਰੂ ਜੀ ਤਬੈ ਫੇਰ ਨੀਲਾ ਫ਼ੰਦਾਯੋ।
ਖਰੋ ਖਾਨ ਕੇ ਸਾਥ ਊਚੇ ਅਲਾਯੋ।
'ਹਤੈਂ ਤੀਰ ਤੋਹੀ ਦਿਜੈ ਵਾਰ ਮੇਰਾ।
ਕਰਯੋ ਓਜ ਜੇਤੋ ਪਿਖਯੋ ਸਰਬ ਤੇਰਾ' ॥੪॥
ਸੁਨੇ ਖਾਨ ਬੋਲਯੋ 'ਲਿਜੈ ਵਾਰਿ ਦੋਈ।
ਜਥਾ ਮੈਂ ਕਰੇ ਆਪ ਕੇ ਸਾਥ ਸੋਈ।'
ਗੁਰੂ ਫੇਰ ਬੋਲੇ 'ਨਹੀਂ ਦੋਇ ਲੇ ਹੈਂ।
ਅਹੈ ਏਕ ਨੀਕੋ[੫] ਕਹੈਂ ਬੀਰ ਜੇ ਹੈਂ[੬*] ॥੫॥

ਦੋਹਰਾ: ਫਿਰਕਤਵਾਰ ਸੁ ਮੁਰਦਮਹਿਂ, ਹੋਤਿ ਹਰਾਮੈ ਖੋਰ[੭]।
ਯਾਂ ਤੇ ਪਲਟਾ ਹਮ ਕਰੈਂ, ਇਕ ਖਤੰਗ ਕਹੁ ਓਰਿ' ॥੬॥

ਸਾਬਾਸ ਛੰਦ: ਇਮ ਕਹਿ ਫੇਰਿਯ। ਗੁਰਹਯ ਪ੍ਰੇਰਿਯ।
ਬਨ ਸਵਧਾਨਹਿ। ਗਹਿ ਇਕ ਬਾਨਹਿ ॥੭॥

---

[੧]ਦੀਨਾ ਬੇਗ ਆਦਿਕਾਂ ਤੋਂ ਲੈਕੇ।
[੨]ਬਹੁਤ ਅੜਨ ਵਾਲੇ।
[੩]ਤੀਰ ਵਿਦਿਆ ਦੇ ਕਰੜੇ ਗ਼ਰੂਰ ਵਾਲੇ।
[੪]ਦੋਹਾਂ ਦੇ ਜੰਗ।
[੫]ਇੱਕੋ ਚੰਗਾ ਹੁੰਦਾ ਹੈ।
[੬]ਜੋ ਸੂਰਮੇ ਹਨ।
[*]ਸੌ ਸਾ: ਦਾ ਪਾਠ ਹੈ:-ਨੇਕੀ ਬਾਰ ਯਕ ਬਹਾਦਰ = ਬਹਾਦਰਾਂ ਵਿਚ ਇਕ ਵਾਰ ਨੇਕੀ ਵਾਰਾ (ਸਮਝੀਦਾ) ਹੈ, ['ਵਾਰ' ਦੇ ਅਰਥ ਹਨ = ਆਪਣੀ ਵਾਰੀ ਸਿਰ ਸ਼ੱਤ੍ਰੂ ਨੂੰ ਮਾਰਨ ਦਾ ਜਤਨ]।
[੭]ਮਰਦਾਂ ਵਿਚ ਫਿਰਕਤਵਾਰ ਹਰਾਮ ਖੋਰਾਂ (ਦਾ ਵਾਰ) ਹੁੰਦਾ ਹੈ [ਫਿਰਕਤ ਵਾਰ = ਵਾਰ ਦਿਤੇ ਬਿਨਾਂ ਯਾ ਆਪਣੀ ਵਾਰੀ ਤੋਂ ਬਿਨਾਂ ਵਾਰ ਕਰ ਦੇਣਾ]।

ਚਹੁੰਦਿਸ਼ਿ ਖਾਨਹਿ। ਫੇਰਿ ਕਿਕਾਨਹਿ।
ਬਖਤਰ ਬੰਧਿਯ[੧]। ਗੁਰਸਰ ਸੰਧਿਯ[੨] ॥੮॥
ਸਭਿ ਤਨੁ ਛਾਦਿਯ[੩]। ਕਿਤ ਨ ਦਿਖਾਦਿਯ[੪]।
ਜਿਤ ਸਰ ਮਾਰਹਿਂ। ਤਨ ਨ ਨਿਹਾਰਿਹਂ[੫] ॥੯॥
[੬]-ਬਖਤਰ ਸੰਗਹਿ। ਲਿਪਟਹਿ ਅੰਗਹਿ[੭]।
[੮]ਮਹਿਦ ਪਠਾਨਹਿ। ਕਿਤ ਹਨਿ ਬਾਨਹਿ[੯]-?
ਫਿਰਿ ਫਿਰਿ ਹੇਰਤਿ। ਹਯ ਬਰ ਪ੍ਰੇਰਤਿ ॥੧੦॥
ਧਨੁ ਸਰ ਜੋਰਿਯ[੧੦]। ਕਰਿ ਕਰ ਜੋਰਯ[੧੧]।
-ਲਛ ਨਹਿਂ ਟੋਰਿਯ[੧੨]। ਇਮ ਨਹਿਂ ਛੋਰਿਯ- ॥੧੧॥
ਫਿਰ ਬਹੁ ਦੇਖਤਿ। ਨਗਨ ਪਰੇਖਤਿ[੧੩]।
ਪਿਖਿ ਜਬਿ ਨੀਕਹਿ। ਸ਼੍ਰੋਨ ਨਜੀਕਹਿ[੧੪] ॥੧੨॥
ਨਗਨ ਸੁ ਥੋਰਿਯ। ਗੁਰ ਜਬਿ ਟੋਰਿਯ[੧੫]।
ਤਹਿਂ ਤਕਿ ਬਾਨਹਿ। ਸ਼ਿਸਤ ਨਿਸ਼ਾਨਹਿਂ ॥੧੩॥
ਖਰ ਖਪਰਾ ਧਰਿ[੧੬]। ਧਨੁ ਗੁਨ ਮੈਂ ਭਰਿ[੧੭]।
ਕਰਖਤਿ ਆਛਯ[੧੮]। ਛੋਰਨ ਬਾਛਯ ॥੧੪॥
ਸਰਪ ਸਾਨਹਿ। ਛੁਟਤਿ ਪਯਾਨਹਿ।
ਢਿਗ ਥਲ ਕਾਨਯ। ਲਗਤਿ ਸੁ ਬਾਨਯ[੧੯] ॥੧੫॥

---

[੧]ਸੰਜੋਅ ਬੰਨ੍ਹੀ ਹੋਈ ਸੀ (ਖ਼ਾਨ ਨੇ)।
[੨]ਜੋੜਿਆ ਚਿੱਲੇ ਵਿਚ (ਗੁਰੂ ਜੀ ਨੇ)।
[੩]ਢਕਿਆ ਹੋਇਆ ਸੀ।
[੪]ਕਿਤੋਂ ਬੀ ਨਾ ਦਿਖਾਈ ਦਿੰਦਾ ਸੀ।
[੫]ਸਰੀਰ ਨਹੀਂ ਸੀ ਦਿੱਸਦਾ।
[੬]ਗੁਰੂ ਜੀ ਸੋਚਦੇ ਹਨ।
[੭]ਲਪੇਟੇ ਹੋਏ ਹਨ ਅੰਗ (ਸਾਰੇ)।
[੮](ਇਸ) ਵੱਡੇ ਪਠਾਣ ਦੇ ਤੀਰ ਕਿੱਥੇ ਮਾਰੀਏ?
[੯]ਗੁਰੂ ਜੀ ਫਿਰ ਫਿਰਕੇ ਤੱਕਦੇ ਹਨ।
[੧੦]ਜੋੜਿਆ।
[੧੧]ਹੱਥ ਦਾ ਜ਼ੋਰ ਕਰਕੇ।
[੧੨]ਨਿਸ਼ਾਨੇ ਦਾ ਥਾਂ ਨਹੀਂ ਲਭਦਾ।
[੧੩]ਨੰਗਾ (ਅੰਗ) ਲੱਭਦੇ ਹਨ।
[੧੪]ਕੰਨ ਦੇ ਕੋਲ।
[੧੫]ਲੱਭ ਲਿਆ।
[੧੬]ਫੜਕੇ।
[੧੭]ਧਨੁੱਖ ਦੇ ਚਿੱਲੇ ਵਿਚ ਭਰਕੇ।
[੧੮]ਚੰਗੀ ਤਰ੍ਹਾਂ ਖਿੱਚਿਆ।
[੧੯]ਉਹ ਬਾਣ ਜਾ ਲੱਗਾ।

ਭੁਜੰਗ ਪ੍ਰਯਾਤ ਛੰਦ: ਲਗਯੋ ਬਾਨ ਕਾਨੰ ਨਜੀਕੰ ਬਿਸਾਲਾ।
ਗਿਰਯੋ ਭੂਮ ਮੈਂ ਖਾਨ ਕੀਨੇ ਉਤਾਲਾ[1]।
ਗਯੋ ਭਾਜ ਘੋਰਾ ਜਬੈ ਛੂਛ ਹੋਵਾ।
ਪਰਯੋ ਬੀਰ ਭਾਰੋ ਚਮੂੰ ਦੌਨ ਜੋਵਾ ॥੧੬॥
ਗੁਰੂ ਸੈਫ ਖੈਂਚੀ ਬਡੀ ਤਾਤਕਾਲਾ।
ਭਏ ਸੀਸ ਉਪੈ ਖਰੇ ਕੈ ਉਤਾਲਾ[2]।
ਪਿਖੇ ਭੀਮ ਰੂਪੰ ਭਯੋ ਖਾਨ ਭੀਰਾ[3]।
ਮਹਾਂ ਤ੍ਰਾਸ ਮਾਨਯੋ ਮ੍ਰਿਤੂ ਤੇ ਅਧੀਰਾ ॥੧੭॥
ਭਨੇ ਦੀਨ ਬੈਨੰ 'ਗੁਰੂ ਜੀ ਰਖੀਜੈ।
ਮਹਾਂ ਤੇਗ਼ ਤੀਖੀ ਨ ਗ੍ਰੀਵਾ ਕਟੀਜੈ।'
ਪ੍ਰਭੂ ਫੇਰ ਬੋਲੇ 'ਪਠਾਨਾ[4] ਸੰਭਾਲੋ।
ਅਬੈ ਰਾਖਬੇ ਕੋ ਲਖਯੋ ਕੌਨ ਕਾਲੋ[5]? ॥੧੮॥
ਕਰੋ ਯਾਦ ਕਲਮਾ ਲਖੋ ਪ੍ਰਾਨ ਅੰਤਾ।
ਮਹਾਂ ਬਾਨ ਘਾਵੰ ਬਚੈਂ ਨਾ ਕਦੰਤਾ[6]।'
ਇਮੰ ਬੋਲਤੇ ਸੈਫੰ ਸਾਫੰ ਚਲਾਈ।
ਜੁਦੋ ਰੁੰਡ ਤੇ ਮੁੰਡ ਕੀਨੋ ਤਦਾਈ ॥੧੯॥
ਜਬੈ ਮਾਰਿ ਲੀਨੋ ਭਏ ਸ਼ੱਤ੍ਰ ਦੀਨੰ।
ਫਤੇ ਖਾਲਸੇ ਦੇਖਿ ਆਨੰਦ ਕੀਨੰ।
ਬਜੇ ਦੀਹ ਬਾਜੇ ਸੁ ਧੌਂਸੇ ਧੁੰਕਾਰੇ।
ਅਪੋ ਆਪ ਮੈਂ ਬੀਰ ਬੰਕੇ ਬਕਾਰੇ ॥੨੦॥
ਕਿਨੂ ਖੱਗ ਖੈਂਚੇ ਬਡੇ ਬਾਢ ਵਾਰੇ[7]।
ਮਹਾਂ ਜੁੱਧ ਜੂਝੇ ਜੁਝਾਰੇ ਕਰਾਰੇ।
ਤੁਫੰਗਾਨਿ ਕੌ ਮਾਰਿ ਕੈ ਏਕ ਬਾਰੀ।
ਮਿਲੀ ਦੌਨ ਸੈਨਾ ਭਿਰੇ ਭੇਰ ਭਾਰੀ ॥੨੧॥

---

[1]ਛੇਤੀ ਨਾਲ।
[2]ਸਿਰ ਤੇ ਛੇਤੀ ਨਾਲ ਜਾ ਖੜੋਤੇ।
[3]ਕਾਇਰ ਹੋ ਗਿਆ।
[4]ਪਠਾਣ ਪੁਣਾ।
[5](ਭਾਵ) ਜਾਨ ਬਚਾਉਣ ਦਾ ਸਮਾਂ ਲੰਘ ਚੁਕਾ ਹੈ (ਕਿਉਂਕਿ) ਅਗੇ ਦੱਸਦੇ ਹਨ ਕਿ ਤੀਰ ਦਾ ਜ਼ਖਮ ਕਾਰੀ ਲੱਗ ਚੁਕਾ ਹੈ।
[6]ਤੈਨੂੰ ਤੀਰ ਦਾ ਜ਼ਖਮ ਬੜਾ ਕਾਰੀ ਲੱਗ ਚੁਕਾ ਹੈ, ਤੂੰ ਬਚ ਕਿਵੇਂ ਨਹੀਂ ਸਕਦਾ। ਤੀਰ ਦੇ ਲੱਗੇ ਜ਼ਖਮ ਨਾਲ ਉਸ ਨੂੰ ਲੁਛ ਲੁਛ ਕੇ ਮਰਨ ਦੇ ਨਾਲੋਂ ਉਸ ਨੂੰ ਛੇਤੀ ਪਾਰ ਕਰਨਾ ਤੜਫਨੀ ਘਟਾਉਣਾ ਹੈ, ਇਸ ਸਮੇਂ ਇਹ ਭੀ ਤਰਸ ਹੈ
[7]ਤਿੱਖੀ ਧਾਰ ਵਾਲੇ।

ਤਮਾਂਚੇ ਕਰਾਚੋਲ ਨੇਜ਼ੇ ਪ੍ਰਹਾਰੇ।
ਗਿਰਜੋ ਸ਼੍ਰੋਨ ਭੂਮੰ ਦਬਜੋ ਖੇਹ ਸਾਰੇ।
ਧਕਾਧੱਕ ਧੀਰੰ ਹਥਾਵੱਥ ਹੋਏ।
ਕਿਨੈ ਮਾਰਿ ਸਾਂਗੰ ਸੁ ਬੀਰੰ ਪਰੋਏ ॥੨੨॥
ਪਿਖਜੋ ਭੀਮ ਜੁੱਧੰ ਨ੍ਰਿਪੰ ਭੀਮਚੰਦੰ।
ਭਯੋ ਤ੍ਰਾਸ ਭਾਰੀ ਜਿ ਔਰੈ ਨਰਿੰਦੰ।
ਪਲਾਏ ਪਹਾਰੀ ਨਹੀਂ ਪਾਇ ਜਾਮੇ[1]।
ਪਿਖੈਂ ਸੈਂਕਰੇ ਬੀਰ ਕੋ ਜੰਗ ਧਾਮੇ[2] ॥੨੩॥
ਬਡੋ ਹੇਲ ਘਾਲਾ ਸਭੈ ਸਿੰਘ ਧਾਏ।
ਮਨੋ ਬ੍ਰਿੰਦ ਮਿਰਗਾਨ ਪੈ ਸਿੰਘ ਆਏ।
ਅਰੇ ਜੋ ਮਰੇ, ਭਾਜ ਚਾਲੇ ਸੁ ਬਾਚੇ।
ਭਯੋ ਤ੍ਰਾਸ ਭਾਰੀ ਮਹਾਂ ਰੋਸ ਰਾਚੇ ॥੨੪॥
ਫਿਰੈਂ ਮਾਸ ਖਾਤੇ ਸਮੂਹੰ ਸ਼੍ਰਿਗਾਲਾ।
ਗਨੰ ਸ੍ਵਾਨ ਭੱਖਹਿਂ ਪੁਕਾਰੈਂ ਕਰਾਲਾ।
ਬਡੇ ਗਿਰਝ, ਕਾਕੰ, ਉਡੈਂ ਗੈਨ ਮਾਂਹੀ।
ਨਚੀ ਜੋਗਨੀ ਸੀਸ ਬਾਰੰ ਖਿੰਡਾਹੀਂ[3] ॥੨੫॥
ਪਰੀ ਲੋਥ ਪੈ ਲੋਥ ਦੇਖੀ ਘਨੇਰੀ।
ਕਟੇ ਹਾਥ ਪੈਰੰ ਸਮੂਹੰ ਬਿਖੇਰੀ।
ਪਠਾਣੀ ਚਮੂੰ ਮੋਗੁਲਾਣੀ ਮਰੀ ਹੈ[4]।
ਰਹੀ ਜੀਵਤੀ ਜੰਗ ਦੇਖੇ ਡਰੀ ਹੈ ॥੨੬॥
ਹੁਤੋ ਦੀਨ ਬੇਗੰ ਲਗਜੋ ਘਾਇ ਅੰਗੇ।
ਪਿਛਾਰੀ ਹਟਜੋ ਭੀਮ ਦੇਖੇ ਭੁਜੰਗੇ[5]।
ਲਰੈ ਕੌਨ ਫੇਰੰ ਗਏ ਹਾਰ ਦੋਊ।
ਬਿਲੋਕੈਂ ਪਲਾਏ ਥਿਰਜੋ ਹੈ ਨ ਕੋਊ ॥੨੭॥
ਗਯੋ ਦੀਨ ਬੇਗੰ ਜਬੈ ਜੰਗ ਤਜਾਗੇ।
ਬਿਨਾ ਧੀਰ ਜੋਧਾ ਅਪੋ ਆਪ ਭਾਗੇ।
ਪਿਛਾਰੀ ਪਰਜੋ ਖਾਲਸਾ ਨਾਂਹਿ ਛੋਰੈ।
ਧਵਾਏ ਤੁਰੰਗਾਨਿ ਕੋ ਸ਼ੱਤ੍ਰੁ ਓਰੈ ॥੨੮॥

---

[1]ਪੈਰ ਨਾ ਜੰਮੇ।
[2]ਸੈਂਕੜੇ ਸੂਰਮਿਆਂ ਨੂੰ ਜੰਗ ਭੂਮੀ ਵਿਚ ਦੇਖਦੇ ਹਨ।
[3]ਵਾਲਾਂ ਨੂੰ ਖਿੰਡਾ ਕੇ।
[4]ਪਠਾਣੀ ਤੇ ਮੁਗਲਾਣੀ ਫੌਜ ਮਰੀ।
[5]ਪਿੱਛੇ ਹੀ (ਜ਼ਖਮੀ ਹੋਇਆ) ਹਟ ਗਿਆ ਦੇਖਕੇ ਭਿਆਨਕ ਸੂਰਮੇ।

ਚੌਪਈ: ਰੋਪਰ ਨਿਕਟ ਔਰ* ਪੁਰਿ ਔਰ।
ਖਿਦਰਾਬਾਦ+ ਬਸੈ ਤਿਸ ਠੌਰ।
ਤਿਸ ਹੀ ਦਿਸ਼ਿ ਦਲ ਗਯੋ ਪਲਾਈ।
ਜਾਹਿ[੧] ਖਾਲਸਾ ਪੀਠ ਦਬਾਈ[੨] ॥੨੯॥
ਮਾਰਤਿ ਜਾਤਿ ਭਜਾਵਤਿ ਜਾਤਿ।
ਲੇਹਿਂ[੩] ਤੁਰੰਗ ਸ਼ੱਸਤ੍ਰ ਭਟ ਘਾਤ।
ਵਧ੍ਯੋ ਅਧਿਕ ਮਨ ਸਿੰਘਨਿ ਕੇਰਾ।
ਕਾਤੁਰ ਬਡੋ ਤੁਰਕ ਦਲ ਹੇਰਾ ॥੩੦॥
ਲੂਟਿ ਲੂਟਿ ਆਯੁਧ ਗਨ ਬਾਜ[੪]।
ਅਪਰ ਸੈਨ ਕੋ ਸਕਲ ਸਮਾਜ।
ਮਾਰੇ ਪੁੰਜ ਰਹੇ ਤ੍ਰਿਪਤਾਇ।
ਤਊ ਖਾਲਸਾ ਮਾਰਤਿ ਜਾਇ ॥੩੧॥
ਪੁਨ ਸਤਿਗੁਰ ਨੇ ਦੂਤ ਪਠਾਯੋ।
ਜਾਤਿ[੫] ਖਾਲਸਾ ਸਕਲ ਹਟਾਯੋ[੬]।
ਖਿਦਰਾਬਾਦ ਤੁਰਕ ਬਰਿ ਗਏ।
ਤਹਾਂ ਸੰਭਾਲ ਕਰਤਿ ਨਿਜ ਭਏ ॥੩੨॥
ਗਯੋ ਖਾਲਸਾ ਜਬਿ ਹਟਿ ਸਾਰੋ।
ਲੈ ਕਰਿ ਹਯਨਿ ਘਨੋ ਹਥਯਾਰੋ।
ਘਾਇਲ ਤੁਰਕ ਸੰਭਾਲੇ ਫੇਰੇ।
ਲੈ ਲੈ ਪਹੁੰਚੇ ਅਪਨੇ ਡੇਰੇ ॥੩੩॥
ਸਰਬ ਹਿਰਾਸੇ[੭] ਬਹੁ ਬਿਸਮਾਏ।
-ਉਮਰਾਵਨ ਹਮ ਭਲੇ ਲਰਾਏ।
ਕਿਸਹੂੰ ਕੀ ਸੰਭਾਲ ਨਹਿਂ ਰਹੀ।
ਚਮੂੰ ਅਧਿਕ ਬਹੁ ਜੀਤ ਨ ਲਹੀ[੮]- ॥੩੪॥

---

*ਪਾਠ ਲਿਖਤੀ ਨੁਸਖਿਆਂ ਵਿਚ ਬੀ ਇਹੋ ਹੈ, ਪਰ ਜਾਪਦਾ ਹੈ ਕਿ ਏਥੇ ਸ਼ੁਧ ਪਾਠ-ਅਹੈ-ਚਾਹੀਦਾ ਸੀ।
+ਇੱਥੇ ਗੁਰੂ ਜੀ ਦਾ ਗੁਰਦੁਆਰਾ ਹੈ।
[੧]ਜਾਂਦਾ ਹੈ।
[੨]ਭਾਵ ਪਿੱਛਾ ਕਰਦਾ ਜਾਂਦਾ ਹੈ।
[੩]ਲੈਂਦੇ ਹਨ।
[੪]ਘੋੜੇ।
[੫](ਪਿੱਛਾ ਕਰੀ) ਜਾਂਦਾ।
[੬]ਮੋੜ ਲਿਆਂਦਾ।
[੭]ਡਰੇ ਹੋਏ।
[੮](ਫਿਰ ਬੀ) ਜਿੱਤ ਨਾ ਲਈ ਗਈ।

ਦੀਨਾਬੇਗ ਸੁ ਘਾਇਲ ਪਰਯੋ।
ਆਨ ਜਰਾਹ ਇਲਾਜੈ ਕਰਯੋ।
ਦਿੱਲੀ ਦੇ ਮਾਰਗ ਕੌ ਪਰੇ।
ਸਨੇ ਸਨੇ ਤਹਿਂ ਪਹੁੰਚਨਿ ਕਰੇ ॥੩੫॥
ਹਟਿ ਕਰਿ ਆਇ ਖਾਲਸਾ ਇਤੇ।
ਵਾਹਿਗੁਰੂ ਜੀ ਕੀ ਕਹਿ ਫਤੇ।
ਸ਼ੱਤ੍ਰ ਲੂਟ ਕਰਿ ਪਹੁੰਚ ਸੁ ਧਾਮੇ।
ਬਜੇ ਜੀਤ ਕੇ ਬਡੇ ਦਮਾਮੇ ॥੩੬॥
ਮਿਲੇ ਗਰੂ ਪਗ ਸੀਸ ਨਿਵਾਯੋ।
'ਧੰਨ ਧੰਨ' ਸਭਿਹੂੰਨਿ ਅਲਾਯੋ।
'ਰਾਵਰ ਕੋ ਬਲ ਪਾਇ ਬਡੇਰਾ।
ਹਤਯੋ ਤੁਰਕ ਦਲ ਜੰਗ ਘਨੇਰਾ ॥੩੭॥
ਖਿਦਰਾਬਾਦ ਪੁਚਾਯਹੁ ਧੁਰੇ।
[1]ਕਹੇ ਆਪ ਕੇ ਹੇ ਪ੍ਰਭੁ ਮੁਰੇ।
ਨਤੁ ਪ੍ਰਾਪਤਿ ਮੈਦਾਨ, ਸੁ ਹੋਟੇ।
ਮਿਲੇ ਤੁਰਕੜੇ ਇਮ ਮਤਿ ਖੋਟੇ ॥੩੮॥
ਲੇਤਿ ਰੁਲਾਇ, ਨ ਦੇਤੇ ਜਾਨਿ।
ਇਸ ਬਿਧਿ ਭਾਜੇ ਮੂਢ ਅਜਾਨ।
ਸਭਿ ਪਹਾਰੀਏ ਟਰ ਕਰਿ ਗਏ।
ਸੈਲਨ ਬਿਖੈ ਪ੍ਰਵੇਸ਼ਤਿ ਭਏ' ॥੩੯॥
ਸੁਨਿ ਕਰਿ ਧੀਰਜ ਪ੍ਰਭੁ ਬਖਾਨਾ।
'ਸਨੇ ਸਨੇ ਹਨੀਯਹਿ ਤੁਰਕਾਨਾ।
ਜਯੋਂ ਜਯੋਂ ਸਿੰਘਨ ਹੋਵਹਿ ਵਾਧਾ।
ਤਯੋਂ ਤਯੋਂ ਤੁਰਕਨਿ ਪ੍ਰਾਪਤਿ ਬਾਧਾ[2]' ॥੪੦॥
ਅਪਨੇ ਘਾਇਲ ਸਿੰਘ ਉਠਾਏ।
ਜੋ ਮਰਿ ਗਏ ਸੁ ਸੁਰਗ ਸਿਧਾਏ।
ਕਰਿ ਇਕੱਤ੍ਰ ਤਿਨ ਦੀਨੋ ਦਾਹੂ।
ਆਵਤਿ ਭਏ ਅਨੰਦਪੁਰਿ ਮਾਂਹੂ ॥੪੧॥
ਕਵਿਯਨਿ ਬਿਜੈ ਕਵਿੱਤ ਬਨਾਏ।

---

[1]ਤੁਹਾਡੇ ਕਹੇ ਮੁੜੇ ਹਾਂ, ਹੇ ਪ੍ਰਭੂ ਜੀ! ਨਹੀਂ ਤਾਂ ਮੈਦਾਨ ਤਾਂ ਸਾਡੇ ਹੱਥ ਸੀ ਤੇ ਓਹ ਮਤ ਦੇ ਖੋਟੇ ਤੁਰਕ ਹੁੱਟ ਗਏ ਹੋਏ ਸਾਨੂੰ ਲੱਝੇ ਸੇ, ਅਸੀਂ ਉਨ੍ਹਾਂ ਨੂੰ ਰੁਲਾ ਦੇਂਦੇ, ਕਦੇ ਨਾ (ਬਚਕੇ) ਜਾਣ ਦੇਂਦੇ।
[2]ਨਾਸ਼।

ਉਤਰੇ ਪ੍ਰਭੁ ਤਬਿ ਆਨਿ ਸੁਨਾਏ।
ਅਧਿਕ ਜੀਤ ਕੇ ਗੀਤ ਗਵਾਏ।
ਸੁਨਿ ਸੁਨਿ ਸਗਰੇ ਨਰ ਹਰਖਾਏ ॥੪੨॥
ਬੈਠਿ ਗੁਰੂ ਸਿੰਘਾਸਨ ਰਾਜੇ।
ਸਰਬ ਖਾਲਸਾ ਦੇਖਤਿ ਗਾਜੇ।
ਮੰਗਲ ਕੀਨ ਅਨੇਕ ਪ੍ਰਕਾਰੀ।
ਦੇਤਿ ਅਸੀਸ ਸਕਲ ਨਰ ਨਾਰੀ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਖਾਲਸਾ ਫਤੇ ਲੇਨ' ਪ੍ਰਸੰਗ ਬਰਨਨੰ ਨਾਮ ਨੌਮੋ ਅੰਸੂ ॥੯॥

## ੧੦. [ਸਤਿਗੁਰ ਮਹਿਮਾ]

੯<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੧੧

ਦੋਹਰਾ: ਲੇ ਲੇ ਪਾਹੁਲ ਕਰਦ* ਕੀ, ਸਿੰਘ ਜਹਾਂ ਕਹਿਂ ਜਾਇਂ।
ਨਗਰ ਨਗਰ ਮਹਿਂ ਬਾਦ ਹੁਇ[1], ਗੁਰੁ ਸੰਗਤਿ ਸਮੁਦਾਇ ॥੧॥
ਚੌਪਈ: ਜ਼ਾਤਿ ਪਾਤਿ ਨਹਿਂ ਬੱਧਜਤ ਜੇਈ[2]।
ਕੇਸ਼ ਕਾਛ ਨਹਿਂ ਮਾਨਹਿਂ ਤੇਈ।
'ਭੱਦਣ ਹੋਤਿ ਸੁ ਬੰਸ ਹਮਾਰੇ।
ਤਿਸ ਕੋ ਤਜਾਗ ਨ ਅੰਗੀਕਾਰੇਂ ॥੨॥
ਸਿੱਖ ਕਦੀਮੀ ਹੈਂ ਗੁਰ ਕੇਰੇ।
ਪਗ ਪਾਹੁਲ ਕੀ ਲੇਤਿ ਘਨੇਰੇ।
ਕਰਦ, ਕੇਸ, ਕਛ, ਰਹਿਤ ਜੁ ਨਜਾਰੀ।
ਸੋ ਨ ਕਰਹਿਂ ਹਮ ਅੰਗੀਕਾਰੀ' ॥੩॥
ਇਸ ਪ੍ਰਕਾਰ ਜੋ ਹਠ ਕੋ ਕਰਤੇ।
ਜਗ ਜੁਠਾਦਿਕ ਬਰਤਨ ਧਰਿਤੇ।
ਤਿਨ ਕਹੁ ਸਿੰਘ ਕਰਹਿਂ ਅਪਮਾਨਾ।
ਨਜਾਰੇ ਭਏ ਖਾਨ ਅਰੁ ਪਾਨਾ ॥੪॥
ਗੁਰੂ ਨਿਕਟ ਰਹਿ ਸਿਖੀਅਹਿ ਸੀਖ[3]।
ਹਿੰਦੁ ਤੁਰਕ ਦ੍ਵੈ ਤੇ ਭਿਨ ਦੀਖ।
ਜਗ ਸਮੁੰਦ੍ਰ ਤੇ ਸਾਰ ਨਿਕਾਰਾ।
ਸੁਧਾ ਰਹਿਤ ਜਿਨ ਅੰਗੀਕਾਰਾ[4] ॥੫॥
ਭਏ ਸਿੰਘ ਸੁਰ ਸੇ[5] ਤਤਕਾਲਾ।
ਹਲਤ ਪਲਤ ਸੁਖ ਲਹਜੋ ਬਿਸਾਲਾ।
ਕੇਤਿਕ ਪਾਹੁਲ ਖੰਡੇ ਕੀ ਲਹਿ।
ਸੇਵ ਗੁਰੂ ਕੋ ਜਾਇਂ ਸਦਨ ਮਹਿਂ[6] ॥੬॥
ਕੇਤਿਕ ਜੀਵਨ ਮਰਨੇ ਮਾਂਹਿ।
ਸੰਗੀ ਭਏ ਤਬਹਿ ਗੁਰ ਨਾਹਿ[7]।

---

*ਪਾ:-ਖੜੇ।
[1]ਝਗੜੇ ਹੁੰਦੇ ਹਨ (ਅਨਯ ਪੰਥੀਆਂ ਨਾਲ)।
[2]ਬੰਨ੍ਹੇ ਹੋਏ।
[3]ਜੇਹੜੇ ਸਿੱਖਦੇ ਹਨ ਸਿੱਖਿਆ।
[4]ਅੰਮ੍ਰਤ ਤੇ ਰਹਤ ਜਿਨ੍ਹਾਂ ਨੇ ਅੰਗੀਕਾਰ ਕੀਤੀ ਹੈ।
[5]ਦੇਵਤਿਆਂ ਵਰਗੇ।
[6]ਸੇਵਾ ਕਰਕੇ ਘਰੀਂ ਚਲੇ ਜਾਂਦੇ ਹਨ।
[7]ਭਾਵ, ਕਈਆਂ ਨੇ ਜੀਉਣਾ ਮਰਨਾ ਗੁਰੂ ਸੁਆਮੀ ਦੇ ਨਾਲ ਸਾਂਝਾ ਕਰ ਲਿਆ ਸੀ।

ਨਿਤਪ੍ਰਤਿ ਵਧਹਿ ਖਾਲਸਾ ਐਸੇ।
ਉਪਬਨ ਮਹਿਂ ਤਰੁ ਸਿੰਚਤਿ ਜੈਸੇ[1] ॥੭॥
ਜਥਾ ਦੂਜ ਤੇ ਦੀਰਘ ਚੰਦ।
ਦਿਨਪ੍ਰਤਿ ਹੋਵਹਿ ਤਥਾ ਬਿਲੰਦ।
ਸ਼ਸਤ੍ਰਨਿ ਕੋ ਵਿਸਾਹੁ ਨਹਿਂ ਕਰੈਂ।
ਆਗੇ ਅਰਤਿ ਤਿਸੈ ਸੰਗ ਲਰੈਂ ॥੮॥
ਸਹਿ ਨ ਸਕੈਂ ਉਚਿਤਾ ਰਿਪੁ ਕੇਰੀ।
ਹੱਥਜਾਰਨਿ ਸੇ ਜੁਟ ਤਿਸ ਬੇਰੀ।
ਮਾਰਨ ਕੈ ਮਰਨੌਂ ਤਿਸ ਠੌਰ।
ਇਸ ਬਿਧਿ ਪਰਜੋ ਜਗਤ ਮਹਿਂ ਰੌਰ ॥੯॥
ਦਸ ਕੈ ਬੀਸ ਸਿੰਘ ਕਿਤ ਹੋਇਂ।
ਤਹਾਂ ਮਰਨ ਮਾਰਨ ਕਰਿ ਸੋਇ।
ਮਿਲਿ ਅਨੰਦਪੁਰ ਕੋ ਚਲਿ ਆਵੈ।
ਸੁਖਦਾਨੀ ਕਹੁ ਦਰਸ਼ਨ ਪਾਵੈਂ ॥੧੦॥
ਚਹੁੰਦਿਸ਼ਿ ਤੇ ਹੁਇ ਮੇਲ ਇਕੱਤ੍ਰ।
ਪਰਮ ਪਵਿੱਤ੍ਰ ਬਚਿੱਤ੍ਰ ਸੁ ਮਿੱਤ੍ਰ।
ਜੋ ਮਰਿ ਜਾਵੈ ਸੁਰਗ ਸਿਧਾਵੈ।
ਹੁਇ ਘਾਇਲ ਅਨੰਦਪੁਰਿ ਆਵੈ ॥੧੧॥
ਸਾਲ ਪੱਤ੍ਰ[2] ਸਤਿਗੁਰ ਤਿਸ ਦੇਤਿ।
ਇਕ ਦੁਇ ਦਿਨ ਮਹਿਂ ਬਨਹਿ ਸੁਚੇਤ।
ਸ਼ਸਤ੍ਰ ਸੰਭਾਰ ਉਠੇ ਰਣ ਕਰਿਬੇ।
ਪੀਰਾ ਨਹੀਂ ਘਾਵ ਕੀ ਧਰਿਬੇ ॥੧੨॥
ਕਾਰੀਗਰ ਅਨੇਕ ਬੁਲਵਾਏ।
ਕਹਿ ਆਯੁਧ ਬਹੁ ਬਿਧਿ ਬਨਵਾਏ।
ਅਨਿਕ ਪ੍ਰਕਾਰਨਿ ਤੀਰ ਅਨਾਏ।
ਖਰ ਖਪਰੇ ਫੌਲਾਦ ਕਰਾਏ ॥੧੩॥
ਸੇਲੇ ਗਨ ਅਧ ਚੰਦ੍ਰਾਕਾਰ।
ਤੁੱਕੇ[3], ਮੀਨ ਮੁਖੇ[4], ਖਰ ਧਾਰ।

---
[1]ਸਿੰਚਿਆ ਹੋਇਆ ਬ੍ਰਿੱਛ ਜਿਵੇਂ।
[2]ਜ਼ਖਮਾਂ ਨੂੰ ਮੇਲਣ ਵਾਲਾ ਇਕ ਪੱਤਾ।
[3]ਕਿੱਕਰ ਦੀ ਫਲੀ ਵਾਂਙ ਮੁਖੀ ਦੰਦੇ ਦਾਰ ਹੋਵੇ ਜਿਸ ਤੀਰ ਦੀ।
[4]ਮੱਛੀ ਦੇ ਮੂੰਹ ਵਰਗੀ ਮੁਖੀ ਵਾਲੇ।

ਗਨ ਬਦਾਮਚੇ[੧] ਆਦਿਕ ਘਨੇ।
ਏਕ ਮੁਹਰ ਕੰਚਨ ਕੇ ਸਨੇ ॥੧੪॥
ਬਾਨ ਹਜ਼ਾਰਹੁੰ ਗੁਰ ਬਨਵਾਏ।
ਜਿਨ ਤੇ ਚਾਹਤਿ ਦੁਸ਼ਟ ਖਪਾਏ।
ਪੁਰਿ ਮੁਲਤਾਨ ਆਦਿ ਤੇ ਦੂਰ।
ਦੀਹ ਕਠੋਰ ਕੁਦੰਡਹਿ ਰੂਰ[੨] ॥੧੫॥
ਤਾਂਹਿ ਬਨਾਇ ਆਨਿ ਗੁਰ ਦੇਤਿ।
ਮਨ ਭਾਵਤਿ ਬਖਸ਼ਿਸ਼ ਕੋ ਲੇਤਿ।
ਕਿਤ ਤੇ ਤੋਮਰ, ਤਰ[੩] ਤਰਵਾਰੈਂ।
ਆਨੈ ਕੋ ਦਰਸ਼ਨ ਅਬਿਚਾਰੇ[੪][*] ॥੧੬॥
ਅਧਿਕ ਦਰਬ ਤੇ ਲੇ ਲੇ ਜਾਂਹਿ।
ਰੀਝਹਿਂ ਮੌਜ[੫] ਦੇਤਿ ਗੁਰ ਤਾਂਹਿ।
ਅਨਿਕ ਬਿਧਿਨਿ ਕੀ ਬਨਹਿਂ ਤੁਫੰਗ।
ਲਘੁ ਦੀਰਘ ਸੁੰਦਰ ਸਰਬੰਗ ॥੧੭॥
ਸਤਿਗੁਰ ਚਢਹਿਂ ਅਖੇਰ ਬਹਾਨੇ।
ਦੂਰ ਦੂਰ ਲਗਿ ਦੂਨ ਪਯਾਨੇ।
ਜਹਿਂ ਜਾਨਤਿ ਬੇਮੁਖ ਕੋ ਬਾਸਾ।
ਤਹਾਂ ਜਾਇ ਪ੍ਰਭੁ ਕਰਨਿ ਬਿਨਾਸ਼ਾ ॥੧੮॥
ਸਹਿ ਨ ਸਕਹਿਂ ਗੁਰ ਕੀ ਅਸਵਾਰੀ।
ਨਿਕਸਹਿਂ ਦੁਸ਼ਟ ਸ਼ਸਤ੍ਰ ਗਹਿ ਭਾਰੀ।
ਸ਼ਕਤੀ[੬], ਸੇਲੇ, ਸਾਂਗ, ਸਰੋਹੀ।
ਅਰਹਿਂ ਆਨਿ ਖਲ ਮੂਰਖ ਦ੍ਰੋਹੀ ॥੧੯॥
ਤਿਨ ਕਹੁ ਮਾਰਿ ਕੂਟ ਗੁਰ ਆਵੈਂ।
ਕ੍ਰਿਖੀ ਸਕਲ ਕੀ ਕਹੀ ਕਰਾਵੈਂ।
ਨਿਤ ਪ੍ਰਤਿ ਚਢਹਿ ਖਾਲਸਾ ਦੂਣ।

---

[੧]ਬਦਾਮ ਵਰਗੀ ਮੁਖੀ ਵਾਲੇ।
[੨]ਭਾਰੀ, ਸਖਤ ਤੇ ਸੁਹਣੇ ਧਨੁਖ।
[੩]ਬਹੁਤੀਆਂ।
[੪](ਅਬਿਚਾਰੈ ਭਾਵ) ਸੁਤੇ ਸਿਧ ਦਰਸ਼ਨ ਨੂੰ ਆਇਆਂ ਲੈ ਆਉਂਦਾ ਹੈ। (ਅ) ਲਿਆਉਂਦਾ ਹੈ ਕੋਈ ਦਰਸ਼ਨ (ਨੂੰ ਜਦ ਆਉਂਦਾ ਹੈ, ਅਬਿ = ਉਸੇ ਵੇਲੇ, ਚਾਰੇ =) ਚਾੜ੍ਹਦਾ ਹੈ।
[*]ਸ਼ੁਧ ਪਾਠ ਇਉਂ ਜਾਪਦਾ ਹੈ:-ਆਨੈ ਕਦਰ ਸ਼ਿਨਾਸ ਬਿਚਾਰੈਂ।
[੫]ਬਖਸ਼ਸ਼।
[੬]ਬਰਛੀ।

ਦਿਨ ਦਿਨ ਵਾਧਾ ਦੂਨ ਚਕੂਣ ॥੨੦॥
ਜੋ ਸੰਗਤਿ ਕੋ ਆਵਤਿ ਰੋਕੈ।
ਸੋ ਤਤਕਾਲ ਸ਼ੋਕ ਅਵਿਲੋਕੈ।
ਗ੍ਰਾਮ ਦੁ ਤੀਨਕ[੧] ਮਾਰਿ ਨਿਵਾਰੇ।
ਕਰਜੋ ਥੇਹੁ ਘਰ ਢਾਹਤਿ ਸਾਰੇ ॥੨੧॥
ਯਾਂ ਤੇ ਪਰੀ ਧਾਂਕ ਜਹਿਂ ਕਹਾਂ।
ਸੰਗਤਿ ਕੋ ਨ ਕਹੈ ਕੁਛ ਕਹਾਂ।
ਬੀਚ ਸਿੰਘ[੨] ਹੁਇਂ ਆਯੁਧ ਧਾਰੀ।
ਫਤੇ ਗੁਰੂ ਕੀ ਗਰਜਿ ਉਚਾਰੀ ॥੨੨॥
ਵਧੇ ਖਾਲਸਾ ਅਨਗਨ ਜਜੋਂ ਜਜੋਂ।
ਧੂਮਧਾਮ ਕੋ ਘਾਲਤਿ ਤਜੋਂ ਤਜੋਂ।
ਜੋ ਤੁਰਕਨ ਕੇ ਬਨਤਿ ਬਿਗਾਰੀ[੩]।
ਹੁਤੇ ਦੀਨ ਰਹਿ ਨਿਤ ਅਨੁਸਾਰੀ ॥੨੩॥
ਸੋ ਖੰਡੇ ਕੀ ਪਾਹੁਲ ਲੈ ਕੈ।
ਸ਼ਸਤ੍ਰ ਆਪਣੇ ਸੰਗ ਸਜੈ ਕੈ।
ਸੋ ਪਤਿਸ਼ਾਹਨ ਕੋ ਪਤਿਸ਼ਾਹੂ।
ਗੁਰ ਪ੍ਰਤਾਪ ਤੇ ਬਦਹਿਂ ਨ ਕਾਹੂ[੪] ॥੨੪॥
ਜੋ ਬੋਲਹਿ ਕਟੁ ਬਾਕ ਅਲਪ ਹੀ[੫]।
ਸ਼ਸਤ੍ਰ ਪ੍ਰਹਾਰਹਿਂ ਸ਼ੱਤ੍ਰੁ ਸੁ ਥਪਹੀ[੬]।
ਖੰਡੇ ਕੀ ਪਾਹੁਲ ਮੈਂ ਸ਼ਕਤਿ[੭]।
ਪੁਨ ਹੋਵਹਿਂ ਸ਼ਸਤ੍ਰਨਿ ਸੰਜੁਗਤ[੮] ॥੨੫॥
ਮਹਾਂ ਰੰਕ ਜੋ ਦੀਨ ਸਦਾਈ।
ਜੋਧਾ ਬਨਹਿਂ ਨ ਮਿਟਹਿਂ ਕਦਾਈ।
ਜਿਨ ਕੈ ਸੌਚ ਸ਼ਨਾਨ ਨ ਕੋਈ।
ਸੋ ਬਿੱਪ੍ਰਨ ਤੇ ਉੱਤਮ ਹੋਈ ॥੨੬॥

---

[੧]ਦੋ ਤਿੰਨ ਕੁ, ਨੋਹ ਬਜਰੂੜ ਵਰਗੇ, ਜਿਨ੍ਹਾਂ ਸੰਗਤਾਂ ਲੁੱਟੀਆਂ ਮਾਰੀਆਂ ਸਨ।
[੨](ਸੰਗਤ) ਵਿਚ ਸਿੰਘ।
[੩]ਵਿਗਾਰ ਕੱਢਣ ਵਾਲੇ।
[੪]ਕਿਸੇ ਨੂੰ ਬਿਦਦੇ ਨਹੀਂ।
[੫]ਥੁਹੜਾ ਜਿਹਾ ਬੀ।
[੬]ਠੱਪ ਦਿੰਦੇ ਹਨ।
[੭](ਇਕ) ਖੰਡੇ ਦੀ ਪਾਹਲੁ ਦੀ ਸ਼ਕਤੀ।
[੮](ਦੂਜਾ) ਫਿਰ ਸ਼ਸਤ੍ਰਾਂ ਨਾਲ ਹੋਣਾ।

ਜਿਨ ਕੀ ਕੁਲ ਮੂਢਨਿ ਕੀ ਮਹਾਂ।
ਅੱਖਜਰ ਭੇਵ ਨ ਜਾਨਹਿਂ ਕਹਾਂ।
ਸੋ ਪੰਡਤਿ ਪਢਿ ਪਢਿ ਤਬਿ ਬਨੇ।
ਨਿਜ ਸਮਤਾ ਕਿਸ ਕੋ ਨਹਿਂ ਗਿਨੇਂ ॥੨੭॥
ਸਤਿਗੁਰ ਸ਼੍ਰੀ ਗੋਬਿੰਦ ਸਿੰਘ ਕਰੁਨਾ।
ਪਾਇ ਭਲੇ ਜੁਗ ਚਾਰੋ ਬਰਨਾ[1]।
ਇਮ ਗਾਦਰ[2] ਤੇ ਸ਼ੇਰ ਬਨਾਏ।
ਬਾਇਸ[3], ਹੰਸੁ ਚਾਲ ਸਿਖਰਾਏ ॥੨੮॥
ਮਿਹਨਤ ਕਰਹਿਂ ਮਜੂਰੀ ਪਾਵਹਿਂ।
ਸੋ ਹਯ ਗਯ ਚਢਿ ਪੰਥ ਸਿਧਾਵਹਿਂ।
ਲੋਕ ਪ੍ਰਲੋਕ ਨ ਜਾਨਹਿਂ ਜੋਊ।
ਸੱਤਿਨਾਮ ਸਿਮਰੇ ਤਰਿ[4] ਸੋਊ ॥੨੯॥
ਕੌਨ ਕੌਨ ਇਸ ਬਿਧਿ ਬਡਿਆਈ।
ਕਲਗ਼ੀਧਰ ਕੀ ਕਹਹਿਂ ਬਨਾਈ।
ਆਗੇ ਜਗ ਮਹਿਂ ਭਯੋ ਨ ਕੋਊ।
ਇਮ ਉਪਕਾਰ ਕਰਹਿ ਜਗ ਜੋਊ ॥੩੦॥
ਰਾਮ ਚੰਦ੍ਰ ਆਦਿਕ ਅਵਤਾਰ।
ਕਰੇ ਤਿਨਹੁਂ ਭੀ ਬਡ ਉਪਕਾਰ।
ਬਿਦਤਿ ਅਹੈਂ ਜਗ ਨਾਂਹਿ ਨ ਛਾਨੇ।
ਸੁਨਿ ਪਠਿ ਕਥਾ ਸੁਮਤਿ ਸਭਿ ਜਾਨੇਂ ॥੩੧॥
ਜਥਾ ਜੋਗ ਜੇ ਕਰਹਿਂ ਬਿਚਾਰਨ[5]।
ਇਨਹੁਂ ਸਾਰਖੇ[6] ਭੇ ਉਪਕਾਰਿ ਨ।
ਮੂਢ ਰੰਕ ਜੋ ਪੁਸ਼ਤਨ ਕੇਰੇ[7]।
ਜੁਗ ਲੋਕਨਿ ਸੁਖ ਤਿਨਹੁਂ ਘਨੇਰੇ ॥੩੨॥
ਜ਼ਾਹਰ ਮਹਾਂ ਜਗਤ ਮਹੁਂ ਸਾਰੇ।
ਧੰਨ ਧੰਨ ਗੁਰ ਪਰਮ ਉਦਾਰੇ।

---

[1]ਚਹੁੰ ਵਰਣਾਂ ਨੇ ਭਲੀ ਪ੍ਰਕਾਰ ਕਲਜੁਗ ਵਿਚ ਪਾਈ ਗੁਰੂ ਜੀ ਦੀ ਕ੍ਰਿਪਾ।
[2]ਗਿੱਦੜ।
[3]ਕਾਵਾਂ ਨੂੰ।
[4]ਤਰ ਗਏ।
[5]ਵਿਚਾਰ ਕਰੀਏ ਤਾਂ।
[6]ਭਾਵ ਕਲਗੀਧਰ ਜੀ ਵਰਗੇ।
[7]ਪਹਾੜੀਆਂ ਦੇ।

ਜੋ ਮਹਿੰਮਾ ਲਖਿ ਪਰੇ ਨ ਸ਼ਰਨੀ।
ਹਿੰਦੂ ਜਨਮ ਨ ਲਖਿ ਗੁਰ ਕਰਨੀ ॥੩੩॥
ਹਿੰਦੂ ਧਰਮ ਕੋ ਰਾਖਨਿ ਕੀਨਾ।
ਰਾਜ ਤੇਜ ਤੁਰਕਨਿ ਕੋ ਛੀਨਾ।
ਅਸ ਮਹਿੰਮਾ ਕੋ ਜਾਨੈ ਜੋਇ ਨ।
ਅਸ ਕ੍ਰਿਤਘਨੀ ਤਿਨੈ ਸਮ ਕੋਇ ਨ* ॥੩੪॥
ਧੰਨ ਧੰਨ ਸਤਿਗੁਰ ਸੁਖਦਾਤੇ।
ਕਰਜੋ ਖਾਲਸਾ ਪ੍ਰਗਟ ਬਿਧਾਤੇ।
ਅਵਿਨੀ ਭਾਰ ਨਿਵਾਰਨ ਕਾਰਨ।
ਰਚਜੋ ਬੈਰ ਤੁਰਕਨਿ ਸੰਗ ਦਾਰੁਨ ॥੩੫॥
ਗਿਰਪਤਿ ਸੰਗ ਬ੍ਰਿਧਾਯਹੁ ਝੇਰੇ।
ਜਿਸ ਤੇ ਆਨਹਿਂ ਤੁਰਕ ਘਨੇਰੇ।
-ਜਜੋਂ ਜਜੋਂ ਆਵਹਿ ਤਜੋਂ ਤਜੋਂ ਘਾਵਹਿਂ-।
ਇਹੀ ਬਜੋਂਤ ਸਤਿਗੁਰੂ ਬਨਾਵਹਿਂ ॥੩੬॥
ਭੀਮਚੰਦ ਆਦਿਕ ਸਭਿ ਰਾਜੇ।
ਮਿਲਜੋ ਨ ਗੁਰ ਸਮ, ਕਰਹਿਂ ਕੁਕਾਜੇ।
ਗੁਰ ਮਾਯਾ ਸੋ ਪ੍ਰੇਰਨ ਕਰੇ।
ਤੁਰਕ ਸ਼ਰਨਿ ਪਹੁੰਚਨਿ ਚਿਤ ਧਰੇ ॥੩੭॥
ਨਿਤ ਪੁਕਾਰ ਪਰਜਾ ਕੀ ਸੁਨੈਂ।
ਮਿਲਿ ਮਿਲਿ ਰਾਜੇ ਜਤਨਨਿ ਗੁਨੈ।
[1]'ਦਿੱਲੀ ਚਲਹਿਂ ਕਹਹਿਂ ਅਹਿਵਾਲ।
ਸੁਨਿ ਕਰਿ ਸੂਬਾ ਰਿਸਹਿ ਬਿਸਾਲ ॥੩੮॥
-ਇਕ ਉਮਰਾਵ ਪੈਂਡਖਾਂ ਮਾਰਾ।
ਦੀਨਬੇਗ ਘਾਯਲ ਕਰਿ ਡਾਰਾ।
ਸੈਨਾ ਦੀਰਘ ਮਾਰਿ ਪਲਾਈ।
ਕਿਮ ਹਮਰੋ ਦਲ ਠਹਿਰ ਸਕਾਈ ॥੩੯॥
ਸ਼ਾਹੁ ਚਢਜੋ ਗਾ ਦੱਖਣ ਬਿਖੈ-।
ਇਹ ਸੂਬਾ ਸਗਰੀ ਬਿਧਿ ਲਿਖੈ।

---

*ਇਸ ਖਜਾਲ ਨੂੰ ਕਵੀ ਜੀ ਨੇ ਬਾਲਮੀਕ ਰਾਮਾਯਣ ਦੇ ਅਨੁਵਾਦ ਵਿਚ ਬੀ ਦਿਤਾ ਹੈ:-
ਸੋਰਠਾ: ਹਿੰਦੁ ਜਨਮ ਹੁਇ ਜੌਨ ਗੁਰ ਉਪਕਾਰ ਨ ਲਖਿ ਭਜੈ।
ਅਧਮ ਕ੍ਰਿਤਘਨੀ ਕੌਨ ਤਿਸ ਤੇ ਪਰੇ ਬਿਚਾਰੀਏ ॥ ।ਲੰਕਾ ਕਾਂਡ, ਸ:੧
[1]ਰਾਜੇ ਆਪੋ ਵਿਚ ਕਹਿੰਦੇ ਹਨ।

ਹਮ ਭੀ ਅਪਨੇ ਸਚਿਵ ਪਠਾਵਹਿਂ।
ਗੁਰ ਜਬਰੀ ਕੋ ਸਰਬ ਸੁਨਾਵਹਿਂ ॥੪੦॥
ਰਿਸਹਿ ਸ਼ਾਹੁ ਸੁਨਿ ਧੂਮ ਬਿਸਾਲਾ?
ਪੁਨ ਲਸ਼ਕਰ ਭੇਜਹਿ ਇਤ ਜਾਲਾ।
ਤਬਿ ਅਨੰਦਪੁਰਿ ਕੋ ਛੁਰਵਾਇ।
ਗੁਰ ਕੋ ਹਤਹਿਂ ਕਿ ਦੇਹਿਂ ਪਲਾਇ ॥੪੧॥
ਤਬਿ ਠਹਿਰੈਗੋ ਰਾਜ ਹਮਾਰਾ।'
ਇਸ ਪ੍ਰਕਾਰ ਗਿਰਪਤਿਨਿ ਬਿਚਾਰਾ।
ਭਏ ਤਯਾਰ ਦਿੱਲੀ ਕਹੁ ਜਾਨੇ।
ਲਈ ਉਪਾਇਨ ਮੋਲ ਮਹਾਨੇ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਗੁਰ ਮਹਿਮਾ' ਬਰਨਨੰ ਨਾਮ ਦਸਮੋ ਅੰਸੂ ॥੧੦॥

## ੧੧. [ਭੀਮ ਚੰਦ ਦੀ ਧਮਕੀ]

੧੦<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੧੨

ਦੋਹਰਾ: ਇਸ ਬਿਧਿ ਦੁਖ ਤੇ ਮੰਤ੍ਰ[੧] ਕੋ,
ਕਰਤਿ ਮਿਲਤਿ ਗਿਰਰਾਜ[੨]।
ਤਬਿ ਹੰਡੂਰੀਏ ਸੁਨਿ ਸਕਲ,
ਕਰਨਿ ਪੁਕਾਰ ਕੁਕਾਜ[੩] ॥੧॥
ਚੌਪਈ: ਚਢਿ ਕਰਿ ਆਇ ਮਿਲ੍ਯੋ ਤਿਹ ਕਾਲ।
ਭਾਖ੍ਯੋ ਮੁਖ ਤੇ ਸਭਿ ਅਹਿਵਾਲ।
'ਗੁਰ ਤੇ ਤ੍ਰਾਸ ਭਯੋ ਸਭਿ ਰਾਜੇ।
ਲੂਟ ਕੂਟ ਕਰਿ ਲੀਨਿ ਕੁਕਾਜੇ ॥੨॥
ਏਕ ਹੋਇ ਕਰਿ ਸੈਨ ਸਕੇਲੇ[੪]।
ਤੀਨ ਲਾਖ ਗਿਨਤੀ ਹੁਇ ਮੇਲੇ।
ਕਹਾਂ ਗੁਰੂ ਢਿਗ ਸਿੰਘ ਇਤੇਕ।
ਜਿਸ ਤੇ ਰਹਿ ਮਵਾਸ ਗਹਿ ਟੇਕ[੫] ॥੩॥
ਘੇਰਹਿਂ ਚਹੁੰਦਿਸ਼ਿ ਤੇ ਕਰਿ ਡੇਰੇ।
ਨਹਿਂ ਅੰਤਰ ਕੁਛ ਜਮਾ ਘਨੇਰੇ[੬]।
ਕੇਤਿਕ ਦਿਨ ਮਹਿਂ ਵਹਿਰ ਨਿਕਾਰਹਿਂ।
ਨਾਂਹਿ ਤ ਹੇਲ ਘਾਲਿ[੭] ਗਢ ਮਾਰਹਿਂ ॥੪॥
ਜੇ ਐਸੇ ਹੀ ਕੁਛ ਬਨ ਜਾਇ।
ਰਹੈ ਮਵਾਸ ਮਾਰ ਨਹਿਂ ਖਾਇ।
ਤੌਂ ਹਜ਼ਰਤ ਕੇ ਪਾਸ ਪਧਾਰਨਿ।
ਜਥਾ ਜੋਗ ਹ੍ਵੈ ਕਰਹੁ ਬਿਚਾਰਨਿ ॥੫॥
ਤ੍ਰਿਪਤ ਭਏ ਨਹਿਂ ਲਰਿ ਕਰਿ ਕਬਿਹੂੰ[੮]।
ਬਿਨਾ ਲਰੇ ਕਰਿ ਗਮਨਹੁਂ ਅਬਿਹੂੰ।
ਗ੍ਰਾਮ ਸੈਂਕਰੇ ਗੂਜਰ ਬਾਸਾ।
ਲਰਿਬੇ ਬਿਖੈ ਬਲੀ ਬਿਨ ਤ੍ਰਾਸਾ ॥੬॥

---

[੧]ਸਲਾਹ।
[੨]ਪਹਾੜੀਏ ਰਾਜੇ।
[੩]ਖੋਟਾ ਕੰਮ (ਅਰਥਾਤ) ਪੁਕਾਰ ਕਰਨ ਦੀ ਸਲਾਹ ਸੁਣਕੇ।
[੪]ਸਾਰੇ ਰਾਜੇ ਇਕ ਹੋਕੇ ਜੇ ਸੈਨਾ ਇਕੱਠੀ ਕਰੀਏ।
[੫]ਆਸਰਾ ਫੜ ਕੇ।
[੬](ਖਾਣ ਪੀਣ ਦੀਆਂ ਚੀਜ਼ਾਂ) ਅੰਦਰ ਕੁਛ ਜਮਾ ਨਹੀਂ ਹਨ।
[੭]ਹੱਲਾ ਕਰਕੇ।
[੮]ਅਸੀਂ ਰੱਜ ਕੇ ਕਦੇ ਨਹੀਂ ਲੜੇ।

ਤਥਾ ਗ੍ਰਾਮ ਰੰਘਰ ਬਸਿ ਘਨੇ।
ਸਭਿ ਕੋ ਗੁਰ ਦਲ ਦੇ ਦੁਖ ਹਨੇ[੧]।
ਤਿਨ ਸਭਿਹਿਨਿ ਕੋ ਲੇਹੁ ਬੁਲਾਈ।
ਹੋਇਂ ਹਜ਼ਾਰਹੁੰ ਮਿਲਿ ਇਕ ਥਾਂਈ ॥੭॥
ਸੈਨ ਸਮੇਤ ਕਟੋਚਿ[੨] ਹਕਾਰਹੁ।
ਜੰਮੂ ਤੇ ਬੁਲਾਇ ਸਤਿਕਾਰਹੁ।
ਨੂਰ ਪੁਰੇ ਕੋ ਰਾਜਾ ਆਵਹਿ।
ਮੰਡਸਪਤੀ[੩], ਭੁਟੰਤੀ ਧਾਵਹਿ ॥੮॥
ਕੁੱਲੂ ਕੈਂਠਲ[੪] ਭੂਪ ਗੁਲੇਰੀ।
ਆਇ ਦੜੇਲਨ ਪਤਿ ਚੰਦੇਰੀ।
ਸਿਰੀ ਨਗਰ[੫] ਤੇ ਚਮੂੰ ਬਿਸਾਲਾ।
ਨ੍ਰਿਪ ਬਿਸ਼ਹਰ[੬] ਤੇ ਸੁਭਟ ਕਰਾਲਾ ॥੯॥
ਸੈਨ ਸਹਿਤ ਡਢਵਾਰੀ ਆਵਹਿ।
ਸਭਿ ਸੋਂ ਲਿਖਹੁ -ਕਿ ਭੂਪ ਬੁਲਾਵਹਿਂ।
ਜੋ ਇਸ ਸਮੈਂ ਨ ਮਿਲਿ ਹੈ ਆਈ।
ਸੋ ਸਭਿ ਕੋ ਦੁਸ਼ਮਨ ਬਨ ਜਾਈ- ॥੧੦॥
ਕਰਿ ਉਦਜੋਗ[੭] ਪ੍ਰਥਮ ਤੂੰ ਆਪ।
ਪੁਨ ਸਭਿ ਮਿਲਹਿਂ ਬਿਲੋਕਿ ਪ੍ਰਤਾਪ।'
ਇਮ ਹੰਡੂਰੀਏ ਮਸਲਤ ਦੀਨੀ।
ਭੀਮਚੰਦ ਚਿਤਵਤਿ ਚਿਤ ਦੀਨੀ[੮] ॥੧੧॥
'ਸੁਨਿ ਭ੍ਰਾਤਾ! ਕਹਿਂ ਨੀਕੀ ਬਾਤਿ।
ਅਬਿ ਲੌ ਹਮ ਨ ਲਰੇ ਭਲਿ ਭਾਂਤਿ।
ਸਭਿ ਇਕ ਥਲ ਮਿਲਿ ਕਰਿ ਜੇ ਲਰਹਿਂ।
ਪੁਨ ਹਮ ਆਗੇ ਕੌਨ ਸੁ ਅਰਹਿ ॥੧੨॥
ਅਪਰਨਿ ਕੀ ਗਿਨਤੀ ਕਹੁ ਕਹਾਂ।

---

[੧]ਦੁੱਖ ਦੇਕੇ ਗੁਰੂ ਦੇ ਦਲ ਨੇ ਮਾਰਿਆ ਹੈ।
[੨]ਕਟੋਚੀਆ।
[੩]ਮੰਡੀ ਦਾ ਰਾਜਾ।
[੪]ਅਜ ਕਲ ਇਹ ਸ਼ਿਮਲੇ ਦੇ ਜ਼ਿਲੇ ਵਿੱਚ ਹੈ, ਕਜੋਂਥਲ ਇਸ ਦਾ ਪ੍ਰਸਿੱਧ ਨਾਮ ਹੈ।
[੫]ਗੜ੍ਹਵਾਲ ਦੀ ਰਾਜਧਾਨੀ।
[੬]ਰਾਮਪੁਰ ਬੁਸ਼ਹਰ
[੭]ਉੱਦਮ।
[੮]ਚਿਤ ਦੇਕੇ ਚਿਤਵਨ ਲੱਗਾ।

ਚਿੰਤਾ ਪਰਹਿ ਸ਼ਾਹੁ ਕੋ ਮਹਾਂ।
ਤਵ ਉੱਦਮ ਤੇ ਇਸ ਬਿਧਿ ਬਨੈ।
ਜੋ[1] ਨ ਮਿਲਹਿ ਅਬਿ ਤਿਹ ਸਭਿ ਹਨੈਂ ॥੧੩॥
ਇਹ ਡਰ ਸਭਿ ਕੋ ਲਿਖਹੁ ਪਠਾਵਹੁ।
-ਗੁਰ ਪਰ ਹ੍ਵੈ ਮੁਹਿੰਮ, ਚਢਿ ਆਵਹੁ।
ਨਾਂਹਿ ਤ ਸਭਿ ਕੋ ਹੈ ਦੁਖਦਾਈ।
ਲੇਹਿ ਖਾਲਸਾ ਰਾਜ ਛਿਨਾਈ ॥੧੪॥
ਮਿਲਿ ਕੈ ਲਰਹੁ ਬਚਜੋ ਜੇ ਚਾਹਤਿ।
ਨਤੁ ਕ੍ਰਿਖਿ ਲੂਟਹਿ ਗ੍ਰਾਮਨ ਦਾਹਤਿ[2]।
ਜਥਾ ਸ਼ਕਤਿ ਕਰਿ ਕਰਿ ਨਿਜ ਚਮੂੰ।
ਤੂਰਨ ਮਿਲਹੁ ਆਨਿ ਕਰਿ ਹਮੂੰ' ॥੧੫॥
ਦੋਨਹੁਂ ਨ੍ਰਿਪ ਮਸਲਤ ਕੋ ਧਰਿ ਕੈ।
ਲਿਖੇ ਪੱਤ੍ਰ ਸਭਿ ਸੋਂ ਹਿਤ ਕਰਿ ਕੈ।
ਦਲ ਆਰਾਸਤ ਅਪਨੋ ਕੀਨਾ[3]।
ਜੰਗ ਸਮਾਨ ਸਭਿਨਿ ਕੌ ਦੀਨਾ ॥੧੬॥
ਸੈਲਨਾਥ ਜੇਤਿਕ ਸੁਨਿ ਸਾਰੇ।
'ਭੀਮਚੰਦ ਨ੍ਰਿਪ ਬਡੋ ਹਕਾਰੇ।'
ਜੋਰਿ ਜੋਰਿ ਕਰਿ ਚਮੂੰ ਘਨੇਰੀ।
ਸਭਿ ਮਉਜੂਦ ਭਏ ਤਿਸ ਬੇਰੀ ॥੧੭॥
ਕਰਜੋ ਸਿਵਰ ਦੂਣ ਜੁ ਕਹਿਲੂਰ।
ਦੇਖਿ ਦੇਖਿ ਨ੍ਰਿਪ ਹੋਤਿ ਗ਼ਰੂਰ।
ਦਾਨ ਮਾਨ ਸਕਲਨਿ ਕੋ ਕਰਜੋ।
ਖਾਨ ਪਾਨ ਆਦਿਕ ਸੁਖ ਧਰਜੋ ॥੧੮॥
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਭਈ ਪ੍ਰਾਤ ਨਿਜ ਸਭਾ ਲਗਾਈ।
ਭੀਮ ਚੰਦ ਬਡ ਫਰਸ਼ ਕਰਾਏ।
ਸੈਲਨਾਥ ਸਗਰੇ ਤਬਿ ਆਏ ॥੧੯॥
ਖੜਗ ਸਿਪਰ ਸਰ ਧਨੁਖ ਕਰਾਲੇ।
ਅਪਨੇ ਅੰਗ ਸਜਾਇ ਬਿਸਾਲੇ।

---

[1]ਜੇ (ਰਾਜਾ)।
[2]ਸਾੜਕੇ।
[3]ਤਿਆਰ ਕੀਤਾ [ਫਾ:, ਆਰਾਸਤਹ]।

ਪ੍ਰਥਮ ਹੰਡੂਰੀ ਅਰੁ ਜਸੁਵਾਲ।
ਗਰਬ ਕਟੋਚੀ ਆਇ ਉਤਾਲ ॥੨੦॥
ਨਾਮ ਘਮੰਡ ਚੰਦ ਤਿਸ ਕੇਰਾ।
ਬੈਠੇ ਸਭਾ ਬਿਖੈ ਨ੍ਰਿਪ ਹੇਰਾ।
ਜੰਮੂ ਨਾਥ ਆਦਿ ਸਭਿ ਆਏ।
ਭੀਮਚੰਦ ਸਨਮਾਨਿ ਬਿਠਾਏ ॥੨੧॥
ਗਨ ਰਾਜਨਿ ਕੀ ਸਭਾ ਮਝਾਰਾ।
ਕਹਿਲੂਰੀ ਮਹਿਪਾਲ ਉਚਾਰਾ।
'ਸਭਿ ਕੋ ਹਿਤ ਲਿਹੁ ਰਿਦੈ ਬਿਚਾਰੀ।
ਪ੍ਰਗਟੵੋ ਸ਼ੱਤ੍ਰੂ ਖਾਲਸਾ ਭਾਰੀ ॥੨੨॥
ਸ਼ਾਮ ਦਾਮ ਅਰੁ ਭੇਦ ਉਪਾਇ।
ਗੁਰੁ ਕੇ ਸੰਗ ਨ ਇਹੁ ਬਨਿ ਆਇ।
ਕਰੀ ਸ਼ਾਮ ਤਬਿ ਕਹੀ ਕਰਾਵੈ[1]।
ਖੇਤੀ ਵਹਿਰ ਨ ਪਾਕਨ ਪਾਵੈ ॥੨੩॥
ਦਾਮ ਦੇਹਿਂ ਪੁਨ ਲੂਟਹਿਂ ਗ੍ਰਾਮ[2*]।
ਸਭਿ ਦਿਸ਼ਿ ਪਾਈ ਧੂੰਮਨ ਧਾਮ।
ਭੇਦ ਨ ਬਨਹਿ ਗੁਰੂ ਸਿਖ ਅਹੈ[3]।
ਜਿਸ ਕੋ ਨਾਮ ਸਿਮਰਤੇ ਰਹੈਂ[4] ॥੨੪॥
ਇਹ ਬਿਖਾਦ ਕੁਛ ਮੋ ਕਹੁ ਨਾਂਹੀ[5]।
ਸੰਸੈ ਸਭਿ ਕੈ ਰਾਜਨਿ ਮਾਂਹੀ।
ਦਿਨ ਪ੍ਰਤਿ ਵਧਹਿਂ ਪਾਹੁਲਾਂ ਲੇਤਿ।
ਆਠਹੁੰ ਜਾਮ ਲਰਨਿ ਸਨ ਹੇਤ ॥੨੫॥
ਅਬਿ ਉਪਾਵ ਸਭਿ ਤੇ ਹੁਇ ਆਵੈ।
ਮਿਲਹੁ ਲਰਹੁ ਗੁਰੁਪੁਰਾ ਛਿਨਾਵੈਂ।
ਰਾਖੵੋ ਚਹੈ ਮੇਲ ਸਭਿ ਰਾਜਨਿ।

---

[1]ਜੇ ਸ਼ਾਮ ਕਰਾਂਗੇ ਤਾਂ ਸਾਡੀਆਂ ਖੇਤੀਆਂ ਦੀ ਕਹੀ ਕਰਾਵੇਗਾ [ਸ਼ਾਮ = ਮਿੱਤ੍ਰਤਾ। ਦਾਮ = ਦਾਮ ਦੇਣਾ ਭਾਵ ਧਨ ਦੇਕੇ ਵਸ਼ ਕਰਨਾ। ਭੇਦ = ਫਰਕ ਪਾਉਣਾ, ਵੈਰੀ ਦੇ ਘਰ ਆਪੋ ਵਿਚ ਫੁੱਟ ਪਾਉਣੀ]।
[2]ਜੇ ਦਾਮ ਦੇਈਏ ਤਾਂ ਪਿੰਡ ਲੁੱਟਣਗੇ।
[*]ਇਹ ਰਾਜਾ ਦੂਸਰਿਆਂ ਨੂੰ ਉਕਸਾਉਣ ਲਈ ਝੂਠ ਬੋਲ ਰਿਹਾ ਹੈ। ਕਿਉਂਕਿ ਜਦੋਂ ਰਾਜੇ ਸੁਲਹ ਸਾਲਸੀ ਨਾਲ ਵਰਤਦੇ ਰਹੇ ਹਨ ਤਾਂ ਸਿੱਖ ਮੁੱਲ ਦੇਕੇ ਚਾਰੇ ਲੈਂਦੇ ਰਹੇ ਹਨ। ਦਾਮ ਰਾਜਿਆਂ ਕਦੇ ਦਿਤੇ ਹੀ ਨਹੀਂ।
[3]ਭੇਦ ਤਾਂ ਬਣ ਨਹੀਂ ਆਉਣਾ (ਕਿਉਂਕਿ ਖਾਲਸੇ ਤੇ ਗੁਰੂ ਦਾ ਸੰਬੰਧ) ਗੁਰ ਸਿੱਖ ਦਾ ਹੈ।
[4]ਜਿਸ ਦਾ ਨਾਮ ਜਪਦੇ ਰਹਿੰਦੇ ਹਨ ਉਸ ਨਾਲ ਕੀਕੂੰ ਫਟਣਗੇ।
[5]ਦੁਖ ਕੁਛ ਮੈਂ (ਇਕੱਲੇ) ਨੂੰ ਨਹੀਂ।

ਕਰਹਿ ਸੁਧਾਰਨਿ ਅਪਨੇ ਕਾਜਨਿ ॥੨੬॥
ਸੋ ਅਬਿ ਚਲਹਿ ਅਨੰਦਪੁਰ ਲਰਿਬੇ।
ਪੁਨ ਸੁਖ ਸਾਥ ਰਾਜ ਨਿਜ ਕਰਿਬੇ।
ਜੋ ਮਿਟਿ ਰਹਹਿ[1] ਨ ਆਛੀ ਤਾਂਹਿ।
ਰਿਪੁ ਸਭਿ ਕੋ, ਨਹਿਂ ਮੇਲੀ ਕਾਂਹਿਂ' ॥੨੭॥
ਸੁਨਤਿ ਕਟੋਚ ਹੰਡੂਰੀ ਕਹੈ।
'ਰਾਜੇ ਸਕਲ ਮਿਲੇ ਅਬਿ ਅਹੈਂ।
ਨਹਿਂ ਆਛੀ ਕਿਸ ਕੋ ਇਹ ਬਾਤ।
ਬਿਗਰਹਿਂ ਦੇਸ਼ ਰਾਜ ਦਿਨ ਰਾਤ ॥੨੮॥
ਹੋਤਿ ਪ੍ਰਾਤਿ ਕੇ ਕੂਚ ਕਰੀਜੈ।
ਘੇਰਾ ਆਨੰਦਪੁਰਿ ਕਰਿ ਲੀਜੈ।
ਬਸੈ ਅਪਰ ਥਲ, ਗੁਰੂ ਨਿਕਾਸਹੁ।
ਤਿਤਿਕ ਸਿੰਘ ਲਰਿ ਸਕਲ ਬਿਨਾਸਹੁ' ॥੨੯॥
ਕਹ੍ਯੋ ਕੇਸਰੀਚੰਦ ਸਭਿਨਿ ਮੈਂ।
'ਕੌਨ ਮੁਰੈਗੋ ਭ੍ਰਾਤਨਿ ਰਨ ਮੈਂ[2]।
ਤਨ ਮਨ ਧਨ ਕਰਿ ਸਗਲੇ ਲਰੈਂ।
ਧਰਹਿਂ ਅੱਗ੍ਰ ਪਗ, ਪਾਛ ਨ ਮੁਰੈਂ' ॥੩੦॥
ਇੱਤ੍ਯਾਦਿਕ ਕਹਿ ਸਭਿਹਿਨਿ ਮਾਨੀ।
ਉਠੀ ਸਭਾ ਗੇ ਨਿਜ ਨਿਜ ਥਾਨੀ।
ਲਰਨ ਸਮਾਜ ਤਯਾਰ ਤਬਿ ਕਰ੍ਯੋ।
ਪੈਦਲ ਅਸਵਾਰਨ ਦਲ ਜੁਰ੍ਯੋ ॥੩੧॥
ਗੁਲਕਾਂ ਗਨ ਬਰੂਦ ਬਹੁ ਦੇਤਿ।
ਨਿਜ ਨਿਜ ਮਿਸਲਨਿ ਬਨੇ ਸੁਚੇਤ।
ਸਗਰੀ ਰਾਤਿ ਕਰੀ ਸਭਿ ਤਯਾਰੀ।
ਨਿੰਦ੍ਰਾ ਅਲਪ ਬਿਲੋਚਨ ਧਾਰੀ ॥੩੨॥
ਭਈ ਪ੍ਰਾਤਿ ਆਲਸ ਕੋ ਟਾਰਾ।
ਭੀਮਚੰਦ ਬਜਵਾਇ ਨਗਾਰਾ।
ਕਰਿ ਸ਼ਨਾਨ ਬਸਤ੍ਰਨਿ ਕੋ ਪਾਏ।
ਖੜਗ ਸਿਪਰ ਅਪਣੇ ਅੰਗ ਲਾਏ ॥੩੩॥
ਚੜ੍ਹ ਗਜ ਪਰ ਲੇ ਰਾਜਨਿ ਸੰਗ।

---

[1]ਜੋ ਰਾਜਾ ਹੁਣ ਪਿੱਛੇ ਹਟਿਆ ਰਹੇ।
[2]ਭਾਈਆਂ ਦੇ ਜੰਗ ਵਿਚੋਂ।

ਸਭਿ ਕੇ ਦੁੰਦਭਿ ਬਜੇ ਉਤੰਗ।
ਇਕ ਦੁਇ ਕੋਸ ਚਲੇ ਤਬਿ ਆਯੋ।
ਵਹਿਰ ਨਿਕਸ ਕਰਿ ਸਿਵਰ ਲਗਾਯੋ ॥੩੪॥
ਮਿਲਿ ਰਾਜੇ ਗਨ ਪੱਤ੍ਰ ਲਿਖਾਯੋ।
ਦੂਤ ਹਾਥ ਤਤਕਾਲ ਪਠਾਯੋ।
ਆਗੇ ਸਤਿਗੁਰ ਸੁਨਿ ਸੁਧ ਸਾਰੀ।
ਕਰੀ ਜੁੱਧ ਕੀ ਸਭਿ ਬਿਧਿ ਤਜਾਰੀ ॥੩੫॥
ਬੈਠੇ ਹੁਤੇ ਦਿਵਾਨ ਮਝਾਰਾ।
ਪਾਸ ਖਾਲਸਾ ਸ਼ੋਭ ਉਦਾਰਾ।
ਪਹੁੰਚਯੋ ਪੱਤ੍ਰ ਖੁਲਾਇ ਪਠਾਯੋ।
ਧੁਨਿ ਉਚੀ ਤੇ ਸਭਿਨਿ ਸੁਨਾਯੋ ॥੩੬॥
'ਸੁਨੋ ਗੁਰੂ ਜੀ! ਥਾਨ ਹਮਾਰਾ।
ਜਹਿਂ ਅਨੰਦਪੁਰਿ ਬਸ੍ਯੋ ਤੁਮਾਰਾ।
ਸ਼੍ਰੀ ਗੁਰ ਤੇਗ ਬਹਾਦਰ ਲੀਨਂ।
ਹਮ ਕੋ ਕਈ ਬੇਰ ਧਨ ਦੀਨਂ* ॥੩੭॥
ਜਬਿ ਕੋ ਬਾਸ ਆਪ ਨੇ ਕਰਯੋ।
ਤਬਿ ਕੋ ਦਯੋ ਨ, ਕਜਾ ਮਨ ਧਰਯੋ।
ਅਬਹਿ ਆਪਨੋ ਪੰਥ ਉਪਾਯੋ।
ਹਥਜਾਰਨ ਕੌ ਹਾਥ ਗਹਾਯੋ ॥੩੮॥
ਲੂਟ ਕੂਟ ਕਰਿ ਦੂਣ ਉਜਾਰੀ।
ਲਰਨਿ ਮਰਨਿ ਨਿਤ ਧੂਮ ਉਤਾਰੀ।
ਅਬਿ ਲੌਂ ਮੈਂ ਕੀਨਸਿ ਬਹੁ ਟਾਰਾ।
ਦੇਨਿ ਰਹਯੋ ਧਨ, ਦੇਸ਼ ਉਜਾਰਾ[1] ॥੩੯॥
ਕੇਤਿਕ ਹਮਰੇ ਸੁਭਟ ਖਪਾਏ।
ਕਿਤਿਕ ਪਰੇ ਘਾਯਲ ਦੁਖ ਪਾਏ।
ਅਬਿ ਜੇ ਕਰਿ ਰਸ ਰਾਖਯੋ ਚਾਹਤਿ।
ਬਸਨ ਅਨੰਦਪੁਰਿ ਬਿਖੈ ਉਮਾਹਤਿ ॥੪੦॥
ਦਯਾ ਕਰਹੁ ਦੀਜੈ ਸਭਿ ਦਾਮੂ।

---

*ਮਾਖੋਵਾਲ ਦਾ ਥੇਹ ਧਨ ਦੇਕੇ ਖਰੀਦਿਆ ਸੀ ਨਾਵੇਂ ਗੁਰੂ ਜੀ ਨੇ। ਬਾਰ ਬਾਰ ਧਨ ਦੇਣ ਦਾ ਕਿਤੇ ਜ਼ਿਕਰ ਨਹੀਂ, ਰਾਜਾ ਐਵੇਂ ਫਹੁ ਮਾਰ ਰਿਹਾ ਹੈ। ਇਹੋ ਰਾਜੇ ਦੀ ਝੂਠੀ ਮੰਗ ਭੰਗਾਣੀ ਜੁੱਧ ਜਿੱਤਣ ਦੇ ਬਾਦ ਦੂਰ ਕੀਤੀ ਸੀ। ਦੇਖੋ ਟੂਕ ਰੁਤ ੨ ਅੰਸੂ ੩੩ ਦੇ ਸ਼ੁਰੂ ਦੀ।

[1]ਧਨ ਦੇਣਾ ਤਾਂ ਕਿਤੇ ਰਿਹਾ ਸਗੋਂ ਦੇਸ਼ ਉਜਾੜ ਦਿਤਾ।

ਬਸਹੁ ਆਪ ਬਿਗਰਹਿ ਨਹਿਂ ਕਾਮੂ।
ਨਾਂਹਿ ਤ ਕ੍ਰੱਧ ਵਧਯੋ ਹੁਇ ਜੁੱਧ।
ਹਿਰਦੈ ਸੁੱਧ ਵਿਚਾਰਹੁ ਬੁੱਧਿ ॥੪੧॥
ਉਤ ਤੁਰਕਨਿ ਸਨ ਬੈਰ ਤੁਮਾਰਾ।
ਇਤ ਹਮ ਸਾਥ ਵਧੀ ਬਹੁ ਰਾਰਾ।
ਦੋਨਹੁਂ ਦਿਸ਼ਿ ਤੇ ਦਲ ਉਮਡਾਵੈ।
ਸਭਿ ਜਗ ਸੁਭਟ[1] ਤੁਮਹੁਂ ਪਰ ਧਾਵੈਂ ॥੪੨॥
ਪਰਹਿ ਭੀਰ, ਨਹਿਂ ਕੁਛ ਬਨਿ ਆਵੈ।
ਘੇਰੇ ਜਾਹੁ ਨ ਨਿਕਸਨਿ ਪਾਵੈਂ।
ਯਾਂ ਤੇ ਦੀਜਹਿ ਦੌਲਤ ਅਬੈ।
ਆਗੈ ਪੰਥ[2] ਬਰਜ ਰਖਿ ਸਬੈ ॥੪੩॥
ਤਜਹੁ ਜੰਗ ਕੀ ਰੀਤਿ ਭਯਾਨਾ।
ਜਿਸ ਮਹਿਂ ਨਿੱਤ ਬਜਾਧ ਬਿਧਿ ਨਾਨਾ।
ਅਪਨੇ ਪਿਤ ਸਮਾਨ ਬਨ ਰਹੀਐ।
ਸੰਗਤਿ ਤੇ ਅਕੋਰ ਗਨ ਲਹੀਐ ॥੪੪॥
ਹਮ ਕੋ ਦਰਬ ਬਰਖ ਪ੍ਰਤਿ ਦੀਜੈ।
ਹੁਇ ਸੁਖਵਾਸੀ ਸਮਾ ਬਿਤੀਜੈ।
ਨਾਂਹਿ ਤ ਛੋਡਹੁ ਭੂਮਿ ਹਮਾਰੀ।
ਗਮਨ ਕਰਹੁ ਜਹਿਂ ਇੱਛ ਤੁਮਾਰੀ ॥੪੫॥
ਅਬਿ ਪਹੁਂਚਯੋ ਮੈਂ ਨਿਕਟ ਤੁਮਾਰੇ।
ਚਮੂੰ ਸਮੂਹ ਮਿਲੇ ਨ੍ਰਿਪ ਸਾਰੇ।
ਛੀਨ ਸਕਲ ਕਢਿ ਦੈ ਹੌਂ ਬਾਹਰ।
ਬਿਨਾ ਬਿਲੰਬ ਜਾਨੀਅਹਿ ਜ਼ਾਹਰ' ॥੪੬॥
ਇਮ ਰਾਜਨਿ ਕੋ ਲਿਖਾ ਸੁਨਾਯੋ।
ਸਤਿਗੁਰ ਰਿਦੈ ਕ੍ਰੋਧ ਬਿਰਧਾਯੋ।
ਉੱਤਰ ਲਿਖਿਬੇ ਸਭਿਨਿ ਸੁਨਾਵਨਿ।
ਧੁਨਿ ਊਚੀ ਪ੍ਰਭੁ ਕੀਨਿ ਬਤਾਵਨ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਜੰਗ ਸਮਾਜ' ਪ੍ਰਸੰਗ ਬਰਨਨੰ ਨਾਮ ਏਕਾਦਸ਼ਮੋਂ ਅੰਸੂ ॥੧੧॥

---

[1]ਸਾਰੇ ਜਗਤ ਦੇ ਸੂਰਮੇਂ।
[2]ਅਗੋਂ ਲਈ (ਖਾਲਸੇ) ਪੰਥ ਨੂੰ।

## ੧੨. [ਫੌਜਾਂ ਦੀ ਚੜ੍ਹਾਈ]

੧੧<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੧੩

ਦੋਹਰਾ: ਸ਼੍ਰੀ ਕਲਗੀਧਰ ਗਰਜਿ ਕੈ,
ਮੇਘ ਮਨਿੰਦ ਬਿਲੰਦ।
ਉੱਤਰ ਦਯੋ ਲਿਖਾਇ ਕਰਿ,
ਸ਼ੋਕ ਦੇਨਿ ਰਿਪੁ ਬ੍ਰਿੰਦ ॥੧॥
ਚੌਪਈ: 'ਸੁਨੀਅਹਿ ਭੀਮਚੰਦ ਅਭਿਮਾਨੀ!
ਸਭਿ ਰਾਜਨਿ ਸਨ ਦੇਹੁ ਬਖਾਨੀ।
ਹਮ ਤੇ ਦਾਮ ਚਹਹਿ ਜੇ ਲੈਬੋ।
ਖੜਗ ਧਾਰ ਸੋਂ ਕਰਿ ਹੈਂ ਦੈਬੋ[1] ॥੨॥
ਤੋਮਰ ਤੀਰਨਿ ਸਾਂਗਨਿ ਅਨੀ।
ਇਨ ਤੈ ਦੈ ਹੌ ਭੇਦੋਂ ਅਨੀ[2]।
ਸ਼ਲਖ ਤੁਫੰਗਨਿ ਬਰਖਾ ਗੁਲਕਨਿ।
ਇਨ ਤੇ ਪਰਖਨ ਕਰਿ ਧਨ ਅਨਗਨ ॥੩॥
ਮੂਢ ਅਜਾਨ ਨ ਤੁਮ ਸਮ ਕੋਈ।
ਚਹੈਂ ਦਰਬ, ਲਿਹੁ ਸਨਮੁਖ ਹੋਈ।
ਬਜੈ ਲੋਹ ਸੋਂ ਲੋਹ ਜੁਝਾਰੇ।
ਲੇਹੁ ਪਰਖ ਤਬਿ ਦਾਮ ਕਰਾਰੇ[3] ॥੪॥
ਕੌਨ ਸਨੇਹ ਰਹਜੋ ਅਬਿ ਤੋ ਸੋਂ।
ਕਰਿਬੋ ਚਾਹਤਿ ਆਨਿ ਕਰੋ ਸੋ।
ਨਤੁ ਮਤਿ ਸਮਝਹੁ ਬਨੀਯਹਿ ਸਜਾਨੋ[4]।
ਪਰਹੁ ਸ਼ਰਨ ਆਵਹੁ ਬਚ ਮਾਨੋ ॥੫॥
ਜੁਗ ਲੋਕਨਿ ਕੇ ਸੁਖ ਕੋ ਲਹੀਅਹਿ।
ਸ਼ਰਨ ਖਾਲਸੇ ਕੀ ਪਰਿ ਰਹੀਅਹਿ।
ਹਠ ਹੰਕਾਰ ਛੋਰਿ ਮਨ ਮੱਧੇ।
ਮਿਲਹੁ ਆਨਿ ਕਰਿ ਹ੍ਵੈ ਬੁਧਿ ਸੁੱਧੇ ॥੬॥
ਗੁਰ ਘਰ ਤੇ ਚਾਹਹੁ ਸੋ ਪਾਵਹੁ।
ਰਾਜ ਸਮਾਜ ਭਲੇ ਬਿਰਧਾਵਹੁ[*]।

---

[1]ਭਾਵ ਦਿਆਂਗੇ।
[2](ਤੇਰੀ) ਫੌਜ ਨੂੰ ਵਿੰਨ੍ਹਕੇ।
[3]ਭਾਵ ਰੁਪਏ ਟਣਕਾਕੇ ਪਰਖਕੇ ਲੈਣੇ।
[4]ਨਹੀਂ ਤਾਂ ਬੁੱਧੀ ਵਿੱਚ ਸਮਝਕੇ ਸਿਆਣੇ ਬਣੋ।
[*]ਦੇਖੋ ਕੈਸਾ ਸਾਫ ਕਹਿ ਰਹੇ ਹਨ, ਕਿ ਰਾਜੇ ਦਾ ਰਾਜ ਖੁਹਣਾ ਨਹੀਂ ਚਾਹੁੰਦੇ।

ਜੇ ਅਭਿਮਾਨ ਅਧਿਕ ਤੁਵ ਮਨ ਮੈਂ।
ਬਾਂਛਤਿ ਮੇਲ ਕਰਜੋ ਚਹਿਂ ਰਨ ਮੈਂ ॥੭॥
ਮੁਕਰ ਮਨਿੰਦ[1] ਗੁਰੂ ਘਰ ਅਹੈ।
ਰਿਦੈ ਭਾਵਨਾ ਤਿਮ ਫਲ ਲਹੈ।
ਸੇਵਕ ਬਨੈ ਅਨਿਕ ਸੁਖ ਪਾਏ।
ਕਰਜੋ ਦ੍ਵੈਸ਼ ਜੇ ਕ੍ਰੋਧ ਉਪਾਏ[2] ॥੮॥
ਤੌ ਮਗ ਮਹਿਂ ਪਗ ਧਰਹੁ ਉਤਾਲੇ।
ਨਹਿਂ ਪੀਵਹੁ ਜਲ ਬੈਠਿ ਸੁਖਾਲੇ।
ਰੈਨ ਬਸਨਿ ਕੀ ਹ੍ਵੈ ਤੁਹਿ ਆਨ[3]।
ਹੇਰਹੁ ਰਣ ਘਮਸਾਨੈ ਆਨਿ[4]' ॥੯॥
ਇਮ ਉੱਤਰ ਲਿਖਿ ਪ੍ਰਭੂ ਪਠਾਯੋ।
ਨਿਕਟ ਗਯੋ ਨ੍ਰਿਪ[5], ਖੋਲਿ ਸੁਨਾਯਹੁ।
ਸੁਨਿ ਕਰਿ ਤਨ ਮਨ ਲਾਗਸਿ ਆਗ।
ਸਹਿ ਨ ਸਕਜੋ ਮਨਮੂੜ੍ਹ ਕੁਭਾਗ ॥੧੦॥
ਸਭਿ ਰਾਜਨ ਕੌ ਬਹੁਰ ਸੁਨਾਯੋ।
'ਅਬਿ ਗੁਰ ਸੰਗ ਜੰਗ ਬਨਿ ਆਯੋ।'
ਸੋ ਨਿਸ ਬਸਿ ਕਰਿ ਤਹਾਂ ਬਿਤਾਈ।
ਭਈ ਪ੍ਰਾਤਿ ਤੇ ਚਹਤਿ ਚੜ੍ਹਾਈ ॥੧੧॥
ਗਿਰਨਾਥਨ[6] ਕੇ ਬਜੇ ਨਗਾਰੇ।
ਭੀਮਚੰਦ ਹੋਯਸਿ ਤਬਿ ਤਜਾਰੇ।
ਪ੍ਰਿਥਕ ਪ੍ਰਿਥਕ ਸੈਨਾ ਕਰਿ ਰਾਜੇ।
ਚਢੇ ਅਨੇਕ ਬਜਾਵਤਿ ਬਾਜੇ ॥੧੨॥
ਫਰਰੇ ਛੁਟੇ ਨਿਸ਼ਾਨ ਅਗਾਰੀ।
ਮਨਹੁਂ ਘਟਾ ਕੇ ਘਨ ਅਗਵਾਰੀ[7]।
ਰਣਸਿੰਕੇ ਗਨ ਢੋਲ ਵਜਾਏ।
ਸ਼ਲਖ ਤੁਫੰਗਨਿ ਕੀ ਚਲਿਵਾਏ ॥੧੩॥

---

[1]ਸ਼ੀਸ਼ੇ ਵਰਗਾ।
[2]ਜੇ ਕ੍ਰੋਧ ਕਰਕੇ ਦ੍ਵੈਸ਼ ਕੀਤਾ ਹੈ ਤਾਂ।
[3]ਕਸਮ।
[4]ਆ ਕੇ।
[5]ਰਾਜੇ ਦੇ।
[6]ਪਹਾੜੀ ਰਾਜੇ।
[7]ਘਟਾ ਦੇ ਅੱਗੇ ਬਦਲ ਹੀ ਹਨ।

ਗੂਜਰ ਜਾਤਿ ਹਜ਼ਾਰਨਿ ਰਾਊ[੧]।
ਨਾਮ ਕਹੈਂ ਜਮਤੁੱਲਾ ਭਾਊ[੨]।
ਸੋ ਪੈਦਲ ਕੇ[੩] ਭਯਾ ਅਗਾਰੀ।
ਬਰਛੀ, ਸੇਲੇ, ਸਾਂਗ, ਕਟਾਰੀ ॥੧੪॥
ਤੋਮਰ ਤਰਵਾਰਨ ਗਹਿ ਢਾਲੇ।
ਗੂਜਰ ਰੰਘਰ ਬ੍ਰਿੰਦ ਕੁਚਾਲੇ[੪]।
ਛੇਰ ਗਵਾਰਨ ਅਧਿਕ ਬਟੋਰੀ[੫]।
ਆਗੇ ਚਲ੍ਯੋ ਅਨੰਦਪੁਰਿ ਓਰੀ ॥੧੫॥
ਬਾਇਸ ਧਾਰਨਿ ਨਰ ਗ੍ਰਾਮੀਨ[੬]।
ਚਲੇ ਸੰਗ ਜਿਨ ਕੀ ਗਿਨਤੀ ਨ।
ਕਲਮਲਾਟ[੭] ਪੈਦਲ ਦਲ ਬੀਰੰ।
ਚਮਕਹਿਂ ਆਯੁਧ ਧਰ੍ਯੋ ਬਿਹੀਰੰ ॥੧੬॥

ਛਪਯ: ਪੁਰਿ ਤਜਿ ਕੈ ਕਹਿਲੂਰ,
ਨ੍ਰਿਪਨਿ ਕੀਨਸਿ ਅਸਵਾਰੀ।
ਮੁਹਰੇ ਧਰੇ ਨਿਸ਼ਾਨ,
ਛੋਰਿ ਫਰਰੇ ਇਕਬਾਰੀ।
ਭੀਮਚੰਦ ਅਸਵਾਰ, ਖੜਗ ਗਾਤ੍ਰੈ ਤਿਨ ਪਾਯੰ।
ਡਾਲਿ ਢਾਲ ਨਿਜ ਕੰਧ, ਭਲੀ ਬਿਧਿ ਸੋਂ ਲਟਕਾਯੰ।
ਕਰਿ ਅੱਗ੍ਰ ਉਦਰ[੮] ਜਮਧਰ ਧਰੀ
ਉਤਸਾਹਤਿ ਪ੍ਰਸਥਾਨ ਕਿਯ।
ਤਬਿ ਬਜੀ ਬੰਬ ਦੁੰਦਭਿ ਅਨਿਕ
ਲਰਨ ਹੇਤੁ ਚਿਤ ਚੌਂਪ ਲਿਯ ॥੧੭॥
ਤਿਮਹੀ ਚਲ੍ਯੋ ਕਟੋਚਿ, ਚੌਂਪ ਚੰਚਲ ਬਹੁ ਬਾਜੀ[੯]।
ਜਿਸ ਤੇ ਤਨ ਬਲ ਅਧਿਕ, ਮਨਹੁ ਫਾਂਧਤਿ ਨਟ ਬਾਜ਼ੀ[੧੦]।

---

[੧]ਗੂਜਰ ਜਾਤੀ ਦੇ ਹਜ਼ਾਰਾਂ ਸੂਰਮਿਆਂ ਦਾ ਰਾਜਾ।
[੨]ਜਿਸ ਦਾ ਨਾਮ ਜਮਤੁੱਲਾ ਭਾਊ ਕਹਿੰਦੇ ਹਨ।
[੩]ਓਹ ਪੈਦਲ (ਸੈਨਾ) ਦੇ।
[੪]ਖੋਟੀ ਚਾਲ ਵਾਲੇ।
[੫]ਗਵਾਰਾਂ ਦੀ ਛੇੜ (ਵਹੀਰ)।
[੬]ਬਾਈ ਧਾਰਾਂ ਦੇ ਗ੍ਰਾਮਾਂ ਦੇ ਪੁਰਸ਼।
[੭]ਖਰਬਰਾਟ, ਰੌਲਾ ਗੌਲਾ।
[੮]ਪਟ ਦੇ ਅੱਗੇ।
[੯]ਘੋੜਾ।
[੧੦]ਭਾਵ ਜਿਵੇਂ ਨਟ ਬਾਜ਼ੀ ਪਾਂਵਦਾ ਹੈ ਤਿਵੇਂ (ਘੋੜਾ) ਛਾਲਾਂ ਮਾਰਦਾ ਹੈ।

ਖੜਗ ਸਿਪਰ ਕਟ ਕਸਮਤਿ, ਤੁਰਮ ਤਬਿ ਤੂਰਨ ਬਾਜੀ[੧]।
ਬਾਜੀ ਬਾਜੀ ਬੇਰ, ਲਰਯੋ ਜਬ ਰਾਹਹਿਂ ਬਾਜੀ[੨]।
ਇਮ ਭੂਪ ਕਾਂਗੜੇ ਕੋ ਬਲੀ
ਭਾਥਾ ਸਾਥ ਖਤੰਗ ਭਰਿ।
ਚਪ ਚਲਯੋ ਲਰਨਿ ਪ੍ਰਭੁ ਪੁਰਖ ਸੋਂ
ਦਿਸ਼ਿ ਅਨੰਦਪੁਰ ਦ੍ਰਿਸ਼ਟਿ ਧਰਿ ॥੧੮॥
ਜਸੋਵਾਰੀਆ ਮਹਿਪ, ਸੂਰਮਾ ਮਨ ਅਹੰਕਾਰੀ।
ਤਰੁਨ ਬੈਸ ਤਨ ਬਿਖੈ, ਮਹਾਂ ਸੁੰਦਰ ਦੁਤਿਕਾਰੀ।
ਕਸ ਕ੍ਰਿਪਾਨ ਕਟ ਸੰਗ, ਢਾਲ ਧਰਿ ਰੰਗ ਜੁ ਕਾਰੀ[੩]।
ਗਹਿ ਕਮਾਨ ਤਬਿ ਹਾਥ, ਓਜ ਤੇ ਕਸ ਟੰਕਾਰੀ[੪]।
ਢਿਗ ਹੁਤੋ ਮਸਤ ਹਾਥੀ ਮਹਿਦ
ਚਲਤਿ ਭਯੋ ਤਿਸ ਪਰ ਚਢਯੋ।
ਜਿਸ ਨਾਮ ਕੇਸਰੀ ਚੰਦ ਕਹਿਂ
ਲਰਨ ਬੀਰ ਰਸ ਉਰ ਬਢਯੋ ॥੧੯॥
ਨ੍ਰਿਪਤ ਹੰਡੂਰੀ ਚਢਯੋ, ਧਰੇ ਸ਼ਸਤ੍ਰਨਿ ਸਭਿ ਸੰਗਾ।
ਰਾਜਨੀਤ ਮਹਿਂ ਚਤੁਰ, ਕਹੈਂ ਸਭਿ ਬੁਧਿ ਉਤੰਗਾ।
ਭੀਮਚੰਦ ਕੇ ਸੰਗ, ਕਥੈ ਬਹੁ ਜੰਗ ਪ੍ਰਸੰਗਾ।
ਪਿਖਤਿ ਬਾਹਿਨੀ ਬਡੀ, ਚਲੀ ਜਿਮ ਉਮਡਤਿ ਗੰਗਾ।
ਬਡ ਗਜ ਪਰ ਭਯੋ ਆਰੋਹ ਸੋ,
ਚਮੂੰ ਚਮੂੰ[੫*] ਦਹਿ ਦਿਸ਼ਿ ਚਲੀ।
ਗਹਿ ਬਹੁ ਤੁਫੰਗ ਸੇਲੇ ਸਿਪਰ
ਪਰਬਤ ਨਿਕਸਤਿ ਕਲਮਲੀ[੬] ॥੨੦॥
ਗਿਣਤੀ ਕਿਹ ਕਿਹ ਕਰੈਂ ਅਪਰ ਰਾਜੇ ਚਢਿ ਚਾਲੇ।
ਕੁੱਲੂ, ਕੈਂਠਲ ਅਰੁ ਭੁਟੰਤ ਗਨ ਜੰਮੂੰ ਵਾਲੇ।

---

[੧]ਤਦੋਂ ਤੁਰਮ ਛੇਤੀ ਵੱਜੀ। [ਸੰਸ:, ਤੂਰਮ, ਤੁਰੀ। ਜਾਪਦਾ ਹੈ ਇਹ ਬਾਜਾ ਹਿੰਦ ਤੋਂ ਪੱਛੋਂ ਨੂੰ ਗਿਆ ਹੈ, ਅੰਗ੍ਰੇਜ਼ੀ ਵਿਚ ਇਸ ਨੂੰ ਟ੍ਰੰਪਟ ਆਖਦੇ ਹਨ]।
[੨]ਬਾਜੀ ਬਾਜੀ ਬੇਰ = ਕਦੇ ਕਈ ਵਾਰ। ਰਾਰਹਿ ਬਾਜੀ = ਜਦ ਲੜਾਈ ਘੋਰ ਹੋਈ। ਭਾਵ, ਇਹ ਰਾਜਾ ਕਈ ਵੇਰ ਲੜਾਈ ਵਿਚ ਆਪ ਲੜ ਚੁੱਕਾ ਸੀ। (ਅ) (ਅਗੇ) ਬਾਜੀ ਵੇਰ (ਕਈ ਵਾਰ) ਜਦ ਲੜਾਈ ਹੋਈ ਤਾਂ ਇਸ ਘੋੜੇ (ਤੇ ਚੜ੍ਹਕੇ) ਲੜਿਆ ਸੀ।
[੩]ਕਾਲੇ ਰੰਗ ਦੀ ਢਾਲ।
[੪]ਕੱਸਕੇ ਟੰਕਾਰੀ। (ਅ) ਕਸ਼ਟੰਕਾਰੀ = ਕਸ਼ਟ ਦੇਣ ਵਾਲੀ।
[੫]ਫੌਜ ਹੀ ਫੌਜ।
[*]ਪਾ:-ਚਮਕ।
[੬]ਰੌਲਾ ਪਾਉਂਦੀ।

ਪੁਨ ਗੁਲੇਰੀਆਂ ਚਢ੍ਯੋ ਔਰ ਡਢਵਾਰ ਨਰੇਸ਼ੰ।
ਸਿਰੀਨਗਰ ਕੀ ਚਮੂੰ ਚਲੀਂ ਧਰਿ ਸ਼ਸਤ੍ਰ ਅਸ਼ੇਸ਼ੰ।
ਬਡ ਪੁਰਿ ਬੁਸ਼ਹਿਰ ਕੇ ਭਟ ਮਿਲੇ
ਪੈਦਲ ਤੇ ਅਸਵਾਰ ਗਨ।
ਪੁਨ ਚਢਿ ਚੰਦੇਰੀਆ ਚਤੁਰ ਚਿਤ,
ਚੌਕਸ[1], ਚੰਚਲ ਚਲਤਿ ਰਨ[2] ॥੨੧॥
ਨੂਰਪੁਰੀ ਸੰਗ ਸੈਨ, ਚਢ੍ਯੋ ਦੁੰਦਭਿ ਬਡ ਬਾਜ੍ਯੋ।
ਕਿਤਿਕ ਦੜੋਲੀ ਮਿਲੇ, ਆਪਨੋ ਦਲ ਬਲ ਸਾਜ੍ਯੋ।
ਮੰਡਸਪਤੀ[3] ਬਿਸਾਲ, ਔਰ ਚੰਬਜਾਲ[4] ਸੈਲ ਗਨ।
ਨਿਜ ਨਿਜ ਬੰਧੇ ਟੋਲ, ਕਹਾਂ ਕਹੀਅਹਿ ਗਨਨਾ ਗਨ[5]।
ਮਗ ਚਲਤਿ ਉਡੀ ਰਜ ਗਗਨ ਕੋ
ਸਰਜ ਤੇਜ ਅਛਾਦ ਲਿਯ।
ਬਹੁ ਅੰਧ ਧੁੰਧ ਸਭਿ ਦਿਸ਼ਿਨਿ ਮਹਿਂ
ਖਰਭਰਾਟ ਸਭਿ ਗਿਰਨਿ ਕਿਯ ॥੨੨॥
ਦੋਹਰਾ: ਇਸ ਪ੍ਰਕਾਰ ਸੈਨਾ ਸਕਲ, ਚਲੀ ਸੰਗ ਗਿਰਨਾਥ।
ਪੁਰਿ ਅਨੰਦ ਸਨਮੁਖ ਭਈ, ਸ਼ਸਤ੍ਰ ਧਰੇ ਸਭਿ ਹਾਥ ॥੨੩॥
ਚੌਪਈ: ਸੁਧ ਕੇ ਕਰਨਹਾਰ ਤਬਿ ਆਏ।
ਬਿਚ ਦਿਵਾਨ ਜਹਿਂ ਗੁਰ ਸੁਹਾਏ।
'ਬੈਠੇ ਕਹਾਂ ਆਪ ਚਿਤ ਸ਼ਾਤੀ।
ਚਢੇ ਨ੍ਰਿਪਤ ਕਰਿ ਆਂਖੈ ਰਾਤੀ[6] ॥੨੪॥
ਬੇਸ਼ੁਮਾਰ ਦਲ ਗਿਰਨਿ ਬਟੋਰਾ।
ਪਹੁੰਚੇ ਲਖਹੁ ਆਪਨੀ ਓਰਾ।
ਸ਼ੱਤ੍ਰ ਮਿੱਤ੍ਰ ਜੇ ਅਖਿਲ ਪਹਾਰੀ।
ਅਬਿ ਮਿਲਿ ਕਰਿ ਹਿਤ ਆਪ ਮਝਾਰੀ[7] ॥੨੫॥
ਆਨੰਦ ਪੁਰਿ ਛੁਟਕਾਵਨਿ ਕਾਜੂ।
ਸਭਿ ਆਏ ਬਡ ਕਰ੍ਯੋ ਸਮਾਜੂ।'

---

[1]ਖਬਰਦਾਰ ਹੋਕੇ।
[2]ਚਲਦਾ ਹੈ ਰਣ ਨੂੰ।
[3]ਮੰਡੀ ਵਾਲਾ।
[4]ਚੰਬਿਆਲ ਜ਼ਾਤ ਦਾ ਭਾਵ ਚੰਬੇ ਦਾ ਰਾਜਾ।
[5]ਗਿਣਤੀ ਨੂੰ ਗਿਣਕੇ।
[6]ਲਾਲ ਅੱਖਾਂ ਕਰਕੇ।
[7]ਆਪਸ ਵਿੱਚ ਹਿਤ ਕਰਕੇ।

ਬਿਚ ਦਿਵਾਨ ਸਤਿਗੁਰੂ ਬਖਾਨਾ।
'ਸੁਨਹੁ ਖਾਲਸਾ! ਬਨਿ ਸਵਧਾਨਾ ॥੨੬॥
ਹੁਇ ਹੈ ਅਬਿ ਘਮੰਡ ਬਲਵੰਡਾ।
ਸੰਘਰ ਕਰਹੁ ਬਿਲੰਦ ਪ੍ਰਚੰਡਾ।
ਇਨ ਕੇ ਸਮ ਕੋ ਨਾਂਹਿਨ ਆਛੀ।
ਲੋਕ ਪ੍ਰਲੋਕ ਸੁਖਦ ਬਡਿ ਬਾਛੀ ॥੨੭॥
ਨ੍ਰਿਭੈ ਜੰਗ ਮਹਿਂ ਖੜਗ ਪ੍ਰਹਾਰਹੁ।
ਸਮੁਖ ਥਿਰਹੁ, ਸ਼ੱਤ੍ਰੁਨਿ ਗਨ ਮਾਰਹੁ।
ਮਹਾਂ ਸੁਜਸੁ ਕੋ ਪ੍ਰਾਪਤਿ ਹੋਵਹੁ।
ਲੇਨਿ ਪਰਦਮਦ ਕੋ ਮਗ ਜੋਵਹੁ ॥੨੮॥
ਸੰਮਤ ਘਨੇ ਤਪਹਿ ਤਪੁ ਭਾਰੇ।
ਬਰਖਾ ਸੀਤ ਰੁ ਉਸ਼ਨ ਸਹਾਰੇ।
ਸੰਕਟ ਅਨਿਕ ਭਾਂਤਿ ਕੇ ਝਾਲੇ।
ਸਭਿ ਜੁਗ ਸੁਖ ਤੇ ਬਨਹਿ ਨਿਰਾਲੇ[1] ॥੨੯॥
ਤਿਨ ਕੋ ਭੀ ਦੁਰਲਭ ਪਦ ਜੋਇ।
ਕਰਹਿ ਜਤਨ ਜੋਗੀ ਚਹਿ ਸੋਇ।
ਰਣ ਮਹਿਂ ਮ੍ਰਿਤ੍ਯੁ ਹੋਇ, ਸੋ ਪਾਵਹੁ।
ਏਕ ਪਲਕ ਮਹਿਂ ਤਹਾਂ ਸਿਧਾਵਹੁ ॥੩੦॥
ਜੋ ਅਬਿ ਲਰਹਿਂ ਮਰਹਿਂ ਸਹਿਕਾਮੀ।
ਸੋ ਤੂਰਨ ਹ੍ਵੈਂ ਸੁਰਪੁਰਿ ਗਾਮੀ।
ਤਹਿਂ ਕੇ ਸੁਖ ਭੋਗੈਂ ਚਿਤ ਕਹੈਂ[2]।
ਆਦਿ ਅਪਸਰਾ ਜੇਤਿਕ ਅਹੈਂ ॥੩੧॥
ਪੁਨ ਅਵਨੀ ਪਰ ਹੁਇ ਹੈਂ ਰਾਜੇ।
ਸਭਿ ਸੁਖ ਭੋਗਹਿਂ, ਵਧੈ ਸਮਾਜੇ।
ਮੇਰੀ ਸਿੱਖੀ ਬਹੁਰ ਕਮਾਇ।
ਮਿਲਹਿਂ ਆਨਿ ਮੁਝ ਆਨੰਦ ਪਾਇ ॥੩੨॥
ਜੋ ਨਿਸ਼ਕਾਮੀ ਜੰਗ ਮਝਾਰਾ।
ਮਾਰਹਿਂ ਮਰਹਿਂ ਗਹੇ ਹੱਥਜਾਰਾ।
ਸੋ ਮਮ ਸੰਗ ਸਦਾ ਹੀ ਰਹੈਂ।
ਪਦ ਜੋਗੀਨਿ ਜੁ ਦਰਲਭ ਅਹੈ ॥੩੩॥

---

[1]ਭਾਵ ਜੋ ਜਗਤ ਦੇ ਸਾਰੇ ਸੁਖਾਂ ਤੋਂ ਅਤੀਤ ਹੋ ਗਏ।
[2]ਮਨ ਭਾਉਂਦੇ ਸੁਖ।

ਆਗੈ ਲਖਹੁ ਜੁ ਛੱਤ੍ਰੀ ਭਏ।
ਰਣ ਮਹਿਂ ਮਰੇ ਸੁਰਗ ਸਭਿ ਗਏ।
ਛਪੀ ਨਹੀਂ ਜਗ ਮਹਿਂ ਇਹ ਕਥਾ।
ਜੋਧੇ ਕੋ ਪ੍ਰਾਪਤਿ ਸੁਖ ਜਥਾ ॥੩੪॥
ਪੁਨ ਮੈਂ ਤੁਮਰੇ ਸੰਗ ਸਹਾਈ।
ਲੋਕ ਪ੍ਰਲੋਕ ਜਹਾਂ ਕਹਿਂ ਜਾਈਂ।'
ਇੱਤਜਾਦਿਕ ਉਪਦੇਸ਼ਤਿ ਸ੍ਵਾਮੀ।
ਭਯੋ ਖਾਲਸਾ ਸੰਘਰ ਕਾਮੀ[1] ॥੩੫॥
ਮਾਝੇ ਆਦਿਕ ਦੇਸ਼ਨਿ ਮਾਂਹੀ।
ਹੁਤੇ ਸਿੰਘ ਘਰ ਗਮਨੇ ਤਾਂਹੀ।
ਪ੍ਰਥਮ ਹਕਾਰਿ ਪਠੇ ਸਭਿ ਆਏ।
ਦੁਨੀਚੰਦ ਨਿਜ ਸਾਥਹਿਂ ਲਜਾਏ ॥੩੬॥
ਜਹਿਂ ਕਹਿਂ ਰਣ ਕੀ ਸੁਧਿ ਪਹੁੰਚਾਈ।
ਚਲੇ ਸਿੰਘ ਆਏ ਸਮੁਦਾਈ।
ਬਖਸ਼ਿ ਸਿੰਘ ਗੁਰਬਖਸ਼ ਸਿੰਘ ਪੁਨ।
ਭੈਰੋਵਾਲ[2] ਕਲਾਲ[3] ਸਿੰਘ ਗੁਨ ॥੩੭॥
ਲਏ ਸੈਂਕਰੇ ਸਿੰਘਨਿ ਆਏ।
ਦਜਾਲ ਸਿੰਘ ਸੁਰਸਿੰਘ[4] ਬਸਾਏ।
ਮੱਟੂ[5*] ਸੇਵਾ ਸਿੰਘ ਮਝੈਲ।
ਏ ਸਭਿ ਦੁਨੀਚੰਦ ਕੇ ਗੈਲ[6] ॥੩੮॥
ਸਕਲ ਪੰਜ ਸੈ ਗਿਨਤੀ ਬਿਖੈ।
ਆਨਿ ਗੁਰੂ ਕੋ ਦਰਸ਼ਨ ਪਿਖੈਂ।
ਇਸੀ ਰੀਤਿ ਦੇਸ਼ਨਿ ਸਮੁਦਾਏ।
ਸੁਨਿ ਰਣ ਕਰਨ ਪ੍ਰਭੂ ਢਿਗ ਆਏ ॥੩੯॥
ਭਏ ਇਕੱਤ੍ਰ ਹਜ਼ਾਰੋਂ ਸਿੰਘ।
ਗਹੇ ਸ਼ਸਤ੍ਰ ਰਿਪੁ ਮ੍ਰਿਗ ਪਰ ਸਿੰਘ।

---

[1]ਯੁੱਧ ਚਾਹੁਣ ਵਾਲਾ।
[2]ਗੋਇੰਦਵਾਲ ਤੋਂ ਰਤਾ ਉਰੇ ਕੁ ਵਾਰ ਇਹ ਪਿੰਡ ਹੈ।
[3]ਕਲਾਲ ਗੋਤ ਦੇ।
[4]ਮਾਝੇ ਵਿਚ ਪਿੰਡ ਹੈ।
[5]ਜੱਟਾਂ ਦਾ ਇਕ ਗੋਤ।
[*]ਪਾ:-ਮੱਦੂ।
[6]ਪਿੱਛੇ।

ਗਰਜਤਿ ਬੋਲੇ ਪ੍ਰਭੂ ਸੁਨਾਇ[1]।
'ਚਹੈਂ ਆਪ ਕੀ ਏਕ ਰਜ਼ਾਇ ॥੪੦॥
ਕਜਾ ਪਹਾਰੀਏ ਹਮਹੁਂ ਅਗਾਰੀ।
ਕਰਹੁ ਹੁਕਮ ਦਿੱਲੀ ਲੇਂ ਮਾਰੀ।
ਸਭਿ ਤੁਰਕਾਨਾ ਦੇਹਿਂ ਖਪਾਇ।
ਲਵਪੁਰਿ ਕੋ ਤਤਕਾਲ ਛੁਟਾਇ' ॥੪੧॥
ਉਦੇਸਿੰਘ ਤੇ ਆਦਿਕ ਬੀਰ।
ਸੁਨਿ ਸਤਿਗੁਰ ਤਿਨ ਦੀਨਸ ਧੀਰ।
'ਦੁਰਗ ਕਰਹੁ ਦਿਢ ਬਨਹੁ ਸੁਚੇਤ।
ਰੋਕਹੁ ਆਗਾ ਲਰਿਬੇ ਹੇਤੁ' ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਜੰਗ' ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥੧੨॥

---
[1]ਗੁਰੂ ਜੀ ਨੂੰ ਸੁਣਾਕੇ।

## ੧੩. [ਜੰਗ ਆਰੰਭ]

੧੨<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੧੪

ਦੋਹਰਾ: ਇਸ ਬਿਧਿ ਗੁਰੂ ਅਨੰਦਪੁਰਿ,
ਸਿੰਘਨਿ ਕੀਨਿ ਸੁਚੇਤ।
ਸ਼ਸਤ੍ਰ ਨਿਕਾਸੇ ਕੋਸ਼ ਤੇ,
ਬਖਸ਼ੇ ਸੰਘਰ ਹੇਤੁ ॥੧॥

ਭੁਜੰਗ ਛੰਦ: ਬਡੇ ਬਾਢ ਚੌਰੇ ਸੁ ਤੇਗ਼ੇ ਜੁ ਮਜਾਨੀ[1]।
ਦੁਧਾਰੇ ਪੁਲਾਦੀ ਅਨੇਕੈ ਮਹਾਂਨੀ।
ਸਰੋਹੀ ਹਲੱਬੀ ਜੁਨੰਬੀ[2] ਦਈ ਹੈ।
ਕਰਾਚੋਲ[3] ਖੰਡੇ ਜੁ ਕੇਤੇ ਲਈ ਹੈ[4] ॥੨॥
ਸਭ ਲੋਹ ਕੀ ਸਾਂਗ ਨੇਜੇ ਬਿਸਾਲੇ।
ਬਿਛੂਏ ਬਡੇ ਬਾਂਕ ਜੰਬੂਏ ਕਰਾਲੇ[5]।
ਛੁਰੇ ਖੋਖਨੀ[6] ਸੈਫ ਲਾਂਬੀ ਬਿਲੰਦੇ[7]।
ਘਨੇ ਸੇਲ[8] ਭਾਲੇ[9] ਪ੍ਰਕਾਸ਼ੇ ਅਮੰਦੇ[10] ॥੩॥
ਮਲੰ ਹੀਨ ਸਾਫੰ ਬਨੇ ਅੰਗ ਚੰਗੇ[11]।
ਤਮਾਂਚੇ ਕਲਾਦਾਰ ਸ਼ੱਤ੍ਰੂਨਿ ਭੰਗੇ[12]।
ਤੁਫੰਗੇ, ਜੰਜੈਲਾਂ[13], ਜੰਬੂਰੇ[14], ਧਮਾਕੇ[15]।
ਦਏ ਚੱਕ੍ਰਬੱਕ੍ਰੰ ਚਮੰਕੇ ਚਲਾਕੇ[16] ॥੪॥

---

[1]ਤੇਗ਼ੇ ਵਡੇ ਤੇ ਚੌੜੇ ਤੇ (ਤ੍ਰਿੱਖੀ) ਧਾਰ ਵਾਲੇ ਤੇ ਦਰਮਿਆਨੀ (ਵਿਚਲੇ ਮੇਲ ਦੇ)।
[2]ਤ੍ਰੈਏ ਤਲਵਾਰਾਂ ਦੇ ਨਾਮ ਹਨ, ਬਣਨ ਵਾਲੇ ਇਲਾਕਿਆਂ ਦੇ ਨਾਮਾਂ ਤੇ। [ਸਰੋਹੀ = ਰਾਜਪੂਤਾਨੇ ਵਿੱਚ, ਹਲਬ ਟਰਕੀ ਵਿਚ ਤੇ ਜੁਨੱਬ ਆਰਮੀਨੀਆ ਵਿੱਚ ਹੈ]।
[3]ਤਲਵਾਰ।
[4]ਕਿਤਨਿਆਂ ਹੀ ਨੇ ਲਈਆਂ।
[5]ਜੰਭੂਆ, ਇਕ ਪ੍ਰਕਾਰ ਦੀ ਕਟਾਰ ਦਾੜ੍ਹ ਦੀ ਸ਼ਕਲ ਦੀ।
[6]ਖੋਖਰੀ, ਇੱਕ ਪ੍ਰਕਾਰ ਦਾ ਛੁਰਾ ਜੋ ਗੋਰਖੇ ਰੱਖਦੇ ਹਨ।
[7]ਲੰਮੀਆਂ ਬੜੀਆਂ ਤਲਵਾਰਾਂ।
[8]ਸੇਲਾ, ਨੇਜ਼ਾ।
[9]ਬਰਛਾ।
[10]ਡਾਢੀ ਲਿਸ਼ਕ ਵਾਲੇ।
[11]ਮੈਲ ਤੋਂ ਬਿਨਾਂ ਸਾਫ ਹਨ ਤੇ ਸੁਹਣੇ ਅੰਗ (ਜਿਨ੍ਹਾਂ ਸ਼ਸਤ੍ਰਾਂ ਦੇ) ਬਣੇ ਹੋਏ ਹਨ।
[12]ਕਲਾ ਵਾਲੇ ਤਮਾਂਚੇ ਵੈਰੀ ਨੂੰ ਮਾਰਨ ਵਾਲੇ।
[13]ਬਹੁਤ ਲੰਮੀ ਨਾਲੀ ਵਾਲੀ ਬੰਦੂਕ।
[14]ਛੋਟੀ ਤੋਪ।
[15]ਇਕ ਪ੍ਰਕਾਰ ਦੀ ਬੰਦੂਕ।
[16]'ਚੱਕਰ' ਦਿੱਤੇ ਜੋ ਚਲਾਏ ਜਾਕੇ ਘੁੰਮਦੇ ਹੋਏ ਚਮਕਦੇ ਹਨ। [ਵਕ੍ਰ = ਟੇਢ ਲੈਣੀ, ਘੁੰਮਣਾ]। (ਅ) ਚੱਕ੍ਰ ਵੱਕ੍ਰ-ਉਹ ਚੱਕਰ ਜਿਸਦੇ ਆਰੀ ਵਾਂਙ ਦੰਦੇ ਕੱਢੇ ਹੋਏ ਹੋਣ।

ਬਡੇ ਮੋਲ ਕੇ ਦੂਰ ਤੇ ਆਇ ਢਾਲੇ।
ਕਠੋਰ ਕੁਦੰਡੰ[੧] ਬਡੇ ਓਜ ਵਾਲੇ।
ਭਰੇ ਬਾਨ ਭਾਥਾ ਅਨੇਕੈ ਪ੍ਰਕਾਰੇ।
ਧਰੇ ਬਾਣ ਪੈਨੇ ਲਗੇ ਬੀਧ ਪਾਰੇ[੨] ॥੫॥
ਇਨੋ ਆਦਿ ਤੇ ਆਯੁਧੰ ਪੰਜ ਦੀਨੇ।
ਖੁਸ਼ੀ ਖਾਲਸੇ ਪੈ ਪ੍ਰਭੂ ਭੂਰ ਕੀਨੇ।
ਦਈ ਬ੍ਰਿੰਦ ਬਾਰੂਦ ਗੋਰੀ ਘਨੇਰੀ।
'ਪਹਾਰੀ ਸਿੰਘਾਰਹੁ' ਕਹਯੋ ਤਾਂਹਿ ਬੇਰੀ ॥੬॥
ਭਏ ਸਾਵਧਾਨੰ ਤਬੈ ਸਿੰਘ ਬੀਰਾ[੩]।
ਰਸੰ ਬੀਰ ਰਾਤੇ ਚਲੇ ਬਾਂਧਿ ਧੀਰਾ।
ਬੰਧੇ ਟੋਲ ਪੈ ਟੋਲ ਸੂਰਾਨ ਐਸੇ।
ਬਹੁ ਬਾਯੁ ਤੇ ਮੇਘ ਹ੍ਵੈ ਪੁੰਜ ਜੈਸੇ[੪] ॥੭॥
ਜਿਤੋ ਆਇਬੋ ਬ੍ਰਿੰਦ ਸ਼ੱਤ੍ਰਨਿ ਹੋਈ[੫]।
ਤਹਾਂ ਖਾਲਸਾ ਜਾਇ ਕੀਨਿ ਸੁ ਢੋਈ।
ਤੁਫੰਗੇ ਤੜਾਕੇ ਉਠਾਵੈਂ ਘਨੇਰੇ।
ਉਡੀਕੈਂ ਪਹਾਰੀ ਜਿ-ਆਵੈਂ ਜਿ ਨੇਰੇ ॥੮॥

ਦੋਹਰਾ: ਕਿਲੇ ਦੋਇ ਸਤਿਗੁਰੂ ਕੇ, ਗਾਢੇ ਕੋਟ ਉਤੰਗ।
ਨਾਮ ਫਤੇਗੜ ਲੋਹਗੜ, ਅਪਰ ਅਗਮ ਪੁਰਿ ਅੰਗ[੬] ॥੯॥

ਚੌਪਈ: ਸ਼ੇਰ ਸਿੰਘ ਨਾਹਰ ਸਿੰਘ ਦੋਊ।
ਕਾਇਮ ਕਰੇ ਲੋਹਗੜ ਸੋਊ।
ਸਿੰਘ ਪੰਚਸੈ ਸੰਗ ਸੁ ਸੂਰੇ।
ਸ਼ੱਤ੍ਰਨਿ ਕੋ ਹਤਿਬੇ ਬਲਿ ਪੂਰੇ ॥੧੦॥
ਅਗਮਪੁਰੇ ਦਿਸ਼ਿ ਸਗਲ ਮਝੈਲ।
ਗਾਢੇ ਕਰੇ ਸ਼ਸਤ੍ਰ ਧਰਿ ਛੈਲ[੭]।
'ਉਦੇ ਸਿੰਘ ਆਦਿਕ ਜੇ ਔਰ।
ਰਾਖਹਿਂ ਤਕਰਾਈ ਸਭਿ ਠੌਰ ॥੧੧॥

---

[੧]ਸਖਤ ਧਨੁਖ।
[੨]ਤਿੱਖੇ ਤੀਰ ਲੱਗਿਆਂ ਵਿੰਨ੍ਹ ਕੇ ਪਾਰ ਹੋਣ ਵਾਲੇ।
[੩]ਸੂਰਮੇ।
[੪]ਵਾਯੂ ਵਗਿਆਂ ਤੇ ਜਿਵੇਂ ਬੱਦਲਾਂ ਦਾ ਸਮੂਹ ਇਕੱਠਾ ਹੋ ਜਾਂਦਾ ਹੈ।
[੫]ਜਿਧਰੋਂ ਸਮੂਹ ਸ਼ੱਤ੍ਰੂ ਨੇ ਆਵਣਾ ਸੀ।
[੬]ਅੰਗੇ ਭਾਵ ਨਾਮ ਧਰੇ।
[੭]ਛਬੀਲੇ ਸ਼ਸਤ੍ਰਧਾਰੀ।

ਜਹਾਂ ਜੋਰ ਤੇ ਪਰਹਿ ਲਰਾਈ।
ਤਹਾਂ ਜਾਉ ਤੂਰਨ ਕਰਿ ਧਾਈ।
ਘਾਲ ਦੇਹੁ ਘਮਸਾਨ ਘਨੇਰਾ।
ਦਿਹੁ ਸ਼ੱਤ੍ਰੁਨਿ ਕੇ ਅੰਗ ਬਿਖੇਰਾ' ॥੧੨॥
ਇਸ ਪ੍ਰਕਾਰ ਕਹਿ ਕਰਿ ਤਕਰਾਈ।
ਅੱਗ੍ਰ ਜਾਨ ਤੇ ਗੁਰੂ ਹਟਾਈ।
ਸੈਨਾ ਸਕਲ ਨਿਕਟ ਹੀ ਰਾਖੀ।
'ਲਰਹੁ ਇਸੀ ਥਲ ਰਣ ਅਭਿਲਾਖੀ' ॥੧੩॥
ਉਤ ਤੇ ਭੀਮਚੰਦ ਹੰਕਾਰੀ।
ਦੁੰਦਭਿ ਬ੍ਰਿੰਦ ਬਜੇ ਬਲ ਭਾਰੀ।
ਸਭਿ ਗਿਰਨਾਥਨ ਸਾਥ ਨਿਹਾਰਾ।
ਭਜੋ ਪ੍ਰਥਮ ਤੇ ਬਡ ਹੰਕਾਰਾ ॥੧੪॥
-ਇਤਨੋ ਲਸ਼ਕਰ ਜੇ ਸੰਗ ਹੋਇ।
ਨਿਤ ਅਨੁਸਾਰ ਰਹੈ ਸਭਿ ਕੋਇ।
ਇਕ ਅਨੰਦਪੁਰਿ ਗਿਨਤੀ ਕਹਾਂ।
ਲਵਪੁਰਿ ਜੀਤਿ ਲੇਹੁਂ ਗੜ੍ਹ ਮਹਾਂ ॥੧੫॥
ਕਰੌਂ ਸ਼ਾਹੁ ਕੋ ਚਿੰਤੁ ਬਿਸਾਲਾ।
ਬਜਤਿ ਲੋਹ ਸੋਂ ਲੋਹ ਕਰਾਲਾ।
ਅਬਿ ਲਰਿ ਹੈਂ ਮਿਲਿ ਗਿਰਪਤਿ ਸਾਰੇ।
ਕਹਾਂ ਖਾਲਸਾ ਅੱਗ੍ਰ ਹਮਾਰੇ- ॥੧੬॥
ਦਲ ਕਲਮਲਤਿ[1] ਆਇ ਤਬਿ ਗਯੋ।
ਨੇਰ ਅਨੰਦਪੁਰਿ ਕੋ ਹੁਇ ਗਯੋ।
ਖਰਜੋ ਖਲਸਾ ਜਹਾਂ ਪ੍ਰਤੀਖਤਿ।
ਦੁੰਦਭਿ ਤੁਪਕਨ ਸੁਨਿ ਧੁਨਿ ਈਖਤ[2] ॥੧੭॥
ਕਰੀ ਤੁਫੰਗਨਿ ਕੀ ਤਬਿ ਤਜਾਰੀ।
ਤੋੜੇ ਅਗਨਿ ਲਾਇ ਇਕ ਬਾਰੀ।
ਪਾਇ ਬਰੂਦ ਮੇਲਿ ਕਰਿ ਗੋਰੀ।
ਠੋਕਿ ਠੋਕਿ ਗਜ ਕੀਨਿ ਕਠੋਰੀ ॥੧੮॥
ਆਛੇ ਸੁਲਗ ਗਏ[3] ਜਹਿਂ ਤੋੜੇ।

---

[1]ਰੌਲਾ ਪਾਂਵਦਾ।
[2]ਥੋੜੀ ਅਵਾਜ਼।
[3]ਧੁਖ ਪਏ।

ਜੋੜੇ ਕਲਾ ਪਰ ਗਹਿ ਕਰਿ ਮੋੜੇ।
ਸ੍ਰੀ ਕਲ਼ਗੀਧਰ ਜਹਾਂ ਸੁਹਾਏ।
ਸੁਧ ਹਿਤ ਪਹੁੰਚੇ ਤੂਰਨ ਧਾਏ ॥੧੯॥
'ਮਹਾਂਰਾਜ! ਸੁਨੀਐ ਤਤਕਾਲਾ।
ਦੁੰਦਭਿ ਤੁਪਕਨ ਨਾਦਿ ਉਠਾਲਾ।
ਬਹੁਤੇ ਬਜਹਿਂ[1] ਸ਼੍ਰਵਨ ਧੁਨਿ ਪਰੇ।
ਰਾਜੇ ਆਇ ਨਿਕਟ ਹੀ ਖਰੇ ॥੨੦॥
ਖੜੇ ਖਾਲਸਾ ਭੀ ਸਵਧਾਨਾ।
ਖੁਸ਼ੀ ਕਰਹੁ ਲੇ ਫਤੇ ਮਹਾਨਾ।'
ਢਿਗ ਅਜੀਤ ਸਿੰਘ ਬੈਸ ਨਵੀਨ।
ਖੜਗ ਸਿਪਰ ਇਖੁਧੀ ਕਰ ਲੀਨਿ[2] ॥੨੧॥
ਪਿਤਾ ਗੁਰੂ ਕੀ ਆਇਸੁ ਚਾਹਤਿ।
ਰਿਪੁ ਸਨ ਲਰਿਬੇ ਹੇਤੁ ਉਮਾਹਤਿ।
ਉਦੈ ਸਿੰਘ ਤਬਿ ਬਾਕ ਬਖਾਨਾ।
'ਮਹਾਰਾਜ! ਸਭਿ ਕਿਛ ਮਨ ਜਾਨਾ ॥੨੨॥
ਤਊ ਬੇਨਤੀ ਭਨੌਂ ਅਗਾਰੀ।
ਸਾਹਿਬਜ਼ਾਦਾ ਚਾਹਤਿ ਭਾਰੀ।
ਸ਼ੱਤ੍ਰਨਿ ਸੰਗ ਜੰਗ ਕੋ ਘਾਲਨ।
ਸਭਿ ਸਿੰਘਨਿ ਦੇ ਧੀਰ ਸੰਭਾਲਨਿ ॥੨੩॥
ਕਹਹਿ ਆਪ ਤੇ ਲਾਜ ਬਿਸਾਲਾ।
ਕੁਛ ਨਹਿਂ ਬੋਲ ਸਕਹਿ ਇਸ ਕਾਲਾ।
ਹੁਕਮ ਦੇਹੁ ਮੋ ਕਉ ਇਨ ਸਾਥ[3]।
ਗਮਨਹਿਂ ਰਣ ਕੋ ਧਰਿ ਪਦ ਮਾਥ ॥੨੪॥
ਸਭਿ ਗਿਰ ਨਾਥਨਿ ਕੇ ਦਲ ਆਏ।
ਚਹਤਿ ਵਹਿਰ ਹੀ ਜੰਗ ਮਚਾਏ।'
ਸੁਨਿ ਕਰਿ ਗੁਰੂ, ਪੁੱਤ੍ਰ ਦਿਸ਼ਿ ਦੇਖਾ।
ਲਗੇ ਸ਼ਸਤ੍ਰ ਤਨ ਸ਼ੁਭਤਿ ਵਿਸ਼ੇਖਾ ॥੨੫॥
'ਮਨੋ ਕਾਮਨਾ ਜੰਗ ਕਰਨ ਕੀ।

---

[1]ਜਦੋਂ ਬਹੁਤ ਵਜਦੇ ਹਨ।
[2]ਤਲਵਾਰ ਢਾਲ ਤੇ ਭੱਥਾ ਹੱਥ ਵਿਚ ਲਏ।
[ਸੰਸ:, ਇਖ਼ੁਧਿ = ਭੱਥਾ]।
[3]ਭਾਵ ਸਾਹਿਬਜ਼ਾਦੇ ਜੀ ਦੇ ਨਾਲ।

ਬਿੱਦਜਾ ਸੀਖੀ ਧਨੁਖ ਸਰਨ ਕੀ।
ਸੋ ਅਬਿ ਰਿਪੁਨ ਹਤਨ ਕੋ ਸਮੋ।'
ਭਯੋ ਹੁਕਮ ਗੁਰ, ਕੀਨਸਿ ਨਮੋ* ॥੨੬॥
'ਇਹੀ ਕਾਜ ਹੈ ਸੁਤ ਛੱਤ੍ਰੀਨ।
ਜਿਮ ਭਾਰਥ ਅਭਿਮੰਨੁ ਕੀਨ।
ਤਿਸ ਕੇ ਸਮ ਬਯ ਲਾਲਸ ਮਨ ਕੀ[1]।
ਦੇਖਯੋ ਚਹਤਿ ਕਰਨ ਬਿਧਿ ਰਨ ਕੀ ॥੨੭॥
ਇਸ ਤੇ ਆਛੀ ਔਰ ਨ ਬਾਤ।
ਛੱਤ੍ਰੀ ਕਰਹਿ ਰਿਪੁਨਿ ਕੋ ਘਾਤ।'
ਹੁਕਮ ਅਨੰਦਤਿ ਗੁਰ ਫੁਰਮਾਯੋ।
'ਸੁਨਹੁ ਅਜੀਤ ਸਿੰਘ ਲਲਚਾਯੋ ॥੨੮॥
ਉਦੇ ਸਿੰਘ ਕੋ ਲੀਜਹਿ ਸੰਗ।
ਸਨਮੁਖ ਕਰਹੁ ਰਿਪੁਨਿ ਸਨ ਜੰਗ।
ਆਗੇ ਵਧਨ ਨਹੀਂ ਬਹੁ ਦੀਜੈ।
ਦੁਰਗਿ ਨਿਕਟ ਅਪਨੇ ਦਿਢ ਥੀਜੈ' ॥੨੯॥
ਸੁਨਤਿ ਪਿਤਾ ਕੋ ਹੁਕਮ ਅਨੰਦਯੋ।
ਪਦ ਅਰਬਿੰਦ ਬੰਦਿ ਕਰ ਬੰਦਯੋ।
ਸਿੰਘ ਏਕ ਸੌ ਲੇ ਕਰਿ ਸੰਗ।
ਕਹਿ ਤਤਛਿਨ ਅਨਵਾਇ ਤੁਰੰਗ ॥੩੦॥
ਦਾਦੇ ਕੇ ਸਥਾਨ ਚਲਿ ਗਯੋ।
ਹਾਥ ਬੰਦਿ ਕਰਿ ਬੰਦਤਿ ਭਯੋ।
ਚਾਰ ਪ੍ਰਕਰਮਾ ਦੇ ਕਰਿ ਫਿਰਯੋ।
ਬਿਨੈ ਕੀਨਿ ਹਯ ਪਰ ਪੁਨ ਚਰਯੋ ॥੩੧॥
ਉਦੇ ਸਿੰਘ ਸੋਂ ਬੋਲਤਿ ਬੈਨ।
ਚਲਯੋ ਵਹਿਰ ਜਹਿਂ ਸਿੰਘਨ ਸੈਨ।
ਚੰਚਲ ਬਾਜੀ ਚਲਤਿ ਫੰਧਾਵਤਿ।
ਖਰ ਖਪਰਾ ਧਨ ਗੁਨ ਬਗਰਾਵਤਿ[2] ॥੩੨॥
ਬੀਚ ਖਾਲਸੇ ਜਾਇ ਥਿਰਯੋ ਹੈ।
ਸਭਿਹਿਨਿ ਮਨ ਉਤਸਾਹ ਕਰਯੋ ਹੈ।

---

*ਪਾ:-ਦਯੋ ਨ ਹੁਕਮ ਕੀਨਿ ਨਹਿ ਨਮੋ।
[1]ਉਮਰਾ ਤੇ ਮਨ ਦੀ ਇੱਛਾ ਉੱਸੇ ਸਮਾਨ ਹੈ।
[2]ਚਿੱਲੇ ਵਿੱਚ ਪਾਂਵਦਾ ਹੈ।

ਸਿੰਘ ਦੇਖਿ ਆਨੰਦਤਿ ਅਤੇ[1]।
ਵਾਹਿਗੁਰੂ ਜੀ ਕੀ ਕਹਿਂ ਫਤੇ ॥੩੩॥
ਮਾਰਬਕਾਰਾ ਕਰਿਤੇ ਚਲੇ।
ਆਗੇ ਹੋਇ ਲਰਹਿਂ ਰਿਪੁ ਮਿਲੇ।
ਪਿਤਾ ਬਾਕ ਕੌ ਤਬਹਿ ਸੰਭਾਲਾ।
ਕਰਹਿਂ ਹਟਾਵਨਿ ਕਹਿ ਤਤਕਾਲਾ ॥੩੪॥
'ਗੁਰ ਕੋ ਕਹਯੋ ਉਲੰਘਹੁ ਨਾਂਹੀ।
ਚਰਨ ਜਮਾਇ ਥਿਰਹੁ ਤਿਸ ਮਾਂਹੀ[2]।
ਦੁਰਗ ਆਪਨੇ ਰਾਖਿ ਪਿਛਾਰੇ[3]।
ਕਰਹਿਂ ਜੁੱਧ ਕ੍ਰੁੱਧਤ ਹੁਇ ਭਾਰੇ' ॥੩੫॥
ਇਤਿ ਯੌਂ ਤਯਾਰ ਭਏ ਹਿਤ ਲਰਿਬੇ।
ਭੀਮ ਚੰਦ ਉਤ ਇਮ ਕ੍ਰਿਤ ਕਰਿਬੇ।
ਸਿਵਰ ਕਰਨ ਠਹਿਰਾਇ ਪਿਛਾਰੀ।
ਲੇ ਅਨੀਕਨੀ ਭਯੋ[4] ਅਗਾਰੀ ॥੩੬॥
ਦੁੰਦਭਿ ਬਜੇ ਜੁਝਾਊ ਐਸੇ।
ਢੋਲਨਿ ਜੁਤਿ ਘਨ ਗਰਜਹਿਂ ਜੈਸੇ।
'ਡੇਰਾ ਕਰਹਿਂ ਮਹਾਂ ਰਣ ਲਰਿ ਕੇ[5]।
ਮਾਰੈਂ ਸਿੰਘ ਅਨੰਦਪੁਰਿ ਬਰਿ ਕੇ ॥੩੭॥
ਭੋ ਰਾਜਹੁ ! ਲਿਹੁ ਪੂਰਬ ਜੀਤ।
ਚੜੇ ਖੜੇ ਕਰਿ ਲਿਹੁ ਰਣ ਰੀਤਿ[6]।'
ਇਮ ਕਹਿ ਸਨਮੁਖ ਹੀ ਚਲਿ ਆਏ।
ਫੱਰਰੇ ਅਨਿਕ ਨਿਸ਼ਾਨ ਛੁਰਾਏ ॥੩੮॥
ਸ਼ਲਖ ਤੁਫੰਗਨ ਤੜਭੜ ਚਲੀ।
ਦੁਹਿਦਿਸ਼ਿ ਚਮੂੰ ਅਧਿਕ ਕਲਮਲੀ।
ਮਾਰ ਮਾਰ ਕਹਿ ਬਡੋ ਬਕਾਰਾ।
ਹੋਨਿ ਲਗਯੋ ਬਹੁ ਜੰਗ ਅਖਾਰਾ ॥੩੯॥
ਇਤ ਬਾਜਯੋ ਰਣਜੀਤ ਨਗਾਰਾ।

---

[1]ਬਹੁਤ।
[2]ਉਸੇ ਥਾਂ ਵਿਚ ਜਿੱਥੇ ਹੁਕਮ ਹੋਇਆ ਸੀ।
[3]ਪਿਛੇ ਰਖੋ।
[4]ਸਾਰੀ ਫੌਜ।
[5]ਮਹਾਨ ਜੁੱਧ ਕਰਕੇ ਡੇਰਾ ਕਰਾਂਗੇ।
[6]ਖੜੋ ਖੜੋਤੇ ਰਣ ਦੀ ਰੀਤੀ ਕਰ ਲੌ, ਭਾਵ ਜੁੱਧ ਦਾ ਸ਼ਗਨ ਕਰ ਲਓ।

ਪਰੀ ਦੁਚੋਬੈਂ ਰਣ ਧੁੰਕਾਰਾ[੧]।
ਗਿਰਨਾਥਨ ਕੋ ਬਾਯੁ ਕੁਫੇਰੀ।
ਭੇ ਅਪਸ਼ਗਨ ਘਨੇ ਤਿਸ ਬੇਰੀ ॥੪੦॥
ਜਰਾਸੰਧ ਜਨੁ ਸੈਲ ਸਕੇਲੀ।
ਮਥੁਰਾ ਪੁਰੀ ਆਨਿ ਕਰਿ ਮੇਲੀ[੨]।
ਗਜ ਸਮ ਜੋਧਾ ਬਲੀ ਬਿਸਾਲਾ।
ਗੋਬਿੰਦ ਸਿੰਘ ਅਹੈ ਜਿਨ ਕਾਲਾ[੩] ॥੪੧॥

ਦੋਹਰਾ: ਇਕ ਦਿਸ਼ਿ ਚਮੂੰ ਤੁਰੰਗ ਕੀ, ਇਕ ਦਿਸ਼ਿ ਪੈਦਲ ਹੋਇ।
ਪਰਯੋ ਜੰਗ ਘਮਸਾਨ ਕੋ, ਮਿਲੇ ਸੁਭਟ ਦਿਸ਼ਿ ਦੋਇ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਤ੍ਰੌਦਸ਼ਮੋ ਅੰਸੂ ॥੧੩॥

---

[੧]ਰਣ ਦਾ ਸ਼ਬਦ ਹੋਇਆ।
[੨]ਭਾਵ ਮਥਰਾ ਤੇ ਚਾੜ ਲਿਆਂਦੀ।
[੩]ਜਿਨ੍ਹਾਂ ਨੂੰ ਮੌਤ ਰੂਪ ਹੈ।

## ੧੪. [ਜੰਗ]

੧੩<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੧੫

ਦੋਹਰਾ: ਇਮ ਦੁਹਿਦਿਸ਼ਿ ਤੇ ਓਰੜੇ[੧], ਬੀਰ ਬੜੇ ਬਲਵੰਡ।
ਪ੍ਰਥਮ ਤੁਫੰਗਨਿ ਭੇੜ ਕਰਿ, ਭਯੋ ਘੁਮੰਡ ਪ੍ਰਚੰਡ[੨] ॥੧॥
ਰਸਾਵਲ ਛੰਦ: ਜਸੰਵਾਲ ਧਾਯੋ। ਪਦਾਤੀ[੩] ਲਿਆਯੋ।
ਚਲੀ ਯੌਂ ਤੁਫੰਗੈਂ। ਮਹਾਂ ਏਕ ਸੰਗੈ[੪] ॥੨॥
ਉਦੈ ਸਿੰਘ ਦੌਰਾ। ਮਚ੍ਯੋ ਭੂਰ ਰੌਰਾ।
ਛੁਟੇ ਤੀਰ ਗੋਰੀ। ਭਿਰੇ ਦੌਨ ਓਰੀ ॥੩॥
ਮਨੋ ਪੌਨ ਪ੍ਰੇਰੇ। ਭਏ ਮੇਘ ਨੇਰੇ।
ਪਰੇ ਬ੍ਰਿੰਦ ਓਰੇ[੫]। ਕ੍ਰਿਖੀ ਸੂਰ ਫੋਰੇ[੬] ॥੪॥
ਮਹਾਂ ਤੇਜ ਤੱਤੇ। ਰਸੰ ਬੀਰ ਰੱਤੇ।
ਚਲੀ ਸ਼ੂੰਕ ਗੋਰੀ। ਰਿਦਾ ਸੀਸ ਫੋਰੀ ॥੫॥
ਲਗੇ ਘਾਇ ਘੂਮੇ। ਪਰੇ ਝੂਮਿ ਭੂਮੇ।
ਕਿਸੀ ਟਾਂਗ ਟੂਟੀ। ਰਿਦੈ ਧੀਰ ਛੂਟੀ ॥੬॥
ਕਿਸੂ ਘਾਵ ਛਾਤੀ। ਪਰ੍ਯੋ ਭੂਮ ਘਾਤੀ[੭]।
ਕਸੈ ਕੋ ਤੁਫੰਗਾ। ਗਜੰ ਕਾਢਿ ਚੰਗਾ ॥੭॥
ਠੁਕੈਂ ਡਾਲਿ ਗੋਰੀ। ਡੰਭੈ ਸ਼ੱਤ੍ਰੁ ਓਰੀ[੮]।
ਉਠਾਵੈਂ ਤੜਾਕੇ। ਬਡੇ ਬੀਰ ਬਾਂਕੇ ॥੮॥
ਕਰੈਂ ਸਿੰਘ ਹੇਲਾ। ਪਹਾਰੀ ਨ ਝੇਲਾ।
ਪਦਾਂਤੀ[੯] ਗਵਾਰੇ। ਪਰੇ ਏਕ ਬਾਰੇ ॥੯॥
ਦੋਹਰਾ: ਇਤ ਆਲਮ ਸਿੰਘ ਦਜਾ ਸਿੰਘ, ਮਿਲਿ ਬਚਿੱਤ੍ਰ ਸਿੰਘ ਬੀਰ।
ਉਦੇ ਸਿੰਘ ਸੋਂ ਤਬਿ ਕਹ੍ਯੋ, 'ਰਹੁ ਗੁਰ ਸੁਤ ਕੇ ਤੀਰ ॥੧੦॥
ਪਾਧੜੀ ਛੰਦ: ਹਮ ਸਭਿ ਪਦਾਂਤ ਕੇ ਸਮੁਖ ਜਾਇ[੧੦]।
ਉਤ ਬਧੀ ਜਾਇ ਹਤਿ ਕੈ ਹਟਾਇਂ।

---

[੧]ਟੁੱਟਕੇ ਪਏ।
[੨]ਭਾਰੀ ਯੁੱਧ ਹੋਇਆ।
[੩]ਪੈਦਲਾਂ ਦੀ ਫੌਜ।
[੪]ਇਕੋ ਵਾਰੀ।
[੫]ਗੜੇ।
[੬]ਭਾਵ ਸੂਰਮਿਆਂ ਰੂਪੀ ਖੇਤੀ ਨੂੰ ਮਾਰਿਆ।
[੭]ਜ਼ਖਮੀ ਹੋਕੇ।
[੮]ਪਲੀਤਾ ਦਾਗਦੇ ਹਨ ਵੈਰੀ ਵੱਲ।
[੯]ਪੈਦਲ।
[੧੦]ਵਧੀ ਜਾਂਦੀ ਨੂੰ।

ਇਹ ਦਲ ਤੁਰੰਗ ਕੇ ਟੋਲ ਦੇਖਿ[1]।
ਇਨ ਸੰਗ ਅਰਹੁ ਢਿਗ ਰਖਹੁ ਟੇਕ ॥੧੧॥
ਨਹਿਂ ਅੱਗ੍ਰ ਜਾਨਿ ਕੀ ਕਰਹੁ ਘਾਤ[2]।
ਗਨ ਤਜੋ ਤੁਪਕ ਤਕਿ ਸ਼ੱਤ੍ਰ ਗਾਤ।
ਗੁਰ ਪੁੱਤ੍ਰ ਰਾਖਿ ਥਿਰ ਧੀਰ ਦੇਹੁ।
ਨਹਿਂ ਜਾਹਿਂ ਅਗਾਰੀ ਵਧਹਿਂ ਕੇਹੁ ॥੧੨॥
ਇਨ ਨਈ ਬੈਸ ਰਨ ਚੌਂਪ ਭੂਰ।
ਪ੍ਰਭੁ ਪੁਰਖ ਪੁੱਤ੍ਰ ਸੂਰਾ ਗਰੂਰ।'
ਇਮ ਭਲੀ ਭਾਂਤਿ ਕਹਿ ਕਰਿ ਟਿਕਾਇ।
ਲੈ ਸਿੰਘ ਪੰਚ ਸੈ ਸੰਗ ਧਾਇ ॥੧੩॥
ਇਕ ਬਾਰਿ ਪਰੇ ਊਪਰ ਰਿਸਾਇ।
ਗੁਲਕਾਨ ਮੀਂਹ ਬਰਖਾਇ ਧਾਇ।
ਗਨ ਤੀਰ ਬੀਰ ਧਰਿ ਧੀਰ ਮਾਰਿ।
ਕੜਕੀ ਕਮਾਨ ਜਿਮ ਉਡਤਿ ਮਾਰ[3] ॥੧੪॥
ਮਿਲਿ ਗਏ ਬੀਚ ਗਨ, ਸੇਲ ਠੇਲਿ।
ਹਤਿ ਖੜਗ ਕਾਟਿ ਰਿਪੁ ਪੇਲਿ ਪੇਲਿ[4]।
ਗਿਰ ਗਏ ਸੁਭਟ ਗਨ ਲੋਥ ਪੋਥ।
ਹਯ ਪਗਨ ਸੰਗ ਤਨ ਚੌਥ ਥੋਥ[5] ॥੧੫॥
ਚਲਿਯੰਤਿ ਰਕਤ ਪਿਲਯੰਤਿ ਕੱਟ[6]।
ਮਿਲਿਯੰਤਿ ਹੱਥਵੱਥਨ ਦਬੱਟ[7]।
ਇਮ ਮਰੇ ਜਬਹਿ ਭਾਜੇ ਗਵਾਰ।
ਪਿਖਿ ਭੀਮ ਰੂਪ ਸਿੰਘਨ ਉਦਾਰ ॥੧੬॥
ਠਹਿਰੰਤਿ ਨਹਿਨ ਜਮ ਮਨਹੁ ਆਇ।
ਮਾਰਤਿ ਰਿਸਾਇ ਨਹਿਂ ਕੋ ਉਪਾਇ।
ਤਬਿ ਭੀਮਚੰਦ ਲਖਿ ਭੀਮ ਜੁੱਧ।

---

[1]ਸ੍ਵਾਰਾਂ ਦੇ ਟੋਲੇ ਨੂੰ ਵੇਖੋ।
[2]ਦਾਉ ਨ ਤਕਾਓ।
[3]ਜਿਵੇਂ ਸੱਪ ਉਡਦੇ ਹਨ (ਇਉਂ ਤੀਰ ਉਡੇ)।
[4]ਧੱਕ ਧੱਕ ਕੇ।
[5]ਘੋੜਿਆਂ ਦੇ ਪੈਰਾਂ ਨਾਲ ਤਨ ਚਿੱਥੇ ਜਾਕੇ ਥੋਥੇ ਹੋ ਗਏ (ਜਿੰਦ ਤੋਂ)।
[6]ਮਾਸ ਕਟੇ ਵਿਚੋਂ ਲਹੂ ਵਗ ਰਿਹਾ ਹੈ [ਸੰਸ:, ਪਲ = ਮਾਸ। ਸ਼ੁਧ ਪਾਠ ਪਲਿਯੰਤ ਚਾਹੀਦਾ ਸੀ]। (ਅ) ਪਿਲੀਆਂ ਕੱਟੀਆਂ ਵਿਚੋਂ।
[7]ਦਬੱਟ ਕੇ (ਐਸੇ ਪਏ ਕਿ) ਹੱਥੋਂ ਹੱਥੀ ਜਾ ਮਿਲੇ, ਭਾਵ ਗੁੱਥਮ ਗੁੱਥਾ ਹੋ ਗਏ।

ਭੀ ਪ੍ਰਥਮ ਹਾਰ ਬੋਲ੍ਯੋ ਸੁਕ੍ਰੱਧ ॥੧੭॥

ਦੋਹਰਾ: ਜਮਤੁੱਲਾ ਭਾਊ ਹੁਤੋ, ਗੁਜਰਨਿ ਗਨ ਸਰਦਾਰ।
ਤਾੜ੍ਯੋ ਰਾਤੀ ਆਂਖ ਕਰਿ[1], 'ਤੂੰ ਨਿਤ ਕਰਤਿ ਉਚਾਰ ॥੧੮॥

ਤੋਟਕ ਛੰਦ: ਬਜਰੂੜ ਜਬੈ ਹਤਿ ਗ੍ਰਾਮ ਲਯੋ।
ਤਬਿ ਕੋ ਦੁਖ ਪਾਇ ਭਨੰਤਿ ਭਯੋ।
-ਗੁਰ ਸੰਗ ਲਰੌਂ ਦਲ ਥੋਰ ਅਹੈ।
ਪਲਟਾ ਹਮਰੋ ਨਿਤ ਲੇਨਿ ਚਹੈ[2] ॥੧੯॥

ਸਮੁਦਾਇ ਸਕੇਲਨ ਛੇਰ ਕਰੌਂ[3]।
ਤੁਮ ਸੰਗ ਚਲੋਂ, ਪਿਖਿ ਲੇਹੁ ਲਰੌਂ।
ਕੁਛ ਥੋਰ ਸਹਾਇਕ ਆਪ ਬਨੇ[4]।
ਤਬਿ ਜਾਨ ਲਿਜੈ ਸਭਿ ਸਿੰਘ ਹਨੇ[5]- ॥੨੦॥

ਅਬਿ ਕ੍ਯੋਂ ਨਹਿਂ ਸੋ ਸਿਮਰਹੁ ਮਨ ਮੈਂ।
ਮੁਹਰੈ ਚਲ ਜਾਹੁ, ਥਿਰੋ ਰਨ ਮੈਂ।
ਸਭਿ ਛੇਰ ਪਲਾਇਨ ਹੋਇ ਚਲੀ[6]।
ਠਹਿਰੈ ਤੁਝ ਤੇ ਲਰਿ ਭਾਂਤਿ ਭਲੀ' ॥੨੧॥

ਕਹਿਲੂਰ ਪਤੀ ਬਚ ਸ਼੍ਰੌਨ ਸੁਨੇ[7]।
ਚਪਿ[8] ਗੂਜਰ ਕ੍ਰੁੱਧਿਤ ਹੋਇ ਘਨੇ।
ਸਵਧਾਨ ਬਨ੍ਯੋ ਧਨੁ ਬਾਨ ਗਹੇ।
ਬਿਚ ਪੈਦਲ ਜਾਇ[9] ਸ਼ਿਤਾਬ ਲਹੇ ॥੨੨॥

ਲਲਕਾਰ ਬਕਾਰ ਬਹੋਰਤਿ ਭਾ[10]।
ਸਰ ਜੋਰਤਿ ਐਂਚਤਿ ਛੋਰਤਿ ਭਾ।
ਇਮ ਪਾਇ ਸਹਾਇਕ ਛੇਰ ਬਡੀ।
ਇਕ ਬਾਰ ਮੁਰੇ ਤੁਪਕਾਨਿ ਛਡੀ ॥੨੩॥

ਉਤ ਰਾਜਨ ਕੇਰ ਤੁਰੰਗ ਦਲੰ।

---

[1]ਲਾਲ ਅੱਖਾਂ ਕਰਕੇ।
[2]ਲੈਣਾ ਚਾਹੁੰਦਾ ਹਾਂ।
[3]ਸਾਰੀ (ਛੇੜ) ਵਹੀਰ ਨੂੰ ਕੱਠਿਆਂ ਕਰਾਂਗਾ।
[4]ਤੁਸੀਂ ਬਣ ਜਾਣਾ।
[5]ਸਾਰੇ ਸਿੰਘ ਤਦ ਮਾਰੇ ਗਏ ਜਾਣ ਲੈਣੇ।
[6]ਸਾਰੀ ਤੇਰੀ ਛੇੜ ਨੱਠ ਚੱਲੀ ਹੈ।
[7]ਦੇ ਬਚਨ ਕੰਨੀਂ ਸੁਣੇ।
[8]ਖਿਝਕੇ।
[9]ਪੈਦਲਾਂ ਵਿਚ ਜਾਕੇ।
[10]ਮੋੜਨ ਲੱਗਾ।

ਅਗਵਾਰ ਬਧੇ ਕਰਿ ਦੀਹ ਦਲੰ।
ਮੁਖ 'ਮਾਰਹਿ ਮਾਰ' ਪੁਕਾਰਤਿ ਹੈਂ।
ਗੁਲਕਾਨਿ ਖਤੰਗ ਪ੍ਰਹਾਰਤਿ ਹੈਂ ॥੨੪॥
ਬਡ ਹੇਲ ਕਰਜੋ ਕੁਛ ਸਿੰਘ ਹਟੇ।
ਕਰਵਾਰ ਨਿਕਾਰਤਿ ਕਾਟ ਸਟੇ[1]।
ਭਟ ਭੇਟ ਲਟਾਪਟ[2] ਜੂਟ ਗਏ।
ਤੁਪਕਾਨਿ ਤੜਾਭੜ ਨਾਦ ਭਏ ॥੨੫॥
ਗੁਰ ਨੰਦ ਬਿਲੋਕਤਿ ਕੋਪ ਭਯੋ।
ਧਨੁ ਐਂਚਤਿ ਤੀਰਨਿ ਛੋਰਿ ਦਯੋ।
[3]ਚਲਿ ਸ਼ੂੰਕ ਪਰੇ ਰਿਪੁ ਬ੍ਰਿੰਦਨਿ ਮੈਂ।
ਬਡ ਬੀਰ ਤੁਰੰਗ ਨਿਕੰਦਨ ਮੈਂ ॥੨੬॥
ਜਹਿਂ ਲਾਗਤਿ ਪਾਰ ਪਰੇ ਤਨ ਤੇ।
ਜਲ ਜਾਚਤਿ ਹੈਂ ਨ ਉਭੇ ਰਨ ਤੇ।
ਬਹੁ ਅੰਧ ਰੁ ਧੁੰਧ ਮਚਾਇ ਦਈ।
ਨਭ ਧੂਲ ਉਡੀ ਇਕਸਾਰ ਭਈ ॥੨੭॥
ਪਿਖਿ ਮਾਸ ਗ੍ਰਿਧਾਂ ਮੰਡਰਾਵਤਿ ਹੈਂ।
ਗਨ ਕਾਂਕ ਰੁ ਕੰਕ ਭ੍ਰਮਾਵਤਿ ਹੈਂ।
ਬਹੁ ਕੂਕਰ ਜੰਬੁਕ[4] ਡੋਲਤਿ ਹੈਂ।
ਭਖਿ ਆਮਿਖ ਦੀਰਘ ਬੋਲਤਿ ਹੈਂ ॥੨੮॥
ਸਿਰ ਕੇ ਬਹੁ ਬਾਰ ਖਿਲਾਰਤਿ ਹੈਂ।
ਗਨ ਜੋਗਨਿ ਚੀਂਕ ਪੁਕਾਰਤਿ ਹੈਂ।
ਹਰਖਾਵਤਿ ਪ੍ਰੇਤ ਸੁ ਨਾਚਤਿ ਹੈਂ।
ਮਿਲਿ ਭੂਤਹਿਂ ਸ਼੍ਰੋਣਤ ਰਾਚਤਿ ਹੈਂ ॥੨੯॥
ਰਣਖੇਤ ਭਯੰਕਰ ਭੂਰ ਭਯੋ।
ਬਹੁ ਦੇਰ ਲਗੀ ਨਹਿਂ ਲੋਥ ਛਯੋ[5]।
ਜਬਿ ਸਿੰਘ ਪਲਾਇਨ ਹੋਇ ਚਲੇ।
ਤਬਿ ਸਿੰਘ ਉਦੇ ਅਵਿਲੋਕ ਭਲੇ ॥੩੦॥
ਜਿਤ ਰਾਜਨ ਕੇ ਬਡ ਟੋਲ ਖਰੇ।

---
[1]ਕੱਟ ਸੁਟੇ।
[2]ਛੇਤੀ।
[3]ਸਮੂਹ ਵੈਰੀਆਂ ਵਿਚ ਵੱਡੇ ਸੂਰਮੇ ਤੇ ਘੋੜਿਆਂ ਨੂੰ ਨਾਸ਼ ਕਰਨ ਲਈ (ਸਾਹਿਬਜ਼ਾਦੇ ਦੇ ਤੀਰ) ਸ਼ੂੰਕਦੇ ਗਏ।
[4]ਗਿੱਦੜ।
[5]ਬਹੁਤੀ ਦੇਰ ਨਹੀਂ ਲਗੀ ਲੋਥਾਂ ਨਾਲ ਢਕਿਆ ਗਿਆ (ਰਣਖੇਤ)।

ਤਿਤ ਸੰਮੁਖ ਦੇ ਕਰਿ ਜੋਰ[1] ਤੁਰੇ।
ਅਸਵਾਰ ਹਜ਼ਾਰਹੁੰ ਸੰਗ ਲਿਏ।
ਗੁਰ ਨੰਦਨ ਕੋ ਸਭਿ ਬੀਚ ਦਿਏ ॥੩੧॥
ਗੁਲਕਾਨਨਿ ਬਾਨਨਿ ਮਾਰਿ ਕਰੀ।
ਇਕਬਾਰ ਬਡੀ ਤਬਿ ਧੂਮ ਪਰੀ।
ਜਿਮ ਧਾਨ ਭੁਜੈਂ ਬਿਚ ਭਾਠ ਘਨੇ।
ਤਿਮ ਨਾਦ ਉਠੇ ਤੁਪਕਾਨ ਹਨੇ ॥੩੨॥

ਨਰਾਜ ਛੰਦ: ਗੁਰੂ ਗੋਬਿੰਦ ਸਿੰਘ ਜੀ ਉਤੰਗ ਜੋ ਸਥੰਡਲੰ।
ਥਿਰੇ ਤਹਾਂ ਬਿਲੋਕਤੇ -ਜੁਟੇ ਬਿਲੰਦ ਦ੍ਵੈ ਦਲੰ।
ਤੁਫੰਗ ਤੇ ਖਤੰਗ ਤੇ ਕ੍ਰਿਪਾਨ ਫੇਰ ਮਾਰਿਹੀਂ।
ਮਚਯੋ ਘਮੰਡ ਦੀਰਘੰ ਪੁਕਾਰ ਦੈ ਪੁਕਾਰਹੀਂ[2] ॥੩੩॥
ਚਲੈਂ ਪ੍ਰਹਾਰ ਮਾਰਿਬੇ[3] ਸੁ ਬੇਗ ਸ਼ੂੰਕ ਗੋਰਿਯਾਂ।
ਮਨਿੰਦ ਮੇਘ ਬੰਦੂ ਹੀ ਬੰਦੂਕ ਡਾਰ ਛੋਰਿਯਾਂ।
ਤੜਾਕ ਤੇ ਸੜਾਕ ਹ੍ਵੈ ਪੜਾਕ ਭੂਮ ਗੇਰਤੇ[4]।
ਬਰੂਦ ਫੇਰ ਡਾਲਤੇ, ਸੁ ਦੂਰ ਦੂਰ ਪ੍ਰੇਰਤੇ[5] ॥੩੪॥
ਪ੍ਰਚੰਡ ਭਾ ਘਮੰਡ[6] ਸੂਰ ਖੰਡ ਖੰਡ ਕਾਟਤੇ।
ਕੁਦੰਡ ਬਾਹੁ ਦੰਡ ਤੇ ਸੁ ਜੋਰ ਘੋਰ ਡਾਰਤੇ[7]।
ਬਿਹੰਡ[8] ਰੁੰਡ ਮੁੰਡ ਹ੍ਵੈ ਕਿਤੇਕੁ ਤੁੰਡ ਪੰਡੁ ਤੇ[9]।
ਦਿਖਾਇ ਕੰਡ ਭਾਜਤੇ ਸੁ ਆਯੁਧਾਨੀ ਛੰਡਤੇ[10] ॥੩੫॥
ਬਿਸ਼ਾਲ ਹੇਲ ਠੇਲਤੇ ਕਰਾਲ ਰੇਲ ਪੇਲਤੇ।
ਮਨੋ ਸੁ ਫਾਗ ਖੇਲਤੇ, ਦੁਹੇਲ ਹੇਲ ਝੇਲਤੇ[11]।

---

[1]ਜ਼ੋਰ ਦੇਕੇ।
[2]ਪੁਕਾਰਾ ਦੇਕੇ ਪੁਕਾਰਦੇ ਹਨ।
[3]ਮਾਰ ਸਿੱਟਣ ਵਾਲੇ ਵਾਰ ਹੋ ਰਹੇ ਹਨ।
[4]ਤੜਾਕ = ਗੋਲੀ ਦੇ ਨਿਕਲਣ ਦੀ ਆਵਾਜ਼। ਸੜਾਕ = ਉਸ ਦੇ ਸ਼ੂੰ ਸ਼ੂੰ ਕਰਦੇ ਜਾਣ ਦੀ ਆਵਾਜ਼। ਪੜਾਕ = ਪੱਟਕ ਧਰਤੀ ਤੇ ਡਿੱਗਣ ਦੀ ਆਵਾਜ਼ (ਜਿਸ ਨੂੰ ਗੋਲੀ ਲੱਗਦੀ ਹੈ)।
[5]ਦੂਰ ਦੂਰ ਤਕ ਚਲਾਉਂਦੇ ਹਨ।
[6]ਯੁੱਧ ਕਰੜਾ ਹੋ ਗਿਆ ਹੈ।
[7]ਡੌਲਿਆ ਦੇ ਬੜੇ ਬਲ ਨਾਲ ਧਨੁਖ ਚਲਾਉਂਦੇ ਹਨ।
[8]ਕੱਟੇ ਜਾਕੇ।
[9]ਮੁੱਖ ਪੀਲੇ ਹੋ ਗਏ।
[10]ਸ਼ਸਤ੍ਰਾਂ ਨੂੰ ਛਡ ਛਡ ਕੇ ਪਿੱਛਾ ਦੇਖੇ ਭਜਦੇ ਜਾਂਦੇ ਹਨ
[ਸੰਸ:, ਆਯੁਧ = ਸ਼ਸਤ੍ਰ]।
(ਅ) ਜੰਗ ਨੂੰ ਛੱਡਕੇ ਪਿੱਠ ਦਿਖਾਕੇ ਭੱਜੇ ਜਾਂਦੇ ਹਨ। [ਸੰਸ:, ਆਯੁਧਨ = ਜੰਗ।
[11]ਔਖੇ ਹੱਲੇ ਝੱਲਦੇ ਹਨ।

[1]ਪਲਾਇ ਏਕ ਗੇਲ ਤੇ ਸ਼ਿਤਾਬ ਪਾਇ ਮੇਲਤੇ।
ਮਨੋ ਚਲਾਇ ਜੇਲ ਤੇ ਬਿਹਾਲ ਏਵ ਭੇਲਤੇ[੯] ॥੩੬॥
ਭਏ ਘਨੇ ਪਹਾਰਿਯੇ ਮਚਾਇ ਧੂਮ ਧੂਮ ਕੋ।
ਹੁਤੋ ਸੁ ਥੋਰ ਖਾਲਸਾ ਨ ਛੋਰਿ ਜੰਗ ਭੂਮ ਕੋ[੨]।
ਰਿਸਾਇ ਸ੍ਰੀ ਗੁਬਿੰਦ ਸਿੰਘ ਚਾਂਪ ਆਪ ਲੀਨਿਓ।
ਨਿਹਾਰਿ ਸ਼ੱਤ੍ਰੂ ਸੈਨ ਕੋ ਖਤੰਗ ਬੀਚ ਦੀਨਿਓਂ ॥੩੭॥
ਪਰਜੋ ਸ਼ੁੰਕਾਟ[੩] ਗੈਨ ਮੈਂ[੪] ਅਨੰਤ ਸੈਨ ਓਰੜੀ।
ਮਚੰਤਿ ਜੁੱਧ ਕ੍ਰੁੱਧ ਕੋ ਪਰੀ ਨ ਮਾਰ ਥੋਰੜੀ[੫]।
ਸੜਾ ਸੜੀ ਤਤਾਰਚੇ[੬] ਤੜਾਭੜੀ ਚਲਾਇ ਕੈ।
ਪ੍ਰਵੇਸ਼ ਤੇ ਅਸ਼ੇਸ਼ ਹੀ ਵਿਸ਼ੇਸ਼ ਓਜ ਲਾਇ ਕੈ ॥੩੮॥
ਕ੍ਰਿਪਾਨ ਐਂਚਿ ਮਜਾਨ ਤੇ ਰਿਪੂਨਿ ਕੋ ਪ੍ਰਹਾਨਤੇ।
ਰਚਾਇ ਸ਼੍ਰੌਣ ਸਾਥ ਤੇ ਨਚਾਇ ਧਾਰਿ ਪਾਨ ਤੇ[੭]।
ਉਤੰਗ ਅੰਗ ਭੰਗ ਤੇ ਕਿਤੇਕ ਸੀਸ ਕਾਟਿਓ।
ਲਗੀ ਸੁ ਤੁੰਡ ਕਾਂਹਿ ਕੇ ਸਿਕੰਧ[੮] ਚੀਰ ਫਾਟਿਓ ॥੩੯॥
ਰਿਦਾ ਬਿਦੀਰ[੯] ਕਾਂਹਿ ਕੋ ਕਿ ਜੰਘ ਕਾਟ ਡਾਰਿਓ।
ਕਿਤੇਕ ਤੇਗ਼ ਸਾਥ ਹੀ ਸੁ ਹਾਥ ਭੂਮ ਪਾਰਿਓ[੧੦]।
ਬਜੰਤਿ ਧੌਂਸ ਦੀਰਘਾ ਸੁਣਾਇ ਸੋ ਨਫੀਰਿਯਾਂ।
ਅਨਿਕ ਦੁੰਦਭਾਨਿ ਪੈ ਦੁਚੋਬ ਲਾਗ ਧੀਰਿਯਾਂ ॥੪੦॥
ਸੁਬੇਗ ਸਿੰਘ ਜੰਬੁਰੀ[੧੧] ਸਬੇਗ ਕ੍ਰੋਧ ਪਾਇਓ[੧੨]।

---

[1]ਇਕ ਪਾਸਿਓਂ ਭੱਜਕੇ (ਫਿਰ) ਛੇਤੀ ਨਾਲ ਪੈਰ ਮੇਲ ਲੈਂਦੇ ਹਨ, ਮਾਨੋਂ ਪੈਰੀਂ ਰੱਸੀ ਪਾਕੇ ਇਕ ਕਤਾਰ ਵਿਚ ਟੋਰੇ ਕੈਦੀ ਹਨ ਐਸ ਤਰ੍ਹਾਂ ਇਹ ਬੇਹਾਲ (= ਘਬਰਾਏ ਹੋਏ ਫਿਰ) ਮਿਲ ਜਾਂਦੇ ਹਨ [ਜੇਲ = ਇਕ ਰੱਸੀ ਨਾਲ ਬੁੱਧੇ ਕੈਦੀਆਂ ਦੀ ਕਤਾਰ, ਯਾ ਮ੍ਰਾਲ ਨਾਲ ਬੱਧੀਆਂ ਟਿੰਡਾਂ ਦੀ ਕਤਾਰ ਜੋ ਬਾਇੜ ਤੇ ਪਾਈਦੀ ਹੁੰਦੀ ਹੈ (ਕੋਸ਼ ਸ਼ੈ: ਸਫਾ ੯੩੭)।
[੨]ਛਡਦਾ ਨਹੀਂ ਜੰਗ ਭੂਮ ਨੂੰ (ਖਾਲਸਾ)।
[੩]ਸ਼ੂੰ ਸ਼ੂੰ ਦੀ ਅਵਾਜ਼।
[੪]ਅਕਾਸ਼ ਵਿਚ।
[੫]ਭਾਵ ਬਹੁਤੀ ਮਾਰ ਪਈ।
[੬]ਸੜਾਸੜੀ ਸ਼ਬਦ ਹੋਇਆ ਬਾਣ ਚਲਾਉਣ ਨਾਲ [ਫਾ:, ਤਤਾਰਚਹ = ਇਕ ਪ੍ਰਕਾਰ ਦਾ ਤੀਰ, ਤਾਤਰ ਦੇਸ਼ ਦਾ ਤੀਰ]।
[੭]ਭਾਵ ਲਹੂ ਨਾਲ ਭਿੱਜੀ (ਤਲਵਾਰ ਨੂੰ) ਹੱਥ ਉੱਤੇ ਧਰਕੇ ਨਚਾਉਂਦੇ ਹਨ।
[੮]ਮੋਢਾ।
[੯]ਪਾੜ ਦਿੱਤਾ।
[੧੦]ਕਿੰਨੇ ਹੱਥ ਤਲਵਾਰ ਸਣੇ ਧਰਤੀ ਤੇ ਪਏ ਹਨ।
[੧੧]ਨਾਮ ਪਿੰਡ ਦਾ ਤੇ ਨਾਮ ਗੋਤ ਦਾ।
[੧੨]ਕ੍ਰੋਧ ਦਾ ਬਹੁਤਾ ਵੇਗ ਪਾਕੇ।

ਕ੍ਰਿਪਾਲ ਸਿੰਘ ਬੀਰ ਅੰਬਰੀਕ ਸਿੰਘ ਧਾਇਓ।
ਬਚਿੱਤ੍ਰ ਸਿੰਘ ਸੂਰਮਾ ਅਨੰਦ ਸਿੰਘ ਕੋਪਯੋ।
ਗੁਪਾਲ ਸਿੰਘ ਦਜਾਲ ਸਿੰਘ ਜੰਗ ਪਾਇ ਰੋਪਯੋ ॥੪੧॥
ਹਮੀਰ ਸਿੰਘ ਮਾਨ ਸਿੰਘ ਟੇਕ ਸਿੰਘ ਦੌਰਿ ਕੈ।
ਦਿਵਾਨ ਸਿੰਘ ਸ਼ੋਭ ਸਿੰਘ ਕੌਲ ਸਿੰਘ ਰੌਰ ਕੈ[੧]।
ਹਜ਼ਾਰ ਸਿੰਘ ਚੇਤ ਸਿੰਘ ਸੰਤ ਸਿੰਘ ਸੂਰਮਾ।
ਸੁਜਾਨ ਸਿੰਘ ਕਾਹਨ ਸਿੰਘ ਦਾਨ ਸਿੰਘ ਰੂਰਮਾ[੨] ॥੪੨॥

ਰਸਾਵਲ ਛੰਦ: ਉਦੇ ਸਿੰਘ ਬੀਰੰ। ਫਤੇ ਸਿੰਘ ਧੀਰੰ।
ਦਯਾ ਸਿੰਘ ਸੰਗੀ। ਭੁਜੰਗੇ ਨਿਸੰਗੀ[੩] ॥੪੩॥
ਗਿਨੈਂ ਨਾਮ ਕੇਤੇ। ਗੁਰੂ ਪਾਸ ਜੇਤੇ।
ਮਝੈਲੰ ਬਿਸਾਲੇ। ਭਏ ਰੋਹ ਵਾਲੇ ॥੪੪॥
ਖਚਾਖੱਚ ਬਾਹੈਂ[੪]। ਜੁਦੇ ਅੰਗ ਲਾਹੈਂ।
[੫]ਉਤੈ ਢੂਕਿ ਰਾਜੇ। ਭਜੇ ਫੇਰ ਲਾਜੇ[੫] ॥੪੫॥
ਕਰੇ ਆਨਿ ਹੱਲੇ। ਉਥੱਲੇ ਪਥੱਲੇ।
ਕਿਤੇ ਘਾਵ ਝੱਲੇ। ਨਹੀਂ ਪਾਵ ਹੱਲੇ ॥੪੬॥
ਕ੍ਰਿਪਾਨੈਂ ਨਿਕਾਰੇ। ਕਰੂਰੰ ਕਰਾਰੇ[੬]।
ਕਟਾਰੰ ਪ੍ਰਹਾਰੇ। ਦਏ ਪੇਟ ਫਾਰੇ ॥੪੭॥

ਦੋਹਰਾ: ਇਸ ਬਿਧਿ ਭਯੋ ਪ੍ਰਚੰਡ ਰਣ, ਮਿਲੀ ਬਾਹਿਨੀ ਦੋਇ।
ਸ੍ਰੋਣਤ ਬਿਥਰਯੋ ਧਰਨ ਬਹੁ, ਲੋਥ ਪੋਥਨਾ[੭] ਹੋਇ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁੱਤੇ 'ਜੰਗ' ਪ੍ਰਸੰਗ ਬਰਨਨੰ ਨਾਮ ਚਤਰ ਦਸ਼ਮੋ ਅੰਸੂ ॥੧੪॥

---

[੧]ਰੌਲਾ ਪਾਕੇ।
[੨]ਸੁਹਣਾ।
[੩]ਭਾਵ ਨਿਡਰ ਸੂਰਮੇਂ।
[੪]ਵਾਹੁੰਦੇ ਹਨ (ਸ਼ਸਤ੍ਰ)।
[੫]ਭੱਜੇ ਹੋਏ ਸ਼ਰਮ ਖਾਕੇ (ਫੇਰ) ਰਾਜੇ ਆ ਢੁਕੇ।
[੬]ਭਿਆਨਕ ਤੇ ਕਰੜੇ (ਸੂਰਮਿਆਂ ਨੇ)।
[੭]ਲੋਥਾਂ ਦੇ ਢੇਰ।

## ੧੫. [ਜਮਤੁੱਲਾ ਭਾਊ ਬੱਧ]

੧੪<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੧੬

ਦੋਹਰਾ: ਭੀਮਚੰਦ ਸੈਲਿੰਦ੍ਰ ਤਬਿ, ਦੂਰਿ ਬਚਾਇਨ ਜੰਗ[1]।
ਖਰੋ ਬਿਲੋਕਤਿ ਜੰਗ ਕੋ, ਬਿਚਰੇ ਬੀਰ ਨਿਸੰਗ[2] ॥੧॥

ਸ੍ਵੈਯਾ: ਲੋਥ ਪੈ ਲੋਥ ਪਰੀ ਹਯ ਪੋਥਤ[3]
ਸ਼੍ਰੋਣਤ ਤੇ ਗਨ ਚਾਲਿ ਪਨਾਰੇ[4]।
ਘਾਵ ਭਕਾਭਕ ਬੋਲਤਿ ਹੈਂ
ਭਟ ਏਕ ਕਰਾਹਤਿ ਹਾਇ ਪੁਕਾਰੇ।
ਘਾਇਲ ਘੂਮਤਿ ਝੂਮਤਿ ਹੈਂ
ਬਹੁ ਮਾਰ ਪਰੀ ਇਕ ਹ੍ਵੈ ਮਤਵਾਰੇ।
ਮਾਰੂ ਜੁਝਾਊ ਕੋ ਬਾਜਤਿ ਬਾਜਨ
ਏਕ ਲਰੇ ਥਿਰ ਸੂਰ ਜੁਝਾਰੇ ॥੨॥
ਸੰਗ ਹੰਡੂਰੀਏ ਭੂਪ ਕਟੋਚ ਕੇ
ਸਾਥ ਕਹੈ ਕਹਿਲੂਰ ਕੋ ਰਾਜਾ।
'ਮਾਰ ਪਰੀ ਬਿਸ਼ੁਮਾਰ[5], ਮਹਾਂ
ਘਮਸਾਨ ਪਰਯੋ, ਨਹਿं ਖਾਲਸਾ ਭਾਜਾ।
ਭੀਰ[6] ਪਰੀ ਧਰਿ ਧੀਰ ਰਹੇ
ਬਹੁ ਜੰਗ ਲਰੇ ਨ ਸਰਯੋ ਕੁਛ ਕਾਜਾ।
ਆਪਨੀ ਸੈਨ ਬਿਲੋਕਤਿ ਕਯੋਂ ਨਹਿं
ਪੀਛੇ ਹਟੀ ਤਜਿ ਕੈ ਕੁਲ ਲਾਜਾ ॥੩॥
ਗੂਜਰ ਰੰਘਰ ਕੋ ਸਰਦਾਰ
ਲਖੀ ਬਹੁ ਮਾਰ[7] ਖਰਯੋ ਟਰਿ ਸੋਊ।
ਔਰ ਦਯੋ ਤਨ ਨਾਂਹਿ ਕਿਸੂ
ਜਿਸ ਤੇ ਨਹਿं ਜੀਤ ਭਈ ਅਬਿ ਜੋਊ।
ਫੈਲ ਕੇ ਫੌਜ ਮੈਂ ਆਪ ਲਰੈਂ
ਨ੍ਰਿਪ ਤੌ ਸਵਧਾਨ ਬਨੈ ਸਭਿ ਕੋਊ।

---

[1]ਆਪਣੇ ਆਪ ਨੂੰ ਜੰਗ ਤੋਂ ਬਚਾ ਕੇ ਤੇ ਦੂਰ ਹੋਕੇ।
[2]ਖੜਾ ਦੇਖ ਰਿਹਾ ਹੈ ਕਿ (ਜੰਗ ਵਿਚ) ਬੀਰ ਨਿਸੰਗ ਹੋਕੇ ਵਿਚਰ ਰਹੇ ਹਨ।
[3]ਢੇਰ ਲੱਗਾ।
[4]ਪਰਨ ਲੇ।
[5]ਬੇਸ਼ੁਮਾਰ, ਬਹੁਤੀ।
[6]ਭੀੜ।
[7]ਬਹੁਤ ਮਾਰ ਦੇਖਕੇ।

ਅੱਗ੍ਰ ਅਰੈਂ ਤਬਿ ਧੀਰ ਧਰੈਂ ਭਟ
ਮਾਰਿ ਕਰੈਂ ਅਰਿ ਕੈ ਅਰਿ ਖੋਊ[੧]' ॥੪॥
ਬੋਲਤਿ ਬਾਕ ਕਟੋਚ ਹੰਡੂਰੀਆ
'ਕੇਸਰੀ ਚੰਦ ਕੋ ਲੇਹੁ ਬੁਲਾਈ।
ਦਾਹਿਨ[੨] ਸੈਨ ਲੀਏ ਉਮਡੈ
ਤਿਤ ਛੋਰ ਬੰਦੂਕਨਿ ਕੋ ਸਮੁਦਾਈ।
ਬਾਮ ਦਿਸ਼ਾ ਜਮਤੁੱਲ ਬਢੈ
ਜਮ ਤੁੱਲ ਬਨੈ ਬਹੁ ਸਿੰਘਨ ਘਾਈ[੩]।
ਬੀਚ ਥਿਰੇ ਹਮ ਫੌਜ ਕੋ ਪੇਲਹਿਂ[੪],
ਹੇਲ ਕੋ ਘਾਲਹਿਂ ਦੇਹਿਂ ਭਜਾਈ ॥੫॥
ਸਿੰਘ ਪ੍ਰਵੇਸ਼ ਅਨੰਦਪੁਰੇ ਮਹਿਂ
ਬਾਹੁਰ ਮੋਰਚੇ ਦੇਹੁ ਲਗਾਈ।
ਘਾਯਲ ਹੋਹਿ ਉਠਾਇ ਪਠਾਵਹੁ
ਆਪ ਸਮੀਪ ਢੁਕੌਂ ਬਲ ਲਾਈ।
ਕੌ ਲਗਿ ਹੋਹਿ ਮਵਾਸਿ[੫] ਇਹਾਂ
ਲਰ[*] ਤੂਰਨ ਹੀ ਗੁਰ ਕੋ ਨਿਕਸਾਈ।'
ਆਪਸ ਮਹਿਂ ਕਹਿ ਬਾਕ ਸੁਨੇ ਇਮ
ਕੇਸਰੀ ਚੰਦ ਕੋ ਫੇਰ ਸੁਨਾਈ ॥੬॥
'ਬੀਰ ਲਰੇ ਦਿਸ਼ਿ ਦੋਇਨ ਕੇ
ਬਹੁ ਵਾਰ ਪ੍ਰਹਾਰਤਿ ਹਾਰ ਗਏ।
ਦੂਰ ਥਿਰੇ ਤੁਪਕਾਨ ਚਲਾਵਤਿ
ਪੈਦਲ ਆਡ ਕੋ ਲੇਤਿ ਭਏ[੬]।
ਫੇਰ ਤੁਫੰਗਨ ਸਿੰਘਨ ਕੇ ਪਿਖਿ[੭]
ਹਾਥ ਲਏ ਹਥਿਆਰ ਭਏ।
ਨੇਰ ਕਰੈਂ ਨ ਡਰੈਂ ਮਨ -ਦੈ ਨ

---

[੧]ਅੜਕੇ ਵੈਰੀਆਂ ਨੂੰ ਮਾਰਨ।
[੨]ਸੱਜੇ ਪਾਸੇ।
[੩]ਯਮ ਦੇ ਤੁੱਲ ਬਣਕੇ ਮਾਰੇ ਬਹੁਤੇ ਸਿੰਘਾਂ ਨੂੰ।
[੪]ਪ੍ਰੇਰਾਂਗੇ।
[੫]ਆਕੀ।
[*]ਪਾ:-ਲਗ।
[੬]ਓਟ ਲੈਕੇ (ਉਹਲੇ ਖੜੇ ਹਨ)।
[੭]ਸਿੰਘਾਂ ਦੀਆਂ ਤੁਫੰਗਾਂ ਦੇਖਕੇ।

ਹਨੇਂ ਭਟ ਸੈਨ ਲਿਟੇ ਸੁ ਪਏ[1]-' ॥੭॥
ਕਬਿੱਤ: ਇਤੇ ਸਿੰਘ ਸੂਰਮੇ ਗ਼ੂਰ ਮੈਂ ਲਰਤਿ ਭੂਰ
ਦੂਰ ਦੂਰ ਕੀਨੇ ਅਰਿ ਧੂਰਿ ਮੈਂ ਮਿਲਾਇ ਕੈ।
ਸ਼੍ਰੋਣਤ ਮੇਂ ਚੀਰ ਪੂਰ[2], ਕੇਤਿਕ ਹਜ਼ੂਰ ਗਏ
'ਮਾਰੇ ਕਰਿ ਚੂਰ ਚੂਰਿ' ਭਾਖਤਿ ਸੁਨਾਇ ਕੈ।
ਬੋਲੇ ਪ੍ਰਭੁ ਪੂਰਨ:-'ਸ਼ਹੂਰ ਸੰਗ[3] ਜੰਗ ਕਰੋ
ਤੂਰਨ ਅਗਾਰੀ ਪਗ ਕੀਜੈ ਨ ਬਧਾਇ ਕੈ।
ਰਾਖੋ ਨਿਜ ਖੇਤ ਅਸਿਕੇਤੁ[4] ਹੈ ਸਹਾਇ ਤੁਮ'
ਸੁਨਿ ਸੁਨਿ ਧਾਇ ਗਏ ਲਰੈਂ ਚਿਤ ਚਾਇ ਕੈ[5] ॥੮॥
ਪ੍ਰਮਾਣਕਾ ਛੰਦ: ਸਮੂਹ ਸਿੰਘ ਮੋਰਚੇ। ਬਿਲੋਕਿ ਜੰਗ ਮੋਂ ਰਚੇ[6]।
ਥਿਰੇ ਤਿਨੈ ਮਝਾਰਿਆ। ਤੁਫੰਗ ਕੋ ਸੰਭਾਰਿਆ ॥੯॥
ਕਮਾਨ ਬਾਨ ਸਾਧਿ ਕੈ[7]। ਗੁਰੂ ਗੁਰੂ ਅਰਾਧਿ ਕੈ।
ਸਊਰ ਸਿੰਘ[8] ਜੇਤਨੇ। ਇਕੱਤ੍ਰ ਹੋਇ ਤੇਤਨੇ ॥੧੦॥
ਅਜੀਤ ਸਿੰਘ ਸੰਗ ਹ੍ਵੈ। ਫਿਰੰਤਿ ਦਾਇ ਜੰਗ ਹ੍ਵੈ[9]।
ਥਿਰੇ ਲਰੇ ਸਧੀਰਯਾ। ਅਭੀਰ ਪੂਰ ਬੀਰਯਾ[10] ॥੧੧॥
ਨਿਨੱਦ ਬ੍ਰਿੰਦ ਢੋਲ ਕੇ[11]। ਸਰੌਲ[12] ਬੀਰ ਬੋਲ ਕੇ।
ਨਿਸ਼ਾਨ[13] ਚੋਬ ਮਾਰਿਤੇ। ਨਿਸ਼ਾਨ ਚੀਰ ਚਾਰਤੇ[14] ॥੧੨॥
ਚਲਾਇ ਤਾਕ ਗੋਰਿਯਾਂ। ਭਿਰੰਤਿ ਸ਼ੱਤ੍ਰ ਓਰਿਯਾਂ।
ਨ ਨੇਰ ਹੋਨਿ ਪਾਵਈਂ। ਤਰੰਕਿ ਦੂਰ ਆਵਈਂ ॥੧੩॥

---

[1]ਨੇੜਾ ਨਹੀਂ ਕਰਦੇ ਮਾਨੋ ਡਰਦੇ ਹਨ ਕਿ ਮਾਰ ਨ ਦੇਣ ਕਿਉਂਕਿ ਅੱਗੇ ਹੀ ਸੂਰਮਿਆਂ ਦੀ ਸੈਨਾ ਲਿਟੀ ਪਈ ਹੈ।
(ਅ) ਸੈਨਾ ਦੈ (ਜ਼ਖਮੀ) ਸੂਰਮੇਂ ਲਿਟ ਪਏ ਹਨ।
[2](ਜਿਨ੍ਹਾਂ ਦੇ) ਬਸਤਰ ਲਹੂ ਨਾਲ ਪੂਰਨ ਹੋਏ ਹੋਏ ਸਨ।
[3]ਸਿਆਣਪ ਨਾਲ।
[4]ਅਕਾਲ ਪੁਰਖ।
[5]ਚਿੱਤ ਦੇ ਚਾਉ ਨਾਲ।
[6]ਜੰਗ ਵਿਚ ਰਚ ਗਏ।
[7]ਜੋੜ ਕੇ।
[8]ਅਸਵਾਰ ਸਿੰਘ।
[9]ਜੰਗ ਦੇ ਦਾਇ (ਵਿਚ) ਫਿਰਦੇ ਹਨ।
[10]ਕਾਇਰਤਾ ਰਹਿਤ ਸਾਰੇ ਸੂਰਮੇ।
[11]ਬਹੁਤੇ ਢੋਲਕੇ ਅਵਾਜ਼ਾਂ (ਦੇ ਰਹੇ ਹਨ)
[ਸੰਸ:, ਨਿਨਦ = ਆਵਾਜ਼]।
[12]ਰੌਲੇ ਸਹਤ।
[13]ਧੌਂਸਿਆਂ ਤੇ।
[14]ਝੰਡਿਆਂ ਦੇ ਫਰੈਰੇ ਫਹਿਰਾਉਂਦੇ ਹਨ।

ਗਿਰੀਸ਼ ਭੀਮਚੰਦ ਨੇ। ਪ੍ਰਚਾਰਿ[1] ਬੀਰ ਬ੍ਰਿੰਦ ਨੇ।
ਹਕਾਰਿ ਪਾਸ ਕੇਸਰੀ। ਮਨਿੰਦ ਓਜ ਕੇਸਰੀ[2] ॥੧੪॥
ਭਨੰਤਿ ਹੇਲ ਘਾਲਿਬੇ:-। 'ਬਿਲੋਕ ਤੂੰ ਸੰਭਾਲਬੇ[3]।
ਕਾਮਨ ਬਾਨ ਤਾਨਿਯੇ। ਸੰਮੂਹ ਲੇ ਸੰਗਾਨਿਯੇ[4] ॥੧੫॥
ਪਧਾਨ ਗੁਜਰਾਨ ਕੋ। ਦਿਸ਼ਾ ਦੁਤੀਯ ਜਾਨ ਕੋ[5]।
ਸੁਚੇਤ ਸੋਇ ਕੀਜਿਯੇ। ਨਿਸੰਗ ਸੰਗ ਲੀਜੀਯੇ ॥੧੬॥
ਬਟੋਰਿ ਬੀਰ ਧਾਇਯੇ। ਸੁ ਏਕ ਬਾਰਿ ਜਾਇਯੇ।
ਹਜ਼ਾਰਹੂੰਨਿ ਹੇਲ ਕੋ[6]। ਮਿਲਾਇ ਦੇਹੁ ਪੇਲ ਕੋ[7] ॥੧੭॥
ਪਲਾਇ ਪੁੰਜ ਖਾਲਸਾ। ਪੁਰੋ ਬਿਸਾਲ ਲਾਲਸਾ।
ਪੁਰੇ ਅਨੰਦ ਬਾਰਿਯੇ[8]। ਸੁ ਓਜ ਕੋ ਸੁਧਾਰਿਯੇ' ॥੧੮॥
ਸੁ ਕੇਸਰੀ ਸੁਨੰਤਿ ਭਾ। ਚਲੰਤਿ ਚੌਂਪਵੰਤ ਭਾ[9]।
ਜਹਾਂ ਕਹਾਂ ਪ੍ਰਚਾਰਿ ਕੈ[10]। ਸੁ ਹੇਲ ਕੋ ਉਚਾਰਿ ਕੈ ॥੧੯॥
ਸਮੂਹ ਅੱਗ੍ਰ ਤੋਰਿ ਕੈ। ਮਹਾਨ ਜੁੱਧ ਲੋਰਿ ਕੈ।
ਤੁਰੰਗ ਕੋ ਤ੍ਰਪਾਇ ਕੈ। ਇਤੈ ਉਤੈ ਭਜਾਇ ਕੈ ॥੨੦॥

ਰੁਣਝੁਣ ਛੰਦ: ਜਮਤੁਲ ਭਾਊ।
ਤਿਹ ਕਹਿਰਾਊ[11*]:-।
'ਇਤ ਦ੍ਰਿੜ ਹ੍ਵੈ ਕੈ।
ਪਰਹੁ ਰਿਸੈ ਕੈ ॥੨੧॥
ਉਤ ਕਹਿਲੂਰੀ। ਰਿਸ ਉਰ ਪੂਰੀ।
ਅਰਿ ਪਰ ਧਾਵੈ। ਸ਼ਸਤ੍ਰਨਿ ਘਾਵੈ ॥੨੨॥
ਸਭਿ ਗਿਰ ਨਾਥੇ। ਧਨੁ ਸਰ ਹਾਥੇ।
ਚਹਿਂ ਚਿਤ ਹੇਲਾ। ਕਰਨਿ ਧਕੇਲਾ ॥੨੩॥

---

[1]ਵੰਗਾਰ ਕੇ।
[2]ਸ਼ੇਰ ਵਤ ਬਲ ਹੈ (ਜਿਸਦਾ)।
[3]ਦੇਖ ਕੇ ਤੂੰ ਸੰਭਾਲ।
[4]ਸਾਰਿਆਂ ਨੂੰ ਨਾਲ ਲੈਕੇ।
[5]ਦੂਜੇ ਪਾਸੇ ਜਾਵਣ ਲਈ।
[6]ਹਜ਼ਾਰਾਂ ਨੂੰ ਲੈਕੇ ਹੱਲਾ ਕਰੋ।
[7]ਦਬਾਕੇ।
[8]ਵਾੜ ਦਿਓ।
[9]ਚਾਉ ਵਿਚ ਆਕੇ ਚੱਲ ਪਿਆ।
[10]ਵੰਗਾਰਕੇ।
[11]ਉਸ (ਜਮਤੁੱਲੇ) ਨੂੰ ਰਾਜੇ ਨੇ ਕਿਹਾ।
[*]ਪਾ:-ਦਊ।

ਬਨਿ ਸਵਧਾਨਾ। ਤਜਹੁ ਨਿਸ਼ਾਨਾ[1]।'
[2]ਕਰਿ ਤਕਰਾਈ। ਬਹੁ ਬਿਧਿ ਗਾਈ ॥੨੪॥
ਫਿਰ ਫਿਰ ਫੇਰਾ। ਕਰਿ ਕਰਿ ਫੇਰਾ[3]।
ਸਭਿਹਿਨਿ ਪ੍ਰੇਰਾ। ਹਤਿ ਇਕ ਬੇਰਾ ॥੨੫॥
ਭਟ ਬਹੁ ਗਾਜੇ। ਪੁਨ ਪੁਨ ਬਾਜੇ।
ਧੁਨ ਗਨਿ ਊਚੇ। ਅਧਿਕ ਪਹੂਚੇ ॥੨੬॥
ਗਿਰ ਨਰ ਸਾਰੇ। ਪੁਨ ਹੁਇ ਤਜਾਰੇ।
ਬਹੁਤ ਪ੍ਰਕਾਰੇ। ਬਕ ਬਕ ਮਾਰੇ ॥੨੭॥
ਸੰਖਨਾਰੀ ਛੰਦ*: ਉਦੇ ਸਿੰਘ ਜਾਨਾ। ਸੁ ਬੈਨੰ ਬਖਾਨਾ।
'ਘਨੇ ਸ਼ੱਤ੍ਰੁ ਆਏ। ਸ ਰੌਰੰ ਮਚਾਏ ॥੨੮॥
ਘਨੋ ਹੇਲ ਪਾਯੋ। ਦਲੰ ਬ੍ਰਿੰਦ ਧਾਯੋ।
ਬਨੋ ਸਾਵਧਾਨੇ। ਗਹੋ ਸ਼ਸਤ੍ਰ ਪਾਨੇ ॥੨੯॥
ਨ ਪੈਰੰ ਹਿਲਾਓ। ਖਰੇ ਸ਼ੱਤ੍ਰੁ ਘਾਓ।
ਬਡੋ ਹੋਇ ਗਾਢੇ। ਕਰਾਚੋਲ ਕਾਢੇ ॥੩੦॥
ਕਰੋ ਮਾਰ ਐਸੇ। ਨਹੀਂ ਜਾਹਿੰ ਜੈਸੇ।'
ਉਦੈ ਸਿੰਘ ਧਾਯੋ। ਤੁਰੰਗੰ ਭਜਾਯੋ ॥੩੧॥
ਸਭੈ ਕੋ ਸੁਨਾਯੋ। ਸੁਚੇਤਾ ਕਰਾਯੋ[4]।
ਸੰਭਾਰੀ ਤੁਫੰਗੈਂ। ਭਏ ਭੀਰ ਰੰਗੈਂ ॥੩੨॥
ਪਾਧੜੀ ਛੰਦ: ਗੁਰ ਪੁੱਤ੍ਰ ਤਬੈ ਹੁਇ ਕੈ ਸੁਚੇਤ।
ਲੈ ਸਿੰਘ ਸੰਗ ਰਿਪੁ ਹਤਨਿ ਹੇਤੁ।
ਵਧਿ ਅੱਗ੍ਰ ਧਰਜੋ ਸਰ ਚਾਂਪ ਹਾਥ।
ਖਪਰੇ ਨਿਕਾਸਿ ਬਡ ਓਜ ਸਾਥ ॥੩੩॥
ਤਕਿ ਟੋਲ ਟੋਲ ਪ੍ਰਤਿ ਹਤਨਿ ਕੀਨ।
ਬੀਧੇ ਤੁਰੰਗ ਭਟ ਭੰਗ ਦੀਨਿ।
ਉਤ ਤੇ ਵਧਾਇ ਆਏ ਕਰਾਲ।
ਹੁਇ ਸਮੁਖ ਧਰੇ ਆਯੁਧ ਬਿਸਾਲ ॥੩੪॥
ਛੂਟੀ ਤੁਫੰਗ ਇਕਬਾਰਿ ਬ੍ਰਿੰਦ।
ਗੁਲਕਾਂ ਸੜਾਕ ਜੋਧਾ ਨਿਕੰਦ।

---

[1]ਨਿਸ਼ਾਨਾ ਢੂੰਡਦੇ ਰਹੋ।
[2]ਬਹੁਤ ਤਰ੍ਹਾਂ ਨਾਲ ਸਮਝਾਕੇ ਤਕੜਾਈ ਕੀਤੀ ਓਸੁ।
[3]ਬਾਰ ਬਾਰ ਫਿਰਕੇ ਤੇ ਫੇਰਾ ਕਰ ਕਰਕੇ।
*। S S। SS ਸੰਖਨਾਰੀ ਦਾ ਰੂਪ ਹੈ।
[4]ਸਾਵਧਾਨ ਕੀਤਾ।

ਮਿਲਿ ਗਏ ਪਰਸਪਰ ਘਾਲਿ ਹੇਲ।
ਭਟ ਜੁਟੇ ਪਾਇ ਨਹਿਂ ਧਰ ਪਿਛੇਲ[1] ॥੩੫॥
ਪਰ ਗਯੋ ਏਕ ਬਾਰੀ ਘਮੰਡ[2]।
ਗਿਰ ਪਰੇ ਬੀਰ ਹੁਇ ਖੰਡ ਖੰਡ।
ਨਹਿਂ ਤਜੀ ਥਾਂਉ ਸ਼ਸਤ੍ਰਨ ਪ੍ਰਹਾਰ[3]।
ਹੇਲਾ ਸੁ ਝਾਰ[4] ਪੁਨ ਜ਼ੋਰ ਧਾਰਿ ॥੩੬॥
ਚੌਪਈ: ਪੰਚਨ ਮਹਿਂ[5] ਸਾਹਿਬ ਸਿੰਘ ਜੋਇ।
ਗਹਿ ਤੁਫੰਗ ਕੋ ਪਹੁੰਚਯੋ ਸੋਇ।
ਖਰੋ ਜਹਾਂ ਜਮਤੁੱਲਾ ਭਾਊ।
ਆਵਤਿ ਹੇਲਾ ਕਰਤਿ ਅਗਾਊ ॥੩੭॥
ਫੇਰਿ ਕਵਾਇਦ ਕੋ ਨਿਜ ਘੋਰਾ[+]।
ਤਜੀ ਤੁਫੰਗ ਤਾਂਹਿ ਕੀ ਓਰਾ।
ਕੜਕ ਸ਼ੂੰਕਤੀ ਤਾਂ ਪਰ ਗਈ।
ਮਨਹੁਂ ਗਾਜ[6] ਪਹੁੰਚੀ ਸਿਰ ਪਈ ॥੩੮॥
ਲਗੀ ਭਾਲ ਮਹਿਂ ਗਿਰਿ ਤਤਕਾਲਾ।
ਪਰਯੋ ਭੂਮਿ ਪਰ ਅੰਗ ਨ ਹਾਲਾ।
ਸੀਸ ਭੇਦ ਮਿਝ ਨਿਕਸੀ ਐਸੇ।
ਮਖਨੀ ਜੁਤਿ ਹਾਂਡੀ ਫੁਟ ਜੈਸੇ ॥੩੯॥
ਗੁਜਰ ਰੰਘਰ ਛੇਰ ਹਜ਼ਾਰਨਿ।
ਜਿਸ ਕੇ ਸੰਗ ਗਹੇ ਹੱਥਯਾਰਨ।
ਸਭਿ ਕੇ ਸ਼ੋਕ ਬਿਲੋਕਤਿ ਹੋਵਾ।
ਪਰਯੋ ਨੀਂਦ ਦੀਰਘ ਮਹਿਂ ਸੋਵਾ ॥੪੦॥
ਹਾਹਾਕਾਰ ਪੁਕਾਰਤਿ ਸਾਰੇ।
'ਭਯੋ ਗ਼ਜ਼ਬ ਜਮਤੁੱਲਾ ਮਾਰੇ।'
ਮਿਲੇ ਸੈਂਕਰੇ ਤਿਸ ਥਲ ਆਏ।

---

[1]ਪਿਛੇ ਪੈਰ ਨਹੀਂ ਧਰਦੇ।
[2]ਭਾਵ ਘਮਸਾਨ।
[3]ਸ਼ਸਤ੍ਰ ਚਲਾਉਂਦਿਆਂ।
[4]ਝੱਲਿਆ (ਅ) ਝਾੜਿਆ।
[5]ਪੰਜਾਂ (ਪਿਆਰਿਆਂ) ਵਿਚੋਂ।
[+]ਇਸਤੋਂ ਬੀ ਸਪਸ਼ਟ ਹੈ ਕਿ ਗੁਰੂ ਜੀ ਨੇ ਆਪਣੀ ਸੈਨਾ ਨੂੰ ਇਕ ਆਪਣੀ ਰਚੀ ਕਵਾਇਦ ਵਿਚ ਨਿਪੁਨ ਕੀਤਾ ਹੋਇਆ ਸੀ।
[6]ਬਿਜਲੀ।

ਚਾਹਤਿ ਤਿਸ ਕੀ ਲੋਥ ਉਠਾਏ ॥੪੧॥
ਇਤ ਆਲਮਸਿੰਘ ਬੀਰ ਜੁਝਾਰਾ।
ਲੈ ਕਰਿ ਸਿੰਘ ਹੇਲ ਕੋ ਡਾਰਾ।
ਊਚੇ ਕਹ੍ਯੋ ਪੁਕਾਰਿ 'ਸੁਨੀਜੈ!
ਲੋਥ ਦੁਸ਼ਟ ਕੀ ਜਾਨਿ ਨ ਦੀਜੈ' ॥੪੨॥
ਮਾਰ ਮਾਰ ਕਰਿ ਹਰਖਤਿ ਅਤੇ।
ਵਾਹਿਗੁਰੂ ਜੀ ਕੀ ਕਹਿਂ ਫਤੇ।
ਓਰੜ ਪਰੇ ਲੋਥ ਪਰ ਸਾਰੇ।
ਸਿੰਘ ਪਦਾਤੀ[1] ਗਹਿ ਹੱਥਯਾਰੇ ॥੪੩॥
ਉਤ ਤੇ ਉਨਹੁਂ ਜ਼ੋਰ ਬਡ ਕੀਨਾ।
ਲੋਥ ਲੇਨਿ ਕੋ ਹਠ ਧਰਿ ਲੀਨਾ।
ਦੁਹੰਦਿਸ਼ਿ ਤੇ ਮਿਲਿ ਗਏ ਹਜ਼ਾਰਨ।
ਮਾਰਨ ਮਰਨ ਜੰਗ ਰਚਿ ਦਾਰੁਨ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁੱਤੇ 'ਜਮਤੁੱਲਾ ਭਾਊ ਬੱਧ' ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋ ਅੰਸੂ ॥੧੫॥

[1] ਪੈਦਲ।

## ੧੬. [ਜਮਤੁੱਲੇ ਮਾਰਨ ਪਿਛੋਂ ਜੰਗ। ਰਾਤ ਨੂੰ ਆਰਾਮ]

੧੫<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੧੭

ਦੋਹਰਾ: ਮਾਨ ਸਿੰਘ ਕੇ ਪਾਨ ਮਹਿਂ, ਹੁਤੋ ਨਿਸ਼ਾਨ ਮਹਾਂਨ।
ਵਧਜੋ ਅੱਗ੍ਰ ਤਿਹ ਲੋਥ ਢਿਗ, ਪਰਨ ਲਗਜੋ ਘਮਸਾਨ ॥੧॥
ਚੌਪਈ: ਸਿੰਘ ਬਹਾਦਰ ਫਾਂਧਤਿ ਆਏ।
ਕਰਾਚੋਲ ਕਰ ਧਰਿ ਚਮਕਾਏ।
ਤੋਮਰ ਤੀਰਨਿ ਤੁਰਤ ਪ੍ਰਹਾਰੇ।
ਭਾਊ ਸਿੰਘ ਤਹਾਂ ਬਹੁ ਮਾਰੇ[1] ॥੨॥
ਸਿੰਘਨਿ ਅਨੀ ਘਨੀ ਤਹਿਂ ਘਾਵਤਿ[2]।
ਤੁਪਕ ਤਮਾਂਚੇ ਤਕਿ ਤਕਿ ਲਾਵਤਿ।
ਪਿਖਿ ਘਮੰਡ ਚੰਦ ਆਇ ਕਟੋਚਿ।
ਐਂਚਿ ਐਂਚਿ ਧਨੁ ਬਾਨਨਿ ਮੋਚਿ ॥੩॥
ਪ੍ਰੇਰੇ ਬਹੁ ਜੋਧਾ ਤਿਸ ਥਾਨ।
ਕਹਜੋ 'ਕਰਹੁ ਬਲ, ਲੇਹੁ ਨਿਸ਼ਾਨ[3]।
ਸਹਿਤ ਲੋਥ ਤੇ ਤੁਰਤ ਉਠਾਵਹੁ।
ਆਵਹਿਂ ਵਧੇ ਮਾਰਿ ਉਥਲਾਵਹੁ' ॥੪॥
ਮਾਨ ਸਿੰਘ ਜੋਧਾ ਧਰਿ ਧੀਰ।
ਗਾਡਜੋ ਤਹਾਂ ਨਿਸ਼ਾਨ ਅਭੀਰ[4]।
ਰਹਿਤ ਕਹਿਤ ਕੇ ਸਹਿਤ ਮਹਿਤ ਹੈ[5]।
ਸਰ ਮਾਰਹਿ ਜਿਹ ਨਿਕਟ ਲਹਤਿ ਹੈ ॥੫॥
ਛੇਰ ਹਜ਼ਾਰਹੁਂ ਓਰੜ ਪਰੀ।
'ਹਾਇ ਹਾਇ' ਕਹਿ ਮਾਰਤਿ ਮਰੀਂ[6]।
ਘਨੇ ਢੋਲ ਗ੍ਰਾਮਨਿ ਕੇ ਸਾਥ।
ਸੇਲੇ ਸਿਪਰ ਸ਼ਕਤਿ[7] ਅਸਿ ਹਾਥ ॥੬॥
ਬਜੇ ਜ਼ੋਰ ਤੇ ਬਹੁਤ ਜੁਝਾਊ।
ਸੁਨਿ ਸੁਨਿ ਫਾਂਦਤਿ ਆਇਂ ਅਗਾਊ।

---

[1]ਸਿੰਘਾਂ ਨੇ ਓਥੇ ਭਾਉ (= ਜਮਤੁੱਲਾ ਭਾਊ ਦੇ ਸਾਥੀ) ਬੜੇ ਮਾਰੇ।
[2]ਸਿੰਘਾਂ ਦੀ ਬਹੁਤੀ ਫੌਜ ਉਥੇ ਮਾਰ ਰਹੀ ਸੀ (ਵੈਰੀ ਨੂੰ)।
[3]ਝੰਡਾ ਖੋਹ ਲਓ।
[4]ਭਾਵ ਬਹਾਦਰੀ ਨਾਲ।
[5]ਭਾਵ ਰਹਿਣੀ ਕਹਿਣੀ ਦਾ ਵੱਡਾ (ਸੂਰਮਾ) ਹੈ।
[6]ਮਰਦੇ ਮਾਰਦੇ ਹਨ।
[7]ਬਰਛੀਆਂ।

ਗੁਰ ਨਿਸ਼ਾਨ ਪਰ ਘਾਲਹਿਂ ਹੇਲਾ।
ਲੇਨਿ ਲੋਥ ਜੁਤਿ ਤਊ ਦੁਹੇਲਾ ॥੭॥
ਜੇ ਸਊਰ ਨਿਜ ਹਯਨ ਬਚਾਵਹਿਂ।
-ਗੁਲਕਾਂ ਲਗਹਿ ਨ- ਇਤ ਉਤ ਧਾਵਹਿਂ।
ਸਨਮੁਖ ਹੋਇ ਨ ਆਵਹਿਂ ਸੋਇ।
ਲਖਿ ਸਰ ਗੋਰੀ ਬਰਖਾ ਹੋਇ ॥੮॥
ਜੋ ਉਤਸਾਹਤਿ ਆਇ ਧਵਾਵਤਿ[੧]।
ਤਕਿ ਗੁਲਕਾ ਮਾਰਤਿ ਉਤਲਾਵਤਿ।
ਯਾਂ ਤੇ ਓਰੜ ਆਇ ਪਦਾਤੀ[੨]।
ਹੇਰਿ ਖਾਲਸੇ ਪੁੰਜ ਅਰਾਤੀ ॥੯॥
ਗੁਰ ਨਿਸ਼ਾਨ ਕੇ ਬਨ ਰਖਵਾਰੇ[੩]।
ਕਸਹਿਂ ਤੁਫੰਗਨ ਤਕਿ ਤਕਿ ਮਾਰੇਂ।
ਪਰੀ ਲੋਥ ਨਹਿਂ ਲੈਬੇ ਦੀਨਿ।
ਭਯੋ ਭੇੜ ਭਾਰੀ ਭਯ ਭੀਨ ॥੧੦॥

ਸਿਰਖੰਡੀ ਛੰਦ: ਗਰਜੇ ਪੁੰਜ ਪਹਾੜੀ ਭੜਥੂ ਘੱਤਿਆ।
ਕੁੱਝ ਨ ਮੁੜੇ ਪਿਛਾੜੀ[੪] ਖੜਗ ਪ੍ਰਹਾਰ ਤੇ।
ਢਾਲੈਂ ਓਡਿ ਅਗਾੜੀ ਸੰਮੁਖ ਆਂਵਦੇ[੫]।
ਲਹੂ ਕ੍ਰਿਪਾਣ ਉਘਾੜੀ[੬] ਪਕੜਿ ਨਚਾਂਵਦੇ ॥੧੧॥
ਇਤ ਤੇ ਛਾਲੀ[੭] ਉੱਠੇ ਸਿੰਘ ਸੁਹਾਂਵਦੇ।
ਗੋਰੀ ਤੀਰਨ ਵੁੱਠੇ[੮] ਛਹਿਬਰ ਸੀ ਲਗੀ।
ਹਥਾਵੱਥ ਹੁਇ ਕੁੱਠੇ ਅੱਗੇ ਆਂਵਦੇ[੯]।
ਤੜਫਤਿ ਧਰ ਪਰ ਲੁੱਠੇ ਪੜੇ ਕਰਾਂਹਦੇ[੧੦] ॥੧੨॥
ਮਿਲਿ ਮਿਲਿ ਹੇਲਾ ਘਾਲਹਿਂ, ਛਾਲਹਿਂ ਉੱਛਲੈਂ[੧੧]।

---

[੧]ਜੋ ਉਤਸਾਹ ਨਾਲ ਆਉਂਦਾ ਹੈ ਭਜਾਕੇ (ਘੋੜਾ)।
[੨]ਪਿਆਦੇ।
[੩]ਗੁਰਾਂ ਦੇ ਝੰਡੇ ਦੇ ਸਿੰਘ ਰਖਵਾਲੇ ਬਣੇ।
[੪]ਜ਼ਰਾ ਵੀ ਪਿੱਛੇ ਨਾ ਹਟੇ।
[੫]ਢਾਲਾਂ ਨੂੰ ਅੱਗੇ ਰੱਖਕੇ ਸਾਹਮਣੇ ਆਂਵਦੇ ਹਨ।
[੬]ਲਹੂ (ਨਾਲ ਰਤੀ) ਕ੍ਰਿਪਾਨ ਕੱਢਕੇ।
[੭]ਛਾਲਾਂ ਮਾਰਦੇ।
[੮]ਬਰਸਦੇ ਹਨ।
[੯]ਹੱਥੋ ਹੱਥੀ ਹੋਕੇ ਅੱਗੇ ਆਂਵਦੇ (ਪਹਾੜੀਆਂ ਨੂੰ) ਮਾਰਿਆ।
[੧੦]ਡਿੱਗੇ ਹੋਏ ਹਾਇ ਹਾਇ ਕਰਦੇ ਹਨ।
[੧੧]ਮਿਲ ਮਿਲਕੇ ਹਮਲਾ ਕਰਦੇ ਛਾਲਾਂ ਮਾਰਦੇ ਆਉਂਦੇ ਹਨ (ਪਹਾੜੀਏ)।

ਮੁੱਛੈਂ ਬੰਕ ਬਿਸਾਲੈਂ ਤੱਛੈਂ ਤਤਛਿਨੈ[੧]।
ਰੱਛੈਂ ਗੱਛ ਉਛਾਲੈਂ ਢਾਲੈਂ ਛੈਲ ਜੇ[੨]।
ਕੱਛੈਂ ਪੱਛ ਕਰਾਲੈਂ ਆਮਿਖ ਛਕ ਰਹੇ[੩] ॥੧੩॥
ਤਛਾਮੁੱਛ ਬਨ ਅੰਗ ਛੱਡਯੋ ਕ੍ਰੁੱਧਨਾ[੪]।
ਬਾਣੇ ਰੰਗ ਸੁਰੰਗੀ ਸ੍ਰੋਣਤ ਸੋਂ ਭਰੇ।
ਉਛਲੈਂ ਛੈਲ ਛਲੰਗੀ ਛਾਲੈਂ ਛੋਭਤੇ[੫]।
ਕੱਛੈਂ ਕੇਸ਼ ਭੁਜੰਗੀ ਜੰਗੀ ਸ਼ੋਭਦੇ[੬] ॥੧੪॥
ਲਾਇ ਲਾਇ ਬਲ ਹਾਰੇ ਲੋਥ ਨ ਉੱਠੀਆ[੭]।
ਅਪਰ ਲੋਥ ਭਟ ਭਾਰੇ ਮਰਿ ਕਰ ਗਨ ਭਈ[੮]।
ਮਾਨ ਸਿੰਘ ਅਸਿ ਧਾਰੋ ਰਹਯੋ ਨਿਸ਼ਾਨ ਪੈ।
ਗੁਰ ਪ੍ਰਤਾਪ ਤੇ ਮਾਰੇ ਛੇਰੈਂ ਗ੍ਰਾਮ ਕੀ[੯] ॥੧੫॥
ਮਿਲਿ ਮਿਲਿ ਹੁਇ ਤਰਵਾਰੀ ਲਰਿ ਲਰਿ ਹਟ ਪਰੇ।
ਰਖਯੋ ਖੇਤ ਗੁਰ ਭਾਰੀ ਸਿੰਘਨਿ ਮਾਰਿ ਕੈ।
ਥਿਰਯੋ ਨਿਸ਼ਾਨ ਅਗਾਰੀ ਨਾਂਹਿਨ ਹਾਲਿਓ।
ਹਾਰੀ ਚਮੂੰ ਪਹਾਰੀ ਪੀਛੇ ਹਟਿ ਭਈ ॥੧੬॥

ਦੋਹਰਾ: ਭਈ ਸੰਝ ਤਬਿ ਭੀਖਨਾ, ਅਸਤਯੋ ਸੂਰਜ ਜਾਇ।
ਕਹਾਂ ਲਗੇ ਬਰਨਨ ਕਰੌਂ, ਭਯੋ ਜੁੱਧ ਜਿਸ ਭਾਇ ॥੧੭॥

ਚੌਪਈ: ਦੁਹੰਦਿਸ਼ਿ ਕੇ ਜੋਧਾ ਮਿਟ ਗਏ[੧੦]।
ਤੀਨ ਜਾਮ ਲਰਿ ਕੈ ਤ੍ਰਿਪਤਏ।
ਸ੍ਰਮਤਿ ਸੁਭਟ ਸਭਿ ਹਯ ਜੁਤਿ ਹੋਇ।
ਮਰੇ ਹਜ਼ਾਰਹੁੰ ਗਿਨੇ ਨ ਕੋਇ ॥੧੮॥
ਸਨੇ ਸਨੇ ਨਿਜ ਨਿਜ ਦਿਸ਼ ਮੁਰੇ।

---

[੧](ਪਰ ਅੱਗੋਂ) ਡਾਢੀਆਂ ਬਾਂਕੀਆਂ ਮੁਛਾਂ ਵਾਲੇ (ਸਿੰਘ) ਤਤਛਿਨ ਉਨ੍ਹਾਂ ਨੂੰ ਮਾਰ ਲੈਂਦੇ ਹਨ।
[੨]ਛੈਲ (ਭਾਵ ਸਿੰਘ) ਆਪਣੀ ਰੱਖਿਆ ਲਈ (ਗੱਛ =) ਅੱਗੇ ਵਧਕੇ ਢਾਲ ਉਛਾਲਕੇ (ਉਸ ਪਰ ਵੈਰੀ ਦਾ ਵਾਰ ਲੈਂਦੇ ਹਨ)।
[੩]ਭਿਆਨਕ ਸ਼ਿਕਾਰੀ ਪੰਛੀ ਮਾਸ ਖਾ ਰਹੇ ਹਨ।
[੪](ਵੈਰੀਆਂ ਦੇ) ਅੰਗਾਂ ਨੂੰ ਐਉਂ ਤੱਛਦੇ ਪੁੱਛਦੇ ਹਨ ਜਿਵੇਂ ਬਨ (ਨੂੰ ਤੱਛੀ ਮੁੱਛੀ ਦਾ ਹੈ), (ਪਰ ਤਿਸ ਪਰ ਬੀ) ਕ੍ਰੋਧ ਨਹੀਂ ਛੱਡਦੇ।
[੫]ਉੱਛਲਦੇ ਹਨ ਸੁਹਣੇ ਛਲਾਂਗਾਂ ਮਾਰਨ ਵਾਲੇ (ਸੂਰਮੇਂ) ਤੇ ਛਾਲਾਂ ਮਾਰਦੇ ਹਨ ਗੁੱਸੇ ਭਰੇ।
[੬]ਕੱਛਾਂ ਕੇਸਾਂ ਸਹਿਤ ਸੂਰਮੇਂ ਜੰਗੀ ਸ਼ੋਭਦੇ ਹਨ।
[੭](ਜਮਤੁੱਲਾ ਭਾਊ) ਦੀ ਲੋਥ ਨਾ ਉਠਾ ਸਕੇ (ਪਹਾੜੀਏ)।
[੮]ਬਹੁਤੀਆਂ ਲੋਥਾਂ ਹੋ ਗਈਆਂ।
[੯]ਪਿੰਡਾਂ ਦੀਆਂ ਛੇੜਾਂ ਨੂੰ।
[੧੦]ਹਟ ਗਏ।

ਘਾਯਲ ਸੰਭਾਲਤਿ ਸਭਿ ਤੁਰੇ।
ਰਚੇ ਮੋਰਚੇ ਸਿੰਘਨਿ ਜਹਾਂ।
ਨਿਜ ਨਿਜ ਮਿਸਲ ਥਿਰੇ ਜਹਿਂ ਕਹਾਂ ॥੧੯॥
ਕੋ ਕੋ ਤੁਪਕ ਛੁਟਹਿ ਤਿਸ ਕਾਲਾ।
ਅਪਨੀ ਅਪਨੀ ਕਰਤਿ ਸੰਭਾਲਾ।
ਜਿਨ ਸਿੰਘਨਿ ਰਣ ਤਜਾਗੇ ਪ੍ਰਾਨਾ।
ਸੁਰ ਪੁਰਿ ਗਏ ਅਰੂਢਿ ਵਿਮਾਨਾ ॥੨੦॥
ਘਾਇਲ ਕਿਤਿਕ ਉਠਾਵਤਿ ਲਜਾਏ।
ਕੇਤਿਕ ਚਲਿ ਆਪਨ ਹੀ ਆਏ।
ਦਰਸ਼ਨ ਪ੍ਰਭੂ ਪੁਰਖ ਕੌ ਕੀਨਸਿ।
ਸਕਲ ਖਾਲਸਾ ਆਨੰਦ ਭੀਨਸਿ ॥੨੧॥
ਸਰਬ ਪ੍ਰਸੰਗ ਜੰਗ ਕੋ ਕਹਜੋ।
'ਜਮਤੁੱਲਾ ਖੇਤਹਿ ਮਹਿਂ ਰਹਜੋ।
ਲੋਥ ਹੇਤੁ ਓਰੜ ਗਨ ਪਰੇ।
ਲਏ ਨਿਸ਼ਾਨ ਮਾਨਸਿੰਘ ਖਰੇ ॥੨੨॥
ਰਾਵਰ ਕੋ ਪ੍ਰਤਾਪ ਕਰਿ ਸਾਰੇ।
ਨੇਰੇ ਢੁਕੇ ਨ, ਜਬਿ ਬਹੁ ਮਾਰੇ।
ਗਏ ਹਾਰ ਹਟ ਗਏ ਪਿਛਾਰੀ।
ਸਤਿਗੁਰ ਰਾਖੀ ਲਾਜ ਹਮਾਰੀ' ॥੨੩॥
ਬਿਕਸ ਕਹਜੋ ਪ੍ਰਭੂ 'ਕੀਨਸਿ ਭਲਾ।
ਸੰਗਤਿ ਕੋ ਜਮਤੁਲ ਜਮ ਤੁਲਾ[1]।
ਦੇਤਿ ਬਿਖਾਦ ਮਾਰ ਕੋ ਲੀਨਸਿ[2]।
ਚਹੁੰਦਿਸ਼ਿ ਕੇ ਸਿਖ ਸੁਖੀਆ ਕੀਨਸਿ' ॥੨੪॥
ਕਰਜੋ ਖਾਲਸੇ ਕੋ ਸਨਮਾਨਾ[3]।
ਕਰਿ ਕਰਿ ਖੁਸ਼ੀ ਅਨੰਦ ਨਿਧਾਨਾ।
ਕੇਤਿਕ ਘਾਯਲ ਆਇ ਹਜ਼ੂਰ।
ਕੇਤਿਕ ਨਿਜ ਡੇਰਨਿ ਮਹਿਂ ਸੂਰ ॥੨੫॥
ਸਾਲ ਪੱਤ੍ਰ ਸਭਿ ਕੋ ਦਿਲਵਾਯੋ।
ਘਾਵ ਬਿਖਾਦ ਤੁਰਤ ਬਿਨਸਾਯੋ।

---

[1]ਜਮਤੁੱਲਾ ਜਮ ਦੇ ਤੁੱਲ ਸੀ।
[2]ਦੁਖ ਦਿੰਦਾ ਰਹਿੰਦਾ ਸੀ ਉਹ ਮਾਰ ਲਿਆ ਹੈ।
[3](ਗੁਰੂ ਜੀ ਨੇ) ਸਨਮਾਨ ਕੀਤਾ ਖਾਲਸੇ ਦਾ।

ਭੋਰ ਹੋਤਿ ਲੌ ਬਨਹਿਂ ਸੁਚੇਤ।
ਹੱਥਯਾਰਨ ਗਹਿ ਆਹਵ ਹੇਤੁ[1] ॥੨੬॥
ਬ੍ਰਿੰਦ ਮਸਾਲ ਜ੍ਵਲਤਿ ਗੁਰ ਆਗੇ।
ਗੁਰ ਸਿਖ ਗੁਰ ਦਰਸ਼ਨ ਅਨੁਰਾਗੇ।
ਬਰਤੀ ਦੇਗ਼ ਤਿਹਾਵਲ ਹੋਏ।
ਮਨ ਭਾਵਤਿ ਅਚਿ ਕਰਿ ਸਭਿ ਕੋਏ ॥੨੭॥
ਅਭਿਨੰਦਤਿ ਗੁਰ ਨੰਦਨ ਖਾਯੋ।
ਰਣ ਤੇ ਸ਼ਸਤ੍ਰਨਿ ਸਹਿਤ ਸੁਹਾਯੋ।
ਉਦੈ ਸਿੰਘ ਤਬਿ ਤਿਸਹਿ ਪ੍ਰਸ਼ੰਸੈ।
'ਰਣ ਮਹਿਂ ਗਾਢੇ ਸ਼ੱਤ੍ਰਨਿ ਧ੍ਵੰਸੈ[2]' ॥੨੮॥
ਸਿੰਘ ਸਥਿਰੇ ਮੋਰਚੇ ਮਹੀਆ।
ਤਿਨ ਹਿਤ ਗਈ ਦੇਗ਼ ਜਹਿਂ ਕਹੀਆ[3]।
'ਨਿਜ ਥਲ ਠਾਢੇ ਗਾਢੇ ਰਹੀਅਹਿ।
ਸੱਤਿਨਾਮ ਜਪੁ ਰਿਪੁ ਦਿਸ਼ਿ ਲਹੀਅਹਿ' ॥੨੯॥
ਇਮ ਸਤਿਗੁਰ ਸਭਿ ਸਿੰਘ ਸੰਭਾਰੇ।
ਮਰੇ ਜਿਤਿਕ ਆਛੇ ਸਸਕਾਰੇ।
ਪਰਮਗਤੀ ਕਹੁ ਪ੍ਰਾਪਤਿ ਕਰੇ।
ਗੁਰ ਹਿਤ ਸਮੁਖ ਜੰਗ ਪੁਨ ਮਰੇ ॥੩੦॥
ਇਸ ਤੇ ਪਰੇ ਲਾਭ ਕਯਾ ਅਹੈ।
ਜੋ ਪਰਲੋਕ ਸੁਧਾਰਨ ਚਹੈ।
ਦਰਸ਼ਨ ਕਰਿ ਕਰਿ ਭੋਜਨ ਖਾਏ।
ਬਹੁਰ ਮੋਰਚੇ ਸਿੰਘ ਸਿਧਾਏ ॥੩੧॥
ਕਸੇ ਤੁਫੰਗਨਿ ਆਧੇ ਖਰੇ।
ਆਧੇ ਨਿਸ ਅਰਾਮ ਕੋ ਕਰੇ।
ਭਯੋ ਖੇਤ ਬਿਕਰਾਲ ਬਿਸਾਲਾ।
ਕੂਕਤਿ ਮਿਲੇ ਬ੍ਰਿੰਦ ਸ਼੍ਰਿੰਗਾਲਾ ॥੩੨॥
ਬਹੁਤੇ ਸ੍ਵਾਨ ਪੁਕਾਰਤਿ ਫਿਰੈਂ।
ਸੂਰਨਿ ਆਮਿਖ[4] ਭੱਖਜਨ ਕਰੈਂ।

---

[1]ਜੰਗ ਦੇ ਵਾਸਤੇ [ਸੰਸ:, ਆਹਵ = ਯੁੱਧ]।
[2]ਨਾਸ਼ ਕੀਤੇ।
[3]ਜਿੱਥੇ ਕਿੱਥੇ ਸਨ।
[4]ਸੂਰਮਿਆਂ ਦਾ ਮਾਸ।

ਭੂਤਨਿ ਪ੍ਰੇਤਨਿ ਪਾਇ ਧਮਾਰ[੧]।
ਗਾਵਤਿ ਨਾਚਤਿ ਮੁਦਤਿ ਉਦਾਰ ॥੩੩॥
ਸਿਰ ਕੇ ਬਾਰਿ ਖਿੰਡਾਇ ਕਰਾਲੇ।
ਮਿਲੀ ਜੋਗਨੀ ਸ਼ਬਦ ਉਠਾਲੇ।
ਸੰਧਜਾ ਸਮੈ ਲਏ ਗਨ ਸਾਰੇ[੨]।
ਬਿਚਰਤਿ ਭੱਦ੍ਰ ਰੁੱਦ੍ਰ ਹੁਇ ਭਾਰੇ[੩] ॥੩੪॥
ਧੁਕ ਧੁਕ ਉਠੇ ਮਸਾਨ ਮਹਾਨੇ।
ਬੋਲਤਿ ਹੜ[੪] ਸੁਨੀਅਤਿ ਭੈ ਮਾਨੇ।
ਸ਼੍ਰੋਣਤ ਕੋ ਕਰਦਮ ਰਜ ਰਾਚਾ[੫]।
ਕਿਤ ਕਿਤ ਘਾਇਲ ਹਾਇ ਉਬਾਚਾ ॥੩੫॥
ਮਰੇ ਤੁਰੰਗਮ ਧਰਨੀ ਪਰੇ।
ਪਲ ਭੱਖੀ ਪਰ ਭੱਖਨਿ ਕਰੇ[੬]।
ਜੁਦੇ ਮੁੰਡ ਕਹੂੰ ਰੁੰਡ ਕਰਾਲੇ।
ਖੜਗ ਸਮੇਤ ਹਾਥ ਕਟਿ ਡਾਲੇ ॥੩੬॥
ਕਹੂੰ ਚਰਨ ਕਹੂੰ ਜੰਘ ਕਟੇ ਹੈਂ।
ਕਿਤ ਕਟਾਰ ਸਨ ਪੇਟ ਫਟੇ ਹੈਂ[੭]।
ਘੋਰ ਦਰਸ਼ਨਾ[੮] ਧਰਨੀ ਹੋਇ।
ਦੇਖੀ ਜਾਇ ਨ ਕਾਇਰ ਜੋਇ ॥੩੭॥
ਸਿੰਘ ਮੋਰਚੇ ਥਿਰੇ ਜੁ ਜਿਤੇ।
ਵਾਹਿਗੁਰੂ ਜੀ ਕੀ ਕਹਿਂ ਫਤੇ।
ਗਰਜਿ ਗਰਜਿ ਕਰਿ ਦੂਰ ਸੁਨਾਵੈਂ।
ਬਿਜੈ ਆਪਨੀ ਸਭਿਨਿ ਸੁਨਾਵੈਂ ॥੩੮॥
ਇਸ ਬਿਧਿ ਬਿਤੀ ਖਾਲਸੇ ਮਾਂਹੀ।
ਮਰੇ ਸੁ ਮਰੇ ਸ਼ੋਕ ਕਛੁ ਨਾਂਹੀ।
ਹੋਤਿ ਭੋਰ ਧਾਰੇ ਉਤਸਾਹਾ।

---

[੧]ਨਾਚ, ਲੁੱਡੀ।
[੨]ਸਾਰੇ ਗੁਣ।
[੩]ਸ਼ਿਵਜੀ ਭਾਰੇ ਭਿਆਨਕ ਹੋਕੇ ਫਿਰਦੇ ਹਨ। [ਭੱਦ੍ਰ = ਸ਼ਿਵ। ਰੁੱਦ੍ਰ = ਭਿਆਨਕ]।
[੪]ਹੱਸਣ ਦੀ ਆਵਾਜ਼।
[੫]ਮਿੱਟੀ ਵਿਚ ਲਹੂ ਰਚਕੇ ਚਿੱਕੜ ਹੋ ਰਿਹਾ ਹੈ।
[੬]ਮਾਸ ਅਹਾਰੀ ਮਾਸ ਖਾਂਦੇ ਹਨ।
[੭]ਕਿਤੇ ਕਟਾਰਾਂ ਨਾਲ ਪੇਟ ਪਾੜੇ ਪਏ ਹਨ।
[੮]ਭਿਆਨਕ ਦਿੱਸਣ ਵਾਲੀ।

ਹਤਹਿਂ ਰਿਪੁਨਿ ਕੌ ਸੰਘਰ ਮਾਂਹਾ ॥੩੯॥
ਅਬਿ ਪਹਾਰੀਅਨਿ ਕੀ ਬਡ ਸੈਨਾ।
ਕਹੌਂ ਕਥਾ ਬੀਤੀ ਜਿਮ ਰੈਨਾ।
ਗਿਰਪਤਿ ਅਰੁ ਗਿਰ ਨਰ ਸਮੁਦਾਯਾ।
ਕਿਤਿਕ ਪ੍ਰਜਾ ਅਰੁ ਸੁਭਟ ਲਰਾਯਾ[1] ॥੪੦॥
ਦੋਹਰਾ: ਲਾਜ ਸ਼ੋਕ ਸਭਿ ਮਹਿਂ ਭਯੋ, ਚਿੰਤਾ ਰਿਦੈ ਉਪਾਇ।
ਸੁਨਹੁ ਬਾਰਤਾ ਤਿਨਹੁਂ ਕੀ, ਗਨ ਸ਼੍ਰੋਤਾ ਚਿਤ ਲਾਇ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥੧੬॥

[1]ਕਿੰਨੀ ਕੁ ਪਰਜਾ ਤੇ ਕਿੰਨੇ ਕੁ ਸੂਰਮੇ ਲੜਾਏ।

## ੧੭. [ਪਹਾੜੀਆਂ ਦੀਆਂ ਰਾਤੀਂ ਸਲਾਹਾਂ]

੧੬<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੧੮

ਦੋਹਰਾ: ਭੀਮਚੰਦ ਬਿਨ ਅਨੰਦ ਕੇ, ਦੇਖਿ ਰਹ੍ਯੋ ਬਿਸਮਾਇ।
-ਬੀਰ ਹਜ਼ਾਰਹੁਂ ਪਚ ਰਹੇ, ਲੋਥ ਨਹੀਂ ਕਿਮ ਲਜਾਇ ॥੧॥
ਚੌਪਈ: ਅਲਪ ਖਾਲਸਾ ਅਰ੍ਯੋ ਲਹ੍ਯੋ ਹੈ[1]।
ਬਹੁਤ ਹਮਾਰੀ ਦਿਸ਼ਾ ਰਹ੍ਯੋ ਹੈ[2]।
ਪਚਿ ਪਚਿ ਰਹੇ ਹੇਲ ਕੋ ਡਾਲਤਿ।
ਅਨਿਕ ਪ੍ਰਕਾਰਨ ਕੇ ਬਲ ਘਾਲਤਿ ॥੨॥
ਨਹੀਂ ਕਿਸਹੁਂ ਨੇ ਸਿੰਘ ਹਲਾਏ।
ਗਾਡ ਨਿਸ਼ਾਨ ਥਿਰੇ ਜਿਸ ਥਾਏਂ।
ਕਿਮ ਇਹ[3] ਲਰਤੇ ਤਹਾਂ ਨਰਨ ਮੈ[4]-।
ਇਮ ਸੋਚਤਿ ਗਿਰਪਤਿ ਬਹੁ ਮਨ ਮੈਂ ॥੩॥
ਹਟੀ ਚਮੂੰ ਲਰਿਬੇ ਪਿਛਵਾਈ।
ਆਇ ਸਿਵਰ ਘਾਲ੍ਯੋ[5] ਗਿਰਰਾਈ।
ਮਰੇ ਪਰੇ ਸੋ ਖੇਤ ਰਹੇ ਹੈਂ।
ਜੋ ਘਾਇਲ ਸੰਭਾਲ ਲਏ ਹੈਂ ॥੪॥
ਥਕਤਿ ਸੂਰਮੇ ਸਕਲ ਤੁਰੰਗਨਿ।
ਮੁਰਝਾਨੇ ਮੁਖ ਸਿਥਲੇ ਅੰਗਨਿ।
ਬਿਨ ਉਤਸਾਹ ਸ਼ੋਕ ਮੈਂ ਕੇਤੇ।
ਸਨਬੰਧੀ ਹਤਿ ਘਾਲ੍ਯੋ ਜੇਤੇ[6] ॥੫॥
ਮੰਤ੍ਰੀ ਅਪਰ ਜਿਤਿਕ ਥੇ ਸਜਾਨੇ।
ਹੋਤਿ ਸਮੀਪ ਸਕਲ ਸਨਮਾਨੇ।
ਨਿਜ ਵਜ਼ੀਰ ਕੋ ਨਿਕਟ ਬਿਠਾਰਾ।
ਜ੍ਵਲਤਿ ਮਸਾਲ ਖਰੇ ਗਨ ਝਾਰਾ[7] ॥੬॥
ਆਇ ਕੇਸਰੀਚੰਦ ਹੰਡੂਰੀ।
ਭੂਪ ਕਟੋਚ ਆਦਿ ਬਿਧਿ ਰੂਰੀ।

---

[1]ਅੜਿਆ ਵੇਖਿਆ ਹੈ।
[2]ਸਾਡੇ ਵਲ ਬਹੁਤਾ (ਦਲ) ਹੈਗਾ ਸੀ।
[3]ਭਾਵ ਪਹਾੜੀ।
[4]ਭਾਵ ਸਿੰਘਾਂ ਵਿਚ।
[5]ਪਿਛੇ ਆ ਕੇ ਡੇਰਾ ਪਾਇਆ।
[6]ਜਿਨ੍ਹਾਂ ਦੇ ਸਨਬੰਧੀ ਮਾਰੇ ਗਏ ਸਨ।
[7]ਝਾਰ ਮਤਾਬੀ।

ਸਭਿ ਨਰਿੰਦ੍ਰ ਬੈਠੇ ਜਬਿ ਆਇ।
ਤਿਨ ਕੇ ਜੋ ਬਜੀਰ ਸਮੁਦਾਇ ॥੭॥
ਭੀਮਚੰਦ ਤਬਿ ਬਾਕ ਬਖਾਨੇ।
'ਸੁਨਹੁ ਸ਼੍ਰੋਨ ਦੇ ਤੁਮ ਸਭਿ ਸਜਾਨੇ।
ਆਜ ਪਰੀ ਜਿਸ ਭਾਂਤਿ ਲਰਾਈ।
ਕਿਤਿਕ ਦਿਵਸ ਮਹਿਂ ਦਲ ਖਪ ਜਾਈ[1] ॥੮॥
ਜੋਧਾ ਮਰੇ ਹਜ਼ਾਰਹੁਂ ਲਰਿ ਲਰਿ।
ਲੋਥ ਹੇਤੁ ਬਹੁ ਹੇਲਾ ਕਰਿ ਕਰਿ।
ਅਰਜੋ ਖਾਲਸਾ ਧੀਰਜ ਧਰਿ ਧਰਿ।
ਛੋਰਤਿ ਜ੍ਵਾਲਾਬਮਣੀ ਭਰਿ ਭਰਿ' ॥੯॥
ਸੁਨਤਿ ਕਟੋਚ ਹੰਡੂਰੀ ਬੋਲਾ।
'ਪ੍ਰਥਮ ਜੰਗ ਲਰ ਸਭਿ ਨੇ ਤੋਲਾ[2]।
ਅਬਿ ਜਿਮ ਬਾਂਛਾ ਤਿਮ ਹੀ ਕਰੀਅਹਿ।
ਬਾਧ ਘਾਟ ਸਭਿ ਘਾਤ ਬਿਚਰੀਅਹਿ' ॥੧੦॥
ਮੰਡਸਪਤੀ ਨਰਿੰਦ੍ਰ ਬਖਾਨਾ।
'ਇਹ ਗੁਰੂਅਨਿ ਕੋ ਸਦਨ ਮਹਾਂਨਾ।
ਨਹਿਂ ਸਮਾਨਤਾ ਕਿਸ ਤੇ ਹੋਇ।
ਇਨ ਸੋਂ ਮਿਲਿਨਿ ਨੀਕ ਹ੍ਵੈ ਸੋਇ ॥੧੧॥
ਕਰਾਮਾਤ ਸਾਹਿਬ ਬਲਵੰਤੇ।
ਤੁਰਤ ਬਨਾਵਹਿਂ ਜਥਾ ਚਹੰਤੇ।
ਬਿਦਤ ਮਹਿਦ ਸ਼੍ਰੀ ਨਾਨਕ ਗਾਦੀ।
ਨਹਿਂ ਪੂਰਾ ਉਤਰਹਿ ਕੋ ਬਾਦੀ- ॥੧੨॥
ਸੁਨਿ ਹੰਡੂਰੀਏ ਗਿਰਾ ਉਚਾਰੀ।
'ਰਾਜ ਕਾਜ ਕੀ ਬਾਤ ਨਿਆਰੀ।
ਇਸ ਮਹਿਂ ਪਿਤਾ ਪੂਤ ਬਿਗਰੰਤੇ।
ਜੋ ਅਤਿ ਪ੍ਰਿਯ ਸੋ ਸ਼ੱਤ੍ਰ ਬਨੰਤੇ ॥੧੩॥
[3]ਜੌਂ ਤਜਿ ਰਾਜ ਸਾਧ ਬਨਿ ਜੈ ਹੈਂ।
ਤੌਂ ਅਸ ਬਾਤਿ ਬਿਚਾਰਨ ਕੈ ਹੈਂ[1]।
ਗੁਰੂ ਸ਼ੱਤ੍ਰ ਬਨ ਗਯੋ ਹਮਾਰਾ।

---

[1]ਕਿੰਨਿਆਂ ਕੁ ਦਿਨਾਂ ਵਿਚ (ਸਾਡਾ) ਦਲ ਖਪ ਹੀ ਜਾਏਗਾ।
[2](ਅਜ) ਪਹਿਲਾ ਜੰਗ ਲੜਕੇ ਸਾਰਿਆਂ ਨੇ (ਗੁਰੂ ਜੀ ਦੇ ਬਲ ਨੂੰ) ਤੋਲ ਲਿਆ ਹੈ।
[3]ਜੇ ਰਾਜ ਛਡਕੇ ਸਾਧ ਬਣਨਾ ਹੋਵੇ ਤਾਂ ਐਸੀ ਗਲ ਵਿਚਾਰ ਸਕਦੇ ਹਾਂ।

ਕਰਹੁ ਲਰਨ ਤੇ ਕਿਮ ਹੁਇ ਟਾਰਾ?' ॥੧੪॥
ਸੁਨਿ ਜਸਵਾਰ ਕੇਸਰੀ ਚੰਦ।
ਬੋਲ੍ਯੋ ਸਭਿ ਮਹਿਂ ਗਰਬ ਬਿਲੰਦ।
'ਕਹਾਂ ਸਿੰਘ ਹੈਂ ਹਮਹੁਂ ਅਗਾਰੀ।
ਠਹਿਰ ਨ ਸਕਹਿਂ ਪਰੀ ਜਬਿ ਮਾਰੀ ॥੧੫॥
ਕਹਾਂ ਭਏ ਪੂਰਬ ਅਰ ਰਹੈ।
ਦਾਵ ਲਰਨਿ ਕੋ ਸੈਨ ਨ ਲਹੈ।
ਹੋਇ ਪ੍ਰਾਤਿ ਕੇ ਮੰਡਹੁ ਜੰਗ।
ਪਰਹੁ ਹੇਲ ਕਰਿ ਸਭਿ ਇਕ ਸੰਗ ॥੧੬॥
ਕਬਿ ਲੌ ਲਰਹਿ ਖਾਲਸਾ ਜੋਈ।
ਦਰਬ ਦੇਸ਼ ਕੋ ਰਾਜ ਨ ਕੋਈ।
ਤੁਮ ਸਮਰਥ ਧਨ ਰਾਜ ਮਝਾਰੇ।
ਕਿਮ ਅਨੰਦਪੁਰਿ ਬਸਹਿਂ ਸੁਖਾਰੇ' ॥੧੭॥
ਭੀਮਚੰਦ ਸੁਨਿ ਸਭਿ ਤੇ ਕਹੈ।
'ਭੋ ਜਸੁਵਾਰ! ਇਸੀ ਬਿਧਿ ਅਹੈ।
ਤਊ ਦੇਖਿਯੇ ਲੇਹੁ ਬਿਚਾਰੀ।
ਪੈਂਡ ਖਾਨ ਆਯੋ ਬਲ ਭਾਰੀ ॥੧੮॥
ਜਿਮ ਮਾਰ੍ਯੋ ਦਲ ਗਯੋ ਪਲਾਈ।
ਦਸ ਹਜ਼ਾਰ ਭਟ ਹਯ ਸਮੁਦਾਈ।
ਹੇਰਿ ਆਜ ਕੋ ਜੰਗ ਹਿਰਾਸਾ[1]।
ਲਸ਼ਕਰ ਭਯੋ ਕਿਤੇਕ ਬਿਨਾਸ਼ਾ' ॥੧੯॥
ਕਹਿਲੂਰੀ ਕੋ ਏਕ ਵਜ਼ੀਰ।
ਬੋਲ੍ਯੋ ਹਾਥ ਬੰਦਿ ਜੁਤਿ ਧੀਰ।
'ਅਬਿ ਗਿਰਪਤ ਤੁਮ ਸਭਿ ਚਢਿ ਆਏ।
ਲਰਹਿਂ ਨਹੀਂ ਇਹੁ ਕਿਮ ਬਨਿ ਆਏ?' ॥੨੦॥
ਇਸੀ ਪ੍ਰਕਾਰ ਧਰਮ ਛੱਤ੍ਰੀਨ।
ਪੂਰਬ ਸੁਨੇ, ਜਥਾ ਸਭਿ ਕੀਨਿ।
ਇਸ ਅਵਨੀ ਹਿਤ ਲਰਿ ਮਰਿ ਗਏ।
ਜੀਤ ਪਾਇ ਸੁਖ ਭੋਗਤਿ ਭਏ ॥੨੧॥
ਕੈ ਪ੍ਰਮੋਦ ਸੁਰਪੁਰਿ ਕੋ ਪਾਯੋ।
ਜਗਤ ਬਿਖੈ ਜੋਧਾ ਜਸੁ ਛਾਯੋ।

---

[1](ਮੈਂ) ਡਰ ਗਿਆ ਹਾਂ।

ਲਰਨ ਮਰਨ ਅਰੁ ਸਾਕੇ ਕਰਨੇ[੧]।
ਇਹੀ ਕਾਮ ਰਾਜਨ ਕੇ ਬਰਨੇ' ॥੨੨॥
ਸਭਿ ਤੇ ਸੁਨਿ ਕੈ ਨ੍ਰਿਪ ਕਹਿਲੂਰੀ।
ਬੋਲ੍ਯੋ ਸੁਨ੍ਯੋ[੨] ਨੀਤ ਜਿਮ ਰੂਰੀ।
'ਹੋਤਿ ਪ੍ਰਾਤਿ ਘੇਰਾ ਦਿਹੁ ਡਾਲਾ।
ਚਹੁਂਦਿਸ਼ਿ ਉਤਰਹਿਂ ਸਦਲ ਨ੍ਰਿਪਾਲਾ ॥੨੩॥
ਅੰਨ ਆਦਿ ਨਹਿਂ ਦੇਉ ਪ੍ਰਵੇਸ਼ਨ।
ਸਾਵਧਾਨ ਬਨਿ ਸਰਬ ਗਿਰੇਸ਼ੁਨਿ।
ਅਨੰਦਪੁਰੇ ਮਹਿਂ ਪ੍ਰਵਿਸ਼ਹਿ[੩] ਜਬੈ।
ਨਿਕਟ ਲਗਾਇ ਮੋਰਚੇ ਸਬੈ ॥੨੪॥
ਕਰਹੁ ਤੰਗ ਨਿਤ ਕਰਿ ਕਰਿ ਜੰਗ।
ਬਿਚਰਤਿ ਹਤਹੁ ਤੁਫੰਗਨਿ ਸੰਗ।
ਜਿਤ ਕਿਤ ਤੇ ਘੇਰਹੁ ਬਰਿਆਈ।
ਪ੍ਰਵਿਸ਼ਨ ਨਿਕਸਨ ਕੋ ਨਹਿਂ ਪਾਈ[੪] ॥੨੫॥
ਇਮ ਸਲਾਹ ਆਵਤਿ ਮੁਝ ਮਨ ਮੈਂ।
ਹਤੇ ਨ ਜਾਹਿਂ ਸਿੰਘ ਕਿਮ ਰਨ ਮੈਂ।'
ਸਭਿਹਿਨਿ ਸੁਨਿ ਕੈ ਮਸਲਤ ਐਸੀ।
ਮਾਨੀ ਗਿਰਈਸ਼ੁਨਿ ਤਬਿ ਤੈਸੀ ॥੨੬॥
ਨਿਜ ਨਿਜ ਸਿਵਰ ਗਏ ਸਹਿ ਚਿੰਤਾ।
-ਗੁਰੂ ਨ ਹਾਰਤਿ ਲਰਤਿ ਕਦੰਤਾ[੫]-।
ਤ੍ਰਾਸ ਮਾਨਿ ਆਧੇ ਸਵਧਾਨਾ।
ਖਰੇ ਰਹੇ ਗਹਿ ਆਯੁਧ ਪਾਨਾ ॥੨੭॥
ਅਰਧਨ ਪਰਿ[੬] ਕੀਨਸਿ ਬਿਸਰਾਮੂ।
ਖਾਨ ਪਾਨ ਕਰਿ ਧਾਰਿ ਅਰਾਮੂ।
ਸਭਿਨਿ ਜਾਮਨੀ ਡਰਤਿ ਬਿਤਾਈ।
ਛੋਰਤਿ ਰਹੇ ਤੁਪਕ ਨਿਜ ਥਾਈਂ ॥੨੮॥
ਬੀਤੀ ਰਾਤਿ ਪ੍ਰਾਤਿ ਪੁਨ ਭਈ।

---

[੧]ਭਾਵ ਜੰਗ ਕਰਨੇ।
[੨]ਸੁਣਕੇ ਬੋਲਿਆ।
[੩](ਖਾਲਸਾ) ਵੜੇ।
[੪]ਕੋਈ ਨਾ ਪਾਵੇ।
[੫]ਲੜਦਿਆਂ ਕਦੇ ਬੀ।
[੬]ਅੱਧਿਆਂ ਨੇ ਪੈਕੇ ਭਾਵ ਸੌਂਕੇ।

ਪੂਰਬ ਦਿਸ਼ਿ ਪੀਅਰੀ ਪਰ ਗਈ[੧]।
ਸੌਚ ਸ਼ਨਾਨ ਦੁਹਨ ਦਿਸ਼ਿ ਕੀਨੇ।
ਬਸਤ੍ਰ ਸ਼ਸਤ੍ਰ ਤਨ ਧਾਰਿ ਸਭੀ ਨੇ ॥੨੯॥
ਨਿਜ ਨਿਜ ਥਾਨ ਬਨੇ ਸਵਧਾਨਾ।
ਦੁੰਦਭਿ ਬਾਜੇ ਅਲਪ ਮਹਾਨਾ[੨]।
ਸੰਖ ਘਨੇ ਸ਼ਹਿਨਾਇ ਨਫੀਰਨ[੩]।
ਬਡੇ ਢੋਲ ਉਤਸਾਹਿਤ ਬੀਰਨ[੪] ॥੩੦॥
ਚਢੀ ਚਮੂੰ ਸਭਿ ਰਾਜਨ ਕੇਰੀ।
ਹ੍ਵੈ ਨ ਸਕਹਿ ਆਨੰਦਪੁਰ ਹੇਰੀ[੫]।
ਦੂਰਿ ਦੂਰਿ ਲਗ ਪਸਰੀ ਘਨੀ।
ਘੇਰਨਿ ਕੋ ਡੇਰੇ ਕਰਿ ਅਨੀ ॥੩੧॥
ਤਬਿ ਸਤਿਗੁਰ ਜੰਜੈਲ[੬] ਚਲਾਈ।
ਬਾਘਨ[੭] ਤੋਪ ਤੁੰਗ ਥਿਰ ਥਾਂਈ।
ਗਨ ਲਮਛੜਾਂ[੮] ਸਿਪਾਹਨ ਧਰਿ ਧਰਿ[੯]।
ਤਕਿ ਤਕਿ ਸਿਵਰ[੧੦] ਹਤੀ ਭਰਿ ਭਰਿ ॥੩੨॥
ਦੂਰਿ ਦੂਰਿ ਲਗਿ ਮਾਰਿ ਹਟਾਏ।
ਲੇ ਲੇ ਓਟ ਥਿਰੇ ਸਮੁਦਾਏ।
ਭਯੋ ਖਾਲਸਾ ਤਜਾਰ ਲਰਾਈ।
ਸਹਿ ਨ ਸਕਹਿ ਰਿਪੁ ਕੀ ਬਰਿਆਈ[੧੧] ॥੩੩॥
ਠੌਰ ਠੌਰ ਚਾਰਹੁਂ ਦਿਸ਼ਿ ਹੋਏ।
ਥਿਰੇ ਮੋਰਚਨਿ ਮਹਿਂ ਸਭਿ ਕੋਏ।
ਲਗੀ ਤੁਫੰਗੈਂ ਤੜਭੜ ਛੂਟਨ।
ਸਿਰ ਛਾਤੀ ਗਨ ਸੁਭਟਨਿ ਫੂਟਨ ॥੩੪॥

---

[੧]ਪੂਰਬ ਦੀ ਦਿਸ਼ਾ ਪੀਲੀ ਹੋ ਆਈ।
[੨]ਛੋਟੇ ਵੱਡੇ।
[੩]ਸਰਨਾਵਾਂ, ਨਫੀਰੀਆਂ।
[੪]ਸੂਰਮਿਆਂ ਨੂੰ ਉਤਸਾਹ ਦੇਣ ਵਾਲੇ।
[੫]ਅਨੰਦਪੁਰ ਦਿਖਾਈ ਨਹੀਂ ਦਿੰਦਾ।
[੬]ਇਕ ਤਰ੍ਹਾਂ ਦੀ ਵਡੀ ਲੰਮੀ ਤੇ ਵਜ਼ਨਦਾਰ ਬੰਦੂਕ ਜਿਸ ਦੀ ਮਾਰ ਬਹੁਤ ਦੂਰ ਤਕ ਹੁੰਦੀ ਸੀ।
[੭]ਨਾਮ ਤੋਪ ਦਾ।
[੮]ਲੰਮੀ ਨਾਲੀ ਵਾਲੀ ਬੰਦੂਕ ਜਿਸ ਦੀ ਮਾਰ ਆਮ ਬੰਦੂਕਾਂ ਨਾਲੋਂ ਵਧੇਰੇ ਦੂਰ ਤਕ ਹੁੰਦੀ ਸੀ।
[੯]ਸੂਰਮਿਆਂ ਨੇ ਫੜ ਫੜ ਕੇ।
[੧੦]ਡੇਰਿਆਂ ਨੂੰ।
[੧੧]ਜ਼ੋਰਾਵਰੀ।

ਲੈ ਲੈ ਆਡ[੧] ਥਿਰੇ ਤਕ ਮਾਰਹਿਂ।
ਸੁਭਟ ਤੁਰੰਗ ਭੂਮ ਪਰ ਡਾਰਹਿਂ।
ਡਾਰਹਿਂ ਪੁਨ ਬਾਰੂਦ ਉਤਾਲੇ।
ਗੁਲਕਾਂ ਠੋਕਿ ਠੋਕਿ ਗਜ ਨਾਲੇ ॥੩੫॥
ਪਸਰ ਗਈ ਚਹੁਂ ਦਿਸ਼ਨਿ ਲਰਾਈ।
ਦਸਤਰਵਾਂ ਕਰਿ ਸ਼ਿਸਤ[੨] ਲਗਾਈ।
ਬਿਚਰਹਿ ਹਯ ਕੈ[੩] ਜੋਧ ਪਦਾਂਤੀ[੪]।
ਡਾਂਭਹਿ ਤੋੜਾ ਤਤਛਿਨ ਘਾਤੀ[੫] ॥੩੬॥
ਰਾਖਹਿਂ ਦੂਰ ਬਰਜ ਕਰਿ ਅਰੀ।
ਤੋਪ ਜੰਜੈਲਨਿ ਮਾਰਨ ਕਰੀ।
ਕੇਤਿਕ ਚੜ੍ਹੇ ਸਊਰ ਪਹਾਰੀ।
ਉਤਰੇ ਦੂਰ ਜਾਇ ਡਰ ਧਾਰੀ ॥੩੭॥
ਆਗੇ ਲੈ ਲੈ[੬] ਢੁਕਹਿਂ ਪਦਾਤੀ।
ਗੁਲਕਾ ਫੋਰਹਿਂ ਤਿਨ ਕੀ ਛਾਤੀ।
ਲੋਟ ਪੋਟ ਹੁਇ ਗਿਰ ਗਿਰ ਪਰੈਂ।
ਦੂਸਰ ਨਹੀਂ ਆਇਬੋ ਕਰੈ ॥੩੮॥
ਬਜਹਿ ਬੰਦੂਕ ਦੁਤਰਫੀ ਘਨੀ।
ਆਡੇ ਲੈ ਲੈ[੭] ਲਰਤੀ ਅਨੀ।
ਗਿਰਿ ਕਰਿ ਮਰੇ ਸੈਂਕਰੇ ਸੂਰਾ।
ਤੜਫਤਿ ਘਾਇਲ ਮਿਲਿ ਮਿਲਿ ਧੂਰਾ ॥੩੯॥
ਚਹੁਂ ਦਿਸ਼ਿ ਮਹਿਂ ਬਹੁ ਮਾਰ ਮਚੀ ਹੈ।
ਜਹਿਂ ਕਹਿਂ ਸ਼੍ਰੋਣਤ ਧੂਲ ਰਚੀ ਹੈ।
ਹੈ ਹੈ ਮਾਰ ਮਾਰ ਕਰਿ ਧਾਵੈਂ।
ਸਨਮੁਖ ਹ੍ਵੈ ਹੈ, ਮੁਖ ਤੁਰਵਾਵੈ[੮] ॥੪੦॥
ਭਯੋ ਦੁਪਹਿਰਾ ਮਚਤਿ ਲਰਾਈ।

---

[੧]ਓਟ, ਆਸਰਾ।
[੨]ਸੇਧ।
[੩]ਘੋੜ ਸਵਾਰ।
[੪]ਪੈਦਲ ਸੂਰਮੇਂ।
[੫]ਮਾਰਦੇ ਹਨ।
[੬](ਆਪਣੇ) ਅਗੇ (ਕੋਈ ਓਟ) ਲੈ ਲੈਕੇ।
[੭]ਓਟਾਂ ਲੈ ਲੈਕੇ।
[੮]ਤੁੜਾਂਵਦੇ ਹਨ।

ਖਿਰੇ ਮੋਰਚਨਿ ਭਟ ਸਮੁਦਾਈ।
ਜ੍ਵਾਲਾਬਮਣੀ ਤਕਿ ਤਕਿ ਛੋਰਹਿਂ।
ਉਰ ਆਵਤਿ ਇਹੁ ਹਤਿ ਹਤਿ ਮੋਰਹਿਂ[1] ॥੪੧॥
ਪਸਰੀ ਸੈਨਾ ਰਾਜਨ ਕੇਰੀ।
ਜਨੁ ਸਮੁੰਦ੍ਰ ਉਛਲਜੋ ਇਸ ਬੇਰੀ।
ਚਹੁੰਦਿਸ਼ਿ ਪਸਰਜੋ ਜਲ ਸਮ ਢਰਿ ਢਰਿ।
ਬੀਚ ਅਨੰਦਪੁਰ ਟਾਪੂ ਸਮਸਰ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਸਪਤ ਦਸ਼ਮੋ ਅੰਸੂ ॥੧੭॥

---

[1]ਉਰੇ ਆਉਂਦਿਆਂ ਨੂੰ ਮਾਰ ਮਾਰਕੇ ਮੋੜਦੇ ਸਨ।

## ੧੮. [ਸਾਹਿਬ ਅਜੀਤ ਸਿੰਘ ਜੀ ਦਾ ਯੁੱਧ]

੧੭<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੧੯

ਦੋਹਰਾ: ਢਰੇ ਦੁਪਹਿਰੇ ਖਾਲਸੇ,
ਕੀਨਸਿ ਬਿਜੀਆ[੧] ਪਾਨ[*]।
ਸੌਚ ਸ਼ਨਾਨ ਮਹਾਨ ਕਰਿ,
ਭਏ ਸਕਲ ਸਵਧਾਨ ॥੧॥
ਚੌਪਈ: ਜਪੁਜੀ ਆਦਿ ਪਠਹਿਂ ਗੁਰਬਾਨੀ।
ਬੀਨਿ ਬੀਨਿ[੨] ਦਸਤਾਰ ਮਹਾਨੀ।
ਕੰਘਾ ਕਰਿ ਕਰਿ ਜੂੜ ਬਨਾਏ।
ਊਪਰ ਬਾਂਧਤਿ ਪਾਗ ਸੁਹਾਏ ॥੨॥
ਸ਼ਮਸ ਸੁਧਾਰਿ ਕਰਤਿ ਮੁਛ ਬੰਕੀ।
ਗੁਰ ਕੀ ਰਹਿਤ ਸਹਿਤ ਅਕਲੰਕੀ।
ਜ਼ੀਨ ਤੁਰੰਗਮ ਪਰ ਸਭਿ ਡਾਲੇ।
ਕਰਾਚੋਲ ਗੁਰ ਤੁਪਕ ਸੰਭ੍ਹਾਲੇ[੩] ॥੩॥
ਹੁਕਮ ਪਿਤਾ ਕੋ ਲੇ ਤਿਸ ਕਾਲੇ।
ਤਯਾਰ ਅਜੀਤ ਸਿੰਘ ਸਭਿ ਨਾਲੇ।
'ਪ੍ਰਭੁ ਜੀ! ਬਲ ਪ੍ਰਤਾਪ ਤੁਮ ਪਾਊਂ।
ਇਸ ਪ੍ਰਕਾਰ ਸੰਗ੍ਰਾਮ ਮਚਾਊਂ ॥੪॥
ਭੀਮ ਚੰਦ ਤੇ ਆਦਿ ਪਹਾਰੀ।
ਤਿਨ ਤੇ ਨਹਿਂ ਸੁਧਿ ਜਾਇ ਸੰਭਾਰੀ।
ਲਰਿਬੇ ਸ੍ਵਾਦ ਆਜ ਸੋ ਪਾਵੈ।
ਚਢਿ ਆਵਨਿ ਕੋ ਮਨਿ ਪਛੁਤਾਵੈ' ॥੫॥
ਪੁੱਤ੍ਰ ਬਾਕ ਕੋ ਸੁਨਤਿ ਅਨੰਦੇ।
ਸ਼ੱਤ੍ਰਨਿ ਬਨ ਕੋ ਅਗਨਿ ਮਨਿੰਦੇ।
'ਸਕਲ ਖਾਲਸੇ ਮਹਿਂ ਉਤਸਾਹੀ[੪]।
ਤੁਮਰੇ ਸਮ ਰਿਪੁ ਮੈਂ ਬਲ ਨਾਂਹੀ ॥੬॥
ਬਲ ਕਰਿਬੇ ਮਹਿਂ ਨਹਿਂ ਉਤਲਾਵਹੁ।
ਵਧਹੁ ਨ ਆਗੇ, ਜੰਗ ਮਚਾਵਹੁ।

---

[੧]ਸੁੱਖਾ।
[*]ਦੇਖੋ ਰਾਸਿ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।
[੨]ਚੁਣ ਚੁਣ ਕੇ।
[੩]ਭਾਰੀ ਤਲਵਾਰਾਂ ਤੇ ਬੰਦੂਕਾਂ ਸੰਭਾਲੀਆਂ।
[੪]੧...... ਵਿਚੋਂ ਉਤਸਾਹ ਵਾਲਾ।

ਚਤਰ ਘਟੀ ਬੀਤੇ ਹਟਿ ਆਵਹੁ।
ਸਿੰਘਨ ਬਰਜਿ[1] ਸੰਗ ਨਿਜ ਲ੍ਯਾਵਹੁ ॥੭॥
ਇਸ ਹੀ ਬਿਧਿ ਕੀ ਖੇਲ ਹਮਾਰੀ।
ਸਨੇ ਸਨੇ ਇਨ ਗਰਬ ਪ੍ਰਹਾਰੀ।
ਤੁਰਕਨਿ ਸੰਗ ਬਿਨਸ ਕਰਿ ਜਾਈ।
ਬਲੀ ਖਾਲਸਾ ਲੈ ਠਕੁਰਾਈ[2] ॥੮॥
ਇਹ ਕੁਛ ਲਰਤਿ ਨਹੀਂ ਅਬਿ ਜੋਵੈਂ[3]।
ਅਨੰਦ ਰਾਜ ਕੋ ਕੁਲ ਤੇ ਖੋਵੈਂ।'
ਇਮ ਕਹਿ ਪੁੱਤ੍ਰ ਲਰਨ ਕੇ ਹੇਤੁ।
ਪਠਯੋ ਪ੍ਰਭੁ ਕਰਿ ਭਲੇ ਸੁਚੇਤ ॥੯॥
ਮੁਕਤਾ ਜਰੇ ਨਿਖੰਗ ਸੁਹਾਯੋ।
ਲਿਯੋ ਦਾਸ ਤੇ ਗਰ ਮਹਿਂ ਪਾਯੋ[4]।
ਖੜਗ ਪ੍ਰਥਮ ਹੀ ਥੋ ਗਰ ਪਰਯੋ।
ਊਪਰ ਦੁਪਟਾ ਐਂਚਨਿ ਕਰਯੋ[5] ॥੧੦॥
ਜਰੇ ਜਵਾਹਰ ਜ਼ਾਹਰ ਜੋਤਿ।
ਅੰਗ ਬਿਭੂਖਨ ਸ਼ੋਭਾ ਹੋਤਿ।
ਕੰਚਨ ਫੂਲ ਸਿਪਰ ਕੌਂ ਜਰੇ।
ਧਰਿ ਸਿਕੰਧ ਪਰ, ਸ਼ੋਭਯੋ ਖਰੇ[6] ॥੧੧॥
ਕਠਨ ਕੁਦੰਡ ਹਾਥ ਮਹਿਂ ਲੈ ਕੈ।
ਪਿਤਾ ਗੁਰੂ ਕੋ ਬੰਦਨ ਕੈ ਕੈ।
ਨਿਕਸਿ ਵਹਿਰ ਹਯ ਕੋ ਮੰਗਵਾਯੋ।
ਕਰਿ ਪ੍ਰਦੱਛਨਾ ਊਪਰ ਆਯੋ ॥੧੨॥
ਪਰੀ ਦੁਚੋਬੈਂ ਗਰਜਯੋ ਭਾਰਾ।
ਊਚੀ ਧੁਨ ਰਣਜੀਤ ਨਗਾਰਾ।
ਗੁਰ ਸੁਤ ਸੰਗ ਖਾਲਸਾ ਚਢ੍ਯੋ।
ਸ਼ੱਤ੍ਰ ਹਤਨ ਪਰ ਚਾਵ ਸੁ ਬਢ੍ਯੋ ॥੧੩॥
ਕਸਿ ਕਸਿ ਤੁਪਕਨਿ ਪਾਇ ਦੁਗੋਰੀ।

---

[1]੨.... ਨੂੰ ਰੋਕਕੇ।
[2]ਪਾਤਸ਼ਾਹੀ।
[3]ਏਹ (= ਪਹਾੜੀਏ) ਹੁਣ ਕੁਛ ਲੜਦੇ ਨਹੀਂ ਦੀਹਦੇ।
[4]ਭਾਵ ਸਾਹਿਬਜ਼ਾਦੇ ਨੇ।
[5]ਖਿੱਚਕੇ (ਲੱਕ ਨਾਲ) ਕੱਸਿਆ ਦੁਪੱਟਾ।
[6]ਬਹੁਤਾ ਸ਼ੋਭਿਆ।

ਨਿਕਸੇ ਭੀਮਚੰਦ ਜਿਸ ਓਰੀ।
ਪੀਛੇ ਉਦੇ ਸਿੰਘ ਸੋਂ ਕਹ੍ਯੋ।
'ਜਾਤਿ ਅਜੀਤ ਸਿੰਘ ਰਣ ਚਹ੍ਯੋ[1] ॥੧੪॥
ਕਰਹੁ ਮੋਰਚਨਿ ਬਹੁ ਤਕਰਾਈ।
ਅਸਵਾਰਨਿ ਦਲ ਹ੍ਵੈ ਸਮੁਹਾਈ[2]।
ਏਕ ਤਮਾਂਚਾ ਰਣ ਕੋ ਮਾਰਹੁ।
ਸ਼ੱਤ੍ਰੂ ਸੈਂਕਰੇ ਹਤਿ ਕਰਿ ਡਾਰਹੁ ॥੧੫॥
ਪੁਨ ਹਟਿ ਆਵਹੁ ਲੈ ਕਰਿ ਫਤੇ।
ਹੇਰਹਿਂ ਗਿਰਪਤ ਨਿਜ ਭਟ ਹਤੇ।'
ਸੁਨਤਿ ਉਦੈ ਸਿੰਘ ਬੰਦਨ ਕਰੀ।
ਦਯਾ ਸਿੰਘ ਰਹਿ ਢਿਗ ਤਿਸ ਘਰੀ ॥੧੬॥
ਮੁਹਕਮ ਸਿੰਘ ਆਦਿ ਬਡ ਜੋਧਾ।
ਆਲਮ ਸਿੰਘ ਧਰੇ ਬਡ ਕ੍ਰੋਧਾ।
ਬੀਰ ਬਚਿੱਤ੍ਰ ਸਿੰਘ ਬਡ ਬਾਹੂ।
ਮਾਨ ਸਿੰਘ ਗਮਨ੍ਯੋ ਰਣ ਮਾਂਹੂ ॥੧੭॥
ਮੱਟੂ[3] ਸੇਵਾ ਸਿੰਘ ਮਝੈਲ[4]।
ਦੁਨੀਚੰਦ ਕੇ ਆਯਵ ਗੈਲ।
ਸਭਿ ਅਸਵਾਰ ਹੋਇ ਤਬਿ ਗਏ।
ਗੁਰ ਨੰਦਨ ਸੰਗ ਮਿਲਤੇ ਭਏ ॥੧੮॥
ਕਿਸੂ ਕਮਾਨ ਬਾਨ ਧਰਿ ਲੀਨਿ[5]।
ਤੋਮਰ ਬਰਛੀ ਸਾਂਗ ਨਵੀਨ।
ਨਿਕਸੇ ਆਨੰਦਪੁਰਿ ਕੋ ਛੋਰਿ।
ਗਮਨੇ ਸਿੰਘ ਪੰਚ ਸੈ ਘੋਰ[6] ॥੧੯॥
ਸੁਨ੍ਯੋਂ ਪਹਾਰੀ ਬਜ੍ਯੋ ਨਗਾਰਾ।
ਜ਼ੀਨ ਪਾਇ ਤਜਾਰੀ ਅਸਵਾਰਾ।
ਹੋਤਿ ਮੋਰਚਨਿ ਜੁਦੀ ਲਰਾਈ।
ਜਾਨ੍ਯੋ -ਇਤ ਸੈਨਾ ਕੁਛ ਆਈ- ॥੨੦॥

---

[1]ਚਾਹ ਕੇ।
[2]ਸਾਹਮਣੇ ਹੋਵੇ।
[3]ਜਟਾਂ ਦਾ ਇਕ ਗੋਤ।
[4]ਮਾਝੇ ਦਾ।
[5]ਫੜ ਲਿਆ।
[6]ਭਿਆਨਕ।

ਗਮਨੇ ਗਹੇ ਕਮਾਨ ਤੁਫੰਗ।
ਸਮੁਖ ਭਏ ਦ੍ਵੈ ਦਲ ਹਿਤ ਜੰਗ।
ਕਿਤੀ ਥਾਉਂ ਮਚ ਰਹੀ ਲਰਾਈ।
ਜ੍ਵਾਲਾਬਮਨੀ ਛੁਟਿ ਸਮੁਦਾਈ ॥੨੧॥
ਇਤੈ ਸਿੰਘ ਕਰਿ ਹੇਲਾ ਪਰੇ।
ਧਾਇ ਅਚਾਨਕ ਤਿਸ ਦਿਸ਼ਿ ਲਰੇ।
ਮਨਹੁੰ ਚੇਤ ਬਹਿ ਬਾਉ ਬਡੇਰਾ[1]।
ਸਿੰਘਨ ਕੋ ਦਲ ਜਲਧਰ ਪ੍ਰੇਰਾ[2] ॥੨੨॥
ਬਰਖਨ ਗੁਲਕਨਿ ਕਰਕਾ ਕੇਰੀ[3]।
ਪਰਬਤ ਲਰ ਕ੍ਰਿਖਿਪਾਕ ਘਨੇਰੀ[4]।
ਏਕ ਬਾਰ ਪਰਿ ਕਰੀ ਬਿਨਾਸਨ।
ਕਰਕੀ ਤੁਪਕਨਿ[5], ਬਾਨ ਸਰਾਸਨ[6] ॥੨੩॥
ਫੂਟੇ ਮੁੰਡ ਤੁੰਡ ਬਿਕਰਾਰੇ[7]।
ਸ਼੍ਰੋਣਤ ਛੂਟੇ ਮਨਹੁੰ ਪਨਾਰੇ।
ਭੀਮਚੰਦ ਕੋ ਦਲ ਸਮੁਹਾਯੋ।
ਦੁੰਦਭਿ ਢੋਲਨਿ ਬ੍ਰਿੰਦ ਬਜਾਯੋ ॥੨੪॥
ਤਜੇ ਅਜੀਤ ਸਿੰਘ ਤਬਿ ਤੀਰ।
ਬੀਧੇ[8] ਬੀਰਨਿ ਘਨੇ ਸਰੀਰ।
ਸੁਭਟ ਕਿ ਘੋਰਾ ਘੋਰ ਲਗੇ ਸਰ[9]।
ਗਿਰਤਿ ਪ੍ਰਿਥੀ ਪਰ ਪ੍ਰਾਨਨ ਪਰਹਰਿ ॥੨੫॥
ਬਹੁ ਚੰਚਲਤਾ ਕਰਹਿਂ ਚਲਾਵਨ।
ਭਾਥਾ ਮਹਿਂ ਹਾਥਹਿ ਕਰਿ ਪਾਵਨ[10]।
ਸਰ ਨਿਕਾਸਿ ਗੁਨ ਮਹਿਂ ਬਗਰਾਵਨ[11]।

---

[1](ਕ੍ਰੋਧ ਰੂਪੀ) ਦੇਤ ਦੀ ਵਡੀ ਵਾਯੂ ਨੇ ਵਗਕੇ।
[2]ਸਿੰਘਾਂ ਦੇ ਦਲ ਰੂਪੀ ਬਦਲਾਂ ਨੂੰ ਪ੍ਰੇਰਿਆ।
[3]ਗੋਲੀਆਂ ਦੀ ਬਰਖਾ ਗੜਿਆਂ ਦੀ (ਬਰਖਾ ਸਮਾਨ ਸੀ)।
[4]ਪਹਾੜੀਏ ਬਹੁਤੀ ਪੱਕੀ ਖੇਤੀ ਵਤ।
[5]ਬੰਦੂਕਾਂ ਕੜਕੀਆਂ ਭਾਵ ਚੱਲੀਆਂ।
[6]ਧਨੁਖਾਂ ਤੋਂ ਤੀਰ (ਦੱਲੇ ਜਿਨ੍ਹਾਂ ਨਾਲ.....)।
[7]ਭਿਆਨਕ।
[8]ਵਿੰਨ੍ਹੇ।
[9]ਜਿਸ ਨੂੰ ਲੱਗੇ ਭਿਆਨਕ ਤੀਰ।
[10]ਭੱਥੇ ਵਿਚ ਹੱਥ ਨੂੰ ਪਾ ਕਰਕੇ।
[11]ਚਿੱਲੇ ਵਿਚ ਜੋੜਦੇ ਹਨ।

ਐਂਚਿ ਕਾਨ ਸਨ ਪਾਨ ਲਗਾਵਨ[੧] ॥੨੬॥
ਤਕਿ ਸ਼ੱਤ੍ਰਨਿ ਕੇ ਅੰਗ ਲਗਾਵਨ।
ਜਾਨਜੋ ਪਰਹਿ ਨ ਗਨ ਕਿਯ ਘਾਵਨ[੨]।
ਚੰਚਲ ਬਾਜੀ ਕਰਨਿ ਕੁਦਾਵਨ।
ਬਿਚਰਤਿ ਰਿਪੁ ਕੋ ਵਾਰ ਬਚਾਵਨ ॥੨੭॥

ਨਰਾਜ ਛੰਦ: ਅਜੀਤ ਸਿੰਘ ਜੀਤ ਚਾਹਿ[੩], ਤੀਰ ਕੋ ਪ੍ਰਹਾਰਤੇ।
ਤੁਰੰਗ[੪]* ਏਕ ਸੰਗ ਸਿੰਘ, ਸੂਰਮੇ ਸੰਘਾਰਤੇ।
ਮਰੀ ਪਹਾਰ ਬਾਹਿਨੀ, ਬਿਸਾਲ ਸਾਮੁਹਾਇ ਕੈ।
ਸੁ ਏਕਬਾਰ ਗੋਰੀਯਾਂ, ਅਨੇਕ ਹੀ ਚਲਾਇ ਕੈ ॥੨੮॥
ਚਲੀ ਸੁ ਬੇਗ ਸ਼ੂੰਕਤੀ, ਲਗੀ ਤੁਰੰਗ[੫] ਆਇ ਕੈ।
ਗਿਰਜੋ ਸੁ ਜੰਗ ਖੇਤ ਮੈਂ, ਸੁ ਦੋਇ ਘਾਵ ਖਾਇ ਕੈ।
ਅਜੀਤ ਸਿੰਘ ਛੋਰਿ[੬], ਅੰਗ ਆਪਨੇ ਬਚਾਇ ਕੈ।
ਖਰੋ ਚਰੰਨ ਭਾਰ ਫੇਰ, ਬਾਨ ਕੋ ਚਲਾਇ ਕੈ ॥੨੯॥
ਪਹੂਚਿ ਕੈ ਸੁ ਦਾਸ, ਆਇ ਬਾਜ ਔਰ ਦੀਨਿਓਂ।
ਕਰੀ ਸ਼ਿਤਾਬ ਦੌਰਿ ਕੈ, ਰਕਾਬ ਪਾਇ ਲੀਨਿਓਂ।
ਅਰੋਹਿ ਤਾਤਕਾਲ ਹੀ, ਚਲਾਕ ਕੋ ਚਲਾਇ ਕੈ।
ਪ੍ਰਹਾਰ ਬਾਨ ਫੇਰ ਤਾਕਿ, ਤਾਕਿ ਸ਼ੱਤ੍ਰ ਘਾਇ ਕੈ ॥੩੦॥
ਸਮੂਹ ਸਿੰਘ ਅੱਗ੍ਰ ਹ੍ਵੈ, ਤੁਫੰਗ ਸੰਗ ਭੰਗਿ ਕੈ[੭]।
ਰਖੇ ਟਿਕਾਇ ਥਾਇ ਹੀ, ਵਧੇ ਨ ਸ਼ੱਤ੍ਰ ਜੰਗ ਕੈ।
ਨਿਸ਼ਾਨ ਮਾਨ ਸਿੰਘ ਲੈ, ਦਯੋ ਸੁ ਚੀਰ ਛੋਰਿ ਕੈ[੮]।
ਤ੍ਰਪਾਇ ਕੈ ਤੁਰੰਗ ਕੋ, ਚਹਤਿ ਹੇਲ ਦੌਰਿ ਕੈ ॥੩੧॥
ਪੁਕਾਰ ਮਾਰ ਮਾਰ ਕੋ, ਪਰੇ ਸੁ ਏਕ ਬਾਰ ਹੀ।

---

[੧]ਖਿੱਚਿਆਂ ਹਥ ਜਾ ਲਗਦੇ ਹਨ ਕੰਨ ਨੂੰ।
[੨]ਇੰਨੇ ਬਹੁਤੇ ਮਾਰੇ ਕਿ ਪਤਾ ਨਹੀਂ ਲੱਗਦਾ।
[੩]ਚਾਹੁੰਦੇ ਹੋਏ।
[੪]ਘੋੜਿਆਂ ਅਤੇ।
*ਪਾਠ ਅਸਲੀ 'ਤੁਫੰਗ' ਚਾਹੀਏ, ਲਿਖਾਰੀ ਦੀ ਕਲਮ ਉਕਾਈ ਤੋਂ 'ਤੁਰੰਗ' ਹੋ ਗਿਆ ਹੈ ਕਿਉਂਕਿ ਅਰਥ ਤੁਕ ਦਾ ਪ੍ਰਸੰਗਕ ਤੇ ਸੁਹਣਾ ਇਹ ਹੈ:- ਸੂਰਮੇਂ ਸਿੰਘ ਇਕੱਠੇ (ਇਕ ਬਾਰ ਹੀ) ਬੰਦੂਕਾਂ ਚਲਾਕੇ (ਦੁਸ਼ਮਨਾਂ ਨੂੰ) ਮਾਰਦੇ ਹਨ, ਕਿਉਂਕਿ ਪਹਿਲੇ ਦੱਸਿਆ ਹੈ ਕਿ ਸਾਹਿਬ ਅਜੀਤ ਸਿੰਘ ਜੀ ਤੀਰ ਚਲਾ ਰਹੇ ਹਨ, ਹੁਣ ਦੱਸਦੇ ਹਨ ਕਿ ਨਾਲ ਦੇ ਸਿੰਘ ਬੰਦੂਕਾਂ ਚਲਾ ਰਹੇ ਹਨ, ਉਸ ਸਮੇਂ ਤੀਰ ਛੇਤੀ ਚਲਦੇ ਸਨ, ਬੰਦੂਕ ਰਤਾ ਵਕਤ ਲੈਂਦੀ ਸੀ।
[੫](ਸਾਹਿਬਜ਼ਾਦੇ ਜੀ ਦੇ) ਘੋੜੇ ਨੂੰ।
[੬]ਛੱਡਕੇ (ਘੋੜੇ ਨੂੰ)।
[੭]ਮਾਰਕੇ।
[੮]ਝੰਡੇ ਦਾ ਫਰੈਰਾ ਖੋਹਲ ਦਿੱਤਾ।

ਬਜਾਇ ਜੰਗ ਜੀਤ ਕੋ, ਨਿਨਾਦ[1] ਕੈ ਉਚਾਰ ਹੀ।
ਕਰੰਤਿ ਰੇਲ ਪੇਲ ਕੋ, ਪ੍ਰਵੇਸ਼ ਹੋਇ ਸੂਰਮੇਂ।
ਤੁਫੰਗ ਤੀਰ ਮਾਰਿ ਕੈ, ਮਿਲਾਇ ਬੀਰ ਧੂਰ ਮੇਂ ॥੩੨॥
ਕ੍ਰਿਪਾਨ ਖੈਂਚਿ ਮਜਾਨ ਤੇ, ਕੜਾਕੜੀ ਮਚਾਇ ਕੈ।
ਬਿਹੰਡ ਰੁੰਡ ਮੁੰਡ ਤੁੰਡ, ਪੰਡੁ ਤੇ ਪਲਾਇ ਕੈ[2]।
ਪ੍ਰਚੰਡ ਹੀ ਘਮੰਡ ਪਾਇ, ਦੰਡ ਦੂਤ ਧਾਇ ਕੈ[3]।
ਕਟੰਤਿ ਕੰਠ ਕੰਧ ਬਾਹੁ, ਦੰਡ ਕੋ ਰਿਸਾਇ ਕੈ[4] ॥੩੩॥
ਬਿਲੋਕਿ ਬੀਰ ਖਾਲਸਾ, ਕ੍ਰਿਪਾਨ ਕੋ ਘਮੰਡ ਕੈ।
ਪਰੇ ਸੁ ਏਕਬਾਰ ਹੀ, ਅਨੇਕ ਹੂੰ ਬਿਹੰਡ ਕੈ[5]।
ਪ੍ਰਚੰਡ ਓਜ ਕੀਨਿ[6], ਤੁੰਡ ਮੋਰਿ ਕੈ ਰਿਪੂਨਿਓ[7]।
ਪਲਾਇ ਕੰਡ, ਦੇਖਿ ਬੀਰ ਧੀਰਜੰ ਕਿਸੂਨਯੋ[8] ॥੩੪॥
ਨਿਹਾਰਤੇ ਨ ਮੋਰਿ ਨੈਨ, ਤ੍ਰਾਸ ਕੈ ਬਿਸਾਲ ਤੇ[9]।
ਬਚੇ ਰਹੇ ਪਲਾਇ ਜੇ, ਅਰੇ ਸੁ ਮੇਲ ਕਾਲ ਤੇ[10]।
ਹੁਤੇ ਸੁ ਦੂਰ ਕੇਸਰੀ, ਬਿਲੋਕਿ ਸੂਰ ਭਾਜਿਤੇ[11]।
ਲਏ ਸਮੂਹ ਸੂਰਮੇ, ਮਿਲੇ[12] ਸੁ ਸਿੰਘ ਗਾਜਤੇ ॥੩੫॥
ਕੁਦੰਡ ਐਂਚਿ ਐਂਚਿ ਕੈ, ਪ੍ਰਹਾਰ ਬਾਨ ਕਾਲ ਕੋ[13]।
ਅਰਜੋ ਸੁ ਅੱਗ੍ਰ ਆਇ ਕੈ, ਹਜ਼ਾਰ ਜੋਧ ਨਾਲ ਕੋ[14]।
ਜਥਾ ਪ੍ਰਵਾਹ ਜਾਵਤੋ, ਗਿਰੀਨ ਤੇ ਸਥੀਤ ਹ੍ਵੈ[15]।

---

[1]ਸ਼ਬਦ [ਸੰਸ:, ਨਿਨਾਦ]।
[2]ਮੂੰਹ ਪੀਲੇ ਕਰਕੇ ਭੱਜ ਜਾਂਦੇ ਹਨ।
[3]ਵੈਰੀਆਂ ਨੂੰ ਭੱਜ ਕੇ (= ਧਾਵਾ ਕਰਕੇ) ਦੰਡ ਦਿਤਾ
[ਦੂਤ ਪਦ ਪੰਜਾਬੀ ਵਿਚ ਵੈਰੀ ਦਾ ਬੀ ਵਾਚਕ ਹੈ, ਸੁੱਖਾ ਸਿੰਘ ਜੀ ਦੇ ਗੁਰ ਬਿਲਾਸ ਵਿਚ ਇਹ ਪਦ ਦੁਸ਼ਮਨ ਅਰਥਾਂ ਵਿਚ ਵਰਤਿਆ ਹੈ]।
[4]ਕ੍ਰੋਧ ਨਾਲ ਕੰਠ, ਮੋਢੇ, ਬਾਹਾਂ ਨੂੰ ਕੱਟ ਦਿੱਤਾ।
[5]ਨਾਸ਼ ਕਰ ਦਿੱਤਾ।
[6]ਬਹੁਤਾ ਜ਼ੋਰ ਪਾਇਆ।
[7]ਵੈਰੀਆਂ ਦੇ ਮੂੰਹ ਮੋੜ ਦਿੱਤੇ।
[8](ਪਹਾੜੀਏ) ਪਿੱਠ ਦੇਕੇ ਭੱਜ ਉਠੇ, ਸੂਰਮਿਆਂ ਨੂੰ ਤੱਕਕੇ ਧੀਰਜ ਤੋਂ ਸ਼ੂੰਨ ਹੋ ਗਏ [ਕਿ+ਸੂਨਿਓ = ਕਿ ਸ਼ੂੰਨ ਹੋ ਗਏ ਧੀਰਜ ਤੋਂ। (ਅ) ਕਿਸੂ+ਨਯੋ = ਕਿਸੇ ਨੂੰ ਨਾ ਰਿਹਾ ਧੀਰਜ]।
[9]ਬਹੁਤੇ ਡਰ ਕਰਕੇ।
[10]ਮੌਤ ਵਿਚ ਮਿਲਾ ਦਿਤੇ।
[11]ਸੂਰਮੇਂ ਭਜਦੇ ਦੇਖਕੇ।
[12]ਆ ਮਿਲਿਆ ਗਜਦੇ ਸਿੰਘਾਂ ਨੂੰ।
[13]ਭਾਵ ਮਾਰੂ ਤੀਰ ਮਾਰਦਾ ਹੈ।
[14]ਜੋਧੇ ਨਾਲ ਲੈਕੇ।
[15]ਜਿਵੇਂ ਵਗਦਾ ਰੌ ਪਹਾੜ ਕਰਕੇ ਰੁਕ ਜਾਵੇ।

ਤਥਾ ਥਿਰੰਤਿ ਖਾਲਸਾ, ਚਹੰਤਿ ਚੀਤ ਜੀਤ ਹ੍ਵੈ[੧] ॥੩੬॥
ਰਿਪੂਨਿ ਕਾਟਿ ਸੈਂਕਰੇ, ਸਰੀਰ ਘਾਇ ਖਾਇ ਕੈ।
ਮੁਰੇ ਬਹੋਰ ਬੀਰ ਸਿੰਘ[੨], ਸ਼੍ਰੀ ਫਤੇ ਸੁ ਪਾਇ ਕੈ।
ਸਨੇ ਸਨੇ ਹਟੰਤਿ, ਘਾਇਲਾਨ[੩] ਕੋ ਸੰਭਾਰ ਕੈ।
ਥਿਰੇ ਸਥਾਨ ਆਪਨੇ, ਸਮੂਹ ਧੀਰ ਧਾਰਿ ਕੈ ॥੩੭॥
ਤੁਫੰਗ ਸੰਗ ਅੰਗ ਬਾਹੁ, ਭੰਗਿ ਕੈ ਬਿਸਾਲ ਹੀ।
ਕਈ ਹਜ਼ਾਰ ਓਰੜੇ, ਅਨੇਕ ਹੇਲ ਘਾਲ ਹੀ।
ਖਰੇ ਕਰੇ ਸੁਦੂਰ ਹੀ, ਪ੍ਰਹਾਰ ਗੋਰਿਯਾਂਨ ਕੋ[੪]।
ਸਮੀਪ ਹੋਇ ਪਾਇਂ ਨਾ[੫], ਪ੍ਰਹਾਰਯੋ ਪ੍ਰਹਾਨਿ ਕੋ[੬] ॥੩੮॥
ਮਚਯੋ ਸੁ ਜੁੱਧ ਕ੍ਰੁੱਧ ਕੈ, ਤੁਫੰਗ ਸੰਗ ਘਾਇਹੀ।
ਮਰੇ ਪਰੇ ਅਨੇਕ ਹੀ, ਲਹੂ ਪ੍ਰਵਾਹ ਜਾਇਹੀ।
ਸੁ ਭੂਤ ਪ੍ਰੇਤ ਜੋਗਨੀ, ਸ਼੍ਰਿੰਗਨ ਮਾਸ ਖਾਵਤੇ।
ਪੁਕਾਰ ਕਾਕ ਕੰਕਰੀ, ਕਰਾਲ ਹੀ ਸੁਨਾਵਤੇ ॥੩੯॥
ਤੁਰੰਗ ਅੰਗ ਭੰਗ ਤੇ, ਕਿਤੇਕ ਛੂਛ ਡੋਲਿਤੇ।
ਕਟੇ ਸਰੀਰ ਹਾਥ ਪਾਇ, ਕੋਇ ਦੀਨ ਬੋਲਤੇ।
ਬਿਹਾਲ ਹ੍ਵੈ ਬਿਸਾਲ ਹੀ, ਕਰਾਲ ਬੀਚ ਖੇਤ ਕੇ।
ਕਰਾਹਤੇ ਪੁਕਾਰਤੇ, ਮਰੰਤਿ ਸ੍ਵਾਮਿ ਹੇਤੁ ਕੇ[੭] ॥੪੦॥
ਲਰੰਤਿ ਏਵ ਰੀਤ ਸੌਂ[੮], ਪ੍ਰਕਾਸ਼ ਮੰਦ ਹੋਇਓ।
ਪ੍ਰਗੋਪ[੯] ਮਾਰਤੰਡ ਭਾ, ਭਯਾਨ ਸੰਝ ਸੋਇਓ[੧੦]।
ਫਿਰੰਤਿ ਰੁੱਦ੍ਰ ਰੁੱਦ੍ਰ ਬੇਖ[੧੧], ਸੰਗ ਲੇ ਗਣਾਨਿ ਕੋ।
ਟਿਕੇ ਸਮੂਹ ਸੂਰਮੇ, ਸਥਾਨ ਮੋਰਚਾਨ ਕੋ ॥੪੧॥
ਫਿਰੇ ਸੁ ਆਪ ਆਪ ਕੋ, ਸੰਭਾਲ ਘਾਇਲਾਨ ਕੋ।

---

[੧]ਤਿਵੇਂ ਚਿੱਤ ਵਿਚ ਖਾਲਸਾ ਜੀਤ ਨੂੰ ਚਾਹੁੰਦਾ ਹੋਯਾ ਰੁਕ ਗਿਆ।
[੨]ਸੂਰਮੇ ਸਿੰਘ।
[੩]ਜ਼ਖਮੀਆਂ।
[੪]ਗੋਲੀਆਂ ਚਲਾਕੇ।
[੫](ਵੈਰੀ) ਨੇੜੇ ਨਹੀਂ ਢੱਕ ਸਕਦੇ।
[੬]ਮਾਰਨ ਵਾਲਿਆਂ ਨੂੰ ਮਾਰਦੇ ਹਨ (ਸਿੰਘ)। ਪਰ ਜਾਪਦਾ ਹੈ ਕਿ ਸ਼ੁੱਧ ਪਾਠ ਸੀ 'ਪਹਾਰੀਏ ਪ੍ਰਹਾਨ ਕੋ' = ਪਹਾੜੀਏ ਮਾਰਨ ਲਈ ਨੇੜੇ ਹੋਣਾ ਨਹੀਂ ਪਾਉਂਦੇ।
[੭]ਸ੍ਵਾਮੀ ਵਾਸਤੇ।
[੮]ਇਉਂ ਲੜਦਿਆਂ।
[੯]ਛੁਪ ਗਿਆ।
[੧੦]ਭਿਆਨਕ ਸੰਝ ਹੋ ਆਈ।
[੧੧]ਸ਼ਿਵ ਭਿਆਨਕ ਰੂਪ ਵਿਚ ਫਿਰਦਾ ਹੈ।

ਬਿਲੋਕਿ ਭੀਮਚੰਦ, ਬ੍ਰਿੰਦ ਬੀਰ ਮ੍ਰਿਤਕਾਨ ਕੋ[1]।
ਸਚਿੰਤ ਸ਼ੋਕ ਧਾਰਤੋ, ਕਹੈ ਨ ਕਾਂਹੁ ਪਾਸ ਹੀ।
-ਲਰੈਂ ਜੁ ਏਵ ਨੀਤ ਹੀ, ਨ ਜੀਤ ਹੋਤਿ ਆਸ ਹੀ- ॥੪੨॥
ਕਰੇ ਇਕੱਤ੍ਰ ਆਨਿ ਕੈ, ਅੰਬਾਰ ਦੀਹ ਲਾਗਿਓ।
ਮੰਗਾਇ ਕਾਸ਼ਟਾਨ, ਤਾਤਕਾਲ ਦੀਨ ਦਾਗਿਓ।
ਬਿਸ਼ਾਲ ਸ਼ੋਕ ਧਾਰਿ ਕੈ, ਸਚਿੰਤ ਰਾਤ ਹੋਇ ਕੈ।
ਕਛੂਕ ਖਾਨ ਪਾਨ ਕੋ, ਰਹਯੋ ਪ੍ਰਯੰਕ ਸੋਇ ਕੈ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਜੰਗ ਪ੍ਰਸੰਗ' ਬਰਨਨੰ ਨਾਮ ਅਸ਼ਟ ਦਸਮੋ ਅੰਸੂ ॥੧੮॥

---

[1]ਮਾਰਿਆਂ ਗਿਆਂ ਨੂੰ।

## ੧੯. [ਜੰਗ-ਜਾਰੀ]

੧੮<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੨੦

ਦੋਹਰਾ: ਸ੍ਰੀ ਅਜੀਤ ਸਿੰਘ ਜੀਤ ਲੇ, ਘਾਯਲ ਸਕਲ ਸੰਭਾਲਿ।
ਪਿਤ ਸਮੀਪ ਆਵਤਿ ਭਏ, ਭਨਜੋਂ ਜੰਗ ਅਹਿਵਾਲ ॥੧॥
ਚੌਪਈ: ਉਦੇ ਸਿੰਘ ਆਲਮ ਸਿੰਘ ਦੋਊ।
ਕੁਛਕ ਘਾਇ ਖੈ ਕੇ ਤਨ ਸੋਊ[1]।
ਅਪਰ ਸਿੰਘ ਕੇਤਿਕ ਮਰਿ ਗਏ।
ਸੁਰਪਰਿ ਬਸੇ ਭੋਗ ਸੁਖ ਲਏ ॥੨॥
ਪਹੁੰਚੇ ਗੁਰ ਸੁਤ ਸੰਗ ਹਜ਼ੂਰ।
ਸ਼੍ਰੌਨਤ ਲਿਪਤ ਭਯੇ ਪਟ ਸੂਰ[2]।
ਆਲਮ ਸਿੰਘ ਭਨਜੋਂ ਅਹਿਵਾਲਾ।
'ਪ੍ਰਭੁ ਜੀ! ਸੰਘਰ ਭਯੋ ਬਿਸਾਲਾ ॥੩॥
ਸ੍ਰੀ ਅਜੀਤ ਸਿੰਘ ਕਰਜੋ ਘਮੰਡ[3]।
ਬਾਨ ਪ੍ਰਚੰਡ ਸੁ ਤੂਰਨ ਛੰਡਿ[4]।
ਬਿਚਰਤਿ ਸ਼ੱਤ੍ਰਨਿ ਮਹਿਂ ਧਰਿ ਧੀਰਜ।
ਹਤੇ ਬਹੁਤ ਕਰਿ ਕਰਿ ਨਿਜ ਬੀਰਜ[5] ॥੪॥
ਲਗੀ ਤੁਫੰਗ ਤੁਰੰਗਮ ਗਿਰਜੋ।
ਉਤਰਜੋ ਹੁਇ ਸੁਚੇਤ ਤਰ ਖਰਜੋ।
ਪਹੁੰਚਿ ਦਾਸ ਨੇ ਦੂਸਰ ਦੀਨ।
ਭਏ ਅਰੋਹਨ ਜੁੱਧ ਪ੍ਰਬੀਨ ॥੫॥
ਤੁਮ ਪ੍ਰਤਾਪ ਬਲ ਤੇ ਬਹੁ ਸਿੰਘ।
ਘਨੇ ਮਾਰਿ ਮ੍ਰਿਗ ਰਿਪੁ ਬਨ ਸਿੰਘ।
ਘਾਇਲ ਆਜ ਭਯੇ ਬਹੁਤੇਰੇ।
ਖੜਗ ਪ੍ਰਹਾਰ ਪ੍ਰਹਾਰ[6] ਘਨੇਰੇ ॥੬॥
ਐਸੀ ਕਟਾ ਭਈ ਅਜ ਹੇਰਤਿ।
ਜਿਮ ਖਾਤੀ ਬਡ ਬਨ ਕੋ ਗੇਰਤਿ।
ਸ਼੍ਰਮਤਿ ਸਿੰਘ ਘਾਇਲ ਗਨ ਲਖੀਅਹਿ।

---

[1]ਤਿਨ੍ਹਾਂ ਦੇ ਸਰੀਰਾਂ ਨੂੰ ਕੁਝ ਜ਼ਖਮ ਲਗੇ।
[2]ਸੂਰਮਿਆਂ ਦੇ।
[3]ਭਾਵ ਘਮਸਾਨ ਵਾਲਾ ਜੰਗ।
[4]ਛੇਤੀ ਛੇਤੀ ਚਲਾਕੇ।
[5]ਆਪਣਾ ਬਲ ਲਾ ਲਾ ਕੇ।
[6]ਤਲਵਾਰ ਦੇ ਵਾਰ ਮਾਰ ਮਾਰਕੇ।

ਕ੍ਰਿਪਾ ਦ੍ਰਿਸ਼ਟਿ ਇਨ ਕੀ ਦਿਸ਼ ਪਿਖੀਅਹਿ ॥੭॥
ਸਾਲਪੱਤ੍ਰ ਸਭਿ ਕੋ ਬਖਸ਼ੀਜੈ।
ਪੀਰ ਸਰੀਰ ਦੂਰ ਕਰਿ ਦੀਜੈ।
ਹੋਤਿ ਪ੍ਰਾਤਿ ਲਗਿ ਮੇਲਉ ਘਾਊ[1]।
ਉਠਹਿਂ ਲਰਹਿਂ ਕਰਿ ਕਰਿ ਚਿਤ ਚਾਊ ॥੮॥
ਰਾਵਰਿ ਬਲ ਅਲੰਬ ਕੋ ਪਾਈ।
ਗਿਰਨਰ ਦਿਨਪ੍ਰਤਿ ਦੇਹਿਂ ਖਪਾਈ।'
ਸੁਨਿ ਸਤਿਗੁਰ ਸਭਿ ਦੇਖਨਿ ਕਰੇ।
ਉਦੇ ਸਿੰਘ ਦਿਸ਼ਿ ਸਨਮੁਖ ਖਰੇ ॥੯॥
ਸਾਲਪੱਤ੍ਰ ਲੇ ਸਭਿ ਤਨ ਲਾਇਵ।
ਮਿਲੇ ਘਾਵ ਸੁਖ ਲਹਿ ਸਭਿ ਕੋਈ ॥੧੦॥
ਬਰਤੀ ਦੇਗ਼ ਤਿਹਾਵਲ ਘਨੋ।
ਖਾਇ ਅਸਨ ਬਹੁ ਸ੍ਵਾਦਨ ਸਨੋ।
ਲੇ ਗੁਰ ਖੁਸ਼ੀ ਸਕਲ ਪਰਿ ਸੋਏ।
ਜਿਤਿਕ ਮੋਰਚੇ ਮਹਿਂ ਥਿਰ ਹੋਏ ॥੧੧॥
ਸਾਵਧਾਨ ਹ੍ਵੈ ਜਾਗਤਿ ਰਹੇ।
ਛੁਟਤਿ ਤੁਫੰਗ ਦੁਹਨ ਦਿਸ਼ਿ ਲਹੇ।
ਹੋਤਿ ਪ੍ਰਾਤਿ ਪੁਨ ਬਜੇ ਨਗਾਰੇ।
ਢੋਲਨਿ ਪਰ ਡੰਕੇ ਗਨ ਮਾਰੇ ॥੧੨॥
ਨੌਬਤ ਬਜਤਿ ਅਨੰਦਪੁਰ ਭਾਵਤਿ[2]।
ਸੂਰਨ ਕੈ ਉਤਸਾਹ ਬਧਾਵਤਿ।
ਭਰਿ ਭਰਿ ਫੂਕਨ ਸੰਖ ਬਜਾਏ।
ਦੁਹੁਂਦਿਸ਼ਿ ਆਪਨ ਬਿਖੈ ਸੁਨਾਏ ॥੧੩॥
ਡਫ ਸ਼ਹਿਨਾਇ[3] ਬਜੈ ਕਰਨਾਈ[4]।
ਡੰਕ ਘਰਾਵਲ ਪਰ[5] ਠਣਕਾਈ।
ਆਸਾਵਾਰ ਰਬਾਬੀ ਗਾਵੈਂ।
ਰਾਗ ਰਾਗਨੀ ਤਾਨ ਬਸਾਵੈਂ ॥੧੪॥
ਹਿੰਦੁ ਧਰਮ ਕੋ ਗੁਰੂ ਅਲੰਬ।

---

[1]ਜ਼ਖਮ ਮੇਲ ਦਿਓ।
[2]ਸੁਹਣੀ ਲੱਗਦੀ ਹੈ।
[3]ਤੁਰਰੀ।
[4]ਤੂਤੀਆਂ।
[5]ਡੰਕੇ ਘੜਿਆਲਾਂ ਪਰ।

ਦ੍ਵਾਰੇ[੧] ਮੰਗਲ ਹੋਤਿ ਕਦੰਬ।
ਪਰੇ ਭੋਗ ਗੁਰ ਫਤੇ ਬੁਲਾਵੈਂ।
ਸੌਚ ਸ਼ਨਾਨਹਿ ਧਜਾਨ ਲਗਾਵੈਂ ॥੧੫॥
ਸੱਤਿਨਾਮ ਕੋ ਸਿਮਰਨ ਕਰੈਂ।
ਬ੍ਰਿੰਦ ਖਾਲਸਾ ਗੁਰਮਤਿ ਧਰੈ।
ਆਦਿ ਸੁਖਮਨੀ ਪਠਿ ਪਠਿ ਬਾਨੀ।
ਧੁਨਿ ਊਚੀ ਤੇ ਕਰਹਿਂ ਬਖਾਨੀ ॥੧੬॥
ਕਰਿ ਕੰਘਾ ਗਹਿ ਕੇਸ ਸੁਵਾਰੈਂ।
ਚੁਨਿ ਚੁਨਿ ਪਾਗ ਸੀਸ ਪਰ ਧਾਰੈਂ।
ਸੂਧੀ ਸ਼ਮਸ ਕਰਤਿ ਮੁਛ ਬੰਕੀ।
ਰਹਤਿ ਸਹਿਤ ਹ੍ਵੈਂ ਮਹਤ ਨਿਸ਼ੰਕੀ[੨] ॥੧੭॥
ਰਣ ਪ੍ਰਿਯ ਆਯੁਧ ਰਾਖਹਿਂ ਪਾਸ।
ਸਿਮਰਹਿਂ ਸੱਤਿਨਾਮ ਬਿੱਸ੍ਵਾਸ।
ਨਿਸਾ ਮੋਰਚਨਿ ਜਿਨਹੁਂ ਬਿਤਾਈ।
ਤਿਨ ਢਿਗ ਜਾਇ ਸੁ ਦੇਹਿਂ ਉਠਾਈ[੩] ॥੧੮॥
ਥਿਰੇ ਆਪ ਹ੍ਵੈ ਕੈ ਸਵਧਾਨਾ।
ਸੋ ਉਠਿ ਕਰਿ ਹੈਂ ਸੌਚ ਸ਼ਨਾਨਾ।
ਸਤਿਗੁਰ ਕੋ ਪੁਨਿ ਦਰਸਹਿਂ ਜਾਈ।
ਕਰਹਿਂ ਸੁਨਾਵਨ ਬਾਤ ਲਰਾਈ ॥੧੯॥
ਕਿਸੂ ਦੇਸ਼ ਤੇ ਸੁਨਿ ਸੁਨਿ ਆਵੈਂ।
ਮਿਲੈਂ ਸਿੰਘ ਇਕ ਥਲ ਹੁਇ ਜਾਵੈਂ।
ਲੇ ਸਿੱਕਾ ਬਾਰੂਦ ਬਡੇਰੀ।
ਖਾਨ ਹੇਤੁ ਲੇ ਰਸਤ ਘਨੇਰੀ ॥੨੦॥
ਕਰਹਿਂ ਤਜਾਰ ਸੁਧ ਦੇਂ ਪਹੁੰਚਾਈ[੪]।
ਨਿਕਸਿ ਖਾਲਸਾ ਪੁਰਿ ਸਮੁਦਾਈ[੫]।
ਤਿਨ ਆਗਾ ਲੇ ਕਰਿ ਬਹੁ ਲਰੈਂ[੬]।

---

[੧](ਗੁਰੂ) ਦੁਆਰੇ।
[੨]ਰਹਤਵਾਨ ਤੇ ਬੇਡਰ ਹਨ।
[੩]ਭਾਵ ਪਹਿਰਾ ਬਦਲਦਾ ਹੈ, ਜੋ ਰਾਤੀਂ ਮੋਰਚਿਆਂ ਵਿਚ ਜਾਗੇ ਉਹਨਾਂ ਦੀ ਥਾਂ ਨਵੇਂ ਜਾਂਦੇ ਹਨ, ਤੇ ਓਥੇ ਸਾਵਧਾਨ ਹੋ ਕੇ ਟਿਕਦੇ ਹਨ। ਰਾਤ ਵਾਲੇ ਆਰਾਮ ਲਈ ਡੇਰੇ ਆਂਵਦੇ ਹਨ ਤੇ।
[੪](ਬਾਹਰੋਂ ਆਏ ਸਿੰਘ) ਅੰਦਰ ਖਬਰ ਪਹੁੰਚਵਾ ਦੇਂਦੇ ਹਨ (ਕਿ ਅਸੀਂ ਸਾਮਾਨ ਲੈਕੇ ਆਏ ਹਾਂ)।
[੫](ਇਧਰ) ਅਨੰਦਪੁਰ ਤੋਂ ਬਹੁਤ ਖਲਾਸਾ ਨਿਕਲਕੇ।
[੬]ਉਹਨਾਂ ਦੀ ਸੇਧ ਬੰਨ੍ਹਕੇ ਬਹੁਤ ਲੜਦੇ (ਅੱਗੇ ਵਧਦੇ ਹਨ)।

ਮਾਰਨ ਕਰਹਿਂ ਅੱਗ੍ਰ ਜੋ ਅਰੈਂ ॥੨੧॥
ਭੀਮਚੰਦ ਨ੍ਰਿਪ ਬ੍ਰਿੰਦ ਉਪਾਇ।
ਰਹੇ ਬਿਚਾਰਤਿ ਬਸ ਨ ਬਸਾਇ।
ਚਹੁੰਦਿਸ਼ਿ ਕਰਹਿ ਅਧਿਕ ਤਕਰਾਈ।
[1]'ਰਹਹੁ ਸੁਚੇਤ ਪ੍ਰਵੇਸ਼ ਨ ਜਾਈ[2] ॥੨੨॥
ਦੁਇ ਸੈ ਕਬਹੁਂ ਤੀਨ ਸੈ ਚਢੈਂ।
ਦੇਹੁ ਤਿਲਾਵਾ ਦ੍ਰਿਢਤਾ ਬਧੈਂ[3]।'
ਜਬਹਿ ਸ਼੍ਰਮਤਿ ਹੁਇ ਸ਼ੱਤ੍ਰੁ ਸਿਧਾਵੈਂ।
ਤਬਹਿ ਖਾਲਸਾ ਅੰਤਰ ਆਵੈ[4] ॥੨੩॥
ਥਕੇ ਲਾਇ ਬਲ ਬੁਧਿ ਕੋ ਰਾਜੇ।
ਨਹੀਂ ਬਿਗਾਰ ਸਕਹਿਂ ਗੁਰ ਕਾਜੇ।
ਚਲੈਂ ਤੁਫੰਗ ਮੋਰਚਨਿ ਮਾਂਹੀ।
ਆਗੇ ਬਧਨ ਦਏਂ ਰਿਪੁ ਨਾਂਹੀ ॥੨੪॥
ਪ੍ਰਥਮ ਥਿਰੇ ਜਹਿਂ ਥਾਨ ਪਹਾਰੀ।
ਤਹਿਂ ਹੀ ਰਹੇ ਮੋਰਚਨਿ ਧਾਰੀ।
ਸੀਸ ਉਕਾਸਹਿ ਊਪਰ ਜੋਇ।
ਗੁਲਕਾ ਤੇ ਫੋਰਤਿ ਹੈਂ ਸੋਇ ॥੨੫॥
ਯਾਂ ਤੇ ਰਹੇ ਦਬਕ ਤਰ ਨੀਚੇ[5]।
ਖਨਹਿਂ ਮੋਰਚਾ ਅਵਨੀ ਬੀਚੇ।
ਖਾਨਪਾਨ ਤੇ ਸੰਕਟ ਪਾਵੈਂ।
ਨਹਿਂ ਉਕਸਹਿਂ ਆਵਹਿਂ ਨਹਿਂ ਜਾਵੈਂ ॥੨੬॥
ਸਗਰੇ ਬਾਸੁਰ ਦੁਖ ਕੋ ਭਰੈਂ।
ਇਤਹਿ ਸਿੰਘ ਸਭਿ ਸੁਖ ਸਨ ਫਿਰੈਂ।
ਪੁਰਿ ਤੇ ਦੂਰ ਦੂਰ ਰਿਪੁ ਰਾਖਹਿਂ।
ਲਰੈਂ ਜਾਇ ਜਬਿ ਹੁਇ ਅਭਿਲਾਖਹਿਂ ॥੨੭॥
ਹੋਤਿ ਮੋਰਚਨਿ ਬਿਖੈ ਲਰਾਈ।
ਕਬਿ ਕਬਿ ਭੇੜ ਪਰਹਿ ਸਮੁਦਾਈ।

---

[1]ਭੀਮਚੰਦ ਹੁਕਮ ਦੇਂਦਾ ਹੈ ਕਿ।
[2](ਹੋਰ ਬਾਹਰੋਂ ਆਏ ਸਿੱਖ ਰਸਤ ਲੈਕੇ ਅਨੰਦਪੁਰ) ਵਿਚ ਨਾ ਜਾ ਵੜਨ।
[3]ਫਿਰ ਕੇ ਪਹਿਰਾ ਦਿਓ ਜੋ ਮਜ਼ਬੂਤੀ ਵਧੇ [ਅ: ਤਲਾਯਾ = ਉਹ ਫੌਜ ਜੋ ਸ਼ਹਿਰ ਯਾ ਲਸ਼ਕਰ ਦੇ ਗਿਰਦ ਫਿਰ ਕੇ ਪਹਿਰਾ ਦੇਵੇ]।
[4](ਅਨੰਦ ਪੁਰ) ਆਂਵਦਾ ਹੈ।
[5]ਹੇਠਾਂ ਹੀ ਹੇਠਾਂ।

ਇਕ ਦਿਨ ਪਰੀ ਰਾਤਿ ਅੰਧਜਾਰੀ।
ਨਹਿਂ ਸੂਝਤਿ ਹੈ ਭੁਜਾ ਪਸਾਰੀ[1] ॥੨੮॥
ਮਿਲੇ ਸਿੰਘ ਆਪਸ ਮਹਿਂ ਤਬਿਹੂੰ।
ਮਸਲਤ ਕਰਤਿ ਭਏ ਇਮ ਸਭਿਹੂੰ।
'ਆਜ ਮੋਰਚਨਿ ਕਰੀਅਹਿ ਧਾਈ।
ਕਟਾ ਕਰਹੁ ਸ਼ੱਤ੍ਰੂ ਸਮੁਦਾਈ ॥੨੯॥
ਨਹੀਂ ਤੁਫੰਗ ਹਾਥ ਮੈਂ ਲੀਜੈ।
ਫੇਟੇ ਸ਼ਸਤ੍ਰਨਿ[2] ਸੰਗ ਲਰੀਜੈ।
ਖੜਗ, ਸਿਪਰ ਗਹਿ, ਨੇਜ਼ੇ, ਭਾਲੇ।
ਸ਼ਕਤੀ, ਸਾਂਗ, ਕਟਾਰ ਕਰਾਲੇ ॥੩੦॥
ਪਰਹੁ ਅਚਾਨਕ ਕਰਹੁ ਘਮੰਡ[3]।
ਖੰਡ ਖੰਡ ਕਰਿ ਲਰਹੁ ਪ੍ਰਚੰਡ।'
ਦਯਾ ਸਿੰਘ ਜੀ ਕਹ੍ਯੋ ਸੁਨਾਇ।
'ਗੁਰ ਕੀ ਆਇਸੁ ਭਈ ਨ ਕਾਇ ॥੩੧॥
ਬਿਨਾ ਕਹੇ ਤੇ ਰਣ ਘਮਸਾਨ।
ਮਿਲਿ ਕਰਿ ਕਿਮ ਚਾਹਹੁ ਬਲਵਾਨ!'
ਆਲਮ ਸਿੰਘ ਭਨ੍ਯੋਂ ਸਭਿ ਸੰਗ।
'ਪ੍ਰਭੁ ਕੋ ਆਸ਼ੈ ਕਰਿਬੇ ਜੰਗ ॥੩੨॥
ਕਤਲ ਮੋਰਚਾ ਕਰੀਅਹਿ ਧਾਇ।
ਭੀਮਚੰਦ ਮੂਰਖ ਪਛੁਤਾਇ।
ਆਨ ਪਰਹਿ ਗਰ ਸ਼ੱਤ੍ਰੁ ਬਿਸਾਲਾ[4]।
ਕਿਮ ਬੂਝਨਿ ਗੁਰ ਹੁਇ ਤਿਸਕਾਲਾ ॥੩੩॥
ਸੁਖ ਪ੍ਰਯੰਕ ਪਰ ਹੁਇਂ ਪ੍ਰਭੁ ਥਿਰੇ।
ਅਬਿ ਤਿਨ ਕੋ ਨ ਬੂਝਿਬੇ ਕਰੈਂ।
ਦਯਾ ਸਿੰਘ ਗੁਰ ਕੇ ਸਿਖ ਭਾਰੇ।
ਇਨ ਤੇ ਆਗਜਾ ਲੇਹੁ ਸੁਖਾਰੇ' ॥੩੪॥
ਮੁਹਕਮ ਸਿੰਘ ਬੀਰ ਤਬਿ ਕਹ੍ਯੋ।
'ਇਹ ਆਸ਼ੈ ਨੀਕੇ ਮਨ ਲਹ੍ਯੋ।

---

[1]ਹੱਥ ਪਸਾਰਿਆਂ ਦਿੱਸਦਾ ਨਹੀਂ।
[2]ਹਥ ਨਾਲ ਲੜਾਈ ਕਰਨ ਵਾਲੇ ਸ਼ਸਤ੍ਰ ਜੋ ਅੱਗੇ ਗਿਣਦੇ ਹਨ। ਦੇਖੋ ਰਾਸ ੭ ਅੰਸੂ ੪੮ ਦੇ ਅੰਕ ੬ ਦੇ 'ਫੇਂਟਨ' ਪਦ ਪੰਨਾ ੩੨੪੭ ਤੇ ਅੰਕ ੭ ਦਾ ਪ੍ਰਯਾਯ।
[3]ਘਮਸਾਨ।
[4]ਜੇ ਸ਼ੱਤਰੂ ਬਹੁਤਾ ਗਲ ਆ ਪਵੇ।

ਦਯਾ ਸਿੰਘ ਜੀ! ਹੁਕਮ ਉਚਾਰੋ।
ਹਤਹਿ ਖਾਲਸਾ ਰਿਪੁਨ ਸੁਖਾਰੋ' ॥੩੫॥
ਉਦੇ ਸਿੰਘ ਤਬਿ ਬਾਕ ਬਖਾਨਾ।
'ਕਰਹੁ ਕਾਜ ਗੁਰ ਕੋ ਸਵਧਾਨਾ।
ਕਯੋਂ ਨ ਦਯਾ ਸਿੰਘ ਜੀ! ਕਹਿਂ ਐਸੇ।
ਜਿਸ ਤੇ ਫਤੇ ਖਾਲਸਾ ਲੈਸੇ' ॥੩੬॥
ਮਾਨ ਸਿੰਘ ਹੋਯਹੁ ਤਬਿ ਖਰੇ।
ਖੜਗ ਸਿਪਰ ਕਰ ਨੇਜਾ ਧਰੇ।
ਸੇਵਾ ਸਿੰਘ ਮਝੈਲ ਨਿਸੰਗ।
ਭਯੋ ਤਯਾਰ ਕਰਿਬੇ ਕਹੁ ਜੰਗ ॥੩੭॥
ਆਗੇ ਖਰੇ ਹੋਇ ਸਭਿ ਰਹੇ।
ਦਯਾ ਸਿੰਘ ਨਿਜ ਮੁਖ ਬਚ ਕਹੇ।
'ਜੇ ਸਭਿ ਕੀ ਅਭਿਲਾਖਾ ਐਸੇ।
ਹਤਹੁ ਪਹਾਰੀ ਭਟ ਗਨ ਤੈਸੇ ॥੩੮॥
ਮੈਂ ਭੀ ਗਮਨਹੁਂ ਸੰਗ ਤੁਮਾਰੇ।'
ਆਲਮ ਸਿੰਘ ਤਬਹਿ ਹਟਕਾਰੇ।
'ਇਹਾਂ ਥਿਰਹੁ ਹਮ ਹੀ ਚਲਿ ਜੈ ਹੈਂ।
ਤੁਮਰੇ ਬਾਕ ਫਤੇ ਰਣ ਲੈ ਹੈਂ' ॥੩੯॥
ਇਮ ਕਹਿ ਸੁਨਿ ਕਰਿ ਹੋਯਸਿ ਤਯਾਰੇ।
ਖੜਗ ਸਿਪਰ ਗਹਿ ਆਯੁਧ ਭਾਰੇ।
ਗੁਰੂ ਮਨਾਇ ਬੀਰ ਬਰ ਬਾਂਕੇ।
ਚਲੇ ਬ੍ਰਿੰਦ ਸ਼ੱਤ੍ਰੁਨਿ ਦਿਸ਼ਿ ਤਾਕੇ ॥੪੦॥
ਜਿਤ ਦਿਸ਼ਿ ਭੀਮਚੰਦ ਭਟ ਬ੍ਰਿੰਦ।
ਕਰੇ ਮੋਰਚਾ ਥਿਰੇ ਬਿਲੰਦ।
ਦਿਨ ਮਹਿਂ ਘਾਤ ਦੇਖਿ ਕਰਿ ਗਏ।
ਨਿਸਾ ਤਿਮਰ ਮਹਿਂ ਪ੍ਰਾਪਤਿ ਭਏ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਏਕ ਊਨਬਿੰਸਤੀ ਅੰਸੂ ॥੧੯॥

## ੨੦. [ਭਾਈ ਦਯਾ ਸਿੰਘ ਜੀ ਦੀ ਆਗਿਆ ਨਾਲ ਰਾਤੀਂ ਮੋਰਚਾ ਕਰਨਾ]

੧੯<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੨੧

ਦੋਹਰਾ: ਭੀਮਚੰਦ ਕੋ ਮੋਰਚਾ, ਸੁਭਟ ਬ੍ਰਿੰਦ ਜਿਸ ਮਾਂਹਿ।
ਤਿਤ ਦਿਸ਼ ਗਮਨਜੋ ਖਾਲਸਾ, ਹਿਤ ਮਾਰਨ ਉਤਸਾਹਿ ॥੧॥
ਰਸਾਵਲ ਛੰਦ: ਗਏ ਸਿੰਘ ਬੀਰੰ। ਧਰੇ ਚਾਂਪ ਤੀਰੰ।
ਕਰਾਚੋਲ ਢਾਲੇ। ਕਿਨੂ ਲੈ ਸੰਭਾਲੇ ॥੨॥
ਸੁ ਨੇਜਾ ਉਭਾਰੇ। ਛੁਰੇ ਪੈ ਕਟਾਰੇ।
ਸਰੋਹੀ ਨਿਕਾਸੇ। ਦੁਧਾਰੇ ਪ੍ਰਕਾਸ਼ੇ ॥੩॥
ਮਹਾਂ ਸਾਵਧਾਨਾ। ਸਮੰ ਏਕ ਜ੍ਵਾਨਾ[1]।
ਬਲੀ ਬੀਰ ਬੰਕੇ। ਮੁਛੈਲੇ ਨਿਸ਼ੰਕੇ ॥੪॥
ਚਲਾਏ ਜੁਝਾਰੇ। ਇਕੈ ਮੇਲ ਵਾਰੇ[2]।
ਕਰੈਂ ਖਾਨ ਪਾਨਾ। ਇਕੈ ਥਾਨ ਵਾਨਾ[3] ॥੫॥
ਹਟੈ ਕੌਨ ਪਾਛੇ। ਲਰੈਂ ਅੱਗ੍ਰ ਬਾਂਛੇ।
ਸੰਮਹੂੰ ਪਹਾਰੀ[4]। ਤੁਫੰਗੈਂ ਪ੍ਰਹਾਰੀ ॥੬॥
ਕਛੂ ਨਾਦ ਸ਼੍ਰੋਤੰ[5]। ਲਖਜੋ ਘਾਤ ਹੋਤੰ।
ਕਹਜੋ ਆਪ ਮਾਂਹੀ। 'ਇਤੈ ਕੌਨ ਆਹੀ? ॥੭॥
ਬਨੋ ਰੇ ਸੁਚੇਤੰ। ਤਜੋ ਨੀਂਦ ਹੇਤੰ[6]।'
ਸੁਨਜੋਂ ਜਾਨਿ ਲੀਨੇ। ਸਵਾਧਾਨ ਕੀਨੇ ॥੮॥
ਤਬੈ ਸਿੰਘ ਗਾਜੇ। 'ਕਹਾਂ ਜਾਹਿਂ ਭਾਜੇ।
ਅਬੈ ਹੋਹੁ ਠਾਂਢੇ। ਲਖੈਂ ਖੱਗ ਬਾਢੇ[7] ॥੯॥
ਕਿਧੌਂ ਤ੍ਰਾਸ ਧਾਰੌ। ਪਲੀਜੈ ਪਧਾਰੌ[8]।
ਨ ਆਵੌ ਲਰਾਈ[9]। ਚਲੇ ਜਾਹੁ ਧਾਈ' ॥੧੦॥
ਚਾਚਰੀ ਛੰਦ: ਕਹੰਤੇ। ਸੁਨੰਤੇ। ਲਰਾਈ। ਮਚਾਈ ॥੧੧॥
ਪ੍ਰਚਾਰੈਂ[10]। ਪ੍ਰਹਾਰੈਂ। ਕ੍ਰਿਪਾਨੈ। ਮਹਾਂਨੈ ॥੧੨॥

---

[1]ਇਕੋ ਜੇਹੇ ਜਵਾਨ।
[2]ਇੱਕੋ ਮੇਲ ਵਾਲੇ ਭਾਵ ਮਿੱਤ੍ਰ।
[3]ਇਕੋ ਥਾਨ ਖਾਣ ਪੀਣ ਵਾਲੇ।
[4]ਬਹੁਤੇ ਪਹਾੜੀਆਂ ਨੂੰ।
[5]ਕੁਛਕ ਆਵਾਜ਼ ਸੁਣੀ।
[6]ਨੀਂਦ ਦਾ ਪਿਆਰ ਛੱਡੋ।
[7]ਖੰਡਿਆਂ ਦੀਆਂ ਧਾਰਾਂ ਵੇਖੋ।
[8]ਦੌੜਕੇ ਚਲੇ ਜਾਓ।
[9]ਲੜਾਈ ਵਿਚ ਨਾ ਆਓ।
[10]ਵੰਗਾਰਦੇ ਹਨ।

ਨਿਕਾਸੀ। ਪ੍ਰਕਾਸ਼ੀ। ਉਭਾਰੀ। ਪ੍ਰਹਾਰੀ ॥੧੩॥
[੧]ਨਿਸੰਗੀ। ਭੁਜੰਗੀ। ਰਿਸਾਵੈਂ। ਚਲਾਵੈਂ[੫] ॥੧੪॥
[੨]ਸੁਰੰਗੀ। ਸੁ ਚੰਗੀ। ਚਮੱਕੈਂ। ਖਿਮੱਕੈਂ[੬] ॥੧੫॥
[੩]ਲਪੱਕੈਂ। ਦਬੱਕੈਂ। ਅਤੰਕੈਂ। ਸ਼ਸ਼ੰਕੈਂ[੭] ॥੧੬॥
ਜੁਸ਼ੇਲੇ। ਜਠੇਲੇ। ਪ੍ਰਪੇਲੇ। ਧਕੇਲੇ[੪] ॥੧੭॥
ਜੁਝਾਰੈਂ। ਨ ਹਾਰੈਂ। ਬਿਦਾਰੇ। ਕਰਾਰੇ ॥੧੮॥
ਅੰਧੇਰਾ। ਘਨੇਰਾ। [੫]ਨ ਹੇਰੇ। ਨਿਬੇਰੇ[੯] ॥੧੯॥
ਜੁਟੇ ਹੈਂ। ਕੁਟੇ ਹੈਂ। [੬]ਲਟੇ ਨਾ। ਹਟੇ ਨਾ[੧੦] ॥੨੦॥

**ਸਿਰਖੰਡੀ ਛੰਦ:** ਜੁੱਟ ਗਈ ਤਰਵਾਰੀਂ ਰੌਰ ਪੁਕਾਰਤੇ।
ਲੋਥ ਲੋਥ ਪਰ ਡਾਰੀ ਊਪਰ ਕੋ ਤਰੇ[੭]।
ਭੁਜੈਂ ਪਸਾਰਿ ਉਭਾਰੀ[੮] ਮਾਰਤਿ ਜ਼ੋਰ ਤੇ।
ਹਟੀ ਤੁਪਕ ਤਿਸ ਬਾਰੀ ਨਹੀਂ ਚਲਾਵੰਦੇ ॥੨੧॥
ਬਰਛੀ ਸਾਂਗ ਪਰੋਏ ਫੇਰ ਨਿਕਾਸੀਆਂ।
ਗੁੱਥ ਹਥਾਵਥ[੯] ਹੋਏ ਜਮਧਰ[੧੦] ਮਾਰਦੇ।
ਊਚੇ ਨਾਦਤਿ[੧੧] ਰੋਏ ਪਰੇ ਪਹਾਰੀਏ।
ਬਡੀ ਨੀਂਦ ਇਕ ਸੋਏ ਬਹੁਰ ਨ ਜਾਗਦੇ ॥੨੨॥
ਮਚੀ ਮਾਰ ਬਿਕਰਾਲੀ ਤੜਫਤਿ ਛਿਤ ਪਰੇ।
ਸੁਧ ਨਹਿਂ ਕਿਨਹੁਂ ਸੰਭਾਲੀ ਮੂਰਖ ਕਟ ਗਿਰੇ।
ਨਹਿਂ ਕਰਵਾਰ[੧੨] ਨਿਕਾਲੀ ਚਲੇ ਪਲਾਇ ਕੈ[੧੩]।
ਘਾਲੀ ਧੂਮ ਬਿਸਾਲੀ ਮਾਰੇ ਮੋਰਚਾ ॥੨੩॥

---

[੧]ਨਿਸੰਗ ਹੋਕੇ ਭੁਜੰਗੀ ਗੁੱਸੇ ਨਾਲ ਚਲਾਉਂਦੇ ਹਨ (ਤਲਵਾਰਾਂ)।
[੨]ਚੰਗੀ ਤਰ੍ਹਾਂ ਨਾਲ ਲਾਲ ਰੰਗ (ਨਾਲ) ਰੰਗੀਆਂ (ਤਲਵਾਰਾਂ) ਚਮਕਦੀਆਂ ਤੇ (ਬਿਜਸੀ ਵਾਂਙੂ) ਲਿਸ਼ਕਦੀਆਂ ਹਨ।
[੩]ਲਪਕ ਕੇ ਪੈਂਦੇ ਤੇ ਦਬਕ ਲੈਂਦੇ ਹਨ (ਸਿਖ) ਤੇ (ਵੈਰੀ) ਡਰਦੇ ਹਨ ਤੇ ਸੰਗਦੇ ਹਨ।
[੪]ਜੋਸ਼ ਵਾਲਿਆਂ ਵੱਡੇ (ਕੱਦ) ਵਾਲਿਆਂ (ਸਿਖਾਂ ਨੇ ਪਹਾੜੀਏ) ਪਰੇ ਦਬਾਕੇ ਧੱਕ ਸਿੱਟੇ। (ਅ) (ਜੁ+ਸੇਲੇ =) ਸੇਲਿਆਂ ਨਾਲ ਜੋ ਠੇਲਿਆ (ਵੈਰੀ ਨੂੰ ਤੇ) ਧਕੇਲ ਦਿੱਤਾ ਪ੍ਰਪੇਲਿਆਂ (= ਸਰੀਰਕ ਪੱਕਿਆਂ) ਨਾਲ।
[੫]ਦੇਖਦੇ ਨਹੀਂ ਨਬੇੜੀ ਜਾਂਦੇ ਹਨ।
[੬]ਟਲੇ ਨਹੀਂ, (ਜੰਗੋਂ) ਹਟੇ ਨਹੀਂ।
[੭]ਕੋਈ ਉਪਰ ਕੋਈ ਹੇਠ।
[੮]ਬਾਹਾਂ ਪਸਾਰਕੇ ਤੇ ਉਭਾਰਕੇ।
[੯]ਹੱਥੋ ਹੱਥੀ।
[੧੦]ਕਟਾਰਾਂ।
[੧੧]ਪੁਕਾਰਦੇ।
[੧੨]ਤਲਵਾਰ।
[੧੩]ਨੱਸ ਰਹੇ।

ਭੀਮਚੰਦ, ਹੰਡੂਰੀ ਸੁਧ ਕੌ ਪਾਇ ਕੈ।
ਸੁਨਿ ਪ੍ਰਕਾਰ ਭਟ ਭੂਰੀ ਔਚਕ ਜਾਗਿ ਕੈ।
-ਸੈਨ ਰਾਤਿ ਮੈਂ ਚੂਰੀ ਸਿੰਘਨ ਆਇ ਕੈ-।
[1]'ਮਾਰਹੁ ਪਹੁੰਚਿ ਜ਼ਰੂਰੀ ਜਾਹੁ ਸ਼ਿਤਾਬਤੇ' ॥੨੪॥
ਦੋਨਹੁਂ ਗਿਰਪਤਿ ਜਾਗੇ ਸੁਭਟ ਪਠਾਂਵਦੇ।
'ਜਾਇ ਬਚਾਵਹੁ ਆਗੇ ਬਿਲਮ ਨ ਕੀਜੀਏ।
ਸੁਨੀਅਤਿ ਆਵਤਿ ਭਾਗੇ ਤਜਿ ਕਰਿ ਮੋਰਚਾ[2]।'
ਸੁਨਿ ਭਟ ਆਯੁਧ ਲਾਗੇ[3] ਨਿਕਸੇ ਸਿਵਰ ਤੇ ॥੨੫॥
ਨਾਂਹਿਨ ਜਾਨਜੋ ਜਾਈ ਕੇਤਿਕ ਖਾਲਸਾ।
ਰਹੇ ਦੂਰ ਅਰਗਾਈ ਨੇਰੇ ਨਹਿਂ ਢੁਕੇ[4]।
ਮੁਰਚੇ ਮਹਿਂ ਸਮੁਦਾਈ ਕਟੀਆ ਸੋ ਕਰੇ[5]।
ਕੇਤਿਕ ਭਏ ਪਲਾਈ ਪ੍ਰਾਨ ਬਚਾਇ ਕੈ ॥੨੬॥
ਧਰਧਰਾਤਿ[6] ਰਿਪੁ ਛਾਤੀ ਬੋਲਜੋ ਜਾਇ ਨਾ।
ਬਿਥਰੇ ਲਖਿ ਕਰਿ ਘਾਤੀ ਇਕਠੇ ਹੋਇਨਾ[7]।
-ਕਾਟਹਿਂ ਆਨਿ ਅਰਾਤੀ[8]- ਧੀਰਜ ਪਾਇ ਨਾ।
ਸ਼੍ਰੋਣਤ ਲੋਥ ਪਪਾਤੀ ਹਾਇ ਅਲਾਇ ਨਾ[9] ॥੨੭॥
ਭਟ ਸਿੰਘਨ ਬਹੁ ਮਾਰੇ ਬਹੁਰੋ ਮੁਰਿ ਚਲੇ।
ਉਦੇ ਸਿੰਘ ਲਲਕਾਰੇ ਕਰੇ ਅਵਾਹਿਨਾ[10]।
'ਕਾਰਜ ਸਿੱਧ ਤੁਮਾਰੇ ਹਟੀਅਹਿ ਖਾਲਸਾ।'
ਅਪਨੇ ਥਾਨ ਮਝਾਰੇ ਆਵਨ ਸਭਿ ਲਗੇ ॥੨੮॥
ਕੋ ਘਾਇਲ ਸੰਘਾਰੇ ਸਿੰਘ ਸੰਭਾਲਿ ਕੈ।
ਆਏ ਬੀਰ ਜੁਝਾਰੇ ਹਤਿ ਗਨ ਸ਼ੱਤ੍ਰ ਕੋ।

---

[1](ਰਾਜੇ ਬੋਲੇ)।
[2]ਸੁਣਦੇ ਹਾਂ ਕਿ (ਸਾਡੇ ਫੌਜੀ) ਮੋਰਚਾ ਛੱਡਕੇ ਨੱਠੇ ਆਉਂਦੇ ਹਨ।
[3]ਸ਼ਸਤ੍ਰ ਪਹਿਰਕੇ।
[4]ਭਾਵ ਜੋ ਸਿਪਾਹੀ ਰਾਜਿਆਂ ਨੇ ਹੁਣ ਤਿਆਰ ਕੀਤੇ ਸੇ ਉਹ ਤਾਂ ਦੂਰ ਹੀ ਚੁੱਪ ਖੜੇ ਰਹੇ, ਸਿੰਘਾਂ ਤਕ ਨਾ ਅੱਪੜੇ।
[5]ਤੇ ਜੋ ਮੋਰਚੇ ਵਿਚ ਸੇ ਉਹ ਖਾਲਸੇ ਨੇ ਕਟ ਦਿੱਤੇ।
[6]ਧੜਕਦੀ ਹੈ।
[7]ਦਾਉ ਪਾਕੇ ਖਿੰਡ ਗਏ ਕੱਠੇ ਨਾ ਰਹੇ।
[8]ਕਿ ਵੈਰੀ (ਹੁਣ ਵੀ) ਆ ਕੱਟਦਾ ਹੈ (ਸਾਨੂੰ)।
[9]ਲੋਥਾਂ ਤੋਂ ਲਹੂ ਡਿੱਗਦਾ ਹੈ ਪਰ ਹਾਇ ਨਹੀਂ ਉਚਾਰਦੇ। (ਅ) ਲਹੂ (ਭਰੀਆਂ) ਲੋਥਾਂ ਵਿਚ ਡਿੱਗਦੇ ਹਨ ਤੇ ਹਾਇ ਨਹੀਂ ਕਰਦੇ।
[10]ਸੱਦਣਾ ਕੀਤੇ।

ਸਤਿਗੁਰ ਫਤੇ ਉਚਾਰੇ ਗਰਜਤਿ ਖਾਲਸਾ।
ਆਨੰਦ ਨਗਰ ਮਝਾਰੇ ਅਨੰਦ ਸੋਂ ਬਰੇ ॥੨੯॥
ਝਾਰ ਮਤਾਬੀ ਜਾਰੇ ਬਹੁਰਿ ਪਹਾਰੀਆਂ।
ਪੁੰਜ ਮਸਾਲ ਉਜਾਰੇ ਤਿਮਰ ਨਸਾਇ ਕੈ।
ਆਇ ਮੋਰਚੇ ਭਾਰੇ ਲਗੇ ਬਿਲੋਕਿਬੇ।
ਮਰੇ ਸਮੂਹ ਨਿਹਾਰੇ ਲੋਥਾਂ ਡਿੱਗੀਆਂ ॥੩੦॥
ਬਚੇ ਮਰਨ ਤੇ ਸੋਊ ਗਏ ਪਲਾਇ ਕੈ।
ਅਵਲੋਕਤਿ ਸਭਿ ਕੋਊ ਮ੍ਰਿਤਕ ਡਰਾਵਣੇ।
ਲਾਲ ਥਾਨ ਜਹਿਂ ਜੋਊ[1] ਸ਼੍ਰੋਣਤ ਪਸਰਿਗਾ।
ਕਿਤ ਇਕਠੇ ਤ੍ਰੈ ਦੋਊ ਲੋਥਾਂ ਗੁੱਥੀਆਂ ॥੩੧॥

ਦੋਹਰਾ: ਸਭਿ ਗਿਰਨਾਥਨ ਤਬਿ ਸੁਨਜੋਂ, 'ਸਿੰਘ ਪਰੇ ਬਲਵੰਡ।
ਭੀਮਚੰਦ ਕੋ ਮੋਰਚਾ, ਕੀਨਿਸ ਖੰਡਿ ਬਿਹੰਡ[2] ॥੩੨॥
ਬਚਜੋ ਨਹੀਂ ਕੋ ਸੂਰਮਾ, ਸਿੰਘ ਰਹਜੋ ਨਹਿਂ ਮਾਂਹਿ[3]।
ਗਤਿ ਅਚਰਜ ਕੁਛ ਕਰਿ ਗਏ, ਨਹਿਂ ਮਨ ਜਾਨੀ ਜਾਹਿ ॥੩੩॥

ਚੌਪਈ: ਆਨਿ ਤਿਮਰ ਮਹਿਂ ਸੁਭਟ ਸੰਘਾਰੇ।
ਔਚਕ ਪਰੇ ਸਕਲ ਹੀ ਮਾਰੇ।'
ਸੁਨਿ ਸਭਿ ਕੇ ਮਨ ਉਪਜਜੋ ਤ੍ਰਾਸਾ।
ਬਿਨ ਹੀ ਸੰਘਰ ਭਏ ਬਿਨਾਸਾ ॥੩੪॥
ਭਏ ਸੁਚੇਤ ਮਿਲੇ ਗਨ ਜਾਗੇ।
ਪੁੰਜ ਤੁਫੰਗ ਚਲਾਵਨਿ ਲਾਗੇ।
'ਧਰਹੁ ਭਰੋਸਾ ਸੁਪਤਹੁ ਨਾਂਹੀ।
ਜੇ ਸੁਪਤਹੁ ਇਸ ਬਿਧਿ ਮਰਿ ਜਾਂਹੀ' ॥੩੫॥
ਸਭਿਨਿ ਮੋਰਚੇ ਬਨਿ ਸਵਧਾਨਾ।
ਕਰਹਿਂ ਪਰਸਪਰ ਊਚ ਬਖਾਨਾ।
'ਜਾਗਤਿ ਰਹਹੁ ਤੁਫੰਗੈਂ ਮਾਰਹੁ।
ਇਤ ਉਤ ਆਵਤਿ ਜਾਤਿ ਨਿਹਾਰਹੁ' ॥੩੬॥
ਭੀਮਚੰਦ ਕੈ ਚਿੰਤ ਘਨੇਰੀ।
-ਕਿਮ ਹੁਇ ਬਿਜੈ ਉਪਾਇ ਨ ਹੇਰੀ[4]।

---

[1]ਜਿੱਥੇ ਦੇਖਦੇ ਹਨ।
[2]ਭਾਵ ਤਬਾਹ ਕਰ ਦਿੱਤਾ ਹੈ।
[3]ਸਿੰਘ ਕੋਈ ਭੀ (ਜੰਗ) ਵਿਚ ਨਹੀਂ ਰਿਹਾ, ਭਾਵ ਮਾਰਿਆ ਜਾਂ ਜ਼ਖਮੀ ਸਿੰਘ ਮੋਰਚੇ ਵਿਚ ਕੋਈ ਬੀ ਨਹੀਂ ਪਿਆ ਸੀ।
[4]ਯਤਨ ਨਹੀਂ ਦਿੱਸਦਾ।

ਨਿਤ ਪ੍ਰਤਿ ਜੋਧਾ ਮਰਹਿਂ ਹਜ਼ਾਰੋਂ।
ਇਸੀ ਰੀਤ ਹੁਇ ਹੈ ਮਮ ਹਾਰੋ ॥੩੭॥
ਲਰਤਿ ਬਿਤੇ ਦਿਨ ਮੋ ਕਹੁ ਘਨੇ।
ਸਿੰਘ ਮਵਾਸੀ ਜਾਹਿਂ ਨ ਹਨੇ।
ਆਇ ਵਹੀਰ ਤੇ ਬੀਚ ਪ੍ਰਵੇਸ਼ੇ।
ਭਏ ਪ੍ਰਥਮ ਤੇ ਅਬਹੁਂ ਵਿਸ਼ੇਸ਼ੇ ॥੩੮॥
ਗੁਰ ਅਨੰਦਪੁਰਿ ਛੋਰਹਿਂ ਨਾਂਹੀ।
ਬੈਠੇ ਰਹੈਂ ਜੁ ਸਭਿ ਸੁਖ ਪਾਂਹੀ।
ਖਾਨ ਪਾਨ ਤੇ ਤੰਗ ਨ ਹੋਏ।
ਗੁਲਕਾਂ ਬਹੁ ਬਰੂਦ ਲੈ ਢੋਏ[1] ॥੩੯॥
ਸਿੰਘ ਓਟ ਮਹਿਂ ਲਰਤਿ ਨ ਮਰੈਂ।
ਵਹਿਰ ਸੁਭਟ ਸੈਂਕਰ ਨਿਤ ਗਿਰੈਂ।
ਰਹਯੋ ਅਨੰਦਪੁਰਿ ਕਿਤਹੁਂ ਛੁਰਾਵਨਿ।
ਇਕ ਦਿਨ ਮੇਰੋ ਬਨਹਿ ਪਲਾਵਨ ॥੪੦॥
ਹੋਹਿ ਨਮੋਸ਼ੀ[2] ਜਿਤ ਕਿਤ ਮੇਰੀ।
ਹਟਿ ਹੌਂ ਚਮੂੰ ਮਰਾਇ ਘਨੇਰੀ-।
ਇੱਤਯਾਦਿਕ ਤਰਕਤਿ ਮਨ ਘਨੋ।
ਜਾਗ੍ਰਤ ਰਹਯੋ ਚਿੰਤ ਚਿਤ ਸਨੋ ॥੪੧॥
ਪਛੁਤਾਵਤਿ ਹੋਈ ਭਨੁਸਾਰ।
ਉਤ ਸਤਿਗੁਰ ਜਾਗੇ ਜਿਸ ਬਾਰਿ।
ਸੌਚ ਸ਼ਨਾਨ ਕੀਨਿ ਸਭਿ ਅੰਗ।
ਛਕੀ ਅਫੀਮ ਸੁ ਬਿਜੀਆ ਸੰਗ* ॥੪੨॥
ਗਾਵਨਿ ਲਗੇ ਰਬਾਬੀ ਵਾਰ।
ਉਦੇ ਸਿੰਘ ਪਹੁੰਚਯੋ ਤਿਸ ਬਾਰ।
ਦਯਾ ਸਿੰਘ ਕੋ ਲੇ ਕਰਿ ਸੰਗ।
ਬੰਦਨ ਕਰਤਿ ਬਤਾਯਹੁ ਜੰਗ ॥੪੩॥
'ਮਹਾਰਾਜ ਆਇਸੁ ਤੁਮ ਜੋਈ।
ਦਯਾ ਸਿੰਘ ਮੁਖ ਤੇ ਲੇ ਸੋਈ।
ਗਯੋ ਖਾਲਸਾ ਮਿਲਿ ਸਮੁਦਾਯਾ।

---

[1](ਬਾਹਰੋਂ) ਬਹੁਤ ਆਂਵਦਾ ਹੈ।
[2]ਬਦਨਾਮੀ।
*ਦੇਖੋ ਰਾਸ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।

ਮਾਰਿ ਮੋਰਚਾ ਕਤਲ ਕਰਾਯਾ ॥੪੪॥
ਭਯੋ ਰਿਪੁਨ ਕੇ ਸ਼ੋਕ ਬਿਸਾਲਾ।
ਗਿਰ ਗਿਰ ਕੇ ਘਰ ਘਰ ਮਹਿਂ ਘਾਲਾ।
ਕਰਿ ਸਥਾਰ ਤਹਿਂ ਤੇ ਚਲਿ ਆਏ[1]।
ਸਿੰਘ ਸ਼੍ਰੇਯ ਕੇ ਸਹਿਤ ਸੁਹਾਏ' ॥੪੫॥
ਸੁਨਿ ਸਤਿਗੁਰੂ ਖੁਸ਼ੀ ਬਹੁ ਕੀਨੀ।
'ਦਯਾ ਸਿੰਘ ਰਣ ਆਇਸੁ ਦੀਨੀ।
ਇਹ ਗਜਾਨੀ ਮਮ ਸਿਖ ਹੈ ਪੂਰਾ।
ਕਯੋਂ ਨ ਹੋਇ ਯਾਂ ਕੋ ਬਚ ਰੂਰਾ ॥੪੬॥
ਹਤਹੁ ਪਹਾਰੀ ਮੂਰਖ ਕਰ ਕਰ[2]।
ਪਰਹਿ ਪੀਟਬੋ ਇਨ ਕੇ ਘਰ ਘਰ।
ਮੋਰ ਖਾਲਸਾ ਬਲੀ ਬਿਸਾਲਾ।
ਗੁਰ ਦ੍ਰੋਹੀਨ ਹਤੈ ਸਭਿ ਕਾਲਾ' ॥੪੭॥
ਇਮ ਕਹਿ ਥਿਰੇ ਸਿੰਘਾਸਨ ਸ੍ਵਾਮੀ।
ਭੂਤ ਭਵਿੱਖਤ ਅੰਤਰਜਾਮੀ।
ਵਹਿਰ ਮੋਰਚਨਿ ਤਥਾ ਲਰਾਈ।
ਛੁਟਹਿ ਤੁਫੰਗ ਸਮੁਖ ਸਮੁਦਾਈ ॥੪੮॥
ਨਿਜ ਨਿਜ ਮੁਰਚੇ ਪਰ ਥਿਰ ਹ੍ਵੈ ਕੈ।
ਹੇਰਤਿ ਰਿਪੁ ਦੇਂ ਤੁਪਕ ਛੁਟੈ ਕੈ।
ਆਵਤਿ ਜਾਤੇ ਕਰਹਿਂ ਪ੍ਰਹਾਰਨ।
ਕੋ ਪਲਾਇ ਹ੍ਵੈ ਕੋ ਸੰਘਾਰਨਿ ॥੪੯॥
ਮ੍ਰਿਤਕ ਉਠਾਇ ਉਠਾਇ ਲਿਜਾਤੇ।
ਕਾਸ਼ਟ ਸੰਚੈ ਕਰਤਿ ਮਹਾਂਤੇ[3]।
ਚਹੁੰਦਿਸ਼ਿ ਆਨੰਦਪੁਰਿ ਕੇ ਦਾਹੈਂ।
ਥਾਨ ਮਸਾਨਨ ਜਹਾਂ ਕਹਾਂ ਹੈਂ ॥੫੦॥
ਜਿਤ ਕਿਤ ਧੂਮ ਉਠਹਿ ਦ੍ਰਿਸ਼ਟਾਵੈ।
ਪਰੇ ਕਿਤਿਕ ਤਿਨ ਕੂਕਰ ਖਾਵੈਂ।
ਬ੍ਰਿੰਦ ਬਿਹੰਗਮ[4] ਗੀਧ ਬਡੇਰੀ।

---

[1]ਮਕਤੂਲਾਂ ਦਾ ਢੇਰ ਲਾ ਆਏ ਹਾਂ [ਹਿੰਦੀ, ਸਥਰਾਊ = ਮਕਤੂਲਾਂ ਦਾ ਢੇਰ। ਪੰ:, ਸੱਥਰ ਤੋਂ ਸਥਾਰ। ਸਥਾਰ ਕਰਨਾ = ਭੁੰਜੇ ਲਿਟਾ ਦੇਣਾ, ਮੈਦਾਨ ਮਾਰਨਾ]।
[2]ਹੱਥੋ ਹੱਥੀ।
[3]ਬਹੁਤਾ।
[4]ਪੰਛੀ।

ਕਾਕ ਕੰਕ ਖੈ ਹੈਂ ਬਹੁਤੇਰੀ ॥੫੧॥
ਸਭਿ ਰਾਜਨ ਪਿਖਿ ਚਿੰਤ ਉਪਾਈ।
ਚਿਤਵਹਿਂ ਹਤਿਬੇ ਹੇਤੁ ਉਪਾਈ।
ਭਈ ਪ੍ਰਭਾਤਿ ਦਿਵਸ ਚਢਿ ਗਯੋ।
ਜਾਮ ਏਕ ਬੀਤਤਿ ਜਬਿ ਭਯੋ ॥੫੨॥
ਭੀਮਚੰਦ ਭਾ ਸਮੈ ਰਸੋਈ।
ਸੈਲਨਾਥ ਪਹੁੰਚੇ ਸਭਿ ਕੋਈ।
ਸਭਾ ਕਰਨ ਮਸਲਤ ਕੇ ਕਾਰਨ।
ਪਹੁੰਚੇ ਜੁਤਿ ਮੰਤ੍ਰੀਨ ਬਿਚਾਰਨ ॥੫੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁੱਤੇ 'ਮੋਰਚਾ ਮਾਰਨ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

## ੨੧. [ਕੇਸਰੀ ਚੰਦ ਦੀ ਪ੍ਰਤੱਗਯਾ]

੨੦<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੨੨

ਦੋਹਰਾ: ਸੈਲਨਾਥ ਆਏ ਸਕਲ, ਪ੍ਰਥਮ ਕੇਸਰੀ ਚੰਦ।
ਨ੍ਰਿਪ ਹੰਡੂਰ ਕਟੋਚੀਆ, ਗ੍ਵਾਲੇਰੀ ਭਟ ਬ੍ਰਿੰਦ ॥੧॥
ਚੌਪਈ: ਇੱਤਯਾਦਿਕ ਸਭਿ ਮਿਲਿ ਕਰਿ ਆਏ।
ਭੀਮਚੰਦ ਸਨਮਾਨ ਬਿਠਾਏ।
ਸਭਿ ਕੋ ਲੇ ਸੰਗ ਗਯੋ ਰਸੋਈ।
ਬਸਤ੍ਰ ਉਤਾਰਿ ਥਿਰੇ ਸਭਿ ਕੋਈ ॥੨॥
ਚਾਦਰ ਜਾਮਾ ਪਾਗ ਉਤਾਰੀ।
ਏਕ ਉਪਰਨਾ[1] ਕਰ ਮਹਿਂ ਧਾਰੀ।
ਚਰਨ ਪਖਾਰਤਿ ਚੌਂਕੇ ਬਰੇ।
ਨਿਜ ਨਿਜ ਆਸਨ ਪਰ ਨ੍ਰਿਪ ਥਿਰੇ ॥੩॥
ਆਗੇ ਸਭਿ ਕੇ ਧਰਿ ਪਨਵਾਰੇ[2]।
ਭਾਤ[3] ਪਰੋਸਜੋ ਭਲੀ ਪ੍ਰਕਾਰੇ।
ਬਹੁਰ ਸਲਵਣੇਂ ਨਾਨਾ ਭਾਂਤਿ।
ਸੂਪਕਾਰ ਤਬਿ ਧਰਿ ਧਰਿ ਜਾਤਿ ॥੪॥
ਖਾਨ ਲਗੇ ਜਬਿ ਕੌਰ[4] ਉਠਾਏ।
ਕਹਿਲੂਰੀ ਤਬਿ ਕੁਛ ਮੁਸਕਾਏ।
ਦੇਖਿ ਕੇਸਰੀ ਚੰਦ ਦਿਸ਼ਾ ਕੋ।
ਹਾਸ ਕਰਤਿ ਭਾਖਤਿ ਇਮ ਤਾ ਕੋ[5] ॥੫॥
'ਯੱਧੀ ਦਿਯੋ[6] ਭਾਤ ਕਹੁ ਖਾਣੇ।
ਇਸ ਕਾਰਨ ਘਰ ਛੋਡਿ ਪਯਾਣੇ।
ਕਿਧੌਂ ਅਨੰਦਪੁਰ ਹੇਤੁ ਛੁਟਾਵਨਿ।
ਲਰਿ ਗੋਬਿੰਦ ਸਿੰਘ ਗੁਰੂ ਹਟਾਵਨਿ ॥੬॥
ਇਤ ਆਏ? ਸਭਿ ਦੇਹੁ ਬਤਾਈ।

---

[1]ਸਾਫਾ।
[2]ਪੱਤਲਾਂ।
[3]ਰਿੱਧੇ ਹੋਏ ਚਾਵਲ।
[4]ਗ੍ਰਾਹੀਆਂ।
[5]ਤਿਸ ਨੂੰ।
[6]ਇਕ ਗੰਦੀ ਗਾਲੀ ਦਾ ਸੰਬੋਧਨ ਹੈ ਜੋ ਹਰ ਪਹਾੜੀਏ ਦੇ ਮੂੰਹ ਤੇ ਚੜ੍ਹਿਆ ਹੁੰਦਾ ਹੈ। ਜੇ ਕਦੇ ਕਵੀ ਜੀ ਦਾ ਇਥੇ ਪਾਠ ਹੋਵੇ 'ਯਦਧੇਤੁਸ' ਤੇ ਲਿਖਾਰੀਆਂ ਦੀ ਅਣਜਾਣਤਾ ਨੇ ਗਾਲ ਦਾ ਰੂਪ ਦੇ ਦਿੱਤਾ ਹੋਵੇ, ਤਾਂ 'ਯਦਧੇਤੁਸ' ਦਾ ਅਰਥ ਹੈ 'ਜਿਸ ਕਾਰਨ ਕਰਕੇ'। ਅਗੇ ਜ਼ੋਰ ਨਾਲ ਫਿਰ ਦੁਹਰਾਉਂਦਾ ਹੈ 'ਇਸ ਕਾਰਨ ਕਰਕੇ? ' ਤੇ ਫਿਕਰਾ ਮੁਕਦਾ ਹੈ ਅੰਕ ੭ ਵਿਚ 'ਇਤ ਆਏ ਸਭਿ ਦੇਹੁ ਬਤਾਈ'।

ਬਿਤੇ ਮਾਸ ਤੇ ਦਿਨ ਅਧਿਕਾਈ।
ਗਾਢੀ ਗੜ੍ਹੀ ਲੋਹਗੜ ਨਾਮੂ।
ਸੋਭੀ ਨਹੀਂ ਛੁਟੀ[1] ਕਹਾ ਕਾਮੂ? ॥੭॥
ਸਰਜੋ ਨ ਕੁਝ ਗੁਰ ਕਨ[2] ਚਢਿ ਆਏ।
ਬੀਰ ਹਜ਼ਾਰਹੁਂ ਮਾਰਿ ਖਪਾਏ।
ਕਹਾ ਮੁਖ ਲੇ ਕਰਿ ਸਦਨ ਸਿਧਾਰੋ।
ਕਹਿ ਗਿਰਪਤਨਿ ਕਹਾਂ ਜਗ ਸਾਰੋ[3]? ॥੮॥
ਕਹਾਂ ਬੀਰਤਾ ਰਹੀ ਤੁਮਾਰੀ।
-ਮਿਲਿ ਸਭਿ ਲਰੇ ਸਰੀ ਨਹਿਂ ਕਾਰੀ।
ਏਕ ਗੁਰੂ ਪੁਨ ਦੇਸ਼ ਬਿਹੀਨਾ।
ਚਮੂੰ ਨ, ਕਿਯ ਇਕ ਪੰਥ ਨਵੀਨਾ ॥੯॥
ਭਯੋ ਉਪਾਇ ਨ ਕਿਸ ਤੇ ਕੋਈ।
ਪਚਿਹਾਰੇ ਪਰਬਤ ਪਤਿ ਜੋਈ-।
ਸ਼ਾਹੁ ਆਦਿ ਸਗਰੇ ਇਮ ਕਹੈਂ।
ਕਹਾਂ ਸੁਜਸੁ ਤੁਮਰੋ ਤਬਿ ਰਹੈ ॥੧੦॥
ਇਸ ਤੇ ਆਛੀ ਲਰਤਿ ਨ ਜਬੈ[4]।
ਭਰਮ ਸਮੇਤ ਹੁਤੇ ਹਮ ਸਬੈ[5]।
ਰਾਤਿ ਮੋਰਚਾ ਮਾਰਿ ਖਪਾਯੋ।
ਸੁਭਟ ਬ੍ਰਿੰਦ ਕੋ ਨਹਿਂ ਅਟਕਾਯੋ ॥੧੧॥
ਸਭਿ ਭ੍ਰਾਤਨਿ ਕੀ ਮਸਲਤ ਕਰੇਂ।
ਲਸ਼ਕਰ ਘਨੋ ਮੇਲ ਕਰਿ ਲਰੇਂ।
ਅਬਿ ਤੁਮ ਕਰਹੁ ਬਿਚਾਰਨਿ ਸਾਰੇ।
ਕਿਮਿ ਰਹਿ ਆਵੈ ਲਾਜ ਹਮਾਰੇ?' ॥੧੨॥
ਚਮਕਯੋ ਰਿਸਯੋ ਕੇਸਰੀ ਚੰਦ।
'ਕਹਾ ਮਸਲਤ ਹਮ ਕਰਨਿ ਬਿਲੰਦ?
ਪਿਖਹੁ ਕਾਲ ਹੁਇ ਸੰਘਰ ਮੇਰਾ।
ਸਿੰਘਨ ਕਰਹੁਂ ਲਥੇਰ ਪਥੇਰਾ ॥੧੩॥
ਕਹੈਂ ਲੋਹਗੜ ਨਾਮ ਕਠੋਰਾ।

---

[1]ਲੋਹਗੜ ਨਾਮੇ ਗੜ੍ਹੀ (ਕੇਹੜੀ ਐਡੀ) ਤਕੜੀ ਸੀ (ਜੋ) ਤੁਸਾਂ ਤੋਂ ਨਹੀਂ ਛੁਡਾਈ ਜਾ ਸਕੀ।
[2]ਵੱਲ।
[3]ਸਾਰਾ ਜਗਤ ਪਹਾੜੀ ਰਾਜਿਆਂ ਨੂੰ ਕੀ ਕਹੇਗਾ।
[4]ਚੰਗੀ ਗੱਲ ਸੀ ਜੇ ਉਦੋਂ ਹੀ ਨਾ ਲੜਦੇ।
[5]ਭਾਵ ਜਦੋਂ ਸਾਡਾ ਭਰਮ ਬਣਿਆ ਹੋਇਆ ਸੀ।

ਕਾਗਤ ਸਿਕਤਾ[1] ਸਮ ਦਿਯੋਂ ਫੋਰਾ।
ਮਸਤ ਮਤੰਗ ਮਹਾਂ ਬਲ ਧਾਮੂ।
ਆਵਹਿ ਪੁਨ ਹਮਰੇ ਕਿਸ ਕਾਮੂ ॥੧੪॥
ਚਹੂੰ ਦਿਸ਼ਿਨ ਕੋ ਤਜਿ ਕੈ ਘੇਰਾ।
ਸਗਰੀ ਚਮੂੰ ਕਰਹੁ ਸੰਗ ਮੇਰਾ।
ਹੁਇ ਸਨਮੁਖ ਤੋਰਹਿਂ ਦਰਵਾਜ਼ਾ।
ਦੁੰਦਭਿ ਢੋਲਨਿ ਲੇ ਸਭਿ ਬਾਜਾ ॥੧੫॥
ਕਿਤਿਕ ਸਿੰਘ ਹੈਂ ਅਟਕਹਿਂ ਆਗੇ।
ਹੋਹਿਂ ਕਤਲ ਕਰ ਪਿਖਿ ਕੈ ਭਾਗੇਂ[2]।
ਕਯੋਂ ਆਲਸ ਕੋ ਧਰਿ ਥਿਰ ਹੋਏ।
ਜੰਗ ਮੋਰ ਦੇਖਹੁ ਸਭਿ ਕੋਏ' ॥੧੬॥
ਇਮ ਬਾਤੈਂ ਕਰਿ ਭੋਜਨ ਖਾਤੇ।
ਉਠੇ ਬਹੁਰ ਰਿਸ ਤੇ ਦ੍ਰਿਗ ਰਾਤੇ[3]।
ਸਭਾ ਲਗਾਇ ਥਿਰੇ ਸਭਿ ਰਾਜੇ।
ਨਿਸ਼ਚੈ ਕਰਨਿ ਆਪਨੋ ਕਾਜੇ ॥੧੭॥
ਸਭਿਨਿ ਸੁਨਾਵਤਿ ਕਹਿ ਗੁਾਲੇਰੀ।
'ਅਬਿ ਲੌਂ ਲਰੇ ਜੀਤ ਨਹਿਂ ਹੇਰੀ।
ਪੁਰਿ ਕੋ ਘੇਰੋ ਸਿੱਧ ਨ ਹੋਯੋ।
ਆਵਤਿ ਜਾਤੇ ਦਾਵ ਨ ਜੋਯੋ[4] ॥੧੮॥
ਲਰਨ ਸਮਾਜ ਅੰਨ ਬਹੁਤੇਰਾ।
ਲੇ ਪ੍ਰਵੇਸ਼ ਭੇ ਕੇਤਿਕ ਬੇਰਾ।'
ਸੁਨਿ ਨ੍ਰਿਪ ਹੰਡੂਰੀ ਤਬਿ ਕਹੇ।
ਘੇਰਾ ਨਹੀਂ ਨੀਕ ਬਿਧਿ ਰਹੇ ॥੧੯॥
ਇਕਠੇ ਕਰਿ ਭਟ ਸਨਮੁਖ ਚਲੈਂ।
ਮਸਤ ਮਤੰਗ ਦ੍ਵਾਰ ਕੋ ਭਿਲੈ[5]।
ਤੋਮਰ, ਤੁਪਕ, ਤੀਰ ਤਰਵਾਰੈਂ।
ਅਰੈ ਅੱਗ੍ਰ ਤਿਹ ਤਤਛਿਨ ਮਾਰੈਂ ॥੨੦॥
ਪਰਸਹਿ ਨਹੀਂ ਚਮੂੰ ਤਿਸ ਬਾਰੀ।

---

[1]ਕਾਗਜ਼ ਤੇ ਰੇਤ ਵਾਂਗ।
[2]ਹਥ ਦੇਖ ਕੇ ਭੱਜ ਜਾਣਗੇ।
[3]ਲਾਲ ਅੱਖੀਆਂ ਕਰਕੇ।
[4]ਸਿੰਘ ਆਂਵਦੇ ਜਾਂਦੇ ਰਹੇ (ਸਾਥੋਂ ਕੋਈ) ਦਾਉ ਨਾ ਹੋ ਸਕਿਆ।
[5]ਭਿੜੇਗਾ, ਭੰਨੇਗਾ।

ਗਮਨਹਿ ਬਾਂਧੇ ਚੁੰਗ[1] ਅਗਾਰੀ।
ਹਤਹੁ ਲੋਹਗੜ ਕਾਰਜ ਭਲੋ।
ਬਹੁਰ ਸ਼ਹਿਰ ਦਿਸ਼ਿ ਸੁਖ ਸੋਂ ਚਲੋ ॥੨੧॥
ਭਾਜੈ ਗੁਰੂ ਕਿਧੌਂ ਮਿਲਿ ਪਰੈ।
ਇਸ ਪ੍ਰਕਾਰ ਤੇ ਕਾਰਜ ਸਰੈ।'
ਮੰਡਸਪਤੀ ਸੁਨਤਿ ਸਭਿ ਮਤ ਕੋ।
ਬੋਲਯੋ ਬਾਕ ਦੇਖਿ ਗਰਬਤਿ ਕੋ[2] ॥੨੨॥
'ਸ੍ਰੀ ਨਾਨਕ ਗਾਦੀ ਬਡ ਭਾਰੀ।
ਮੀਰ ਪੀਰ ਸਭਿ ਨਿਵੈਂ ਅਗਾਰੀ।
ਤੁਮ ਤੇ ਕਿਮ ਹੋਵਹਿ ਸੋ ਹੀਨ।
ਸ੍ਰੀ ਹਰਿ ਗੋਵਿੰਦ ਸੰਘਰ ਕੀਨਿ ॥੨੩॥
ਸ਼ਾਹੁ ਚਮੂੰ ਤਉ ਭਿਰ ਕਰਿ ਹਾਰਯੋ।
ਪੁਨ ਮਨ ਤੇ ਰਿਸ ਕਰਿ ਨਿਰਵਾਰਯੋ[3]।
ਕਯੋਂ ਨ ਬਿਚਾਰਤਿ ਅਪਨਿ ਲਰਾਈ।
ਲਰਤਿ ਮਰਤਿ, ਜੈ ਭੀ ਕਬਿ ਪਾਈ[4]? ॥੨੪॥
ਨਾਹਕ ਦ੍ਵੈਸ਼ ਬਧਾਇ ਬਡੇਰਾ।
ਸਭਿ ਇਕਠੇ ਹੁਇ ਪਾਯੋ ਝੇਰਾ।
ਮਿਲਤਿ ਆਪਨੇ ਕਾਜ ਸਵਾਰਤਿ।
ਹੁਇ ਪੂਰਨ, ਗੁਰ ਬਾਕ ਉਚਾਰਤਿ ॥੨੫॥
ਚਮੂੰ ਸਕੇਲਿ ਸਮੂਹ ਲਰਾਵਹੁ।
ਸਭਿ ਬਲ ਲਾਇ ਫਤੇ ਤੁਮ ਪਾਵਹੁ।
ਇਤ ਦਿਸ਼ਿ ਕੇ ਗੁਰ ਕੋ ਨਿਕਸਾਵਹੁ।
ਹੁਇ ਨਚਿੰਤ ਤੁਮ ਗ੍ਰਾਮ ਬਸਾਵਾਹੁ ॥੨੬॥
ਇਹ ਸਭਿ ਝੂਠ ਨ ਲੇਵਹੁ ਕੈਸੇ।
ਅਘਵੰਤਨ ਸੁਰਪਰਿ ਨਹਿਂ ਜੈਸੇ।
ਅਬਿ ਭੀ ਮੇਲ ਕਰੋ ਸੁਖ ਪਾਵੋ।
ਸ੍ਰੇਯ ਸਹਤ ਨਿਜ ਸਦਨ ਸਿਧਾਵੋ' ॥੨੭॥
ਸੁਨਿ ਮੰਡਿਸਪਤਿ ਤੇ ਅਸ ਬਾਨੀ।

---

[1] ਟੋਲ ਬੰਨ੍ਹਕੇ।
[2] ਹੰਕਾਰ ਕਰਦੇ ਨੂੰ।
[3] ਗੁੱਸਾ ਦੂਰ ਕਰ ਦਿੱਤਾ।
[4] ਕਦੇ ਜਿੱਤ ਪਾਈ ਜੇ?।

ਰਿਸਜੋ ਕੇਸਰੀਚੰਦ ਬਖਾਨੀ।
'ਕਜਾ ਮਤ ਦੇਤਿ ਕਾਤੁਰਨ ਕੇਰੀ।
ਗੁਰ ਪੱਖੀ ਬੁਧਿ ਲਖੀਅਤਿ ਤੇਰੀ ॥੨੮॥
ਪ੍ਰਾਤਿ ਹੋਤਿ ਹੇਰਹੁ ਰਣ ਮੇਰਾ।
ਲਿਹੁ ਸਭਿ ਕੋ ਦਲ ਸੰਗ ਘਨੇਰਾ।
[੧]ਰਵਿ ਅਸ ਤਨ ਤੇ ਪੂਰਬ ਜਬੈ।
ਜੇ ਨਹਿਂ ਲੋਹਗੜ ਤੋੜੌਂ ਤਬੈ ॥੨੯॥
ਤੌ ਨਿਜ ਪਿਤ ਤੇ ਜਨਮਯੋਂ ਨਾਂਹੀ।
ਮੁਖ ਨ ਦਿਖਾਵਹੁਂ ਰਾਜਨਿ ਮਾਂਹੀ।
ਸ਼ਾਲਗਰਾਮ ਅਵੱਗਜਾ ਦੋਸ਼।
ਲਗਹਿ ਮੋਹਿ ਜੇ ਹਟਿ ਹੌਂ ਰੋਸ[੨] ॥੩੦॥
ਲਾਤ ਪ੍ਰਹਾਰਨਿ ਕਰਹਿ ਜੁ ਧੇਨੁ[੩]।
ਬਰਜਹਿ ਬੇਦਨ ਬਿੱਦਜਾਧੈਨ[੪]।
ਦੇਹਿ ਸਤੀ ਕੋ ਪਤਿੱਬ੍ਰਤ ਟਾਰੇ[੫]।
ਗਨ ਦੇਵਨ ਕੀ ਨਿੰਦ ਉਚਾਰੇ ॥੩੧॥
ਕੰਨਜਾ ਮਾਰਨ, ਦਿਜ ਸੰਘਾਰਨਿ।
ਕਰਨਿ ਸੰਤ ਸੋਂ ਦ੍ਰੋਹ ਅਕਾਰਨ।
ਚਲਤਿ ਲੋਹਗੜ ਤੇ ਮੁਖ ਫੇਰੇਂ[੬]।
ਏ ਸਭਿ ਪਾਪ ਚਢਹਿਂ ਸਿਰ ਮੇਰੇ ॥੩੨॥
ਕਹਾਂ ਖਾਲਸਾ ਸਿੰਘ ਜੁ ਥੋਰੇ।
ਦੇਖਹੁ ਦਲ ਬਿਲੰਦ ਨਿਜ ਓਰੇ।
ਆਟੇ ਬਿਖੈ ਮੇਲਿਯਤਿ ਲੌਨ।
ਅੰਤਰ ਇਤੋ ਲਖਹਿ ਨਹਿਂ ਕੌਨ[੭]? ॥੩੩॥
ਇਕਠੇ ਹੁਇ ਨਹਿਂ ਕਰੀ ਲਰਾਈ।
ਦੂਰ ਦੂਰ ਸਗਰੀ ਪਸਰਾਈ।
ਇਕ ਥਲ ਸਿੰਘ ਮਿਲਹਿਂ ਤਬਿ ਲਰੈਂ।

---

[੧]ਹੁਣ ਕਰੜੀਆਂ ਸਹੁਵਾਂ ਖਾਣ ਲੱਗਾ ਹੈ।
[੨](ਅਪਨੇ) ਗੁੱਸੇ ਤੋਂ ਪਿੱਛੇ ਹਟਾਂ ਤਾਂ।
[੩]ਭਾਵ ਗਊ ਨੂੰ ਲੱਤ ਮਾਰਨ ਦਾ ਦੋਸ਼।
[੪]ਭਾਵ ਵੇਦ ਵਿਦਿਆ ਪੜ੍ਹਨ ਤੋਂ ਹਟਾਉਣ ਦਾ ਦੋਸ਼।
[੫](ਕਿਸੇ) ਸਤੀ ਦਾ ਪਤਿਬ੍ਰਤਿ ਭੰਗ ਕਰ ਦੇਵੇ, ਉਹ ਦੋਸ਼।
[੬]ਜੇ ਲੋਹਗੜ ਉਪਰ ਚੱਲਣੋਂ ਮੈਂ ਮੂੰਹ ਫੇਰਾਂ ਤਾਂ......।
[੭]ਇਤਨਾ ਹੀ ਫਰਕ ਹੈ ਕਿਹੜਾ ਨਹੀਂ ਜਾਣਦਾ।

ਊਪਰ ਆਨਿ ਹੇਲ ਕੋ ਕਰੈਂ ॥੩੪॥
ਫਤੇ ਲੇਤਿ ਪੁਨ ਪੁਰਿ ਬਰਿ ਜਾਵੈਂ।
ਲਾਇ ਘਾਤ ਚੋਰਨਿ ਜਿਮ ਧਾਵੈਂ।'
ਭੀਮਚੰਦ ਕੋ ਰਿਦੈ ਅਨੰਦ।
'ਸਾਧ ਸਾਧ ਤੂੰ ਬੀਰ ਬਿਲੰਦ ॥੩੫॥
[1]ਅਬਹਿ ਨਹੀਂ ਪੁਰਸ਼ਾਰਥ ਕਰੈਂ।
ਹਤੇ ਰਿਪੁਨਿ ਜਬਿ ਕਬਿ ਤੂੰ ਲਰੈਂ।
ਪੁਰਿ ਘੇਰਾ ਅਬਿ ਦੇਹੁ ਹਟਾਇ।
ਕਰਹੁ ਸਕੇਲਨ ਦਲ ਸਮੁਦਾਇ ॥੩੬॥
ਆਛੀ ਲਾਗਹਿ ਮਸਲਤ ਤੋਰੀ।
ਲੇਹੁ ਕਾਲ[2] ਇਸ ਗੜ ਕੋ ਤੋਰੀ।
ਅਬਿ ਹੀ ਤੇ ਦਿਹੁ ਤੇਜ ਮਸਾਲੇ।
ਮਦ ਪਿਲਾਇ ਕਰਿ ਪ੍ਰਾਤਿ ਬਿਸਾਲੇ ॥੩੭॥
ਲੇ ਸਗਰੋ ਦਲ ਹੋਹੁ ਪਿਛਾਰੀ।
ਸੰਘਾਰਹੁ ਜੋ ਆਇ ਅਗਾਰੀ।
ਏਕਤਾਣ[3] ਹੁਇ ਪਹੁੰਚਹੁ ਸਾਰੇ।
ਇਮ ਲੀਜਹੁ ਗੜ੍ਹ ਤੋੜਿ ਸੁਖਾਰੇ' ॥੩੮॥
ਪ੍ਰੇਰਜੋ ਕਾਲ[4] ਸਮੀਪ ਮਰਣ ਕੋ।
ਕੀਨ ਕੇਸਰੀ ਚੰਦ ਪਰਣ ਕੋ।
ਤਜਾਰੀ ਕਰਨਿ ਲਗਜੋ ਕਹਿਲੂਰੀ।
ਲਖਹਿ ਕਿ -ਹੋਹਿ ਲਾਲਸਾ ਪੂਰੀ- ॥੩੯॥
ਜਹਿਂ ਕਹਿਂ ਡੇਰਨਿ ਮਹਿਂ ਨਰ ਫੇਰਾ।
'ਇਕਠੇ ਹੋਹਿ ਤਜਾਗ ਦਿਹੁ ਘੇਰਾ।
ਹੇਲਾ ਕਰਹਿਂ ਬਨਹਿਂ ਸੁਖਦਾਈ।
ਲੇਹੁ ਲੋਹਗੜ ਕੋ ਛੁਟਵਾਈ ॥੪੦॥
ਪਾਛੇ ਸਭਿ ਸੁਖੈਨ ਹੁਇ ਜਾਈ।
ਗੁਰ ਗੋਬਿੰਦ ਸਿੰਘ ਦੇਹੁ ਪਲਾਈ।'
ਸਭਿ ਮਹਿਂ ਪ੍ਰਗਟ ਭਈ ਇਹ ਮਸਲਤ।

---

[1]ਤੂੰ (ਕੋਈ) ਹੁਣ ਹੀ ਤਾਂ ਪੁਰਸ਼ਾਰਥ ਨਹੀਂ ਕਰਨ ਲਗਾ ਤੂੰ ਜਦ ਕਦੇ ਲੜਿਆਂ ਹੈਂ ਵੈਰੀ ਮਾਰਦਾ ਰਿਹਾ ਹੈਂ।
[2]ਕੱਲ ਨੂੰ।
[3]ਇਕ ਬਲ।
[4]ਕਾਲ ਦੇ ਪ੍ਰੇਰੇ ਜਾਕੇ।

'ਹੋਤਿ ਪ੍ਰਾਤਿ ਕੇ ਲੇਹਿਂ ਦੁਰਗ ਹਤਿ' ॥੪੧॥
ਨਿਜ ਨਿਜ ਸਿਵਰ ਗਏ ਸਭਿ ਰਾਜੇ।
ਚਿਤਵਤਿ ਜਾਤਿ ਜੰਗ ਕੇ ਕਾਜੇ।
-ਸੰਘਰ ਅੰਤ[1] ਹੋਇ ਹੈ ਪ੍ਰਾਤੀ।
ਪ੍ਰਾਪਤਿ ਜੈ ਕਿ ਪਰਾਜੈ ਬਾਤੀ[2]- ॥੪੨॥
ਡੇਰੇ ਗਯੋ ਕੇਸਰੀ ਚੰਦ।
ਪਿਖਿ ਹਾਥੀ ਕੋ ਗਰਬ ਬਿਲੰਦ।
ਗਿਰ ਕੋ ਸ਼੍ਰਿੰਗ ਮਨੋ ਬਲ ਭਾਰੀ।
ਖਰੋ ਝੂਲਤੋ ਬਲ ਬਹੁ ਧਾਰੀ ॥੪੩॥
ਤਵੇ ਪੁਲਾਦੀ ਢਾਲ ਬਿਸਾਲਾ।
ਲਏ ਸਕੇਲ ਅਨਾਇ ਉਤਾਲਾ।
ਸਾਰ ਬਾਰਨੀ ਬਹੁਤ ਮੰਗਾਈ।
ਅਪਰ ਵਸਤੁ ਆਨੀ ਸਮੁਦਾਈ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਕੇਸਰੀ ਚੰਦ ਪ੍ਰਣ ਕਰਨ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

---

[1] ਅੰਤਲਾ ਜੁੱਧ। (ਅ) ਜੰਗ ਦਾ ਅੰਤ।
[2] ਜਿੱਤ ਜਾਂ ਹਾਰ (ਇਕ) ਗਲ ਦੀ ਪ੍ਰਾਪਤੀ ਹੋ ਜਾਏਗੀ।

## ੨੨. [ਦੁਨੀਚੰਦ ਨੇ ਡਰ ਜਾਣਾ]

੨੧<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੨੩

ਦੋਹਰਾ: ਲਰਤਿ ਚੁਗਿਰਦੇ ਮੋਰਚੇ[1],
ਉਠਨਿ ਲਗੇ ਜਿਸ ਕਾਲ।
ਜ੍ਵਾਲਾਬਮਣੀ ਖਾਲਸੇ ਕਸਿ,
ਕਸਿ ਤਜੀ ਉਤਾਲ ॥੧॥
ਚੌਪਈ: ਤਜਿ ਤਜਿ ਮੁਰਚਾ ਭਾਜੇ ਜਯੋਂ ਜਯੋਂ।
ਕਸਿ ਕਸਿ ਤੁਪਕ ਪ੍ਰਹਾਰੈਂ ਤਯੋਂ ਤਯੋਂ।
ਲਗਿ ਲਗਿ ਗੁਲਕਾਂ ਘਾਯਲ ਹੋਏ।
ਘਾਵ ਕੁਥਾਇ ਕਿਤਿਕ ਮਰਿ ਸੋਏ ॥੨॥
ਪਹੁੰਚਹਿਂ ਸਿੰਘ ਲੁਟਹਿਂ ਹੱਥਯਾਰਹਿਂ।
ਜਿਯਤਿ ਮਿਲਹਿਂ ਕਟੀਆ ਕਰਿ ਡਾਰਹਿਂ।
ਗਈ ਗੁਰੂ ਢਿਗ ਸੁਧਿ ਤਬਿ ਸਾਰੀ।
'ਤਜਿ ਤਜਿ ਮੁਰਚੇ ਜਾਤਿ ਪਹਾਰੀ ॥੩॥
ਬਡੇ ਮੋਰਚੇ ਹੈਂ ਜਿਸ ਥਾਨਾ।
ਤਹਿਂ ਤਹਿਂ ਥਿਰੇ ਬਨੇ ਸਵਧਾਨਾ।
ਘੇਰਾ ਦਯੋ ਪੁਰੀ ਕੋ ਛੋਰਿ।
ਘਾਲ ਲੋਹਗੜ ਓਰਹਿਂ[2] ਜ਼ੋਰ' ॥੪॥
ਇਤਨੇ ਮਹਿਂ ਗੋਪ ਜੁ ਹਲਕਾਰਾ[3]।
ਗੁਰ ਢਿਗ ਆਇ ਬ੍ਰਿਤੰਤ ਉਚਾਰਾ।
'ਪ੍ਰਭੁ ਜੀ! ਅਹੈ ਵਹਿਰ ਸੁਧਿ ਜੈਸੀ।
ਸੁਨੀ ਪਿਖੀ ਮੈਂ ਕਹਿ ਹੌਂ ਤੈਸੀ ॥੫॥
ਰਾਤਿ ਮੋਰਚਾ ਮਾਰਯੋ ਜਬੈ।
ਭੀਮਚੰਦ ਦੁਖ ਝੁਰਯੋ ਤਬੈ।
ਰਾਜੇ ਸਕਲ ਹਕਾਰਿ ਸਕੇਲੇ।
ਸਮੇਂ ਰਸੋਈ ਕੇ ਜਬਿ ਮੇਲੇ[4] ॥੬॥
ਸਭਿ ਮਹਿਂ ਕਹਯੋ ਮਨੋਰਥ ਆਪਨਿ।
ਲਸ਼ਕਰ ਹੋਇ ਬਿਲੰਦ ਬਿਖਾਪਨ[5]।

---

[1]ਮੋਰਚਿਆਂ ਤੋਂ।
[2]ਤਰਫ।
[3]ਸੂੰਹੀਆਂ।
[4]ਕਰਨੇ ਹੋਏ।
[5]ਨਾਸ਼ ਹੁੰਦਾ ਹੈ (ਸਾਡਾ) [ਵਿ+ਖਾਪਨ = ਬਹੁਤ ਖਪਦਾ ਹੈ]।

ਸਰਬ ਸਭਾ ਮਹਿਂ ਗਰਬ ਬਖਾਨਾ।
ਪਰਣ ਕੇਸਰੀ ਇਸ ਬਿਧਿ ਠਾਨਾ ॥੭॥
-ਹੋਤ ਪ੍ਰਾਤਿ ਕੋ ਹਾਥੀ ਪੇਲੌਂ।
ਦਲ ਕੇ ਸਕਲ ਸੁਭਟ ਸੰਗ ਮੇਲੌਂ।
ਦ੍ਵਾਰ ਲੋਹਗੜ ਕੋ ਤੁੜਵਾਵੌਂ।
ਨਤੁ ਰਾਜਨ ਮਹਿਂ ਮੁਖ ਨ ਦਿਖਾਵੌਂ ॥੮॥
ਘੇਰਾ ਦੇਹੁ ਛੋਰ ਪੁਰਿ ਕੇਰਾ।
ਪਰਹਿ ਲੋਹਗੜ ਜੰਗ ਬਡੇਰਾ-।
ਤੁਮ ਸਮਰਥ ਚਾਹਹੁ ਤਿਮ ਕਰਹੁ।
ਕੀਟੀ ਤੇ ਕੁੰਚਰ ਕੋ ਦਰਹੁ ॥੯॥
ਤਊ ਬਿਚਾਰੌ ਗਜ ਕੋ ਆਵਨਿ।
ਤਿਸ ਕੋ ਚਹੀਯਤਿ ਜਤਨ ਬਨਾਵਨਿ।
ਨਤੁ ਦ੍ਵਾਰੇ ਕੋ ਮਸਤਕ ਮਾਰਹਿ।
ਗਾਢੇ ਬਡੇ ਕਪਾਟ ਉਖਾਰਹਿ ॥੧੦॥
ਮਹਾਂ ਬਲੀ ਹੈ ਮਸਤ ਸਦਾਈ।
ਦ੍ਰਿੜ੍ਹ ਤਰੁ[1] ਟੱਕਰ ਮਾਰਿ ਗਿਰਾਈ।
ਤਿਹ ਸਮ ਗਜ ਬਲਵੰਤ ਨ ਔਰ।
ਸ਼ਾਹੁ ਆਦਿ ਜੇ ਨ੍ਰਿਪਤਨਿ ਠੌਰ[2] ॥੧੧॥
ਮਹਾਰਾਜ ਸੰਧਜਾ ਅਬਿ ਹੋਈ।
ਕਰਹੁ ਜਤਨ ਨਿਸ ਮਹਿਂ ਅਸ ਕੋਈ।
ਜਿਤ ਤੇ ਦ੍ਵਾਰ ਨਹੀਂ ਗਜ ਆਵੈ।
ਲਾਖਹੁਂ ਸੁਭਟ ਪਿਛਾਰੀ ਧਾਵੈਂ' ॥੧੨॥
ਸੁਨਿ ਸਤਿਗੁਰ ਘਟਿਕਾ ਲਗਿ ਮੌਨ।
ਜਿਨ ਕੇ ਮਨ ਕਿਸ ਕੋ ਕਬਿ ਭੌ ਨਾ।
ਚਿੰਤਾਮਨ ਸਗਰੇ ਹੁਇ ਗਏ।
ਫੀਲ ਬਲੀ ਬਡ ਜਾਨਤਿ ਭਏ ॥੧੩॥
ਗੁਰ ਕਰੁਨਾ ਬਿਨ ਅਰੈ ਨ ਕੋਈ।
ਸ਼ਸਤ੍ਰ ਘਾਵ ਜਿਸ ਕੇ ਨਹਿਂ ਹੋਈ।
ਲੋਹੇ ਸੰਗ ਮਢਯੋ ਤਨ ਜੋਇ।
ਕਹਾਂ ਘਾਵ ਕੋ ਜਾਨਹਿ ਸੋਇ ॥੧੪॥

---

[1](ਵੱਡੇ) ਪੱਕੇ ਬ੍ਰਿਛਾਂ ਨੂੰ।
[2]ਬਾਦਸ਼ਾਹ ਅਤੇ ਰਾਜਿਆਂ ਦੀ ਥਾਂ ਵਿਚ ਨਹੀਂ ਹੈ (ਐਸਾ ਹਾਥੀ)।

ਥਿਰੇ ਸਿੰਘ ਗੁਰ ਕੇ ਚਹੁੰਫੇਰੇ।
-ਕਹੈਂ ਕਹਾਂ-ਸਗਰੇ ਮੁਖ ਹੇਰੇ[1]।
ਚਿਤਵਹਿਂ ਦੀਰਘ ਏਵ ਉਪਾਇ।
ਜਿਸ ਤੇ ਦੁਰਦ ਨਿਵਾਰਜੋ ਜਾਇ ॥੧੫॥
ਦੁਨੀਚੰਦ ਇਤਨੇ ਮਹਿਂ ਆਯੋ।
ਲੰਬੋਦਰ ਤਬਿ ਥੂਲ[2] ਦਿਸਾਯੋ।
ਬਡੇ ਜੁਗਮ ਭੁਜਦੰਡ ਪ੍ਰਚੰਡੇ।
ਤਿਮ ਛਾਤੀ ਆਯੁਤ ਬਰ ਬੰਡੇ[3] ॥੧੬॥
ਦੀਰਘ ਬਦਨ* ਸ਼ਮਸ ਬਡ ਸੇਤ।
ਕਟ ਕਸਿ ਧੋਤੀ ਬਨਜੋ ਸੁਚੇਤ।
ਸੁਨਿ ਕਰਿ 'ਭੋਰ ਹੋਇ ਹੈ ਹੇਲਾ।
ਮਸਤ ਮਤੰਗ ਅੱਗ੍ਰ ਦੇ ਪੇਲਾ[4]' ॥੧੭॥
ਜਤਨ ਬਨਾਵਨਿ ਸੁਨਿਬੇ ਕਾਰਨ[5]।
ਆਯੋ ਪ੍ਰਭੁ ਕੋ ਕਰਜੋ ਨਿਹਾਰਨ।
ਦੋਨਹੁਂ ਜੰਘ ਦੀਰਘਾ ਭਾਰੀ।
ਗਰ ਸ਼ਮਸ਼ੇਰ ਬਿਸਾਲੀ ਡਾਰੀ ॥੧੮॥
ਗੁਰ ਸੰਗਤਿ ਮਹਿਂ ਨਿਤ ਬਿਚਰੰਤਾ।
ਸਦਾ ਤਿਹਾਵਲ ਤੇ ਤ੍ਰਿਪਤੰਤਾ।
ਗਨ ਸਿੱਖਨ ਪਰ ਹੁਕਮ ਕਰੰਤਾ।
ਗੁਰ ਕੀ ਕਾਰ ਲੇਤਿ ਧਨਵੰਤਾ ॥੧੯॥
ਸਾਲ੍ਹੋ ਸੁਤ ਮਸੰਦ ਕੋ ਨੰਦਨ।
ਜਿਨ ਕੋ ਕਰਹਿਂ ਹਜ਼ਾਰਹੁਂ ਬੰਦਨ।
ਨਿਤ ਭੋਗਤਿ ਸੁਖ ਰਹਜੋ ਘਨੇਰੇ।
ਸ਼੍ਰੀ ਅੰਮ੍ਰਿਤਸਰ ਬਾਸ ਬਡੇਰੇ ॥੨੦॥
ਆਵਤਿ ਕੋ ਅਵਿਲੋਕਿ ਕ੍ਰਿਪਾਲਾ।
ਮੁਸਕਾਵਤਿ ਬੋਲੇ ਤਿਸ ਕਾਲਾ।

---

[1]ਸਾਰੇ ਗੁਰਾਂ ਦੇ ਮੂੰਹ ਵਲ ਤੱਕਦੇ ਹਨ (ਕਿ ਦੇਖੀਏ) ਕੀਹ ਫੁਰਮਾਉਂਦੇ ਹਨ।
[2]ਵੱਡੇ ਪੇਟ ਤੇ ਮੋਟਾ (ਸਰੀਰ)।
[3]ਚੌੜੀ ਤੇ ਬਲ ਵਾਲੀ।
*ਇਹ ਸੂਰਮਾਂ ਸੀ ਕਸਰਤ ਨਾਲ ਮੋਟਾ ਹੋਇਆ ਸੀ, ਚਰਬੀ ਵਧਣ ਕਰਕੇ ਪੋਲਮਾਸੀਆ ਨਹੀਂ ਸੀ। ਮਜ਼ਬੂਤੀ ਦੇ ਕਾਰਨ ਹੀ ਸਤਿਗੁਰ ਨੇ ਇਸ ਨੂੰ ਵੰਗਾਰਿਆ ਸੀ।
[4]ਮਸਤ ਹਾਥੀ ਨੂੰ ਅੱਗੇ ਧੱਕਣਾ ਹੈ (ਪਹਾੜੀਆਂ ਨੇ)।
[5](ਹਾਥੀ ਨੂੰ ਧੱਕਣ ਦਾ) ਜਤਨ ਬਣਦਾ ਸੁਣਨ ਲਈ।

'ਕਜਾ ਰਾਜਨ ਕੋ ਮਸਤ ਮਤੰਗ।
ਕਹਾਂ ਅਧਿਕ ਤਿਸ ਕੇ ਬਲਿ ਅੰਗ ॥੨੧॥
ਗੁਰ ਘਰ ਦੁਨੀਚੰਦ ਬਡ ਹਾਥੀ।
ਇਸਹਿ ਲਰਾਵਹਿਂਗੇ ਤਿਸ ਸਾਥੀ।
ਮਹਾਂ ਮਸਤ ਇਹ ਗੁਰ ਬਲ ਪਾਇ।
ਅਰਿਬੇ ਦੇਹਿ ਨ, ਲੇਹਿ ਧਕਾਇ[1] ॥੨੨॥
ਦੁਰਦ ਕੇਸਰੀ[2] ਕੀਟੀ ਸਮ ਹੈ।
ਇਹ ਗਜਰਾਜ ਬਨਹਿ ਤਿਸ ਜਮ ਹੈ[3]।
ਛਿਨ ਮਹੁਂ ਕਰਹਿ ਸੰਭਾਲਨਿ[4] ਬਲੀ।
ਧਰਹਿ ਸਹਾਇ ਖਾਲਸਾ ਭਲੀ[5]' ॥੨੩॥
ਸਤਿਗੁਰ ਤੇ ਸੁਨਿ ਕੈ ਸਮੁਦਾਇ।
ਰਹੇ ਮੋਨ ਨਹਿਂ ਬਾਕ ਅਲਾਇਂ।
ਦੁਨੀਚੰਦ ਕੋ ਬਦਨ ਪਰੇਖਾ।
ਗਤਿ ਉਤਸਾਹ ਸਭਿਹਿ ਤਬਿ ਦੇਖਾ[6] ॥੨੪॥
ਕਲਗ਼ੀਧਰ ਕਹਿ ਕਰਿ ਇਮ ਬਚਨ।
ਜਾਇ ਪ੍ਰਵੇਸ਼ੇ ਸੁੰਦਰ ਸਦਨ।
ਅਪਰ ਸਰਬ ਉਠਿ ਉਠਿ ਕਰਿ ਗਏ।
ਅਪਨੇ ਅਪਨੇ ਥਲ ਥਿਰ ਥਏ ॥੨੫॥
ਦੁਨੀਚੰਦ ਸੁਨਿ ਜਨੁ ਮਰਿ ਗਯੋ।
ਕਹਿਬੇ ਬਾਕ ਸਮਰਥ ਨ ਭਯੋ।
ਹੌਲ ਉਠ੍ਯੋ ਦਿਲ ਧੀਰਜ ਹਾਰੀ।
ਗਮਨ੍ਯੋਂ ਅਪਨੇ ਸਿਵਰ ਮਝਾਰੀ ॥੨੬॥
ਸ਼ੁਸ਼ਕ ਓਠ ਪਰ ਜਿਹਵਾ ਫੇਰਤਿ।
ਪਿਯਰੀ ਪਰੀ[7] ਨ ਕਿਸ ਦਿਸ਼ਿ ਹੇਰਤਿ।
ਦੀਰਘ ਸ੍ਵਾਸ ਲੇਤਿ ਚਿਤ ਚਿੰਤਾ।
-ਇਹ ਕਜਾ ਗੁਰੂ ਕਰ੍ਯੋ ਬਿਰਤੰਤਾ- ॥੨੭॥

---

[1]ਅੜਨ ਨਹੀਂ ਦੇਣ ਲੱਗਾ ਧੱਕ ਲੈ ਜਾਵੇਗਾ।
[2]ਕੇਸਰੀ ਚੰਦ ਦਾ ਹਾਥੀ।
[3]ਤਿਸ ਦੀ ਮੌਤ ਰੂਪ।
[4]ਸੰਭਾਲ ਲਏਗਾ।
[5]ਭਲੀ ਤਰ੍ਹਾਂ।
[6]ਉਸ ਦਾ ਉਤਸਾਹ ਤਦੋਂ ਨਾਸ਼ ਹੋ ਗਿਆ ਸਭਨਾਂ ਨੇ ਡਿੱਠਾ।
[7]ਪੀਲੱਤਣ ਫਿਰ ਗਈ।

ਤ੍ਰਾਸ ਬਿਸਾਲ ਮਰਨਿ ਕੋ ਭਯੋ।
ਬਿਨ ਹੀ ਮਾਰੇ ਜਨੁ ਮਰਿ ਗਯੋ।
ਚਿਤ ਸੋਚਤਿ ਚਿੰਤਾ ਪਰ ਗਈ।
ਅੰਧੇਰੀ ਨਿਸ ਪ੍ਰਾਪਤਿ ਭਈ ॥੨੮॥
ਚਿਤਵਹਿ ਜਤਨ -ਬਚੌਂ ਕਿਸ ਦਾਇ।
ਪ੍ਰਾਤਿ ਹੋਤਿ ਮੁਝ ਦੇਂ ਚਿਰਵਾਇ।
ਜਾਮਨਿ ਬਿਖੈ ਕਛੂ ਬਨਿ ਆਵੈ।
ਜੇ ਸ਼੍ਰੀ ਨਾਨਕ ਪ੍ਰਾਨ ਬਚਾਵੈਂ ॥੨੯॥
ਚਲੌਂ ਪਲਾਇਨ ਹ੍ਵੈ ਨਿਜ ਦੇਸ਼।
ਬਚਿਬੇ ਜਤਨ ਨ ਔਰ ਬਿਸ਼ੇਸ਼।
ਸਰਬ ਸਿੰਘ ਭੀ ਹੈਂ ਦੁਖਵੰਤੇ।
ਕਹੈਂ ਸਭਿਨਿ ਜੇ ਸਾਥ ਚਲੰਤੇ- ॥੩੦॥
ਪੂਰਬ ਦਯਾ ਸਿੰਘ ਕੇ ਪਾਸ।
ਪਹੁੰਚਯੋ ਕਰਯੋ ਬ੍ਰਿਤੰਤ ਪ੍ਰਕਾਸ਼।
'ਕਹਾਂ ਕਰੀ ਗੁਰ ਰਣ ਕੀ ਕਾਰ।
ਸਿਖ ਸੰਗਤਿ ਨਿਤ ਪ੍ਰਤਿ ਬਹੁ ਗਾਰ[1] ॥੩੧॥
ਸਭਿਨਿ ਸੰਗ ਕਰਿ ਮਹਿਦ ਬਖੇਰਾ।
ਕਾਜ ਬਿਗਾਰਤਿ ਬਡਹੁੰ ਬਡੇਰਾ।
ਹੋਤਿ ਪ੍ਰਾਤਿ ਕੋ ਢੋਵਹਿਂ ਹਾਥੀ।
ਲਾਖਹੁੰ ਸੁਭਟਨਿ ਆਯੁਧ ਸਾਥੀ ॥੩੨॥
ਮੇਰੀ ਬਾਤ ਕਹਾਂ ਜੇ ਮਰਯੋ।
ਕਤਲ ਸਕਲ ਹ੍ਵੈ ਹੈਂ ਇਮ ਡਰਯੋ।
ਅਬਿ ਸਭਿ ਮਿਲਿ ਕਰਿ ਮਸਲਤ ਕੀਜੈ।
ਪ੍ਰਿਥਮ ਪ੍ਰਾਤਿ ਤੇ ਸੰਧੀ ਕੀਜੈ[2] ॥੩੩॥
ਭੀਮਚੰਦ ਢਿਗ ਦੂਤ ਪਠੀਜੈ।
ਸੰਘਰ ਹੋਤਿ ਸ਼ਾਂਤਿ ਬਰਤੀਜੈ[3]।
ਇਮ ਗੁਰ ਮਾਨਹਿਂ ਤੌ ਢਿਗ ਰਹੀਅਹਿ।
ਨਤੁ ਨਾਹਕ ਕਯੋਂ ਪ੍ਰਾਨ ਗਵਈਅਹਿ' ॥੩੪॥
ਦਯਾ ਸਿੰਘ ਭਰਮਯੋ ਤਿਸ ਜਾਨਯੋਂ।

[1]ਬਹੁਤੇ ਗਾਲ ਸੁਟੇ ਨੇ ਭਾਵ ਨਾਸ਼ ਕੀਤੇ ਨੇ।
[2]ਮੇਲ ਕਰ ਲਓ (ਭੀਮ ਦੇ ਨਾਲ)।
[3]ਜੰਗ ਹੋਣ ਤੋਂ ਸ਼ਾਂਤ ਵਰਤਾਓ।

ਤਿਹ ਧੀਰਜ ਦੇ ਬਾਕ ਬਖਾਨਜੋਂ।
'ਗੁਰ ਸਰਬੱਗਜ ਭਲੀ ਸਭਿ ਕਰੈਂ।
ਹੋਨਹਾਰ ਸੋਈ ਚਿਤ ਧਰੈਂ ॥੩੫॥
ਤਰਕ ਨ ਤਿਨ ਕੀ ਕ੍ਰਿਤ ਮਹਿਂ ਬਨੈ।
ਰਹੁ ਅਨੁਸਾਰੀ ਆਨੰਦ ਸਨੈ।
ਹੁਕਮ ਕਰਹਿਂ ਸੋ ਮਾਨਹੁਂ ਭਲੋ।
ਜਿਮ ਤੋਰਹਿਂ ਮਗ ਤਿਮ ਹੀ ਚਲੋ' ॥੩੬॥
ਇਮ ਸੁਨਿ ਉਠਿ ਅਪਰਨਿ ਢਿਗ ਗਯੋ।
ਇਸ ਬਿਧਿ ਹੀ ਸੋਂ ਭਾਖਤਿ ਭਯੋ।
ਧਰਮ ਸਿੰਘ ਸਾਹਿਬ ਸਿੰਘ ਪਾਸੀ।
ਮੁਹਕਮ ਸਿੰਘ ਸਮੀਪ ਪ੍ਰਕਾਸ਼ੀ ॥੩੭॥
ਪੰਚਹੁਂ ਮੁਕਤੇ ਸਿੰਘ ਜੁ ਬੀਰ।
ਭੇਦ ਕਰਨ[1] ਭਾਖਹਿ ਸਭਿ ਤੀਰ।
'ਆਛੀ ਬਾਤ ਮੇਲ ਕਰਿਵਾਵਹੁ।
ਨਾਂਹਿਤ ਗੁਰ ਕੋ ਤਜਾਗਿ ਪਲਾਵਹੁ ॥੩੮॥
ਹੋਤਿ ਪ੍ਰਭਾਤਿ ਨ ਬਾਚਜੋ ਜਾਇ[2]।
ਅਬਿ ਕਰੀਯਹਿ ਬਨ ਜਾਇ ਉਪਾਇ।
ਲੇਨਿ ਦੇਨਿ ਰਾਜਨ ਸੰਗ ਨਾਂਹੀ।
ਕਜੋਂ ਨਾਹਕ ਮਰੀਅਹਿ ਰਣ ਮਾਂਹੀ' ॥੩੯॥
ਪੁਨ ਉਠਿ ਉਦੇ ਸਿੰਘ ਕੇ ਡੇਰੇ।
ਗਮਨਜੋਂ ਤ੍ਰਾਸਤਿ ਰਿਦੇ ਬਡੇਰੇ।
ਚਿੰਤਾ ਅਪਨੀ ਸਕਲ ਪ੍ਰਕਾਸ਼ੀ।
'ਕਹਾਂ ਸਹੇਰੀ ਅਪਨਿ ਬਿਨਾਸੀ[3] ॥੪੦॥
ਅਬਿ ਲੌ ਕਰਿ ਕਰਿ ਓਜ ਬਿਸਾਲਾ।
ਬਲ ਬੁਧਿ ਛਲ ਕਰਿ ਸ਼ੱਤ੍ਰ ਨ ਝਾਲਾ।
ਸਾਧ ਸਾਧ[4] ਤੋ ਕਹੁ ਸਭਿ ਭਾਂਤੀ।
ਅਰਜੋ ਜਹਾਂ ਕਹਿਂ, ਹਤੇ ਅਰਾਤੀ ॥੪੧॥
ਆਇ ਭਈ ਤਬਿ ਘਾਤ ਕੁਫੇਰੀ।

---
[1](ਸਿੰਘਾਂ ਨੂੰ ਸ਼੍ਰੀ ਗੁਰੂ ਜੀ ਤੋਂ) ਪਾੜਨ ਲਈ।
[2]ਸਵੇਰ ਹੋਣ ਤੇ ਭਾਵ ਕੱਲ ਬਚਿਆ ਨਹੀਂ ਜਾਣਾ।
[3]ਅਸਾਂ ਆਪਣਾ ਵਿਣਾਸ ਕਿੱਥੋਂ ਸਹੇੜ ਲਿਆ ਹੈ।
[4]ਸ਼ਾਬਾਸ਼।

ਬਚਹਿਂ ਸਕਲ, ਜੇ ਲਿਹੁ ਮਤਿ ਮੇਰੀ।
ਨਤੁ ਹੁਇ ਭੋਰ, ਪਰੇ ਘਮਸਾਨਾ।
ਢੋਇਂ ਜਬਹਿ ਹਾਥੀ ਮਸਤਾਨਾ ॥੪੨॥
ਮੁਹਿ ਮਾਰੇ ਪੂਰਬ ਬਿਨ ਆਈ[1]।
ਪੁਨ ਤਿਮ ਹੀ ਸਭਿ ਸੀਸ ਬਿਹਾਈ[2]।
ਗਢ ਟੂਟੈ ਪੁਨ ਬਚੈ ਨ ਕੋਈ।
ਲਾਖਹੁਂ ਸੁਭਟ ਖੜਗ ਰਣ ਹੋਈ ॥੪੩॥
ਇਮ ਬਿਚਾਰ ਤੇਰੇ ਢਿਗ ਮਿਲਾ।
ਗੁਰੁ ਸਮੁਝਾਇ ਲੇਹੁ ਅਬਿ ਭਲਾ।
ਕਹਜੋ ਜੁ ਹਮਰੋ ਮਾਨਹਿਂ, ਮਿਲੀਐ।
ਨਤੁ ਤਜਿ ਦੇਸ਼ ਆਪਨੇ ਚਲੀਐ ॥੪੪॥
ਕਹਾਂ ਇਕਾਕੀ ਗੁਰ ਕਰਿ ਲੈਂਗੇ।
ਸਿਖ ਸੰਗਤਿ ਬਿਨ ਕਹਾਂ ਲਰੈਂਗੇ।
ਯਾਂ ਤੇ ਮਿਲਿ ਸਗਰੇ ਜੇ ਕਹੋ।
ਸੰਧਿ ਕਰਹੁ ਜੀਵਤਿ ਬਚ ਰਹੋ' ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਦੁਨੀਚੰਦ' ਪ੍ਰਸੰਗ ਬਰਨਨੰ ਨਾਮ ਦੁਇ ਬਿੰਸਤੀ ਅੰਸੂ ॥੨੨॥

---

[1]ਬਿਨਾਂ ਮੌਤ ਆਈ ਤੋਂ।
[2]ਫਿਰ ਤਿਵੇਂ ਹੀ ਸਾਰਿਆਂ ਦੇ ਸਿਰਾਂ ਉਤੇ ਗੁਜ਼ਰੇਗੀ।

## ੨੩. [ਦੁਨੀਚੰਦ ਨੇ ਨੱਸ ਜਾਣਾ]

੨੨<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੨੪

ਦੋਹਰਾ: ਉਦੇ ਸਿੰਘ ਜਾਨਜੋਂ ਭਲੇ-ਕਾਤੁਰ ਭਯੋ ਮਸੰਦ।
ਤ੍ਰਾਸ ਕਰਤਿ ਹੈ ਮਰਨ ਤੇ ਚਹਤਿ ਪਲਾਯੋ ਮੰਦ- ॥੧॥

ਚੌਪਈ: ਧੀਰਜ ਦੇਨਿ ਹੇਤੁ ਸੋ ਬੇਲਾ।
'ਦੁਨੀਚੰਦ ਕਜੋਂ ਉਠਿ ਮਨ ਹੌਲਾ[1]।
ਪੁਸ਼ਤਨਿ ਚਲੀ ਮਸੰਦੀ ਆਈ।
ਗੁਰ ਘਰ ਤੇ ਨਿਜ ਪਰਵ੍ਰਿਸ਼ ਪਾਈ ॥੨॥
ਸੁਖ ਦੁਖ ਭੋਗਨਿ ਇਨ ਕੇ ਹਾਥ।
ਹਮ ਤੁਮ ਕੋ ਉਚਿਤੈ ਧਰਿ ਮਾਥ।
ਸੰਗ ਮਤੰਗ ਜਿ ਤੋਹਿ ਲਰਾਵਹਿਂ।
ਤਉ ਕੇਹਰਿ ਬਲ ਤੋਹਿ ਬਨਾਵਹਿਂ ॥੩॥
[2]ਤੁਝ ਮਰਾਇ ਕਰਿ ਅਪਨਿ ਪਰਾਜੈ।
ਕਿਮ ਪ੍ਰਭੁ ਕਰਹਿਂ ਨਿਬਾਹਹਿਂ ਲਾਜੈ[2]।
ਤੂੰ ਹਾਥੀ ਕੋ ਮਾਰਹਿਂ ਜਬੈ।
ਅਧਿਕ ਬਡਾਈ ਪੈਹਹਿਂ ਤਬੈ ॥੪॥
ਅਪਨੋ ਕਾਜ ਬਨਾਵਹਿਂ ਆਪੂ।
ਤੋਹਿ ਬਧਾਵਹਿਂ ਘਨੋ ਪ੍ਰਤਾਪੂ।
ਸਾਹਿਬ ਕਾਮ ਪਰਹਿ ਜਬਿ ਆਇ।
ਇਕ ਸੇਵਕ ਪਰ ਬਿਚ ਸਮੁਦਾਇ[3] ॥੫॥
ਲਾਖਨ ਮਹਿਂ ਜਬਿ ਏਕ ਬੁਲਈਅਹਿ।
ਸਫਲ ਬਡਾਈ ਕੋ ਤਬਿ ਪਈਅਹਿ।
ਜਾਨਹਿਂ ਸੇਵਕ ਨਿਜ ਕੋ ਧੰਨ।
ਤਨ ਮਨ ਤੇ ਪਤਿ[4] ਕਰਹਿ ਪ੍ਰਸੰਨ' ॥੬॥
ਸੁਨਿ ਕਰਿ ਦੁਨੀਚੰਦ ਪੁਨ ਕਹਜੋ।
'ਹਿਤ ਸਭਿ ਕੋ ਤੈਂ ਕਜੋਂਹੁ ਨ ਲਹਜੋ।
ਭਲੀ ਦੇਹਿਂ ਮੋ ਕਉ ਵਡਿਆਈ।
ਦੁਰਦ ਬਲੀ ਜਬਿ ਚੀਰ ਬਗਾਈ ॥੭॥

---

[1]ਮਨ ਵਿਚ ਹੌਲ ਕਿਉਂ ਉਠਿਆ ਹੈ।
[2]ਤੈਨੂੰ ਮਰਵਾਕੇ ਆਪਣੀ ਹਾਰ (ਕਰਾਵਣੀ ਹੈ, ਇਹ ਗਲ) ਪ੍ਰਭੂ ਜੀ ਕੀਕੂੰ ਕਰ ਸਕਦੇ ਹਨ, ਭਰੋਸਾ ਰੱਖ ਲਾਜ ਨਿਬਾਹੁਣਗੇ।
[3]ਸਾਰੇ ਸੇਵਕਾਂ ਵਿਚੋਂ ਇਕ ਸੇਵਕ ਤੇ।
[4]ਮਾਲਕ ਨੂੰ।

ਬਿਨ ਆਈ ਮੁਝ ਕਰੈ ਪ੍ਰਹਾਰੇ।
ਮਰਿ ਹੌਂ ਇਹਾਂ ਭਾਂਗ ਕੈ ਭਾਰੇ[1]।
ਜਸੁ ਪ੍ਰਾਪਤਿ ਮੇਰੇ ਕਿਸ ਕਾਜਾ।
ਜਬਿ ਮਾਰਹਿ ਦਲ ਮਲ ਗਜਰਾਜਾ[2] ॥੮॥
ਇਨ ਕੋ ਪਿਤਾ ਸ਼ਾਂਤਿ ਚਿਤ ਹੋਵਾ।
ਇਨ ਸਮ ਉੱਗ੍ਰ ਨ ਕੋ ਗੁਰ ਜੋਵਾ।
ਜਬਿ ਨਿਜ ਤਨ ਮੈਂ ਬਲ ਕੁਛ ਲਹਜੋ।
ਨਿਤ ਉਤਪਾਤਿ ਕਰਤਿ ਹੀ ਰਹਜੋ ॥੯॥
ਸ਼ਾਰਿਮੌਰ[3] ਕੇ ਦੇਸ਼ ਲਰਾਈ।
ਸਭਿ ਰਾਜਨ ਸੰਗ ਬਿਗਰਜੋ ਜਾਈ।
ਰਾਮਰਾਇ ਕੇ ਹਤੇ ਮਸੰਦ।
ਪੁਨ ਆਯੋ ਨਿਜ ਪੁਰੀ ਅਨੰਦ ॥੧੦॥
ਲਰਨਿ ਮਰਨਿ ਮਾਰਨ ਤਿਹ ਕਾਮੂ।
ਧਰਹਿ ਸ਼ਾਂਤਿ ਚਿਤ ਥਿਰਹਿ ਨ ਧਾਮੂ।
ਅਨਿਕ ਬਾਰ ਕਰਿ ਚੁਕਜੋ ਲਰਾਈ।
ਸਭਿ ਤੇ ਕਰਹਿ ਹੀਨ ਬਡਿਆਈ[4]' ॥੧੧॥
ਸੁਨਿ ਪੁਨ ਉਦੇ ਸਿੰਘ ਸਮੁਝਾਯੋ।
'ਧੀਰਜ ਧਰਨ ਤੋਹਿ ਬਨਿ ਆਯੋ।
ਇਮ ਕਹਿਬੋ ਸਤਿਗੁਰੂ ਸੁਜਾਨੇ[5]।
ਉਚਿਤ ਨ ਤੋਕਉ, ਸਮੁਝਹੁ ਸਜਾਨੇ ! ॥੧੨॥
ਨਿਪਜਜੋ ਸਾਲ੍ਹੋ ਬੰਸ ਮਝਾਰੀ।
ਸ਼ਰਧਾ ਧਰਹੁ ਸਦਾ ਉਰ ਭਾਰੀ।'
ਕਹਿ ਗੁਰਬਖਸ਼ ਸਿੰਘ -ਸੁਨਿ ਸ਼੍ਰੋਤਾ।
ਦੁਨੀਚੰਦ ਕੈ ਹੌਲ ਉਦੋਤਾ ॥੧੩॥
ਉਦੈ ਸਿੰਘ ਕੋ ਤਜਿ ਤਤਕਾਲਾ।
ਮੁਝ ਢਿਗ[6] ਆਯਹੁ ਤ੍ਰਸਤਿ ਬਿਸਾਲਾ।
ਬੈਠਜੋ ਨਿਕਟ ਸੁਨਾਵਨਿ ਲਾਗਾ।

---

[1]ਭੰਗ ਦੇ ਭਾੜੇ ਭਾਵ ਵਿਅਰਥ।
[2]ਹਾਥੀ।
[3]ਨਾਹਨ ਸਿਰਮੌਰ (ਪਾਉਂਟਾ ਜਿੱਥੇ ਹੈ)।
[4]ਸਾਰਿਆਂ ਤੋਂ (ਆਪਣੀ) ਵਡਿਆਈ ਘਟਵਾ ਰਹੇ ਹਨ।
[5]ਇਉਂ ਤੇਰਾ ਸੁਜਾਨ ਸਤਿਗੁਰੂ ਜੀ ਨੂੰ ਕਹਿਣਾ।
[6]ਭਾਵ ਸਾਹਿਬ ਰਾਮ ਕੌਰ (ਗੁਰਬਖਸ਼ ਸਿੰਘ) ਜੀ ਪਾਸ।

'ਦੇਖਹੁ ਹਮ ਨੇ ਕਿਯ ਗੁਰ ਜਾਗਾ[1] ॥੧੪॥
ਸਗਰੀ ਸੰਗਤਿ ਚਰਨ ਝੁਕਾਈ।
ਸੋ ਅਬਿ ਪੇਸ਼ ਹਮਾਰੇ ਆਈ।
ਮਾਝੇ ਕੇ ਸਿਖ ਗਨ ਮੈਂ ਲਜਾਯੋ।
ਅਬਿ ਚਾਹਤਿ ਗਜ ਤੇ ਤੁੜਵਾਯੋ ॥੧੫॥
ਹਮ ਤੁਮ ਅਹੈਂ ਨਜੀਕੀ ਦੋਊ।
ਦੁਖ ਮਹਿਂ ਦੁਖੀ ਸੁਖੀ ਸੁਖ ਜੋਊ।
ਅਪਦਾ ਪਰੀ ਆਨਿ ਮੁਝ ਭਾਰੀ।
ਸੰਗੀ ਬਨਿ ਕੈ ਲੇਹੁ ਉਬਾਰੀ ॥੧੬॥
ਕੈ ਮਿਲਿ ਜੁੱਧ ਹਟਾਵਨ ਕਰੋ।
ਕੈ ਹੁਇ ਸੰਗ ਭਾਜ ਚਲਿ ਪਰੋ।
ਇਸ ਮਹਿਂ[2] ਗੁਰ ਕੇ ਲੱਛਨ ਕੋਇ ਨ।
ਰਹਿ ਸਮੀਪ ਅਵਿਲੋਕੇ ਲੋਇਨ[3] ॥੧੭॥
ਅਬਿ ਕਰਤਾਰਪੁਰੇ ਚਲਿ ਬਰੈਂ।
ਧੀਰਮੱਲ ਕੋ ਬਡ ਗੁਰ ਕਰੈਂ।
ਸੰਗਤਿ ਸਗਰੀ ਤਹਾਂ ਲਿਜਾਵੈਂ।
ਅਨਿਕ ਅਕੋਰਨ ਕੋ ਅਰਪਾਵੈਂ ॥੧੮॥
ਗੁਰੂ ਕਰਨਿ ਤੌਂ ਹਮਰੇ ਹਾਥਹਿ।
ਜਹਿਂ ਸੰਗਤਿ ਜੁਤਿ ਟੇਕਹਿਂ ਮਾਥਹਿ।
ਤਹਿਂ ਹੀ ਚਹੁੰਦਿਸ਼ਿ ਕੇ ਸਿਖ ਆਵੈਂ।
ਗੁਰੂ ਜਾਨਿ ਕਰਿ ਸੀਸ ਨਿਵਾਵੈਂ ॥੧੯॥
ਧੀਰਮੱਲ ਆਗੇ ਬਹੁ ਬਾਰੀ।
ਪਠੇ ਸਿੱਖ ਤੁਮ ਸਦਨ ਮਝਾਰੀ।
-ਕਲਗੀ ਜਿਗਾ ਬਾਜ ਪਠਿ ਦੀਜੈ।
ਬਡ ਉਪਕਾਰ ਮੋਹਿ ਪਰ ਕੀਜੈ ॥੨੦॥
ਚਾਹਹੁ ਦਰਬ ਮੋਹਿ ਤੇ ਜੇਤਾ।
ਬਿਨਾ ਬਿਲੰਬ ਪਠੌਂ ਅਬਿ ਤੇਤਾ।
ਤੁਮ ਘਰ ਤੇ ਮਮ ਬਡਿ ਬਡਿਆਈ।
ਬਿਦਤਹਿ ਜਗਤ ਆਇ ਸਮੁਦਾਈ- ॥੨੧॥

---

[1]ਗੁਰੂ ਜੀ ਜਗ੍ਹਾ ਅਸਾਂ (ਹੀ ਨੇ ਇਨ੍ਹਾਂ ਨੂੰ ਸਥਾਪਨ) ਕੀਤਾ ਹੈ, ਭਾਵ ਗੁਰੂ ਬਣਾਇਆ ਹੈ।
[2]ਭਾਵ ਗੁਰੂ ਗੋਬਿੰਦ ਸਿੰਘ ਜੀ ਵਿਚ।
[3]ਅਖੀਂ ਵੇਖ ਲਏ ਹਨ।

ਸਦਾ ਪ੍ਰਤੀਖਤਿ ਤੁਮ ਕੋ ਸੋਈ।
ਨਿਕਸਹੁ ਚਲਹੁ ਮਿਲਹਿਂ ਅਬਿ ਦੋਈ।
ਜੇ ਨ ਕਹ੍ਯੋ ਮਾਨਹਿਂ ਅਬਿ ਮੇਰਾ।
ਸੁਨੀਅਹਿ ਜਿਮ ਹੁਇ ਕਸ਼ਟ ਬਡੇਰਾ ॥੨੨॥
ਨਿਸਾ ਬਿਤੇ ਹੋਵਤਿ ਭੁਨਸਾਰਾ।
ਢੋਵਹਿਂ ਮਸਤ ਮਤੰਗ ਉਦਾਰਾ।
ਲਾਖਹੁਂ ਸੁਭਟ ਸੰਗ ਲੈ ਰਾਜੇ।
ਤੋਰਹਿਂ ਤੁਰਤ ਆਨਿ ਦਰਵਾਜੇ ॥੨੩॥
ਜੋ ਸਨਮੁਖ ਹੁਇ ਸੋ ਕਟਿ ਜੈਹੈ।
ਦੀਨ ਭਏ ਤੇ ਰਿਪੁ ਗਹਿ ਲੈਹੈਂ।
ਕਰਿ ਕੈ ਕੈਦ ਸੁ ਦੇਹਿਂ ਸਜਾਈ।
ਬੰਧਿ ਜੇਲ ਦਿੱਲੀ ਪਹੁਂਚਾਈ[੧] ॥੨੪॥
ਜਹਿਂ ਸਹਾਇਤਾ ਕਿਸ ਕੀ ਨਾਂਹੀ।
ਪਰਹੁ ਕੈਦ ਤਹਿਂ ਹੀ ਮਰਿ ਜਾਂਹੀ।
ਇਮ ਬਿਚਾਰ ਮਮ ਸਾਥ ਗਹੀਜੈ[੨]।
ਨਿਸਾ ਤਿਮਰ ਗਾਢੋ ਲਖਿ ਲੀਜੈ ॥੨੫॥
ਚਲਹੁ ਪਲਾਇਨ ਹ੍ਵੈ ਇਸ ਬਾਰੇ।
ਸਿਖ ਮਾਝੇ ਕੇ ਸੰਗ ਹਮਾਰੇ।
ਲੇ ਕਰਿ ਦਾਮ ਲਟਕ ਪਿਛਵਾਰੇ[੩]।
ਚਲਹਿਂ ਉਤਰ ਕਰਿ ਬਹੁਰ ਸੁਖਾਰੇ ॥੨੬॥
ਘੇਰਾ ਹਟ੍ਯੋ ਨ ਕੋ ਅਟਕਾਵੈ।
ਅਸ ਅਵਸਰ ਪੁਨ ਹਾਥ ਨ ਆਵੈ।'
ਇੱਤ੍ਯਾਦਿਕ ਮੈਂ[੪] ਸੁਨਿ ਕਰਿ ਜਾਨੀ।
-ਗੁਰ ਮਾਇਆ ਹੈ ਮਹਦ ਮਹਾਨੀ[੫] ॥੨੭॥
ਸੁਰ ਨਰ ਜਿਸ ਨੇ ਸਭਿ ਬਿਰਮਾਏ।
ਏ ਬਪੁਰਾ ਕਜਾ ਤਿਸ ਅਗੁਵਾਏ।

---

[੧]ਬੰਨ੍ਹਕੇ ਦਿੱਲੀ ਕੈਦਖਾਨੇ ਪਹੁੰਚਾ ਦੇਣਗੇ [ਅੰਗ੍ਰੇਜ਼ੀ ਜੇਹਲ = ਕੈਦਖਾਨਾ] (ਅ) ਰਸਿਆਂ ਨਾਲ ਬੰਨ੍ਹਕੇ ਦਿੱਲੀ ਪਹੁੰਚਾ ਦੇਣਗੇ। [ਹਿੰਦੀ, ਜੇਲ = ਰੱਸਾ ਜਿਸ ਨਾਲ ਬਹੁਤੇ ਕੈਦੀ ਇਕ ਕਤਾਰ ਵਿਚ ਬੰਨ੍ਹੇ ਜਾਣ (ਕੋਸ਼ ਸ਼ੈਕ: ਪੰਨਾ ੮੩੭)]।
[੨]ਮੇਰਾ ਸਾਥ ਫੜੋ।
[੩]ਰੱਸਾ ਲੈਕੇ (ਕਿਲੇ ਦੇ) ਪਿਛਵਾੜੇ ਵਲ ਲਟਕਾਕੇ।
[੪]ਸਾਹਿਬ ਰਾਮ ਕੌਰ ਜੀ ਕਹਿ ਰਹੇ ਹਨ-
[੫]ਗੁਰ ਕੀ ਮਾਇਆ ਬਹੁਤ ਭਾਰੀ ਹੈ।

ਕੋ ਮਸੰਦ ਰਹਿਬੇ ਨਹਿਂ ਪਾਵੈ।
ਗਯੋ ਲੋਕ ਪਰਲੋਕ ਗਵਾਵੈ ॥੨੮॥
ਪੂਜਾ ਕੇ ਗਟਾਕ[1] ਇਨ ਖਾਏ।
ਭਰਮਜੋ ਮੂਰਖ ਚਹਤਿ ਪਲਾਏ।
ਸ਼੍ਰੀ ਸਤਿਗੁਰ ਕੋ ਨਰ ਕਰਿ ਜਾਨੈ।
'ਮਰੌਂ ਨ ਕਜੋਂ' ਛਲ ਬਲ ਕੋ ਠਾਨੈ[2] ॥੨੯॥
ਸਿਖ ਸਾਲ੍ਹੋ ਕਾ ਨਾਮ ਬਿਗਾਰਾ।
ਕਰਹਿ ਕਲੰਕਤਿ ਕੁਲੀ ਉਦਾਰਾ[3]।
ਮੁਝ ਕੋ ਅਪਨੇ ਸੰਗ ਮਿਲਾਵੈ।
ਆਪ ਗਯੋ ਪੁਨ ਔਰ ਗਵਾਵੈ ॥੩੦॥
ਇਸ ਤੇ ਆਛੀ ਉਪਜਤਿ ਕੰਨਜਾਂ।
ਕਿਸ ਕੋ ਬੰਸ ਵਧਾਵਤਿ ਧੰਨਜਾਂ।
ਗਈ ਮਸੰਦਨ ਕੀ ਜਰ ਜਾਨੀ[4]।
ਕਿਮ ਨਹਿਂ ਸਫਲਹਿ ਸ਼੍ਰੀ ਗੁਰੁ ਬਾਨੀ[5]- ॥੩੧॥
ਇਮ ਬਿਚਾਰ ਮੈਂ ਪੁਨ ਸਮੁਝਾਯੋ।
'ਗੁਰ ਕਰਤਾਰ ਰੂਪ ਹ੍ਵੈ ਆਯੋ।
ਸਰਬ ਕਲਾ ਸਮਰਥ ਬਲਿ ਭਾਰੀ।
ਸਿਰਜ ਸੰਘਾਰਕ ਸ੍ਰਿਸ਼ਟੀ ਸਾਰੀ ॥੩੨॥
ਏਕ ਬਾਕ ਤੇ ਸਭਿ ਕਿਛ ਕਰੈਂ।
ਜਗਤ ਸੁਰਾਸੁਰ ਜਿਸ ਅਨੁਸਰੈ।
ਤੁਝ ਕੋ ਮਰਨ ਦੇਹਿਂ ਕਿਮ ਨਾਂਹੀ।
ਬਨਹਿਂ ਸਹਾਇਕ ਦੁਸ਼ਮਨ ਮਾਂਹੀ ॥੩੩॥
ਦੰਤਨਿ ਬਿਖੈ ਜੀਭ ਬਚ ਰਹੈ।
ਅਪਰ ਪਰਹਿ ਮੁਖ ਚਰਬਨ ਲਹੈ[6]।
ਤਿਮ ਸੇਵਕ ਕੇ ਸਦਾ ਸਹਾਇਕ।
ਰਾਖਹਿਂ ਬਿਚ ਰਿਪੁ ਗਨ ਜੇ ਘਾਯਕ[7] ॥੩੪॥

---

[1]ਗੱਫੇ।
[2]'ਕਿਵੇਂ ਮੈਂ ਨਾ ਮਰਾਂ' ਇਸੀ ਲਈ ਛਲ ਵਲ ਕਰਦਾ ਹੈ।
[3]ਉੱਚੀ ਕੁਲ ਨੂੰ।
[4](ਜਾਨ ਲਈ ਹੈ ਮੈਂ) ਕਿ ਮਸੰਦਾਂ ਦੀ ਜੜ ਗਈ।
[5]ਗੁਰੂ ਜੀ ਦੀ ਬਾਣੀ ਕਿਵੇਂ ਨਾ ਸਫਲੇਗੀ ਭਾਵ ਸਫਲ ਹੋਵੇਗੀ।
[6]ਹੋਰ ਕੁਛ ਮੁਖ ਵਿਚ ਪਵੇ ਤਾਂ ਚੱਬਿਆ ਜਾਂਦਾ ਹੈ।
[7]ਜੋ ਨਾਸ਼ ਕਰਨ ਵਾਲੇ ਸ਼ੱਤ੍ਰੂ ਹਨ ਉਨ੍ਹਾਂ ਵਿਚੋਂ ਬਚਾ ਰੱਖਣਗੇ।

ਨਿਸ਼ਚਾ ਧਰਹੁ ਜਥਾ ਗਿਰ ਕੂਟੰ[1]।
ਤੂੰ ਸਜਾਨੋ ਕੈਸੇ ਚਿਤ ਛੂਟੰ[2]?
ਅਪਰਨ ਕੋ ਸਮੁਝਾਵਨ ਹਾਰੋ।
ਨਹਿੰ ਡੋਲਹੁ, ਬੋਲਹੁ ਬੁਧਿ ਭਾਰੋ' ॥੩੫॥
ਇੱਤਜਾਦਿਕ ਮੈਂ ਬਹੁ ਕਹਿ ਰਹਜੋ।
-ਬਨਹਿ ਨ ਸੰਗੀ- ਜਬਿ ਤਿਨ ਲਹਜੋ।
ਤੂਸ਼ਨਿ ਹੁਇ ਗਮਨਜੋ ਨਿਜ ਡੇਰੇ।
ਟਿਕਜੋ ਨ ਜੈ ਹੈ ਚਿੰਤ ਘਨੇਰੇ ॥੩੬॥
ਅਪਨੀ ਸੰਗਤਿ ਸਕਲ ਬੁਲਾਈ।
'ਮਾਰਨ ਮਰਨ ਇਹਾਂ ਦੁਖਦਾਈ।
ਕਜੋਂ ਨਾਹਕ ਨਿਜ ਪ੍ਰਾਨ ਗਵਾਵੋ।
ਹੋਤਿ ਪ੍ਰਾਤਿ ਕੇ ਸਭਿ ਬਿਨਸਾਵੋ ॥੩੭॥
ਇਨ ਕੇ ਨਿਕਟ ਕਰੈਂ ਰਹਿ ਕਹਾਂ[3]।
ਦਿਵਸ ਜਾਮਨੀ ਸੰਕਟ ਮਹਾਂ।
ਜੀਵਤਿ ਚਲਹੁ ਅਪਨਿ ਘਰ ਮਾਂਹੀ।
ਇਹਾਂ ਪ੍ਰਾਨ ਕਜੋਂਹੂੰ ਬਚਿ ਨਾਂਹੀ ॥੩੮॥
ਅਬਿ ਪਲਾਇ ਜੇ ਸਦਨ ਸਿਧਾਰੈਂ।
ਸੁਖ ਕੇ ਸੰਗ ਮਿਲਹਿੰ ਪਰਿਵਾਰੈਂ।
ਸੋਢੀ ਅਪਰ ਗੁਰੂ ਕਰਿ ਲੈ ਹੈਂ।
ਰਾਮਦਾਸ ਕੀ ਕੁਲ ਕੋ ਪੈ ਹੈਂ[4]' ॥੩੯॥
ਇੱਤਜਾਦਿਕ ਮੂਰਖ ਸਿਖਰਾਏ।
ਭਾਜ ਚਲਨਿ ਕੋ ਬਜੋਂਤ ਬਨਾਏ।
ਜਹਿੰ ਕਹਿੰ ਤੇ ਲੇ ਦਾਮ ਬਟੋਰ[5]।
ਅਰਧ ਰਾਤ੍ਰਿ ਤਮ ਪਸਰਜੋ ਘੋਰ ॥੪੦॥
ਟਿਕੇ ਗੁਰੂ ਸਿਖ ਸੇਵਕ ਸਾਰੇ।
ਜਾਗਹਿੰ ਜਿਤ ਕਿਤ ਨਰ ਕੀ ਰਾਰੇ[6]।
ਟਾਂਵੀ ਤੁਪਕ ਚਲੈ ਕਬਿ ਕਬੈ।

---

[1]ਪਹਾੜ ਦੀ ਚੋਟੀ ਵਾਂਙੂ ਭਾਵ ਅਟੱਲ ਨਿਸ਼ਚਾ।
[2]ਕਿਉਂ ਦਿਲ ਛੱਡ ਬੈਠਾ ਹੈ।
[3]ਰਹਿਕੇ ਕੀ ਕਰਾਂਗੇ।
[4]ਕੁਲ ਦਾ ਲੱਭਾਂਗੇ।
[5]ਰੱਸੇ ਕੱਠੇ ਕੀਤੇ।
[6]ਰਾਖੇ, ਪਹਿਰੇਦਾਰ [ਅ:, ਰਾਈ = ਰਾਖਾ]। (ਅ) ਰਾਰ ਕੇ ਨਰ = ਲੜਨ ਵਾਲੇ ਪੁਰਖ।

ਦਿਸ਼ਾ ਦੂਸਰੀ ਤੇ ਹਟਿ ਸਬੈ ॥੪੧॥
ਜਿਤ ਦਿਸ਼ਿ ਜਾਨਜੋ ਨਰ ਨਹਿਂ ਰਹੈ।
ਅਵਸਰ ਭਾਗਨਿ ਕੋ ਤਬਿ ਲਹੈ।
ਦ੍ਵਾਰੇ ਕੋ ਨਿਕਸਜੋ ਨਹਿਂ ਜਾਈ।
ਗਹੈਂ[੧] ਸਿੰਘ ਇਤ ਉਤ ਸਮੁਦਾਈ ॥੪੨॥
ਛੂਛ ਮੋਰਚਾ ਕਰਜੋ ਪਹਾਰੀ[੨]।
ਅੰਤਰ ਜਹਿਂ ਮਝੈਲ ਥਿਰ ਕਾਰੀ[੩]।
ਤਹਿਂ ਕੋ ਬਰਤ ਪਾਇ ਲਟਕਾਵਾ[੪]।
ਅਰਧਿਕ ਉਤਰਿ ਗਏ ਤਰ ਥਾਵਾ[੫] ॥੪੩॥
ਦੁਨੀਚੰਦ ਜਿਸ ਤਨ ਬਹੁ ਪੀਨਾ।
ਉਤਰਨਿ ਹੇਤੁ ਸੁ ਬ੍ਰਤ[੬] ਗਹਿ ਲੀਨਾ।
ਸਨੇ ਸਨੇ ਤਬਿ ਉਤਰਤਿ ਭਯੋ।
ਅਰਧਿਕ ਜਬੈ ਲਟਕਤੋ ਗਯੋ ॥੪੪॥
ਮਹਾਂ ਭਾਰ ਨਹਿਂ ਦਾਮ ਸਹਾਰਾ।
ਟੂਟਿ ਤੜਾਕ[੭] ਗਯੋ ਤਿਸ ਬਾਰਾ।
ਪੁਨ ਕੁਛ ਗਹਜੋ ਗਯੋ ਨਹਿਂ ਕਰ ਤੇ।
ਗਿਰਜੋ ਤੁਰਤ, ਬਹੁ ਰਹੇ ਸੰਭਰਤੇ[੮] ॥੪੫॥
ਏਕ ਜਾਂਘ ਕੇ ਭਾਰ ਗਿਰਜੋ ਜਬਿ।
ਲਗੀ ਚੋਟ ਸੋ ਟੂਟਿ ਗਈ ਤਬਿ।
ਤ੍ਰਾਸ ਕਰਤਿ ਨਹਿਂ ਬੋਲਜੋ ਊਚੇ।
[੯]ਸੁਨਿ ਖਰਕੇ ਜੋ ਸੰਗਿ ਪਹੂਚੇ ॥੪੬॥
ਡਰਤਜੋਂ ਤੁਰਤ ਉਠਾਵਨਿ ਕਰਜੋ[੧੩]।
ਗਮਨਜੋ ਸ਼ੀਘ੍ਰ ਸੀਸ ਬਹੁ ਧਰਜੋ[੧੦]।
ਮੰਜੇ ਪਰ ਉਠਾਇ ਲੇ ਗਏ।

---

[੧]ਫੜ ਲੈਣਗੇ।
[੨](ਬਾਹਰੋਂ ਜਿਸ ਪਾਸਿਓਂ) ਪਹਾੜੀਏ ਮੋਰਚਾ ਖਾਲੀ ਕਰ ਗਏ ਸਨ।
[੩](ਉਸ ਪਾਸੋਂ ਦੇ) ਅੰਦਰ ਜਿਥੇ ਮਝੈਲ ਇਸਥਿਤ ਸਨ।
[੪]ਤਿਸ (ਮੋਰਚੇ ਦੇ ਪਾਸੇ) ਵਲ ਰੱਸਾ ਪਾ ਕੇ ਲਟਕਾਇਆ [ਹਿੰ:, ਬਰਤ = ਰੱਸਾ]।
[੫]ਹੇਠਾਂ ਥਾਂਵ ਨੂੰ।
[੬]ਰੱਸਾ।
[੭]ਤੜੱਕ ਕਰਕੇ।
[੮]ਬਹੁਤ ਸੰਭਾਲਦੇ ਰਹੇ।
[੯]ਸੰਗੀ ਜੋ ਪੁੱਜ ਚੁੱਕੇ ਸਨ (ਉਨ੍ਹਾਂ ਨੇ) ਖੜਾਕ ਸੁਣਕੇ ਡਰਦਿਆਂ ਛੇਤੀ ਚੁੱਕ ਲਿਆ।
[੧੦]ਬਹੁਤਿਆਂ ਦੇ ਸਿਰ ਚਾਇਆ ਹੋਯਾ।

ਪਿਛਲੇ ਉਤਰਿ ਮੇਲ ਸਭਿ ਕਿਏ[1] ॥੪੭॥
ਸ਼੍ਰੀ ਅੰਮ੍ਰਿਤਸਰ ਪੰਥ ਪਧਾਰੇ।
ਮਿਲੇ ਮਝੈਲ ਜਾਤਿ[*] ਡਰ ਧਾਰੇ।
ਹੋਤਿ ਪੀਰ ਬਹੁ ਚਲਤਿ ਉਠਾਏ।
ਹਾਇ ਹਾਇ ਬੋਲਤਿ ਦੁਖ ਪਾਏ ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਦੁਨੀਚੰਦ ਭਾਜਨ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥੨੩॥

---
[1] ਭਾਵ ਮਿਲ ਪਏ।
[*] ਪਾ:-ਜੈਤ।

## ੨੪. [ਦੁਨੀਚੰਦ ਦੀ ਮੌਤ]

੨੩<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੨੫

ਦੋਹਰਾ: ਭਈ ਭੋਰ ਪ੍ਰਭੁ ਜਾਗਿ ਕੈ, ਸੌਚ ਸ਼ਨਾਨ ਸ਼ਰੀਰ।
ਬਸਤ੍ਰ ਸ਼ਸਤ੍ਰ ਕੋ ਪਹਿਰ ਕਰਿ, ਬੈਠੇ ਗੁਨੀ ਗਹੀਰ ॥੧॥
ਚੌਪਈ: ਮੰਗਲ ਪ੍ਰਾਤਿਕਾਲ ਕੇ ਭਏ।
ਸੰਖ ਸ਼ਬਦ ਧੁਨਿ ਬਾਜਨਿ ਕਿਏ।
ਆਸਾਵਾਰ ਭੋਗ ਕਹੁ ਪਾਏ।
ਸਭਿ ਸਿੰਘਨਿ ਸੁਨਿ ਸੀਸ ਨਿਵਾਏ ॥੨॥
ਬਾਜ ਉਠ੍ਯੋ ਰਣਜੀਤ ਨਗਾਰਾ।
ਪ੍ਰਭੁ ਕੀ ਜੀਤ ਜਨਾਵਨ ਵਾਰਾ।
ਇਤ ਉਤ ਤੇ ਚਲਿ ਕਰਿ ਗਨ ਸਿੰਘ।
ਦਰਸਹਿਂ ਸਤਿਗੁਰ ਗੋਬਿੰਦ ਸਿੰਘ ॥੩॥
ਖੜਗ ਸਿਪਰ ਜਮਧਰ ਸਰ ਤਰਕਸ਼।
ਤੋਮਰ ਤੁਪਕ ਤਬਰ ਕਟ ਕਸਿ ਕਸਿ।
ਬੈਠਹਿਂ ਆਨਿ ਨਿਕਟ ਸਮੁਦਾਈ।
ਸ਼ਮਸ ਸੁਧਾਰਤਿ ਮੂਛ ਉਠਾਈ[1] ॥੪॥
ਉਤ ਗਿਰਪਤਿਨਿ ਦੁੰਦਭੀ ਵਾਏ।
ਢੋਲ ਸਮੂਹ ਡੰਕ ਢਮਕਾਏ।
ਰਣ ਸਿੰਙੇ ਤੁਰਤੀ ਬਜਵਾਏ।
ਪਟਹਿ ਨਫੀਰੀ ਜੇ ਸਮੁਦਾਏ ॥੫॥
ਮਹਾਂ ਕੁਲਾਹਲ ਦਲ ਮਹਿਂ ਹੋਵਾ।
ਉਤਸਾਹਤਿ ਚਾਹਤਿ ਗਜ ਢੋਵਾ।
ਸਭਿ ਪਰ ਸਤਿਗੁਰ ਦ੍ਰਿਸ਼ਟਿ ਚਲਾਈ।
ਨਹਿਂ ਮਝੈਲ ਕੋ ਪਰਯੋ ਦਿਖਾਈ ॥੬॥
'ਮੱਟੂ ਸੇਵਾ ਸਿੰਘ ਜਿ ਆਦਿ।
ਨਹਿਂ ਆਯੋ ਕਹਾ ਭਯੋ ਵਿਖਾਦ?'
ਇਤਨੇ ਕਹਤਿ ਸਿੰਘ ਦੁਇ ਆਏ।
ਨਮੋ ਕਰਤਿ ਹੀ ਬਾਕ ਸੁਨਾਏ ॥੭॥
'ਮਹਾਰਾਜ! ਸੰਗ ਲਏ ਮਝੈਲ।
ਦੁਨੀਚੰਦ ਭਾਜਯੋ, ਨਿਸ ਗੈਲ[2]।

---

[1]ਦਾੜ੍ਹਾ ਸੁਧਾਰਦੇ ਤੇ ਮੁੱਛਾਂ ਨੂੰ ਤਾਉ ਦੇਂਦੇ ਹਨ।
[2]ਰਾਤੀਂ ਰਾਹ ਪੈ ਕੇ।

ਚਹਯੋ ਆਪ ਨੇ ਰਣ ਕੋ ਪ੍ਰੇਰਨਿ।
ਮਸਤ ਮਤੰਗ ਸੰਗ ਤਿਹਿਂ ਭੇਰਨ ॥੮॥
ਤਿਸ ਤੇ ਤ੍ਰਾਸ ਧਾਰਿ ਭਜਿ ਗਯੋ।
ਅਪਰ ਨ ਕਾਰਨ ਕੁਛ ਲਖਿ ਪਯੋ।
ਮਰਿਬੇ ਕੋ ਡਰ ਧਰਿ ਉਰ ਭਾਗਾ।
ਮੰਦ ਮਸੰਦ ਮਹਿਦ ਦੁਰਭਾਗਾ' ॥੯॥
ਸੁਨਿ ਸਤਿਗੁਰ ਤਬਿ ਬਾਕ ਉਚਾਰੇ।
'ਭਾਗਯੋ ਮੂੜ੍ਹ ਕਾਲ ਡਰ ਧਾਰੇ।
ਤਹਿਂ ਭੀ ਤਿਸ ਕੋ ਕਾਲ ਅਗਾਰੀ।
ਮਾਰਹਿਂ, ਕਹਾਂ ਜਾਹਿ ਡਰ ਧਾਰੀ ॥੧੦॥
[1]ਭਾਜ ਗਯੋ ਤਿਸ ਭਾਜਨਿ ਦੇਹੁ।
ਕਹਾਂ ਕਰਹੁ ਤਿਸ ਸੰਗ ਸਨੇਹੁ[1]।
ਜੋ ਸਨਮੁਖ ਹੁਇ ਇਹਠਾਂ ਰਹਯੋ।
ਤਿਸ ਕੋ ਮੇਲ ਲੇਹੁ[2] ਸੁਖ ਲਹਯੋ ॥੧੧॥
ਸਭਿ[3] ਮਝੈਲ ਰਣ ਕੇ ਡਰ ਭਾਗੇ।
ਇਸ ਕੋ ਫਲ ਲਾਗੇ ਤਿਨ ਆਗੇ।
ਨਿਸ ਦਿਨ ਜੰਗ ਗਰੇ ਤਿਨ ਪਰੇ।
ਰੁਟੀਆ ਹਾਥ ਅਏ ਜਬਿ ਲਰੇ[4] ॥੧੨॥
ਗੁਰ ਘਰ ਤੇ ਜਿਸ ਦੁਖ ਕਰਿ ਗਏ।
ਸੋ ਦੁਖ ਤਿਨ ਕੇ ਨਿਤ ਗਰ ਪਏ।
ਇਹਾਂ ਧਰਹਿਂ ਜਿਸ ਕੇ ਸਿਰ ਹਾਥਾ।
ਹਾਥੀ ਕਹਾਂ ਲਰਹਿ ਜਮ ਸਾਥਾ[5]' ॥੧੩॥
ਇਮ ਦੇ ਸ਼੍ਰਾਪ ਗੁਰੂ ਚੁਪ ਰਹੇ।
ਸਭਿ ਸਿੰਘਨ ਕੀ ਦਿਸ਼ਿ ਕੋ ਲਹੇ।
ਦੁਨੀਚੰਦ ਕੀ ਸੁਨੀਅਹਿ ਕਥਾ।
ਤਿਹ ਸੰਗ ਬਿਤੀ ਜਾਇ ਕਰਿ ਜਥਾ ॥੧੪॥
ਮੰਚ ਪਾਇ ਸਿਰ ਲਯੋ ਉਠਾਇ।

---

[1]ਜੋ ਨੱਸ ਗਿਆ ਉਸ ਨੂੰ ਨੱਸ ਜਾਣ ਦਿਓ ਉਸ ਨਾਲ ਕੀਹ ਹਿਤ ਕਰਨਾ ਹੋਇਆ।
[2]ਉਸ ਨੂੰ ਜੋ ਸਨਮੁਖ ਹੋਕੇ ਏਥੇ ਰਹਿ ਗਿਆ ਹੈ ਮੇਲ ਲਓ, ਭਾਵ ਉਸ ਨੂੰ ਜਵਾਬ ਨਾ ਦਿਓ ਕਿ ਇਹ ਬੀ ਮਝੈਲ ਹੈ ਤੇ ਇਸ ਨੂੰ ਕੱਢ ਦਿਓ।
[3]ਪਿਛਲੀ ਤੁਕ ਮੂਜਬ ਇਸ 'ਸਭ' ਦਾ ਅਰਥ 'ਓਹ ਸਾਰੇ ਜੋ ਨੱਸ ਗਏ ਹਨ' ਲੈਣਾ ਚਾਹੀਏ।
[4]ਜਦ ਲੜਨਗੇ ਤਾਂ ਹੀ ਰੋਟੀ ਹੱਥ ਆਵੇਗੀ।
[5]ਹਾਥੀ ਕੀ ਸ਼ੈ ਹੈ ਉਹ ਜਮ ਨਾਲ ਲੜੇਗਾ।

ਟੂਟੀ ਟਾਂਗ ਹਾਇ ਬਿਲਲਾਇ।
ਸ਼੍ਰੀ ਅੰਮ੍ਰਿਤਸਰ ਪਹੁੰਚੇ ਜਾਈ।
ਬਰਜੋ ਸਦਨ ਅਪਨੇ ਉਤਰਾਈ ॥੧੫॥
ਮਨ ਮਹਿਂ ਕਹੈ -ਮਿਲਿਨਿ ਸਿਖ ਆਵੈਂ।
ਭਾਜਜੋ ਸੁਨਿ ਕੈ ਮੋਹਿ ਲਜਾਵੈਂ[1]-।
ਯਾਂ ਤੇ ਨਿਜ ਸਬੰਧੀਅਨਿ ਕਹਜੋ।
'ਚੋਟ ਲਗੀ ਮੈਂ ਬਹੁ ਦੁਖ ਲਹਜੋ ॥੧੬॥
ਘਰ ਕੇ ਅੰਤਰ ਮੰਚ ਡਸਾਵਹੁ।
ਮੋ ਢਿਗ ਬਹੁਤ ਨ ਆਵਹੁ ਜਾਵਹੁ।
ਭਲਾ ਨ ਭਾਵਹਿ ਮਿਲਨੋ ਮੋਹੀ।
ਅੰਤਰ ਰਹਜੋ ਤੂਸ਼ਨੀ ਹੋਹੀ' ॥੧੭॥
ਇਮ ਸੁਨਿ ਕੈ ਤਿਸ ਪੌਤ੍ਰੇ ਦੋਇ।
ਅੰਦਰ ਜਾਇ ਪਵਾਯੋ ਸੋਇ।
ਸੁਨਿ ਸੁਨਿ ਸਭਿ ਕੇ ਬਹੁ ਅਪਵਾਦਾ[2]।
-ਗੁਰ ਤਜਿ ਭਾਗਜੋ ਜਾਨਿ ਬਿਖਾਦਾ ॥੧੮॥
ਪੁਸ਼ਤਨਿ ਲੌ ਗੁਰ ਘਰ ਕੇ ਪਾਰੇ।
ਭਯੋ ਬ੍ਰਿੱਧ ਮ੍ਰਿਤੁ ਕੋ ਡਰ ਧਾਰੇ।
ਸਿਖ ਸਾਲ੍ਹੋ ਕਾ ਨਾਮ ਗਵਾਯੋ।
ਗੁਰ ਆਗੈ ਰਹਿ ਬਹੁ ਸੁਖ ਪਾਯੋ ॥੧੯॥
ਜੀਵਨ ਸਦਾ ਅਪਨਿ ਇਨ ਜਾਨਾ।
ਅਬਿ ਪ੍ਰਭੁ ਤੇ ਹੁਇ ਗਯੋ ਬਿਰਾਨਾ[3]-।
ਸ਼੍ਰੀ ਅੰਮ੍ਰਿਤਸਰ ਕੇ ਸਿਖ ਆਵੈਂ।
ਮਿਲਹਿਨ ਕਿਹ ਸੋਂ ਮੁਖ ਨ ਦਿਖਾਵੈ ॥੨੦॥
ਲਗੀ ਚੋਟ ਕੋ ਲੇਤਿ ਬਹਾਨਾ।
'ਪਰਜੋ ਮੰਚ ਪਰ ਚਿੰਤ ਮਹਾਨਾ।'
ਅਪਰ ਜਿ ਭਾਜੇ ਸੰਗ ਮਝੈਲ।
ਸਭਿ ਕੋ ਹੁਇ ਧਿਕਾਰ ਤਿਸ ਗੈਲ[4] ॥੨੧॥
ਕੇਤਿਕ ਪਸ਼ਚਾਤਪ ਕਰੰਤੇ।

---

[1](ਜਿਹੜੇ) ਸਿਖ ਮੈਨੂੰ ਮਿਲਨ ਆਉਣਗੇ ਨਠਿਆ ਸੁਣਕੇ ਮੈਨੂੰ ਸ਼ਰਮਿੰਦਾ ਕਰਨਗੇ।
[2]ਬਹੁਤੀ ਨਿੰਦਾ ਸੁਣਦੇ ਹਨ:-।
[3]ਬਿਗਾਨਾ।
[4]ਤਿਸ ਦੇ ਪਿੱਛੇ। (ਅ) ਤਿਸ ਦੇ ਨਾਲ।

ਨਹਿਂ ਸੰਗਤਿ ਮਹਿਂ ਮੁਖ ਦਿਖਰੰਤੇ।
'ਹਮ ਤੇ ਬੁਰੀ ਕਾਰ ਹੁਇ ਗਈ।
ਇਤ ਕੀ ਗੁਰ ਸਿੱਖੀ ਲਘੁ ਭਈ[੧]' ॥੨੨॥
ਸਭਿ ਦਿਨ ਬੀਤ ਗਯੋ ਦੁਖ ਪਾਵਤਿ[੨]।
ਤਮ ਮਹਿਂ ਪਰਜੋ ਨ ਬਦਨ ਦਿਖਾਵਤਿ।
ਭਈ ਜਾਮਨੀ ਜਬਹੂੰ ਆਇ।
ਉਠਯੋ ਤਜਨਿ ਮਲ ਕੋ[੩] ਤਿਸ ਥਾਂਇ ॥੨੩॥
ਮੰਚ ਤਰੈ ਜਬਿ ਪੈਰ ਉਤਾਰਾ।
ਹੁਤੋ ਤਹਾਂ ਪੰਨਗ ਬਡ ਕਾਰਾ।
ਦਬੀ ਪੂੰਛ ਤੇ ਬਹੁ ਫੁੰਕਾਰਾ।
ਡਸਜੋ ਤਬੈ ਕੋਪਜੋ ਉਰ ਭਾਰਾ ॥੨੪॥
'ਹਾਇ ਹਾਇ' ਕਰਿ ਨਿਕਸਜੋ ਤਬੈ।
ਦੇਖਤਿ ਭਏ ਸੰਬੰਧੀ ਸਬੈ।
ਦੌਰੈ ਉਪਚਾਰਨ ਕੌ[੪] ਜਿਤ ਕਿਤ।
ਕਹਾਂ ਹੋਤਿ ਤਿਸ ਤੇ, ਤਤਛਿਨ ਹਤਿ[੫] ॥੨੫॥
ਭਈ ਪ੍ਰਭਾਤਿ ਦਾਹ ਕਰਿ ਦੀਨਾ।
ਗੁਰ ਤੇ ਬੇਮੁਖ ਜੀਵਨ ਹੀਨਾ[੬]।
ਬਹੁਰ ਅਧੋਗਤਿ ਪ੍ਰਾਪਤਿ ਹੋਵਾ।
ਕਰਹਿਂ ਧਿਕਾਰਨਿ ਜਿਨ ਸਿਖ ਜੋਵਾ ॥੨੬॥
ਤਹਿਂ ਬਚ ਰਹਤਿ ਬਿਜੈ ਕੋ ਪਾਵਤਿ।
ਸਕਲ ਪੰਥ ਦੀਰਘ ਜਸੁ ਗਾਵਤਿ।
ਮਿਰਤ ਨ ਟਰਤਿ ਬਿਮੁਖ ਹ੍ਵੈ ਮਰਜੋ।
ਬਹੁ ਮਤਿਮੰਦ ਨਰਕ ਮੈਂ ਪਰਜੋ' ॥੨੭॥
ਦੁਇ ਪੌਤ੍ਰੇ ਸੁਨਿ ਸੁਨਿ ਅਪਵਾਦਾ।
ਨਹੀਂ ਸਹਾਰਤਿ ਹੋਤਿ ਬਿਖਾਦਾ।
ਨਾਮ ਸਰੂਪ ਸਿੰਘ ਇਕ ਕੇਰਾ।
ਦੁਤਿਯ ਅਨੂਪ ਸਿੰਘ ਤਿਸ ਬੇਰਾ ॥੨੮॥

---

[੧]ਭਾਵ ਮਾਝੇ ਵਲ ਦੀ ਸਿੱਖੀ ਲਈ ਸ਼ਰਮਿੰਦਗੀ ਦੀ ਗਲ ਹੋਈ ਹੈ।
[੨]ਭਾਵ ਦੁਨੀਚੰਦ ਨੂੰ।
[੩]ਪਖਾਨੇ ਜਾਣ ਲਈ।
[੪]ਇਲਾਜਾਂ ਵਾਸਤੇ।
[੫]ਹੁਣ ਦੌੜਨ ਭੱਜਣ ਨਾਲ ਕੀਹ ਬਣਦਾ ਸੀ, ਝਟ ਮਰ ਗਿਆ।
[੬]ਗੁਰ ਤੇ ਬੇਮੁਖ ਹੋਕੇ ਮਰਿਆ।

ਕਟ ਕਸਿ ਕੈ ਗੁਰ ਦਿਸ਼ਿ ਚਲਿ ਪਰੇ।
ਦੋਸ਼ ਪਿਤਾਮਾ ਕੋ ਬਡ ਧਰੇ।
ਜੋ ਮਝੈਲ ਸ਼ਰਧਾ ਧਰਿ ਮਿਲੇ।
ਲੇ ਕਰਿ ਸੰਗ ਅਨੰਦਪੁਰ ਚਲੇ* ॥੨੯॥
ਦੁਨੀਚੰਦ ਕੀ ਇਮ ਭੀ ਕਥਾ।
ਕਲ਼ਗੀਧਰ ਕੀ ਸੁਨਿਅਹਿ ਜਥਾ।
ਛੁਟਹਿਂ ਲੋਹਗੜ ਦਿਸ਼ਾ ਤੁਫੰਗ।
ਢੁਕੇ ਮੋਰਚੇ ਨਿਕਟ ਨਿਸੰਗ ॥੩੦॥
ਅਨੀ ਘਨੀ ਸੈਲਿਦ੍ਰੰਨ ਕੇਰੀ।
ਘਾਲਜੋ ਜ਼ੋਰ ਸਭਿਨਿ ਤਿਸ ਬੇਰੀ।
-ਆਜ ਗੜ੍ਹੀ ਕੋ ਲੇਹੁਂ ਛੁਟਾਇ।
ਪੁਰਿ ਆਨੰਦ ਪੁਰ ਟਿਕੈ ਨ ਕਾਇ- ॥੩੧॥
ਭੀਮਚੰਦ ਉਤਸਾਹ ਬਿਲੰਦੰ।
ਲਿਯੋ ਹਕਾਰਿ ਕੇਸਰੀ ਚੰਦੰ।
ਹੰਡੂਰੀ ਤੇ ਆਦਿਕ ਰਾਜੇ।
ਭਏ ਇਕੱਤ੍ਰ ਲਰਨ ਕੇ ਕਾਜੇ ॥੩੨॥
ਬੈਠਿ ਏਕ ਥਲ ਗਜ ਮੰਗਵਾਯੋ।
ਬਲੀ ਬਿਲੰਦ ਝੂਲਤੋ ਆਯੋ।
ਪੁਸ਼ਟ ਬਡੋ ਨਿਤ ਮਸਤ ਰਹੰਤਾ।
ਨਿਕਟ ਪਿਖਹਿ ਨਰ ਤਤਛਿਨ ਹੰਤਾ ॥੩੩॥
ਤੋਮਰ ਦੀਰਘ ਹਾਥ ਰਹੰਤੇ।
ਇਤ ਉਤ ਘੇਰਤਿ ਤਾਂਹਿ ਚਲੰਤੇ।
ਸੰਗਲ ਰਹਹਿ ਪੈਰ ਮੈਂ ਪਾਯੋ।
ਮਾਨਵ ਬ੍ਰਿੰਦਨਿ ਅੱਗ੍ਰ ਚਲਾਯੋ ॥੩੪॥
ਦਏ ਮਸਾਲੇ ਗਰਮ ਘਨੇਰੇ।
ਜਿਨ ਤੇ ਹੋਯੋ ਮਸਤ ਬਡੇਰੇ।
ਆਂਖ ਲਾਲ ਦੀਰਘ ਤੇ ਹੇਰਤਿ।
ਇਤ ਉਤ ਤੋਮਰ ਗਨ ਤੇ ਪ੍ਰੇਰਤਿ[1] ॥੩੫॥
ਸਭਿ ਗਿਰਪਤਨਿ ਬਿਲੋਕਤਿ ਕੀਨਾ।
ਰਾਤਬ[1] ਦੇ ਤ੍ਰਿਪਤਾਇ ਸੁ ਲੀਨਾ।

---

*ਇਸ ਤੋਂ ਪਤਾ ਲਗਦਾ ਹੈ ਕਿ ਸਿੱਖਾਂ ਵਿਚ ਗੁਰੂ ਪਿਆਰ ਕਿੰਨਾ ਬਹੁਤਾ ਸੀ।
[1]ਹੱਕਦੇ ਹਨ।

ਸਾਰ ਬਾਰਨੀ[2] ਕੋ ਮੰਗਵਾਇ।
ਪ੍ਰਥਮ ਸਵਾ ਮਣ ਦਈ ਪਿਲਾਇ ॥੩੬॥
ਤਵੇ ਪੁਲਾਦੀ ਮਸਤਰ ਸਾਰੇ।
ਬੰਧੇ ਭਲੀ ਭਾਂਤਿ ਬਡ ਭਾਰੇ।
ਕੁਛਕ ਸੁੰਡ ਨੰਗੀ ਰਹਿ ਗਈ।
ਸਰਬ ਲੋਹ ਸੋਂ ਛਾਦਨਿ ਭਈ ॥੩੭॥
ਦੀਰਘ ਲਾਂਬੀ ਸੈਫ[3] ਮੰਗਾਈ।
ਦੁਹਿ ਦਿਸ਼ਿ ਤੀਖੀ ਧਾਰ ਲਗਾਈ।
ਸੁੰਡ ਅੰਤ ਸੋਂ ਬੰਧਤਿ ਖਰੀ[4]।
ਖੁਲਹਿ ਨ, ਦਿਢ ਐਸੀ ਬਿਧਿ ਕਰੀ ॥੩੮॥
ਗੋਰੀ ਫੋਰ ਸਕਹਿ ਨਹਿਂ ਜੈਸੇ।
ਲੋਹੇ ਸੰਗ ਅਛਾਦਯੋ ਐਸੇ।
ਨੇਜ਼ਾ ਖੜਗ ਕਟਹਿ ਤਿਸ ਕਹਾਂ।
ਇਸ ਪ੍ਰਕਾਰ ਗਾਢੋ ਕਰਿ ਮਹਾਂ ॥੩੯॥
ਸੌਂਡਾ ਪ੍ਰੇਰਤਿ ਸੈਫ ਸੁ ਫੇਰਤਿ[5]।
ਬ੍ਰਿੰਦ ਸੈਲਿੰਦ੍ਰ ਅਨੰਦਤਿ ਹੇਰਤਿ।
ਫੁੰਕਾਰਤਿ ਚਿੰਘਾਰਤਿ ਭਨਯੋ।
ਸਤਿਗੁਰ ਬੈਠੇ ਤਹਿਂ ਲਗਿ ਸੁਨਯੋ ॥੪੦॥
ਸਭਿ ਸਿੰਘਨਿ ਤਬਿ ਅਰਜ਼ ਗੁਜਾਰੀ।
'ਪ੍ਰਭੁ ਜੀ! ਕੁੰਚਰ ਕੇਰ ਚਿੰਘਾਰੀ।
ਮੱਤ ਬਾਰਣੀ ਤੇ ਸੋ ਲਹੀਯਤਿ[6]।
ਤਿਸ ਉਪਾਇ ਕਰਿਬੋ ਅਤਿ ਚਹੀਅਤਿ ॥੪੧॥
ਆਜ ਲੋਹਗੜ ਲੋਹਾ ਮਾਚੈ।
ਕਰਦਮ ਸ਼੍ਰੋਣਤ ਰਜਸੋਂ ਰਾਚੈ।
ਪਾਯੋ ਜ਼ੋਰ ਸਭਿਨਿ ਤਹਿਂ ਜਾਈ।
ਇਤ ਤੇ ਗਏ ਹਟਕ ਸਮੁਦਾਈ ॥੪੨॥

---

[1]ਖਾਣਾ [ਅ:, ਰਾਤਬ]।
[2]ਤੇਜ਼ ਸ਼ਰਾਬ।
[3]ਬਹੁਤ ਲੰਬੀ ਤਲਵਾਰ।
[4]ਚੰਗੀ ਤਰ੍ਹਾਂ ਬੰਨ੍ਹ ਦਿੱਤੀ।
[5]ਸੁੰਡ ਨੂੰ ਘੁਮਾਉਂਦਾ ਹੈ ਤੇ ਤਲਵਾਰ ਬੀ ਫਿਰਦੀ ਹੈ (ਦੇਖੋ ਅੰਕ ੩ ਅਗਲੇ ਅੰਸੂ ਦਾ)। (ਅ) ਹਾਥੀ ਨੂੰ ਟੋਰਦੇ ਹਨ ਤਾਂ ਤਲਵਾਰ ਘੁਮਾਉਂਦਾ ਹੈ।
[6]ਸ਼ਰਾਬ ਨਾਲ ਮਸਤ ਹਾਥੀ ਦੀ ਆਵਾਜ਼ ਆਉਂਦੀ ਹੈ।

ਤੜਭੜ ਛੁਟਹਿ ਤੁਫੰਗ ਘਨੇਰੀ।
ਹੋਤਿ ਮੋਰਚੈ ਨਿਕਟ ਬਡੇਰੀ।
ਮਾਰਨ ਮਰਨ ਹੋਇ ਸੰਗ੍ਰਾਮਾ।
ਆਜ ਸ਼ੱਤ੍ਰੁਗਨ ਪਠਿ ਜਮ ਧਾਮਾ' ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਦੁਨੀਚੰਦ' ਪ੍ਰਸੰਗ ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥੨੪॥

## ੨੫. [ਬਚਿੱਤ੍ਰ ਸਿੰਘ ਨੂੰ ਤਿਆਰ ਕੀਤਾ]

੨੪<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੨੬

ਦੋਹਰਾ: ਸੁਨਿ ਸਿੰਘਨ ਤੇ ਸਤਿਗੁਰੂ, ਸਭਿ ਦਿਸ਼ਿ ਦ੍ਰਿਸ਼ਟਿ ਚਲਾਇ।
ਕਰੇ ਬਿਲੋਕਨਿ ਬ੍ਰਿੰਦ ਹੀ, ਚਹੁੰਦਿਸ਼ਿ ਮਹਿਂ ਤਿਸ ਥਾਇਂ ॥੧॥

ਨਿਸਪਾਲਕ ਛੰਦ: ਸ੍ਰੀ ਗੁਰ ਪ੍ਰਯੰਕ ਨਿਸ ਕੇ ਬਿਚ ਸਦੀਵ ਹੀਂ।
ਹੋਵਹਿਂ ਸੁਚੇਤ ਰਖਵਾਰ ਥਿਤ ਥੀਵ ਹੀਂ।
ਬਿੰਸਤ ਸੁ ਪੰਚ ਗਿਨਤੀ ਤਿਨਹੁਂ ਜਾਨਿਯੇ[1]।
ਜਾਗਤਿ ਰਹੰਤਿ ਗਹਿ ਆਯੁਧ ਸੁ ਪਾਨਿਯੇ[2] ॥੨॥
ਪਾਸਹਿ ਰਹੰਤਿ ਸਭਿ ਖਾਸ[3] ਹਰਖਾਇ ਕੈ।
ਜਾਮਨਿ ਮਝਾਰ ਕਰਿ ਸੇਵ ਸੁਖ ਪਾਇ ਕੈ।
ਦੇਖਨਿ ਕਰੇ ਸੁ ਪ੍ਰਭੁ ਏਕ ਸਮ ਬੀਰ ਹੈਂ[4]।
ਜੰਗਨਿ ਨਿਸੰਗ ਭਟ ਸੰਗ ਹਿਤ ਧੀਰ ਹੈਂ[5] ॥੩॥

ਨਰਾਜ ਛੰਦ: ਤਿਨਹੁਂ ਮਝਾਰ ਏਕ ਹੈ, ਬਚਿੱਤ੍ਰ ਸਿੰਘ ਸੂਰਮਾ।
ਬਲੀ ਬਿਲੰਦ ਬਾਹੁ ਦੰਡ, ਸ਼ੱਤ੍ਰੁ ਤੇ ਗ਼ਰੂਰਮਾ[6]।
ਸੁ ਰਾਜਪੂਤ ਜਾਤਿ ਤੇ, ਮੁਛੈਲ[7] ਛੈਲ ਜਾਨਿਯੇ।
ਕ੍ਰਿਪਾਨ ਢਾਲ ਅੰਗ ਸੰਗ, ਜੰਗ ਮੈਂ ਮਹਾਂਨਿਯੇ ॥੪॥

ਦੋਹਰਾ: ਪੋਸ਼ਸ਼ ਪਟ ਬਹੁ ਰੂਪ ਕੀ, ਪਹਿਰਤਿ ਅਪਨੇ ਅੰਗ।
ਪਿਖਿ ਪ੍ਰਭੁ ਕਹਿਂ ਬਹੁਰੂਪੀਆ, ਭਯੋ ਸੁ ਸੰਗਜਾ ਸੰਗ[8] ॥੫॥

ਚੰਚਲਾ ਛੰਦ: ਸ਼੍ਰੀ ਗੁਰੂ ਬਿਲੋਕ ਕੈ, ਬਿਲੰਦ ਓਜਵਾਨ ਜਾਨਿ।
ਸਾਮਹੇ ਥਿਰਜੋ ਸੁ ਬੀਰ, ਹਾਥ ਧਾਰਿ ਆਯੁਧਾਨ।
ਮਾਨਿ ਹੈ ਪ੍ਰਭੂ ਸੁ ਬਾਕ, ਹੈ ਅਨੰਦ ਧੀਰ ਮਾਂਹਿ।
ਬਾਸਤੋ ਹਜ਼ੂਰ ਨੀਤਿ, ਭਾਉ ਦੀਹ ਚੀਤ ਜਾਂਹਿ ॥੬॥

ਲਲਿਤਪਦ ਛੰਦ: ਬਿੱਦਜਾ ਨੇਜੇ ਮਾਰਨਿ ਕੀ ਮਹਿਂ,
ਬੁੱਧਿਵਾਨ ਬਡ ਜਾਨੈ।
ਚਢਿ ਤੁਰੰਗ ਕੈ ਪੈਦਲ ਹ੍ਵੈ ਕਰਿ,

---

[1]ਜਦੋਂ ਰਾਤ ਨੂੰ ਸ਼੍ਰੀ ਗੁਰੂ ਜੀ ਪਲੰਘ ਪਰ (ਬਿਰਾਜਦੇ ਸਨ ਤਦੋਂ) ਨਿੱਤ ਹੀ ਸਾਵਧਾਨ ਰਖਵਾਲੇ (ਪਲੰਘ ਪਾਸ) ਇਸਥਿਤ ਹੁੰਦੇ ਸਨ, ਉਹਨਾਂ ਦੀ ਗਿਣਤੀ ੨੫ ਜਾਣ ਲਓ।

[2]ਹਥ ਵਿਚ ਹਥਿਆਰ ਪਕੜ ਕੇ।

[3]ਖਾਸ (ਸ਼੍ਰੀ ਗੁਰੂ ਜੀ ਪਾਸ)।

[4](ਉਹਨਾਂ ਆਪਣੇ ਨਿਜ ਤਨ ਦੇ ਰਾਖੇ ਸੂਰਮਿਆ ਵੱਲ) ਤੱਕਿਆ ਕਿ ਇਕੋ ਜਿਹੇ ਬਹਾਦਰ ਹਨ।

[5]ਜੰਗ ਵਿਚ ਸੂਰਮਿਆਂ ਦੇ ਨਾਸ਼ ਕਰਨ ਲਈ ਨਿਰਭੈ ਧੀਰਜ ਵਾਨ ਹਨ।

[6]ਸ਼ੱਤ੍ਰੂ ਪਰ ਭਾਰੀ ਹੈ।

[7]ਬੜੀਆਂ ਮੁੱਛਾਂ ਵਾਲਾ।

[8]ਇਸ ਕਰਕੇ ਉਹ (ਬਹੁਰੂਪੀਆ) ਸੰਗਜਾ ਵਾਲਾ ਹੋ ਗਿਆ।

ਅਧਿਕ ਭ੍ਰਮਾਵਨਿ ਠਾਨੈ ॥੭॥
ਨੇਜਾ ਗਹੇ ਖਰੋ ਜੋ ਸਨਮੁਖ,
ਸ਼੍ਰੀ ਪ੍ਰਭੁ ਨਿਕਟ ਹਕਾਰਾ।
'ਆਉ ਬਚਿੱਤ੍ਰ ਸਿੰਘ ਬਡ ਜੋਧਾ,
ਤੁਵ ਸਿਰ ਭਾਰ ਉਦਾਰਾ ॥੮॥
ਉਤ ਸੈਲੇਂਦ੍ਰਨਿ ਕੋ ਮਤੰਗ ਬਡ,
ਇਤ ਤੇ ਕੇਹਰਿ ਥੀਜੈ।
ਮਹਾਂ ਦਾੜ ਨੇਜਾ ਖਰ ਦੈ ਹੈਂ,
ਗਜ[1] ਹਤਿਬੇ ਕੋ ਕੀਜੈ ॥੯॥
ਆਯੁਤ ਭਾਲਾ ਭਾਲ ਪ੍ਰਹਾਰਹੁ[2],
ਮੁਰ ਹੈ ਜਿਸ ਤੇ ਹਾਥੀ।
ਨਹੀਂ ਕਦਾਚਿਤ ਸਨਮੁਖ ਆਵੈ,
ਪੀਛੇ ਮਾਰੈ ਸਾਥੀ ॥੧੦॥
ਧਰਿ ਧੀਰਜ ਦੀਰਘ ਬਲ ਕਰਿ ਕੈ,
ਸ਼ੰਕਾ ਤਜਾਗਿ ਪ੍ਰਹਾਰੋ।
ਤ੍ਰਾਸ ਨ ਕਰਹੁ ਪ੍ਰਯਾਸ ਧਰਹੁ ਅਸ,
ਜਸੁ ਕੋ ਪਾਇੰ ਸੁਖਾਰੋ' ॥੧੧॥
ਸੁਨਿ ਬਚਿੱਤ੍ਰ ਸਿੰਘ ਭਯੋ ਪ੍ਰਫੁੱਲਜਤ,
ਤਬਿ ਦੋਨਹੁੰ ਕਰ ਬੰਦੇ।
'ਮਹਾਰਾਜ ਕੀ ਆਇਸੁ ਜੈਸੇ,
ਤਿਮ ਹੀ ਕਰੌਂ ਨਿਕੰਦੇ ॥੧੨॥
ਮਹਿ ਮਹਿੰ[3] ਇਹ ਹਾਥੀ ਕਜਾ ਬਪੁਰੋ,
ਜੋ ਅਰ ਸਕਹਿ ਅਗਾਰੀ।
ਸੁਨਜੋ ਸੁਰਗ ਮਹਿਂ ਇਕ ਐਰਾਵਤ,
ਤਿਸ ਕੋ ਲੈਹੌਂ ਮਾਰੀ' ॥੧੩॥
ਅਪਨਿ ਖਜ਼ਾਨੇ ਬਿਚ ਤੇ ਸਤਿਗੁਰ,
ਤਬਿ ਨੇਜ਼ੇ ਮੰਗਵਾਏ।
ਕਿਸੀ ਵਲਾਇਤ ਭਏ ਤਜਾਰ ਸੋ,
ਕੀਮਤ ਅਧਿਕ ਬਨਾਏ ॥੧੪॥

---

[1]ਤਿੱਖੇ ਨੇਜ਼ੇ ਰੂਪੀ (ਸ਼ੇਰ ਦੀ) ਭਾਰੀ ਦਾੜ੍ਹ ਦਿਆਂਗੇ।
[2]ਚੌੜਾ ਨੇਜ਼ਾ ਮੱਥੇ ਵਿਚ ਮਾਰੋ।
[3]ਪ੍ਰਿਥਵੀ ਵਿਚ।

ਬੇਣ ਬਿਖੈ ਬਹੁ ਕਲੀ ਪੂਰ ਕਰਿ,
ਊਪਰ ਪੈ ਲਪਟਾਏ[1]।
ਦੁਹਰੇ ਹੋਇ ਬਨਹਿਂ ਪੁਨ ਸਰਲੀ,
ਨਹਿਂ ਟੂਟਹਿਂ ਬਲ ਲਾਏ[2] ॥੧੫॥
ਪਰੇ ਬੰਦ ਬਹੁ ਚਾਮੀਕਰ ਕੇ,
ਨਗ ਤਿਨ ਪਰ ਜਰਵਾਏ।
ਧਨ ਦਸ ਸਪਤ ਸਹੰਸ੍ਰੈ[3] ਲਾਗਜੋ,
ਬਾਸ਼ਕ ਸਮ[4] ਦਰਸਾਏ ॥੧੬॥
ਸ਼੍ਰੀ ਪ੍ਰਭੁ ਦੋਨਹੁਂ ਲਏ ਹਾਥ ਮਹਿਂ,
ਪਰਖਹਿਂ ਤੋਲਨ ਕੀਨਾ।
ਕੁੰਚਰ ਕੇ ਮਸਤਕ ਕੋ ਫੋਰਨਿ,
ਇਕ, ਤਿਨ ਮਹਿਂ ਤੇ ਦੀਨਾ ॥੧੭॥
ਫਲ ਫੁਲਾਦ ਕੀਮਤ ਬਹੁਤੇ ਕੀ[5],
ਲੋਹਾ ਬੀਧਨ ਵਾਰੋ।
ਲੇ ਬਚਿੱਤ੍ਰ ਸਿੰਘ ਬੰਦਨ ਕੀਨਸਿ,
ਤਤਛਿਨ ਭਾ ਬਲ ਭਾਰੋ ॥੧੮॥
ਬਿੱਦਜਾ ਅਧਿਕ ਬਹੁਤ ਸਿਖਰਾਈ,
'ਇਮ ਗਹਿ ਕਰਿ ਗਜ ਮਾਰੋ।'
ਸਕਲ ਭੇਦ ਕੋ ਜਾਨਜੋਂ ਤੂਰਨ,
ਗੁਰ ਕਰੁਨਾ ਉਰ ਧਾਰੋ ॥੧੯॥
ਕਰੀ ਬਚਿੱਤ੍ਰ ਸਿੰਘ ਪੁਨ ਬਿਨਤੀ,
'ਹਾਰਿ ਜੀਤ ਨਹਿਂ ਜਾਨੋਂ।
ਜਿਤ ਪ੍ਰੇਰਹੁ ਤਿਤ ਗਮਨਹੁਂ ਸਨਮੁਖ
ਬੁਧਿ ਅਰੁ ਬਲ ਸਭਿ ਠਾਨੋਂ[6] ॥੨੦॥
ਮੋਹਿ ਮਰਨ ਕੀ ਚਿੰਤ ਨ ਕੋਈ
ਤੁਮਹਿਂ ਦਾਸ ਕੀ ਲਾਜਾ।

---

[1]ਬਾਂਸ ਵਿਚ ਕਲੀ ਭਰਕੇ ਉਪਰ ਤੰਦੀ ਲਪੇਟੀ ਹੋਈ ਹੈਸੀ [ਫਾ:, ਪੈ = ਜਾਨਵਰਾਂ ਦੇ ਬਦਨ ਵਿਚੋਂ ਲਏ ਪੱਠੇ ਆਦਿ ਜਿਨ੍ਹਾਂ ਨੂੰ ਕਮਾਨ ਤੇ ਨੇਜ਼ਿਆ ਦੇ ਮੁੱਠਾਂ ਤੇ ਲਪੇਟਦੇ ਹਨ ਪੱਕਿਆਂ ਕਰਨ ਵਾਸਤੇ। ਦੇਖੋ ਗਜਾਸੁ:]।
[2]ਦੂਹਰੇ ਹੋਕੇ ਫਿਰ ਸਿੱਧੇ ਹੋ ਜਾਂਦੇ ਹਨ ਬਲ ਲਾਇਆਂ ਟੁੱਟਦੇ ਨਹੀਂ ਸਨ।
[3]੧੭ ਹਜ਼ਾਰ।
[4]ਬਾਸ਼ਕ ਨਾਗ ਵਰਗੇ।
[5]ਬਹੁਤੇ ਮੁੱਲ ਦੀ।
[6]ਕਰਾਂਗਾ।

ਖਰੋ ਹੀਨ ਮਿਸ ਮੇਰੋ ਇਕ ਹੈ
ਆਪ ਕਰਹੁ ਨਿਜ ਕਾਜਾ ॥੨੧॥
ਦਾਸ ਉਚਿਤ ਆਇਸੁ ਕੋ ਮੰਨਨਿ
ਤੁਮ ਪੂਰਨ ਨਿਰਬਾਹੋ।
ਜਗ ਮਹਿਂ ਸੁਜਸੁ ਪ੍ਰਲੋਕ ਮਹਾਂ ਸੁਖ
ਮਨ ਜਾਨਜੋਂ ਇਸ ਮਾਂਹੋ ॥੨੨॥
ਜਿਮ ਸ਼੍ਰੀ ਕ੍ਰਿਸ਼ਨ ਭੀਮ ਕੋ ਬਲ ਦੇ
ਜਰਾਸੰਧ ਮਰਿਵਾਯੋ।
ਰਾਮ ਚੰਦ੍ਰ ਸੁੱਗ੍ਰੀਵ ਓਜ ਦੇ
ਬਾਲੀ ਕੋ ਹਤਵਾਯੋ ॥੨੩॥
ਤਥਾ ਕ੍ਰਿਪਾ ਕਰਿ ਮੁਝ ਤੇ ਕਾਰਜ
ਆਪ ਬਨਾਵਨ ਚਾਹੋ।
ਦੀਜਹਿ ਮਾਦਕ ਰਹੁ ਮਤ ਮੁਹਿ ਮਤ,
ਆਪ ਦੁਰਦ ਕੋ ਗਾਹੋ[1]' ॥੨੪॥
ਸੁਨਿ ਪ੍ਰਸੰਨ ਕਲਗੀਧਰ ਹ੍ਵੈ ਕੈ
ਨਿਜ ਅਫੀਮ ਮੰਗਵਾਈ।
ਡੱਬਾ ਚਾਮੀਕਰ ਕੋ ਸੁੰਦਰ
ਜਟੇ ਰਤਨ ਸਮੁਦਾਈ ॥੨੫॥
ਮਾਸੇ ਪੰਚ ਭਖਤਿ ਸੋ ਪੂਰਬ
ਤਿਸ ਤੇ ਦਈ ਸਵਾਈ[*]।
ਦੂਰ ਵਲਾਇਤ ਤੇ ਜੋ ਆਵਤਿ
ਅਤਿ ਮਾਦਕ ਬਡਿਆਈ[2] ॥੨੬॥
ਨਿਜ ਕਰ ਤੇ ਕਲਗ਼ੀਧਰ ਦੀਨੀ
ਜੁਗ ਹਾਥਨਿ ਪਰ ਲੀਨੀ।
ਸਿਮਰਿ ਨਾਮ ਗੁਰੁ ਕੋ ਤਬਿ ਖਾਈ
ਬਡਿ ਕੀਮਤਿ ਕੀ ਚੀਨੀ ॥੨੭॥
ਪੁਨ ਬਿਜੀਆਂ[3] ਘੁਟਵਾਇ ਮੰਗਾਈ
ਸਿੰਘਨ ਪਾਨ ਕਰਾਈ।

---

[1]ਅਫੀਮ ਦਿਓ, ਮੇਰੀ ਬੁੱਧੀ ਨੂੰ ਮਸਤ ਕਰ ਦਿਓ ਤੇ ਆਪ ਹਾਥੀ ਨੂੰ ਮਾਰੋ।
[*]ਰਾਜਪੂਤਾਂ ਵਿਚ ਅਫੀਮ ਦਾ ਰਿਵਾਜ ਬਹੁਤ ਹੀ ਹੈਸੀ ਤੇ ਹੁਣ ਹੈ। ਪਰ ਨਿਸ਼ਚੈ ਨਹੀਂ ਕਿਹਾ ਜਾ ਸਕਦਾ ਕਿ ਬਚਿੱਤ੍ਰ ਸਿੰਘ ਜੀ ਸਿੰਘ ਸਜਕੇ ਅਫੀਮੀ ਰਹੇ ਹੋਣ ਕਿ ਨਾ।
[2]ਡਾਢੀ ਨਸ਼ੇ ਵਾਲੀ (ਜਿਸਦੀ) ਮਹਿਮਾਂ ਹੈ।
[3]ਸੁੱਖਾ।

ਪੀਵਤਿ ਚਢ੍ਯੋ ਬਿਸਾਲ ਅਮਲ ਤਬਿ,
ਲਾਲੀ ਲੋਚਨ ਛਾਈ ॥੨੮॥
ਭੌਹੈਂ ਚਢੀ ਕਮਾਨ ਮਨਿੰਦੈ
ਮੂਛਨ ਪਰ ਕਰ ਫੇਰਾ।
ਖੜਗ ਸਿਪਰ ਤੇ ਕਮਰ ਕਸੀ ਦ੍ਰਿਢ,
ਬਰਛਾ ਕਰ ਮਹਿਂ ਫੇਰਾ ॥੨੯॥
ਬਖਸ਼੍ਯੋ ਬਲ ਬਿਸਾਲ ਕਲਗ਼ੀਧਰ
ਵਧ ਗ੍ਯੋ ਮਨ ਉਤਸਾਹੂ।
ਕੁੰਚਰ ਕੋ ਪਪੀਲਕਾ ਜਾਨਤਿ
-ਹਤੌਂ ਤੁਰਤ ਰਣ ਮਾਂਹੂ- ॥੩੦॥
ਵਧ੍ਯੋ ਪ੍ਰਮੋਦ ਭਯੋ ਤਬਿ ਗਦਗਦ
ਪਰ੍ਯੋ ਚਰਨ ਗੁਰ ਆਗੇ।
ਦੇ ਥਾਪੀ ਤਤਕਾਲ ਉਠਾਯੋ
'ਕਰਹੁ ਜੁਧ ਅਨੁਰਾਗੇ' ॥੩੧॥
ਚਤੁਰ ਪ੍ਰਦਛਨਾ ਦੇ ਪ੍ਰਭੁ ਕੇਰੀ
ਸਭਿ ਸੋਂ ਫਤੇ ਬੁਲਾਈ।
ਪਿਖਤਿ ਖਾਲਸਾ[1] ਚਲ੍ਯੋ ਅੱਗ੍ਰ ਕੌ
ਅਸੁ ਪਰ[2] ਦ੍ਰਿਸ਼ਟਿ ਚਲਾਈ ॥੩੨॥
ਕਰਿ ਬੰਦਨ ਪਗ, ਭਯੋ ਅਰੂਢਨਿ,
ਬਰਛਾ ਹਾਥ ਹੁਲਾਰਾ।
ਦੂਸਰ ਕਰ ਮਹਿਂ ਬਾਗ ਤੁਰੰਗ ਕੀ
ਲੇ ਗੁਰ ਨਾਮ ਪਧਾਰਾ ॥੩੩॥
ਹੁਤੋ ਦਮਦਮਾ ਅਧਿਕ ਉਚੇਰੋ
ਤਿਸ ਪਰ ਗੁਰੂ ਅਰੂੜੇ।
ਪਿਖਿਨਿ ਤਮਾਸ਼ਾ ਜੰਗ ਕਰਨ ਕੋ
ਢੋਵਨ ਗਜ ਕੋ ਕੂੜੇ ॥੩੪॥
ਉਦੇ ਸਿੰਘ ਆਲਮ ਸਿੰਘ ਆਦਿਕ
ਸਭਿ ਪ੍ਰਭੁ ਕੇ ਢਿਗ ਬੈਸੇ।
ਕਰਹਿਂ ਕ੍ਰਿਪਾ ਜਿਮ ਬਾਕ ਬਖਾਨੈਂ
ਸਨਮਾਨਤਿ ਹੈਂ ਤੈਸੇ ॥੩੫॥

---

[1]ਖਾਲਸੇ ਦੇ ਵੇਖਦਿਆਂ।
[2]ਘੋੜੇ ਪਰ।

ਦ੍ਰਿਸਟਿ ਲੋਹਗੜ ਦਿਸ਼ਿ ਕੋ ਪ੍ਰੇਰੀ
ਹੇਰਿ ਸ਼ੱਤ੍ਰ ਸਮੁਦਾਏ।
ਬਡੇ ਢੋਲ ਦੁੰਦਭਿ ਰਣਸਿੰਙ੍ਹੇ
ਨਾਦ ਬਿਸਾਲ ਉਠਾਏ ॥੩੬॥
ਗਜ ਸ਼ਿੰਗਾਰ ਕੀਯੋ ਬਹੁ ਗਾਢੋ
ਲੋਹੇ ਸੰਗ ਅਛਾਦਾ।
ਇਤ ਉਤ ਸੌਂਡਾ ਫੇਰਨਿ ਕਰਤੋ,
ਚਮਕ ਸੈਫ ਭੰਟ ਬਾਦਾ[1] ॥੩੭॥
ਏਕ ਲਾਖ ਗਿਨਤੀ ਕੋ ਜੋਧਾ
ਪੁਨ ਸਤਵੰਜ ਹਜ਼ਾਰਾ।
ਸੰਗ ਕੇਸਰੀ ਚੰਦ ਸੁ ਲੈ ਕੇ
ਹੇਲਾ ਘਾਲਨਿ ਤਜਾਰਾ ॥੩੮॥
ਸੁਥਰੀ, ਧੌਂਸ[2] ਦੀਰਘਾ, ਭੇਰਹਿਂ[3],
ਡਫ ਗਨ ਢੋਲ ਸਮੂਹੰ।
ਪਟਹਿ, ਬਾਂਸੁਰੀ, ਬਜੀ ਨਫੀਰੀ,
ਭਟ ਉਮਡੇ ਹਿਤ[*] ਹੂਹੰ[4] ॥੩੯॥
ਮਾਰਿ ਮਾਰਿ ਕਹਿਂ ਰੌਰ ਪਰਯੋ ਬਡ
ਤੋਮਰ ਲਏ ਹਜ਼ਾਰਾ।
ਖੜਗ ਸਿਪਰ ਲੇ ਫਾਂਦਨ ਕਰਿਤੇ
ਤੜਭੜ ਤੁਪਕ ਉਦਾਰਾ ॥੪੦॥
ਤੁਰੰਗ ਕੇਸਰੀ ਚੰਦ ਫੰਧਾਯੋ
ਸਭਿ ਤੇ ਆਗੂ ਹ੍ਵੈ ਕੈ।
'ਆਜ ਲੋਹਗੜ੍ਹ ਤੋੜੌਂ ਭਿੜਿ ਕੈ'
ਸਪਥ[5] ਰਿਦੈ ਸਿਮਰੈ ਕੈ ॥੪੧॥
ਆਲਮ ਸਿੰਘ ਬਿਲੋਕਤਿ ਬੋਲਯੋ
'ਪ੍ਰਭੁ ਜੀ! ਇਹ ਜਸਵਾਰੀ।

---

[1]ਇਧਰ ਉਧਰ ਜਦ ਸੁੰਡ ਫੇਰਦਾ ਹੈ ਤਾਂ ਸੂਰਮਿਆਂ ਦਾ ਨਾਸ਼ ਕਰਨ ਲਈ (ਬੱਧੀ ਹੋਈ) ਤਲਵਾਰ ਚਮਕਦੀ ਹੈ।
[2]ਧੌਂਸੇ।
[3]ਭੇਰੀਆਂ।
[*]ਪਾ:-ਨਿੱਤ।
[4]ਹੱਲੇ ਕਰਨ ਲਈ। (ਅ) ਸ਼ੋਰ ਕਰਨ ਲਈ।
[5]ਸੌਂਹ।

ਮਹਾਂ ਸ਼ੱਤ੍ਰ ਹੰਕਾਰਿ ਬਡੇਰਾ
ਸਭਿ ਮਹਿਂ ਸਪਥ ਉਚਾਰੀ ॥੪੨॥
ਆਜ ਜੰਗ ਮਹਿਂ ਇਸਹਿ ਸੰਘਾਰਹਿਂ
ਸੈਲੇਂਦ੍ਰਨਿ ਹਤਿ ਧੀਰੰ[1]।
ਕਰਹੁ ਖਾਲਸੇ ਪਰ ਨਿਜ ਕਰੁਨਾ
ਇਤ ਤੇ ਭੇਜਹੁ ਬੀਰੰ ॥੪੩॥
ਅਪਰ ਕਾਰ ਲਰਿ ਮਾਰਨ ਕੇਰੀ
ਸੋ ਨ ਕਰਹਿਂ ਰਣ ਮਾਂਹੀ।
ਹਤਹਿਂ ਕੇਸਰੀ ਕੋ ਕਰਿ ਉੱਦਮ
ਰਿਪੁ ਨਿਰਬਲ ਹੁਇ ਜਾਂਹੀ[2]' ॥੪੪॥
ਸ੍ਰੀ ਕਲਗ਼ੀਧਰ ਸੁਨਤਿ ਬਖਾਨੀ
'ਨੀਕੀ ਬਾਤ ਬਤਾਈ।
ਜਿਮ ਬਚਿੱਤ੍ਰ ਸਿੰਘ ਗਜ ਪਰ ਗਮਨਜੋਂ
ਤਿਮ ਕੋ[3] ਇਸ ਪਰ ਜਾਈ ॥੪੫॥
ਸਿਰ ਨਿਕੰਦ ਕਰਿ ਹਮ ਢਿਗ ਆਨਹਿ
ਨ੍ਰਿਭੈ ਖੜਗ ਕੇ ਸਾਥਾ।
ਧਰਿ ਬਿਸ਼ਵਾਸ਼ ਮਹਤ ਉਤਸਾਹਿਤ
ਕੋ ਟੇਕਹਿ ਪਗ ਮਾਥਾ' ॥੪੬॥
ਤੀਨ ਬਚਨ ਸੁਨਿ ਉਦੇ ਸਿੰਘ
ਤਬਿ ਬੋਲਯੋ ਜੋਰਤਿ ਹਾਥਾ।
'ਕਰਹੁ ਦਾਸ ਕੋ ਆਇਸੁ ਸ੍ਰੀ ਪ੍ਰਭੁ !
ਮੈਂ ਲਰਿ ਹੌਂ ਰਿਪੁ ਸਾਥਾ ॥੪੭॥
ਜੰਗ ਖੇਤ ਮਹਿਂ ਹਤਨ ਕਹਾਂ ਇਹ,
ਜੇ ਅਵਿਲੋਕ ਪਲਾਵੈ।
ਦੁਰਗ ਸੈਲ ਮੈਂ ਜਾਇ ਪ੍ਰਵੇਸ਼ੈ
ਤਹਾਂ ਨ ਪ੍ਰਾਨ ਬਚਾਵੈ ॥੪੮॥
ਕਰੌਂ ਪ੍ਰਹਾਰ ਅਪਰ ਪਰ ਮੈਂ ਨਹਿਂ,
ਪਹੁੰਚੌਂ ਤਿਸ ਕੇ ਪਾਸਾ।
ਗੁਰ ਪ੍ਰਤਾਪ ਤੇ ਕਰਾਚੋਲ ਸੋਂ

[1]ਪਹਾੜੀ ਰਾਜਿਆਂ ਦਾ ਧੀਰਜ ਨਾਸ਼ ਕਰੀਏ।
[2](ਇਸਦੇ ਮਰਨ ਨਾਲ) ਵੈਰੀ ਨਿਰਬਲ ਹੋ ਜਾਣਗੇ।
[3]ਕੋਈ।

ਦੇਵਹੁਂ ਸੀਸ ਬਿਨਾਸਾ ॥੪੯॥
ਜਹਿਂ ਕਹਿਂ ਅਰਹਿਂ ਲਰਹਿ ਇਹ ਮੂਰਖ
ਰਣ ਕੀ ਬਾਯੁ ਨ ਲਾਗੀ।
ਆਜ ਲੇਹਿ ਫਲ ਸਗਰੇ ਦਿਨ ਕੋ
ਬੇਮੁਖ ਕੂੜ ਕੁਭਾਗੀ' ॥੫੦॥
ਸੁਨਿ ਪ੍ਰਸੰਨ ਕਲਗ਼ੀਧਰ ਹੋਏ
ਬਲੀ ਤੁਰੰਗ ਤਬੇਲੇ।
ਜ਼ੀਨ ਪਵਾਇ ਅਨਾਯਹੁ ਤੂਰਨ
ਕਹ੍ਯੋ 'ਉਦੇ ਸਿੰਘ! ਲੇ ਲੇ' ॥੫੧॥
ਦੀਰਘ ਖੜਗ ਕੋਸ਼ ਤੇ ਦੀਨਸਿ
ਖਰੋ ਪੁਲਾਦ ਕਰਾਰਾ[1]।
ਬਲ ਤੇ ਹਤੇ ਲੋਹ ਕੋ ਕਾਟਹਿ
ਮਾਨੁਖ ਕਹਾਂ ਬਿਚਾਰਾ ॥੫੨॥
ਬਰਛਾ ਦੁਤੀ ਰਹ੍ਯੋ ਸੋ ਬਖਸ਼ੵੋ
ਕ੍ਰਿਪਾ ਦ੍ਰਿਸ਼ਟਿ ਸੋਂ ਹੇਰਾ।
ਬਲ ਉਤਸਾਹ ਬਿਸਾਲ ਵਧ੍ਯੋ ਤਨ
ਗੁਰੂ ਪ੍ਰਤਾਪ ਘਨੇਰਾ ॥੫੩॥
ਕਟ ਸੋਂ ਬੰਧਿ ਖੜਗ, ਬਡ ਢਾਲਾ,
ਤੋਮਰ ਹਾਥ ਮਝਾਰਾ।
ਨਮੋਂ ਪ੍ਰਦੱਛਨ ਕਰਤਿ ਭਯੋ ਜਬਿ
ਮਾਦਿਕ[2] ਦੀਨਿ ਉਦਾਰਾ ॥੫੪॥
ਨਿਜ ਕਰ ਤੇ ਹਫੀਮ ਸੋ ਦੀਨੀ
ਬਿਜੀਆ ਕਰਿ ਕੈ ਪਾਨਾ।
ਬੰਕ ਮੁਛਹਿਰੇ[3] ਕਰਿ ਤਬਿ ਗਮਨ੍ਯੋਂ
ਭਾ ਅਸਵਾਰ ਕਿਕਾਨਾ[4] ॥੫੫॥
ਗਿਰ ਈਸ਼ਨ ਕੀ ਚਮੂੰ ਘਨੀ ਲਖਿ
ਸਿੰਘ ਸਮੂਹ ਉਠਾਏ[5]।
ਤੁਪਕ ਤਮਾਚੇ ਚਾਂਪ ਤੀਰ ਖਰ

---

[1]ਸਖਤ।
[2]ਭਾਵ ਅਫੀਮ।
[3]ਮੁੱਛਾਂ ਨੂੰ ਤਾ ਦੇਕੇ।
[4]ਘੋੜੇ ਤੇ ਸਵਾਰ ਹੋਯਾ।
[5]ਉਠੇ, ਉਠਕੇ ਆਏ।

ਗਹਿ ਗਹਿ ਸ਼ਸਤ੍ਰ ਸਿਧਾਏ ॥੫੬॥
'ਆਜ ਭੇੜ ਓੜਕ ਕੋ ਪਰਿ ਹੈ
ਗੁਰ ਪ੍ਰਤਾਪ ਤੇ ਮਾਰੈਂ।
ਕਹਾਂ ਭਯੋ ਜੋ ਅਨੀ ਘਨੀ ਤਿਨ,
ਲਰਿ ਕਰਿ ਮੂਰਖ ਹਾਰੈ ॥੫੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਬਚਿੱਤ੍ਰ ਸਿੰਘ ਉਦੇ ਸਿੰਘ ਰਣ ਕਰਨਿ ਪਠਨ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥੨੫॥

## ੨੬. [ਬਚਿੱਤ੍ਰ ਸਿੰਘ ਨੇ ਹਾਥੀ ਨੂੰ ਨੇਜ਼ਾ ਮਾਰਨਾ]

੨੫<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੨੭

ਦੋਹਰਾ: ਦੋਨਹੁਂ ਦੀਰਘ ਸੂਰਮੇ, ਅਪਰ ਸਿੰਘ ਸਮੁਦਾਇ।
ਚਲੇ ਲਰਨ ਕੇ ਹੇਤੁ ਕੋ, ਜਹਿਂ ਰਣਖੇਤ ਬਨਾਇ ॥੧॥

ਚੰਪਕਮਾਲਾ ਛੰਦ: ਦੀਰਘ ਰੌਰਾ ਦ੍ਵੈ ਦਿਸ਼ਿ ਹੋਵਾ।
ਚਾਹਤਿ ਹਾਥੀ ਕੋ ਤਬਿ ਢੋਵਾ।
ਸਿੰਘ ਗਏ ਘੋਰੇ ਅਸਵਾਰਾ।
ਲੋਹਗੜੀ ਕੋ ਦ੍ਵਾਰ ਨਿਹਾਰਾ ॥੨॥
ਨਾਹਰ ਸਿੰਘੰ ਬੀਰ ਬਿਸਾਲਾ।
ਬੀਚ ਥਿਰਯੋ ਲੈ ਸਿੰਘਨਿ ਜਾਲਾ।
ਕਾਸ਼ਟ ਪ੍ਰਿਸ਼ਟਾ[1] ਹਾਥ ਸੰਭਾਰੇ।
ਡਾਲਿ ਦੁਗੋਰੀ ਹ੍ਵੈ ਕਰਿ ਤਯਾਰੇ ॥੩॥
ਛੋਰਤਿ ਬੈਰੀ ਹੇਰਤਿ ਆਏ[2]।
ਦੈ ਉਤਸਾਹੰ ਬੀਰ ਬਧਾਏ।
'ਸ਼੍ਰੀ ਪ੍ਰਭੁ ਹ੍ਵੈਂ ਰੱਛਯਾ ਕਰਿ ਭਾਰੀ[3]।
ਨਾਮ ਸੁ ਲੀਜੈ ਜੈ ਰਣ ਕਾਰੀ[4]' ॥੪॥

ਚੰਚਲਾ ਛੰਦ: ਸ਼ੇਰ ਸਿੰਘ ਦੂਸਰੋ ਸੁ,
ਜੂਥ ਨਾਥ[5] ਬੀਚ ਬੀਰ।
ਤਯਾਰ ਜੰਗ ਖੇਤ ਕੋ, ਸੁ ਲੋਹ ਕੋਟ ਪੌਰ ਤੀਰ[6]।
ਸੈਨ ਸੈਲ ਨਾਥ ਕੀ, ਬਿਸਾਲ ਹੇਲ ਘਾਲਿ ਘਾਲਿ।
'ਮਾਰ ਮਾਰ' ਬੋਲਤੀ, ਪੁਕਾਰ ਭੂਰਿ ਡਾਲਿ[7] ਡਾਲਿ ॥੫॥
ਸ਼੍ਰੀ ਗੁਰੂ ਬਿਲੋਕਤੇ, ਉਤੰਗ ਥਾਨ ਪੈ ਥਿਰੰਤਿ।
ਜੰਗ ਮੈਂ ਉਮੰਗ ਕੈ, ਤੁਫੰਗ ਸੰਗ ਭੰਗਯੰਤਿ[8]।
ਗੋਰੀਆਂ ਦੁਓਰਿਯਾਂ, ਸੁ ਛੋਰਿਯਾਂ ਸਰੀਰ ਫੋਰ।
ਗੇਰਿਯਾਂ ਘਨੇਰਿਯਾਂ, ਬਿਖੇਰਿਯਾਂ ਜਿ ਲੋਥ ਘੋਰ[9] ॥੬॥

---

[1]ਬੰਦੂਕ।
[2]ਵੈਰੀ ਆਇਆ ਦੇਖਕੇ ਗੋਲੀਆਂ ਛੱਡਦੇ ਹਨ।
[3]ਸ਼੍ਰੀ ਪ੍ਰਭੂ ਜੀ ਭਾਰੀ ਰੱਛਯਾ ਕਰਨ ਵਾਲੇ ਹੋਣ।
[4]ਰਣ ਵਿਚ ਜੈ ਕਰਾਉਣ ਵਾਲਾ ਨਾਮ (ਭਾਵ ਗੁਰੂ ਜੀ ਦਾ ਨਾਮ) ਲਓ।
[5]ਜਥੇਦਾਰ, ਸੈਨਾਪਤੀ।
[6]ਲੋਹਗੜ ਦੇ ਦਰਵਾਜ਼ੇ ਪਾਸ ਸੀ।
[7]ਬਹੁਤੀ ਪੁਕਾਰ ਪਾ ਪਾਕੇ।
[8]ਨਾਸ਼ ਕਰਦੇ ਹਨ (ਵੈਰੀਆਂ ਨੂੰ)।
[9]ਘਨੇਰੀਆਂ ਲੋਥਾਂ ਡੇਗੀਆਂ ਜੋ ਭਿਆਨਕ (ਤਰ੍ਹਾਂ) ਖਿਲਾਰੀਆਂ ਪਈਆਂ ਹਨ।

ਮੁੰਡ ਤੁੰਡ ਤੁਟਿਗੇ, ਪ੍ਰਚੰਡ ਹੀ ਘਮੰਡ ਘਾਲਿ[੧]।
ਟੂਟ ਹਾਥ ਪਾਂਇ ਗੇ, ਸੁ ਜੰਘ ਕੰਧ ਸ਼੍ਰੋਣ ਡਾਲ[੨]।
ਨੈਨ, ਕਾਨ, ਨਾਕ, ਓਠ, ਗ੍ਰੀਵ, ਭਾਲ, ਸੀਸ ਲਾਗਿ।
ਫੋਰਿ ਦੇਤਿ ਗੋਰਿਯਾਂ, ਉਤਾਰ ਦੇਤਿ ਕਾਂਹੁ ਪਾਗ ॥੭॥

ਸ੍ਵੈਯਾ: ਬਾਨ ਸਟਾਸਟ[੩] ਛੂਟ ਚਲੇ ਗਨ
ਬੀਰ ਕਟਾਕਟ ਹੋਨਿ ਲਗੇ।
ਨਾਦ ਚਟਾਪਟ ਊਠਤਿ ਦੀਰਘ
ਹੋਤਿ ਹਟਾਹਟ ਸੂਰ ਅਗੇ[੪]।
ਤੀਖਨ ਭੀਖਨ ਮਾਰ ਮਚੀ
ਰਜ ਸ਼੍ਰੌਣ ਰਚੀ ਭਟ ਚੀਰ ਪਗੇ[੫]।
ਅੰਗਨ ਭੰਗ ਤੁਰੰਗ ਭਏ
ਕਿਹ ਪੇਟ ਫਟੇ ਰਣਖੇਤ ਡਿਗੇ ॥੮॥
ਛੂਛ ਫਿਰੇ ਹਿਹਨਾਵਤਿ ਹੈਂ ਹਯ
ਹਾਕ ਪੁਕਾਰਤਿ ਹੈਂ ਕਹਿ ਕੋਊ।
ਭਾਰਥ[੬] ਦੂਸਰ ਹੋਤਿ ਭਯੋ ਜਨੁ
ਮਾਰਿ ਮਰੇ ਕਿਹ ਠਾਂ ਭਟ ਦੋਊ[੭]।
ਧੂਲ ਉਡੀ ਅੰਧਕਾਰ ਭਯੋ
ਬਡ ਧੂਮ ਉਠЯੋ ਜਨੁ ਬਾਰਦ ਹੋਊ।
ਹੋਇ ਪ੍ਰਕਾਸ਼ ਬਰੂਦ ਧੁਖੈ
ਤੜਿਤਾ ਸਮਤਾ ਕਹੁ ਪਾਂਵਤਿ ਸੋਊ[੮] ॥੯॥

ਰਸਾਵਲ ਛੰਦ: ਦਏ ਬ੍ਰਿੰਦ ਨੇਜੇ। ਕਲਰੀ ਸੁ ਭੇਜੇ।
'ਮਤੰਗੈ ਪਿਛਾਰੀ। ਕਰੋ ਜਾਇ ਮਾਰੀ ॥੧੦॥
ਕਿਤੇ ਹੋਇ ਦਾਏ[੯]। ਦਿਜੈ ਚੋਕ ਜਾਏ[੧੦]।

---

[੧]ਭਾਰੀ ਜੰਗ ਕਰਕੇ।
[੨]ਹੱਥ ਪੈਰ ਟੁਟ ਗਏ ਤੇ ਜੰਘਾਂ ਤੇ ਮੋਢਿਆਂ ਵਿਚੋਂ ਲਹੂ ਡਿਗਦਾ ਹੈ। (ਅ) ਹੱਥ, ਪੈਰ, ਜੰਘਾਂ, ਮੋਢੇ, ਕੰਨ ਟੁੱਟਕੇ ਡਿਗੇ ਪਏ ਹਨ।
[੩]ਛੇਤੀ ਛੇਤੀ।
[੪](ਇਕ ਦੂਸਰੇ ਨੂੰ) ਹਟਾ ਕੇ ਅੱਗੇ ਹੁੰਦੇ ਹਨ ਸੂਰਮੇ।
[੫]ਕਪੜੇ ਭਿੱਜ ਗਏ (ਲਹੂ ਨਾਲ)।
[੬]ਮਹਾਂਭਾਰਤ ਦਾ ਯੁੱਧ।
[੭]ਦੋਵੇਂ ਸੂਰਮੇਂ (ਆਮੋ ਸਾਹਮਣੇ ਦੇ)।
[੮]ਬਿਜਲੀ ਦੀ ਤੁੱਲਤਾ ਪਾਉਂਦਾ ਹੈ ਉਹ ਬਰੂਦ (ਜਦੋਂ ਚਲਦਾ ਹੈ)।
[੯]ਸਜੇ ਪਾਸਿਓਂ ਹੋਕੇ।
[੧੦]ਜਾਂਦੇ ਹੋਏ (ਹਾਥੀ ਨੂੰ) ਚੋਕ (ਹੁੱਜਾਂ) ਮਾਰਦੇ ਜਾਣਾ।

ਕਿਤੇ ਬਾਮ ਪਾਸੇ। ਥਿਰੋ ਜਾਇ ਰਾਸੇ[੧] ॥੧੧॥
ਜਹਾਂ ਕੋਟ ਪੌਰਾ। ਚਲੈ ਤਾਂਹਿ ਠੌਰਾ[੨]।
ਹਟੈ ਨਾਂਹਿ ਜੈਸੇ। ਕਰੋ ਕਾਰ ਤੈਸੇ' ॥੧੨॥
ਸੁਨੀ ਭੂਪ[੩] ਬਾਨੀ। ਕਰੇ ਸਾਵਧਾਨੀ।
ਬਡੋ ਫੀਲ ਪ੍ਰੇਰਾ। ਮਹਾਂ ਮੱਤ[੪] ਘੇਰਾ ॥੧੩॥
ਮਨੋ ਸੈਲ ਸ਼੍ਰਿੰਗੰ[੫]। ਚਲ੍ਯੋ ਯੌਂ ਮਤੰਗੰ।
ਫੁੰਕਾਰੇ ਕਰਾਲਾ। ਮਹਾਂ ਓਜਵਾਲਾ ॥੧੪॥
ਸੁ ਨੇਜ਼ਾਨ ਪ੍ਰੇਰਾ[੬]। ਚਿੰਘਾਰੈ ਬਡੇਰਾ।
ਘਨੀ ਕੈਫ ਪਾਨੀ[੭]। ਚਲ੍ਯੋ ਅੱਗ੍ਰ ਥਾਨੀ ॥੧੫॥
ਪਦਾਂਤੀ ਹਜ਼ਾਰੈਂ[੮]। ਮਿਲੇ ਹੈਂ ਪਿਛਾਰੈਂ।
ਤੁਰੰਗੈ ਨਚਾਏ। ਭਏ ਬਾਮ ਦਾਏ[੯] ॥੧੬॥

**ਭੁਜੰਗ ਪ੍ਰਯਾਤ ਛੰਦ:** ਚਲ੍ਯੋ ਕੇਸਰੀ ਚੰਦ ਲੀਨੀ ਕਮਾਨਾ।
ਗਹੇ ਬਾਨ ਤੀਖੇ ਗੁਨੰ ਸੰਧਿ ਤਾਨਾ[੧੦]।'
ਪ੍ਰਹਾਰੈ ਚਲੈ ਸਾਮੁਹੇ ਕੋਟ ਪੌਰਾ।
ਕਰੀ ਹਾਲ ਹੂਲੰ ਪਰ੍ਯੋ ਭੂਰ ਰੌਰਾ ॥੧੭॥
ਭਯੋ ਭੀਮਚੰਦੰ ਕਿਤੀ ਦੂਰ ਪਾਛੇ।
-ਫਤੇ ਕੋਟ ਕੈ ਹੈਂ[੧੧]-ਇਮੰ ਚੀਤ ਬਾਂਛੇ।
ਕਟੋਚੀ ਹੰਡੂਰੀ ਹੁਤੇ ਔਰ ਰਾਜੇ।
ਭਏ ਬਾਮ ਦਾਏਂ ਚਲੇ ਜੁੱਧ ਕਾਜੇ ॥੧੮॥
ਦੁਊ ਸਿੰਘ ਜੋਧੇ ਗੁਰੂ ਆਪ ਭੇਜੇ।
ਬਰੇ ਕੋਟ ਮੈਂ ਜਾਇ ਲੀਨੇ ਸੁ ਨੇਜ਼ੇ।
ਜਿਤੇ ਸਿੰਘ ਸੰਗੀ ਕਰੇ ਜ਼ੋਰ ਆਏ।
ਤੁਫੰਗੈਂ ਪ੍ਰਹਾਰੈਂ ਤੜਾਕੇ ਉਠਾਏ ॥੧੯॥

---

[੧]ਬਹੁਤੇ।
[੨]ਤਿਸ ਥਾਂ ਤੱਕ ਜਾਵੇ (ਹਾਥੀ)।
[੩]ਰਾਜੇ ਦੀ।
[੪]ਮਸਤ।
[੫]ਮਾਨੋਂ ਪਹਾੜ ਦੀ ਚੋਟੀ ਹੈ।
[੬]ਨੇਜ਼ਿਆਂ ਨਾਲ ਪ੍ਰੇਰਿਆ ਹੋਇਆ।
[੭]ਸ਼ਰਾਬ ਪੀਤੀ ਹੋਈ। [ਅ:, ਕੈਫ਼ = ਨਸ਼ਾ। ਨਸ਼ੇ ਵਾਲੀ ਸ਼ੈ]।
[੮]ਹਜ਼ਾਰਾਂ ਪੈਦਲ ਸੂਰਮੇਂ।
[੯]ਖੱਬੇ ਸੱਜੇ।
[੧੦]ਚਿੱਲੇ ਵਿਚ ਜੋੜਕੇ ਖਿਚਿਆ।
[੧੧]ਕਰ ਲਵਾਂਗੇ।

ਦੋਹਰਾ: ਹੁਤੋ ਅਗਮ ਪੁਰ ਮੋਰਚਾ,
ਤਹਾਂ ਪਰਜੋ ਘਮਸਾਨ।
ਥਿਰਹਿਂ[1] ਸਿੰਘ ਛੋਰਹਿਂ ਨਹੀਂ,
ਪਰੇ ਪਹਾਰੀ ਆਨਿ ॥੨੦॥

ਭੁਜੰਗ ਪ੍ਰਯਾਤ ਛੰਦ: ਬਡੇ ਓਜ ਲਾਏ ਤੁਫੰਗੈਂ ਪ੍ਰਹਾਰੀ।
ਤਬੈ ਆਨਿ ਢੂਕੇ ਸਮੂਹੰ ਪਹਾਰੀ।
ਚਲੀ ਬ੍ਰਿੰਦ ਗੋਰੀ ਮਰੇ ਬੀਰ ਕੇਤੇ।
ਤਊ ਨਾਂਹਿ ਛੋਰੈਂ ਰੁਪੇ ਸਿੰਘ ਜੇਤੇ ॥੨੧॥
ਕਰਾਚੋਲ ਕਾਢੇ ਭਏ ਹੱਥਵੱਥੰ।
ਮਰੇ ਸਿੰਘ ਮਾਰੇ ਪਹਾਰੀ ਪ੍ਰਮੱਥੰ[2]।
ਰਹੇ ਆਨਿ ਥੋਰੇ[3] ਸੁ ਲੀਨੇ ਧਕਾਈ।
ਲਿਯੋ ਮੋਰਚਾ ਮੱਲ ਛੂਛੰ ਤਕਾਈ[4] ॥੨੨॥
ਚਲੇ ਫੇਰ ਆਗੇ ਲਯੋ ਬੀਚ ਹਾਥੀ।
ਸੁ ਸੈਫੰ ਭ੍ਰਮਾਵੈ ਬਧੀ ਸੁੰਡ ਸਾਥੀ।
ਧਕਾਏ ਕਿਤੀ ਦੂਰ ਲੌ ਸਿੰਘ ਆਏ[5]।
ਪਰੇ ਮਾਰ ਗੋਰੀਨ ਕੀ ਬੀਰ ਘਾਏ ॥੨੩॥
ਭਏ ਕੋਟ ਕੇ ਪੌਰ ਕੋ ਸਾਮੁਹਾਈ।
ਚਲੈਂ ਬਾਨ ਗੋਰੀ ਮਹਾਂ ਧੂਮ ਪਾਈ।
ਫਿਰੀ ਜੋਗਨੀ ਆਨਿ ਭੂਤੰ ਸੁ ਪ੍ਰੇਤੰ।
ਭਖੈਂ ਮਾਸਹਾਰੀ ਮਹਾਂ ਜੰਗ ਖੇਤੰ ॥੨੪॥
ਭ੍ਰਮੈਂ ਗ੍ਰਿੱਧ ਬ੍ਰਿੱਧੰ, ਰੜੈਂ ਕੰਕ ਬੰਕੰ[6]।
ਅਘਾਵੈਂ ਡਕਾਰੈਂ[7], ਬਜੈਂ ਬ੍ਰਿੰਦ ਡੰਕੰ[8]।
ਸਰੰ ਸਾਂਗ ਸੇਲੇ ਸਰੋਹੀ ਦੁਧਾਰੇ।
ਲਗੇ ਅੰਗ ਭੰਗੇ ਪਰੇ ਬੀਰ ਮਾਰੇ ॥੨੫॥
ਚਲਜੋ ਮੱਤ ਹਾਥੀ ਜਬੈ ਪੌਰ ਆਯੋ।

---

[1]ਮੋਰਚੇ ਤੇ ਸਿੰਘ ਡਟ ਗਏ।
[2]ਸਿੰਘ (ਆਪ ਵੀ) ਮਰੇ ਤੇ ਪਹਾੜੀਆਂ ਨੂੰ ਵੀ ਚੰਗੀ ਤਰ੍ਹਾਂ ਮਲਕੇ ਮਾਰਿਆ।
[3]ਸਿੰਘ ਥੋੜੇ ਰਹਿ ਗਏ।
[4](ਸਿੰਘਾਂ ਦਾ) ਮੋਰਚਾ ਖਾਲੀ ਤੱਕਕੇ ਮੱਲ ਲਿਆ।
[5]ਧਕੀਂਦੇ ਹੋਏ ਸਿੰਘ ਦੂਰ ਤਕ ਆਏ।
[6]ਬੋਲਦੀਆਂ ਹਨ ਚਿੱ: ਚੀਲਾਂ ਟੇਢੀਆਂ (ਚੁੰਝਾਂ ਵਾਲੀਆਂ) [ਰਤਨਾ = ਰਟਨਾ]।
[7]ਡਕਾਰਦੇ ਹਨ।
[8]ਡੰਕੇ ਵਜਦੇ ਹਨ।

ਧਕੇਲੇ ਸਭੈ ਸਿੰਘ ਯੌਂ ਜ਼ੋਰ ਪਾਯੋ।
ਬਰੇ ਬੀਚ ਕੋਟੰ ਲਿਏ ਓਟ ਠਾਂਢੇ[1]।
ਤੁਫੰਗੈਂ ਤੜਾਕੇ ਪਰੈਂ ਹੋਇ ਗਾਢੇ ॥੨੬॥
ਛੁਟੀ ਸੈਂਕਰੇ ਏਕਬਾਰੀ ਤੁਫੰਗੈਂ।
ਫੁਟੈਂ ਤੁੰਡ ਮੁੰਡੈਂ ਲਿਟੈ ਜਯੋਂ ਮਲੰਗੈਂ।
ਹਜ਼ਾਰੋਂ ਪਰੇ ਮਾਰ ਗੋਰੀਨ ਹੋਈ।
ਤਊ ਨ ਮਿਟੇ ਹੇਲ ਘਾਲੰਤਿ ਸੋਈ ॥੨੭॥
ਪਹੂਚੇ ਜਬੈ ਪੌਰ ਲੌ ਆਨਿ ਬੈਰੀ।
ਬਡੀ ਮਾਰ ਖੈ ਕੈ ਨਹੀਂ ਤੁੰਡ ਫੇਰੀ।
ਕਰਾਚੋਲ ਕਾਢੇ ਚਹੈਂ ਸੋ ਪ੍ਰਵੇਸ਼ੇ।
ਦਿਯੋ ਢੋਇ ਹਾਥੀ ਪ੍ਰਹਾਰੈਂ ਵਿਸ਼ੇਸ਼ੇ ॥੨੮॥
ਦੜਾ ਦਾੜ ਗੈਰੈਂ ਤੁਫੰਗੈਂ ਪ੍ਰਹਾਰੇ।
ਕਿਲੇ ਮੋਰਚੇ ਮੈਂ ਖਰੇ ਸਿੰਘ ਮਾਰੈਂ।
ਪਰੀ ਲੋਥ ਪੈ ਲੋਥ ਪੌਰੰ ਅਗਾਰੀ।
ਗਏ ਜੂਝ ਕੇਤੇ ਬਕੈਂ 'ਮਾਰ ਮਾਰੀ' ॥੨੯॥

ਲਲਿਤਪਦ ਛੰਦ: ਤਬਿ ਬਚਿੱਤ੍ਰ ਸਿੰਘ ਰਿਦੈ ਬਿਚਾਰਯੋ
-ਇਹ ਅਵਸਰ ਅਬਿ ਮੇਰਾ।
ਹਤੌਂ ਮਤੰਗ ਅੰਗ ਮੈਂ ਬਰਛਾ
ਕਰਿ ਕੈ ਓਜ ਘਨੇਰਾ- ॥੩੦॥
ਹਯ ਅਰੂਢਿ ਕਰਿ ਠਾਂਢੋ ਅੰਤਰ
ਉਦੇ ਸਿੰਘ ਕੇ ਪਾਸਾ।
ਮਾਦਕ ਚਢਯੋ ਮਸਤ ਅਤਿ ਹੋਵਾ
ਸਭਿ ਸੋਂ ਬਾਕ ਪ੍ਰਕਾਸ਼ਾ ॥੩੧॥
'ਖੋਲਿ ਕਪਾਟ ਦੇਹੁ ਮੁਝ ਆਗੈ
ਦੇਖਹੁ ਜੰਗ ਮਤੰਗਾ।
ਅਪਰ ਸਭਿਨਿ ਕੌ ਤੁਮ ਦਿਢ ਝਾਲੋ[2]
ਸ਼ਲਖ ਤੁਫੰਗਨਿ ਸੰਗਾ ॥੩੨॥
ਉਦੇ ਸਿੰਘ ਕੇ ਬਾਂਟੇ ਆਯੋ
ਹਤੇ ਕੇਸਰੀ ਚੰਦਾ।
ਐਸੀ ਕਰਹੁ ਮਾਰ ਮਿਲਿ ਸਿੰਘਹੁ !

---
[1]ਆਸਰਾ ਲੈਕੇ ਖੜੋ ਗਏ।
[2]ਪਕੇ ਹੋਕੇ ਝੱਲੋ।

ਧਰ ਪਰ ਧਰ ਹ੍ਵੈਂ ਬ੍ਰਿੰਦਾ[1]' ॥੩੩॥
ਇਮ ਕਹਿ ਕਰਿ ਕਪਾਟ ਖੁਲਿਵਾਏ
ਹਯ ਕੀ ਬਾਗ ਉਠਾਈ।
ਸਮੁਖ ਮਤੰਗ ਆਵਤੋ ਪਿਖਿ ਕਰਿ
ਗਮਨਜੋਂ ਕੇਹਰਿ ਨਜਾਈ ॥੩੪॥
ਚਰਬਤਿ ਓਠਨ ਲਾਲ ਬਿਲੋਚਨਿ
ਫਰਕਤਿ ਮੂਛ ਉਠਾਈ।
ਭ੍ਰਿਕੁਟੀ ਚਢੀ ਕੁਟਿਲ, ਮੁਖ ਲਾਲੀ,
ਸ਼ਮਸ਼ ਮਹਾਂ ਛਬਿ ਛਾਈ ॥੩੫॥
ਮਨਹੁੰ ਕ੍ਰੋਧ ਤੇ ਸ਼ੇਰ ਸਟਾ ਉਠਿ[2]
ਭੀਖਨ ਦਰਸ਼ਨ ਹੋਵਾ।
ਤੋਮਰ ਧਰਿ ਕੈ ਹਾਥ ਉਭਾਰਜੋ
ਹਾਥੀ ਮਸਤਕ ਜੋਵਾ ॥੩੬॥
ਪਗ ਕੋ ਬਲ ਰਕਾਬ ਪਰ ਕਰਿ ਕੈ
ਉਛਲਜੋ ਆਸਨ ਛੋਰਾ।
ਸਭਿ ਸਰੀਰ ਕੌ ਓਜ ਸੰਭਰਿ ਕੈ
ਹਯ ਫਾਂਦਜੋ ਗਜ ਓਰਾ ॥੩੭॥
ਸੈਫ ਬਚਾਇ ਚਲਾਇ ਸੁ ਬਰਛਾ
ਤਵਾ ਪੁਲਾਦੀ ਫੋਰਾ।
ਬਰਜੋ ਜਾਇ ਗਜ ਮਸਤਕ ਮੈਂ ਜਬਿ
ਪੁਨ ਕਰ ਜੁਗ ਕਰਿ ਜ਼ੋਰਾ[3] ॥੩੮॥
ਕਰਜੋ ਧਸਾਵਨਿ ਪ੍ਰਵਿਸ਼ਜੋ ਐਸੇ
ਉਪਮਾਂ ਕਹੌਂ ਬਨਾਈ।
[4]ਕ੍ਰੌਂਚ ਸੈਲ ਮਹਿਂ ਜਿਮ ਸ਼ਿਵ ਨੰਦਨ
ਬਰਛੀ ਮਾਰਿ ਧਸਾਈ[3] ॥੩੯॥
ਬਾਸ਼ਕ ਕਿਧੌਂ ਬੇਗ ਫਣ ਦੀਰਘ[5]

---

[1]ਧਰਤੀ ਤੇ ਧੜਾਂ ਦਾ ਢੇਰ ਲਗ ਜਾਵੇ।
[2]ਮਾਨੋਂ ਸ਼ੇਰ ਦੀ ਅਯਾਲ ਉਠੀ ਹੈ।
[3]ਦੋ ਹਥਾਂ ਦਾ ਜ਼ੋਰ ਕਰਕੇ।
[4]ਕ੍ਰੌਂਚ ਪਹਾੜ ਵਿਚ ਜਿਵੇਂ ਸ਼ਾਮ ਕਾਰਤਕ ਨੇ ਬਰਛੀ ਮਾਰਕੇ ਧਸਾਈ ਹੈ [ਕ੍ਰੌਂਚ ਹਿਮਾਲਾ ਦਾ ਪੌਤਾ ਮੈਨਾਕ ਦਾ ਪੁੱਤ ਜੋ ਹੰਕਾਰੀ ਹੋਕੇ ਕ੍ਰੌਂਚ ਦੀਪ ਦੇ ਲੋਕਾਂ ਨੂੰ ਮਾਰਨ ਲਗਾ ਸੀ, ਕਿ ਸ਼ਿਵ ਜੀ ਦੇ ਬੇਟੇ ਕਾਰਤਕੇਯ ਨੇ ਬਰਛੀ ਮਾਰਕੇ ਉਸ ਨੂੰ ਗੱਡ ਦਿੱਤਾ ਤੇ ਸਿਰ ਕੱਟ ਲਿਆ]।
[5]ਯਾ ਵਡੇ ਫਣ ਵਾਲਾ ਬਾਸ਼ਕ (ਨਾਗ)।

ਬਿਨਤਾ ਸੁਤ ਕੇ ਤ੍ਰਾਸਾ[1]।
ਦੇਖਿ ਰੰਧ੍ਰ ਗਿਰ ਬਿਖੈ ਪ੍ਰਵੇਸ਼ਾ[2]
ਨਹਿਂ ਪੁਨ ਬਦਨ ਨਿਕਾਸਾ ॥੪੦॥
ਮਨਹੁਂ ਇੰਦ੍ਰ ਕਰਿ ਕ੍ਰੋਧ ਬਿਲੰਦੈ
ਲੀਨਿ ਰੁੱਦ੍ਰ ਤੇ ਸੂਲੰ[3]।
ਗਿਰ ਕੋ ਹਤਯੋ ਬਧਨ ਕੇ ਹਿਤ ਕਰਿ[4]
ਅਸ ਉਪਮਾ ਅਨੁਕੂਲੰ ॥੪੧॥
ਪੁਨ ਤੋਮਰ ਕੌ ਦੋਨਹੁਂ ਕਰ ਸੋਂ
ਬਲ ਤੇ ਬਹੁ ਝਕਝੋਰਾ[5]।
ਖੈਂਚਿ ਨਿਕਾਸਯੋ ਸ਼੍ਰੋਣਤ ਲਿਪਟਯੋ
ਕੀਨਸਿ ਅਪਨੀ ਓਰਾ[6] ॥੪੨॥
ਬਰਛਾ ਲਗਤਿ ਚਿੰਘਾਰਯੋ ਦੀਰਘ
ਕੁੰਚਰ ਸੀਸ ਨਿਵਾਯੋ।
ਜਨੁ ਗੁਰਸਿੱਖ ਕੋ ਬੰਦਨ ਠਾਨਯੋ
'ਮੈਂ ਭੂਲਯੋ ਇਤ ਆਯੋ' ॥੪੩॥
ਨਿਕਸਯੋ ਤੋਮਰ ਮਸਤਕ ਤੇ ਜਬਿ
ਹਟਿ ਪਾਛੈ ਮੁਖ ਮੋਰਾ।
ਪੁਨ ਬਚਿੱਤ੍ਰ ਸਿੰਘ ਚੋਭਤਿ ਨੇਜ਼ਾ[7]
ਰਿਸਯੋ ਦੁਰਦ ਤਬਿ ਘੋਰਾ[8] ॥੪੪॥
ਬਹਿਤਿ ਰੁਧਰ ਕੀ ਧਾਰ ਬਡੇਰੀ,
ਝਟਤਿ ਸੁੰਡ ਫਿਰ ਫੇਰੀ।
ਜੇ ਤੋਮਰ ਕੋ ਚੋਕਤਿ ਨੇਰੈ
ਤਿਨ ਕੌ ਮਾਰਤਿ ਗੇਰੀ[9] ॥੪੫॥
ਭਯੋ ਬਿਬਸ ਬਹੁ ਮਰੇ ਪਹਾਰੀ
ਸੈਫ ਪ੍ਰਹਾਰਤਿ ਹਾਥੀ।

---

[1]ਗਰੁੜ ਦੇ ਡਰ ਕਰਕੇ.....।
[2]ਪਹਾੜ ਵਿਚ ਖੁਡ ਵੇਖਕੇ ਵੜ ਗਿਆ।
[3]ਤ੍ਰਿਸੂਲ।
[4]ਨਾਸ਼ ਕਰਨ ਲਈ।
[5]ਘੁਮ ਘੁਮ ਕੇ ਫੇਰਿਆ।
[6]ਆਪਣੇ ਪਾਸੇ ਕਰ ਲਿਆ।
[7]ਭਾਵ ਪਿਛੋਂ ਦੀ ਨੇਜ਼ਾ ਚੋਭਦਾ ਹੈ।
[8]ਭਿਆਨਕ ਹਾਥੀ ਨੂੰ ਗੁੱਸਾ ਚੜਿਆ।
[9]ਜੋ ਨੇੜੇ ਹੋਕੇ ਤੋਮਰ ਚੋਭਦੇ ਸਨ ਪਹਾੜੀਏ ਤਿਨ੍ਹਾਂ ਨੂੰ ਮਾਰਕੇ ਡੇਗ ਦਿੰਦਾ ਹੈ।

ਚਿੰਘਾਰਤਿ ਅਰੁ ਫੇਰਤਿ ਬਲ ਤੇ
ਕਤਲ ਕਰੇ ਨਿਜ ਸਾਥੀ ॥੪੬॥
ਭਯੋ ਸਥਾਰ[1] ਸੈਫ ਤੇ ਕਾਟਤਿ
ਪਰਯੋ ਰੌਰ ਤਬਿ ਭਾਰਾ।
ਸਹਤਿ ਸਿੰਘ ਕੁਛ ਸਤਿਗੁਰ ਹੇਰੇ
ਭਯੋ ਅਨੰਦ ਉਦਾਰਾ ॥੪੭॥
ਪ੍ਰੇਰਤਿ ਘਨੇ ਮੋਰਿਬੇ[2] ਗਜ ਕੌ
ਜਹਿਂ ਦੇਖਤਿ ਨਿਜ ਨੇਰੇ।
ਰਿਸ ਤੇ ਸੁੰਡ ਫੇਰਤੋ ਮਾਰਤਿ
ਸੈਫ ਸਾਥ ਗਨ ਗੇਰੇ ॥੪੮॥
ਰਹਯੋ ਖਾਲਸਾ ਮਾਰਨ ਤੇ ਕਿਤ,
ਇਕ ਮਤੰਗ ਹੀ ਮਾਰੈ[3]।
ਜਿਤ ਦਿਸ਼ਿ ਦੌਰ ਪਰਤਿ ਹੈ ਕਾਟਤਿ
ਭਾਜਤਿ ਜਾਤਿ ਅਗਾਰੈ ॥੪੯॥
ਪੈਰਨ ਸੋਂ ਦਰਿ ਕਰਿ ਗਨ ਮਾਰੇ[4]
ਸੈਫ ਸੰਗ ਬਹੁ ਕਾਟੇ।
ਜਤਨ ਹਟਾਵਨਿ ਕੌ ਕਰਿ ਹਾਰੇ
ਹਟਯੋ ਨ ਕੇਤਿਕ ਡਾਟੇ[5] ॥੫੦॥
ਤਬਿ ਬਚਿੱਤ੍ਰ ਸਿੰਘ ਪੇਲਤਿ[6] ਪਾਛੇ
ਤੋਮਰ ਅਨੀ ਪ੍ਰਹਾਰੈ[7]।
ਤਯੋਂ ਤਯੋਂ ਬੇਗ ਜਾਤਿ ਕਰਿ ਆਗੈ
ਘਨੇ ਪਹਾਰੀ ਮਾਰੈ ॥੫੧॥
ਪਰਯੋ ਅਪੂਠੋ[8] ਘਰ ਕੇ ਮਾਰਤਿ
ਜਸੁਵਾਰਨ ਕੋ ਹਾਥੀ।
ਅਬਿ ਲੌ ਕਹਿਵਤ ਅਹੈ ਗਿਰਨਿ ਮਹਿਂ

---

[1]ਢੇਰ ਲੱਗ ਗਏ, ਭਾਵ ਬਹੁਤ ਲੋਕ (ਪਹਾੜੀਆਂ ਦੇ) ਮਰੇ।
[2]ਮੋੜਨ ਲਈ।
[3]ਖਾਲਸਾ ਤਾਂ ਮਾਰਨੋ ਕਿਤੇ ਰਿਹਾ ਇਕ ਹਾਥੀ ਹੀ ਬਥੇਰਾ ਮਾਰ ਰਿਹਾ ਹੈ।
[4]ਦਰੜ ਕੇ ਮਾਰੇ।
[5]ਬਹੁਤਾ ਡਾਂਟਿਆ ਬੀ।
[6]ਧੱਕਦਾ ਹੈ।
[7]ਧੱਕਦਾ ਹੈ (ਹਾਥੀ ਨੂੰ) ਬਰਛੇ ਦੀ ਨੋਕ ਚੋਭਕੇ।
[8]ਪੁੱਠਾ ਪੈ ਕੇ ਆਪਣੇ ਘਰ ਦੇ ਹੀ ਮਾਰ ਦਿੱਤੇ।

ਮਿਲਿ ਮਿਲਿ ਬੋਲਤਿ ਸਾਥੀ[1] ॥੫੨॥
ਹਤੇ ਹਜ਼ਾਰਹੁੰ ਗਿਰ ਨਰ ਕੁੰਚਰ[2]
ਗੁਰ ਕੀ ਬਿਜੈ ਕਰੰਤਾ।
ਲੋਚਨ ਲਾਲ ਚਿੰਘਾਰ ਪੁਕਾਰੈ
ਸੁੰਡ ਪ੍ਰਚੰਡ ਭ੍ਰਮੰਤਾ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਕੁੰਚਰ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

---

[1]'ਜਸਵਾਰੀਆਂ ਦਾ ਹਾਥੀ' ਇਕ ਮੁਹਾਵਰਾ ਹੋ ਗਿਆ ਹੈ ਪਹਾੜੀਆਂ ਵਿਚ, ਜੋ ਵੱਡਾ ਹੋਕੇ ਆਪਣਿਆਂ ਨੂੰ ਹੀ ਮਾਰੇ ਉਸ ਪ੍ਰਥਾਇ ਕਹਿੰਦੇ ਹਨ 'ਜਸਵਾਰੀਆਂ ਦਾ ਹਾਥੀ ਮੁੜ ਘਿੜ ਆਪਣਿਆਂ ਨੂੰ ਮਾਰੇ'।

[2]ਪਹਾੜੀ ਆਦਮੀ ਹਾਥੀ ਨੇ ਮਾਰੇ।

## ੨੭. [ਕੇਸਰੀ ਚੰਦ ਨੂੰ ਮਾਰਨਾ]

੨੬<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੨੮

ਦੋਹਰਾ: ਜਸੁਵਾਰੀ ਨ੍ਰਿਪ ਕੇਸਰੀ,
ਨਿਜ ਕੁੰਚਰ ਅਵਿਲੋਕ।
ਸੈਨ ਖਪਾਵਤਿ ਫਿਰਤਿ ਹੈ,
ਰਿਦੈ ਧਾਰਿ ਬਹੁ ਸ਼ੋਕ ॥੧॥

ਰਸਾਵਲ ਛੰਦ: [1]-ਪਦਾਂਤੀ ਖਪਾਏ। ਜਿਤੇ ਸੰਗ ਲਾਏ[2]।
ਰਹੇ ਸ਼ੇਖ ਜੋਈ। ਭਜੇ ਤੀਰ ਸੋਈ[3] ॥੨॥
ਇਕੈ ਓਰ ਹਾਥੀ। ਬਿਨਾਸੇ ਜੁ ਸਾਥੀ[4]।
ਦੁਤੀ ਓਰ ਸਿੰਘੰ। ਜਥਾ ਭੀਮ ਸਿੰਘੰ[5] ॥੩॥
ਚਮੂੰ ਪੁੰਜ ਘਾਈ। ਨਹੀਂ ਧੀਰ ਪਾਈ।
ਰਹਜੋ ਦੁਰਗ ਲੈਬੇ। ਬਨਜੋ ਜੀਵ ਦੈਬੈ[6] ॥੪॥
ਗੁਰੂ ਸੈਨ ਥੋਰੀ। ਬਡੋ ਘਾਲਿ ਜ਼ੋਰੀ[7]।
ਹਮੈ ਸਾਥ ਲੱਛਾ। ਬਿਲੋਕੈਂ ਪ੍ਰਤੱਛਾ[8] ॥੫॥
ਨਹੀਂ ਜਾਇ ਜਾਨੀ। ਭਈ ਪੁੰਜ ਹਾਨੀ।
ਥਿਰੇ ਨ ਪਦਾਂਤੀ। ਰਿਦੈ ਧੀਰ ਹਾਤੀ ॥੬॥
ਤੁਰੰਗਾਨਿ ਸੈਨਾ। ਅਬੈ ਜੁੱਧ ਐਨਾ[9]।
ਲਰੌਂ ਸੰਗ ਲੈ ਕੇ। ਚਢੌਂ ਕੋਟ ਧੈ ਕੇ[10]- ॥੭॥
ਰਿਦੈ ਯੌਂ ਬਿਚਾਰੀ[11]। ਸਮੂਹੰ ਹਕਾਰੀ[12]।
ਬਧੇ ਟੋਲ ਕੇਤੇ। ਨ੍ਰਿਭੈ ਬੀਰ ਜੇਤੇ ॥੮॥
ਮਿਲੇ ਹੇਲ ਘਾਲਾ। ਛੁਟੀ ਬੌਨਿ ਜ੍ਵਾਲਾ[13]।
ਤੜਾ ਤਾੜ ਮਾਚੀ। ਕਰਾਲੀ ਸੁ ਨਾਚੀ ॥੯॥

---

[1]ਇਥੋਂ ਕੇਸਰੀ ਦੀ ਸੋਚ ਟੁਰਦੀ ਹੈ।
[2]ਜੇਹੜੇ (ਹਾਥੀ ਦੇ) ਨਾਲ ਕੀਤੇ ਸਨ।
[3]ਉਹ ਹਾਥੀ ਦੇ ਕੋਲੋਂ ਭੱਜ ਗਏ।
[4]ਇਕ ਪਾਸੇ ਤਾਂ (ਉਸਦੇ) ਸਾਥੀ ਹਾਥੀ ਨੇ ਮਾਰੇ।
[5]ਭਿਆਨਕ ਸ਼ੇਰ ਵਾਂਗ।
[6]ਜਿੰਦ ਦੇਣੀ ਬਣ ਗਈ।
[7]ਗੁਰੂ ਜੀ ਦੀ ਥੋੜੀ ਸੈਨਾ ਨੇ ਹੀ ਬੜਾ ਜ਼ੋਰ ਪਾਇਆ ਹੈ।
[8]ਇਹ ਗਲ ਸਿੰਘ ਪ੍ਰਤੱਖ ਦੇਖਦੇ ਹਨ ਕਿ ਸਾਡੇ ਨਾਲ ਲੱਖਾਂ ਹਨ।
[9]ਅਜੇ ਜੁੱਧ ਭੂਮੀ ਵਿਚ ਹੈ।
[10]ਧਾਵਾ ਕਰਕੇ ਕਿਲੇ ਤੇ ਜਾਕੇ ਚੜਾਂ।
[11]ਵਿਚਾਰਿਆ (ਕੇਸਰੀ ਚੰਦ ਨੇ)।
[12]ਸਾਰਿਆਂ ਨੂੰ ਬੁਲਾਇਆ।
[13]ਜ੍ਵਾਲਾ ਬਮਣੀ = ਬੰਦੂਕ।

ਬਕੈਂ 'ਮਾਰ ਮਾਰੰ।' ਤੁਰੰਗਾਂ ਸਵਾਰੰ।
ਗਜੰ ਘੇਰ ਲੀਨਾ। ਸਬੈ ਅੱਗ੍ਰ ਕੀਨਾ[1] ॥੧੦॥
ਜਸੋਵਾਰਿ ਦੇਖਾ। ਉਦੇ ਸਿੰਘ ਰੇਖਾ[2]।
-ਪਰਜੋ ਕਾਮ ਮੇਰਾ। ਢੁਕਜੋ ਸ਼ੱਤ੍ਰੁ ਨੇਰਾ- ॥੧੧॥
ਖੁਲ੍ਹਜੋ ਕੋਟ ਦ੍ਵਾਰਾ। ਚਮੂੰ ਕੋ ਨਿਹਾਰਾ।
ਭਯੋ ਨੇਰ ਆਈ। ਤੁਫੰਗੈਂ ਚਲਾਈ ॥੧੨॥

ਸਿਰਖੰਡੀ ਛੰਦ: ਉਦੇ ਸਿੰਘ ਤਬਿ ਧਾਯੋ, ਬਰਛਾ ਹਾਥ ਲੈ।
ਮੋਰ ਮਨਿੰਦ ਨਚਾਯੋ, ਬਾਗ ਉਠਾਇ ਕਰਿ।
ਲਲਕਾਰਤਿ ਰਣ ਆਯੋ, ਬਾਹਰ ਨਿਕਸਿ ਕੈ।
ਜਥਾ ਸ਼ੇਰ ਗਰਜਾਯੋ, ਦੇਖਿ ਮਤੰਗ ਗਣ ॥੧੩॥
ਬਿਚਰਤਿ ਗਨ ਮਤਵਾਲਾ ਬਾਰਨ, ਚਢਿ ਰਹੀ[3]।
ਸ਼੍ਰੋਣਤ ਬਹਿਤ ਬਿਸ਼ਾਲਾ, ਘਾਵਨ ਭੇਦਿਓ।
ਇਤ ਉਤ ਫਿਰਹਿ ਬਿਹਾਲਾ, ਦਰੜਤਿ ਲੋਥ ਗਨ।
ਫੇਰਤਿ ਸੁੰਡ ਕਰਾਲਾ, ਕਾਟਤਿ ਸੁਭਟ ਦਲ ॥੧੪॥

ਅੰਮ੍ਰਿਤ ਧੁਨਿ ਛੰਦ: ਥਲ ਥਲ[4] ਦਲ ਖਲਭਲ[5] ਪਰਜੋ, ਲੋਥ ਉਲੱਥ ਪਲੱਥ।
ਜਸੁਵਾਰੀ ਕੋ ਫਿਰਤਿ ਹੈ, ਹਾਥੀ ਹੱਥ[6] ਪ੍ਰਮੱਥ[7]।
ਹੱਥ[*] ਪ੍ਰਮੱਥਥ[8] ਕਿੱਤ ਨ ਪੱਥਥ[9+]ਮ ਥਿਤ ਜਹਿੰ ਜੁੱਥਥ[10]।
ਥਲ ਥਲ ਗੁੱਥਥ[11], ਥਿਰਤਿ ਨ ਸੱਥਥ[12]ਮ ਥਰ ਥਰ ਗੁੱਥਥ[13*]।

---

[1]ਸਾਰਿਆਂ (ਨੂੰ ਆਪਣੇ) ਅੱਗੇ ਕੀਤਾ।
[2]ਉਦੇ ਸਿੰਘ ਨੇ ਜਸਵਾਰੀਏ ਰਾਜੇ ਨੂੰ ਡਿੱਠਾ ਤੇ (ਅਪਣੀ ਸੁਭ) ਰੇਖਾ ਸਮਝੀ (ਭਾਵ) ਭਾਗ ਜਾਗੇ। ਪਰ ਜਾਪਦਾ ਹੈ ਕਿ ਪਾਠ ਸੁਧ ਪ੍ਰੇਖਾ (= ਪਰਖਿਆ) ਹੈ।
[3]ਮਸਤ ਹਾਥੀ ਚੜ੍ਹੀ ਸ਼ਰਾਬ ਵਾਲਾ ਫਿਰ ਰਿਹਾ ਹੈ।
[4]ਥਾਂ ਥਾਂ ਤੇ।
[5]ਖਰਬ੍ਰਾਟ, ਘਬਰਾ ਵਾਲਾ ਰੌਲਾ।
[6]ਹਾਥੀ ਦੀ ਸੁੰਡ। [ਸੰਸ:, ਹਸ੍ਤ = ਹਾਥੀ ਦੀ ਸੁੰਡ]।
[7]ਚੰਗੀ ਤਰ੍ਹਾਂ ਮੱਥਦਾ ਅਰਥਾਤ ਤਬਾਹੀ ਕਰਦਾ ਹੈ।
[*]ਅਕਸਰ ਥਾਂ ਏਥੇ ਪਾਠ 'ਹਾਥੀ ਹੱਥ' ਹੈ, ਪਰ ਛੰਦਾਂ ਦੀ ਚਾਲ ਮੂਜਬ ਹਾਥੀ ਪਦ ਵਾਧੂ ਹੈ, ਕਿਸੇ ਆਦਿ ਨੁਸਖੇ ਵਿਚ ਪ੍ਰਯਾਯ ਮੂਜਬ ਲਗੇ ਹੋਏ ਪਦ 'ਹਾਥੀ' ਨੂੰ ਲਿਖਾਰੀ ਨੇ ਏਥੇ ਮੂਲ ਸਮਝਕੇ ਲਿਖ ਦਿਤਾ ਹੈ।
[8]ਸੁੰਡ ਨਾਲ ਤਬਾਹੀ ਕਰ ਰਿਹਾ ਹੈ।
[9]ਨ+ਪੱਥ+ਥ = ਰਾਹ+ਹੱਥ+ਨਹੀਂ, ਭਾਵ ਰਾਹ ਨਹੀਂ ਲੱਭਦਾ।
[+]ਪਾਠਾਂਤ੍ਰ ਹੈ-ਥਕਤਿ ਨ ਪੱਥਥ = ਦਰੜ ਸਿੱਟਣੋਂ ਨਹੀਂ ਥੱਕਦਾ ਹਾਥੀ (ਜਿੱਥੇ ਜਿੱਥੇ ਕਿ ਖੜੇ ਹਨ ਟੋਲੇ)।
[10]ਜੁੱਥ+ਥ = ਟੋਲੇ ਖੜੇ ਹੋਣ।
[11]ਗੁੰਨ੍ਹਣਾਂ (ਆਟੇ ਵਾਂਗ), ਭਾਵ ਮਲੀ ਦਲੀ ਜਾਣਾ।
[12]ਸਥਾਨ। (ਅ) ਸਾਥੀਆਂ ਤੋਂ। ਭਾਵ ਜੋ ਟੋਰਨ ਵਾਲੇ ਪਹਿਲਾਂ ਨਾਲ ਸਨ ਉਨ੍ਹਾਂ ਤੋਂ ਬੀ ਨਹੀਂ ਅਟਕੀਂਦਾ।
[13]ਗੁੱਛਾ ਕਰੀ ਜਾਂਦਾ ਹੈ।
[*]ਪਾਠਾਂਤ੍ਰ ਹੈ-ਥਰ ਥਰ ਗੁੱਥਥ = ਵਿਚ ਵੜ ਵੜਕੇ ਮਲਦਾ ਦਲਦਾ ਹੈ।

ਥੰਭਤਿ ਨ ਕਿੱਥਥ[੧] ਖਿਰ ਖਿਰ ਚਿੱਥਥ[੨]ਮ ਬਪੁ ਉਪਲੱਥਥ[੩]।
ਬਿਸਲ[੪] ਚਲੱਥਥ[੫+] ਥੁਰਜ ਨ ਮੱਥਥ[੬++], ਥਕਤ ਪਰੰ[੭] ਥਲਥਲ[¶] ॥੧੫॥

ਅਰਥ: (ਪਹਾੜੀ) ਸੈਨਾ ਵਿਚ ਥਾਂ ਥਾਂ ਤੇ ਖਰਬਰਾਟ ਪੈ ਰਿਹਾ ਹੈ, ਲੋਥਾਂ (ਤੇ ਲੋਥਾਂ) ਉਲਟੀਆਂ ਪੁਲਟੀਆਂ ਜਾ ਰਹੀਆਂ ਹਨ, (ਕਿਉਂਕਿ) ਜਸੁਵਾਰੀਆਂ ਦਾ ਹਾਥੀ ਸੁੰਡ ਨਾਲ ਤਬਾਹੀ ਕਰਦਾ ਫਿਰ ਰਿਹਾ ਹੈ।

(ਹਾਂ ਹਾਥੀ) ਸੁੰਡ ਨਾਲ ਚੰਗੀ ਤਰ੍ਹਾਂ ਤਬਾਹੀ ਕਰ ਰਿਹਾ ਹੈ, ਕਿਤੇ ਨਹੀਂ ਹੱਥ ਆਉਂਦਾ ਰਸਤਾ ਜਿੱਥੇ (ਜਾਕੇ) ਟੋਲੇ ਟਿਕ ਕੇ ਖੜੋਣ।

ਥਾਂ ਥਾਂ ਤੇ ਮਲੀ ਦਲੀ ਜਾਂਦਾ ਹੈ, ਕਿਸੇ ਥਾਂ ਅਟਕਦਾ ਨਹੀਂ, (ਲੋਕੀ) ਥਰ ਥਰ (ਕੰਬਦੇ) ਗੁੱਛਾ ਮੁੱਛਾ ਹੋਈ ਜਾਂਦੇ ਹਨ।

ਕਿਸੇ ਤੋਂ ਥੰਮ੍ਹਿਆਂ ਨਹੀਂ ਜਾਂਦਾ, (ਜੋ) ਖੜੋਂਦਾ ਹੈ ਤਾਂ ਖੜੋਕੇ ਚੀਰੀ ਜਾਂਦਾ ਹੈ (ਤੇ ਸਰੀਰਾਂ ਨੂੰ) ਉਲਟਾ ਉਲਟਾ ਕੇ ਸੁੱਟੀ ਜਾਂਦਾ ਹੈ।

ਹੁਣ ਅਟਪਟੀ (ਚਾਲੇ) ਚਲਦਾ ਹੈ, ਥੋੜਾ ਥੋੜਾ ਝੂੰਮਦਾ ਹੈ, ਥਾਂ ਥਾਂ (ਸਰੀਰ) ਪਏ ਹਨ, ਮਾਨੋਂ ਥੱਕੇ ਹੋਏ (ਆਰਾਮ ਕਰ ਰਹੇ ਹਨ)।

ਦੋਹਰਾ: ਕਹਿੰ ਲਗਿ ਬਰਨੌ ਕਰੀ ਨੇ[੮], ਕਰੀ ਮਾਰ ਇਕਸਾਰ।
ਮਰੇ ਹਜ਼ਾਰੋਂ ਸੂਰਮਾ, ਖੇਤ ਭਯੋ ਬਿਕਰਾਰ ॥੧੬॥

ਲਲਿਤ ਪਦ ਛੰਦ: ਉਦੇ ਸਿੰਘ ਤਬਿ ਚਮੂੰ ਚੀਰ ਸਭਿ
ਕੀਨਸਿ ਬੇਗ ਬਿਲੰਦੰ[੯]।
ਦਬਟਤਿ ਕਾਟਤਿ ਡਾਟਤਿ ਭਟ ਬਹੁ
ਸਿਮਰਿ ਗੁਰੂ ਸੁਖਕੰਦੰ ॥੧੭॥

---

[੧]ਠਹਿਰਦਾ ਨਹੀਂ ਕਿਤੇ ਬੀ।
[੨]ਖਿਰ = ਖੜੋਂਦਾ ਹੈ। ਖਿਰ = ਖੜੋਕੇ। ਚਿੱਥਥ = ਚਿੱਥਦਾ, ਭਾਵ ਚੀਰਦਾ ਹੈ।
[੩]ਹੇਠਾਂ ਉੱਤੇ ਕਰਨਾ, ਉਲਟਾ ਸੁੱਟਣਾ।
[੪]ਤਿਲਕ ਕੇ, ਭਾਵ ਮਸਤੀ ਕਰਕੇ ਅਟਪਟੀ ਚਾਲ।
[੫]ਚਲਦਾ ਹੈ।
[+]ਪਾਠਾਂਤ੍ਰ ਹੈ- ਬਿਸਲ ਚਲੱਥਥ = ਬਹੁਤਿਆਂ ਨੂੰ ਅੱਗੇ ਲਈ ਫਿਰਦਾ ਹੈ।
[੬]ਥੋੜਾ ਥੋੜਾ ਨਿਉਂਦਾ ਭਾਵ ਨਸ਼ੇ ਹੇਠ ਝੂੰਮਦਾ ਹੈ, ਨਸ਼ਾ ਹੁਣ ਵਧ ਰਿਹਾ ਸੀ। ਇਸ ਕਰਕੇ
(ਅ) ਥੋੜਿਆਂ ਨਹੀਂ (ਪਰ ਬਹੁਤਿਆਂ ਨੂੰ) ਮਾਰ ਰਿਹਾ ਹੈ।
[++]ਪਾਠਾਂਤ੍ਰ ਹੈ-ਥੁਰਿਯ ਨ ਮੱਥਥ = ਥੋੜੇ ਨਹੀਂ ਜਿਨ੍ਹਾਂ ਨੂੰ ਮਾਰ ਰਿਹਾ ਹੈ। ਪੁਨਾ:-ਪਾ:-ਥਰਿਯ ਨਮੱਥਥ = ਥਰਕਦਾ ਹੈ, ਝੂੰਮਦਾ ਹੈ।
[੭]ਥਕੇ ਹੋਏ ਪਏ ਹਨ।
[¶]ਇਸਦੇ ਆਮ ਮਿਲਦੇ ਪਾਠ ਵਿਚ ਦੋ ਮਾਤ੍ਰਾਂ ਵਧ ਹਨ:-ਜੋ ਐਉਂ ਹੈ:- "ਥਿਸਲ ਚਲੱਥਥ, ਥੁਰਿਯ ਨ ਮੱਥਥ, ਥਕਤ ਪਰੱਥਥ ਥਲ ਥਲ" ਲਿਖਾਰੀਆਂ ਨੇ ਥੱਥਿਆਂ ਨੂੰ ਇਸਦਾ ਮੂਲ ਭੂਖਣ ਸਮਝਕੇ 'ਪਰੰ' ਦੀ ਥਾਂ 'ਪਰੱਥਥ' ਤੇ 'ਪਰੰਥਲ' ਲਿਖ ਦਿੱਤਾ ਹੋਣਾ ਹੈ। ਛੰਦ ਦੀ ਚਾਲ ਦੱਸਦੀ ਹੈ ਕਿ ਠੀਕ ਇਸੇ ਟਿਕਾਣੇ ਦੇ ਥੱਥੇ ਵਾਧੂ ਹਨ ਜਿੱਥੇ ਕੱਟਣ ਨਾਲ 'ਪਰੰ ਥਲ ਥਲ' ਪਾਠ ਸਫਾ, ਸ਼ੁੱਧ, ਮਾਤ੍ਰਾ ਮੂਜਬ ਬੀ ਠੀਕ ਤੇ ਅਰਥ ਵਿਚ ਲਾਵੰਨਜਤਾ ਵਾਲਾ ਹੋ ਜਾਂਦਾ ਹੈ।
[੮]ਹਾਥੀ ਨੇ।
[੯]ਬੜੀ ਫੁਰਤੀ ਕੀਤੀ।

ਜਹਾਂ ਕੇਸਰੀ ਚੰਦ ਖਰੋਵਾ
ਬਾਨ ਕਮਾਨ ਸੰਧਾਨੇ[1]।
ਭੌਂਹ ਅਮੈਠਤਿ ਐਂਚਤਿ ਬਲ ਕਰਿ
ਸਿੰਘਨ ਕੌ ਹਤਿ ਹਾਨੇ[2] ॥੧੮॥
ਤਹਾਂ ਪਹੁੰਚਿ ਲਲਕਾਰਜੋ 'ਥਿਰ ਰਹੁ
ਸਿੰਘ ਅਨਿਕ ਤੈਂ ਮਾਰੇ।
ਸਭਿ ਕੋ ਪਲਟਾ ਛਿਨ ਮਹੁੰ ਲੈ ਹੌਂ
ਕਹਾਂ ਛੋਭ ਤੂੰ ਧਾਰੇ?' ॥੧੯॥
ਪਿਖਜੋ ਅਚਾਨਕ ਨਿਕਟ ਆਇਗੋ
ਤੀਛਨ ਭੀਛਨ ਬਾਨਾ।
ਉਦੇ ਸਿੰਘ ਕੇ ਸਨਮੁਖ ਛੋਰਜੋ
ਸ਼ੂੰਕਜੋ ਸਰਪ ਸਮਾਨਾ ॥੨੦॥
ਲਗਜੋ ਖ੍ਰਗੀਨ ਬਿਖੈ ਨ ਸਰਜੋ[3] ਕੁਛ,
ਤੇਗ਼ਾ ਤਬਹਿ ਨਿਕਾਰਾ।
ਦੜਬੜਾਇ ਘੋੜੇ ਕਹੁ ਆਯਹੁ
ਨਿਕਟ ਹੋਇ ਕਰਿ ਝਾਰਾ ॥੨੧॥
ਕੁੰਡਲ ਸਹਿਤ ਸ਼ੁਭਤਿ ਮੁਖ ਮੰਡਲ
ਸਿਰ ਕੋ ਕਾਟਿ ਉਤਾਰਾ।
ਧਰਿ ਪਰ ਧਰ[4] ਤਤਕਾਲ ਪਰਜੋ ਗਿਰ,
ਮਹਾਂ ਸ਼ੱਤ੍ਰ ਕੋ ਮਾਰਾ ॥੨੨॥
ਸਿਮਰਿ ਬਾਕ ਗੁਰ ਕੋ ਉਰ ਤਿਸ ਛਿਨ
ਨੇਜ਼ੇ ਸੀਸ ਪਰੋਵਾ।
ਲੇ ਹਟਿ ਚਲਜੋ ਗਯੋ ਗੜ੍ਹਿ ਅੰਤਰ
ਹਾਹਾਕਰ ਸੁ ਹੋਵਾ ॥੨੩॥
ਮਨਹੁੰ ਅੰਧ ਭੇ ਸਕਲ ਪਹਾਰੀ
ਪੀਛੇ ਮਰਜੋ ਬਿਲੋਕਾ।
ਬਾਨ ਕਮਾਨ ਸਹਿਤ ਧਰ ਪਰ ਧਰ,
ਵਧਜੋ ਸਭਿਨਿ ਮੈਂ ਸ਼ੋਕਾ ॥੨੪॥

---

[1]ਕਮਾਨ ਵਿਚ ਤੀਰ ਜੋੜਕੇ।
[2]ਸਿੰਘਾਂ ਨੂੰ ਮਾਰਕੇ ਨਾਸ਼ ਕਰਨ ਲਈ।
[3](ਕੰਮ) ਨਾ ਸਰਿਆ।
[4]ਧਰਤੀ ਤੇ ਧੜ।

ਨਿਕਸਿ ਖਾਲਸਾ ਲੋਹਗੜੀ ਤੇ
ਹੇਲਾ ਮਾਰਿ ਉਤਾਰਾ[1]।
ਮੁਹਕਮ ਸਿੰਘ ਪਹੂਚਯੋ ਛਿਨ ਮਹਿਂ
ਖੜਗ ਦੁਰਦ ਕੈ ਝਾਰਾ[2] ॥੨੫॥
ਕਟੀ ਸੁੰਡ ਬਾਵਰ ਹੁਇ ਭਾਗਯੋ
ਓਰ ਸਤੁੱਦ੍ਰਵ ਜਾਈ।
ਹਟੇ ਪਹਾਰੀ ਹਾਰੀ ਧੀਰਜ,
ਸਿੰਘਨਿ ਮਾਰ ਮਚਾਈ ॥੨੬॥
ਹਿੰਮਤ ਸਿੰਘ ਸਾਹਿਬ ਸਿੰਘ ਪਹੁੰਚੇ,
ਅਰੇ ਜੁ ਕਾਟੇ ਜੋਧਾ[3]।
ਮਨਹੁਂ ਸ਼ੇਰ ਨਿਰਭੈ ਬਿਚਰੰਤੇ
ਰਕਤ ਨੇਤ੍ਰ ਕਰਿ ਕ੍ਰੋਧਾ ॥੨੭॥
ਨਾਹਰ ਸਿੰਘ ਅਰੁ ਸ਼ੇਰ ਸਿੰਘ ਜੁਗ
ਤਰਵਾਰੈਂ ਚਮਕਾਈ।
ਚਲਹਿਂ ਤੁਫੰਗ ਹਜ਼ਾਰਹੁਂ ਰਿਪੁ ਕੀ
ਸਤਿਗੁਰ ਭਏ ਸਹਾਈ ॥੨੮॥
ਨ੍ਰਿਭੈ ਖਾਲਸਾ ਸ਼ੱਤ੍ਰੁਨਿ ਦਲ ਮਹਿਂ
ਘਾਯਲ ਲੇਤਿ ਉਠਾਈ।
ਵਧਹਿਂ ਅੱਗ੍ਰ ਰੁਧ ਕਰਹਿਂ ਪਹਾਰੀ[4],
ਫਤੇ ਜੰਗ ਤੇ ਪਾਈ ॥੨੯॥
ਭਯੋ ਖੇਤ ਦਾਰੁਣ ਬਹਿ ਸ਼੍ਰੋਣਤ
ਜਹਿਂ ਲੋਥੈਂ ਸਮੁਦਾਈ।
ਕਾਕ ਗ੍ਰਿੱਝ ਆਮਿਖ ਭਖਿ ਕੰਕਨ
ਬ੍ਰਿੰਦ ਜੋਗਨੀ ਆਈ ॥੩੦॥
ਕਲਗ਼ੀਧਰ ਬਿਕਸਤਿ ਕਹਿਂ ਬਾਤਨਿ
ਬੈਠਹਿਂ ਪਿਖਹਿਂ ਤਮਾਸ਼ਾ।
-ਗਜ ਸੋਂ ਭਿੜਨਿ, ਕੇਸਰੀ ਮਾਰਨਿ
ਇਹ ਸਿੰਘਨ ਕੀ ਆਸ਼ਾ[5] ॥੩੧॥

---

[1]ਹੱਲਾ ਮਾਰਕੇ (ਪਹਾੜੀਆਂ ਨੂੰ ਮੋਰਚੇ ਤੋਂ) ਉਤਾਰਿਆ।
[2]ਹਾਥੀ ਉੱਤੇ ਝਾੜਿਆ।
[3]ਜੋ ਜੋਧਾ ਅੜਦਾ ਹੈ ਉਸ ਨੂੰ ਕੱਟਦੇ ਹਨ।
[4](ਜਿਹੜੇ) ਪਹਾੜੀਏ ਅੱਗੇ ਵਧਦੇ ਹਨ, ਉਹਨਾਂ ਨੂੰ (ਸਿੰਘ) ਰੋਕ ਲੈਂਦੇ ਹਨ।
[5]ਇਹੋ ਸਿੰਘਾਂ ਦੀ ਮੁਰਾਦ ਸੀ (ਸੋ ਪੂਰੀ ਹੋ ਗਈ)।

ਕਹਕਹ ਕਸੀ ਕਾਲਕਾ ਕੜਕੀ
ਸ਼੍ਰੋਣਤ ਪਾਨ[੧] ਕਰਾਲੀ।
ਲਾਖਹੁਂ ਛੁਟੇ ਤੁਫੰਗ ਤੜਾਕੇ
ਸੂਰਨਿ ਕੇ ਮੁਖ ਲਾਲੀ ॥੩੨॥
ਘਾਯਲ ਭਏ ਰੁਧਰ ਪਟ ਲਪਟੇ,
ਫੂਲੇ ਮਨਹੁਂ ਪਲਾਸਾ[੨]।
ਇਕ ਘੂੰਮਤਿ ਜਨੁ ਮਾਦਿਕ ਖਾਇਓ,
ਭਏ ਸਮੂਹ ਬਿਨਾਸਾ ॥੩੩॥
ਟੂਟੇ ਚਰਨ, ਫੁਟੀ ਕਿਸ ਛਾਤੀ,
ਕੋ ਕਟ ਤੇ ਕਟਿ ਡਾਰਾ।
ਕਾਨ ਕਟੇ, ਕਿਹ ਪਾਨ ਕਟੇ,
ਕਿਹ ਪੇਟ ਫਟੇ, ਕਟ[੩*] ਫਾਰਾ ॥੩੪॥
ਨੈਨ ਫੂਟਿ ਕੋ ਅੰਧ ਭਯੋ ਭਟ,
ਜੰਘ ਕਾਂਹੁ ਕੀ ਫੂਟੀ।
ਕੇਚਿਤ ਸ਼੍ਰੋਣਤ ਨਿਚੁਰਤਿ ਬਿਚਰਤਿ
ਕਿਸ ਕੀ ਮੁੰਡੀਆ ਟੂਟੀ[+] ॥੩੫॥
ਪਰੇ ਕਰੇ 'ਹੈ' ਕੋ[੪] ਜਲ ਜਾਚਤਿ,
ਕੋ ਕਾਤੁਰ ਡਰ ਭਾਗਾ।
ਚੀਰ ਫਟੇ, ਕਿਹ ਬਾਂਹੁ ਫਟੀ,
ਕਿਹ ਸਿਰ ਨਾਂਗੇ ਬਿਨ ਪਾਗਾ[੫] ॥੩੬॥
ਪਟਹੇ, ਦੁੰਦਭਿ, ਢੋਲ ਪਟੇ[++] ਗਨ
ਗੁਲਕਾਂ ਲਗਿ ਲਗਿ ਫੂਟੇ।
ਗਿਰੇ ਤੁਰੰਗਮ, ਭੰਗ ਭਏ ਗਨ,
ਕੋ ਸਊਰ ਮਹਿਂ ਛੂਟੇ[੬] ॥੩੭॥

---

[੧]ਲਹੂ ਪੀਂਦੀ ਹੈ।
[੨]ਛਿੱਛਰੇ।
[੩]ਲੋਕ।
[*]ਸ਼ੁਧ ਪਾਠ 'ਪਟ' ਹੋਣਾ ਹੈ।
[+]ਪਾ:-ਫੂਟੀ।
[੪]ਹੈ ਹੈ ਕਰਦੇ ਹਨ ਪਏ ਕੋਈ।
[੫]ਪਗ ਤੋਂ ਬਿਨਾਂ।
[++]ਸ਼ੁਧ ਪਾਠ 'ਫਟੇ' ਚਾਹੀਏ।
[੬]ਕੋਈ (ਘੋੜੇ) ਸਵਾਰਾਂ ਵਿਚ ਛੁੱਟੇ ਫਿਰਦੇ ਹਨ। (ਅ) ਸਵਾਰ ਧਰਤੀ ਤੇ (ਡਿੱਗੇ ਹਨ ਤੇ ਘੋੜੇ) ਛੁਟੇ ਫਿਰਦੇ ਹਨ।

ਗਿਰੀ ਤੁਫੰਗੈਂ ਖੜਗ ਪਰੇ ਗਨ
ਸੇਲੇਬਾਨ ਕਮਾਨਾ।
ਕਾਤੁਰ ਨਰ ਉਰ ਬਿਦਰਤਿ[੧] ਹੇਰਤਿ,
ਅਸ ਮਾਚਾ ਘਮਸਾਨਾ ॥੩੮॥
ਬੀਰਨ ਕੇ ਮਨ ਹੌਂਸ[੨] ਰਹੀ ਨਹਿਂ
ਮਿਲਿ ਮਿਲਿ ਸ਼ਸਤ੍ਰ ਪ੍ਰਹਾਰੇ।
ਬਾਗੇ ਲਾਲ ਫਾਗ ਜਨੁ ਖੇਲਤਿ
ਗਾਇਂ ਮਨਹੁਂ 'ਕਿਯ ਮਾਰੇ[੩¶]' ॥੩੯॥
ਹਾਥ ਤੁਫੰਗ ਗਹੀ ਪਿਚਕਾਰੀ,
ਮੂਠ ਗੁਲਾਲਨ ਸੇਲੇ।
ਨਿਕਸੀ ਮਿੰਝ ਅੰਬੀਰ ਪਰਜੋ ਜਨੁ,
ਪ੍ਰੇਮ ਕਰੇ ਬਹੁ ਮੇਲੇ[੪] ॥੪੦॥
ਥਕਤ ਭਏ ਭਟ ਪੌਢੇ ਕੇਤਿਕ
ਲੋਥਪੋਥ ਪਰ ਕੋਏ।
ਭੂਮ ਨਿਹਾਲੀ ਲਾਲ ਡਸੀ ਜਨੁ
ਪ੍ਰੀਤ ਕਰੇ ਕਰਿ ਸੋਇ[੫] ॥੪੧॥
ਔਂਧੇ, ਤ੍ਰਿਯਕ[੬] ਪਰੇ ਕੋ ਸੂਧੇ
ਭਰੇ ਧੂਲ ਅਰੁ ਲੋਹੂ।
ਕੂਕਰ ਜੰਬੁਕ ਬੋਲਤਿ ਡੋਲਤਿ
ਖਾਇ ਅਘਾਵਨ ਹੋਹੂ ॥੪੨॥
ਸੂਰਨਿ ਪਰਖਤਿ ਹੂਰਨਿ ਬਿਚਰਤਿ
ਪਿਖਿ ਪਿਖਿ ਬਰਹਿਂ ਉਤਾਲਾ[੭]।
ਖੰਜਨ ਲੋਚਨ ਅੰਜਨ ਅੰਜਤਿ[੮]
ਕਰਹਿਂ ਸ਼ਿੰਗਾਰ ਬਿਸਾਲਾ ॥੪੩॥

---

[੧]ਹਿਰਦਾ ਫਟਦਾ ਹੈ।
[੨]ਹਵਸ, ਅਰਮਾਨ।
[੩]ਕਿਯ ਮਾਰੇ = ਮਾਰ ਕਰੋ। ਭਾਵ ਜਿਹੜਾ ਕਹਿੰਦੇ ਹਨ ਮਾਰੋ ਮਾਰੋ ਇਹ ਹੋਲੀ ਦਾ ਗੀਤ ਹੈ।
[¶]ਪਾ:-ਕਿਹ ਮਾਰੇ। ਪਰ ਸ਼ੁਧ ਪਾਠ ਚਾਹੀਏ:-ਕਹਿਂ 'ਮਾਰੇ'।
[੪](ਜੋ ਆਪੋ ਵਿਚ ਬਹੁ ਮੇਲੇ =) ਬਹੁਤੇ ਟਾਕਰੇ ਹੋਏ ਹਨ ਸੋ ਪ੍ਰੇਮ ਕੀਤੇ ਨੇ।
[੫]ਜ਼ਮੀਨ ਰੂਪੀ ਲਾਲ ਰੰਗ ਦੀ ਨਿਹਾਲੀ ਵਿਛੀ ਉੱਤੇ ਪ੍ਰੇਮ ਕਰ ਕਰਕੇ ਸੁੱਤੇ ਹਨ।
[੬]ਮੂਧੇ, ਵਿੰਗੇ
[ਸੰਸ:, ਤਿਰ੍ਯਕ]।
[੭]ਵਰਦੀਆਂ ਹਨ (ਹੂਰਾਂ) ਛੇਤੀ।
[੮]ਮਮੋਲੇ ਵਰਗੀਆਂ ਅੱਖਾਂ ਵਿੱਚ ਸੁਰਮਾਂ ਪਾਇਆ ਹੋਇਆ।

ਮੰਜਤ ਮੁਖ ਰੰਜਤ ਨਿਜ ਬਰ ਕੋ[੧]
ਹਾਸ ਬਿਲਾਸਨ ਸੰਗਾ।
ਮਹਿੰਦੀ ਕਰਨਿ ਅਰੁਨ ਕਰਿ ਚਰਨਨ,
ਤਰੁਨਿ ਹਰਨ ਮਨ ਅੰਗਾ[੨] ॥੪੪॥
ਸੁੰਦਰ ਛਬਿ ਮੰਦਰ ਸਸਿ ਬਦਨੀ,
ਕੰਚਨ ਗੌਰੀ ਰੰਗਾ।
ਤੁਰਤ ਬਿਮਾਨ ਚਢਾਵਹਿਂ ਬੀਰਨਿ
ਕਰਹਿਂ ਸਪਰਸ਼ਨ ਅੰਗਾ ॥੪੫॥
ਦਾਰੁਨ ਕਰਜੋ ਨਿਹਾਰਨ ਰਨ ਕੋ
ਭੀਮ ਚੰਦ ਮਤਿ ਮੰਦੇ।
ਸਾਤੋਂ ਸੁਧਾਂ ਭੂਲ ਗੀ ਤਤਛਿਨ
ਬਾਜਜੋ ਲੋਹ ਬਿਲੰਦੇ ॥੪੬॥
ਪਿਖਿ ਹੰਡੂਰੀਆ ਸਹਿ ਨ ਸਕੈ ਬਲ
ਬਾਨ ਕਮਾਨ ਚਢਾਈ।
ਸਨਮੁਖ ਭਯੋ ਜੰਗ ਕੇ ਆਵਤਿ
ਛੋਰੇ ਸਰ ਸਮੁਦਾਈ ॥੪੭॥
ਕੰਚਨ ਜ਼ੀਨ ਕੀਨਿ ਤਹਿਂ ਪਰਖਨਿ
ਸਾਹਿਬ ਸਿੰਘ ਸੁ ਜੋਧਾ[੩]।
ਤੁਰਾ ਧਵਾਇ ਤੁਪਕ ਤਕਿ ਮਾਰੀ
ਹੇਰਤਿ ਰਿਪੁ ਕੋ ਕ੍ਰੋਧਾ ॥੪੮॥
ਹੁਇ ਘਾਇਲ ਤਤਕਾਲ ਗਯੋ ਹਟਿ
ਉਰ ਹੰਕਾਰ ਬਿਨਾਸ਼ਾ।
ਪਿਖਿ ਗੁਲੇਰੀਏ ਤਜਾਗੀ ਧੀਰਜ
ਹ੍ਵੈ ਨ ਪ੍ਰਾਨ ਕੀ ਆਸਾ ॥੪੯॥
ਰਹਜੋ ਕਟੋਚੀ ਬਹੁ ਪਛੁਤਾਵਤਿ,
ਮੰਡਸਪਤਿ ਕਰ ਮੌਨੰ[੪]।
ਜੰਮੂਪਤਿ ਆਦਿਕ ਬਿਸਮਾਏ
-ਭਯੋ ਕਾਜ ਇਹ ਕੌਨੰ ! ॥੫੦॥

---

[੧](ਆਪਣੇ) ਸੁਹਣੇ ਮੁਖਾਂ ਨਾਲ ਪ੍ਰਸੰਨ ਕਰਦੀਆਂ ਹਨ ਆਪਣੇ ਵਰਾਂ ਨੂੰ।
[੨]ਮਹਿੰਦੀ ਨਾਲ ਹੱਥਾਂ ਤੇ ਪੈਰਾਂ ਨੂੰ ਲਾਲ ਕੀਤਾ ਜਵਾਨਾਂ ਦੇ ਸਰੀਰ ਤੇ ਮਨ ਨੂੰ ਹਰਨ ਲਈ।
(ਅ) ਇਸਤ੍ਰੀਆਂ ਦੇ ਅੰਗ ਮਨ ਹਰਨ ਵਾਲੇ ਹਨ।
[੩]ਸਾਹਿਬ ਸਿੰਘ ਜੋਧੇ ਨੇ ਪਛਾਣੀ।
[੪]... ਵੀ ਚੁੱਪ ਕਰ ਗਿਆ।

ਸੈਨਾ ਜਿਤ ਕਿਤ ਮਰੀ ਪਰੀ ਗਨ,
ਜੀਵਤਿ ਭਈ ਬਿਹਾਲਾ।
ਕਹਾਂ ਭਯੋ, ਇਹ ਕਿਨਹਿ ਸੰਘਾਰੇ,
ਲੋਥ ਲੋਥ ਪਰ ਜਾਲਾ ॥੫੧॥
ਘਾਇਲ ਹੋਏ ਹੋਇ ਹਜ਼ਾਰਹੁੰ
ਪਰੇ ਸਿਵਰ ਮਹਿਂ ਜਾਈ।
ਮਾਰਨ ਦੁਰਗ ਭਰੋਸਾ ਧਰਿ ਕੈ
ਪ੍ਰਾਨ ਦਏ ਰਨ ਆਈ ॥੫੨॥
ਮੀਏਂ ਰਾਵ ਬ੍ਰਿੰਦ ਜੇ ਰਾਣੇ
ਸਿੰਘਨ ਘਨੇ ਖਪਾਏ।
ਲਰਤਿ ਬਿਤਜੋ ਦਿਨ, ਹਟਿ ਪੁਰਿ ਗਮਨੇ
ਜਬਿ ਸੂਰਜ ਅਸਤਾਏ ॥੫੩॥
ਜਾਇ ਸਿਵਰ ਮਹਿਂ ਕਰੀ ਸੰਭਾਰਨ,
ਸ਼ੂੰਨ ਭਯੋ ਜਨੁ ਜਾਨਾ[1]।
ਕਿਤਿਕ ਸੰਬੰਧੀ ਦਾਸ ਮੁਸਾਹਿਬ
ਜਮ ਘਰ ਕੀਨਿ ਪਯਾਨਾ ॥੫੪॥
ਸਾਗਰ ਸ਼ੋਕ ਪਰੇ ਤਬਿ ਸਗਰੇ
ਬਾਇਸ ਧਾਰਨਿ ਕੇਰੇ[2]।
ਸਿਮਰਿ ਸਿਮਰਿ ਗੁਨ ਬਹੁ ਪਛੁਤਾਏ
ਲੋਚਨ ਅਸੂੰਅਨਿ ਗੇਰੇ ॥੫੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਗਜ ਔ ਕੇਸਰੀ ਚੰਦ ਬੱਧ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

[1]ਮਾਨੋਂ ਸੁੰਞਾ ਹੋ ਗਿਆ ਜਾਣਿਆਂ।
[2]ਬਾਈ ਧਾਰਾਂ ਦੇ।

## ੨੮. [ਭੀਮ ਚੰਦ ਸ਼ੋਕ]

੨੭<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੨੯

ਦੋਹਰਾ: ਸਿੰਘ ਸੰਭਾਰੇ ਖਾਲਸੇ,
ਮਰੇ ਸੁ ਦੀਨੇ ਦਾਹ।
ਘਾਇਲ ਕੀ ਸੇਵਾ ਬਿਖੈ,
ਲਾਗੇ ਤਬਹਿ ਜਰਾਹੁ[1] ॥੧॥

ਲਲਿਤਪਦ ਛੰਦ: ਉਦੇ ਸਿੰਘ ਬਡ ਬੀਰ ਬਹਾਦੁਰ
ਸੀਸ ਕੇਸਰੀ ਚੰਦੰ।
ਨੇਜ਼ੇ ਮਹਿੰ ਪਰੋਇ ਲੇ ਗਮਨ੍ਯੋ
ਰਿਦੈ ਅਨੰਦ ਬਿਲੰਦੰ ॥੨॥
ਤਜ੍ਯੋ ਦਮਦਮਾ ਸਤਿਗੁਰ ਉਤਰੇ
ਦੇਖ੍ਯੋ ਜੁੱਧ ਤਮਾਸ਼ਾ।
ਸੁੰਦਰ ਮੰਦਿਰ ਆਨ ਥਿਰੇ ਤਬਿ
ਸਿਖ ਸੇਵਕ ਚਹੁੰ ਪਾਸਾ ॥੩॥
ਉਦੇ ਸਿੰਘ ਇਤਨੇ ਮਹਿੰ ਪਹੁੰਚ੍ਯੋ
ਸਤਿਗੁਰ ਫਤੇ ਬੁਲਾਈ।
ਪਲੰਘ ਪਾਸ ਰਿਪੁ ਕੋ ਸਿਰ ਗੇਰ੍ਯੋ
ਹੇਰਤਿ ਭੇ ਸਮੁਦਾਈ ॥੪॥
ਕਾਕ ਪੰਖ ਅਰ ਕਾਨਨ ਕੁੰਡਲ
ਬਹੁਤ ਮੋਲ ਕੇ ਮੋਤੀ[2]।
ਭਾਲ ਬਿਸਾਲ, ਬਿਲੋਚਨ ਮੁੰਦ੍ਰਿਤ,
ਮੂਛ ਸ਼ਮਸ਼ ਦੁਤਿ ਹੋਤੀ ॥੫॥
[3]ਪਨਹੀ ਸਹਿਤ ਚਰਨ ਸਤਿਗੁਰ ਨੇ
ਰਾਖੇ ਧਰਨ ਟਿਕਾਈ।
ਬੈਠੇ ਹੁਤੇ ਪ੍ਰਯੰਕ ਰੁਚਿਰ ਪਰ
ਜੁਗਮ ਜੰਘ ਲਟਕਾਈ ॥੬॥
ਪਰ੍ਯੋ ਪਿਖ੍ਯੋ ਸਿਰ[4], ਪਨਹੀ ਜੁਤਿ ਪਗ
ਠੁਕਰਾਯਹੁ, ਬਚ ਭਾਖਾ।

---

[1]ਜ਼ਖਮਾਂ ਦਾ ਵੈਦ [ਫਾ:, ਜਰਾਹ]।
[2]ਪਟੇ (ਖਿੱਲਰੇ ਹੋਏ) ਤੇ ਕੰਨਾਂ ਵਿਚ ਬਹੁਮੁੱਲੇ ਮੋਤੀਆਂ ਵਾਲੇ ਕੁੰਡਲ (ਲਟਕ ਰਹੇ)।
[3]ਜੋੜੇ ਦੇ ਸਹਿਤ ਸਤਿਗੁਰ ਜੀ ਆਪਣੇ ਚਰਨ ਧਰਤੀ ਤੇ ਟਿਕਾਕੇ ਸੁਹਣੇ ਪਲੰਘ ਤੇ ਦੋਵੇਂ ਜੰਘਾਂ ਲਟਕਾਈ ਬੈਠੇ ਹੋਏ ਸਨ।
[4]ਸਿਰ (ਪੈਰਾਂ ਵਿਚ) ਪਿਆ ਡਿੱਠਾ।

'ਮਹਾਂ ਦੁਸ਼ਟ ਇਹੁ ਸਿੰਘਨਿ ਸ਼ੱਤ੍ਰੂ
ਭਲੇ ਜੁੱਧਿ ਮਹਿਂ ਰਾਖਾ[1] ॥੭॥
ਉਚਿਤ ਮਾਰਿਬੇ ਮਾਰਯੋ ਅਰਿ ਕੋ
ਇਮ ਸਭ ਦੁਸ਼ਟ ਨਿਬੇਰੋ।'
ਉਦੇ ਸਿੰਘ ਕਰ ਜੋਰਿ ਬਖਾਨਾ
'ਆਪ ਪ੍ਰਤਾਪ ਉਚੇਰੋ' ॥੮॥
ਇਤਨੇ ਮਹਿਂ ਬਚਿੱਤ੍ਰ ਸਿੰਘ ਪਹੁੰਚਯੋ
ਗੁਰ ਪਦ ਬੰਦਨ ਠਾਨੀ।
ਫਤੇ ਬੁਲਾਇ ਵਾਹਿਗੁਰੂ ਜੀ ਕੀ
ਹੁਤੇ ਜਿ ਸਿੱਖ ਤਿਸ ਥਾਨੀ ॥੯॥
ਸਾਹਿਬ ਸਿੰਘ ਹਿੰਮਤ ਸਿੰਘ ਆਯੋ
ਮੁਹਕਮ ਸਿੰਘ ਸੁਜਾਨਾ।
ਇਨ ਤੇ ਆਦਿ ਆਇ ਕਿਯ ਦਰਸ਼ਨ
ਕਰਿ ਉਰ ਅਨੰਦ ਮਹਾਨਾ ॥੧੦॥
ਗਜ ਕੀ ਬਾਤ ਕਹੀ ਤਬਿ ਸਗਰੀ
'ਇਮ ਦਲ ਰਿਪੁਨਿ ਖਪਾਯੋ।
ਦੁਤੀ ਦਿਸ਼ਾ ਤੇ ਹਤੈ ਖਾਲਸਾ
ਗਜ਼ਬ ਤਿਨਹੁਂ ਪਰ ਆਯੋ ॥੧੧॥
ਪ੍ਰਭੁ ਜੀ ਸੁਨਹੁਂ ਗਿਰੀਸ਼ਨਿ ਸੈਨਾ
ਜਿਤ ਕਿਤ ਪਰੀ ਸਥਾਰਾ।
ਮਨਹੁਂ ਬ੍ਰਿੰਦ ਖਾਤੀ ਮਿਲਿ ਇਕ ਥਲ
ਕਾਨਨ ਕੋ ਕਟ ਡਾਰਾ ॥੧੨॥
ਵਧਯੋ ਤ੍ਰਾਸ ਕਾਤੁਰ ਬਹੁ ਭਾਜੇ,
ਅਰਯੋ ਮਾਰ ਕਰਿ ਦੀਨਾ[2]।
ਗਿਰਪਤਿ ਉਰ ਉਤਸਾਹ ਹਾਰ ਕਰਿ
ਜਨੁ ਦੰਤਨਿ ਤ੍ਰਿਣ ਲੀਨਾ[3]' ॥੧੩॥
ਇੱਤਯਾਦਿਕ ਸਭਿ ਸਿੰਘ ਸੁਨਾਵਤਿ
ਆਨੰਦ ਕੋ ਉਪਜੰਤੇ।
ਕ੍ਰਿਪਾ ਦ੍ਰਿਸ਼ਟਿ ਕੋ ਦੇਖੇ ਸਤਿਗੁਰ

---

[1]ਭਾਵ ਮਾਰ ਲਿਆ (ਸਿੰਘਾਂ ਨੇ)।
[2]ਜੋ ਅੜਿਆ ਸੋ ਮਾਰ ਦਿੱਤਾ।
[3]ਮਾਨੋ ਮੂੰਹ ਵਿਚ ਘਾ ਲਿਆ ਹੈ।

ਸਭਿ ਪਰ ਖੁਸ਼ੀ ਕਰੰਤੇ ॥੧੪॥
ਜਿਨ ਜਿਨ ਕੇ ਤਨ ਘਾਇ ਲਗਯੋ ਤਬਿ
ਸਾਲ ਪੱਤ੍ਰ ਤਿਨ* ਦੀਨਾ।
ਸਭਿ ਕੇ ਤਨ ਕੀ ਪੀਰ ਹਰੀ ਪ੍ਰਭੁ
ਸ਼੍ਰਮ ਤੇ ਭਏ ਬਿਹੀਨਾ ॥੧੫॥
ਦੁਰਗ ਬਿਖੈ ਜੋ ਹੁਤੇ ਘਾਵ ਜੁਤਿ
ਸਭਿ ਕੇ ਪਾਸ ਪਠਾਯੋ।
ਗੁਰ ਕਰੁਨਾ ਤੇ ਸੰਕਟ ਨਾਸ਼ਯੋ
ਸਭਿ ਕੈ ਸੁਖ ਉਪਜਾਯੋ ॥੧੬॥
ਪ੍ਰਾਤਿ ਹੋਤਿ ਲੌਂ ਘਾਵ ਮਿਲੇ ਸਭਿ
ਕ੍ਰਿਪਾ ਆਪਨੀ[1] ਕੀਨੀ।
ਜੋ ਰਣ ਬਿਖੈ ਮਰੇ ਤਬਿ ਲਰਿ ਕੈ
ਮਨੋਕਾਮਨਾ ਦੀਨੀ ॥੧੭॥
ਨਿਸ਼ਕਾਮੀ ਕੋ ਮੁਕਤ ਦਈ ਤਬਿ
ਬੰਧਨ ਸਕਲ ਬਿਨਾਸ਼ੇ।
ਸਹਿ ਕਾਮੀ ਕੋ ਸੁਰਗ ਭੋਗ ਦੇ
ਅਨਿਕ ਬਿਧਿਨਿ ਸੁਖਰਾਸੇ ॥੧੮॥
ਉਤ ਗਿਰਪਤਿਨਿ ਸੁਨਹੁ ਜਿਮ ਬੀਤੀ, ਸਿਵਰ ਸਮੂਹ ਪ੍ਰਵੇਸ਼ੇ।
ਪਾਇ ਪਰਾਜੈ ਮਰਯੋ ਕੇਸਰੀ, ਉਪਜਯੋ ਸ਼ੋਕ ਵਿਸ਼ੇਸ਼ੇ ॥੧੯॥
ਭੀਮਚੰਦ ਨਿਜ ਡੇਰੇ ਬੈਠਯੋ
ਮਹਾਂ ਬਿਸੂਰਤ ਮਾਨੀ।
-ਲਰੇ ਮਹਾਂ, ਕੁਛ ਕਾਜ ਸਰਯੋ ਨਹਿਂ,
ਭ੍ਰਾਤ ਸੈਨ ਗਨ ਹਾਨੀ ॥੨੦॥
ਬਾਈਧਾਰਨ ਕੇ ਨਰ ਆਏ
ਪ੍ਰਜਾ ਸਹਤ ਗਨ ਜੋਧਾ।
ਜਮਤੁੱਲਾ ਭਾਊ ਲਰਿ ਲਰਿ ਕਰਿ
ਮਰਯੋ ਜੁੱਧ ਮਹਿਂ ਕ੍ਰੋਧਾ ॥੨੧॥
ਆਜ ਗਿਰੀਸ਼ਨਿ ਸਭਿ ਕੀ ਮਸਲਤ[2]
ਮਰਯੋ ਕੇਸਰੀ ਚੰਦੰ।

---

*ਪਾ:-ਤਬ।
[1]ਗੁਰੂ ਜੀ ਨੇ।
[2]ਸਭ ਦਾ ਸਲਾਹਕਾਰ। (ਅ).... ਸਲਾਹ ਨਾਲ (ਲੜਨ ਗਿਆ) ਮਾਰਿਆ ਗਿਆ ਹੈ।

ਗਿਰਪਤਿ ਮਹਿਂ ਨਹਿਂ ਤਿਸ ਕੇ ਸਮਸਰ
ਜੋਧਾ ਜੁੱਧ ਬਿਲੰਦੰ ॥੨੨॥
ਘਾਇਲ ਭਯੋ ਹੰਡੂਰੀ ਆਯੋ
ਮਰਿਬੇ ਠਾਕੁਰ ਰਾਖਾ[1]।
ਅਬਿ ਗੁਬਿੰਦ ਸਿੰਘ ਕੇ ਸੰਗ ਲਰਿ ਕੈ
ਕਹਾਂ ਬਿਜੈ ਅਭਿਲਾਖਾ- ॥੨੩॥
ਇਮ ਬਿਸੂਰਤੋ ਸ਼ੋਕਤਿ ਬੈਠਜੋ
ਆਯੋ ਨਿਕਟ ਕਟੋਚੀ।
ਉਰ ਹੰਕਾਰ ਸਿਪਰ ਖਗ ਕਟ ਸੋਂ
ਦੇਖਜੋ ਭੂਪਤਿ ਸੋਚੀ[2] ॥੨੪॥
ਜੰਮੂਪਤਿ, ਮੰਡਸਪਤਿ ਬੋਲਤਿ
ਅਰੁ ਗੁਲੇਰੀਆ ਆਯੋ।
ਇੱਤਯਾਦਿਕ ਰਾਜੇ ਅਰੁ ਰਾਣੇ
ਮੇਲ ਭਯੋ ਸਮੁਦਾਯੋ ॥੨੫॥
ਕੈਂਠਲ ਕੁਲੂ, ਭੁਟੰਤੀ ਸਗਰੇ
ਮਿਲਿ ਕੈ ਸ਼ੋਕ ਉਪਾਯੋ।
'ਅੱਗ੍ਰਣੀਯ[3] ਜਸੁਵਾਰੀ ਹਤਿ ਭਾ,
ਲਰਜੋ ਮਹਾਂ ਬਲ ਲਾਯੋ[4] ॥੨੬॥
ਸਮੁਖ ਬਿਲੋਕ ਸਿੰਘ ਇਕ ਆਵਤਿ
ਖਪਰਾ ਅਰਿ ਤਕ ਮਾਰਾ[5]।
ਲਗਜੋ ਨ ਤਿਸ ਕੇ ਖੜਗ ਚਲਾਯੋ
ਸਿਰ ਤਤਕਾਲ ਉਤਾਰਾ ॥੨੭॥
ਰਹੇ ਬਿਲੋਕਤਿ ਸਗਰੇ ਜੋਧਾ
ਕਛੂ ਜਤਨ ਨਹਿਂ ਹੋਵਾ।
ਸਿਰ ਪਰੋਇ ਨੇਜ਼ੇ ਮਹਿਂ ਗਮਨਜੋਂ,
ਧਰ ਧਰ ਧਰਿ ਪਰ ਸੋਵਾ[6]- ॥੨੮॥
ਭੀਮਚੰਦ ਦ੍ਰਿਗ ਤੇ ਜਲ ਚਾਲਾ

[1]ਮਰਨੋਂ (ਮਸਾਂ) ਠਾਕਰ ਨੇ ਬਚਾ ਲਿਆ ਹੈ।
[2]ਸੋਚੀਂ ਪਿਆ ਹੋਇਆ।
[3]ਮੁਖੀ।
[4]ਬੜਾ ਬਲ ਲਾਕੇ ਲੜਿਆ ਹੈ।
[5]ਸਾਹਮਣੇ ਇਕ ਸਿੰਘ ਆਉਂਦਾ ਦੇਖਕੇ ਤੱਕਕੇ ਮਾਰਿਆ (ਕੇਸਰੀ ਚੰਦ ਨੇ) ਇਕ ਤੀਰ।
[6]ਧੜ ਧਰਤੀ ਤੇ ਡਿਗਕੇ ਸੌਂ ਰਿਹਾ।

ਸੁਨਤਿ ਹਿਤੂ ਕੋ ਹਾਲਾ।
ਹੇਰਿ ਅਪਰ ਸਭਿ ਅਸੂਆਂ ਗੇਰਤਿ
ਬਰਧਯੋ ਸ਼ੋਕ ਬਿਸਾਲਾ ॥੨੯॥
ਨੀਚੇ ਮੁਖ ਕਰਿ ਸੋਚਤਿ ਹੈਂ ਚਿਤ,
ਲਾਜ ਸਭਿਨਿ ਪਰ ਛਾਈ।
ਮੌਨ ਰਹੇ ਕਰਿ ਮਰੇ ਸੰਬੰਧੀ
ਬਹੁਰ ਪਰਾਜੈ ਪਾਈ[1] ॥੩੦॥
ਸਭਿ ਕੀ ਦਿਸ਼ਿ ਅਵਿਲੋਕਿ ਕਟੋਚੀ
ਉਰ ਹੰਕਾਰਤਿ ਭਾਖਾ।
ਰਣ ਕੀ ਗਤਿ ਦ੍ਵੈ ਬਿਜੈ ਪਰਾਜੈ
ਬਿਦਤ ਅਹੈ ਸਭਿ ਲਾਖਾ[2] ॥੩੧॥
ਮਰੇ ਸੁਭਟ ਕੋ ਸ਼ੋਕ ਜਿ ਕਰਨੋ
ਤੌ ਕਯੋਂ ਕਰਹੁ ਚਢਾਈ।
ਕਯੋਂ ਰਣ ਘਾਲੋ ਗੋਬਿੰਦ ਸਿੰਘ ਸੋਂ
ਜਿਸ ਕੀ ਧਾਂਕ ਮਹਾਂਈ ॥੩੨॥
ਹੋਤਿ ਪ੍ਰਾਤਿ ਕੇ ਦੇਖਹੁ ਸੰਘਰ
ਮੈਂ ਕਰਿਹੌਂ ਸਭਿ ਆਗੇ।
ਤਜੌਂ ਨ ਸਿੰਘਨਿ ਕੋ ਮੈਂ ਜਾਵਤਿ,
ਜੇ ਨਹਿ ਜੈ ਹੈਂ ਭਾਗੇ ॥੩੩॥
ਮਾਰਨ ਮਰਣ ਕਾਜ ਰਣ ਮਾਂਹੀ,
ਸ਼ੋਕ ਨ ਹੋਤਿ ਸੁਹਾਈ।
ਜੋ ਉਤਸਾਹ ਧਰਹਿ ਸੋ ਜੀਤਹਿ,
ਭੀਰੂ[3] ਡਰ ਭਜਿ ਜਾਈ ॥੩੪॥
ਉਚਿਤ ਨ ਤੁਮ ਕੋ ਸ਼ੋਕ ਕਰਨਿ ਅਬਿ
ਬੈਰੀ ਸਿਰ ਪਰ ਠਾਂਢੇ।
ਬਚੇ ਜੁ ਮਰਿਹੌ ਰੋਦਤਿ ਕਰਤੇ,
ਜੈ ਉਤਸਾਹ ਕਿ ਬਾਢੇ[4]' ॥੩੫॥
ਭੀਮਚੰਦ ਧੀਰਜ ਕੁਛ ਕੀਨੀ

---

[1]ਚੁੱਪ ਕਰ ਰਹੇ, (ਇਕ ਤਾਂ) ਸਬੰਧੀ ਮਰ ਗਿਆ (ਫਿਰ) ਹਾਰ ਪਾਈ।
[2]ਜਾਣਦੇ ਹਨ।
[3]ਕਾਇਰ।
[4]ਜੋ ਬਚ ਗਏ ਹੋ ਰੋਣ ਨਾਲ ਤਾਂ ਮਰ ਜਾਓਗੇ, ਪਰ ਉਤਸਾਹ ਦੇ ਵਧਿਆ ਤਾਂ ਜੈ ਹੋ ਸਕਦੀ ਹੈ।

'ਸੁਜਸੁ ਸਭਿਨਿ ਕੌ ਹਾਨਾ[1]।
ਮਰੇ ਕੇਸਰੀ ਤੇ ਹਟਿ ਜੈ ਹੈਂ[2],
ਇਹ ਭੀ ਨੀਕ ਨ ਮਾਨਾ ॥੩੬॥
ਜੰਗ ਸਮੁੰਦ੍ਰ ਜਹਾਜ ਚੜ੍ਹੇ ਹਮ
ਤੂੰ ਕੇਵਟ ਕਰਿ ਪਾਰੀ।
ਨਾਂਹਿ ਤ ਬੀਚ ਡੂਬਤੇ ਲਖੀਅਤਿ
ਬਨ ਸਹਾਇ ਬਲ ਭਾਰੀ ॥੩੭॥
ਮੀਏਂ ਅਰੁ ਰਾਣੇ ਬਹੁ ਮਾਰੇ
ਅਧਿਕ ਬਹਾਦਰ ਜੇਈ।
ਕਿਸ ਭਰੋਸ ਮੈਂ ਉਰ ਉਤਸਾਹੂੰ
ਤੁਝ ਬਿਨ ਅਪਰ ਨ ਕੋਈ ॥੩੮॥
ਬਾਈ ਧਾਰ ਸ਼ੋਕ ਹੁਇ ਬਾਸਾ,
ਨਹਿਂ ਅਨੰਦ ਪੁਰਿ ਛੂਟਾ।
ਨਿਫਲ ਭਯੋ ਉੱਦਮ ਸਭਿ ਕੇਰਾ
ਹਿਰਦੈ ਧੀਰਜ ਟੂਟਾ ॥੩੯॥
ਕੌਨ ਬਦਨ ਲੇ ਨਿਜ ਪੁਰਿ ਜੈ ਹੈਂ
ਸ਼੍ਰੀ ਗੁਰੁ ਰਹਜੋ ਮਵਾਸਾ।
ਧਨ ਬਿਨਸਜੋ, ਸੰਬੰਧੀ ਮ੍ਰਿਤੁ ਭੇ,
ਰਹੀ ਨ ਕਾਰਜ ਆਸਾ[3] ॥੪੦॥
ਬਿਦਤਹਿ ਸਗਰੇ ਦੋਸ਼ ਬ੍ਰਿਤੰਤਾ
ਜੰਗ ਪਰਾਜੈ ਪਾਈ।
ਯਾਂ ਤੇ ਲਰਨ ਮਰਨ ਹੀ ਆਛੋ
ਅਪਰ ਨ ਬਨਹਿ ਉਪਾਈ' ॥੪੧॥
ਮੰਡਸਪਤਿ ਮਨ ਬਿਖੈ ਬਿਚਾਰੇ
-ਸਮਝਹਿ ਨਹਿਂ ਅੱਗਜਾਨੀ।
ਜੇ ਅਬਿ ਕਹੌਂ, ਸ਼ੋਕ ਤੇ ਰਿਸਿ ਹੈ
ਭਲੀ ਨ ਮਾਨਹਿਂ ਮਾਨੀਂ ॥੪੨॥
ਮਿਲੇ ਰਹੈਂ[4] ਅਰ ਹੇਰੈਂ ਕ੍ਰਿਤ ਇਨ,

---

[1]ਜਸ ਤਾਂ ਸਭ ਦਾ ਦੂਰ ਹੋ ਗਿਆ ਹੈ।
[2]ਜੇ ਹਟ ਜਾਈਏ।
[3]ਭਾਵ ਜਿੱਤ ਦੇ ਕੰਮ ਦੀ ਆਸ।
[4]ਜੇ ਹੁਣ ਕਹਾਂ (ਕਿ ਜੰਗ ਨਾ ਕਰੋ) ਸ਼ੋਕ ਤੇ ਕ੍ਰੋਧ ਕਰਨਗੇ ਮੰਨਣਗੇ ਨਹੀਂ (ਇਸ ਲਈ ਇਨ੍ਹਾਂ ਵਿਚ) ਮਿਲਿਆ ਹੀ ਰਹਾਂ।

ਕਿਮ ਹਾਰੇ ਗੁਰ ਪੂਰਾ।
ਸ਼ਾਹਜਹਾਂ ਸੋ ਜਿਨਹੁੰ ਪਿਤਾਮਾ
ਲਰਤਿ ਰਹ੍ਯੋ ਬਡ ਸੂਰਾ ॥੪੩॥
ਸ੍ਰੀ ਨਾਨਕ ਨਵ ਖੰਡਨ ਮਾਂਹੀ
ਸਿਖ ਕਰਿ ਜਸੁ ਵਿਸਤਾਰਾ।
ਤਿਨ ਗਾਦੀ ਪਰ ਬਿਦਤ ਥਿਰ੍ਯੋ ਇਹੁ
ਗੁਰ ਗੋਬਿੰਦ ਸਿੰਘ ਭਾਰਾ ॥੪੪॥
ਰਣ ਪ੍ਰਿਯ, ਰਣ ਕੋ ਭੈਰਵ ਕਰਤਾ[1],
ਅਨਿਕ ਬਾਰ ਅਰਿ ਮਾਰੇ।
ਅਬਿ ਲੌ ਇਨ ਕੇ ਸਨਮੁਖ ਹ੍ਵੈ ਕਰਿ
ਨਹਿਂ ਖਰ ਤੀਰ ਪ੍ਰਹਾਰੇ[2]- ॥੪੫॥
ਇੱਤਯਾਦਿਕ ਚਿਤ ਸਮੁਝਿ ਮੌਨ ਕਰਿ
ਬੈਠਿ ਰਹ੍ਯੋ ਬਿਚ ਭ੍ਰਾਤਾ।
ਅਪਰ ਸਕਲ ਰਣ ਕਰ੍ਯੋ ਨ ਚਾਹਹਿਂ
ਭਯੋ ਸਮੂਹਨ ਘਾਤਾ ॥੪੬॥
ਇਕ ਘਮੰਡ ਚੰਦ ਬੀਰ ਕਟੋਚੀ
ਰਹੀ ਹੌਂਸ[3] ਰਣ ਕੇਰੀ।
ਭੀਮਚੰਦ ਉਰ ਧੀਰਜ ਧਰਿ ਕਰਿ[4]
ਉਠੇ ਸਰਬ ਤਿਸੁ ਬੇਰੀ ॥੪੭॥
ਡੇਰੇ ਮਹਿਂ ਜਹਿਂ ਕਹਿਂ ਗਨ ਘਾਇਲ
ਪਰੇ ਪੀਰ ਕੋ ਪਾਵੈਂ।
ਕੇਤਿਕ ਰੁਦਤਿ ਸੰਬੰਧੀ ਮਰਿਗੇ
ਮਿਲਿ ਮਿਲਿ ਸੋਕ ਉਪਾਵੈਂ ॥੪੮॥
ਗਈ ਗਿਰਨਿ ਮਹਿਂ ਸੁਧ 'ਗਨ ਮਰਿਗੇ'
ਪਰ੍ਯੋ ਪੀਟਨਾ ਭਾਰੀ।
ਕੇਸ਼ ਉਖਾਰਤਿ ਰੁਦਤਿ ਜਹਾਂ ਕਹਿਂ
ਊਚੀ ਧੁਨਿ ਤੇ ਨਾਰੀ ॥੪੯॥
ਜਸੁਵਾਰੀ ਕੇ ਸੁਧਿ ਜਬਿ ਪਹੁੰਚੀ

---

[1]ਭਿਆਨਕ ਰਣ ਕਰਨ ਵਾਲੇ।
[2]ਭਾਵ ਪਹਾੜੀਆਂ ਦੇ ਸਾਹਮਣੇ ਹੋਕੇ ਗੁਰੂ ਜੀ ਨੇ ਅਜੇ ਤੱਕ (ਆਪ) ਤ੍ਰਿੱਖੇ ਤੀਰ ਨਹੀਂ ਚਲਾਏ।
[3]ਹਵਸ, ਅਰਮਾਨ।
[4]ਧੀਰਜ ਧਾਰਕੇ।

ਗਨ ਰਾਨੀ ਮਿਲਿ ਰੋਵੈਂ।
ਹਾਹਾਕਾਰ ਜਹਾਂ ਕਹਿਂ ਉਚਰੈਂ
ਦ੍ਰਿਗ ਜਲ ਤੇ ਪਟ ਧੋਵੈਂ ॥੫੦॥
ਕਹਿਂ ਲੌ ਕਹੌਂ ਸ਼ੋਕ ਵਧਿ ਗਿਰ ਗਨ
ਰੋਦਤਿ ਬਾਇਸ ਧਾਰਾ।
ਭੀਮਚੰਦ ਕੋ ਕਹੈਂ ਮੰਦਮਤਿ
ਦੇਤਿ ਹਜ਼ਾਰਹੁੰ ਗਾਰਾ ॥੫੧॥
ਇਮ ਮਸਲਤ ਕਰਿ 'ਲਰੈਂ ਪ੍ਰਾਤਿ ਪੁਨ
ਕਰਿ ਘਮੰਡਚੰਦ ਆਗੇ।'
ਖਾਨ ਪਾਨ ਕੁਛ ਕਰਿ ਕੈ ਸੁਪਤੇ
ਸ਼੍ਰਮ ਤੇ ਨਾਹਿਨ ਜਾਗੇ ॥੫੨॥
ਪਹੁੰਚੀ ਸੁਧਿ ਸਤਿਗੁਰੂ ਨਿਕਟ ਇਹੁ
ਕਰੇ ਸਿੰਘ ਸਵਧਾਨਾ।
'ਵਹਿਰ ਲੋਹਗੜ ਤੇ ਕਰਿ ਮੁਰਚੇ
ਹਤਹੁ ਸ਼ੱਤ੍ਰੂ ਬਿਧਿ ਨਾਨਾ' ॥੫੩॥
ਆਲਮ ਸਿੰਘ ਆਦਿ ਬਡ ਜੋਧਾ
ਕਰੀ ਅਧਿਕ ਤਕਰਾਈ।
ਦੂਰ ਦੂਰ ਕਰਿ ਮੁਰਚੇ ਬੰਦੀ
ਜਹਿਂ ਬੈਠੇਂ ਸਮੁਦਾਈ[1] ॥੫੪॥
ਸਾਲਪੱਤ੍ਰ ਤੇ ਘਾਇਲ ਸੁਖ ਲਹਿਂ
ਮਿਲੇ ਘਾਵ ਤਤਕਾਲਾ।
ਸੱਤਿਨਾਮ ਕੋ ਸਿਮਰਨਿ ਕਰਿਤੇ
ਜੋ ਨਿਤ ਰਖਹਿ ਸੁਖਾਲਾ ॥੫੫॥
ਇਮ ਦੁਇ ਦਿਸ਼ਿ ਤੇ ਖਾਨ ਪਾਨ ਕਰਿ
ਜਾਮਨਿ ਜਬਹਿ ਬਿਤਾਈ।
ਕੁਛਕ ਗਰਬ ਸਿੰਘਨ ਕੇ ਉਪਜਯੋ
ਹਤੇ ਸ਼ੱਤ੍ਰੂ ਸਮੁਦਾਈ ॥੫੬॥
ਸੋ ਨ ਸਹਯੋ ਗੁਰ ਅਵਗੁਨ ਮਨ ਕੋ, ਜਾਗੇ ਦੁਹਿਂ ਦਿਸ਼ਿ ਜੋਧਾ।
ਸੰਖ ਨਗਾਰੇ ਬਜੇ ਘਨੇ ਤਬਿ, ਲਰਨ ਹੇਤ ਵਧਿ ਕ੍ਰੋਧਾ ॥੫੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਭੀਮਚੰਦ ਸ਼ੋਕ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥੨੮॥

---
[1]ਬਹੁਤੇ ਬੈਠ ਸਕਣ।

## ੨੯. [ਦੂਜੇ ਦਿਨ ਦਾ ਜੰਗ]

੨੮<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੩੦

ਦੋਹਰਾ: ਸੰਘਰ ਕੋ ਉਤਸਾਹ ਉਰ, ਜੋਧਾ ਬਨੇ ਸੁਚੇਤ।
ਸੌਚ ਸ਼ਨਾਨੇ ਸਕਲ ਤਨ, ਤਜਾਰੀ ਬਨ ਰਨ ਹੇਤੁ ॥੧॥

ਭੁਜੰਗ ਪ੍ਰਯਾਤ ਛੰਦ: ਗੁਰੂ ਸਿੰਘ ਭੇਜੇ ਉਦੇ ਸਿੰਘ ਆਦਾ।
ਬਜੇ ਦੁੰਦਭੀ ਧੌਂਸ ਤੇ ਦੀਹ ਨਾਦਾ।
ਕਰੀ ਕੋਟ ਕੇ ਅੱਗ੍ਰ ਮੈਂ ਓਟ ਗਾਢੀ।
ਪਦਾਂਤੀ ਸਬੈ ਸਿੰਘ ਹ੍ਵੈ ਚੌਂਪ ਬਾਢੀ ॥੨॥

ਉਤੈ ਜ਼ੀਨ ਪਾਏ ਪਹਾਰੀਨ ਸੈਨਾ।
ਭਏ ਤਜਾਰ ਸਾਰੇ ਚਲੇ ਜੁੱਧ ਐਨਾ।
ਕਟੋਚੀ ਬਡੋ ਓਤਸਾਹੰ ਧਰੰਤਾ।
ਕਰਾਚੋਲ ਪਾਯੋ ਗਰੇ ਓਜਵੰਤਾ ॥੩॥

ਕਸੀ ਢਾਲ ਕੰਧੇ ਬਡੀ ਮੋਲ ਕੇਰੀ।
ਭਰੇ ਤੀਰ ਭਾਥਾ ਪਿਖੇ ਤਾਂਹਿ ਬੇਰੀ[1]।
ਲਿਯੋ ਚਾਂਪ ਭਾਰੀ ਬਡੋ ਡੀਲ ਜਾਂਹੀ।
ਬਲੀ ਦੀਹ ਵਾਰੋ ਚਲਯੋ ਜੰਗ ਮਾਂਹੀ ॥੪॥

ਮਿਲਯੋ ਭੀਮ ਚੰਦੰ ਦਈ ਧੀਰ ਬੋਲਾ।
'ਪਿਖੋ ਜੁੱਧ ਮੇਰੋ ਕਰੌ ਨਾਂਹਿ ਹੌਲਾ[2]।
ਰਹੋ ਪੀਹ ਪੈ ਡੀਠ ਹ੍ਵੈ ਸੈਨ ਪ੍ਰੇਰੋ[3]।
ਪਲਾਵੈ ਨਹੀਂ ਜਯੋਂ ਤਥਾ ਘੇਰ ਫੇਰੋ' ॥੫॥

ਇਮੰ ਭਾਖਿ ਕੈ ਚਾਂਪ ਆਪੰ[4] ਟੰਕਾਰਾ।
ਸਰੰ ਸੰਧਿਕੈ ਚੌਂਪ ਸੰਗੈ ਪ੍ਰਹਾਰਾ।
ਲਏ ਟੋਲ ਜੋਧਾਨ ਕੇ ਬੋਲਿ ਐਸੇ।
'ਕਰੌਂ ਆਜ ਕਾਜੰ ਜਸੰ ਪਾਇ ਜੈਸੇ ॥੬॥

ਪਰਾਜੈ ਭਈ, ਮੈਲ ਲਾਗੀ ਮਹਾਨੀਂ।
ਪਖਾਰੌਂ ਭਲੇ ਬੀਰ ਕੈ ਓਜ ਪਾਨੀ[5]।
ਹਟੌਂ ਨ ਪਿਛਾਰੀ, ਚਲੌਂ ਸਾਮੁਹਾਈ।
ਰਹੈ ਜੌਨ ਆਗੇ ਮਹਾਂ ਦੂੱਬ ਪਾਈ ॥੭॥

---

[1]ਤਦੋਂ ਵੇਖਕੇ ਤੀਰਾਂ ਨਾਲ ਭੱਥਾ ਭਰਿਆ।
[2]ਤੁਸੀਂ ਹੌਲ ਨਾ ਕਰੋ।
[3](ਮੇਰੀ) ਪਿੱਠ ਤੇ ਰਹੋ ਸੈਨਾ ਨੂੰ ਨਿਗਾਹ ਵਿਚ ਰੱਖਕੇ ਪ੍ਰੇਰਦੇ ਰਹੋ।
[4]ਆਪਣਾ।
[5]ਸੂਰਮਿਆਂ ਦੇ ਬਲ ਰੂਪੀ ਪਾਣੀ ਨਾਲ ਧੋਵਾਂਗਾ। (ਅ) ਬਲ ਰੂਪੀ ਪਾਣੀ ਬਹਾਦਰੀ ਨਾਲ ਲਾਕੇ ਧੋਵਾਂਗਾ।

ਮਰੈ ਜੰਗ ਮੈਂ ਦੇਵ ਲੋਕੈਂ ਪਧਾਰੈ।
ਰਹੈ, ਕੀਰਤੀ ਲੇ ਭਲੇ ਸ਼ੱਤ੍ਰ ਮਾਰੈ[੧]।'
ਕਰੇ ਤਜਾਰ ਤੋੜੇ ਸਮੂਹੰ ਧੁਖਾਏ।
ਬਰੂਦੰ ਸੁ ਗੋਰੀ ਪਲੀਤੇ ਮਿਲਾਏ ॥੮॥
ਗਜੰ ਸੰਗ ਠੋਕੀ ਧਰੀ ਕੰਧ ਚਾਲੇ।
ਗੁਰੂ ਕੀ ਗੜ੍ਹੀ ਕੋ ਗਏ ਆਲਬਾਲੇ[੨]।
ਪਦਾਂਤੀ ਸਊਰੰ ਮਿਲੇ ਸੰਗ ਜੋਧਾ।
ਪਰਾਜੈ ਭਈ ਤੇ ਰਿਦੈ ਧਾਰਿ ਕ੍ਰੋਧਾ ॥੯॥
ਇਤੇ ਸਿੰਘ ਸਾਰੇ ਬਰੇ ਮੋਰਚਾ ਮੈਂ।
ਤੁਫੰਗੈਂ ਕਸੀ ਡਾਰਿ ਗੋਰੀ ਸੁ ਤਾਂ ਮੈਂ।
ਧੁਖੇ ਪੁੰਜ ਤੋੜੇ ਕਲੀ ਆਛ ਹੋਈ[੩]।
ਜੜੇ ਹੈਂ ਕਲਾ ਪੈ ਲਿਯੋ ਮੋੜ ਸੋਈ ॥੧੦॥
ਪਲੀਤੇ ਜਮਾਏ ਸਿਰੰਪੋਸ਼ ਖੋਲੇ।
ਰਵਾਂਦਸਤ ਕੀਨੀ ਤਜੇ ਅੱਗ੍ਰ ਓਲੇ[੪]।
ਕਰੀ ਸ਼ਿਸਤ ਆਗੇ ਜਹਾਂ ਸ਼ੱਤ੍ਰ ਆਵੈਂ।
ਡੰਡੇ ਤਾਤਕਾਲੰ ਤੜਾਕੇ ਉਠਾਵੈਂ ॥੧੧॥
ਤੁਫੰਗੈਂ ਚਲੀ ਆਵਤੇ ਸਾਮੁਹਾਈ।
ਕਰੇ ਬੇਗ ਗੋਰੀ ਮਹਾਂ ਸ਼ੂੰਕ ਪਾਈ।
ਅਜਾਨੰ ਸੁਜਾਨੰ ਤਜੈ ਜੌਨ ਕੌਨਾ[੫]।
ਲਗੀ ਏਕ ਚਾਹੈ ਹਤੈ ਪ੍ਰਾਨ ਤੌਨਾ[੬] ॥੧੨॥
ਹਲਾਹਾਲ ਬੋਲੇ ਕਰਜੋ ਹੇਲ ਧਾਈ।
ਮਨੋ ਸੈਲ ਹੂੰ ਪੈ ਘਟਾ ਢੂਕਿ ਆਈ।
ਪਲੀਤੇ ਛਟਾ ਜ੍ਵਾਲਮਾਲਾ ਉਠਾਲੇ[੭]।
ਚਲੇ ਪੁੰਜ ਗੋਰੀ ਕਿ ਓਰੇ[੮] ਕਰਾਲੇ ॥੧੩॥
ਉਠੀ ਧੂਮ ਧਾਰਾ ਚਮੂੰ ਓਰ ਹੋਈ।

---

[੧]ਜੇ ਬਚ ਰਹੇ ਤਾਂ ਭਲੀ ਤਰ੍ਹਾਂ ਸ਼ੱਤ੍ਰੂ ਮਾਰਨ ਦੀ ਕੀਰਤੀ ਲਏਗਾ।
[੨]ਘੇਰਾ ਪਾਏ ਹੋਏ।
[੩]ਤੋੜੇ ਧੁਖਦਿਆਂ ਦੇ ਅੱਗੇ ਚੰਗਾ ਗੁਲ ਆ ਗਿਆ।
[ਕਲੀ = ਤੋੜਾ ਧੁਖਕੇ ਜੋ ਨਾਲ ਗੁਲ ਬੱਝ ਜਾਂਦਾ ਹੈ]।
[੪]ਭਾਵ, ਜੋ ਅੱਗੇ ਉਹਲੇ ਸਨ ਉਹ ਛੱਡ ਕੇ ਬੰਦੂਕ ਚਲਾਉਣ ਲਈ ਰੱਖੇ ਥਾਵਾਂ ਅਗੇ ਆ ਗਏ।
[੫]ਜੇਹੜਾ ਕੇਹੜਾ ਬੀ।
[੬]ਇਕ ਗੋਲੀ ਲੱਗਣੀ ਚਾਹੀਏ (ਬੱਸ ਫੇਰ) ਪ੍ਰਾਨ ਨਾਸ਼ ਕਰ ਦਿੰਦੀ ਹੈ ਉਸਦੇ (ਜਿਸ ਨੂੰ ਲੱਗੇ)।
[੭]ਪਲੀਤਿਆਂ ਰੂਪੀ ਅਗਨੀ ਦੀ ਮਾਲਾ ਬਿਜਲੀ ਵਤ (ਦੂਰੋਂ) ਉਠਦੀ (ਦਿੱਸਦੀ ਹੈ)।
[੮]ਮਾਨੋਂ ਗੜੇ।

ਭਯੋ ਅੰਧ ਧੁੰਧੰ ਡਰੇ ਭਾਜ ਕੋਈ।
ਤੜਾਕੇ ਮਨਹੁੰ ਗਾਜ ਹ੍ਵੈ ਬਾਰ ਬਾਰੀ[1]।
ਗਿਰੈਂ ਬ੍ਰਿੱਛ[2] ਜੋਧਾ ਮਚੀ ਮਾਰ ਭਾਰੀ ॥੧੪॥
ਉਭੈ ਓਰ ਤੇ ਜ੍ਵਾਲ ਬੌਨਾ[3] ਪ੍ਰਹਾਰੈਂ।
ਸ਼ਿਤਾਬੀ ਕਸੈਂ, ਹਾਥ ਪੈ ਟੇਕਿ ਮਾਰੈਂ।
ਲਗੈ ਅੰਗ ਮੈਂ ਤੋੜ ਫੋੜੈ ਬਿਹੰਡੈ।
ਗਿੜੈ ਦਾੜ[4] ਭੂ ਮੈਂ ਫੁਟੇ ਤੁੰਡ ਮੁੰਡੈ ॥੧੫॥
ਹੁਤੇ ਮੋਰਚੇ ਅੱਗ੍ਰ ਬੰਧੇ ਜਿਥਾਂਈ[5]।
ਘਨੋ ਲੋਹ ਬਾਜਯੋ ਤਹਾਂ ਧੂੰਮ ਪਾਈ।
ਭਯੋ ਢੋਇ ਭਾਰੋ, ਜੁਟੇ ਬੀਰ ਬੰਕੇ।
ਲਗੇ ਢੋਲ ਧੌਸਾਨਿ ਪੈ ਬ੍ਰਿੰਦ ਡੰਕੇ ॥੧੬॥

ਲਲਿਤਪਦ ਛੰਦ: ਲਲਕਾਰੇ ਭਟ ਪੁੰਜ ਕਟੋਚੀ[6]
'ਕਿਤ ਕਾਤੁਰ ਹੁਇ ਤ੍ਰਾਸੇ।
ਕਹਾਂ ਸਿੰਘ ਥੋਰੇ ਅਬਿ ਰਹਿ ਗੇ
ਪਹਿਲੇ ਜੰਗ ਬਿਨਾਸੇ ॥੧੭॥
ਹੇਲ ਘਾਲਿ ਅਬਿ ਲੇਹੁ ਮੋਰਚਾ
ਦਿਹੁ ਨਿਕਾਲ ਬਲ ਪਾਯੋ।
ਦੁਗਨ ਦਰਬ ਕੋ ਮਨਸਬ ਕਰਿਹੈਂ
ਬਨਹੁ ਸੂਰ ਜਸੁ ਛਾਯੋ' ॥੧੮॥
ਕਹਯੋ ਘਮੰਡਚੰਦ ਭਟ ਗਨ ਸੋਂ
ਅੱਗ੍ਰ ਆਪ ਹੀ ਚਾਲਾ।
ਖਪਰਾ ਤੀਖਨ ਭੀਖਨ ਲੀਨਸਿ
ਚਾਂਪ ਕਠੋਰ ਬਿਸਾਲਾ ॥੧੯॥
ਐਂਚਿ ਐਂਚਿ ਸਿੰਘਨ ਕੇ ਸਨਮੁਖ
ਛੋਰਹਿ ਬਾਨ ਮਹਾਂਨੇ।
ਸੁਭਟ ਬਲੀ ਕੇ ਕਰ ਤੇ ਚਲਿ ਚਲਿ
ਬੀਧਤਿ ਪਾਰ ਪਰਾਨੇ ॥੨੦॥

---
[1]ਵਾਰ ਵਾਰ ਤੜਾਕੇ (ਜੋ ਹੁੰਦੇ ਹਨ ਉਹ) ਮਾਨੋਂ ਬਿਜਲੀ ਪੈਂਦੀ ਹੈ।
[2]ਸੂਰਮਿਆਂ ਰੂਪੀ ਬ੍ਰਿੱਛ।
[3]ਬੰਦੂਕਾਂ ਨੂੰ।
[4]ਧੜੈਂ ਕਰਕੇ ਡਿੱਗ ਪੈਂਦਾ ਹੈ।
[5]ਜਿੱਥੇ।
[6]ਕਟੋਚੀ (ਰਾਜਾ) ਨੇ ਸਾਰੇ (ਆਪਣੇ) ਸੂਰਮਿਆਂ ਨੂੰ ਲਲਕਾਰਿਆ।

ਲਗੇ ਕਿਤਿਕ ਸਿੰਘਨ ਕੇ ਜਬਿ ਹੂੰ
ਆਲਮ ਸਿੰਘ ਬਿਲੋਕੇ।
-ਹੇਲਾਘਾਲ[1] ਧਕੇਲਤਿ ਬਲ ਤੇ
ਰਹੇ ਨ ਕਸੋਂਹੂੰ ਰੋਕੇ ॥੨੧॥
ਜ਼ੋਰ ਮੋਰਚੇ ਪਰ ਬਹੁ ਦੈ ਕੈ
ਸਿੰਘ ਨਿਕਾਸਨਿ ਕੀਨੇ।
ਕੋ ਮਰਿ ਗਏ, ਭਏ ਕੋ ਘਾਇਲ,
ਕਿਨਹੁੰ ਓਟ ਗਢ ਲੀਨੇ ॥੨੨॥
ਸਹਿ ਨ ਸਕਯੋ ਆਲਮ ਸਿੰਘ ਜੋਧਾ
ਕਸਿ ਬੰਦੂਕ ਸੰਭਾਰੀ।
ਚੰਚਲ ਤੁਰਾ[2] ਨਚਾਵਨਿ ਗਵਨਯੋਂ
ਤਕਹਿ ਦਾਵ ਮਤਿ ਭਾਰੀ ॥੨੩॥
ਇਤ ਉਤ ਹਯ ਕੋ ਫੇਰਿ ਨੇਰ ਕਿਯ
ਪਿਖਿ ਕਟੋਚ[3] ਲਲਕਾਰਾ।
'ਮੂਢ ਖਰੋ ਰਹੁ ਲੇਹੁ ਅਬੈ ਫਲ,
ਤੈਂ ਸਿੰਘਨ ਕੋ ਮਾਰਾ' ॥੨੪॥
ਕਰਤਿ ਕੁਵਾਇਦ[4] ਫੇਰਯੋ ਘੋੜਾ
ਤਕਿ ਸ਼ੱਤ੍ਰੂ ਤਨ ਮਾਰੀ।
ਧੁਖਤਿ ਪਲੀਤਾ ਉਠਯੋ ਤੜਾਕਾ
ਗੋਰੀ ਸ਼ੂੰਕਿ ਸਿਧਾਰੀ ॥੨੫॥
ਲਖਿ ਘਮੰਡ ਚੰਦ ਤੁਪਕ ਤਕੀ ਮੁਹਿ
ਚੰਚਲ ਕੀਨ ਤੁਰੰਗਾ।
ਬਚਯੋ ਆਪ ਜਮ ਮੁਖ ਤੇ ਮਾਨੋ
ਗੁਲਕਾ ਲਗੀ ਨ ਅੰਗਾ ॥੨੬॥
ਹਯ ਕੀ ਗ੍ਰੀਵ ਲਗੀ ਦੜ ਗਿਰ ਗਾ
ਉਤਰਿ ਕਟੋਚਿ ਸੰਭਾਰਾ।
ਭਯੋ ਪਦਾਂਤੀ ਤਊ ਚਾਂਪ ਗਹਿ
ਧਰਿ ਧਨੁ ਮਹਿਂ ਸਰ ਮਾਰਾ ॥੨੭॥

---

[1]ਆਲਮ ਸਿੰਘ ਨੇ ਡਿੱਠਾ (ਕਿ ਪਹਾੜੀਆਂ ਨੇ ਹੱਲਾ) ਕਰਕੇ।
[2]ਘੋੜਾ।
[3]ਕਟੋਚੀਏ ਨੂੰ।
[4](ਸਿੱਖੀ ਹੋਈ) ਕਵਾਇਦ (ਦੇ ਦਾਉ ਫੇਰ) ਕਰਕੇ।

ਭੀਮਚੰਦ ਅਵਿਲੋਕਯੋ ਹਯ ਮ੍ਰਿਤੁ
ਭਯੋ ਆਪ ਕੁਛ ਆਗੇ।
ਸਭਿ ਬੀਰਨਿ ਕੋ ਪ੍ਰੇਰਨਿ ਕੀਨਾ
'ਪਹੁੰਚਯੋ ਦੇਰ ਨ ਲਾਗੇ ॥੨੮॥
ਅਰਯੋ ਨਰਿੰਦ ਘਮੰਡਚੰਦ ਰਣ
ਹੂਜਹਿ ਸਕਲ ਸਹਾਈ।'
ਕਿਸਹੁੰ ਦਿਲਾਸਾ ਕਿਸਹੂੰ ਰਿਸ ਕਰਿ
ਆਗੇ ਧਰਿ ਸਮੁਦਾਈ[1] ॥੨੯॥
ਇਤ ਤੇ ਉਮਡਿ ਖਾਲਸਾ ਸਨਮੁਖ
ਤਜੇ ਤੀਰ ਅਰੁ ਗੋਰੀ।
ਹੇਲੇ ਪਰ ਹੇਲਾ ਬਡ ਘਾਲਯੋ
ਰੁਪੇ ਕੋਪ ਦੁਇ ਓਰੀ ॥੩੦॥
ਪਰਯੋ ਜੋਰ ਪੁਨ ਸਿੰਘਨ ਕੇਰਾ
ਲਾਗੇ ਫਿਰਨ ਪਹਾਰੀ।
ਤਬਿ ਲਲਕਾਰ ਕਟੋਚੀ ਬੈਠਯੋ
ਲੇ ਕੁਛ ਓਟ ਅਗਾਰੀ ॥੩੧॥
ਤਰਕਸ਼ ਤੇ ਸਰ ਕਾਢਿ ਬਖੇਰੇ[2],
'ਉਠੋਂ ਨ ਹਟ ਹੌਂ ਪਾਛੇ।'
ਤਬਿ ਗੁਲੇਰੀਆ ਆਦਿ ਸੈਲਪਤਿ
ਅਰਯੋ ਦੇਖਿ ਕਰਿ ਆਛੇ ॥੩੨॥
ਲੈ ਲੈ ਸੁਭਟ ਪਰੇ ਸਿੰਘਨ ਪਰ
ਮਾਰ ਮਚੀ ਇਕਸਾਰਾ।
ਗਿਰਹਿਂ ਮਰਹਿਂ ਦੜ[3] ਪਰਹਿਂ ਧਰਾ ਪਰ,
ਘਾਇਲ ਕਰਤਿ ਪੁਕਾਰਾ ॥੩੩॥
ਦੀਰਘ ਬਲ ਘਾਲਯੋ ਸਿੰਘਨ ਪਰ
ਠਹਿਰ ਨ ਸਕਹਿਂ ਜੁਝਾਰੇ।
ਤਜਯੋ ਮੋਰਚਾ ਬਰੇ[4] ਲੋਹਗੜ,
ਕੋ ਥਿਰ ਦ੍ਵਾਰ ਅਗਾਰੇ ॥੩੪॥

---

[1]ਸਾਰੇ ਅੱਗੇ ਕੀਤੇ।
[2]ਭੱਥੇ ਦੇ ਬਾਨ ਕੱਢਕੇ (ਜ਼ਮੀਨ ਤੇ) ਖਿੰਡਾ ਦਿੱਤੇ।
[3]ਧੜੈਂ ਕਰਕੇ।
[4]ਵੜੇ, ਪ੍ਰਵੇਸ਼ ਹੋਏ।

ਬਹੁਰ ਨਿਕਟ ਕਰਿ ਹੇਲਾ ਘਾਲਣ[1],
ਰੁਪਯੋ ਘਮੰਡੈ ਚੰਦੰ।
ਬਾਨ ਸੜਾਸੜ ਛੋਰਤਿ ਸਨਮੁਖ
ਢੁਕੇ ਆਨਿ ਭਟ ਬ੍ਰਿੰਦੰ ॥੩੫॥
ਸਰਬ ਗਿਰੀਸ਼੍ਵਰ ਭੀਮਚੰਦ ਜੁਤਿ
ਓਰੜਿ ਗੜ੍ਹ ਪਰ ਆਏ।
ਸੇਲੇ, ਤੋਮਰ, ਤੀਰਨ, ਤੁਪਕਾਂ
ਮਾਰਿ ਮਾਰਿ ਬਰਖਾਏ ॥੩੬॥
ਕਰੇ ਸਿੰਘ ਘਾਇਲ ਬਹੁ ਤਬਿ ਹੀ
ਥਿਰੇ ਲੋਹਗੜ ਮਾਂਹੀ।
ਨਿਕਸਨ ਦੇਤਿ ਨ ਵਹਿਰ ਕਟੋਚੀ
ਸੁਭਟ ਹਜ਼ਾਰਹੁੰ ਪਾਹੀ ॥੩੭॥
ਜਹਿਂ ਜਹਿਂ ਮਰੇ ਪਰੇ ਨਹਿਂ ਦੀਖਹਿਂ
ਕੂਕਰ ਜੰਬੁਕ ਖਾਏ।
ਹੜ ਹੜ ਹਸੈਂ ਮਸਾਨ ਜੁੱਧ ਥਲ[2]
ਧੁਖਿ ਧੁਖਿ ਉਠਿ ਸਮੁਦਾਏ ॥੩੮॥
ਕਹੌਂ ਕਹਾਂ ਲਗਿ ਬਡ ਘਮਸਾਨਾ
ਭਯੋ ਜੁੱਧ ਤਬਿ ਘੋਰਾ।
ਘਾਲਿ ਘਮੰਡ[3] ਘਮੰਡ ਚੰਦ ਬਹੁ,
ਲਜਤਿ ਮੁਖਿ ਨਹਿਂ ਮੋਰਾ[4] ॥੩੯॥
ਭੂਤ ਪ੍ਰੇਤ ਨਾਚਤਿ ਅਰੁ ਗਾਵਤਿ
ਮਨ ਭਾਵਤਿ ਰਨ ਹੇਰਾ।
ਕਾਕ ਕੰਕ ਕੀ ਕੂਕੈਂ ਕੂਕੀ
ਸੁਨੀਅਤਿ ਭੀਮ ਬਡੇਰਾ[5] ॥੪੦॥
ਗ੍ਰਿੱਧ ਬ੍ਰਿੱਧ ਮੰਡਰਾਵਤਿ ਪੁੰਜੈ
ਸ਼੍ਰੋਣਤ ਬਹਿ ਬਹੁ ਚਾਲਾ।
ਫਟੇ ਨਿਸ਼ਾਨਨ ਕੇ ਪਟ ਫਰਰੇ
ਰਹਿ ਗਏ ਬਾਂਸ ਬਿਸਾਲਾ ॥੪੧॥

---

[1]ਨੇੜੇ ਹੋਕੇ ਹੱਲਾ ਕਰਨ ਲਈ।
[2]ਜੁਧ ਭੂਮੀ ਵਿਚ।
[3]ਭਾਵ ਜੁੱਧ ਕੀਤਾ।
[4]ਸ਼ਰਮਿੰਦਗੀ ਤੋਂ (ਡਰਦੇ ਨੇ) ਮੂੰਹ ਨਾ ਮੋੜਿਆ।
[5]ਬਹੁਤ ਭਯਾਨਕ ਕੂਕਾਂ ਕਾਂਵਾਂ ਤੇ ਕੰਕਾਂ ਦੀਆਂ ਕੂਕੀਂਦੀਆਂ ਸੁਣੀਦੀਆਂ ਹਨ।

ਤ੍ਰਿਪਤ ਭਏ ਜੋਧਾ ਤਬਿ ਲਰਿ ਲਰਿ
ਕਰਿ ਕਰਿ ਓਜ ਬਡੇਰਾ।
ਮਰੇ ਹਜ਼ਾਰਹੁਂ ਘਾਇਲ ਹ੍ਵੈ ਕੈ,
ਥਕ੍ਯੋ ਬੋਲ ਬਹੁ ਟੇਰਾ[1] ॥੪੨॥
ਪਰੇ ਸ਼ਸਤ੍ਰ ਗਨ ਬਿਖਰੇ ਜਹਿਂ ਕਹਿਂ
ਤੋਮਰ ਤੀਰ ਤੁਫੰਗਾ।
ਖੜਗ, ਸਿਪਰ, ਜਮਧਰ ਬਹੁ ਖੰਜਰ
ਕਿਤਿਕ ਮ੍ਰਿਤਕ ਤਨ ਸੰਗਾ ॥੪੩॥
ਮਰੇ ਤੁਰੰਗ ਪਰੇ ਜੁਤਿ ਜ਼ੀਨਨਿ
ਤਰ ਊਪਰ[2] ਗਨ ਲੋਥਾਂ।
ਕਿਤਿਕ ਸਊਰ ਮਰੇ ਅਸੁ ਛੂਛੇ
ਦੌਰਤਿ ਪਗ ਤੇ ਪੋਥਾ[3] ॥੪੪॥
ਸਗਰੇ ਬਾਸੁਰ ਮਚੀ ਲਰਾਈ
ਭਾ ਤਬਿ ਸੰਧਯਾ ਕਾਲਾ।
ਉਠਨ ਲਗ੍ਯੋ ਜਬਿ ਨ੍ਰਿਪਤ ਕਟੋਚੀ
ਛੁਟੀ ਤੁਫੰਗ ਕਰਾਲਾ ॥੪੫॥
ਬਚ੍ਯੋ ਮਰਣ ਤੇ ਘਾਇਲ ਹ੍ਵੈ ਕਰਿ
ਪੁਨ ਤਤਕਾਲ ਪਲਾਯੋ।
ਸਨੇ ਸਨੇ ਤਬਿ ਹਟੇ ਪਹਾਰੀ
ਥਕਤਿ ਲੋਹ ਬਰਖਾਯੋ ॥੪੬॥
ਭੀਮਚੰਦ ਮੁਰਝਾਵਤਿ ਮੂਰਖ
ਹਟਿ ਪਹੁਂਚ੍ਯੋ ਨਿਜ ਡੇਰੇ।
ਸੰਗ ਘਮੰਡ ਚੰਦ ਲੇ ਘਾਇਲ
ਚਿੰਤਾ ਧਰਤਿ ਘਨੇਰੇ ॥੪੭॥
ਸਗਲ ਚਮੂੰ ਜੀਵਤਿ ਜੋ ਬਚ ਰਹਿ
ਥਕਤ ਹੋਇ ਕਰਿ ਆਏ।
ਘਾਯਲ ਕੇਤਿਕ ਨੀਠ ਨੀਠ ਕਰਿ
ਪਹੁਂਚੇ ਦੁਖ ਬਿਕੁਲਾਏ ॥੪੮॥

---

[1]ਬਹੁਤਾ ਬੋਲਦਿਆਂ ਵੀ ਥਕ ਗਏ।
[2]ਹੇਠ ਉਤੇ।
[3]ਲਿਟੀਆਂ ਪਈਆਂ (ਲੋਥਾਂ ਦੇ ਉੱਤੋਂ ਦੀ) [ਪੰ:, ਪੋਥਾ = ਪੁਸਤਕ, ਢੇਰ, ਸਮੂਹ, ਸਥਾਰ ਯਾ ਲਿਟੀ ਪਈ ਸ਼ੈ]।

ਸ਼੍ਰੋਣਤ ਸੰਗ ਰੰਗ ਮਹਿਂ ਰੰਗੇ
ਤਨ ਪਰ ਜਮਯੋ ਬਿਸਾਲਾ।
ਪਰੇ ਕਰਾਹੈਂ ਮਾਰ ਮਚੀ ਬਹੁ
ਕਰਿ ਪਗ ਟੂਟੇ ਕਰਾਲਾ ॥੪੯॥
ਇਤ ਸਭਿ ਸਿੰਘਨ ਕਰੇ ਸੰਭਾਲਨਿ
ਘਾਇਲ ਮੰਚਨ ਪਾਏ।
ਮਰੇ ਜਿਤਿਕ ਸੁਰ ਲੋਕ ਪਧਾਰੇ
ਦਾਹ ਕਰੇ ਇਕ ਥਾਏਂ ॥੫੦॥
ਪੌਰ ਲੌਹਗੜ ਬਜਹਿ ਨਗਾਰਾ
ਸਤਿਗੁਰ ਫਤੇ ਬੁਲਾਵੈਂ।
ਜਿਨ ਕੇ ਮੋਹ ਨ ਸ਼ੋਕ ਕਹਾਂ ਹੁਇ,
ਸਿੱਖੀ ਸਦਾ ਕਮਾਵੈਂ ॥੫੧॥
ਸ਼੍ਰੀ ਕਲਗ਼ੀਧਰ ਕੇ ਢਿਗ ਗਮਨੇ
ਕੇਤਿਨ ਦਰਸ਼ਨ ਕੀਨਾ।
ਅਪਰ ਲੋਹਗੜ ਮਹਿਂ ਦਿਢ ਬਾਸਹਿਂ
ਗੁਰ ਪਗ ਮਹਿਂ ਚਿਤ ਦੀਨਾ ॥੫੨॥
ਜੁੱਧ ਬਾਰਤਾ ਸਰਬ ਸੁਨਾਈ
'ਆਜ ਕਟੋਚੀ ਰੋਹਾ[1]।
ਪੁੰਜ ਹੇਲ ਘਾਲਯੋ ਦੁਹਿ ਦਿਸ਼ਿ ਤੇ
ਬਜਯੋ ਲੋਹ ਸੋਂ ਲੋਹਾ ॥੫੩॥
ਰਹਯੋ ਪ੍ਰਬਲ[2] ਜਬਿ ਉਠਨਿ ਲਗਯੋ[3] ਤਹਿਂ
ਗੁਲਕਾ ਲਗੀ ਕਿਥਾਈਂ।
ਜੋਧਾ ਪੁੰਜ ਸੰਗ ਲੇ ਗਮਨਯੋਂ
ਗਏ ਮੂਢ ਪਛੁਤਾਈ ॥੫੪॥
ਪ੍ਰਭੁ ਜੀ! ਘਾਇਲ ਸਿੰਘ ਭਏ ਬਹੁ,
ਸਾਲਪੱਤ੍ਰ ਪਠਵਾਵੌਂ।
ਕ੍ਰਿਪਾ ਕਰਹੁ ਤਨ ਪੀਰਾ ਹਰੀਅਹਿ
ਹੋਇ ਸਹਾਇ ਬਚਾਵੌਂ' ॥੫੫॥
ਜਥਾ ਜੋਗ ਸਭਿ ਕੋ ਦੇ ਧੀਰਜ

---

[1] ਕ੍ਰੋਧਵਾਨ ਹੋਇਆ।
[2] ਭਾਵ ਕਟੋਚੀ ਅਜ ਸਿੰਘਾਂ ਤੇ ਪ੍ਰਬਲ ਰਿਹਾ।
[3] ਭਾਵ ਜਦੋਂ ਹਟਣ ਲਗਾ (ਜੁੱਧ ਵਿਚੋਂ)।

ਸਤਿਗੁਰ ਨਿਕਟ ਬਿਠਾਏ।
ਹਿਤ ਘਾਇਲ ਅਰੁ ਸਭਿ ਸਿੰਘਨ ਹਿਤ
ਵਸਤੁ ਸਮੂਹ ਪਠਾਏ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਜੰਗ' ਪ੍ਰਸੰਗ ਬਰਨਨੰ ਨਾਮ ਏਕ ਊਨਤ੍ਰਿੰਸਤੀ ਅੰਸੂ ॥੨੯॥

## ੩੦. [ਖਾਲਸੇ ਦੀ ਜਿੱਤ]

੨੯<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੩੧

ਦੋਹਰਾ: ਨਿਸ ਮਹਿਂ ਮਿਲੇ ਗਿਰੀਸ਼ ਸਭਿ, ਜਹਿਂ ਕਟੋਚ ਮਹਿਪਾਲ।
ਭੀਮਚੰਦ ਭੀ ਤਹਿਂ ਗਯੋ, ਰਾਜੇ ਰਾਣੇ ਜਾਲ ॥੧॥
ਚੌਪਈ: ਪੰਮਾ ਆਦਿ ਵਜ਼ੀਰ ਅਨੇਕ।
ਮਿਲੇ ਸਿਆਣੇ ਸੁਮਤਿ ਵਿਵੇਕ।
ਸਭਾ ਬਿਸਾਲ ਸਮੂਹ ਲਗਾਈ।
ਝਾਰ ਮਸਾਲਾਂ ਬਹੁ ਜ੍ਵਲਤਾਈ ॥੨॥
ਭੀਮ ਚੰਦ ਮਤਿਮੰਦ ਗੁਮਾਨੀ।
ਸਭਿਨਿ ਸੁਨਾਵਤਿ ਗਿਰਾ ਬਖਾਨੀ।
'ਅਨਿਕ ਪ੍ਰਕਾਰਨ ਤੇ ਲਰ ਰਹੇ।
ਨਹੀਂ ਮਨੋਰਥ ਕਯੋਂ ਹੂੰ ਲਹੇ ॥੩॥
ਦਿਵਸ ਮਾਸ ਤੇ ਅਧਿਕ ਬਿਤਾਏ।
ਲਰਤਿ ਰਹੇ ਗਨ ਸੁਭਟ ਖਪਾਏ।
ਰਾਜਨੀਤਿ ਕੇ ਚਤੁਰ ਉਪਾਇ[1]।
ਸਕਲ ਬਿਚਾਰਹੁ ਚਿਤ ਕੋ ਲਾਇ ॥੪॥
ਬਡੋ ਬਹਾਦਰ ਕੇਸਰਿ ਚੰਦ।
ਭਾਊ ਜਮਤੁੱਲਾ ਸੁ ਬਿਲੰਦ।
ਦੋਨਹੁੰ ਜੋਧਾ ਮਰੇ ਜੁਝਾਰੇ।
ਮੀਏਂ ਅਰੁ ਰਾਣੇ ਗਨ ਮਾਰੇ ॥੫॥
ਕਹਿਂ ਲੌ ਗਿਨੀਅਹਿ ਸਭਿ ਤੁਮ ਜਾਨੋਂ।
ਸਰਜੋ ਨ ਕਾਰਜ ਮਰੇ ਮਹਾਨੇ।
ਸ਼ਾਮ, ਦਾਮ, ਅਰੁ ਭੇਦ ਨ ਭਯੋ।
ਦੰਡ ਉਪਾਇ ਚਤੁਰਥੋ ਕਿਯੋ ॥੬॥
ਇਹ ਤ੍ਰੈ ਤੇ ਪਾਛੇ ਬਨਿ ਆਵਤਿ।
ਸੋ ਹਮ ਪ੍ਰਥਮ ਕੀਨਿ ਮਨ ਭਾਵਤਿ[2]।
ਕੁਛ ਥੋਰੇ ਨਹਿਂ ਭਯੋ ਬਿਚਾਰੋ।
ਪਸਰਜੋ ਸ਼ੋਕ ਦੇਸ਼ ਗਿਰ ਸਾਰੋ ॥੭॥
ਪ੍ਰਥਮ ਕਰਨਿ ਜੋ ਚਹੀਯਤਿ ਤੀਨ[3]।

---

[1]ਰਾਜਨੀਤੀ ਦੇ ਚਾਰੇ ਉਪਾਵ।
[2]ਭਾਵ ਦੰਡ ਜੋ ਅਸਾਂ ਪਹਿਲਾਂ ਵਰਤਿਆ ਹੈ, ਸ਼ਾਮ, ਦਾਮ, ਭੇਦ, ਤਿੰਨਾਂ ਤੋਂ ਪਿਛੋਂ ਵਰਤਣਾ ਚਾਹੀਦਾ ਸੀ।
[3]ਭਾਵ ਸ਼ਾਮ, ਦਾਮ ਤੇ ਭੇਦ।

ਸੋ ਅਬਿ ਕਰਹੁ ਬਿਚਾਰ ਪ੍ਰਬੀਨ।
ਦੰਡ ਉਪਾਇ ਤਜਾਗ ਕਰਿ ਅਬੈ।
ਸ਼ਾਮ ਆਦਿ ਕੋ ਕਰੀਅਹਿ ਸਬੈ ॥੮॥
ਇਤ ਜੁੱਧ ਕਰਿ ਕ੍ਰੋਧ ਵਿਰੁੱਧੇ[੧]।
ਚਹੁੰਦਿਸ਼ਿ ਤੇ ਆਨੰਦਪੁਰਿ ਰੁੱਧੇ[੨]।
ਗੁਰ ਗੋਬਿੰਦ ਸਿੰਘ ਕੋ ਨਹਿਂ ਚਿੰਤਾ।
ਆਨਿ ਮਿਲਹਿਂ ਸਿਖ ਬਹੁਰ ਬਿਅੰਤਾ ॥੯॥
ਨਹਿਨ ਚਮੂ ਕੀ ਚਾਹਿ ਬਿਸਾਲਾ।
ਬਿਨਾ ਹਕਾਰੇ ਆਵਤਿ ਜਾਲਾ।
ਬਹੁਤ ਦਰਬ ਕੀ ਕਮੀ ਨ ਕਬਿਹੂੰ।
ਚਹੁੰਦਿਸ਼ਿ ਤੇ ਆਨਹਿਂ ਸਿਖ ਸਭ ਹੂੰ ॥੧੦॥
ਰਹੀ ਲਰਾਈ ਲਖਹੁ ਘਨੇਰੀ।
ਨਹਿਂ ਕਾਯਲ[੩] ਹੋਯਸਿ ਕਿਸ ਬੇਰੀ।
ਨਿਤ ਉਤਸਾਹ ਅਧਿਕ ਬਿਰਧਾਵਾ।
ਕਿਮ ਅਨੰਦਪੁਰਿ ਚਹੌਂ ਛੁਟਾਵਾ ॥੧੧॥
ਪਾਤਿਸ਼ਾਹ ਕੀ ਲਾਖਹੁੰ ਅਨੀ।
ਜਿਤ ਕਿਤ ਤੇ ਮਿਲਿ ਆਵਹਿ ਘਨੀ।
ਭੀਮ ਬਿਸਾਲ ਤੋਪ ਸੰਬੂਹਾ।
ਘੇਰਿ ਚਹੂੰਦਿਸ਼ਿ ਘਾਲਹਿਂ ਹੂਹਾ[੪] ॥੧੨॥
ਤਿਨ ਕੇ ਸੰਗ ਭਿ ਲਰਤਿ ਨ ਹਾਰੈ।
ਅਨਿਕ ਸਿੰਘ ਰਣ ਕਰਿ ਮਰਿ ਮਾਰੈ।
ਅੰਨ ਆਦਿ ਜੇ ਹ੍ਵੈ ਨ ਪ੍ਰਵੇਸ਼ਨ।
ਦਿਢ ਘੇਰਾ ਘਾਲਹਿਂ ਅਵਿਸ਼ੇਸ਼ਨ[੫] ॥੧੩॥
ਕਈ ਮਾਸ ਮਹਿਂ ਕਾਇਲ ਹੋਇ[੬]।
ਤੌ ਅਨੰਦਪੁਰਿ ਤਜਾਗੈ ਸੋਇ।
ਬਿਨਾ ਸ਼ਾਹੁ ਕੀ ਸੈਨ ਘਨੇਰੀ।
ਨਹਿਂ ਸਰਿ ਹੋਇ, ਭਲੇ ਮੈਂ ਹੇਰੀ ॥੧੪॥

---

[੧]ਕ੍ਰੋਧ ਕਰਕੇ ਵਿਰੋਧ ਪਾ ਲਿਆ।
[੨]ਰੋਕਿਆ ਹੈ।
[੩]ਦੁਖੀ, ਤੰਗ, [ਅ਼:, ਕਾਇਲ = ਮੰਨਣ ਵਾਲਾ। ਪੰਜਾਬੀ, ਮੰਨਣ ਵਾਲਾ, ਹਾਰਿਆ, ਵਜਾਕੁਲ, ਤੰਗ]।
[੪]ਹੱਲਾ।
[੫]ਵਿਸ਼ੇਸ਼ ਕਰਕੇ।
[੬]ਤੰਗ ਹੋ ਜਾਵੇਗਾ।

ਅਬਿ ਤੌਂ ਹਟਨਿ ਜੰਗ ਤੇ ਜੋਗ।
ਮਰੇ ਬ੍ਰਿੰਦ ਹੀ ਘਾਯਲ ਲੋਗ।
ਸ਼੍ਰਮਤ ਸਪੂਰਨ ਸੈਨ ਬਿਸਾਲਾ।
ਲਰਤਜੋ ਬੀਤ ਗਏ ਚਿਰ ਕਾਲਾ ॥੧੫॥
ਹੰਡੂਰੀ ਅਰੁ ਚੰਦੂ ਘਮੰਡ।
ਘਾਇਲ ਪਰੇ ਬੀਰ ਬਰਬੰਡ[1]।
ਕੌਨ ਅੱਗ੍ਰਣੀ[2] ਹੁਇ ਅਬਿ ਲਰੈ।
ਤਊ ਲਖੋ, ਕਾਰਜ ਨਹਿਂ ਸਰੈ' ॥੧੬॥
ਗ੍ਵਾਲੇਰੀ ਅਰੁ ਮੰਡਸਪਤੀ।
ਕਰਿ ਬਿਚਾਰ ਬੋਲੇ ਬਡ ਮਤੀ।
'ਨਾਹਕ ਜੋਧਾ ਲਰਿ ਮਰਵਾਏ।
ਖਰਚਜੋ ਦਰਬ ਨ੍ਰਿਪਨ ਸਮੁਦਾਏ ॥੧੭॥
ਭਯੋ ਬਜਰਥ ਕੋ ਕਾਜ ਨ ਸਰਜੋ।
ਤੈਸੇ ਚੰਦ ਕੇਸਰੀ ਮਰਜੋ।
ਹਟਨੋ ਉਚਿਤ ਬਿਚਾਰੀ ਨੀਕੇ।
ਇਸ ਮੈਂ ਭਲੋ ਅਹੈ ਸਭਿ ਹੀ ਕੇ ॥੧੮॥
ਬਿਨਾਂ ਲਰਨ ਤੇ ਅਪਰ ਉਪਾਇ।
ਕਰੈਂ ਸਰਬ, ਲੇਂ ਪੁਰੀ ਛੁਟਾਇ।'
ਪਾਪੀ ਪੰਮੇ ਤਬਹਿ ਉਚਾਰੀ।
'ਕਰਹੁ ਨ ਚਿੰਤਾ ਰਿਦੈ ਮਝਾਰੀ ॥੧੯॥
ਏਕ ਜਤਨ ਮੈਂ ਕਰਿਹੌਂ ਐਸੇ।
ਛੋਰਿਂ ਅਨੰਦਪੁਰਿ ਸਤਿਗੁਰ ਜੈਸੇ।
ਅਬਿ ਸਭਿ ਗਮਨਹੁਂ ਨਿਜ ਨਿਜ ਦੇਸ਼।
ਕਰਿ ਅਰਾਮ ਕੋ ਤਜਹੁ ਕਲੇਸ਼ ॥੨੦॥
ਹੋਤਿ ਪ੍ਰਾਤਿ ਕੇ ਕਰੀਅਹੁ ਕੂਚ।
ਸਭਿਨਿ ਸੰਭਾਲਹੁ ਜਾਇ ਪਹੂਚਿ।'
ਇਮ ਹੀ ਮਤਿ[3] ਘਮੰਡ ਚੰਦ ਮਾਨਾ।
ਚਢਿ ਝੰਪਾਨ[4] ਸੁ ਤਬਹਿ ਪਯਾਨਾ ॥੨੧॥

---

[1]ਬਲਵਾਨ।
[2]ਅੱਗੇ ਹੋਕੇ। ਆਗੂ ਹੋਕੇ [ਸੰਸ:, ਅਗ੍ਰਣੀ = ਪਹਿਲਾ, ਮੁਖੀ]।
[3]ਸਲਾਹ।
[4]ਪਾਲਕੀ ਉੱਤੇ।

ਘਾਇਲ ਅਪਰ ਸਕਲ ਨਿਸ ਮਾਂਹੀ।
ਆਦਿ ਹੰਡੂਰੀ ਟਿਕਹਿਂ ਸੁ ਨਾਂਹੀ।
ਲੇ ਲੇ ਨਿਜ ਸਮਾਜ ਕੋ ਚਲੇ।
ਧਰੀ ਮੌਨ ਮੁਖ ਤੇ, ਨਹਿਂ ਮਿਲੇ ॥੨੨॥
ਜਾਮਨਿ ਮਹਿਂ ਗਮਨੇ ਦੁਖ ਲਹੇ।
ਬਿਖਮ ਪੰਥ ਗਿਰ ਗਨ ਕੇ ਅਹੇ।
ਸਾਵਧਾਨ ਜੇ ਹੁਤੀ ਪਦਾਂਤੀ।
ਅਰੁ ਅਸਵਾਰ ਜਿ ਹੁਏ ਨ ਹਾਤੀ[1] ॥੨੩॥
ਸੋ ਸਭਿ ਭੀਮਚੰਦ ਨੇ ਰਾਖੇ।
'ਚਲੌਂ ਪ੍ਰਾਤਿ ਮੈਂ' ਇਮ ਅਭਿਲਾਖੇ।
ਖਾਨ ਪਾਨ ਕਰਿ ਕੇਤਿਕ ਸੋਏ।
ਕੋ ਥਿਰ ਰਹੇ ਸੁਚੇਤੀ ਹੋਏ ॥੨੪॥
ਤਿਮ ਹੀ ਸਿੰਘ ਲੋਹਗੜ ਮਾਂਹੀ।
ਕੇਤਿਕ ਸੁਪਤੇ ਕੇਤਿਕ ਨਾਂਹੀ।
ਜ੍ਵਾਲਾਬਮਣੀ ਰਹੇ ਚਲਾਵਤਿ।
ਦੂਰ ਦੂਰ ਲੌ ਸ਼ੱਤ੍ਰੂ ਤਕਾਵਤਿ ॥੨੫॥
ਜਬਿਹੂੰ ਦੋਇ ਘਰੀ ਨਿਸ ਰਹੀ।
ਕੂਚ ਕਰਨ ਕੀ ਚਿਤਮਹਿਂ ਚਹੀ।
ਜ਼ੀਨ ਤੁਰੰਗਮ ਪਰ ਤਬਿ ਡਾਲੇ।
ਜੇ ਕੁੰਚਰ ਤਿਨ ਹੌਦਾ ਘਾਲੇ ॥੨੬॥
ਤੂਸ਼ਨ ਹੀ ਸਭਿ ਕੀਨਸਿ ਤਯਾਰੀ।
ਤੰਬੂ ਸਹਤਿ ਕਨਾਤ ਉਖਾਰੀ।
ਲਾਦ ਦਿਯੇ, ਸੋ ਪ੍ਰਥਮ ਪਯਾਨੇ।
ਆਪ ਤਯਾਰ ਹੁਇ ਥਿਰਯੋ ਸਥਾਨੇ ॥੨੭॥
ਤੂਸਤਿ ਤੁਫੰਗੈਂ ਸਭਿ ਕਸਵਾਈ।
ਖਰੋ ਰਹਯੋ ਅਰਣੋਦੈਂ ਤਾਈਂ।
ਸਗਰੀ ਵਸਤੁ ਸੰਭਾਲਿ ਚਲਾਈ।
ਆਪ ਚਢ੍ਯੋ ਧੌਂਸਾ ਵਜਵਾਈ ॥੨੮॥
ਤਬਿ ਸੁਧਿ ਭਈ ਲੋਹਗੜ ਆਇ।
'ਚਲੇ ਪਹਾੜੀ ਲਾਜ ਗਵਾਇ।'
ਤਤਛਿਨ ਜ਼ੀਨ ਹਯਨਿ ਪਰ ਡਾਲੇ।

---

[1] ਜੋ ਮਰੇ ਨਹੀਂ ਸੇ।

ਭਏ ਅਰੂਢਨਿ ਤੁਪਕ ਸੰਭਾਲੇ ॥੨੯॥
ਉਦੇ ਸਿੰਘ ਤੇ ਆਦਿਕ ਜੋਧਾ।
ਸਾਹਿਬ ਸਿੰਘ ਹਿੰਮਤ ਸਿੰਘ ਕ੍ਰੋਧਾ।
ਮੁਹਕਮ ਸਿੰਘ ਧਵਾਯੋ ਘੋਰਾ।
ਆਲਮ ਸਿੰਘ ਚਲਜੋ ਰਿਪੁ ਓਰਾ ॥੩੦॥
ਪ੍ਰਥਮ ਸੈਂਕਰੇ ਹੀ ਮਿਲਿ ਗਏ।
ਜ੍ਵਾਲਾਬਮਣੀ ਦਾਗਤਿ ਭਏ।
ਬਹੁਰ ਹਜ਼ਾਰਹੁਂ ਹ੍ਵੈ ਗੇ ਸਿੰਘ।
ਜਨੁ ਗਜ ਦਲ ਪਰ ਦੌਰੇ ਸਿੰਘ[1] ॥੩੧॥
ਮਿਲਤਜੋਂ ਐਸੀ ਮਾਰਿ ਮਚਾਈ।
ਚਲਨਿ ਦੁਹੇਲਾ ਭਯੋ ਤਿਥਾਂਈ।
ਭੀਮਚੰਦ ਪਰ ਘਾਲੀ ਭੀਰ[2]।
ਛੂਟੀ ਗੁਲਕਾਂ ਤੋਮਰ ਤੀਰ ॥੩੨॥
ਢਾਹ ਲੀਏ ਕੇਤਿਕ ਤਬਿ ਘੋਰੇ।
ਤਜਹਿਂ ਤਿਸਹਿ ਜੋ ਦ੍ਵੈ ਕਰ ਜੋਰੇ।
ਨਾਂਹਿ ਤ ਖੜਗ ਪ੍ਰਹਾਰਨਿ ਲਾਗੇ।
ਮਚਜੋ ਜੁੱਧ ਭੇ ਆਰੁਨ ਬਾਗੇ[3] ॥੩੩॥
ਸ਼੍ਰੀ ਕਲਗ਼ੀਧਰ ਸੁਨਿ ਸੁਧਿ ਸਾਰੀ।
'ਹਤੈਂ ਸਿੰਘ ਭਜ ਚਲੇ ਪਹਾਰੀ।'
ਤਬਿ ਸਤਿਗੁਰ ਨਿਜ ਪਤੇ ਪਠਾਏ।
'ਭਾਜੇ ਪੀਠ ਨ ਪਰੀਅਹਿ ਧਾਏ[4]' ॥੩੪॥
ਆਛੇ ਆਛੇ ਸਿੱਖ ਪਠਾਏ।
ਜਾਇ ਤਿਨਹੁਂ ਸਗਰੇ ਸਮੁਝਾਏ।
'ਕਜੋਂ ਨਾਹਕ ਘਾਲਹੁ ਘਮਸਾਨਾ।
ਹਟਹੁ ਪ੍ਰਭੂ ਅਸ ਹੁਕਮ ਬਖਾਨਾ ॥੩੫॥
ਨਾਂਹਿ ਤ ਭੀਮਚੰਦ ਕੇ ਘਰ ਲੌਂ।
ਲੂਟਨਿ ਮਾਰਨਿ ਬਨਹਿ ਸੁ ਦਰ ਲੌਂ[5]।
ਅਬਿ ਆਗੇ ਜਾਨੋਂ ਨਹਿਂ ਬਨੈ।

---

[1]ਸ਼ੇਰ ਵਾਂਗ।
[2]ਭੀੜਾ ਪਾ ਦਿਤੀ।
[3]ਕਪੜੇ ਲਾਲ ਹੋ ਗਏ।
[4]ਭੱਜਦੇ ਦੇ ਮਾਰਗ ਦੌੜਕੇ ਨਾ ਪਓ।
[5]ਦਰਵਾਜ਼ੇ ਤਕ।

ਭਾਗ ਕੋ ਨਾਹਿਨ ਰਿਪੁ ਹਨੈ' ॥੩੬॥
ਵਾਹਿਗੁਰੂ ਜੀ ਕੀ ਕਹਿਂ ਫਤੇ।
ਗਰਜੇ ਧੁਨਿ ਊਚੀ ਤੇ ਅਤੇ।
ਕਿਤਿਕ ਤੁਰੰਗ ਲੂਟ ਕਰਿ ਲਯਾਏ।
ਆਯੁਧ ਛੀਨੇ ਸ਼ੱਤ੍ਰੂ ਪਲਾਏ ॥੩੭॥
ਹਟਿ ਆਏ ਬਡ ਬਜਤਿ ਨਗਾਰੇ।
ਪੁਨ ਸੁਖੇਨ ਹੀ ਸ਼ੱਤ੍ਰੂ ਸਿਧਾਰੇ।
ਜਹਿਂ ਕਹਿਂ ਪੁਰਿ ਗ੍ਰਾਮਨ ਮਹਿਂ ਰੌਰਾ।
ਪੀਟਨ ਰੁਦਨ ਹੋਤਿ ਸਭਿ ਠੌਰਾ ॥੩੮॥
ਭੀਮ ਚੰਦ ਸੁਨਿ ਸੁਨਿ ਪਛੁਤਾਵਤਿ।
ਚਿਤਵਤਿ ਚਿੰਤਾ ਬਹੁ ਦੁਖ ਪਾਵਤਿ।
ਪਹੁਚੰਯੋ ਤਬਿ ਅਪਨੀ ਰਜਧਾਨੀ।
ਹੌਰਾ ਭਯੋ ਬਹੁਤ ਅਭਿਮਾਨੀ ॥੩੯॥
ਇਤ ਗੁਰ ਨਿਕਟ ਖਾਲਸਾ ਆਯੋ।
ਫਤੇ ਪਾਇ ਕਰਿ ਬਹੁ ਹਰਖਾਯੋ।
ਸ਼ਸਤ੍ਰਨਿ ਸਹਿਤ ਸੁ ਦਰਸ਼ਨ ਦੇਖਾ।
ਕ੍ਰਿਪਾ ਦ੍ਰਿਸ਼ਟਿ ਗੁਰ ਕਰੀ ਵਿਸ਼ੇਖਾ ॥੪੦॥
ਪਦ ਅਰਿਬੰਦਨ ਪਰ ਸਿਰ ਧਰਿ ਧਰਿ।
ਥਿਰਯੋ ਖਾਲਸਾ ਬੰਦਨ ਕਰਿ ਕਰਿ।
ਸਭਿ ਦਿਸ਼ਿ ਦੇਖਤਿ ਪ੍ਰਭੂ ਉਚਾਰਾ।
'ਜਬਿ ਜਾਨਹਿ ਰਿਪੁ ਕੋ ਭਜ ਹਾਰਾ ॥੪੧॥
ਤਬਿ ਤਿਨ ਗੈਲ ਨ ਪਰੈ ਕਦਾਈ।
ਇਹੀ ਨੀਤਿ ਸ਼ੁਭ ਨਰਨ ਬਤਾਈ।
ਸ਼ਸਤ੍ਰ ਗਹੇ ਰਿਪੁ ਸਨਮੁਖ ਹੋਇ।
ਤਿਸ ਕੋ ਪ੍ਰਿਸ਼ਟੀ ਦੇਯ ਨ ਕੋਇ[1] ॥੪੨॥
ਧਰਮ ਜੁੱਧ ਕੋ ਨਿਤ ਅਨੁਰਾਗੋ।
ਭਲੇ ਨਰਨਿ ਕੇ ਮਗ ਕੋ ਲਾਗੋ।
ਸਿੱਖੀ ਧਰਹੁ ਸਿਦਕ ਨਹਿਂ ਹਾਰਹੁ।
ਸੱਤਿਨਾਮ ਜਪ ਜਨਮ ਸੁਧਾਰਹੁ ॥੪੩॥
ਕਰਿਹੈ ਰਾਜ ਖਾਲਸਾ ਮੇਰਾ।
ਸਭਿਹਿਨ ਪਰ ਹ੍ਵੈ ਬਲ ਬਡੇਰਾ।

---

[1]ਕੋਈ ਪਿੱਠ ਨਾ ਦੇਵੇ।

ਸ੍ਰੀ ਅਸਿਕੇਤ ਕਾਲਕਾ ਮਾਈ।
ਹੁਇ ਹੈ ਤੁਮਰੇ ਸਦਾ ਸਹਾਈ' ॥੪੪॥
ਇਮ ਕਹਿ ਕਰਿ ਸ਼ੁਭ ਬਚਨ ਬਿਲਾਸਾ।
ਫਤੇ ਲਈ ਕਰਿ ਸ਼ੱਤ੍ਰੂ ਬਿਨਾਸ਼ਾ।
ਘਾਇਲ ਸਭਿ ਹੋਏ ਸਵਧਾਨਾ।
ਸਾਲਪੱਤ੍ਰ ਦੇ ਸੁਖ ਕੌ ਠਾਨਾ ॥੪੫॥
ਜੁੱਧ ਖਾਲਸੇ ਕੋ ਇਹ ਪਢੈ।
ਕਿਧੌਂ ਸੁਨਾਇ ਸੁਨੇ ਸੁਖ ਬਢੈ।
ਗੁਰ ਕੋ ਸਿਦਕ ਰਿਦੈ ਮਹਿਂ ਪਾਵੈ।
ਜਨਮ ਮਰਨ ਕੀ ਕੁਮਤਿ ਮਿਟਾਵੈ ॥੪੬॥

ਪਾਧੜੀ ਛੰਦ: ਸਤਿਗੁਰ ਬਿਸਾਲ ਗੋਬਿੰਦ ਸਿੰਘ।
ਤਿਨ ਸੁਜਸੁ ਪਢਹਿ ਕੈ ਸੁਨਹਿਂ ਸਿੰਘ।
ਬਿਨਤੀ ਭਨੰਤਿ ਸੰਤੋਖ ਸਿੰਘ।
ਮ੍ਰਿਗ ਪਾਪ ਹਨਨ ਕੋ ਮਨਹੁਂ ਸਿੰਘ[1] ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਖਾਲਸਾ ਜੀਤ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

---
[1]ਮਾਨੋਂ ਸਿੰਘ ਹੈ (ਗੁਰੂ ਕੇ ਜਸ ਦਾ ਪੜ੍ਹਨਾ) ਪਾਪਾਂ ਰੂਪੀ ਮਿਰਗਾਂ ਦੇ ਮਾਰਨ ਨੂੰ।

## ੩੧. [ਭਾਈ ਆਸਾ ਸਿੰਘ]

੩੦<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੩੨

ਦੋਹਰਾ: ਜਹਿਂ ਕਹਿਂ ਦਿਸ਼ਿ ਪਸਰ੍ਯੋ ਸੁਜਸੁ,
ਸਿੰਧ ਮੇਖਲਾ ਭੂਮ[1]।
'ਭਯੋ ਪੰਥ ਸ਼ੁਭ ਖਾਲਸਾ,
ਘਾਲੀ ਸੈਲਨਿ ਧੂਮ ॥੧॥

ਲਲਿਤਪਦ ਛੰਦ: ਮਿਲਿ ਕਰਿ ਰਾਜੇ ਬਾਈ ਧਾਰਨ
ਪ੍ਰਜਾ ਸਹਿਤ ਸਭਿ ਜੋਧਾ।
ਤੀਨ ਲਾਖ ਗਿਨਤੀ ਮਹਿਂ ਇਕ ਥਲ
ਸਤਿਗੁਰ ਪਰ ਕਰਿ ਕ੍ਰੋਧਾ ॥੨॥
ਕਰੀ ਢੁਕ ਅਰੁ ਕਰੀ ਢੋਇ ਕਰਿ
ਹੇਲਾ ਮਿਲਿ ਮਿਲਿ ਘਾਲਾ[2]।
ਅਲਪ ਖਾਲਸਾ ਆਨੰਦਪੁਰਿ ਮਹਿਂ
ਝਾਲ ਝਾਲ ਦਰ[*] ਠਾਲਾ[3] ॥੩॥
ਮਰਦ ਗਰਦ ਮਹਿਂ ਮਿਲੇ ਜ਼ਰਦ ਮੁਖ
ਹਰਦ ਰੰਗ ਹ੍ਵੈ ਭਾਗੇ[4]।
ਦੁਰਦ ਦਰੇ ਤਨ[5] ਘਾਵ ਦਰਦ ਭਾ
ਥਿਰੇ ਨ ਸਿੰਘਨ ਆਗੇ' ॥੪॥
ਜਿਤ ਕਿਤ ਕਹਤਿ 'ਮੰਦ ਗਿਰਪਤਿ ਅਤਿ
ਮਤ ਹਤਿ ਚਿਤ ਕੀ ਹੋਈ।
ਸਤਿਗੁਰ ਸੰਗ ਜੰਗ ਕਰਿ ਮੂਰਖ
ਕ੍ਯੋਂ ਨ ਬਿਸੂਰਹਿ ਸੋਈ ॥੫॥
ਇਕ ਤੌਂ ਸ਼੍ਰੀ ਨਾਨਕ ਕੀ ਗਾਦੀ
ਖੰਡ ਦੀਪ ਜਿਨ ਜੀਤੇ।
ਕਰਾਮਾਤ ਸਾਹਿਬ ਜਗ ਬਿਦਤੇ
ਪੀਰ ਮੀਰ ਧਰਿ ਭੀਤੇ[6] ॥੬॥

---

[1]ਭਾਵ ਸਾਰੀ ਧਰਤੀ ਉੱਤੇ।
[2]ਢੁੱਕਣਾ ਕੀਤਾ ਤੇ ਹਾਥੀ ਢੋਕੇ ਤੇ ਮਿਲ ਮਿਲਕੇ ਹੱਲਾ ਕੀਤਾ।
[*]ਪਾ:-ਦਲ।
[3]ਠੱਲਿਆ (ਹਾਥੀ ਨੂੰ) ਦਰਵਾਜ਼ੇ ਤੇ।
(ਅ) (ਪਹਾੜੀਆਂ ਦੀ ਝਾਲ) ਝੱਲਕੇ ਦਲ ਨੂੰ ਠੱਲਿਆ।
[4]ਪੀਲੇ ਮੁਖ ਹਰਦੀ ਵਰਗੇ ਰੰਗ ਹੋਕੇ ਭੱਜ ਗਏ।
[5]ਹਾਥੀ ਨੇ ਦਰੜ ਦਿੱਤੇ ਸਰੀਰ।
[6]ਡਰਦੇ ਹਨ।

ਦੁਤੀਏ ਬਿਦਤ ਕਾਲਕਾ ਦਰਸ਼ਨ
ਪੰਥ ਰਚਨ ਬਰ ਪਾਯੋ।
ਹਿੰਦੁ ਧਰਮ ਜਗ ਰਾਖਨ ਕਾਰਨਿ
ਪ੍ਰਭੁ ਅਵਤਾਰ ਸੁਹਾਯੋ ॥੭॥
ਕਰਹਿਂ ਬਾਕ[1] ਜਗ ਰਚਨ ਸੰਘਾਰਨਿ
ਇਮ ਸਮਰਥ ਜਿਨ ਕੇਰੀ।
ਬਰਤਹਿਂ ਤਊ ਮਾਨਵੀ ਲੀਲ੍ਹਾ
ਮੂਰਖ ਲਖਹਿਂ ਕੁਫੇਰੀ ॥੮॥
ਤੁਰਕਨ ਸੰਗ ਬਿਰੋਧ ਜਿਨਹੁਂ ਕਹੁ
ਨਹਿਂ ਸਮਝੈਂ ਮਤਿ ਮੰਦੇ।
ਸ਼ਰਨ ਗਹਤਿ ਸੁਖ ਲਹਤਿ ਚਹਤਿ ਚਿਤ
ਦੇਂ ਦ੍ਵੈ ਲੋਕ ਅਨੰਦੇ[2] ॥੯॥
ਕਹਾਂ ਕਰਹਿਂ ਜੇ ਭਾਲ ਭਾਗ ਨਹਿਂ
ਜੁਗ ਲੋਕਨ ਦੁਖ ਪਾਵੈਂ।
ਇਹਾਂ ਰਾਜ ਮਹਿਂ ਦੁੰਦ ਪਰਹਿ ਨਿਤ
ਮਰਿ ਕਰਿ ਨਰਕ ਸਿਧਾਵੈਂ ॥੧੦॥
ਧੰਨ ਗੁਰੂ ਚਹੁਂ ਬਰਨ ਰੰਕ ਜੇ
ਦੇ ਅੰਮ੍ਰਿਤ ਕਿਯ ਜੋਧੇ।
ਜਗਤ ਬਿਖੈ ਜਸੁ ਜੁਤਿ ਸੁਖ ਭੋਗੈਂ
ਹਿਤ ਪ੍ਰਲੋਕ ਉਰ ਬੋਧੇ[3]' ॥੧੧॥
ਭੀਮਚੰਦ ਦੁਖ ਪਾਇ ਬਡੇਰਾ
ਨਿਜ ਪਰਧਾਨ ਪਠਾਏ।
ਹਯ ਗਜ ਬਹੁਤ ਮੋਲ ਕੋ ਲੈ ਕਰਿ
ਤੁਰਕਨ ਹਿਤ ਸਮੁਦਾਏ ॥੧੨॥
ਕੰਚਨ ਰਜਤ ਘਰੇ ਜਿਨ ਹੌਦਾ
ਤਿਮ ਹੀ ਜ਼ੀਨ ਬਨਾਏ।
ਵਸਤੁ ਅਨੂਠੀ ਅਪਰ ਸਕੇਲੀ
ਧਨ ਗਨ ਸੰਗ ਪਠਾਏ ॥੧੩॥

---

[1] ਜੇ ਬਾਕ ਕਰਨ ਤਾਂ।
[2] ਜੇ ਚਿਤ ਵਿਚ ਸੁਖ ਲੈਣ ਦੀ ਚਾਹੁਨਾ (ਉਨ੍ਹਾਂ ਨੂੰ) ਹੁੰਦੀ ਤਾਂ ਸ਼ਰਨ ਪਕੜਦੇ (ਫਿਰ ਗੁਰੂ ਜੀ ਉਨ੍ਹਾਂ ਨੂੰ) ਦੋ ਲੋਕਾਂ ਦਾ ਸੁਖ ਦੇ ਦੇਂਦੇ।
[3] ਹਿਰਦੇ ਗਯਾਨਵਾਨ ਕਰ ਦਿੱਤੇ ਹਨ।

ਸੀਰੰਦ[1] ਕੋ ਸੂਬਾ ਬਲ ਭਾਰੀ
ਖਾਂ ਵਜ਼ੀਰ ਜਿਸ ਨਾਮੂ।
ਤਿਸ ਢਿਗ ਰਿਸ਼ਵਤ[2] ਪਠੀ ਬਿਨੈ ਕਰਿ
'ਹਮ ਕੌ ਲਖਹੁ ਗ਼ੁਲਾਮੂ ॥੧੪॥
ਗੁਰ ਗੋਬਿੰਦ ਸਿੰਘ ਬਲੀ ਭਯੋ ਬਹੁ
ਦਿਨਪ੍ਰਤਿ ਸਿੰਘ ਵਧਾਏ।
ਤੂੰ ਨਜੀਕ ਸੋ ਲਰੈ ਏਕ ਦਿਨ
ਜਬਿ ਹਮ ਲੇਹਿ ਹਰਾਏ[3] ॥੧੫॥
ਅਬਿ ਤੌ ਸੁਗਮ ਜਤਨ ਇਹ ਜਾਨਹੁ
ਹਮ ਸੰਗ ਹੋਇ ਲਰੀਜੈ।
ਚਹੁੰਦਿਸ਼ਿ ਤੇ ਰੋਕਹਿਂ ਬਲ ਦੇ ਕਰਿ
ਆਨੰਦਪੁਰਿ ਛੁਟਵੀਜੈ ॥੧੬॥
ਆਗੈ ਸ਼ਾਹੁ ਚਮੂੰ ਕੁਛ ਆਈ
ਦ੍ਵੈ ਉਮਰਾਵ ਪਠਾਏ।
ਪੈਂਡਖਾਨ ਕੋ ਘਾਤਿ ਕੀਨਿ ਰਣ,
ਦੀਨਾਬੇਗ ਪਲਾਏ ॥੧੭॥
ਉੱਦਮ ਕਰਹੁ ਹਮਹੁ ਲਖਿ ਅਪਨੇ
ਅਬਿ ਜੇ ਬਨਹੁ ਸਹਾਈ।
ਦਲ ਗਨ ਕੋ ਸਕੇਲ ਚਲਿ ਆਵਹੁ
ਕਰਹਿਂ ਕਾਜ ਸਹਿਸਾਈ ॥੧੮॥
ਇਕ ਤੌ ਹਮ ਪਰ ਹੁਇ ਉਪਕਾਰਾ
ਦੁਤੀਏ ਸ਼ੱਤ੍ਰੁ ਤੁਮਾਰਾ।
ਕਯੋਂ ਨਿਚਿੰਤ ਤੁਮ, ਜਾਨਹੁ ਨਾਹਿਨ
ਬਿਗਰਹਿ ਕਾਰਜ ਭਾਰਾ' ॥੧੯॥
ਇੱਤਯਾਦਿਕ ਕਹਿ ਪਠਯੋ ਸਿਰੰਦ ਕੋ
ਦਿੱਲੀ ਤਥਾ ਪਠਾਏ।
ਬਡ ਪਰਧਾਨ ਪਠਯੋ ਦਿਸ਼ਿ ਦੱਛਨ
ਅਵਰੰਗਾ ਜਿਸ ਥਾਂਏ ॥੨੦॥
ਦੀਨ ਹੋਇ ਬਹੁ ਬਿਨਤੀ ਭਨਿ ਭਨਿ

---

[1]ਸਰਹਿੰਦ।
[2]ਵੱਢੀ।
[3]ਸਾਨੂੰ ਹਰਾਕੇ (ਫਿਰ) ਇਕ ਦਿਨ ਤੇਰੇ ਨਾਲ ਲੜੇਗਾ।

ਲਿਖਿ ਲਿਖਿ ਆਪ ਗੁਲਾਮੂ[1]।
ਗੁਰ ਤੇ ਬੇਮੁਖ[2] ਭਈ ਦਸ਼ਾ ਅਸ
ਬਿਗਰੇ ਜਿਤ ਕਿਤ ਕਾਮੂ ॥੨੧॥
ਦੀਨ ਬਨੇ ਤੁਰਕਨ ਕੇ ਚੇਰਾ
ਦੇਤਿ ਸੁਤਾ ਕੇ ਡੋਰੇ।
ਧਰਮ ਖੋਇ ਅਪਜਸੁ ਕੋ ਪ੍ਰਾਪਤਿ
ਮਰਹਿਂ ਨਰਕ ਪਰਿ ਘੋਰੇ ॥੨੨॥
ਜਹਿਂ ਕਹਿਂ ਗਏ ਵਕੀਲ ਸੁਨਾਵਤਿ
ਜਨੁ ਲੂਟੇ ਕਿਨ ਮਾਰੇ।
ਕਰੀ ਪੁਕਾਰ ਸਭਿਨਿ ਕੇ ਆਗੇ
'ਹਮ ਕੋ ਗੁਰੂ ਪ੍ਰਹਾਰੇ' ॥੨੩॥
ਬਡੀ ਮਜਲ ਕੋ ਕਰਤਿ ਗਏ ਤਬਿ
ਸ਼ਾਹ ਸਮੀਪ ਪੁਕਾਰੇ।
'ਘਾਲੀ ਧੂਮ ਗੁਬਿੰਦ ਸਿੰਘ ਸੈਲਨਿ
ਵਸਦੇ ਰਾਜ ਉਜਾਰੇ' ॥੨੪॥
ਦਿੱਲੀ ਕੇ ਸੂਬੇ ਲਿਖਿ ਭੇਜਾ
'ਇਤ ਗੁਰ ਕਰਤਿ ਲਰਾਈ।'
ਅਰ ਵਜ਼ੀਰ ਖਾਂ ਨਿਜ ਨਰ ਪਠਿ ਕਰਿ
ਸ਼ਾਹੁ ਸਮੀਪ ਸੁਨਾਈ ॥੨੫॥
ਬਹੁਤ ਲਿਖੇ ਅਵਿਰੰਗ ਸੁਨੇ ਜਬਿ,
ਰਿਸ ਕਰਿ ਹੁਕਮ ਬਖਾਨਾ।
'ਸੀਰੰਦ ਤੇ[3] ਗਨ ਸੈਨਾ ਲੇ ਕਰਿ
ਉਤ ਕੋ ਕਰਹਿਂ ਪਯਾਨਾ ॥੨੬॥
ਆਨੰਦਪੁਰਿ ਛੁਟਵਾਇ ਗੁਰੂ ਤੇ
ਭੀਮਚੰਦ ਕੋ ਦੀਜੈ।
ਆਗੇ ਬਹੁਰ ਜੰਗ ਨਹਿਂ ਕਰਿ ਹੈ
ਬਲ ਤੇ ਬਰਜਨਿ ਕੀਜੈ' ॥੨੭॥
ਉਤ ਤੌਂ ਭਏ ਬ੍ਰਿਤੰਤ ਇਸੀ ਬਿਧਿ
ਕਥਾ ਸੁਨਹੁ ਗੁਰ ਕੇਰੀ।

---

[1] ਆਪਣੇ ਆਪ ਨੂੰ ਗੁਲਾਮ ਲਿਖ ਲਿਖਕੇ।
[2] ਬੇਮੁਖ ਹੋਣ ਤੇ।
[3] ਸਿਰਹੰਦ ਤੋਂ।

ਸੁਜਸੁ ਕਵਿੱਤ ਕਰਤਿ ਬਹੁ ਕਵਿ ਗਨ
ਬਖ਼ਸ਼ਤਿ ਮੌਜ ਬਡੇਰੀ ॥੨੮॥
ਕੌਤਕ ਹੋਤਿ ਅਨੰਦਪੁਰਿ ਸੁੰਦਰ
ਸੁਨਿ ਸੁਨਿ ਸੰਗਤਿ ਆਵੈ।
ਦਰਬ ਹਜ਼ਾਰਹੁੰ ਅਰਪਹਿਂ ਸ਼ਸਤ੍ਰਨਿ
ਮਨੋਕਾਮਨਾ ਪਾਵੈਂ ॥੨੯॥
ਲਰਤਿ ਜੁ ਬਿਗਰਯੋ ਸਰਬ ਸੁਧਾਰਯੋ
ਬਾਗ ਤੜਾਗ ਨਵੀਨੇ।
ਚਾਮੀਕਰ ਕੇ ਸੁੰਦਰ ਮੰਦਿਰ
ਅੰਤਰ ਬਾਹਰ ਕੀਨੇ ॥੩੦॥
ਬਸਹਿਂ ਗ਼ਰੀਬ ਨਿਵਾਜ ਤਿਨਹੁਂ ਮਹਿਂ
ਨਿਸ ਦਿਨ ਆਨੰਦ ਪਾਵੈਂ।
ਕੰਚਨ ਥੰਭ ਚਿੱਤ੍ਰ ਜਿਹ ਨਾਨਾ
ਤਨੇ ਬਿਤਾਨ ਸੁਹਾਵੈਂ ॥੩੧॥
ਬਗਰ[1] ਬਜਾਰਨਿ ਦੀਰਘ ਸ਼ੋਭਾ
ਮੋਰ ਸ਼ੋਰ ਸਮੁਦਾਯਾ।
ਪਾਵਸ[2] ਆਨ ਪ੍ਰਵਿਰਤੀ ਨਭ ਛਿਤ
ਘਨ ਕੀ ਘਟ ਘੁਮਡਾਯਾ ॥੩੨॥
ਰਾਇਬੇਲ ਚੰਬੇਲੀ ਚੰਪਾ
ਚੰਚਰੀਕ[3] ਰੁਚਿ ਚਾਰੂ।
ਗੁਨੀ ਪੁਰਖ ਸੁਨਿ ਸੁਨਿ ਜਸੁ ਗੁਰ ਕੇ
ਆਇ ਰਹੇ ਗੁਰਦ੍ਵਾਰੂ ॥੩੩॥
ਹੁਕਮ ਕਰਯੋ 'ਆਯੁਧ ਗਨ ਹੋਵੈਂ
ਦੈ ਧਨ ਗਨ ਘਰਵਾਓ।
ਤੋਪ ਤੁਪਕ ਜੰਬੂਰ ਰਹਿਕਲੇ
ਬਹੁ ਜੰਜੈਲ ਬਨਾਓ ॥੩੪॥
ਬੁਗਦੇ[4], ਖੰਜਰ, ਸੈਫ ਦੁਧਾਰੇ,
ਤੋਮਰ, ਚੱਕ੍ਰ, ਖਤੰਗਾ।

---

[1]ਵੇਹੜੇ।
[2]ਬਰਖਾ ਰੁਤ।
[3]ਭੌਰੇ।
[4]ਇਸ ਪ੍ਰਕਾਰ ਦਾ ਛੁਰਾ, ਕਟਾਰ [ਅ਼:, ਬੁਗ਼ਦਾ] ਪੰਜਾਬੀ ਵਿਚ ਬੁਗਦਾ ਬੁਗਦਰ ਇਕ ਪ੍ਰਕਾਰ ਦੇ ਵਡੇ ਭਾਰੇ ਮੋਟੇ ਗੁਰਜ ਨੂੰ ਬੀ ਕਹਿੰਦੇ ਹਨ ਜੋ ਮੁੰਗਲੀਆਂ ਫੇਰਨ ਵਾਲੇ ਕਸਰਤ ਕਰਨ ਵਿਚ ਵਰਤਦੇ ਹਨ।

ਚਾਂਪ, ਤਮਾਚੇ, ਸਾਂਗ, ਸੁ ਬਰਛੀ,
ਕਰਾਚੋਲ ਖਰ ਅੰਗਾ' ॥੩੫॥
ਲਗੇ ਅਨਿਕ ਕਾਰੀਗਰ ਘਰਨੇ
ਪ੍ਰਥਮ ਤੋਪ ਇਕ ਢਾਰੀ[1]*।
ਜਨੁ ਜਮ ਕੋ ਮੁਖ, ਮ੍ਰਿਤੁ ਸ਼ੱਤ੍ਰੂ ਕੀ[2]
ਛੋਡੇ ਗਰਜਨ ਭਾਰੀ ॥੩੬॥
ਪ੍ਰਭੁ ਹਿਤ ਬਾਨ ਬਿਲੰਦ ਬਨੇ ਬਹੁ
ਬਰ ਬੀਰਨ ਕੇ ਘਾਤੀ।
ਏਕ ਮੁਹਰ ਕੋ ਹੇਮ ਲਗਹਿ ਤਿਸ
ਮੁਖੀ ਪੁਲਾਦਿ ਸੰਗਾਤੀ ॥੩੭॥
ਇੱਤਜਾਦਿਕ ਆਯੁਧ ਨਿਤ ਬਨਤੇ
ਪਰਖਤਿ ਗੁਰੂ ਰਖਾਵੈਂ।
ਕੇਤਿਕ ਬਖਸ਼ਤਿ ਹੈਂ ਕਰਿ ਸਿੰਘਨ
ਸਦਾ ਜੰਗ ਮਨ ਭਾਵੈ ॥੩੮॥
    ਕਥਾ ਸੁਨਹੁਂ ਇਕ ਹੁਤੋ ਮੁਸੱਦੀ[3]
    ਆਸਾ ਸਿੰਘ ਸੁ ਨਾਮੂ।
ਗੁਰ ਘਰ ਕੀ ਬਹੁ ਕਾਰ ਚਲਾਵੈ
ਟੋਂਬੂ ਲਿਖਹਿ ਤਮਾਮੂ ॥੩੯॥
ਤਿਸ ਢਿਗ ਰੰਕ ਸਿੱਖ ਇਕ ਜਾਚਤਿ
'ਕੰਨਜਾ ਬਜਾਹਨਿ ਜੋਗਾ।
ਦਰਬ ਪੰਚ ਸੈ ਤੇ ਹੁਇ ਕਾਰਜ
ਮੁਝ ਚਿਤ ਚਿੰਤਾ ਰੋਗਾ ॥੪੦॥
ਤੁਝ ਤੇ ਹੁਇ ਉਪਕਾਰ ਕਰਹੁ ਇਹੁ'
ਸੁਨਿ ਸੁਨਿ ਅਰੁ ਲਖਿ ਦੀਨਾ।
ਆਸਾ ਸਿੰਘ ਦਯਾ ਉਰ ਕਰਿ ਕੈ
ਤਿਹ ਟੋਂਬੂ ਲਿਖ ਦੀਨਾ ॥੪੧॥
ਸੋ ਲੇ ਗਯੋ ਜਹਾਂ ਪਰ ਭੇਜਾ
ਲਏ ਪੰਚ ਸੈ ਜਾਈ।

---

[1]ਢਾਲੀ।
*ਆਖਰੀ ਜੰਗ ਵਿਚ ਸਭ ਤੋਪਾਂ ਦੇ ਸਾਮਾਨ ਸਿਰਹੰਦੀ ਸੂਬਾ ਲੁੱਟਕੇ ਲੈ ਗਿਆ ਸੀ, ਪਰ ਦੋ ਛੋਟੀਆਂ ਤੋਪਾਂ ਆਨੰਦਪੁਰੋਂ ਨਿਕਲੀਆਂ ਅੱਜ ਕੱਲ ਅਜਾਇਬ ਘਰ ਲਾਹੌਰ ਵਿਚ ਪਈਆਂ ਹਨ।
[2]ਸ਼ਤ੍ਰੂਆਂ ਦੀ ਮੌਤ ਕਰਨ ਵਾਲੀ।
[3]ਮੁਣਸ਼ੀ।

ਹੁਤੋ ਰੰਕ ਤਿਨ ਬਜਾਹ ਕਰਯੋ ਤਬਿ
ਕੰਨਜਾ ਸਦਨ ਉਠਾਈ ॥੪੨॥
ਬਿਤੇ ਮਾਸ ਖਟ ਸੋ ਸਿਖ ਆਯੋ
ਗੁਰ ਦਰਸ਼ਨ ਕੋ ਕੀਨਾ।
ਟੋਂਬੂ ਧਰਯੋ 'ਆਪ ਨੇ ਭੇਜਯੋ,
ਮੈਂ ਪੰਜ ਸੈ ਤਿਨ ਦੀਨਾ' ॥੪੩॥
ਪ੍ਰਭੁ ਤਬਿ ਕਹਯੋ 'ਨ ਹਮ ਨੇ ਭੇਜਾ
ਕਿਨ ਇਹ ਲਿਖਯੋ ਪਠਾਯੋ?'
'ਆਸਾ ਸਿੰਘ ਕੇ ਹਾਥ ਮੁਹਰ ਹੈ'
ਜਬਿ ਐਸੇ ਲਖਿ ਪਾਯੋ ॥੪੪॥
ਕੁਛ ਰਿਸ ਧਰਿ ਗੁਰ ਕਹਯੋ 'ਕਹੇ ਬਿਨ
ਇਹ ਕਯੋਂ ਲਿਖਯੋ ਪਠਾਯੋ।
ਦਿਯੋ ਆਪ ਹੀ ਦਰਬ ਪੰਚ ਸੈ
ਕੈਸੇ ਖੋਟ ਕਮਾਯੋ' ॥੪੫॥
ਇਮ ਗੁਰ ਤੇ ਸੁਨਿ ਆਸਾ ਸਿੰਘ ਢਿਗ
ਕਿਹ ਸਿਖ ਖਬਰ ਬਤਾਈ।
ਡਰਤਿ ਮਾਰ ਤੇ ਭਾਜ ਗਯੋ ਤਬਿ
ਨਿਜ ਘਰ ਬਿਖੈ ਤਦਾਈ ॥੪੬॥
ਕੇਤਿਕ ਦਿਨ ਮਹਿਂ ਤਿਨ ਅਰਜ਼ੀ ਲਿਖਿ
ਸਤਿਗੁਰ ਨਿਕਟ ਪਠਾਈ।
ਲਿਖੇ ਦੋਹਿਰੇ ਬਿਚ ਬਨਾਇ ਕਹਿ
ਸੋ ਮੈਂ ਦੇਹੁ ਸੁਨਾਈ ॥੪੭॥
ਕਲਮੋਵਾਚ[1] ॥

ਦੋਹਰਾ: ਮੁਖ ਕਾਰਾ ਮੇਰੋ ਕਰੈਂ,
ਕਰਤਿ ਨ ਪਰਉਪਕਾਰ[2]।
ਤਿਸ ਕੌ ਮੈਂ ਫਿਰ ਕਰੌਂਗੀ,
ਪਲਟਾ ਇਹੁ ਦਰਬਾਰ[3] ॥੪੮॥
ਫਟ ਛਾਤੀ ਦੋ ਟੂਕ ਭਈ,
ਰੁਦਨ ਕਰਤਿ ਲਿਖਿ ਜਾਤਿ[4]।

---

[1]ਕਲਮ ਕਹਿੰਦੀ ਹੈ।
[2]ਜੋ ਮੇਰਾ ਮੂੰਹ ਕਾਲਾ ਕਰਦਾ ਹੈ ਤੇ ਪਰਉਪਕਾਰ ਨਹੀਂ ਕਰਦਾ।
[3]ਭਾਵ ਦਰਬਾਰ ਵਿਚ ਮੈਂ ਬੀ ਉਸ ਦਾ ਮੂੰਹ ਕਾਲਾ ਕਰਾਂਗੀ।
[4]ਰੋਂਦੀ ਹੋਈ ਲਿਖੀ ਜਾਂਦੀ ਹਾਂ ਕਸਮ, ਵਸਤਾ।

ਪਰਸ੍ਵਾਰਥ ਉਪਕਾਰ ਬਿਨ,
ਮੋਹਿ ਨ ਉਪਜਤਿ ਸ਼ਾਂਤਿ ॥੪੯॥

ਚੌਪਈ: ਐਸੇ ਕਲਮ ਕਹਤਿ ਸਭਿ ਸਾਥਿ।
ਸੋ ਪਕਰਾਈ ਗੁਰ ਮੁਹਿ ਹਾਥ।
ਗੁਰ ਕੀ ਆਨ ਜਬਹਿ ਸਿਖ ਕੀਨੀ।
ਸਹੀ ਨ ਮੈਂ, ਚਿੱਠੀ ਲਿਖਿ ਦੀਨੀ ॥੫੦॥
ਸਰਬ ਲੱਛਮੀ ਜਗਤ ਤੁਮਾਰੀ।
ਭੁੰਚਤਿ ਹੈ ਇਹ ਸ੍ਰਿਸ਼ਟੀ ਸਾਰੀ।'
ਇੱਤਜਾਦਿਕ ਲਿਖਿ ਬਿਨੈ ਪਠਾਈ।
ਸੁਨਤਿ ਪ੍ਰਸੰਨ ਭਏ ਗੋਸਾਈਂ ॥੫੧॥
ਤਿਹ ਬੁਲਾਇ ਪੁਨ ਪਾਗ ਬੰਧਾਈ।
ਦਈ ਪ੍ਰਥਮ ਸਮ ਕਾਰ ਤਦਾਈ।
ਇਸ ਪ੍ਰਕਾਰ ਇਕ ਹੁਤੋ ਲਿਖਾਰੀ।
'ਸੈਣਾ' ਜਿਸ ਕੋ ਨਾਮ ਉਚਾਰੀ ॥੫੨॥
ਕੁਛਕ ਖ਼ਤਾ ਤਿਸ ਤੇ ਜਬਿ ਹੋਈ।
ਭਾਜ ਗਯੋ ਪੁਨ ਆਇ ਨ ਸੋਈ।
ਸੁੰਦਰ ਬਰਨ ਲਿਖੈ ਚਿਤ ਆਯੋ[1]।
ਸ਼੍ਰੀ ਗੁਰ ਤਿਸ ਕੋ ਬੋਲਿ ਪਠਾਯੋ ॥੫੩॥
ਨਿਜ ਸੰਬੰਧੀਅਨਿ ਕੋ ਮਿਲਿ ਗਯੋ।
ਆਯੋ ਨਹੀਂ ਤ੍ਰਾਸ ਉਰ ਭਯੋ।
ਨਹਿਂ ਆਵਨ ਕੇ ਹੇਤੁ ਬਹਾਨਾ।
ਲਿਖਿ ਕਰਿ ਦੋਹਾ ਪਠਜੋ ਬਖਾਨਾ ॥੫੪॥

ਦੋਹਰਾ: 'ਜਬਿ ਤੇ ਪ੍ਰਭੁ ਤੇ ਬੀਛੁਰੇ ਕੀਯੋ ਕ੍ਰਿਸ਼ਿ[2] ਕੋ ਠਾਟ।
ਬ੍ਰਿਖਭਨਿ ਸੰਗਤਿ ਹਮ ਕਰੀ ਭਏ ਜਾਟ ਕੇ ਜਾਟ' ॥੫੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

---

[1]ਸੁਹਣੇ ਅੱਖਰ ਲਿਖਦਾ ਸੀ ਇਹ ਚੇਤਾ ਆਇਆ।
[2]ਖੇਤੀ।

## ੩੨. [ਸ਼ਸਤ੍ਰ ਮਾਂਜਣੇ। ਦੁਸਹਿਰਾ]

੩੧<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੩੩

ਦੋਹਰਾ: ਪਾਵਸ ਬੀਤੀ ਅਨੰਦ ਸੋਂ,
ਸਰਦ ਪ੍ਰਬਿਰਤੀ ਆਇ।
ਪਿਤਰਨਿ ਪਛ ਤੇ ਨੌਰਤੇ,
ਚੰਡੀ ਜਗਤ ਮਨਾਇ[੧] ॥੧॥

ਲਲਿਤਪਦ ਛੰਦ: ਹੁਕਮ ਕੀਨਿ ਸ਼੍ਰੀ ਸਤਿਗੁਰ ਪੂਰੇ
'ਸ਼ਸਤ੍ਰ ਨਿਕਾਸੋ ਸਾਰੇ।
ਮੈਲ ਨਿਵਿਰਤਹਿਂ ਮਾਰਵਾਰਿਯੇ[੨]
ਪੂਜਹਿਂ ਬਹੁਰ ਸੁਧਾਰੇ[੩]' ॥੨॥

ਖਾਸ ਖਜਾਨੇ ਲਗੇ ਨਿਕਾਸਨ
ਜਾਤੀ ਖੜਗਨਿ ਨਾਨਾ।
ਤੇਗੇ ਆਯੁਤ, ਖੜਗ ਦੁਧਾਰੇ,
ਤੋਮਰ, ਸੈਫ, ਕ੍ਰਿਪਾਨਾ ॥੩॥

ਦੁਬਿਧਿ ਸਰੋਹੀ[੪], ਨੀਮਸੀਖਚੇ[੫],
ਮਿਸਰੀ ਦ੍ਵੈ ਗੁਜਰਾਤੀ[੬]।
ਇਲਮਾਨੀ[੭] ਰੁ ਹਲੱਬੀ[੮] ਮਗ਼ਰਬਿ[੯]
ਕਿਰਚ[੧੦] ਜੁਨੱਬੀ ਜਾਤੀ[੧੧] ॥੪॥

ਜਮਧਰ ਲਘੁ ਬਿਸਾਲ ਪਉਲਾਦੀ[੧੨],
ਖੰਜਰ ਚੱਕ੍ਰ ਮਹਾਂਨਾ।
ਬਿਛੂਏ ਬਾਂਕ[੧੩] ਛੁਰੇ ਬਹੁ ਬਿਧਿ ਕੇ,

---

[੧]ਸ਼ਰਾਧਾਂ ਦੇ ਪੱਖ ਤੋਂ (ਪਿਛੋਂ) ਨੁਰਾਤੇ ਆਏ ਤੇ ਜਗਤ ਨੇ ਦੇਵੀ ਪੂਜੀ।
[੨]ਸ਼ਸਤ੍ਰ ਮਾਂਜਣ ਵਾਲੇ ਮੈਲ ਦੂਰ ਕਰਨ। [ਮਾਰਵਾੜੀਏ, ਭਾਵ ਮਾਰਵਾੜ ਤੋਂ ਆਏ ਸਿਕਲੀਗਰ]।
[੩]ਫਿਰ ਸੁਧਾਰਕੇ ਸ਼ਸਤ੍ਰ ਪੂਜਾਂਗੇ।
[੪]ਦੋ ਤਰ੍ਹਾਂ ਦੀਆਂ ਤਲਵਾਰਾਂ।
[੫]ਨੀਮਚਹ = ਛੋਟੀ ਤਲਵਾਰ, ਸੀਖ ਵਾਂਙੂ ਸਿੱਧੀ ਤੇ ਪਤਲੀ ਤਲਵਾਰ।
[੬]ਮਿਸਰ ਦੀ ਤਲਵਾਰ ਤੇ ਗੁਜਰਾਤੀ, ਦੋਵੇਂ ਥਾਵਾਂ ਦੀਆਂ।
[੭]ਯਮਾਨੀ ਤਲਵਾਰ [ਇਲਮਾਨੀ। ਅਰਬੀ ਰੂਪ ਹੇ 'ਅਲ ਯਮਾਨੀ' ਯਮਨ ਦੇਸ਼ ਦੀ ਬਣੀ ਹੋਈ (ਤਲਵਾਰ) ਯਮਨ ਅਰਬ ਦੇ ਦੱਖਣ ਪੱਛੋਂ ਦਾ ਹਿੱਸਾ ਹੈ]।
[੮]ਅਤੇ ਹਲਬ ਸ਼ਹਿਰ ਦੀ ਤਲਵਾਰ, (ਹਲਬ ਟਰਕੀ ਵਿਚ ਹੈ)।
[੯]ਫਾਰਸ ਦੀ ਬਣੀ ਤਲਵਾਰ ਨੂੰ ਕਹਿੰਦੇ ਸਨ।
[੧੦]ਬਿਨਾਂ ਖ਼ਮ ਦੇ ਤਲਵਾਰ।
[੧੧]ਆਰਮੀਨੀਆ ਦੇਸ਼ ਦੇ ਜੁਨੱਬ ਸ਼ਹਿਰ ਦੀ ਤਲਵਾਰ।
[੧੨]ਫੁਲਾਦੀ।
[੧੩]ਟੇਢੇ ਬਿਛੂਏ। (ਅ) ਬਾਂਕ ਨਾਮ ਦਾ ਸ਼ਸਤ੍ਰ ਜੋ ਨਹੁੰਦ ਵਾਂਗੂੰ ਹੁੰਦਾ ਹੈ।

ਪੇਸ਼ ਕਬਜ਼ ਸ਼ੁਭ ਨਾਨਾ ॥੫॥
ਤੀਰ ਅਨਿਕ ਬਿਧਿ ਖਪਰੇ[੧] ਸੇਲੇ[੨]
ਗਨ ਬਦਾਂਮਚੇ[੩] ਤੁੱਕੇ[੪]।
ਸੇਲ ਨਰਾਂਚ[੫] ਸੁ ਨਾਵਕ[੬] ਤੀਖਨ
ਕਰਦਹਿਂ ਤਨ ਰਿਪੁ ਢੂਕੇ[੭] ॥੬॥
ਤੁਪਕ ਤਮਾਂਚੇ ਗਨ ਬਿਲਾਇਤੀ
ਸਾਂਗੈਂ ਸ਼ਕਤਿ[੮] ਨਿਕਾਸੇ।
ਬ੍ਰਿੰਦ ਸ਼ਸਤ੍ਰ ਸਤਿਗੁਰੂ ਖਜ਼ਾਨੇ
ਕਹਿਂ ਲੌ ਕਵੀ ਪ੍ਰਕਾਸ਼ੇ ॥੭॥
ਮਾਰਵਾਰਿਯੇ ਮਾਯਨਿ ਲਾਗੇ
ਚਰਨ ਦਾਬ ਕਰ ਫੇਰੇ[੯]।
ਇਤਨੇ ਮਹਿਂ ਪ੍ਰਭੁ ਬਾਹਿਰ ਨਿਕਸੇ
ਸਭਿ ਆਯੁਧ ਦਿਸ਼ਿ ਹੇਰੇ ॥੮॥
ਕਹਯੋ 'ਬਿਅਦਬੀ ਸ਼ਸਤ੍ਰਨਿ ਕੇਰੀ
ਤੈਂ ਕਯੋਂ ਚਰਨ ਲਗਾਯੋ।
ਅਤਿ ਪ੍ਰਿਯ ਖੜਗ ਅਕਾਲਪੁਰਖ ਕੋ
ਨਿਜ ਧੁਜ ਬਿਖੈ ਸੁਹਾਯੋ ॥੯॥
ਆਦਿ ਸ਼ਕਤਿ ਸ਼੍ਰੀ ਚੰਡੀ ਰੂਪ ਇਹ
ਪੂਜਨ ਜੋਗ ਸਦੀਵਾ।
ਸਰਬ ਸੁਰਾਸੁਰ ਨਰ ਕਯਾ ਬਪੁਰੋ
ਜਿਸ ਕੇ ਬਸਿ ਮਹਿਂ ਥੀਵਾ ॥੧੦॥
ਸਾਦਰ ਸੇਵ ਮਾਯਿਬੇ ਕਰੀਯਹਿ'
ਇਹ ਕਹਿ ਅੱਗ੍ਰ ਸਿਧਾਏ।

---

[੧]ਚੌੜੇ ਫਲ ਵਾਲਾ ਤੀਰ।
[੨]ਨੇਜ਼ੇ ਮੂੰਹਾਂ ਤੀਰ।
[੩]ਬਦਾਮ ਮੂੰਹੇਂ ਤੀਰ।
[੪]ਕਿੱਕਰ ਦੇ ਤੁੱਕੇ ਵਰਗੀ ਦੰਦੇਦਾਰ ਮੁਖੀ ਵਾਲਾ ਤੀਰ।
[੫]ਸਾਰਾ ਲੋਹੇ ਦਾ ਤੀਰ ਜਿਸ ਦੇ ਪੰਜ ਖੰਭ ਹੁੰਦੇ ਹਨ। 'ਸੇਲ' ਪਾਠ ਅਸ਼ੁਧ ਹੈ, ਇਥੇ 'ਸਰ' ਪਾਠ ਚਾਹੀਏ 'ਸ਼ਰ' ਚਾਰ ਮੁਖੇ ਤੀਰ ਦਾ ਨਾਮ ਹੈ।
[੬]ਇਕ ਛੋਟਾ ਤੀਰ ਜਿਸ ਦੀ ਮੁਖੀ ਦੰਦੇਦਾਰ ਹੁੰਦੀ ਹੈ। ਨਾਵਕ ਨਾਮ ਥੋਥੀ ਨਲੀ ਦਾ ਬੀ ਹੈ ਜਿਸ ਦੇ ਵਿਚੋਂ ਛੋਟਾ ਤੀਰ ਚਲਾਉਂਦੇ ਹਨ [ਫਾ:, ਨਾਵਕ, ਥੋਥੀ ਨਲੀ। ਤੀਰ]।
[੭]ਵੈਰੀ ਦੇ ਤਨ ਵਿਚ ਖੁਭ ਜਾਣ।
[੮]ਭਾਵ ਈਰਾਨ ਤੂਰਾਨ ਆਦਿ ਦੀਆਂ ਸਾਂਗਾਂ ਤੇ ਬਰਛੀਆਂ।
[੯]ਪੈਰਾਂ ਨਾਲ ਦੱਬਕੇ ਤੇ ਹੱਥ ਫੇਰ ਕੇ।

ਬੈਠੇ ਬਹੁਰ ਖਾਲਸਾ ਆਯੋ
ਸ੍ਰੀ ਮੁਖ ਦਰਸ਼ਨ ਪਾਏ ॥੧੧॥
ਕੇਤਿਕ ਚਿਰ ਮਹਿਂ ਇਕ ਸਿਖ ਬੋਲਯੋ
'ਮਾਰਵਾਰਿਯਾ ਜੋਈ।
ਪੁੰਜ ਖੜਗ ਸਿਰ ਪਰ ਧਰਿ ਬੈਠਯੋ
ਕਾਰ ਨ ਕਰਤਾ ਸੋਈ' ॥੧੨॥
ਸੁਨਿ ਬਿਕਸੇ ਪ੍ਰਭੁ ਗਏ ਬਿਲੋਕਨਿ
ਦੇਖਯੋ ਤਿਸੀ ਪ੍ਰਕਾਰਾ।
'ਇਹ ਕਜਾ ਕਰਯੋ ਨ ਸੇਵਾ ਠਾਨਤਿ
ਬੈਠੇ ਸਮਾ ਗੁਜ਼ਾਰਾ' ॥੧੩॥
'ਮਹਾਰਾਜ ਰਾਵਰ ਕੀ ਆਇਸੁ
ਅਦਬ ਕਰਨਿ ਇਮ ਹੋਵੈ।
ਸੇਵਾ ਮਾਂਝਨ ਕੀ ਹੁਇ ਤੈਸੇ
ਜਥਾ ਪ੍ਰਥਮ ਮਲ ਖੋਵੈਂ' ॥੧੪॥
ਬਿਗਸਿ ਪ੍ਰਭੁ ਕਹਿ 'ਤੁਮ ਕੌ ਬਖਸ਼ਯੋ,
ਸ਼ਸਤ੍ਰਨ ਕੇ ਨਿਤ ਦਾਸਾ।
ਕਰਹੁ ਪ੍ਰੇਮ ਤੇ ਸੇਵਾ ਆਯੁਧ,
ਤੌ ਸਭਿ ਸੁਖ ਹੁਇ ਪਾਸਾ' ॥੧੫॥
ਰਾਮ ਸਿੰਘ ਤਿਹ ਨਾਮ ਹੁਤੋ ਸੁਨਿ
ਗੁਰ ਕੋ ਬੰਦਨ ਠਾਨੀ।
ਮਾਂਝਨ ਕਰਨਿ ਲਗਯੋ ਸੁਧ ਸ਼ਸਤ੍ਰਨਿ,
ਪੁਨ ਸੁਖ ਲਹਯੋ ਮਹਾਂਨੀ ॥੧੬॥
ਊਚੇ ਥਲ ਟਿਕਾਇ ਸਭਿ ਆਯੁਧ
ਪੂਜਾ ਸੌਜ ਮੰਗਾਈ।
ਲਗੇ ਨੁਰਾਤੇ ਸਗਰੇ ਪੂਜਨ
ਚੰਡਿ ਕਾਲਕਾ ਮਾਈ ॥੧੭॥
ਚੰਡਿ ਚਰਿੱਤ੍ਰ ਪਾਠ ਨਿਤ ਹੋਵੈ
ਸਹਿਸਕ੍ਰਿਤ ਅਰੁ ਭਾਖਾ।
ਧੂਪ ਦੀਪ ਚੰਦਨ ਕੌ ਚਰਚਤਿ
ਫੂਲ ਮਾਲ ਬਹੁ ਰਾਖਾ ॥੧੮॥
ਚਮਰ ਫੇਰਿ ਕੇਤਿਕ ਚਿਰ ਸ਼੍ਰੀ ਪ੍ਰਭੁ
ਪੂਜਾ ਪਾਠ ਕਰੰਤੇ।

ਕਰਹਿਂ ਸਤੁਤਿ ਜਿਹ[੧] ਜੋਤਿ ਬਿਦਤਿ ਜਗ,
ਨਾਮ ਅਧਿਕ ਸਿਮਰੰਤੇ[*] ॥੧੯॥

ਅਨੰਗ ਸ਼ੇਖਰ ਛੰਦੁ: 'ਨਮੋ ਅਨੰਤ ਕਾਰਣੀ[੨],
[੩]ਪ੍ਰਪੋਖਣੀ, ਸੰਘਾਰਣੀ,
ਭਵਾ, ਬਿਸਾਲ, ਤਾਰਣੀ[੪],
ਭਯੰਹਰੀ, ਅਖੰਡਕਾ[੪+]।
ਸਬੁੱਧਿ ਜੁੱਧ ਕ੍ਰੁੱਧਤਾ[੫]
ਬਿਰੁੱਧ ਬੱਧ ਉੱਧਤਾ[੬],
ਅਰੁੱਧ ਰਿੱਧਿ ਸਿੱਦਿ ਦਾ[੭],
ਪ੍ਰਬੁੱਧ ਸ਼ੁੱਧ ਮੰਡਕਾ[੮*]।
ਸਜੋਰ ਘੋਰ ਲੋਚਨਾ[੯],
ਜਪੰਤਿ ਸੋਚ ਮੋਚਨਾ[੧੦],
ਸੁਚੇਤ ਚਿਤ ਰੋਚਨਾ[੧੧],
ਰਿਪੂਨਿ ਕੋ ਘਮੰਡਕਾ[੧੨]।
ਨਿਸੁੰਭ ਸੁੰਭ ਖੰਡਕਾ[੧੩],
ਅਸੁਰ ਦਲ ਦੰਡਕਾ,
ਬਿਹੰਡ ਚੰਡ ਮੁੰਡਕਾ[੧੪],
ਪ੍ਰਚੰਡ ਤੁੰਡ ਚੰਡਿਕਾ! ॥੨੦॥

---

[੧]ਜਿਸ (ਦੇਵੀ) ਦੀ।
[*]ਦੇਵੀ ਪੂਜਨ ਪਰਿਥਾਇ ਦੇਖੋ ਪਿਛੇ ਰੁਤ ੩ ਅੰਸੂ ੧੨ ਦੇ ਅੰਤ ਦੀ ਟੂਕ।
[੨]ਅਨੰਤ (ਜੀਵਾਂ ਨੂੰ ਕਰਨ ਵਾਲੀ)।
[੩]ਪਾਲਣ ਵਾਲੀ, ਨਾਸ਼ ਕਰਤਾ, ਕਲਿਆਨ ਕਰਨ ਵਾਲੀ, ਅਤਿ ਵੱਡੀ ਤੇ ਤਾਰਨ ਹਾਰੀ।
[੪]ਭੈ ਨਾਸ਼ਕ ਤੇ ਖੰਡਣ ਤੇ ਰਹਿਤ।
[+]ਪਾ:-ਭਵਾ ਬਿਸਾਲ ਕਾਰਣੀ ਬਿਸਾਲ ਸ੍ਰੀ ਅਖੰਡਕਾ।
[੫]ਸਹਿਤ ਬੁੱਧ ਦੇ ਤੇ ਜੁੱਧ ਵਿਚ ਕ੍ਰੋਧ ਕਰਨ ਵਾਲੀ।
[੬](ਜੁੱਧ ਵਿਚ) ਵੈਰੀਆਂ ਨੂੰ ਨਾਸ਼ ਕਰਨ ਨੂੰ ਉਦੇ ਰਹਿਣ ਵਾਲੀ।
[੭]ਰਿੱਧੀਆਂ ਸਿਧੀਆਂ ਦੇਣ ਵਿਚ ਰੁਕਦੀ ਨਹੀਂ ਹੈ।
[੮]ਸ਼ੁਧ ਗਿਆਨ ਦੇ ਮੰਡਣ ਵਾਲੀ।
[*]ਏਹ ਸਾਰੇ ਵਿਸ਼ੇਸ਼ਣ ਅਕਾਲ ਪੁਰਖ ਦੇ ਹਨ। ਕੇਵਲ ਲਿੰਗ ਏਥੇ ਇਸਤ੍ਰੀ ਲਿੰਗ ਵਰਤਿਆ ਹੈ। ਇਸੇ ਵਜਕਤੀ ਸਬੰਧੀ ਹੁਣ ਅਗੇ ਬੀਰ ਰਸੀ ਤੇ ਰੌਦ੍ਰ ਰਸੀ ਸਗੁਣ ਉਪਮਾਂ ਦੇ ਵਾਕ ਆਉਣਗੇ।
[੯]ਜ਼ੋਰ ਵਾਲੇ ਭਯਾਨਕ ਨੇਤ੍ਰਾਂ ਵਾਲੀ।
[੧੦]ਜਪਣ ਵਾਲੇ ਦੀਆਂ ਸੋਚਾਂ ਦੀ ਨਾਸ਼ਕ।
[੧੧](ਇੰਦ੍ਰ ਵਰਗੇ) ਸੁਚੇਤ ਚਿੱਤਾਂ ਨੂੰ ਖੁਸ਼ੀ ਕਰਨ ਵਾਲੀ।
[੧੨]ਵੈਰੀਆਂ ਉੱਤੇ ਬਲਵਾਨ ਹੋਕੇ ਪੈਣ ਵਾਲੀ।
[੧੩]ਸੁੰਭਨਿਸੁੰਭ ਨਾਮੇ ਰਾਖਸ਼ਾਂ ਦੀ ਨਾਸ਼ਕ।
[੧੪]ਚੰਡ ਮੁੰਡ ਦੈਂਤ ਨੂੰ ਨਾਸ਼ ਕਰਤਾ।

ਦ੍ਰਿੜੰਤਿ ਦੀਹ ਦਾੜਕਾ[੧],
ਬਿਲੰਦ ਦੈਤ ਦਾਹਕਾ,
ਨਿਕੰਦ ਕੈਟਭਾਨਕੀ[੨],
ਅਮੰਦ ਤੇਜ ਜ੍ਵਾਲਕਾ[੩]।
ਪ੍ਰਾਪਣ ਸ਼੍ਰੋਣ ਬੀਰਜਾ[੪],
ਬਿਸਾਲ ਬਾਹੁ ਬੀਰਜਾ[੫],
ਮਝਾਰ ਜੰਗ ਧੀਰਜਾ[੬],
ਬਿਸ਼੍ਵੰਭਰੀ[੭] ਕਪਾਲਕਾ[੮]।
[੯]ਨਖਾਨ ਪੁੰਜ ਤੀਖਨਾ,
ਸਕ੍ਰੋਧ ਲਾਲ ਈਛਨਾ,
ਦਿਖਾਇ ਰੂਪ ਭੀਛਨਾ
ਸੁ ਭੱਛ ਸ਼ੱਤ੍ਰੂ ਬਾਲਕਾ[੧੦+]।
ਸੁਦਾਸ ਪ੍ਰੀਤ ਪਾਲਕਾ,
ਸਬੇਗ ਦੈਤ ਘਾਲਕਾ,
ਗਰੇ ਮੈਂ ਮੁੰਡ ਮਾਲ ਕਾ,
ਪ੍ਰਣਾਮ ਪਾਦ ਕਾਲਕਾ ॥੨੧॥

ਦੋਹਰਾ: ਇੱਤਜਾਦਿਕ ਜੇ ਨਾਮ ਹੈਂ,
ਸਪਤ ਸਹੰਸ੍ਰੈ ਲੱਖ[੧੧]।
ਸਿਮਰਤਿ ਉਚਰਤਿ ਖਾਲਸਾ,
ਸ਼੍ਰੀ ਸਤਿਗੁਰੂ ਪ੍ਰਤੱਛ[੧੨] ॥੨੨॥

---

[੧]ਵਡੀਆਂ ਤਕੜੀਆਂ ਦਾੜ੍ਹਾਂ ਵਾਲੀ।
[੨]ਕੈਟਭ ਆਦਿ (ਰਾਖਸ਼ਾਂ) ਦੀ ਨਾਸ਼ ਕਰਤਾ।
[੩]ਅਗਨੀ ਦਾ ਤੇਜ ਵਿਸ਼ੇਸ਼ ਕਰਕੇ ਮੰਦ ਕਰਨ ਵਾਲੀ।
(ਅ) (ਕਦੇ) ਨਾ ਮੰਦ ਪੈਣ ਵਾਲੇ ਅਗਨੀ ਤੇਜ ਵਾਲੀ।
[੪](ਰਕਤ) ਬੀਜ ਆਦਿ ਦਾ ਲਹੂ ਪੀਣ ਵਾਲੀ।
[੫]ਬਲ ਵਾਲੀਆਂ ਬਾਹਾਂ ਵਾਲੀ।
[੬]ਜੰਗ ਵਿਚ ਧੀਰਜ ਵਾਲੀ।
[੭]ਸੰਸਾਰ ਨੂੰ ਪਾਲਣ ਵਾਲੀ।
[੮]ਕਪਾਲਾਂ (ਖੋਪਰੀਆਂ) ਦੀ (ਮਾਲਾ) ਧਾਰਨ ਵਾਲੀ।
[੯]ਸਾਰੇ ਤਿੱਖੇ ਨਹੁਵਾਂ ਵਾਲੀ, ਕ੍ਰੋਧ ਨਾਲ ਲਾਲ ਅੱਖੀਆਂ ਵਾਲੀ, (ਐਸਾ) ਭਜਾਨਕ ਰੂਪ ਦਿਖਾਕੇ ਸ਼ੱਤ੍ਰੂਆਂ ਦੇ ਬਾਲਾਂ ਨੂੰ ਭੱਛਨ ਕਰਨ ਵਾਲੀ।
[੧੦](ਐਸੀ) ਕਾਲਕਾ ਦੇ ਚਰਨਾਂ ਨੂੰ ਨਮਸਕਾਰ ਹੈ।
[+]ਇਹ ਦੋਵੇਂ ਤੁਕਾਂ ਕਈ ਨੁਸਖਿਆਂ ਵਿਚ ਨਹੀਂ ਹਨ।
[੧੧]ਇਕ ਲੱਖ ਸੱਤ ਹਜ਼ਾਰ।
[੧੨]ਸ਼੍ਰੀ ਸਤਿਗੁਰੂ ਦੇ ਸਾਹਮਣੇ।

**ਅਨੰਗ ਸ਼ੇਖਰ ਛੰਦ:** ਇਸੀ ਪ੍ਰਕਾਰ ਨੌਰਤੇ[੧] ਪ੍ਰਪੂਜਤੇ ਸੁ ਆਯੁਧਾਨ[੨]
ਚੰਦਨਾਦਿ ਫੂਲਮਾਲ ਧੂਪ ਕੋ ਜਗਾਵਤੇ[++]।
ਉਤੰਗ ਸੰਖ ਪੂਰਤੇ ਸੁ ਮੰਗਲੰ ਅਰੰਭਤੇ,
ਬਿਸ਼ਾਲ ਸੌਂਜ ਹੋਮ ਤੇ, ਸੋ ਧੂਮ ਕੋ ਉਠਾਵਤੇ।
ਨਮੋ ਨਮੋ ਭਨੰਤਿ ਹੈਂ, ਸੁ ਬ੍ਰਹਮ ਕੌਚ[੩] ਪਾਠ ਕੋ
ਪਠੰਤ ਹੈ ਸੁਨੰਤ ਕੋਈ[੪], ਜੈ ਬਿਜੈ ਸੁ ਗਾਵਤੇ।
ਉਛਾਹ ਮੋਦ ਕੀਨਿਓ, ਪ੍ਰਸਾਦਿ ਬੰਟ ਦੀਨਿਓ,
ਸਮੂਹ ਪਾਨ ਲੀਨਿਓ[੫], ਸੁ ਖਾਇ ਚੀਤ ਭਾਵਤੇ ॥੨੩॥
ਦੁਸੈਹਿਰਾ ਕੇ ਦਯੋਸ ਮੈਂ ਤਿਹਾਵਲਾ ਬਿਸਾਲ ਕੀਨਿ
ਨੌਮ ਪਾਤਿਸ਼ਾਹ ਕੇ ਸਥਾਨ ਅੱਗ੍ਰ ਜਾਇ ਕੈ।
ਬਿਨੈ ਬਖਾਨਿ ਹਾਥ ਜੋਰਿ ਬੰਦਨਾ ਸੁ ਕੀਨਿਓ
ਪ੍ਰਦੱਛਨਾ ਸੁ ਦੀਨਿ ਪਰਸਾਦਿ ਕੋ ਬ੍ਰਤਾਇ ਕੈ।
ਨਿਕੇਤ ਫੇਰ ਆਇ ਕੈ, ਤੁਰੰਗ ਕੋ ਮੰਗਾਇ ਕੈ,
ਮਤੰਗ ਸੰਗ ਪੂਜਿ ਪੂਜਿ[੬], ਮੋਦ ਕੋ ਵਧਾਇ ਕੈ।
ਅਹਾਰ ਫੇਰ ਖਾਇ ਕੈ ਅਰਾਮ ਥੋਰ ਪਾਇ ਕੈ
ਅਫੀਮ ਸੋਂ ਮਿਲਾਇ ਕੈ ਸੁ ਦਾਸ ਭੰਗ ਲਜਾਇ ਕੈ ॥੨੪॥
ਸ਼ਨਾਨ ਕੀਨ ਸੌਚ ਤੇ ਸੁਧਾਰ ਕੇਸ ਪਾਸ ਕੋ[੭]
ਸਜਾਇ ਸੀਸ ਪਾਗ ਕੋ ਉਤੰਗ ਜ਼ੇਬ ਜਾਰ ਕੇ[੮]।
ਜਰਾਵ ਜ਼ੇਵਰਾਨਿ ਕੋ ਸਰੀਰ ਚੀਰ ਸੋਹਤੇ,
ਕ੍ਰਿਪਾਨ ਪਾਇ ਗਾਤਰੇ ਨਿਖੰਗ ਅੰਗ ਧਾਰਿ ਕੇ।
ਕਮਾਨ ਬਾਨ ਪਾਨ ਮੈਂ ਦਿਵਾਨ ਮੈਂ ਕਛੂਕ ਬੈਠਿ,
ਬਾਹਰੇ ਚਲੰਨਿ ਕੋ ਤੁਰੰਗ ਸੋ ਹਕਾਰਿ ਕੇ।

---

[੧]ਨੁਰਾਤੇ।
[੨]ਸ਼ਸਤ੍ਰ ਪੂਜਦੇ ਹਨ।
[++]ਨਉਰਾਤਿਆਂ ਦਾ ਪੂਜਨ ਆਦਿ ਦੇਵੀ ਪੂਜਨ ਵਾਂਙੂ ਇਤਿਹਾਸਿਕ ਗਲ ਨਹੀਂ।
[੩]ਹਿੰਦੂ ਮਤ ਮੂਜਬ ਦੇਵੀ ਦੇ ਨਾਵਾਂ ਦਾ ਇਕ ਮੰਤ੍ਰ ਜਿਸ ਦੇ ਜਪ ਤੋਂ ਸਰੀਰ ਰੱਖਜਾ ਦੇ ਮਨੋਰਥ ਸਿੱਧ ਹੁੰਦਾ ਹੈ। ਖਾਲਸੇ ਵਿਚ ਬ੍ਰਹਮਕਵਚ:-'ਸਿਰ ਮਸ੍ਤਕ ਰਖਾ ਪਾਰਬ੍ਰਹਮੰ' ਵਾਲੇ ਸਲੋਕ ਦਾ ਪਾਠ ਹੈ ਕਿਉਂਕਿ ਇਸ ਵਿਚ ਬ੍ਰਹਮ ਦੇ ਨਾਮ ਹਨ ਤੇ ਰੱਖਜਾ ਦੀ ਯਾਚਨਾ ਹੈ ਤੇ ਨਾਮ ਨੂੰ ਕਵਚ ਗੁਰਬਾਣੀ ਵਿਚ ਦੱਸਿਆ ਗਿਆ ਹੈ, ਯਥਾ:-'ਰਾਮ ਕਵਚੁ ਦਾਸ ਕਾ ਸੰਨਾਹੁ ॥ ਦੂਤ ਦੁਸਟ ਤਿਸੁ ਪੋਹਤ ਨਾਹਿ' ॥
[੪]ਕੋਈ ਪੜ੍ਹਦਾ ਹੈ ਤੇ ਕੋਈ ਸੁਣਦਾ ਹੈ।
[੫]ਹੱਥੀਂ ਲੈਕੇ।
[੬]ਹਾਥੀਆਂ ਸਹਤ ਘੋੜੇ ਪੂਜਨ ਕੀਤੇ।
[੭]ਕੇਸਾਂ ਦੇ ਜੂੜੇ ਨੂੰ [ਪਾਸ = ਜੂੜਾ]। (ਅ) ਕੇਸਾਂ ਨੂੰ ਲਾਂਭੋਂ। (ੲ) ਕੇਸਾਂ ਨੂੰ ਫਾਸ ਰੂਪ ਕਹਿਣਾ ਬੀ ਇਕ ਕਵਿਤਾ ਦੀ ਸੁੰਦਰਤਾ ਹੈ, ਜਿਸ ਵਿਚ ਪ੍ਰੇਮੀਆਂ ਦੇ ਦਿਲ ਫਸ ਜਾਂਦੇ ਹਨ।
[੮]ਸ਼ੋਭਾ ਪ੍ਰਕਾਸ਼ ਕਰਕੇ।

ਅਰੂਢਿ ਕੇ ਗਵੰਨ ਕੀਨਿ, ਦੁੰਦਭਾਨਿ ਚੋਬ ਦੀਨਿ,
ਬੋਲਤੇ ਨਕੀਬ ਭਾਟ ਕੀਰਤਿ ਉਚਾਰਿ ਕੇ ॥੨੫॥
[1]ਬਿਲੋਕਿ ਬੈਨਤੇਯ ਕੇ ਕੁਵਾਇਦਾਂ ਤੁਫੰਗ ਕੀ,
ਤੁਰੰਗ ਪੈ ਕਰੰਤਿ ਕੋ ਕਮਾਨ ਬਾਨ ਮਾਰਿਤੇ[7]।
ਧਵਾਇ ਕੈ ਭ੍ਰਮਾਇ ਸੇਲ ਮੇਲਤੇ ਬਗਲ[2] ਕੋਇ,
ਏਵ ਆਯੁਧਾਨ ਕੋ ਪ੍ਰਹਾਰਿ ਕੈ ਦਿਖਾਰਿਤੇ।
ਕਿਦਾਰ ਜੇ ਫਲਾਨ ਕੇ[3] ਲੁਟਾਇ ਦੀਨ ਕੇਤਨੇ[4],
ਬਹੋਰ ਬ੍ਰਿੰਦ ਬਾਹੁਰੇ ਅਨੰਦ ਭੂਰ ਧਾਰਤੇ[5]।
ਗੁਰੂ ਫਤੇ ਉਚਾਰਿਤੇ, ਸੁ ਰੂਪ ਕੋ ਨਿਹਾਰਤੇ,
ਸੁਭਾਗ ਕੋ ਬਿਚਾਰਤੇ[6] ਬਿਲੰਦ ਹੀ ਪ੍ਰਕਾਰਤੇ ॥੨੬॥

ਲਲਿਤਪਦ ਛੰਦ: ਸਕਟਨਾਲਕਾ[7] ਸ਼ੁਤਰਨਾਲਕਾ[8],
ਗੁਰੂ ਸੰਗ ਘੁੜਨਾਲੈਂ[9]।
ਤੋਪ, ਜੰਮੂਰ, ਜੰਜੈਲਨ, ਲਮਛੜ[10]
ਲਏ ਤੁਫੰਗਨ ਜਾਲੇ।
ਹੁਕਮ ਗੁਰੂ ਕੋ ਲੇ ਤਿਸ ਛਿਨ ਮਹਿਂ
ਜੇ ਪਦਾਂਤਿ ਅਸਵਾਰਾ।
ਸ਼ਲਖ[11] ਛੋਰਨੀ ਸ਼ੁਰੂ ਕਰੀ ਤਬਿ
ਭਯੋ ਅੰਧ ਧੁੰਧਕਾਰਾ ॥੨੭॥
ਮਨਹੁਂ ਬ੍ਰਿੰਦ ਹੀ ਗਾਜ ਗਾਜ ਕਰਿ

---

[1]ਦੇਖਣ ਲਗੇ:-ਵੈਨਤੇਯ ਯਾ ਗਰੁੜ ਵਜੂਹ ਦੀ ਰਚਨਾ, ਬੰਦੂਕ ਦੀ (ਚਾਂਦਮਾਰੀ), ਘੋੜੇ ਚੜ੍ਹਕੇ ਤੇ ਤੀਰ ਕਮਾਨ (ਦੀ ਨਿਸ਼ਾਨੇ ਬਾਜੀ ਆਦਿਕਾਂ ਦੀ) ਕਵਾਇਦ। [ਵੈਨਤੇਯ = ਸਨਾਤਨ ਕਵਾਇਦ ਵਿਚ ਸੈਨਾਂ ਨੂੰ ਖਾਸ ਖਾਸ ਸੂਰਤਾਂ ਦੇਕੇ ਵੰਡਿਆ ਕਰਦੇ ਸਨ, ਜਿਨ੍ਹਾਂ ਨੂੰ ਵਜੂਹ ਕਹਿੰਦੇ ਸਨ, ਸੈਨਾਪਤਿ ਵਿਚਕਾਹੇ ਹੁੰਦਾ ਸੀ। ਵਜੂਹਾਂ ਦੇ ਨਾਮ ਇਹ ਹਨ:-ਦੰਡ, ਵਰਾਹ, ਸ਼ਕਟ, ਮਕਰ, ਸੂਚੀ, ਚੱਕ੍ਰ, ਪਦਮ, ਬੱਜ੍ਰ, ਸ਼ਜੇਨ, ਮੰਡਲ, ਧੰਨੁ, ਬੈਨਤੇਯ (ਗਰੁੜ), ਸਰਵਤੋ ਭੱਦ੍ਰ। ਗਰੜ ਵਜੂਹ ਦੀ ਸ਼ਕਲ ਇਹ ਹੁੰਦੀ ਸੀ ਅਗੋਂ ਨੋਕਦਾਰ ਵਿਚੋਂ ਚੌੜੀ ਤੇ ਪਿਛਲਾ ਹਿੱਸਾ ਫੇਰ ਪਤਲਾ]।

[2]ਵਗਲਨਾ = ਪਿਛੋਂ ਦੀ ਆਕੇ ਗਿਰਦ ਫਿਰਕੇ ਅਗਾਹਾਂ ਲੰਘ ਜਾਣਾ ਤਾਂ ਜੋ ਪਹਿਲਾਂ ਅਟਕ ਜਾਵੇ। (ਅ) ਬਗ਼ਲ (ਕੱਛ) ਵੱਲ ਨੂੰ।

[3]ਖੇਤੀਆਂ ਫਲਾਂ ਦੀਆਂ।

[4]ਕਿਤਨਿਆਂ ਦੀਆਂ।

[5](ਫਲ ਲੁਟਣ ਤੋਂ) ਫਿਰ ਸਾਰੇ ਮੁੜੇ ਬਹੁਤ ਅਨੰਦ ਹੋਕੇ।

[6](ਗੁਰੂ ਦਰਸ਼ਨ ਦੇ) ਸੁਭਾਗ ਨੂੰ ਵਿਚਾਰਦੇ ਹਨ।

[7]ਗਡਿਆਂ ਪੁਰ ਲਦੀਆਂ ਤੋਪਾਂ।

[8]ਊਠਾਂ ਉਪਰਲੀਆਂ ਤੋਪਾਂ।

[9]ਘੋੜਿਆਂ ਉਪਰਲੀਆਂ ਤੋਪਾਂ।

[10]ਬੰਦੂਕ ਦੀਆਂ ਕਿਸਮਾਂ।

[11]ਇਕ ਵਾਰਗੀ ਬੰਦੂਕ ਆਦਿ ਦਾ ਛੋਡਨਾ।

ਗਿਰ ਪਰ ਗਿਰ ਗਨ ਜਾਨੀ[1]।
ਧੁਖੇ ਪਲੀਤੇ ਸ਼ਬਦ ਉਠ੍ਯੋ ਬਡ
ਸੁਨੀਅਹਿ ਕਛੂ ਨ ਕਾਨੀ।
ਕੇਤਿਕ ਚਿਰ ਲੌ ਸਤਿਗੁਰ ਠਹਿਰੇ
ਸ਼ਲਖ ਬ੍ਰਿੰਦ ਕਰਿਵਾਈ।
ਪੁਨ ਪੁਰਿ ਗਮਨੇ ਰਮਨੀ ਬੀਥਨਿ
ਦਰਸੈਂ ਲੋਗ ਲੁਗਾਈ[2] ॥੨੮॥
ਉਤਰੇ ਆਨਿ ਪ੍ਰਭੂ ਘਰਿ ਸੁੰਦਰ
ਚਿੱਤ੍ਰ ਬਚਿੱਤ੍ਰਤਿ ਹੇਮੂ[3]।
ਸਿਖ ਸੰਗਤਿ ਦਰਸਹਿਂ ਮਨ ਮੁਦਤਹਿਂ
ਪਾਇ ਜੋਗ ਅਰੁ ਛੇਮੂ।
ਨੌਬਤ, ਦੁੰਦਭਿ, ਸੰਖ, ਨਫੀਰੀ,
ਪਟਹਿ, ਢੋਲ, ਕਰਨਾਈ।
ਬਜਹਿ ਮ੍ਰਿਦੰਗ, ਰਬਾਬ ਸਤਾਰਨਿ,
ਗਾਵਹਿਂ ਪਾਇ ਵਧਾਈ ॥੨੯॥
ਗੁਨੀ ਕਵੀ ਕਰਿ ਸੁਜਸੁ ਕਵਿੱਤਨ
ਆਨਿ ਅਨੇਕ ਸੁਨਾਵੈਂ।
ਰੀਝੈਂ ਮੌਜ ਦੇਤਿ ਮਨ ਭਾਵਤਿ
ਲੇ ਕਰਿ ਉਰ ਹਰਖਾਵੈਂ।
ਉਤਸਵ ਭਯੋ ਸਭਿਨਿ ਸੁਖਦਾਇਕ
ਖਾਨ ਪਾਨ ਕਰਿ ਸੋਏ।
'ਜੁਗ ਲਗਿ ਰਾਜ ਥਿਰਹੁ ਸਤਿਗੁਰ ਕੋ'
ਕਹਿ ਅਸੀਸ ਸਭਿ ਕੋਏ ॥੩੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਦੁਸੈਹਰਾ ਉਤਸਵ' ਪ੍ਰਸੰਗ ਬਰਨਨੰ ਨਾਮ ਦੁਇ ਤ੍ਰਿੰਸਤੀ ਅੰਸੂ ॥੩੨॥

---
[1]ਬਿਜਲੀਆਂ ਗੱਜਕੇ ਪਹਾੜਾਂ ਉਪਰ ਗਿਰੀਆਂ ਸਭ ਨੇ ਜਾਣੀਆਂ।
[2]ਨਰ ਨਾਰੀਆਂ।
[3]ਭਾਵ ਸੁਨਹਿਰੀ।

## ੩੩. [ਮਾਤਾ ਜੀ ਨੂੰ ਸੰਤ ਦਰਸ਼ਨ]

੩੨<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੩੪

ਦੋਹਰਾ: ਸ਼੍ਰੀ ਗੁਰ ਗੋਬਿੰਦ ਸਿੰਘ ਜੀ, ਬਲੀ ਤਰੁਨ ਤਨ ਬੈਸ।
ਦਿਨ ਪ੍ਰਤਿ ਬ੍ਰਿੱਧਤਿ ਖਾਲਸਾ, ਦੂਜ ਚੰਦ ਨਭ ਜੈਸ ॥੧॥
ਚੌਪਈ: ਇਕ ਦਿਨ ਸ਼੍ਰੀ ਗੁਜਰੀ ਗੁਰ ਮਾਤਾ।
ਪ੍ਰਾਤ ਭਈ ਜਲ ਬਿਮਲ ਸਨਾਤਾ[1]।
ਪ੍ਰਥਮ ਪਾਠ ਕਰਿ ਜਪੁਜੀ ਕੇਰਾ।
ਅਪਰ ਪਢੀ ਗੁਰਬਾਨੀ ਫੇਰਾ ॥੨॥
ਪੁਨ ਸੁਖਮਨੀ ਪਾਠ ਕੋ ਕਰਿਤੇ।
ਸਹਿਜ ਸੁਭਾਇਕ ਸ਼੍ਰੀ ਗੁਰ ਫਿਰਤੇ।
ਸਾਦਰ ਤਬਿ ਹੀ ਨਿਕਟ ਬਿਠਾਏ।
ਆਪ ਪਠਤਿ ਬਾਨੀ ਚਿਤ ਲਾਏ ॥੩॥
ਚਹਤਿ ਸ਼੍ਰੇਯ ਵੈਰਾਗ ਉਪਾਈ[2]।
ਪਠਤਿ ਪਠਤਿ ਇਹ ਤੁਕ ਮੁਖ ਆਈ:-

ਸ੍ਰੀ ਮੁਖਬਾਕ:
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ॥੪॥

ਇਸ ਕੋ ਅਰਥ ਬਿਚਾਰਜੋ ਮਾਈ।
ਪੁਨਹਿੰ ਪੁੱਤ੍ਰ ਸੰਗ ਗਿਰਾ ਅਲਾਈ।
'ਹੇ ਸੁਤ ਸਭਿ ਥਲ ਗਜਾਤਾਵਾਨ!
ਹਾਥ ਬੱਦ੍ਰ ਸਮ ਬਿਦਤ ਜਹਾਨ[3] ॥੫॥
ਊਚ ਰੁ ਨੀਚ ਰੰਕ ਕੈ ਰਾਜਾ।
ਸਾਧ ਅਸਾਧ ਲਖਹੁ ਸਭਿ ਪਾਜਾ[4]।
ਇਨ ਤੁਕਹਨ ਮੈਂ ਜੋ ਭਿੱਪ੍ਰਾਯ[5]।
ਹਰਖ ਸ਼ੋਕ ਰਹਿਨੋ ਇਕ ਭਾਇ ॥੬॥
ਇਸ ਪ੍ਰਕਾਰ ਕੋ ਸੰਤ ਬਿਸਾਲਾ।
ਮੋ ਕਉ ਦਿਖਰਾਵਹੁ ਕਿਸ ਕਾਲਾ।
ਦੁੰਦਨ[6] ਮਹਿਂ ਜਿਸ ਬ੍ਰਿਤੀ ਸਮਾਨ।

---

[1]ਜਲ ਨਾਲ ਅਸ਼ਨਾਨ ਕੀਤਾ।
[2]ਭਾਵ ਵੈਰਾਗਵਾਨ ਹੋਕੇ ਮੁਕਤੀ ਦੀ ਇੱਛਾ ਕਰ ਰਹੀ ਹੈ।
[3]ਹੱਥ ਤੇ ਧਰੇ ਬੇਰ ਵਾਂਙੂ ਸਾਰਾ ਜਹਾਨ ਆਪ ਪਰ ਰੌਸ਼ਨ ਹੈ।
[4]ਸਾਰਿਆਂ ਦੇ ਪਾਜ ਨੂੰ ਜਾਣਦੇ ਹੋ।
[5]ਤਾਤਪਰਯ।
[6]ਦੁਖ ਸੁਖ, ਹਰਖ ਸ਼ੋਕ, ਮਾਨ ਅਪਮਾਨ ਆਦਿ ਜੋੜੇ।

ਮਾਨ ਅਮਾਨ, ਅਸੁਖ ਸੁਖ ਜਾਨ ॥੭॥
ਹਰਖ ਸ਼ੋਕ ਨਹਿਂ ਕਬਿ ਉਪਜੰਤਾ।
ਸਦਾ ਏਕਰਸ ਕੋ ਨਿਬਹੰਤਾ[1]।
ਜਿਸ ਕੀ ਐਸ ਅਵਸਥਾ ਹੋਇ।
ਬਡੇ ਸਾਹਿਬਨ ਬਰਨੀ ਜੋਇ[2]' ॥੮॥
ਉੱਜਲ ਅਰੁ ਬਡਭਾਗਾ ਮਾਤਾ।
ਕਹਜੋ 'ਦਿਖਾਵਹੁ ਤਿਸ ਸੱਖਜਾਤਾ।'
ਰੁਚਿਰ ਮਨੋਰਥ ਜਨਨੀ ਕੇਰਾ।
ਸੁਨਿ ਬੋਲੇ ਸਤਿਗੁਰ ਤਿਸ ਬੇਰਾ ॥੯॥
'ਅਸ ਪੁਰਸ਼ੋਤਮ ਸੰਤ ਸੁਚਾਲੀ[3]।
ਪਿਖਹੁ ਨਿਸੰਸੈ ਹੋਵਤਿ ਕਾਲੀ।
ਦਰਸ਼ਨ ਕਰਿ ਕੈ ਅਚਹੁ ਅਹਾਰਾ।
ਕਰਹੁ ਪ੍ਰਤੀਖਨ ਭਾਵ ਉਦਾਰਾ[4] ॥੧੦॥
ਐਸਨਿ ਕਹੁ ਰਚਿ ਕਰਿ ਕਰਤਾਰਾ।
ਲਖਹਿ ਸਫਲ ਸਿਰਜਨ ਜਗ ਸਾਰਾ।
ਸ਼ੇਖ, ਸਾਰਦਾ, ਬੇਦ, ਬਿਰੰਚ[5]।
ਕਰਿ ਨਸਕਹਿਂ ਜਿਹ ਮਹਿਮਾ ਰੰਚ[6] ॥੧੧॥
ਸਮਦਰਸੀ ਇਕ ਰਸ ਮਨ ਸ਼ਾਂਤਿ।
ਮਹਾਂਪੁਰਖ ਪੂਰਨ ਅਵਿਦਾਤਿ।
ਮਨਹੁਂ ਕਾਮਨਾ ਪੂਰਨ ਹੋਵਹੁ।
ਨਿਹਸੰਸੈ ਦਰਸ਼ਨ ਕੌ ਜੋਵਹੁ' ॥੧੨॥
ਇਮ ਕਹਿ ਸਤਿਗੁਰ ਬਾਹਿਰ ਆਏ।
ਜੇ ਸਭਿ ਸਿੱਖਨ ਕੌ ਸੁਖਦਾਏ।
ਮਾਤਾ ਭਈ ਪ੍ਰਸੰਨ ਮਹਾਨਾ।
-ਦੇਖਹੁ ਸੰਤ ਸੁ ਬ੍ਰਿਤੀ ਸਮਾਨਾ- ॥੧੩॥
ਉਤਕੰਠਾ[7] ਜਿਸ ਕੇ ਉਰ ਏਵੀ।

---

[1]ਭਾਵ ਬ੍ਰਿਤੀ ਨੂੰ ਇਕਰਸ ਰੱਖਦਾ ਹੋਵੇ।
[2]ਵਡੇ ਗੁਰੂ ਸਾਹਿਬਾਂ ਨੇ।
[3]ਸ੍ਰੇਸ਼ਟ ਰਹਿਣੀ ਵਾਲਾ।
[4]ਉਦਾਰ ਭਾਵਨਾ ਨਾਲ ਉਡੀਕੋ।
[5]ਸ਼ੇਸ਼ ਨਾਗ, ਸਰਸ੍ਵਤੀ ਵੇਦ ਤੇ ਬ੍ਰਹਮਾ......।
[6]ਥੋੜੀ ਬੀ।
[7]ਇੱਛਾ।

ਜਗਤਈਸ਼ ਕੀ ਜਨਨੀ ਦੇਵੀ।
ਪ੍ਰਥਮ ਮਿਲਜੋ ਸ਼੍ਰੀ ਨਾਨਕ ਸੰਗ।
ਭਾਈ ਬੁੱਢਾ ਸੁਮਤਿ ਉਤੰਗ ॥੧੪॥
ਗ੍ਯਾਨ ਅਵਸਥਾ ਬਿਖੈ ਅਰੂਢਾ।
ਪ੍ਰਾਪਤਿ ਭਯੋ ਪਰਮ ਪਦ ਗੂਢਾ।
ਖਟ ਪਤਿਸ਼ਾਹੀ ਲਗਿ ਜਗ ਰਹਜੋ।
ਸਤਿਗੁਰੁ ਚਲਿਤ ਬ੍ਰਿੰਦ ਕੋ ਲਹਜੋ ॥੧੫॥
ਜਿਸ ਕੇ ਬਾਕ ਮਿਟੈਂ ਨਹਿਂ ਕਿਸ ਤੇ।
ਉੱਤਮ ਅਪਰ ਕਹੋ ਕੋ ਤਿਸ ਤੇ।
ਤਿਸ ਕੀ ਕੁਲ ਕੋ ਭੂਖਨ ਭਯੋ।
ਨਾਮ ਸੁ ਰਾਮ ਕੁਇਰ ਜੋ ਥਿਯੋ ॥੧੬॥
ਜਨੁ ਦੀਪਕ ਤੇ ਦੀਪ ਜਗਾਯੋ।
ਗ੍ਯਾਨ ਅਵਸਥਾ ਮਹਿਂ ਦਿਪਤਾਯੋ।
ਸਿੱਖਨ ਮੁੱਖ੍ਯ ਸਤਿਗੁਰ ਘਰ ਕੇਰੇ।
ਜਿਨ ਕੀ ਸਮਤਾ ਅਪਰ ਨ ਹੇਰੇ ॥੧੭॥
ਹੁਤੋ ਸਮੈ ਤਿਸ ਅੰਮ੍ਰਿਤਸਰ ਜੀ।
ਲਖਜੋ ਬ੍ਰਿਤਾਂਤ ਸਰਬ ਗੁਰ ਘਰ ਜੀ।
ਦਸਵੇਂ ਪਾਤਸ਼ਾਹ ਮਨ ਕੇਰਾ।
-ਮਾਤਾ ਹਿਤ ਸੁ ਮਨੋਰਥ ਮੇਰਾ ॥੧੮॥
ਦਰਸ ਅਵੱਸ਼੍ਯ ਕਰਨਿ ਕਹੁ ਕਾਲੀ।
ਉਰ ਮਹਿਂ ਇੱਛਾ ਕੀਨਿ ਬਿਸਾਲੀ-।
ਗਈ ਨਿਸਾ ਪਰਿ ਕਰਿਤੇ ਤ੍ਯਾਰੀ[1]।
ਨਿਜ ਸੰਗਤਿ ਸੋਂ ਗਿਰਾ ਉਚਾਰੀ ॥੧੯॥
'ਭਏ ਪ੍ਰਭਾਤਿ ਅਨੰਦਪੁਰਿ ਜਾਨਾ।
ਮੁਝ ਪਸ਼ਚਾਤੀ ਕਰਹੁ ਪਯਾਨਾ।
ਮੈਂ ਏਕਾਂਕੀ ਸ਼ੀਘ੍ਰ ਸਿਧਾਊਂ।
ਦਰਸ਼ਨ ਸ਼੍ਰੀ ਸਤਿਗੁਰ ਕੋ ਪਾਊਂ ॥੨੦॥
[2]ਤੁਮ ਤੇ ਪਹੁੰਚਜੋ ਜਾਇ ਸੁ ਜਾਵਤਿ।
ਸ਼ੀਘ੍ਰ ਸਿਧਾਵਹੁ ਆਵਹੁ ਤਾਵਤ।'
ਇਮ ਕਹਿ ਰੈਨ ਬਿਖੈ ਪਰਿ ਸੋਏ।

---

[1]ਤਿਆਰੀ ਕਰਦਿਆਂ ਰਾਤ ਪੈ ਗਈ।
[2]ਜਿੰਨੀ ਛੇਤੀ ਤੁਹਾਥੋਂ ਪਹੁੰਚਿਆ ਜਾਵੇ ਉਤਨੀ ਛੇਤੀ ਤੁਰ ਪਓ ਤੇ ਆ ਜਾਵੋ।

ਭਈ ਪ੍ਰਭਾਤਿ ਜਾਗਿਬੋ ਹੋਏ ॥੨੧॥
ਕਰਿ ਇਸ਼ਨਾਨ ਪਾਠ ਜਪ ਕੀਨਾ।
ਪੁਨ ਗੁਰ ਦਰਸ਼ਨ ਕੌ ਮਨ ਦੀਨਾ।
ਭਯੋ ਤੁਰੰਗਨਿ ਪਰ ਆਰੂਢ।
ਚਲ੍ਯੋ ਬੇਗ ਜਿਸ ਆਸ਼ੈ ਗੂਢ ॥੨੨॥
ਕਹ੍ਯੋ ਸਭਿਨਿ ਸੋਂ 'ਆਵਹੁ ਮਿਲੇ।
ਮੁਖ ਅਨੰਦਪੁਰ ਦਿਸ਼ਿ ਕਰਿ ਚਲੇ।'
ਤੂਰਨ ਤੋਰਿ ਤੁਰੰਗਨਿ ਤਬੈ।
ਗਮਨੇ ਮਾਰਗ ਤਜਿ ਕਰਿ ਸਬੈ[1] ॥੨੩॥
ਸ਼ੀਘ੍ਰ ਸਾਥ ਮਗ ਚਲਤੇ ਚਲਤੇ।
ਭਾ ਮੱਧਜਾਨ ਭਾਨੁ ਕੁਛ ਢਲਤੇ।
ਕੋਸ ਪਚੀਸਕ ਪਹੁੰਚੇ ਜਾਇ।
ਪੈਂਡੇ ਦੂਰ ਰਹ੍ਯੋ ਪੁਰਿ ਥਾਂਇ ॥੨੪॥
ਇਤ ਸ਼੍ਰੀ ਗੁਜਰੀ ਪੁੰਨ ਮਹਾਨੀ।
ਉਠੀ ਪ੍ਰਾਤਿ ਕਰਿ ਮੱਜਨ ਪਾਨੀ।
ਜਪੁਜੀ ਆਦਿ ਪਾਠ ਕਰਿ ਬਾਨੀ।
ਬੈਠੀ ਪੁਨ ਪ੍ਰਤੀਖਨਾ ਠਾਨੀ ॥੨੫॥
ਪੁੱਤ੍ਰ ਬਾਕ ਪਰ ਨਿਸ਼ਚਾ ਲੀਏ।
ਭੋਜਨ ਜਲ ਅਚਿਬੋ ਨਹਿਂ ਕੀਏ।
ਉਤਕੰਠਤਿ[2] ਬੈਠੀ ਬਡਭਾਗਨ।
ਪੂਰਬ[3] ਸੰਤ ਪਿਖਿਨਿ ਅਨੁਰਾਗਨ ॥੨੬॥
ਬੀਤੇ ਜਬਹਿ ਜਾਮ ਜੁਗ ਬੈਸੇ।
ਸੁਤ ਢਿਗ ਪਠ੍ਯੋ ਦਾਸ ਕੋ ਐਸੇ।
'ਕਰ੍ਯੋ ਪ੍ਰਤੀਖਨ ਕਹੇ ਤੁਹਾਰੇ।
ਨਹਿਂ ਆਯੋ ਨਹਿਂ ਅਚ੍ਯੋ ਅਹਾਰੇ ॥੨੭॥
ਅਬਿ ਮੱਧਜਾਨ ਕਾਲ ਭੀ ਬੀਤਾ।
ਰਹਿ ਗ੍ਯੋ ਮੋਰ ਮਨੋਰਥ ਰੀਤਾ।
ਆਇ ਅਨੰਦਪੁਰਿ ਆਜ ਕਿ ਨਾਂਹੀ।
ਨਿਪੁਨ ਜਿ ਸੰਤ ਗਜਾਨ ਕੇ ਮਾਂਹੀ ॥੨੮॥

---

[1]ਸਾਰੇ (ਸਾਥੀਆਂ ਨੂੰ) ਛੱਡਕੇ ਰਸਤੇ ਪਏ।
[2]ਉਡੀਕਵਾਨ।
[3](ਅੰਨ ਛਕਣ ਤੋਂ) ਪਹਿਲੋਂ।

ਅਬਿ ਜਿਮ ਕਹਹੁ ਕਰਹਿਂ ਤਿਸ ਰੀਤਿ।'
ਸੁਨਿ ਬੋਲੇ ਸਤਿਗੁਰ ਮੁਦ ਚੀਤਿ।
'ਧੰਨ ਮਨੋਰਥ ਅਹੈ ਤੁਮਾਰਾ।
ਕਰੀ ਪ੍ਰਤੀਖਨ ਧੰਨ ਉਦਾਰਾ ॥੨੯॥
ਉਪਜਾਵਹੁ[1] ਅਹਾਰ ਰਸਵਾਰੇ।
ਮਧੁਰ ਸਲਵਣ ਅਨੇਕ ਪ੍ਰਕਾਰੇ।
ਕਰਿਵਾਵਹੁ ਸਭਿ ਬਿਧਿ ਕੀ ਤਯਾਰੀ।
ਸਰਲ ਪਰੋਸਹੁ ਥਾਲ ਮਝਾਰੀ ॥੩੦॥
ਜਬਿ ਸਭਿਹੂੰ ਬਿਧਿ ਇਹ ਕਰਿ ਲੈਹੋ।
ਤਾਤਕਾਲ ਹੀ ਦਰਸ਼ਨ ਪੈਹੋ।
ਨਹੀਂ ਬਿਲਮ ਅਬਿ ਆਵਨਿ ਮਾਂਹਿ।
ਤਯਾਰੀ ਕਰਹੁ ਭਾਵ ਧਰਿ ਤਾਂਹਿ' ॥੩੧॥
ਜਿਸ ਪ੍ਰਕਾਰ ਸ਼੍ਰੀ ਗੁਰ ਫੁਰਮਾਯੋ।
ਸੁਨਤਿ ਦਾਸ ਨੇ ਜਾਇ ਸੁਨਾਯੋ।
ਪਰਮ ਪ੍ਰਸੰਨ ਜਨਨਿ ਮਨ ਭਯੋ।
ਕਰਿਓ ਤਯਾਰ ਸੁ ਆਇਸੁ ਦਯੋ ॥੩੨॥
ਬਹੁ ਤੂਰਨ ਕਰਿ ਬਹੁ ਨਰ ਲਾਏ।
ਬਿੰਜਨ ਨਾਨਾ ਭਾਂਤਿ ਕਰਾਏ।
ਖਟਰਸ ਜੁਗਤ ਸ੍ਵਾਦ ਮਨ ਭਾਵਾ।
ਅਪਨ ਹਜ਼ੂਰ ਥਾਲ ਮਹਿਂ ਪਾਵਾ ॥੩੩॥
ਸਰਬ ਪ੍ਰਕਾਰਨਿ ਕਰਿ ਕੈ ਤਯਾਰੀ।
ਕਰਹਿ ਪ੍ਰਤੀਖਨ ਭਾਉ ਸੁ ਭਾਰੀ।
ਜਬਿ ਮੱਧਯਾਨ ਚਲਯੋ ਮਗ ਆਵਤਿ।
ਬੜਵਾ ਕੋ ਪ੍ਰੇਰਤਿ ਉਤਲਾਵਤ ॥੩੪॥
ਇਤ ਅਨੰਦਪੁਰਿ ਕੋ ਬਿਰਤਾਂਤ।
ਜਾਨਯੋਂ ਰਾਮਕੁਇਰ ਮਨ ਸ਼ਾਂਤਿ।
-ਪਹੁੰਚਯੋ ਜਾਇ ਨ ਅਜ਼ਮਤ ਬਿਨਾ।
ਬਿਨ ਪਹੁੰਚੇ ਮਿਥਯਾ ਹੁਇ ਜਨਾ[2] ॥੩੫॥
ਤਯੋਂ ਹੀ ਕਰਨਿ ਸਭਿਨਿ ਬਨ ਆਇ।
ਜਯੋਂ ਸਤਿਗੁਰ ਕੀ ਹੋਇ ਰਜਾਇ-।

---

[1]ਤਿਆਰ ਕਰੋ।
[2]ਭਾਵ ਵੇਲੇ ਸਿਰ ਅੱਪੜੇ ਬਿਨਾਂ ਜਾਣਾ ਬ੍ਰਿਥਾ ਹੋ ਜਾਊ।

ਅਸ ਮਨ ਜਾਨਿ ਛਿਨਕ ਮਹਿਂ ਆਵਾ।
ਸਤਿਗੁਰ ਕੇ ਪਗ ਸੀਸ ਨਿਵਾਵਾ ॥੩੬॥
ਬਾਰਿ ਬਾਰਿ ਅਭਿਬੰਦਨ ਕਰਿਹੀ।
ਪਰਮ ਪ੍ਰੇਮ ਤੇ ਰੂਪ ਨਿਹਰਿਹੀ।
ਕੁਸ਼ਲ ਬੂਝਿ ਗੁਰ ਸਾਦਰ ਭਾਖਾ।
'ਅਚਹੁ ਅਹਾਰ ਮਹਿਤ ਅਭਿਲਾਖਾ' ॥੩੭॥
ਦਾਸ ਏਕ ਕਰਿ ਦੀਨੋ ਸੰਗ।
ਗਏ ਮਾਤ ਕੇ ਮਹਿਲ ਉਤੰਗ।
ਕਰਜੋ ਹੁਤੋ ਤਬਿ ਥਾਲ ਸੁ ਤਜਾਰੀ।
ਰਾਮਕੁਇਰ ਪਹੁਂਚਜੋ ਸਿਖ ਭਾਰੀ ॥੩੮॥
ਮਾਤਾ ਕੇ ਪਾਇਨ ਪਰ ਪਰਜੋ।
ਪੂਰਨ ਜਾਂਹਿ[1] ਮਨੋਰਥ ਕਰਜੋ।
ਸੁੰਦਰ ਆਸਨ ਤਹਾਂ ਡਸਾਵਾ।
ਤਿਸ ਪਰ ਸਾਦਰ ਭਾਖਿ ਬਿਠਾਵਾ ॥੩੯॥
ਆਗੈ ਥਾਰ ਮਾਤ ਧਰਿ ਦੀਨਸਿ।
ਅਪਨੇ ਹਾਥ ਬੀਜਨਾ ਲੀਨਸਿ।
ਮੰਦ ਮੰਦ ਕਰਿ ਪੰਖ ਝੁਲਾਵਾ।
ਧਰੇ ਭਾਵ ਭੋਜਨ ਅਚਵਾਵਾ ॥੪੦॥
ਮਹਾਂ ਪੁਰਖ ਪੂਰਨ ਮਨ ਜਾਨੇ।
ਦਰਸ਼ਨ ਕਰਤਿ ਭਾਉ ਰਿਦ ਠਾਨੇ।
ਬੂਝਤਿ ਲਗੀ ਮਾਤ ਸਤਿ ਭਾਏ।
'ਆਜ ਕਹਾਂ ਤੇ ਚਲਿ ਕਰਿ ਆਏ?' ॥੧੪॥
ਰਾਮਕੁਇਰ ਅਚਿ ਭੋਜਨ ਸੋਈ।
ਬੋਲਜੋ ਹਾਥ ਜੋਰਿ ਕਰਿ ਦੋਈ।
'ਤਹਾਂ ਰਖੇ ਰਾਖੇ ਗੁਰ ਜਹਾਂ।
ਜਹਾਂ ਪਠਾਵਹਿ ਜਾਵਹਿਂ ਤਹਾਂ ॥੪੨॥
ਪੁਤਲੀ ਕੇ ਅਧੀਨ ਕਜਾ ਅਹੈ।
ਨਰ ਕੇ ਬਸ ਬਰਤੀ ਨਿਤ ਰਹੈ[2]।
ਜਥਾ ਕਰਾਇ ਤਥਾ ਸੋ ਕਰਿਹੀ।
ਤਿਮ ਸਤਿਗੁਰ ਕੇ ਹਮ ਅਨੁਸਰ ਹੀ ॥੪੩॥

---

[1]ਜਿਨ੍ਹਾਂ ਦਾ।
[2](ਪੁਤਲੀ ਖਿਲਾਵਨਹਾਰ) ਨਰ ਦੇ ਅਨੁਸਾਰ ਵਰਤਦੀ ਰਹਿੰਦੀ ਹੈ।

ਹਮ ਸੁਛੰਦ ਕੁਛ ਕਰਿ ਸਕਿ ਨਾਂਹੀ।
ਸਦਾ ਚਲਹਿਂ ਗੁਰ ਆਗਜਾ ਮਾਂਹੀ*।'
ਇਮ ਕਹਿ ਨਮਹਿ ਮਾਤ ਕੋ ਕਰਿ ਕੈ।
ਗੁਰ ਢਿਗ ਆਯੋ ਉਰ ਮੁਦ ਧਰਿ ਕੈ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਸ਼੍ਰੀ ਰਾਮਕੁਇਰ' ਪ੍ਰਸੰਗ ਬਰਨਨੰ ਨਾਮ ਤੇਤੀਸਮੋਂ ਅੰਸੂ ॥੩੩॥

*ਗੁਰੂ ਜੀ ਦੀ ਗੁਰੱਤ੍ਵ ਦਾ ਦਰਜਾ ਗਜਾਤ ਗੇਯ ਪੂਰਨ ਬ੍ਰਹਮ ਗਿਆਨੀ ਤੋਂ ਬੀ ਉੱਚਾ ਹੈ, ਇਹ ਗਲ ਭਾਈ ਰਾਮਕੌਰ ਜੀ ਨੇ ਇਥੇ ਸਪਸ਼ਟ ਕਰਕੇ ਮਾਤਾ ਜੀ ਨੂੰ ਲਿਖਾਈ ਹੈ।

## ੩੪. [ਕੜਾਹ ਦੀ ਲੁੱਟ। ਭਾਈ ਰਾਮਕੁਇਰ ਜੀ]

੩੩<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੩੫

ਦੋਹਰਾ: ਬੈਠਯੋ ਸ਼੍ਰੀ ਸਤਿਗੁਰ ਨਿਕਟ, ਰਾਮਕੁਇਰ ਸ਼ੁਭ ਸੰਤ।
ਸਿੱਖੀ ਕੀ ਲਛਮੀ ਮਹਾਂ, ਜਿਨ ਕੇ ਦਿਪਤ ਅਨੰਤ[1] ॥੧॥

ਚੌਪਈ: ਸ਼੍ਰੀ ਗੁਰ ਕੁਸ਼ਲ ਪ੍ਰਸ਼ਨ ਕਰਿ ਸਾਰੇ।
ਕ੍ਰਿਪਾ ਦ੍ਰਿਸ਼ਟਿ ਤੇ ਬਹੁ ਸਤਿਕਾਰੇ।
'ਗੁਰ ਸਿੱਖੀ ਕੇ ਤੁਮ ਆਧਾਰੇ।
ਪਾਇ ਸੁਮਗ ਨਰ ਅਧਿਕ ਉਧਾਰੇ ॥੨॥
ਗੁਰ ਸਿੱਖੀ ਸਾਗਰ ਬਿਨੁ ਪਾਰੀ[2+]।
ਸ਼ਰਧਾ ਕੋ ਨਿਸ਼ਚਾ ਬਰ ਬਾਰੀ[3]।
ਸੱਤਜਨਾਮ ਸਿਮਰਨੋ ਨਿਰੰਤਰ।
ਨਿਸ ਦਿਨ ਉਠਹਿਂ ਤਰੰਗ ਸੁ ਅੰਤਰ[4] ॥੩॥
ਹਉਮੈ ਸੁਰਤ ਬਿਸਾਰਨ ਕਰਨੀ[5]।
ਇਹ ਪਾਵਨਤਾ[6] ਜਿਸ ਮਹਿਂ ਬਰਨੀ।
ਪਰਮੇਸ਼ੁਰ ਕੋ ਕ੍ਰਿਤ ਭਲ ਭਾਵੈ[7]।
ਸਦਾ ਅਗਾਧਪਨੋ ਦਰਸਾਵੈ ॥੪॥
ਸ਼੍ਰੀ ਨਾਨਕ ਅਰ ਦਸਮ ਸਰੂਪ।
ਦਿਢ ਬੇਲਾ[8] ਦ੍ਵੈ ਲਖਹੁ ਅਨੂਪ।
ਸਮ ਦਮ ਦਯਾ ਧਰਮ ਸੁਚ ਸ਼ਾਂਤੀ।
ਰਹਤਿ ਰਾਖਣੀ ਗੁਰਮਤਿ ਭਾਤੀ[9] ॥੫॥
ਛਿਮਾ, ਸੌਚਤਾ, ਮੁਦਿਤਾ, ਪ੍ਰੀਤ।
ਇਹ ਨਦ ਨਦੀ ਮਿਲਹਿਂ ਜਿਸ ਨੀਤ।
ਸਿੱਖ ਸੰਤ ਜਲਜੰਤੁ ਅਪਾਰਾ।
ਮੀਨ ਆਦਿ ਜੇ ਅਹੈਂ ਉਦਾਰਾ ॥੬॥

---

[1]ਬਿਅੰਤ ਸਿੱਖੀ ਦੀ ਸ਼ੋਭਾ।
[2]ਗੁਰ ਸਿੱਖੀ ਸਮੁੰਦਰ ਹੈ ਬਿਨਾ ਪਾਰ ਤੋਂ ਭਾਵ ਅਪਾਰ।
[+]ਪਾ:-ਗੁਰਮੁਖ ਸਿਖੀ ਸਿੰਧੁ ਅਪਾਰੀ।
[3]ਸ੍ਰੇਸ਼ਟ ਜਲ।
[4](ਉਸ ਸਮੁੰਦਰ) ਵਿਚ ਨਿਸਦਿਨ ਨਾਮ ਜਪਣਾ ਮਾਨੋਂ ਤ੍ਰੰਗ ਉੱਠਣੇ ਹਨ।
[5]ਹੰਗਤਾ ਦੀ ਸੁਰਤ ਦਾ ਭੁਲਾਵਣਾ।
[6]ਭਾਵ ਇਹ ਪਵਿੱਤ੍ਰਤਾ ਹੈ।
[7]ਪਰਮੇਸੁਰ ਦੀ ਕ੍ਰਿਤ ਭਲੀ ਭਾਵਣੀ ਭਾਵ ਭਾਣਾ ਮੰਨਣਾ।
[8]ਕਿਨਾਰੇ। (ਅ) ਨਦੀ ਦੇ ਦੋਹਾਂ ਕਿਨਾਰਿਆਂ ਦੇ ਜੰਗਲ।
[9]ਗੁਰਮਤਿ ਅਨਕੂਲ ਰਹਿਤ ਰੱਖਣੀ।

ਨਰਕ ਤਪਤ ਜਿਨ ਕਉ ਕਬਿ ਨਾਂਹੀ।
ਦੁਖ ਸੁਖ ਮਹਿ ਜੋ ਤਜਿ ਨ ਸਕਾਹੀਂ।
ਅਸ ਗੁਰ ਸਿੱਖੀ ਜਲਧ ਸਕਾਸਾ[1]।
ਬੰਸ ਤੁਮਾਰੋ ਚੰਦ ਪ੍ਰਕਾਸ਼ਾ ॥੭॥
ਦੋਹਰਾ: ਬੁੱਢਾ ਭਯੋ ਮਹਾਤਮਾ, ਛੁਯੋ ਬਿਕਾਰ ਨ ਲੇਸ਼।
ਸਦਾ ਏਕ ਰਸ ਮਹਿਂ ਰਹ੍ਯੋ, ਅਪਰਨ ਹਤੇ ਕਲੇਸ਼[2]*' ॥੮॥
ਚੌਪਈ: ਰਾਮਕੁਇਰ ਸੁਨਿ ਬੰਸ ਬਡਾਈ।
ਮਸਤਕ ਟੇਕ੍ਯੋ ਗ੍ਰੀਵ ਨਿਵਾਈ।
ਮਨਹੁਂ ਲਾਜ ਕੋ ਭਾਰ ਉਦਾਰਾ[3]।
ਸਹ੍ਯੋ ਨ ਜਾਇ, ਖਿਰ੍ਯੋ ਬਲ ਭਾਰਾ[4] ॥੯॥
ਇਮ ਕਰਿ ਕੈ ਸਨਮਾਨ ਘਨੇਰਾ।
ਦੀਨਸਿ ਸ਼ੁਭ ਮੰਦਿਰ ਮਹਿਂ ਡੇਰਾ।
ਦਿਵਸ ਚਾਰ ਮਹਿਂ ਸੰਗਤਿ ਸਾਰੀ।
ਪ੍ਰਾਪਤਿ ਭਈ ਸ਼੍ਰਮਤਿ ਹੁਇ ਭਾਰੀ ॥੧੦॥
ਸਤਿਗੁਰ ਦਰਸਹਿਂ ਧਰਹਿਂ ਉਪਾਇਨ।
ਸੀਸ ਨਿਵਾਵਹਿਂ ਕੋਮਲ ਪਾਇਨ।
ਸਨੇ ਸਨੇ ਡੇਰਾ ਕਰਿ ਦੀਨਸਿ।
ਸ਼੍ਰਮ ਮਾਰਗ ਨਿਰਬਿਰਤੀ ਕੀਨਸਿ ॥੧੧॥
ਰੈਨ ਸੈਨ ਕਰਿ ਚੈਨ[5] ਸਮੇਤੇ।
ਜਾਗੇ ਅੰਮ੍ਰਿਤ ਸਮੈਂ ਭਏ ਤੇ।
ਸਤੁੱਦ੍ਰਵ ਸੁੰਦਰ ਸੀਤਲ ਨੀਰ।
ਸੌਚ ਸ਼ਨਾਨਹਿਂ ਸਰਬ ਸਰੀਰ ॥੧੨॥
ਜਪੁਜੀ ਆਦਿ ਪਠਤਿ ਗੁਰਬਾਨੀ।
ਸੱਤਿਨਾਮ ਸਿਮਰਹਿਂ ਅਘ ਹਾਨੀ।
ਸਨੇ ਸਨੇ ਚਲਿ ਪੁਰਿ ਮਹਿਂ ਆਏ।

---

[1]ਐਸੇ ਗੁਰਸਿੱਖੀ (ਰੂਪੀ) ਸਮੁੰਦਰ ਦੇ ਪਾਸ...... [ਸੰਸ:, ਸਕਾਸ਼ = ਪਾਸ, ਕੋਲ]।
[2]ਹੋਰਨਾਂ (ਸਿੱਖਾਂ) ਦੇ ਕਲੇਸ਼ ਦੂਰ ਕੀਤੇ।
*ਪਾ:-ਸਦਾ ਰਹਿਤ ਗੁਰ ਚਰਨ ਲਗਿ ਤਜਾਗੇ ਸਕਲ ਕਲੇਸ਼।
[3]ਬਹੁਤ।
[4]ਰਾਮਕੁਇਰ ਨੇ ਗਿੱਚੀ ਨਿਵਾਈ ਹੈ ਉਸ ਦਾ ਰੂਪਕ ਬੰਨ੍ਹਦੇ ਹਨ ਕਿ ਮਾਨੋਂ ਆਪਣੀ ਕੁਲ ਦੀ ਉਸਤਤ ਸੁਣਨੀ ਇਕ ਲੱਜਿਆ ਦਾ ਭਾਰੀ ਬੋਝ ਸੀ ਜੋ ਸਹਾਰਿਆ ਨਹੀਂ ਗਿਆ ਤੇ ਉਸ ਭਾਰ ਨੇ ਧੌਣ ਮੱਥਾ ਟੇਕਣ ਵਿਚ ਨਿਵਾ ਦਿੱਤੀ।
[5]ਆਰਾਮ।

ਰਾਮਕੁਇਰ ਕੇ ਸੰਗ ਸੁਹਾਏ ॥੧੩॥
ਤਿਮ ਸਤਿਗੁਰ ਕਰਿ ਸੌਚ ਸ਼ਨਾਨ।
ਆਇ ਬਿਰਾਜੇ ਸਭਾ ਸਥਾਨ।
ਸਕਲ ਸਿੱਖ ਤੈਸੇ ਚਲਿ ਆਏ।
ਦਰਸਹਿਂ ਸਤਿਗੁਰ ਸੀਸ ਨਿਵਾਏ ॥੧੪॥
ਰਾਮ ਕੁਇਰ ਲੇ ਸੰਗਤਿ ਸਾਰੀ।
ਜਾਇ ਨਮੋ ਗੁਰ ਚਰਨ ਅਗਾਰੀ।
ਜਥਾ ਕ੍ਰਮ ਸੁ ਬੈਠੇ ਗੁਰ ਪਾਸ।
ਦਰਸ਼ਨ ਦਰਸਹਿਂ ਮੋਦ ਪ੍ਰਕਾਸ਼ਿ ॥੧੫॥
ਤਬਿ ਅਰਦਾਸੀ ਓਰ ਨਿਹਾਰਜੋ।
ਮਹਾਂਰਾਜ ਗੁਰ ਬਾਕ ਉਚਾਰਜੋ।
'ਆਗਜਾ ਕੋਸ਼ਪ ਨਿਕਟ ਪਠਾਵਹੁ।
ਏਕ ਹਜ਼ਾਰ ਰਜਤਪਣ ਲਜਾਵਹੁ ॥੧੬॥
ਸਭਿ ਕੋ ਪੰਚਾਂਮ੍ਰਿਤ ਕਰਿਵਾਇ।
ਹੁਇ ਤਯਾਰ ਆਨਹੁਂ ਸਹਿਸਾਇ।'
ਸੁਨਿ ਕੈ ਗਯੋ ਕ੍ਰਿੱਤ ਸਭਿ ਕਰਿ ਕੈ[1]।
ਲਜਾਵਤਿ ਭਯੋ ਸ਼ੀਘ੍ਰਤਾ ਧਰਿ ਕੈ ॥੧੭॥
ਪੁਨਹਿਂ ਸਿੱਖ ਸਗਰੇ ਬੁਲਵਾਏ।
ਸੁਨਿ ਸੁਨਿ ਆਨਿ ਮਿਲਹਿਂ ਇਕ ਥਾਏਂ।
ਸ਼੍ਰੀ ਸਤਿਗੁਰ ਕੇ ਪਗ ਕਰਿ ਬੰਦਨ।
ਬੈਠੈਂ ਦਰਸਤਿ ਹ੍ਵੈ ਅਭਿਨੰਦਨ[2] ॥੧੮॥
ਰਾਮ ਕੁਇਰ ਸੰਗਤਿ ਜੁਤਿ ਤਹਾਂ।
ਪੂਰਨ ਸਭਾ ਭਈ ਸੁਖ ਮਹਾਂ।
ਪਾਤਿਸ਼ਾਹ ਦਸਵੇਂ ਗੁਰ ਸੋਹੈਂ।
ਬਿਗਸਾਵਤਿ ਮੁਖ ਕਮਲ ਮਨੋ ਹੈਂ ॥੧੯॥
ਕ੍ਰਿਪਾ ਸਨੇ ਬਰ ਬੋਲਤਿ ਬੋਲ।
[3]ਕੁੰਡਲ ਡੋਲ ਕਪੋਲਨਿ ਲੋਲ।
ਦੇਖਿ ਦੇਖਿ ਸਿਖ ਜੀਵਤਿ ਮਾਨੋਂ[2]।
ਮਿਟਹਿਂ ਪਾਪ ਦੁਖ ਦੋਖ ਮਹਾਂਨੋ ॥੨੦॥

---

[1]ਸਾਰਾ (ਕੜਾਹ ਪ੍ਰਸ਼ਾਦ ਦਾ) ਕੰਮ ਕਰਕੇ।
[2]ਪ੍ਰਸੰਨ ਹੋ ਹੋਕੇ।
[3]ਸੁੰਦਰ ਗੱਲ੍ਹਾਂ ਤੇ ਕੁੰਡਲਾਂ ਦੀ ਡੋਲ ਵੇਖ ਵੇਖਕੇ ਸਿਖ ਜੀਉਂਦੇ ਹਨ ਮਾਨੋਂ।

ਪਿਖ੍ਯੋ ਤਿਹਾਵਲ ਕੀ ਦਿਸ਼ਿ ਫੇਰ।
ਆਗਜ਼ਾ ਦੇਤਿ ਭਏ ਤਿਸ ਬੇਰ।
'ਲੂਟ ਲੇਹੁ ਸਭਿ ਕਰਹੁ ਅਹਾਰਾ।'
ਕਹਤਿ ਉਠੇ ਸਤਿਗੁਰ ਦਰਬਾਰਾ ॥੨੧॥
ਮਹਿਲਨਿ ਬਿਖੈ ਬਿਰਾਜੇ ਜਾਇ।
ਪਾਛੇ ਉਠੇ ਸਿੰਘ ਸਹਿਸਾਇ।
ਕਰਹਿਂ ਸ਼ੀਘ੍ਰਤਾ ਲੂਟ ਮਚਾਈ।
ਲੇ ਲੇ ਜਾਹਿਂ ਤਹਾਂ ਸਮੁਦਾਈ ॥੨੨॥
ਜਿਤੋ ਜਿਤੋ ਜਿਸ ਜਿਸ ਨੇ ਲੀਨਸਿ।
ਡੇਰੇ ਜਾਇ ਸੁ ਖੈਬੋ ਕੀਨਸਿ।
ਦੁਇ ਤ੍ਰੈ ਚਹੁਂ ਕੋ ਜਿਤਿਕ ਅਹਾਰੇ।
ਇਕ ਇਕ ਲੇ ਗਮਨਜੋਂ ਬਲ ਭਾਰੇ ॥੨੩॥
ਲੂਟਤਿ ਅਧਿਕੈਂ ਰੌਰ ਮਚਾਵਾ।
ਦੂਰ ਦੂਰ ਲੌ ਬਹੁ ਸੁਨਿ ਪਾਵਾ।
ਰਾਮਕੁਇਰ ਪਿਖਿ ਕੈ ਗੁਰ ਤੌਰ[1]।
ਅੰਤਰਮੁਖੀ ਭਯੋ ਜਿਸ ਠੌਰ ॥੨੪॥
ਬ੍ਰਿਤੀ ਸੰਕੋਚੀ ਕੂਰਮ ਨਜਾਈ[2]।
ਬੈਠਜੋ ਅਚਲ ਸਮਾਧਿ ਲਗਾਈ।
ਨਹਿਂ ਲੂਟਨ ਕੀ ਦਿਸ਼ਾ ਨਿਹਾਰਜੋ।
ਸ਼੍ਰੀ ਗੁਰ ਕੋ ਕੁਛ ਖਜ਼ਾਲ ਬਿਚਾਰਯੋ ॥੨੫॥
ਰਾਮਕੁਇਰ ਕੀ ਸੰਗਤਿ ਜੋਇ।
ਅਪਨੇ ਗੁਰ ਕੀ ਗਤਿ ਕੋ ਜੋਇ।
ਰੋਕਿ ਰਿਖੀਕਨਿ ਬੈਠੇ ਰਹੇ।
ਉਠੇ ਨ ਹਾਲੇ[3], ਬਾਕ ਨ ਕਹੇ ॥੨੬॥
ਜਜੋਂ ਕੇ ਤਜੋਂ ਟਿਕ ਰਹੇ ਬਿਚਾਰੇ।
ਅਪਰ ਸਿੱਖ ਲੇ ਗਮਨੇ ਸਾਰੇ।
ਬੀਤ ਗਯੋ ਪੁਨ ਕੇਤਿਕ ਕਾਲ।
ਰਾਮ ਕੁਇਰ ਤਨ ਭਈ ਸੰਭਾਲ ॥੨੭॥
ਖੋਲਿ ਬਿਲੋਚਨ ਨਿਜ ਸਿਖ ਹੇਰੇ।

---

[1]ਸੁਭਾਉ ਨੂੰ।
[2]ਕਛੂ ਵਾਂਗੂ ਜਿਵੇਂ ਉਹ ਹੱਥ ਪੈਰ ਸੰਕੋਚ ਲੈਂਦਾ ਹੈ।
[3]ਨਾ ਉੱਠੇ ਨਾ ਹਿੱਲੇ।

ਉਠਿ ਗਮਨਜੋਂ ਪ੍ਰਾਪਤਿ ਭਾ ਡੇਰੇ।
ਪ੍ਰਚੁਰਿ[1] ਪ੍ਰਸੰਗ ਸਕਲ ਮਹਿਂ ਭਯੋ।
'ਨਹੀਂ ਤਿਹਾਵਲ ਲੂਟਨ ਕਿਯੋ ॥੨੮॥
ਸੰਗਤਿ ਸਹਿਤ ਧੀਰ ਕੋ ਧਾਰੇ।
ਰਹੇ ਸਥਿਤ ਨਹਿਂ ਹਾਥ ਨਿਕਾਰੇ।'
ਸ਼੍ਰੀ ਗੁਜਰੀ ਸੁਨਿ ਸ਼੍ਰੋਣ ਮਝਾਰੀ।
-ਦੁਖ ਸੁਖ ਮਹਿਂ ਸਮ ਬ੍ਰਿਤੀ ਬਿਚਾਰੀ ॥੨੯॥
-ਕੰਚਨ ਮਾਟੀ ਸਮ ਹੈ ਜਿਨ ਕੇ।
ਅਲਪ ਬਾਤਿ ਇਹ ਕਹਾ ਹੈ ਤਿਨ ਕੇ-।
'ਧੰਨ੍ਯ ਧੰਨ੍ਯ' ਮਾਤਾ ਜੀ ਕਹੈਂ।
-ਇਹ ਬ੍ਰਿਤਿ ਬਡ ਭਾਗਨ ਤੇ ਲਹੈਂ ॥੩੦॥
ਪਰਮੇਸ਼ੁਰ ਕੀ ਮੂਰਤਿ ਸੋਈ।
ਹਰਖ ਸ਼ੋਕ ਬਿਨਸੇ ਜਿਨ ਦੋਈ-।
ਮਹਿਮਾ ਮਹਾਂ ਮਾਨਿ ਮਨ ਮਾਂਹੀ।
ਅਪਨ ਸਮੀਪਨਿ ਸਾਥ ਸਰਾਹੀਂ[2] ॥੩੧॥
ਬੀਤ ਗਯੋ ਦਿਨ ਨਿਸ ਇਸ ਭਾਂਤੀ।
ਸੌਚ ਸ਼ਨਾਨਹਿਂ ਪੁਨਹਿਂ ਪ੍ਰਭਾਤੀ।
ਬੈਠੇ ਸਤਿਗੁਰ ਲਾਇ ਦਿਵਾਨ।
ਬੰਦਹਿਂ ਚਰਨ ਕਮਲ ਸਿਖ ਆਨਿ ॥੩੨॥
ਰਾਮ ਕੁਇਰ ਸਹਿ ਸੰਗਤਿ ਆਵਾ।
ਕਰਿ ਪਗ ਨਮੋ ਬੈਠਿ ਹਰਖਾਵਾ।
ਸਤਿਗੁਰ ਦਰਸ਼ਨ ਪ੍ਰੇਮ ਮਹਾਨੇ।
ਦਿਵਸ ਜਾਮਨੀ ਜਿਨ ਕੋ ਧ੍ਯਾਨੇ ॥੩੩॥
ਸਭਿ ਘਟਿ ਘਟਿ ਕੀ ਗ੍ਯਾਤਾਵਾਰੇ।
ਪਿਖਿ ਸੰਗਤਿ ਕੌ ਬਾਕ ਉਚਾਰੇ।
'ਕ੍ਯੋਂ ਕਰਾਹੁ ਤੁਮ ਲੀਨਹੁਂ ਨਾਂਹੀ?
ਰਹੀ ਰਿਦੇ ਮਹਿਂ ਸ੍ਵਾਦਨ ਚਾਹੀ[3] ॥੩੪॥
ਸਮ ਚਿਤ ਰਾਮ ਕੁਇਰ ਦਿਸ਼ਿ ਦੇਖਿ।
ਤੁਮ ਕ੍ਯੋਂ ਕੀਨਸਿ ਦੰਭ ਵਿਸ਼ੇਖ?

---

[1]ਖਿਲਰ ਗਿਆ।
[2](ਮਾਤਾ ਜੀ) ਆਪਣੀਆਂ ਨਿਕਟ ਵਰਤੀ (ਬੀਬੀਆਂ) ਪਾਸ ਸਲਾਹੁਤ ਕਰਦੇ ਹਨ (ਰਾਮ ਕੌਰ ਜੀ ਦੀ)।
[3]ਤੁਹਾਡੇ ਰਿਦੇ ਵਿੱਚ ਸਵਾਦਾਂ ਦੀ ਚਾਹ ਰਹੀ (ਜੇ ਖਾ ਲੈਂਦੇ ਤਾਂ ਪੂਰੀ ਹੋ ਜਾਂਦੀ)।

ਇਕ ਤੌਂ ਹਮਰੀ ਆਗਜਾ ਭਈ।
ਦੁਤੀਏ ਬਾਂਛਤਿ ਬਿਧਿ ਨਿਰਮਈ[੧] ॥੩੫॥
ਤਊ ਤੁਮਹੁਂ ਨੇ ਦੰਭ ਕਮਾਵਾ।
ਜਿਸ ਤੇ ਮਨ ਕੋ ਨਹਿਂ ਨ ਥਿਰਾਵਾ[੨]।
ਯਾਂ ਤੇ ਤੁਮਰੇ ਮੇਲ ਮਝਾਰੀ।
ਹੁਇ ਪਖੰਡ ਕੋ ਬਾਸਾ ਭਾਰੀ ॥੩੬॥
ਜਿਸ ਕਲਜੁਗ ਤੇ ਡਰ ਉਰ ਚੀਨ।
ਰਾਮ ਕੁਇਰ ਨਹਿਂ ਲੂਟਨਿ ਕੀਨਿ।
ਸਭਿ ਲੋਕਨ ਕੋ ਜੋ ਕਲਿਕਾਲ।
ਪ੍ਰਵਿਸ਼ਹਿ ਪੌਰਨ ਮਾਰਗਿ ਚਾਲ[੩] ॥੩੭॥
ਸੋ ਇਨ ਕੈ ਪਹੁਂਚੈ ਇਸ ਭਾਇ।
ਫਾਂਧਹਿ ਕੋਟਨ ਕੋ ਪ੍ਰਵਿਸ਼ਾਇ[੪]।
ਕਿਮ ਬਚਾਉ ਨਹਿਂ ਬਨਹਿਂ ਤੁਮਾਰੇ।
ਕਲਜੁਗ ਬਰਤੈ ਇਸੀ ਪ੍ਰਕਾਰੇ' ॥੩੮॥
ਰਾਮ ਕੁਇਰ ਸੁਨਿ ਕੈ ਗੁਰ ਬਾਨੀ।
ਹਾਥ ਜੋਰਿ ਕਰਿ ਬਿਨੈ ਬਖਾਨੀ।
-ਹਮਰੇ ਘਰ ਕਲਿ ਕਾਲ ਪ੍ਰਤਾਪੂ।
ਹੁਇ ਪ੍ਰਵਿਸ਼ਨ- ਇਹੁ[੫] ਬਖਸ਼ਹੁ ਆਪੂ ॥੩੯॥
ਪਰਾਲਬਧ ਕੋ ਓਰਕ ਹੋਹੀ[੬]।
ਤਨ ਕੋ ਤਜਾਗਨ ਹ੍ਵੈ ਜਬਿ ਮੋਹੀ।
ਕਿਤਿਕ ਕਾਲ ਤਿਸ ਕੇ ਪਸ਼ਚਾਤੀ।
ਸਭਿ ਜਗ ਮਹਿਂ ਬਿਥਰਹਿ ਬੱਖਜਾਤੀ ॥੪੦॥
ਮਮ ਸੁਤ ਕੇ ਜਬਿ ਸੁਤ ਉਪਜਾਇ।
ਤਬਿ ਤੁਮ ਵਾਕ ਫੁਰਹੁ ਸਤਿ ਭਾਇ।'
'ਏਵ ਮਸਤ' ਪੁਨ ਗੁਰੂ ਬਖਾਨੀ।
ਨਿਜ ਸਿਖ ਕੀ ਬਾਨੀ ਕਹੁ ਮਾਨੀ ॥੪੧॥

---

[੧]ਦੂਜੇ ਵਿਧੀ ਮਨ ਅਨਕੂਲ ਸੀ ਭਾਵ ਕੜਾਹ ਖਾਣਾ ਪਸਿੰਦ ਦਾ ਕੰਮ ਸੀ ਕੋਈ ਦੁਖ ਤਸੀਹੇ ਦਾ ਕੰਮ ਨਹੀਂ ਸੀ।
[੨]ਜਿਸ (ਦੰਭ) ਕਰਕੇ ਮਨ ਭੀ ਨਹੀਂ ਟਿਕਿਆ।
[੩]ਦਰਵਾਜ਼ਿਆਂ ਥਾਣੀ ਚੱਲਕੇ ਪ੍ਰਵੇਸ਼ ਕਰਦਾ ਹੈ।
[੪]ਕਿਲਿਆਂ ਤੋਂ ਛਾਲਾਂ ਮਾਰਕੇ ਪ੍ਰਵੇਸ਼ ਕਰੇਗਾ।
[੫]ਕਲਜੁਗ ਦੇ ਪ੍ਰਵੇਸ਼ ਹੋਣ ਦਾ ਇਹ (ਵਾਕ)।
[੬](ਮੇਰੀ) ਪਰਾਲਬਧ ਦਾ ਅੰਤ ਜਦ ਹੋਵੇਗਾ ਭਾਵ ਜਦੋਂ ਮੇਰਾ ਸਰੀਰ ਛੁਟੇਗਾ।

ਰਾਮ ਕੁਇਰ ਕੇ ਭਾ ਜਬਿ ਪੋਤਾ।
ਤਬਿ ਇਨ ਕੇ ਘਰ ਕਲੀ ਉਦੋਤਾ।
ਕਰੇ ਕੁਕਰਮ ਜਗਤ ਮਹਿਂ ਜਾਨਿਯ।
ਬਹੁਰ ਬੰਸ ਬਿਨਸਜੋ ਪਹਿਚਾਨਿਯ ॥੪੨॥ {ਵਿਸ਼ੇਸ਼ ਟੂਕ}
ਨਹਿਂ ਤਬਿ ਰਾਮਕੁਇਰ ਨੇ ਕਹਜੋ।
ਨਹਿਂ ਗੁਰ ਤੇ ਬਖਸ਼ਾਵਨਿ ਚਹਜੋ।
ਇਸ ਪ੍ਰਕਾਰ ਨਹਿਂ ਅਰਜ਼ ਗੁਜ਼ਾਰੀ।
ਜਿਨ ਕੀ ਮਤਿ ਸਤਿਗੁਰ ਅਨੁਸਾਰੀ ॥੪੩॥
ਇਸ ਪ੍ਰਕਾਰ ਸਤਿਗੁਰ ਸੁ ਬਿਲਾਸ।
ਕਰਤਿ ਅਨੰਦ ਪੁਰੇ ਸੁ ਪ੍ਰਕਾਸ਼।
ਸੁਨਿ ਸੁਨਿ ਆਵਹਿਂ ਸਿੱਖ ਅਨੇਕ।
ਸੇਵਹਿਂ ਦਰਸਹਿਂ ਲਹੈਂ ਬਿਬੇਕ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸ਼੍ਰੀ ਰਾਮਕੁਇਰ ਸਾਖੀ' ਪ੍ਰਸੰਗ ਬਰਨਨੰ ਨਾਮ ਚੌਤੀਸਮੋ ਅੰਸੂ ॥੩੪॥

{ਵਿਸ਼ੇਸ਼ ਟੂਕ} ਇਸ ਵੇਲੇ ਦੀ ਸਤਿਗੁਰਾਂ ਦੀ ਰੂਹਾਨੀ ਰਮਜ਼ ਜ਼ਰਾ ਡੂੰਘੇਰੀ ਸ਼ੈ ਹੈ। ਸਾਹਿਬ ਰਾਮਕੌਰ ਜੀ ਨੇ ਜੋ ਕੜਾਹ ਨਹੀਂ ਲੁਟਿਆ ਇਸ ਵਿਚ ਤਿਆਗ ਹੈ ਕਮਾਲ ਦਾ, ਬ੍ਰਿਤੀ ਦੀ ਅਚਾਹਤਾ ਹੈ। ਪਰੰਤੂ ਤਿਆਗ ਕੋਈ ਆਪਣੇ ਆਪ ਵਿਚ ਕਮਾਲ ਨਹੀਂ, ਕਿਸੇ ਕਮਾਲ ਦੀ ਪ੍ਰਾਪਤੀ ਦਾ ਸਹਾਇਕ ਹੈ, ਇਸ ਕਰਕੇ ਕਿਤੇ ਤਿਆਗ ਦਾ ਤਿਆਗ ਬੀ ਜਾਕੇ ਸਿੱਖਣਾ ਪੈਂਦਾ ਹੈ, ਅਰ ਉਹ ਤਿਆਗ ਦਾ ਤਿਆਗ ਗ੍ਰਹਿਣ ਨਹੀਂ ਹੁੰਦਾ। ਇਸ ਵੇਲੇ ਸਤਿਗੁਰੂ ਦਾ ਹੁਕਮ ਹੁਣ ਵਿਸ਼ੇਸ਼ ਵਸਤੂ ਸੀ, ਇਸ ਦੇ ਅੱਗੇ ਤਿਆਗ ਦਾ ਤਿਆਗ ਲੋੜਵੰਦ ਸੀ। ਰਾਮਕੌਰ ਜੀ ਦਾ ਕੜਾਹ ਲੈਣਾ ਗ੍ਰਹਿਣ ਬ੍ਰਿਤੀ ਕਦੇ ਨਾ ਬਣਦਾ, ਕਿਉਂਕਿ ਤਿਆਗ ਤਾਂ ਉਹਨਾਂ ਦੇ ਸੁਭਾਵ ਭੂਤ ਹੋ ਚੁਕਾ ਸੀ। ਹੁਣ ਹੁਕਮ ਹੋਏ ਤੇ ਕਿਸੇ ਹੋਰ ਭਾਵ ਨਾਲ ਤਿਆਗ ਦਾ ਸਾਵਧਾਨ ਰੱਖਣਾ ਇਕ ਲੇਸ਼ਾਵਿਦਜਾ ਯਾ ਸੂਖਮ ਹਉਂ ਦੀ ਹੀ ਸੁਰਤ ਰੱਖਦਾ ਸੀ ਜੋ ਰਜ਼ਾ ਦੀ ਲਹਿਰ ਵਿਚ ਇਕ ਰੁਕਾਵਟ ਸੀ। ਇਸ ਨੂੰ ਤਜਾਗਣਾ ਚਾਹੀਦਾ ਸੀ। ਤਜਾਗ ਬ੍ਰਿਤੀ ਦੀ ਹਉਂ ਨੂੰ ਤਜਾਗਣਾ ਤਜਾਗ ਦਾ ਤਜਾਗ ਹੈ। ਇਸ ਪਰਮ ਸੂਖਮ ਹਉਂ ਨੂੰ ਬੀ ਸਤਿਗੁਰ ਸੂਰੇ ਨੇ ਦੂਰ ਕੀਤਾ ਹੈ। ਰਾਮਕੌਰ ਜੀ ਦੀ ਸੰਗਤ ਨੇ ਆਪਣੇ ਮੁਰਸ਼ਿਦ ਦੀ ਰੀਸ ਕਰਕੇ ਨਹੀਂ ਸੀ ਲੁੱਟ ਪਾਈ। ਉਹਨਾਂ ਨੂੰ ਜੋ ਸੂਰੇ ਸਤਿਗੁਰੂ ਨੇ ਪ੍ਰਸ਼ਨ ਕੀਤਾ ਹੈ ਕਿ ਤੁਸਾਂ ਕਿਉਂ ਨਹੀਂ ਲਿਆ ਤੇ ਨਾਲ ਹੀ ਉਨ੍ਹਾਂ ਦਾ ਦਿਲ ਖੋਹਲਕੇ ਦੱਸ ਦਿੱਤਾ ਹੈ ਕਿ ਚਿਤ ਤਾਂ ਰਸਾਂ ਕਸਾਂ ਤੇ ਫਤਹ ਨਹੀਂ ਪਾ ਚੁਕਾ ਹੋਇਆ, ਪਰ ਰੀਸ ਕਰਕੇ ਰੁਕੇ ਰਹੇ। ਸੰਗਤ ਦੀ ਆਪੇ ਤੇ ਕਾਬੂ ਦੀ ਸਿਫਤ ਤਾਂ ਇਸ ਰਵਸ਼ ਵਿਚ ਉਪਮਾਂ ਜੋਗ ਹੈ ਪਰ ਹੁਕਮ ਹੋਣ ਦੀ ਹਾਲਤ ਵਿਚ ਰੁਕਣਾ ਤੇ ਅੰਦਰੋਂ ਜੀ ਕਰਨਾ ਇਕ ਬਨਾਵਟ ਜੇਹੀ ਸੀ। ਸਾਹਿਬ ਰਾਮ ਕੌਰ ਜੀ ਦੇ ਰੁਕਣ ਵਿਚ ਕੁਛ 'ਲੋਕ ਭੈ' ਭੀ ਸਤਿਗੁਰਾਂ ਨੇ ਅਨੁਭਵ ਕੀਤਾ

ਜਾਪਦਾ ਹੈ ਕਿ ਮੈਂ ਸੂਰਨ ਮਿੱਟੀ ਨੂੰ ਇਕ ਤੁਲ ਅਨੁਭਵ ਕਰ ਚੁੱਕਾ ਤਿਆਗੀ ਕਿਵੇਂ ਲੋਕਾਂ ਵਾਂਗੂੰ ਕੜਾਹ ਦਾ ਲਾਲਚ ਕਰਾਂ। ਇਸ ਤਰ੍ਹਾਂ ਦੇ ਭਾਵ ਨੂੰ ਬੀ ਸਤਿਗੁਰਾਂ ਨੇ ਦੰਭ ਕਿਹਾ ਹੈ। ਜਦੋਂ ਮਾਲਕ ਦੀ, ਗੁਰੂ ਦੀ ਰਜ਼ਾ ਹੋ ਚੁੱਕੀ ਹੈ ਕਿ ਐਸ ਤਰ੍ਹਾਂ ਸਾਰੇ ਕੜਾਹ ਖਾਓ ਤਾਂ ਤਿਆਗੀ ਪੁਰਖਾਂ ਦੇ, ਗਿਆਨਵਾਨ ਪੁਰਖਾਂ ਦੇ ਖਾਣ ਵਿਚ ਤਿਆਗ ਨਾਸ਼ ਨਹੀਂ ਹੁੰਦਾ ਤੇ ਗ੍ਰਹਿਣ ਨਹੀਂ ਚੰਬੜਦਾ, ਸਗੋਂ ਰਜ਼ਾ ਪਰ ਟੁਰਦੀ ਸੁਰਤ ਮਾਲਕ ਨਾਲ ਇਕਸੂਰ ਰਹਿੰਦੀ ਹੈ। ਰਜ਼ਾ ਵਿੱਚ ਮਰਜ਼ੀ ਦਾ ਮੇਲਣਾ, ਰਜ਼ਾ ਵਿਚ ਆਪਣੀ ਮਰਜ਼ੀ ਦਾ ਗ਼ਰਕ ਕਰ ਦੇਣਾ ਇਹੀ ਤਾਂ ਰੂਹਾਨੀ ਪਰਮਪਦ ਹੈ। ਇਹ ਆਪਣੇ ਆਪ ਦੀ ਤਬਾਹੀ ਨਹੀਂ ਸਗੋਂ ਕਮਾਲ ਹੈ। ਜਿਵੇਂ ਸਾਜ਼ ਤੇ ਲਗੀ 'ਤਰਬ', ਜਦ ਆਪਣੇ ਆਪ ਨੂੰ 'ਬਾਜ਼' ਦੀ ਤਾਰ ਨਾਲ ਮੇਲ ਲੈਂਦੀ ਹੈ ਤਾਂ ਉਹ ਨਿਤਾਣੀ ਤੇ ਤਬਾਹ ਨਹੀਂ ਹੁੰਦੀ ਸਗੋਂ ਇਕਸੂੱਰ ਹੋ ਜਾਣ ਕਰਕੇ ਤਾਣ ਵਾਲੀ ਹੋ ਜਾਂਦੀ ਹੈ, ਜਦ ਬਾਜ਼ ਦੀ ਸੁਰ ਬੋਲਦੀ ਹੈ ਤਾਂ ਤਰਬ ਬਿਨਾਂ ਛੇੜੇ ਬਿਨਾਂ ਤਾਣ ਲਾਏ ਉਸ ਨਾਲ ਬੋਲਦੀ ਹੈ। ਸਗੋਂ ਜੇ ਕਦੇ ਤਰਬ ਨੂੰ ਛੇੜੋ ਤਾਂ ਦੇਖੋ ਕਿ ਉਸ ਸੂਰ ਪਰ ਬਾਜ਼ ਦੀ ਤਾਰ ਵਿੱਚ ਬੀ ਥ੍ਰਰਾਟ ਜਾਂਦੀ ਹੈ ਤੇ ਉਹ ਥਰਕਦੀ ਦਿੱਸਦੀ ਹੈ। ਸੂਰਾ ਸਤਿਗੁਰੂ ਐਉਂ ਆਪਣੀਆਂ ਤਰਬਾਂ ਨੂੰ ਐਨ ਠੀਕ ਠੀਕ ਤਰ੍ਹਾਂ ਨਾਲ ਸੁਰ ਕਰ ਰਿਹਾ ਸੀ, ਤੇ ਲੇਸ਼ ਜਿੰਨਾ ਬੀ ਲੋਕ ਲਾਜ ਆਦਿ ਦਾ ਗ਼ੈਰੀਅਤ ਦੀ ਬੂ ਰੱਖਣ ਵਾਲਾ ਖਿਆਲ ਆਪਣੇ ਸਭ ਤੋਂ ਵਡੇ ਪਿਆਰੇ ਗੁਰਮੁਖ ਵਿਚ ਨਹੀਂ ਸੀ ਰਹਿਣ ਦੇਣਾ ਚਾਹੁੰਦਾ, ਕਿਉਂਕਿ ਉਹਨਾਂ ਨੂੰ ਸੂਰਾ ਗੁਰੂ ਸਾਂਈਂ ਦੀ ਰਜ਼ਾ ਵਿਚ ਇਕ ਸੂਰਤਾ ਪ੍ਰਦਾਨ ਕਰ ਰਿਹਾ ਸੀ। ਸਾਹਿਬ ਰਾਮ ਕੌਰ ਜੀ ਗੁਰੂ ਜੀ ਨੂੰ ਵਾਹਿਗੁਰੂ ਰੂਪ ਨਿਸ਼ਚੇ ਕਰ ਚੁਕੇ ਸਨ, ਦੇਖੋ ਅੰਸੂ ੩੫ ਅੰਕ ੧੯, ੨੦।

ਬਾਕੀ ਰਿਹਾ ਸਰਾਪ ਵਾਲਾ ਮਾਮਲਾ। ਇਹ ਸੰਸਾ ਪੈਂਦਾ ਹੈ ਕਿ ਕਵੀ ਜੀ ਤਕ ਠੀਕ ਗਲ ਨਹੀਂ ਪੁੱਜੀ ਸਗੋਂ ਪਿਛੋਂ ਵਧੀ ਹੋਈ ਗਲ ਅੱਪੜੀ ਹੈ। ਹਰ ਹਾਲ ਇਤਿਹਾਸਕ ਨੁਕਤੇ ਤੋਂ ਇਹ ਖੋਜ ਤਲਬ ਗੱਲ ਹੈ ਕਿ ਇਸ ਪ੍ਰਕਾਰ ਦਾ ਸਰਾਪ ਠੀਕ ਦਿਤਾ ਗਿਆ ਸੀ? ਗੁਰੂ ਜੀ ਦੇ ਆਪਣੇ ਉਦੇਸ਼ ਆਦਰਸ਼ ਤੇ ਸੁਭਾਵ ਮੂਜਬ ਇਹ ਗਲ ਓਪਰੀ ਜਿਹੀ ਲਗਦੀ ਹੈ। ਕਿਉਂਕਿ ਸਾਹਿਬ ਰਾਮਕੌਰ ਸ਼ਿਰੋਮਣੀ ਗੁਰਮੁਖ ਤੇ ਗੁਰੂ ਜੀ ਨੂੰ ਅਤਿ ਪਿਆਰੇ ਸਨ ਤੇ ਹੁਣੇ ਹੀ ਗੁਰੂ ਜੀ ਆਪ ਦੀ ਮਹਿਮਾ ਕਰਦੇ ਆਏ ਹਨ ਤੇ ਫੇਰ ਸ੍ਰਾਪ ਨਾਲ ਉਹਨਾਂ ਦੇ ਘਰੋਂ ਸਿੱਖੀ ਦਾ ਆਦਰਸ਼ ਤੇ ਸਿੱਖੀ ਦਾ ਵੰਸ਼ ਹੀ ਨਾਸ਼ ਹੁੰਦਾ ਹੈ, ਜੋ ਪੈਦਾ ਕਰਨਾ ਤੇ ਕਾਇਮ ਰੱਖਣਾ ਗੁਰੂ ਜੀ ਦਾ ਆਪਣਾ ਬਿਰਦ ਹੈ ਤੇ ਸਿੱਖੀ ਸਮੁੰਦਰ ਦੇ ਚੰਦ ਦਾ ਖਿਤਾਬ ਆਪ ਨੂੰ ਹੁਣੇ ਦੇਕੇ ਹਟੇ ਹਨ, ਫੇਰ ਉਹ ਚੰਦ ਨੂੰ ਸਦਾ ਗ੍ਰਹਿਣ ਦਾ, ਸਦਾ ਵਿਨਾਸ਼ ਦਾ, ਤੇ ਕਲਜੁਗ ਦੇ ਹੱਥ ਸੌਂਪਣ ਦਾ ਸਰਾਪ ਹੋ ਨਹੀਂ ਸਕਦਾ। ਗੁਰੂ ਜੀ ਰਾਮਕੌਰ ਜੀ ਨਾਲ ਕਿੰਨਾ ਪ੍ਰੇਮ ਕਰਦੇ ਸਨ, ਦੇਖੋ ਅੰਸੂ ੩੫, ਅੰਕ ੪੪, ੪੫, ੪੬ ਤੇ ੪੭। ਬਾਕੀ ਵੰਸ਼ ਕੀਕੂੰ ਨਾਸ਼ ਹੋਇਆ ਸੋ ਕੁਦਰਤ ਦੇ ਖੇਲ ਹਨ ਤੇ ਆਖਰੀ ਬੁੱਢੇ ਦੇ ਬਾਲਪਣੇ ਵਿਚ ਚੜ੍ਹਨੇ ਦਾ ਕਾਰਨ ਪਰਉਪਕਾਰ ਪਿਛੇ ਜਾਨ ਦੇਣਾ ਸੀ ਨਾ ਕਿ ਕਿਸੇ ਕੁਕਰਮ ਵਿਚ। ਦੇਖੋ ਜੀਵਨ ਚਰਿੱਤ੍ਰ ਬਾਬਾ ਬੁੱਢਾ ਸਾਹਿਬ ਜੀ।

## ੩੫. [ਭਾਈ ਰਾਮ ਕੁਇਰ ਜੀ]

੩੪<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੩੬

ਦੋਹਰਾ: ਅਪਰ ਬਾਰਤਾ ਕੁਛ ਕਹੌਂ,
ਰਾਮਕੁਇਰ ਕੀ ਫੇਰ।
ਸੋ ਸਤਿਗੁਰ ਕੀ ਕਥਾ ਕਹੁ,
ਜਾਨਤਿ ਜਿਮ ਚਖਿ ਹੇਰ[੧] ॥੧॥
ਚੌਪਈ: ਸ਼੍ਰੀ ਗੁਰ ਗੋਬਿੰਦ ਸਿੰਘ ਸੁਜਾਨਾ।
ਜਗ ਤਾਰਨ ਸਿੱਖਜਨ ਅਘ ਹਾਨਾ।
ਤਿਨ ਕੇ ਨਿਕਟ ਰਹੇ ਸੁਖ ਮਾਨੀ[੨]।
ਦਰਸ਼ਨ ਦਰਸਹਿਂ ਸੁਭ ਮਤਿ ਗਜਾਨੀ ॥੨॥
ਗੁਰ ਭਾਣਾ ਜਿਨ ਕੇ ਮਨ ਭਾਵੈ।
ਆਠਹੁਂ ਜਾਮ ਏਕ ਲਿਵ ਲਾਵੈਂ।
ਗੁਰ ਪਗ ਪੰਕਜ ਪ੍ਰੇਮ ਅਪਾਰਾ।
ਰਿਦੈ ਨਿਰੰਤਰਿ ਰਹਿ ਇਕਸਾਰਾ ॥੩॥
ਤਊ ਗੁਰੂ ਜੀ ਕਰਿ ਨਿਜ ਮਾਇਆ।
ਰਾਮਕੁਇਰ ਕਹੁ ਮਨ ਭਰਮਾਇਆ।
ਇਸ ਮਹਿਂ ਕੁਛ ਸ਼ੰਕਾ ਨਹਿਂ ਕੀਜੈ।
ਪੂਰਬ ਕੇਤਿਕ ਭੇ ਲਖਿ ਲੀਜੈ ॥੪॥
ਮਾਯਾ ਪ੍ਰਬਲ ਭ੍ਰਮਾਵਨ ਕਰੈ।
ਅਸ ਨਹਿਂ ਕੋ, ਤਿਸ ਛਿਨ ਰਹਿ ਥਿਰੈ[੩]।
ਸਤਿਗੁਰ ਦੇ ਨਿਜ ਹਾਥ ਬਚਾਵੈਂ।
ਸੋ ਉਬਰੈ ਮਨ ਨਹੀਂ ਡੁਲਾਵੈ ॥੫॥
ਕਾਗ ਭਸੁੰਡ[੪] ਖਗੇਸ਼[੫] ਜੁ ਅਹੈਂ।
ਪ੍ਰਭੂ ਸਮੀਪੀ ਜੋ ਨਿਤ ਰਹੈਂ।
ਬਹੁਰ ਬਸ਼ਿਸ਼ਟਾਦਿਕ ਬ੍ਰਹਮ ਗਜਾਨੀ[੬]।
ਇਨ ਕੈ ਭਯੋ ਮੋਹ ਜਗ ਜਾਨੀ ॥੬॥
ਤਊ ਸਭਿਨਿ ਤੇ ਮਹਿਦ ਮਹਾਨਾ।

---

[੧]ਜਿਵੇਂ ਅੱਖੀਂ ਦੇਖਕੇ ਉਹ ਸਤਿਗੁਰ ਦੀ ਕਥਾ ਨੂੰ ਜਾਣਦਾ ਸੀ।
[੨]ਸੁਖ ਮੰਨਕੇ।
[੩]ਟਿਕਿਆ ਰਹੇ।
[੪]ਕਾਕਭਸੁੰਡ।
[੫]ਗਰੁੜ।
[੬]ਬਸ਼ਿਸ਼ਟ ਵਰਗੇ ਬ੍ਰਹਮ ਗਿਆਨੀ।

ਜਿਨ ਕੇ ਨਹੀਂ ਲੇਸ਼ ਅੱਗਜਾਨਾ।
ਤਿਮ ਇਨ ਕੇ ਮਨ ਮੋਹ ਉਪਾਵਾ।
ਸੁਨਹੁ ਕਥਾ ਸੋ ਅਘ ਬਨ ਦਾਵਾ ॥੭॥
ਇਮ ਸ਼੍ਰੀ ਰਾਮਕੁਇਰ ਗੁਰ ਸਿੱਖਜ।
ਤਿਸ ਕੀ ਕਹੌਂ ਕਥਾ ਕੁਛ ਲਿੱਖਜ।
ਸ਼੍ਰੀ ਗੋਬਿੰਦ ਸਿੰਘ ਗੁਰੁ ਬਰ ਦਸਮ।
ਜਿਨ ਕੇ ਦਿਪਤ ਤੇਜ ਕੀ ਰਿਸ਼ਮ[1] ॥੮॥
ਕਠਨ ਕੁਦੰਡ ਪ੍ਰਚੰਡ ਅਗਾਰੀ।
ਧਰਯੋ ਹੁਤੋ ਆਗੇ ਇਕ ਬਾਰੀ।
ਰਾਮਕੁਇਰ ਨੇ ਦੇਖਨਿ ਕੀਨਸਿ।
ਸਤਿਗੁਰ ਬਲ ਤੇ ਅਧਿਕੈ ਚੀਨਸ[2] ॥੯॥
-ਅਤਿ ਬਲਵਾਨ ਸਰੀਰ ਬਿਸਾਲਾ।
ਪੁਨਹ ਧਨੁਖ ਕੀ ਬਿੱਦਯਾ ਵਾਲਾ।
ਤਿਸ ਤੇ ਭੀ ਨਹਿਂ ਐਂਚਯੋ ਜਾਈ।
ਇਨ ਕੋ ਤਨ ਨਹਿਂ ਡੀਲ ਬਡਾਈ[3] ॥੧੦॥
ਅਪਨਿ ਓਜ ਐਂਚਨ ਕੇ ਲਾਇਕ।
ਚਹੀਯਹਿ ਅਸ ਧਨੁ ਤੇ ਤਜਿ ਸਾਯਕ[4]।
ਅਰਜਨ ਆਦਿ ਪ੍ਰਥਮ ਜੇ ਭਏ।
ਤਿਨ ਕੇ ਧਨੁ ਐਸੇ ਸੁਨਿ ਲਏ ॥੧੧॥
ਧਰਯੋ ਕੁਦੰਡ ਪ੍ਰਚੰਡ ਅਗਾਰੀ।
ਕਯਾ ਕਾਰਨ-? ਇਮ ਕਰਤਿ ਬਿਚਾਰੀ।
ਤਿਸ ਕੇ ਮਨ ਕੀ ਸਤਿਗੁਰ ਜਾਨੀ।
ਚਹਿਤ ਦਾਸ ਕੋ ਸੰਸੈ ਹਾਨੀ ॥੧੨॥
ਕਹਯੋ ਕਿ 'ਤਯਾਰੀ ਵਹਿਰ ਕਰਾਵਹੁ।
ਗਜ ਬਾਜੀ ਚਢਿਬੇ ਸਜਵਾਵਹੁ[5]।'
ਇਮ ਕਹਿ ਰਾਮਕੁਇਰ ਸੰਗ ਲੀਨਸਿ।
ਸਾਯਕ ਧਨੁਖ ਲੀਨ ਸੋ ਪੀਨਸ[6] ॥੧੩॥

---

[1]ਕਿਰਨਾਂ।
[2]ਸਤਿਗੁਰਾਂ ਦੇ ਬਲ ਤੋਂ ਬਹੁਤਾ (ਭਾਰੀ) ਜਾਣਿਆਂ।
[3]ਵਡੇ ਡੀਲ ਵਾਲਾ।
[4]ਤੀਰ ਛੱਡਣੇ।
[5]ਸਜਵਾਓ।
[6]ਭਾਰੀ।

ਮੰਦ ਮੰਦ ਪਗ ਪੰਕਜ ਸਾਥ।
ਆਇ ਵਹਿਰ ਠਾਢੇ ਗੁਰ ਨਾਥ।
ਕਰਤਿ ਪ੍ਰਤੀਖਨ ਗਜ ਸਜ ਆਵਹਿ।
ਕਹੑਯੋ ਕਿ 'ਤਬਿ ਲੌ ਤੀਰ ਚਲਾਵਹਿਂ' ॥੧੪॥
ਤਿਸੀ ਧਨੁਸ਼ ਕੋ ਲੇ ਜਗਨਾਇਕ।
ਸੰਧੑਯੋ ਪਨਚ ਬਿਖੈ ਖਰ ਸਾਯਕ।
ਮੁਸ਼ਟ ਹਾਥ ਸੋਂ ਗਹਿ ਬਹੁ ਗਾਢੀ।
ਬੂਟੀ ਹਰੀ ਦੂਰ ਇਕ ਠਾਂਢੀ ॥੧੫॥
ਤਿਹ ਉਪਦੇਸ਼ ਕਰਿ ਐਂਚਨ ਕੀਨਸਿ[1]।
ਸਰ ਭਲਕਾ ਲਗਿ ਪੂਰ ਸੁ ਲੀਨਸਿ[2]।
ਐਂਚੇ ਮਹਾਂ ਚਾਪ ਚਿਰਰਾਨੋ[3]।
ਤਜੇ ਤੀਰ ਉਠਿ ਸ਼ਬਦ ਭਯਾਨੋ ॥੧੬॥
ਹਤੑਯੋ ਨਿਸ਼ਾਨੌ ਗਯੋ ਅਗਾਰੀ।
ਧਰਨੀ ਧਸੑਯੋ ਸੁ ਪੰਖ ਨਿਹਾਰੀ[4]।
ਬਹੁਰ ਬਾਣ ਲੇ ਅਪਰ ਚਲਾਇਵ।
ਸਹਿਜ ਸੁਭਾਇਕ ਸਭਿਨਿ ਦਿਖਾਇਵ ॥੧੭॥
ਗਜ ਤਯਾਰ ਹ੍ਵੈ ਅਯੋ ਨ ਜਾਵਦ।
ਤੀਰ ਚਲਾਇ ਦਿਖਾਵਤਿ ਤਾਵਦ।
ਦੇਖਿ ਦੇਖਿ ਬਿਸਮੈ ਹੁਇ ਰਹੇ।
-ਬਪੁ ਅਲਪ[5], ਬਲ ਕਿਮ ਇਨ ਲਹੇ- ॥੧੮॥
ਰਾਮਕੁਇਰ ਨੇ ਜਾਨੀ ਬਾਤਿ।
ਰਿਦੈ ਬਿਸੂਰਤਿ ਭਾ ਬਹੁ ਭਾਂਤਿ।
ਬਿਸ੍ਵ[6] ਰਚਨ ਪਾਲਨ ਸੰਹਾਰ।
ਅਤਿ ਸ਼ਕਤੀ ਧਰਿ ਗੁਰੂ ਉਦਾਰ ॥੧੯॥
ਜਿਹ ਸਮ ਜਗ ਮਹਿਂ ਅਪਰ ਨ ਬੀਆ।
ਤਿਸ ਮਹਿਂ ਕਿਮ ਸ਼ੰਕਾ ਕਰਨੀਆ[7]।

---

[1]ਤਿਸਦਾ ਨਿਸ਼ਾਨਾ ਬੰਨ੍ਹਕੇ (ਧਨੁਖ) ਖਿੱਚਿਆ।
[2]ਤੀਰ ਮੁਖੀ ਤਕ (ਖਿੱਚਕੇ) ਧਨੁਖ ਵਿਚ ਪੂਰ ਲਿਆ।
[3]ਚਿਰੜਾਯਾ।
[4]ਖੰਭ ਦਿੱਸਦੇ ਰਹੇ।
[5]ਸਰੀਰ ਸੁਬਕ ਹੈ।
[6]ਸੰਸਾਰ ਦੇ।
[7]ਉਸ ਵਿਚ ਸ਼ੰਕਾ ਕਿਉਂ ਕਰਨੀ ਹੋਈ?

ਇੰਦ੍ਰ ਆਦਿ ਜਿਸ ਆਇਸੁ ਮਾਂਹੀ।
ਚਹੈਂ ਸੁ ਕਰੈਂ, ਮੁਰੈ ਕਿਮ ਨਾਂਹੀ[੧]- ॥੨੦॥
ਇਤਨੇ ਮਹਿਂ ਹਾਥੀ ਸ਼ੁਭ ਆਇਵ।
ਚਲ੍ਯੋ ਅਚਲ[੨] ਤਿਮ ਸ਼ੋਭ ਸੁਹਾਇਵ।
ਝਾਲਰ ਦਾਰ ਝੂਲ ਝਮਕੰਤਾ।
ਜ਼ਰੀ ਸਡੋਰ ਪ੍ਰਕਾਸ਼ ਕਰੰਤਾ ॥੨੧॥
ਘੰਟਨ ਕੋ ਠਨਕਾਰ ਉਠੰਤਾ।
ਗਜਗਾਹਨ ਸੋਂ ਅਧਿਕ ਸ਼ੁਭੰਤਾ।
ਸਿਰ ਪਰ ਸਿਰੀ[੩] ਸੁ ਚਾਮੀਕਰ ਕੀ।
ਮਨਹੁਂ ਕਾਮ ਕਾਰੀਗਰ ਕਰ ਕੀ[੪] ॥੨੨॥
ਦੁਤਿ ਕੀ ਹੱਦ ਹੌਦਾ ਬਨ ਰਹ੍ਯੋ।
ਆਯੋ ਨਿਕਟ ਗੁਰੂ ਨੇ ਲਹ੍ਯੋ।
ਰਾਮਕੁਇਰ ਕੀ ਗਹਿ ਕਰਿ ਬਾਹੂੰ।
ਭੇ ਅਤਿ ਪਾਸ ਚਢਨਿ ਕਹੁ ਤਾਹੂੰ ॥੨੩॥
ਤਬਹਿ ਮਹਾਵਤ ਗਜ ਬੈਠਾਇਵ।
ਚਢਨ ਹੇਤੁ ਗੁਰ ਚਰਨ ਉਠਾਇਵ।
ਕਰਿ ਧਰਿ ਰਾਮਕੁਇਰ ਕੇ ਕੰਧ।
ਦੀਨਸਿ ਭਾਰ ਦੀਨਿ ਗਨ ਬੰਧੁ[੫] ॥੨੪॥
ਲਾਖਹੁਂ ਮਣ ਕੋ ਧਰਿ ਕਰਿ ਭਾਰੇ।
ਬੁੱਢੇ ਅੰਸ ਬਿਨਾ ਕੋ ਧਾਰੇ[੬]।
ਅਪਰ ਜਿ ਹੋਤਿ ਜਾਤਿ ਮਿਲਿ ਮਾਟੀ।
ਉਰ ਸੰਦੇਹ ਤਿਸ ਕੀਨਸਿ ਕਾਟੀ ॥੨੫॥
ਥਿਬੈ[੭*] ਪੈਰ ਚਲਿਬੇ ਜਬਿ ਲਾਗਾ।
ਬੈਠੇ ਗੁਰੂ ਜਾਇ ਤਬਿ ਆਗਾ।
ਕਹ੍ਯੋ ਕਿ 'ਆਉ ਖਵਾਸੀ ਮਾਂਹਿ[੮]।

---

[੧]ਕਿਵੇਂ (ਆਗਯਾ) ਮੋੜਦੇ ਨਹੀਂ।
[੨]ਪਹਾੜ (ਜਿਵੇਂ)।
[੩]ਕਲਗੀ [ਸੰਸ:, ਸ਼੍ਰੀ = ਭੂਸ਼ਨ]।
[੪]ਕਾਮਦੇਵ ਰੂਪ ਕਾਰੀਗਰ ਦੇ ਹੱਥਾਂ ਦੀ ਬਣੀ ਹੋਈ ਹੈ।
[੫]ਸਾਰੇ ਦੀਨਾਂ ਦੇ ਬੰਧੂ ਜੀ ਨੇ ਭਾਰ ਪਾਇਆ।
[੬]ਕੌਣ ਸਹਾਰੇ (ਉਸ ਭਾਰ ਨੂੰ)।
[੭]ਥਿੜਕਵੇਂ ਪੈਰ ਨਾਲ ਜਦ ਅੱਗੇ ਚੱਲਣ ਲਗੇ (ਰਾਮਕੁਇਰ ਜੀ)।
[*]ਪਾ:-ਬਿਬੈ।
[੮]ਹੌਦੇ ਵਿਚ।

ਚਢਹੁ ਸੰਗ' ਸ੍ਰੀ ਮੁਖ ਕਹਜੋ ਤਾਂਹਿ ॥੨੬॥
ਹਾਥ ਜੋਰਿ ਬਿਨਤੀ ਤਬਿ ਠਾਨੀ।
'ਜਗਤ ਚਰਾਚਰ ਕੋ ਤੁਮ ਸ੍ਵਾਮੀ[+]।
ਸਮ ਬੈਠਬਿ ਕੇ ਉਚਿਤ ਨ ਮੋਹੀ।
ਮਹਾਂ ਅਵੱਗਜਾ ਮੁਝ ਤੇ ਹੋਹੀ' ॥੨੭॥
ਸੁਨਿ ਮੁਸਕਾਨੇ ਬਾਕ ਬਖਾਨਾ।
'ਆਉ ਆਉ ਬੈਠਹੁ ਇਸ ਥਾਨਾ।'
ਕਹਿ ਬਹੁ ਬਾਰਿ ਅਰੂਢਨਿ ਕੀਨਾ।
ਚਲੇ ਪੰਥ ਗੁਰ ਕਹਤਿ ਪ੍ਰਬੀਨਾ ॥੨੮॥
'ਸਿੱਖੀ ਕੇ ਸਥੰਭ ਗਿਰ ਜੈਸੇ।
ਮਾਯਾ ਬਾਯੁ ਪਾਯ ਕਰਿ ਐਸੇ।
ਸ਼ਰਧਾ ਥਿਰਤਾ ਤੇ ਚਲਿ ਪਰੈਂ[੧]।
ਤਉ ਅਪਰ[੨] ਕਜਾ ਗਿਨਤੀ ਕਰੈਂ' ॥੨੯॥
ਲਾਜ ਭਾਰ ਤੇ ਨੰਮ੍ਰੀ ਹੋਵਾ।
ਰਾਮਕੁਇਰ ਨਹਿਂ ਊਚੋ ਜੋਵਾ।
'ਸੁਨਹੁ ਨਾਥ! ਤਵ ਪਰਬਲ ਮਾਯਾ।
ਬ੍ਰਹਮਾਦਿਕ ਜਿਸ ਨੇ ਭਰਮਾਇਆ ॥੩੦॥
ਭਏ ਗੁਪਾਲ[੩] ਆਪ ਜਬਿ ਆਛੇ।
ਹਰਿ ਲੇ ਗਯੋ ਗੋਪ ਸਿਸੁ ਪਾਛੇ[੪]।
ਅਪਰ ਲਿਏ ਰਚਿ, ਨਾਹਿਨ ਜਾਨੇ[੫]।
ਤਬਿ ਸ੍ਰੀ ਕ੍ਰਿਸ਼ਨ ਰੂਪ ਹਰਿ ਮਾਨੇ[੬] ॥੩੧॥
ਅਸ ਮਾਯਾ ਤੇ ਆਪ ਬਚਾਵਹੁ।
ਰਾਖਹੁ ਨਿਸ਼ਚਾ ਨਹੀਂ ਡੁਲਾਵਹੁ।
ਬ੍ਰਹਮਾਦਿਕ ਭਰਮੇ ਜਬਿ ਐਸੇ।
ਹਮ ਜੈਸਨਿ ਕੀ ਗਿਨਤੀ ਕੈਸੇ ॥੩੨॥
ਰਾਵਰ ਨੇ ਨਿਜ ਬਿਰਦ ਸੰਭਾਰਾ।

---

[+]ਪਾ:-ਖਾਨੀ।
[੧]ਸ਼ਰਧਾ ਰੂਪੀ ਇਸਥਤੀ ਤੋਂ (ਆਪ) ਹਿੱਲ ਪੈਣ।
[੨]ਹੋਰਨਾਂ ਦੀ।
[੩]ਕ੍ਰਿਸ਼ਨ ਰੂਪ।
[੪](ਬ੍ਰਹਮਾ) ਵੱਛਿਆਂ ਸਹਿਤ ਗੁਆਲਿਆਂ ਦੇ ਲੜਕੇ ਹਰਿ ਲੈ ਗਿਆ।
[੫](ਪ੍ਰਬਲ ਜ਼ੋਰਾਵਰ ਕ੍ਰਿਸ਼ਨ ਨੇ) ਤਦ ਆਪ ਹੋਰ ਰਚ ਲਏ ਪਛਾਣੇ ਨਾ ਜਾਣ।
[੬]ਹਰੀ ਦਾ ਰੂਪ ਮੰਨਿਆ।

ਉਰ ਬਿਕਾਰ ਮਮ ਦੂਰ ਬਿਦਾਰਾ।'
ਭਈ ਜਥਾ ਭਾਖੀ ਇਹੁ ਤਥਾ।
ਅੱਗ੍ਰ ਕਹੌਂ ਕਿਛ ਇਨ ਕੀ ਕਥਾ ॥੩੩॥
ਇਕ ਦਿਨ ਬੈਠੇ ਲਗਯੋ ਦਿਵਾਨ।
ਰਾਮਕੁਇਰ ਗੁਰ ਨਿਕਟ ਸੁਜਾਨ।
ਚਹੁੰਦਿਸ਼ਿ ਥਿਰਯੋ ਖਾਲਸਾ ਤਬੈ।
ਦਰਸ਼ਨ ਲੇਤਿ ਅਨੰਦਤਿ ਸਬੈ ॥੩੪॥
-ਬ੍ਰਿੱਧ ਬੰਸ ਪਰ ਖੁਸ਼ੀ ਮਹਾਂਨੀ।
ਕਰਹਿਂ ਸਦਾ ਗੁਰ- ਸਭਿ ਮਨ ਜਾਨੀ।
ਜਬਿ ਕਬਿ ਸੰਗਤਿ ਚਲਿ ਕਰਿ ਆਵੈ।
ਦਰਸ਼ਨ ਕਰਿ ਅਕੋਰ ਅਰਪਾਵੈ ॥੩੫॥
ਤਬਿ ਕਲਗੀਧਰ ਦੇਂ ਉਪਦੇਸ਼।
'ਪਹਿਰਤੁ ਕਾਛ ਰਖਹੁ ਸਿਰ ਕੇਸ਼।
ਖੰਡੇ ਕੀ ਪਾਹੁਲ ਅਬਿ ਲੀਜੈ।
ਰਹਿਤ ਸਹਤ ਹੁਇ ਸ਼ਸਤ੍ਰ ਰਖੀਜੈ' ॥੩੬॥
ਕੇਤਿਕ ਸਿੰਘ ਬਿਚਾਰਤਿ ਰਹੈਂ।
-ਬ੍ਰਿੱਧ ਬੰਸ ਕੋ ਗੁਰ ਨਹਿਂ ਕਹੈਂ।
ਸਿਰ ਪਰ ਕੇਸ਼ ਨਹੀਂ ਰਖਵਾਏ।
ਪਹਿਰਹਿਂ ਚੀਰਾ, ਨਹੀਂ ਹਟਾਏ- ॥੩੭॥
ਬੂਝਨਿ ਸਮੋਂ ਜਾਨਿ ਕਰਿ ਤਬੈ।
ਬੋਲੇ ਸਿੰਘ ਬੰਦਿ ਕਰ ਸਬੈ।
'ਪ੍ਰਭੁ ਜੀ! ਗੁਰ ਘਰ ਕੇ ਪਰਧਾਨ।
ਸ੍ਰੀ ਮੁਖ ਮਹਿਮਾ ਕਰਹੁ ਬਖਾਨ ॥੩੮॥
ਖੁਸ਼ੀ ਬਿਸਾਲ ਆਪ ਕੀ ਹੋਵੈ।
ਇਹ ਭੀ ਸਰਬ ਰੀਤਿ ਕੋ ਜੋਵੈਂ।
ਰਾਮਕੁਇਰ ਜੀ ਸਿੱਖ ਵਿਸ਼ੇਸ਼।
ਕਯੋਂ ਨਹਿਂ ਧਾਰਤਿ ਹੈਂ ਸਿਰ ਕੇਸ਼ ॥੩੯॥
ਇਹ ਸਭਿ ਕੇ ਮਨ ਸੰਸੈ ਰਹੈ।
ਸਕਲ ਖਾਲਸਾ ਉੱਤਰ ਚਹੈ।'
ਦਯਾਸਿੰਧੁ ਸੁਨਿ ਕੈ ਸਭਿ ਬੈਨ।
ਰਾਮਕੁਇਰ ਕੀ ਦਿਸ਼ਿ ਕਰਿ ਨੈਨ ॥੪੦॥
ਬਿਕਸਤਿ ਸ੍ਰੀ ਮੁਖ ਬਾਕ ਬਖਾਨੇ।

'ਉਚਿਤ ਕੇਸ਼ ਰਖਿਬੇ ਸਿਖ ਜਾਨੇ[1]।
ਇਸ ਕੇ ਸਿਰ ਪਰ ਭੀ ਬਡ ਕੇਸ।
ਨਿਤ ਅੰਤਰ ਕੋ ਵਧਹਿਂ ਵਿਸ਼ੇਸ਼ ॥੪੧॥
ਅਪਰਨਿ ਕੇ ਸਿਰ ਊਪਰ ਬਾਹਿਰ।
ਸਭਿ ਕੇ ਸਕਲ ਬਿਲੋਕਤਿ ਜ਼ਾਹਰ।
ਇਸ ਕੇ ਅੰਤਰ ਵਧਹਿਂ ਹਮੇਸ਼।
ਜਾਹਿਂ ਤਰੇ ਕੋ ਦੀਰਘ ਕੇਸ਼[*] ॥੪੨॥
ਕਿਮ ਬਿਨ ਕੇਸ ਰਹਹਿ ਇਹ ਸਿੱਖ।
ਕਬਹੁੰਕ ਰੱਖਹਿ ਸਿੰਘ ਭਵਿੱਖਜ[2]।
ਭਰਮਜੋ ਜਬਿ ਤੇ ਲੱਜਤਿ ਰਹੈ।
ਤਿਸ ਕੇ ਉਰ ਕੀ ਸ਼੍ਰੀ ਗੁਰ ਲਹੈਂ ॥੪੩॥
ਤਿਸ ਕਾਰਨ ਤੇ ਭੁਜ ਗਹਿ ਪਾਨੀ।
ਸਭਿਨਿ ਬਿਖੈ ਮੁਖ ਮਧੁਰ ਬਖਾਨੀ।
'ਮੋਹਿ ਸਰੂਪ ਅਹੈ ਸੋ ਤੇਰੋ।
ਤੇਰੋ ਅਹੈ ਸੁ ਜਾਨੋ ਮੇਰੋ ॥੪੪॥
ਤੋਹਿ ਮੋਹਿ ਮਹਿਂ ਭੇਦ ਨ ਕੋਊ।
ਏਕ ਰੂਪ ਤੇ ਤਨ ਹੈਂ ਦੋਊ।
ਹਰਿ ਹਰਿ ਜਨ ਦ੍ਵੈ ਇਕ ਹੈਂ ਜੈਸੇ।
ਸ਼੍ਰੀ ਗੁਰ ਗੁਰਸਿਖ ਲਖੀਅਹਿ ਤੈਸੇ ॥੪੫॥
ਭੇਦ ਲਖਤਿ ਹੈਂ ਜੇ ਇਨ ਮਾਂਹੀ।
ਪਰਮ ਰਹੱਸ[3] ਸੁ ਜਾਨੈਂ ਨਾਂਹੀ।

---

[1]ਸਿਖ (ਇਨ੍ਹਾਂ ਨੂੰ) ਕੇਸ ਰੱਖਣ ਦੇ ਲਾਇਕ ਠੀਕ ਜਾਣਦੇ ਹਨ।

[*]ਸਾਹਿਬ ਰਾਮ ਕੌਰ ਜੀ ਅੰਮ੍ਰਿਤ ਛਕ ਕੇ ਸਿੰਘ ਸਜੇ। ਉਹਨਾਂ ਦਾ ਨਾਮ ਗੁਰੂ ਜੀ ਨੇ ਆਪ ਗੁਰਬਖਸ਼ ਸਿੰਘ ਰਖਿਆ। ਦੇਖੋ ਗੁਰਬਿਲਾਸ ਪਾ:੧੦-'ਰਾਮਕੁਇਰ ਤੇ ਕ੍ਰਿਪਾ ਨਿਧਿ ਗੁਰਬਖਸ਼ ਸਿੰਘ ਕਰ ਲੀਨ। ਪੂਰਨ ਸਿੱਖ ਅਡੋਲ ਮਤ ਸੁਨ ਤਿਹ ਕਥਾ ਨਵੀਨ'। ਪੁਨਾ:-ਦੇਖੋ ਜੀਵਨ ਬਾਬਾ ਬੁੱਢਾ ਜੀ ਸਫਾ ੪੨੯:-

ਰਾਮ ਕੌਰ ਕਰ ਜੋਰ ਸੀਸ ਨਿਵਾਯਾ ਗੁਰਾਂ ਨੂੰ। 'ਮਿਹਰ ਕਰੋ ਮਮ ਓਰ ਸੁਧਾ ਛਕਾਵੋ ਦਾਸ ਨੂੰ'। ਮੰਨ ਲਈ ਗੁਰਦੇਵ ਅਰਜ ਕਰੀ ਜੋ ਤਾਸ ਨੇ। ਰਾਮ ਕੁਵਰ ਨਿਸਚੇਵ ਲੱਗਾ ਹੋਨ ਤਿਆਰ ਜੇ। ਤਜਾਰੀ ਕਰੀ ਵਿਚਾਰ ਅੰਮ੍ਰਿਤ ਵੇਲੇ ਉਠਕੇ। ਧਾਰੇ ਪੰਜ ਕਕਾਰ ਸਣ ਕੇਸੀਂ ਇਸ਼ਨਾਨ ਕਰ। ਕੀਤਾ ਠੀਕ ਤਿਆਰ ਅੰਮ੍ਰਿਤ ਪੰਜ ਪਿਆਰਿਆਂ। ਆਪ ਅਤੀ ਹਿਤ ਧਾਰ ਚੌਜੀ ਗੁਰਾਂ ਛਕਾਇਆ। ਧਰਿਆ ਤਿਸਦਾ ਨਾਮ ਸ੍ਰੀ ਗੁਰਾਂ ਗੁਰਬਖਸ਼ ਸਿੰਘ। ਪਹਿਲਾਂ ਤਿਸਦਾ ਨਾਮ ਰਾਮ ਕੌਰ ਸੀ ਜਾਨ ਲੌ।

ਕਵੀ ਸੰਤੋਖ ਸਿੰਘ ਜੀ ਨੇ ਆਪ ਵੀ ਭਾਈ ਰਾਮ ਕੌਰ ਜੀ ਦਾ ਸਿੰਘ ਨਾਮ "ਭਾਈ ਗੁਰਬਖਸ਼ ਸਿੰਘ" ਇਸ ਗ੍ਰੰਥ ਵਿਚ ਕਈ ਥਾਈਂ ਵਰਤਿਆ ਹੈ, ਦੇਖੋ ਰਾਸ ੧ ਅੰਸੂ ੨ ਅੰਕ ੨੮ ਵਿਚ ਐਉਂ ਲਿਖਦੇ ਹਨ:-ਸ੍ਰੀ ਗੁਰਬਖਸ਼ ਸਿੰਘ ਕੇ ਪਾਸ। ਸਭਿ ਸਿੰਘਨਿ ਕੀਨਸਿ ਅਰਦਾਸ।

[2]ਕਦੇਕ ਰੱਖੇਗਾ ਭਵਿੱਖਤ ਵਿਚ (ਤੇ) ਸਿੰਘ (ਸਜੇਗਾ)।

[3]ਪਰਮ ਤਾਤਪਰਯ ਨੂੰ, ਗੂੜ੍ਹੇ ਭੇਤ ਨੂੰ?

ਤੁਮ ਸਿੱਖਨਿ ਕੇ ਹਹੁ ਸਿਰਮੌਰ।
ਸਮਤਾ ਪਹੁੰਚਿ ਨ ਸਕਿ ਹੈ ਔਰ ॥੪੬॥
ਸਦਾ ਏਕਰਸ ਗਜਾਨਾਨੰਦ।
ਤੁਰੀਆ ਮਹਿਂ ਥਿਰਤਾ ਜਗਬੰਦ।'
ਇਸ ਪ੍ਰਕਾਰ ਕਹਿ ਬਹੁ ਬਡਿਆਈ।
ਸਕਲ ਖਾਲਸੇ ਬਿਖੈ ਸੁਨਾਈ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸ਼੍ਰੀ ਰਾਮਕੁਇਰ' ਪ੍ਰਸੰਗ ਬਰਨਨੰ ਨਾਮ ਪੈਂਤੀਸਮੋ ਅੰਸੂ ॥੩੫॥

## ੩੬. [ਜੋਗਾ ਸਿੰਘ]

੩੫<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੩੭

ਦੋਹਰਾ: ਰਾਮਕੁਇਰ ਕੀ ਕਥਾ ਮੈਂ,
ਬਰਨੀ ਕੁਛਕ ਬਨਾਇ[1]।
ਅਪਰ ਗੁਰੂ ਇਤਿਹਾਸ ਕੋ,
ਸਭਿ ਸ਼੍ਰੋਤਾਨਿ ਸੁਨਾਇ ॥੧॥
ਚੌਪਈ: ਇਕ ਸਿਖ ਕੀ ਸਾਖੀ ਸੁਨਿ ਲੇਹੁ।
ਜਥਾ ਸਿਦਕ ਮਹਿਂ ਤਾਂਹਿ ਸਨੇਹੁ।
ਜੋਗਾ ਸਿੰਘ ਹੁਤੋ ਤਿਸ ਨਾਮੂ।
ਰਹੈ ਕਿਤਿਕ ਚਿਰ ਸਤਿਗੁਰ ਧਾਮੂ ॥੨॥
ਦੇਸ਼ ਪਿਸ਼ਾਵਰ ਤਨ ਕੀ ਵਾਸੀ।
ਸੇਵਾ ਕਰਹਿ ਬਹੁਤ ਗੁਰ ਪਾਸੀ।
ਦਰਸ਼ਨ ਕਰਹਿ ਸਿਦਕ ਕੋ ਠਾਨਹਿ।
ਪ੍ਰਭੁ ਰਿਝਾਵਨਿ ਕਰਹਿ ਮਹਾਨਹਿ ॥੩॥
ਕੇਤਿਕ ਵਰਖ ਬੀਤ ਜਬਿ ਗਏ।
ਤਿਸ ਕੇ ਮਾਤ ਪਿਤਾ ਤਹਿਂ ਆਏ।
ਦਰਸ਼ਨ ਕਰਿ ਕੈ ਅਰਪਿ ਅਕੋਰ।
ਬੋਲੇ ਜੁਗਲ ਹਾਥ ਕਰਿ ਜੋਰਿ ॥੪॥
'ਮਹਾਂਰਾਜ! ਇਸ ਕੋ ਅਬਿ ਬਜਾਹੂ।
ਰਹਜੋ ਸਮੈਂ ਬਹੁ ਰਾਵਰਿ ਪਾਹੂ।
ਆਇਸੁ ਦੇਹੁ ਬਜਾਹ ਕਰਿਵਾਵੈ।
ਬਸਹਿ ਧਾਮ ਕੁਛ, ਪੁਨ ਇਤ ਆਵੈ?' ॥੫॥
ਸ਼੍ਰੀ ਪ੍ਰਭੁ ਸੁਨਿ ਕੈ ਸਿਖ ਸਨ ਭਾਖਾ।
'ਜੋਗਾ ਸਿੰਘ ਕਹਾਂ ਅਭਿਲਾਖਾ?'
ਹਾਥ ਜੋਰਿ ਤਿਨ ਤਬਹਿ ਉਚਾਰੀ।
'ਮੋ ਪ੍ਰਣ ਰਾਵਰ ਕੇ ਅਨੁਸਾਰੀ ॥੬॥
ਜਿਮ ਆਇਸੁ ਦਿਹੁ ਮੈਂ ਤਿਮ ਕਰਿਹੌਂ।
ਅਪਰ ਨ ਕਾਨ ਕਿਸੁ ਕੀ ਧਰਿਹੌਂ।'
ਕ੍ਰਿਪਾ ਸਿੰਧੁ ਕਰਿ ਕ੍ਰਿਪਾ ਉਚਾਰੀ।
'ਅਬਿ ਤੂੰ ਜਾਹੁ ਨਿਕੇਤ ਮਝਾਰੀ ॥੭॥
ਅਪਨੋ ਵਜਾਹੁ ਕਰਾਵਨਿ ਕਰੌਂ।

---

[1]ਭਾਵ ਕਵਿਤਾ ਵਿਚ ਬਣਾਕੇ।

ਪਹੁੰਚਹੁ ਹਮ ਆਗਜਾ ਸਿਰ ਧਰੌਂ।'
ਮਾਨ ਵਾਕ ਤਿਨ ਸੰਗ ਸਿਧਾਰਾ।
ਤਰੁਨੀ ਤਰੁਨ ਹੁਤੀ ਤਿਸ ਬਾਰਾ ॥੮॥
ਰਚਜੋ ਬਜਾਹ ਤਿਸ ਕੋ ਤਤਕਾਲਾ।
-ਮਿਲੌਂ ਰੈਨ ਮਹਿਂ- ਚਹੈ ਬਿਸਾਲਾ।
ਮਹਿਦ ਮਦਨ ਤੇ ਪੀੜਤਿ ਹੋਵਾ।
ਜਾਇ ਸਸੁਰ ਘਰ ਕੀਨਸਿ ਢੋਵਾ[1] ॥੯॥
ਸ਼੍ਰੀ ਪ੍ਰਭੁ ਇਕ ਨਰ ਤਾਂਹਿ ਪਿਛਾਰੀ।
ਭੇਜਜੋ ਐਸੇ ਬਾਕ ਉਚਾਰੀ।
ਇਕ ਦੋ ਫੇਰੇ ਤਿਯ ਸੋਂ ਫਿਰੇ।
ਤਬਿ ਮਮ ਹੁਕਮ ਦੇਹੁ ਤਿਸ ਕਰੇ[2] ॥੧੦॥
ਸੋ ਭੀ ਸੰਗ ਤਹਾਂ ਚਲਿ ਗਯੋ।
ਸਮਾ ਜਾਮਨੀ ਕੋ ਤਬਿ ਭਯੋ।
ਤਿਯ ਸੋਂ ਫੇਰਾ ਜਬਿ ਇਕ ਫਿਰਜੋ।
ਗੁਰ ਕੋ ਹੁਕਮ ਦਿਖਾਵਨਿ ਕਰਜੋ ॥੧੧॥
'ਪੈਰ ਉਠਾਵਹੁ ਪਠਿ ਕਰ ਇਸੈ।'
ਸ਼੍ਰੀ ਪ੍ਰਭੁ ਲਿਖਜੋ ਏਵ ਤਿਸ ਬਿਖੈ।
'ਜਬਿ ਤੂੰ ਹੇਰਹਿਂ ਹੁਕਮ ਹਮਾਰੋ।
ਦਿਨ ਕੈ ਨਿਸ ਹੁਇ ਇਤਹਿ ਪਧਾਰੋ[3] ॥੧੨॥
ਅਪਰ ਕਾਜ ਕੋ ਪਗ ਨ ਉਠਾਵਹੁ।
ਦੇਖਤਿ ਸਭਿ ਤਜਿ ਇਤ ਕੋ ਆਵਹੁ।'
ਪਢਤਿ ਅਚੰਭੈ ਅਤਿ, ਛਿਨ ਭਯੋ।
ਨਹਿਂ ਫੇਰੇ ਹਿਤ ਪਗ ਅਗ[4] ਦਯੋ ॥੧੩॥
ਸਭਿ ਲੋਗਨ ਅਰੁ ਪਿਤ ਕੇ ਸਾਥ।
ਕਰੀ ਜਨਾਵਨਿ ਗੁਰ ਕੀ ਗਾਥ।
'ਮੋ ਤੇ ਹੁਕਮ ਨ ਮੇਟਜੋ ਜਾਈ।
ਨਹਿਂ ਫੇਰੇ ਮੈਂ ਫਿਰੌਂ ਕਦਾਈ' ॥੧੪॥
ਪਿਤਾ ਆਦਿ ਸਭਿਹਿਨ ਸਮੁਝਾਯੋ।

---

[1]ਢੁਕਾ ਕੀਤਾ।
[2]ਤਿਸਦੇ ਹੱਥ ਵਿਚ।
[3]ਇਧਨ ਨੂੰ ਟੁਰ ਪਓ।
[4]ਅੱਗੇ।

'ਕਾਰਜ ਕਰਿ ਪੁਨ ਗਮਨਹੁਂ ਧਾਯੋ।
ਐਸੀ ਬਾਤਿ ਨ ਜਗ ਮਹਿਂ ਭਈ।
ਫੇਰੇ ਫਿਰਤਿ ਬਹੁਰ ਅਟਕਈ ॥੧੫॥
ਸਭਿ ਮਹਿਂ ਹੋਵਹਿ ਹਾਸ ਹਮਾਰਾ।
ਤੋਹਿ ਨ ਲਗਹਿ ਇਹਾਂ ਕੁਛ ਬਾਰਾ[1]।'
[2]'ਸਿਖ ਅਰੁ ਸਤੀ ਸਮਾਨ ਪਛਾਨੋ।
ਨੈਕ ਮੁਰੇ ਮਨ ਧਰਮ ਸੁ ਹਾਨੋ[3] ॥੧੬॥
ਇਹੁ ਪਟਕਾ ਲਿਹੁ ਫੇਰੇ ਦੇਹੁ।
ਮੁਝ ਸੋਂ ਬਾਕ ਨ ਕਛੂ ਕਰੇਹੁ।'
ਇਮ ਕਹਿ ਕਰ ਗੁਰ ਦਿਸ਼ ਪਗ ਡਾਲਾ।
ਪੀੜਤਿ ਮਨ ਕੋ ਮਦਨ ਬਿਸਾਲਾ ॥੧੭॥
ਤਊ ਨ ਸਿੱਖ ਸਿਦਕ ਕੋ ਹਾਰਾ।
ਤਾਤਕਾਲ ਪ੍ਰਭੁ ਓਰ ਪਧਾਰਾ।
ਪੰਥ ਉਲੰਘਤਿ ਦ੍ਵਾਬੇ ਦੇਸ਼ਾ।
ਉਤਲਾਵਤਿ ਹੀ ਆਇ ਪ੍ਰਵੇਸ਼ਾ ॥੧੮॥
ਉਰ ਹੰਕਾਰ ਹੋਇ ਕੁਛ ਆਵਾ।
-ਬਡ ਉੱਤਮ ਮੈਂ ਕਰਮ ਕਮਾਵਾ।
ਅਪਰ ਕੌਨ ਇਸ ਬਿਧਿ ਕਰਿ ਸਕੈ।
ਪ੍ਰਥਮ ਮਿਲਿਨਿ ਤ੍ਰਿਯ ਤਜਿ ਗੁਰ ਤਕੈ[4]- ॥੧੯॥
ਹੁਤੋ ਸੁੱਧ ਉਰ ਭਯੋ ਵਿਕਾਰਾ[5]।
ਸ੍ਰੀ ਪ੍ਰਭੁ ਸੋ ਨਹਿਂ ਸਕੇ ਸਹਾਰਾ।
ਨਿਜ ਮਾਯਾ ਤਬਿ ਪ੍ਰੇਰਨ ਕਰੀ।
ਜਿਸ ਤੇ ਸਿਖ ਕੀ ਸ਼ੁਭ ਮਤਿ ਹਰੀ ॥੨੦॥
ਦੇਸ਼ ਦੁਆਬੇ ਪੁਰਿ ਹੁਸ਼ੀਆਰ।
ਰਹਯੋ ਜਾਮਨੀ ਡੇਰੋ ਡਾਰਿ।
ਜਹਿਂ ਸੰਧਯਾ ਕੋ ਬੈਠਯੋ ਸੋਇ।
ਸਨਮੁਖ ਬੇਸਯਾ ਤਹਾਂ ਖੜੋਇ ॥੨੧॥
ਅਪਨੇ ਸਦਨ ਚਢੀ ਤਿਨ ਦੇਖੀ।

---

[1]ਦੇਰ ਨਹੀਂ ਲਗਣੀ।
[2]ਜੋਗਾ ਸਿੰਘ ਬੋਲਿਆ।
[3]ਥੋੜਾ ਜਿਹਾ (ਮਨ) ਮੁੜੇ ਤਾਂ ਧਰਮ ਨਾਸ਼ ਹੁੰਦਾ ਹੈ।
[4]ਪਹਿਲੀ ਵੇਰ ਤ੍ਰਿਯਾ ਦਾ ਮਿਲਣਾ ਤਜਕੇ ਸ੍ਰੀ ਗੁਰੂ ਜੀ ਵਲ ਤੱਕੇ।
[5](ਹੰਕਾਰ ਦਾ) ਵਿਕਾਰ।

ਮਦਨ ਬ੍ਰਿਤੀ[1] ਉਰ ਬਢੀ ਵਿਸ਼ੇਖੀ।
ਖੋੜਸ ਬਰਸਨਿ ਕੀ ਤਨ ਰੂਰਾ।
ਸੁੰਦਰ ਬਨਦ ਚੰਦੁ ਜਨੁ ਪੂਰਾ[2] ॥੨੨॥
ਦ੍ਰਿਗ ਮ੍ਰਿਗ ਸੇ, ਸ਼੍ਰਿੰਗ ਗਰ ਮਹਿਂ[3] ਸੋਹਤਿ।
ਅਤਰ ਲਗ੍ਯੋ, ਬੋਲਤਿ ਮਨ ਮੋਹਤਿ।
ਬੇਨੀ[4] ਸਰਪਨ ਸੀ ਸਟਕਾਰੀ[5]।
ਚੰਪਕ ਬਰਨੀ, ਚੰਚਲ ਪ੍ਯਾਰੀ ॥੨੩॥
ਕਹੌਂ ਕਹਾਂ ਲਗਿ ਸੁੰਦਰਤਾਈ।
ਸਿੰਘ ਪਿਖਤਿ ਮਨ ਰਹ੍ਯੋ ਲੁਭਾਈ।
-ਮਿਲੌਂ ਜਾਮਨੀ ਮਹਿਂ ਇਹ ਸੰਗ।
ਕਰੌਂ ਕੇਲ ਮਦ ਹਰੌਂ ਅਨੰਗ[6]- ॥੨੪॥
ਪਰੀ ਰਾਤਿ ਬੀਤੀ ਇਕ ਜਾਮ।
ਨੀਠ ਨੀਠ ਤਨ ਪੀੜਤਿ ਕਾਮ।
ਭਯੋ ਤ੍ਯਾਰ ਲੇ ਧਨ ਕੋ ਚਲ੍ਯੋ।
ਚਿਤ ਚਾਹਤਿ ਅਤਿ ਤਿਹ ਸੋਂ ਮਿਲ੍ਯੋ ॥੨੫॥
ਸਿਖ ਕੀ ਦਸ਼ਾ ਗੁਰੂ ਤਬਿ ਜਾਨੀ।
-ਭਰਮ੍ਯੋ ਕਰੈ ਧਰਮ ਕੀ ਹਾਨੀ।
ਜੇ ਅਬਿ ਹਮ ਨ ਬਚਾਵਹਿਂ ਜਾਇ।
ਅਪਰ ਆਨਿ ਕੋ ਕਰੈ ਸਹਾਇ ॥੨੬॥
ਧਰਮ ਨਸੇ, ਸਿੱਖੀ ਨਹਿਂ ਰਹੈ।
ਸਿੱਖੀ ਬਿਨਾ ਨਰਕ ਕੋ ਲਹੈ।
ਔਚਕ ਜਬਿ ਬਿਕਾਰ ਕੋ ਹੋਇ।
ਉਚਿਤ ਬਚਾਵਨਿ ਗੁਰ ਕੋ ਸੋਇ- ॥੨੭॥
ਇਮ ਬਿਚਾਰ ਕਰਿ ਸ਼੍ਰੀ ਜਗਨਾਥਾ।
ਕੰਚਨ ਆਸਾ[7] ਗਹਿ ਕਰਿ ਹਾਥਾ।

---

[1]ਕਾਮ ਬ੍ਰਿਤੀ।
[2]ਪੂਰਨ ਚੰਦ ੧੬ ਕਲਾਂ ਦਾ ਹੁੰਦਾ ਹੈ, ੧੬ ਵਰ੍ਹੇ ਦੀ ਉਮਰਾ ਕਹਿਣ ਵਿਚ ਪੂਰਨ ਜਵਾਨੀ ਦਾ ਕਟਾਖ੍ਯ ਰਖ੍ਯਾ ਹੈ ਕਵਿ ਜੀ ਨੇ।
[3]ਮਾਲਾ ਗਲ ਵਿਚ।
[4]ਗੁਤ।
[5]ਲਮਕਦੀ ਹੈ।
[6]ਕਾਮ ਦਾ ਮਦ ਦੂਰ ਕਰਾਂਗਾ।
[7]ਸੋਟਾ।

ਜਾਮਾ ਬਹੁ ਪਾਲਨ ਕੋ ਪਾਇ।
ਬੇਸਵਾਦ੍ਵਾਰ ਖੜੋਏ ਜਾਇ[1] ॥੨੮॥
ਜੋਗਾ ਸਿੰਘ ਦੇਖਿ ਹਟਿ ਰਹਜੋ।
ਨ੍ਰਿਪ ਕੋ ਚੋਬਦਾਰ ਉਰ ਲਹਜੋ।
-ਇਸ ਕੋ ਸ੍ਵਾਮੀ ਅੰਤਰ ਹੋਇ।
ਮੋ ਸੰਗ ਮਿਲਹਿ ਨਹੀਂ ਕਿਮ ਸੋਇ ॥੨੯॥
ਚਲਜੋ ਜਾਇ ਜਬਿ ਇਹ ਨਿਜ ਡੇਰੇ।
ਮਿਲੌਂ ਆਇ ਬੇਸ੍ਵਾ ਸੋਂ ਫੇਰੇ-।
ਇਮ ਬਿਚਾਰ ਨਿਜ ਹਯ ਕੇ ਪਾਸ।
ਥਿਰਜੋ ਜਾਇ ਤ੍ਰਿਯ ਮਿਲਿਬੇ ਆਸ ॥੩੦॥
ਪੀੜਤਿ ਮਦਨ ਨ ਨਿੰਦ੍ਰਾ ਆਵੈ।
ਤ੍ਰਿਯਾ ਮਿਲਿਨਿ ਸੰਕਲਪ ਉਠਾਵੈ।
ਬੀਤੇ ਜਾਮ ਬਹੁਰ ਚਲਿ ਗਯੋ।
ਚੋਬਦਾਰ ਸੋ ਹੇਰਤਿ ਭਯੋ ॥੩੧॥
ਮਨ ਮੁਰਝਾਇ ਦੁਖੀ ਹੁਇ ਮੁਰਜੋ।
-ਅਬਿ ਲੌਂ ਨਹਿਂ ਮਹਿਪਾਲ ਨਿਕਰਜੋ-।
ਗਯੋ ਬਿਸੂਰਤਿ ਹਯ ਕੇ ਤੀਰ।
ਤਜੋਂ ਤਜੋਂ ਲਗਹਿਂ ਕਾਮ ਕੇ ਤੀਰ ॥੩੨॥
-ਇਹ ਨਿਕਸੈ ਜਬਿ ਭੂਪ ਬਿਲੰਦ।
ਮਿਲੌਂ ਤ੍ਰਿਯਾ ਸੋਂ, ਦਹੇ ਅਨੰਗ।
ਆਜ ਰਾਤਿ ਮੈਂ ਕੇਲ ਮਚਾਵੌਂ।
ਮਨਭਾਵਤਿ ਕੈ ਹਿਯ ਲਪਟਾਵੌਂ- ॥੩੩॥
ਏਕ ਜਾਮ ਜਬਿ ਰਾਤਿ ਰਹੀ ਹੈ[2]।
ਜਾਗਤਿ ਬੈਠੇ ਘਾਤਿ ਲਹੀ ਹੈ।
ਧਨ ਲੇ ਕਰਿ ਤ੍ਰਿਯ ਦ੍ਵਾਰੇ ਗਯੋ।
ਚੋਬਦਾਰ ਥਿਰ ਹੇਰਤਿ ਭਯੋ ॥੩੪॥
ਬਹੁ ਦੁਖ ਪਾਇ ਹਟਜੋ ਮੁਰਝਾਯੋ।
-ਕੋ ਨ੍ਰਿਪ ਇਸ ਪਰ ਬਹੁ ਬਿਰਮਾਯੋ।
ਨਹਿਂ ਨਿਕਸਜੋ ਤ੍ਰੈ ਪਹਿਰ ਬਿਤਾਏ।

---

[1]ਪੰਜ ਭੌਤਕ ਸਰੀਰ ਵਿਚ ਨਹੀਂ ਜਾ ਖਲੋਤੇ ਪਰ ਆਪਣੀ ਆਤਮ ਕਲਾ ਨਾਲ ਸਿੱਖ ਨੂੰ ਐਸਾ ਸਰੂਪ ਓਥੇ ਖੜਾ ਦਿਖਾਇਆ ਹੈ।
[2]ਦਾਉ ਤਕਦਿਆਂ ਜਾਗਦਾ ਬੈਠਾ ਰਿਹਾ।

ਅਬਿ ਇਹ ਚਾਰ ਘਰੀ ਠਹਿਰਾਏ[1] ॥੩੫॥
ਨਿਕਸ ਜਾਇਗੋ ਅਪਨੇ ਸਦਨ।
ਤਬਿ ਮੈਂ ਮਿਲੌਂ ਹਰੌਂ ਮਨ ਮਦਨ[2]-।
ਨਿਜ ਡੇਰੇ ਪੁਨ ਬੈਠਯੋ ਜਾਇ।
ਰਹੀ ਰਾਤਿ ਜਬਿ ਗਈ ਬਿਹਾਇ[3] ॥੩੬॥
ਅਰਣੋਦੈ ਕੋ ਸਮੋ ਪਹੂਚਾ।
ਬਹੁ ਮਨਮਥ[4] ਤੇ ਮਿਲਿਬੋ ਰੂਚਾ[5]।
ਤਬਿ ਭੋ ਚੋਬਦਾਰ ਸੋ ਖਰਯੋ।
ਹਟਿ ਕਰਿ ਆਇ ਤਿਮਰ ਤਬਿ ਟਰਯੋ ॥੩੭॥
ਤਮ ਸਮੇਤ[6] ਸਿਖ ਕੋ ਅੱਗਜਾਨਾ।
ਨਾਸਯੋ, ਭਯੋ ਪ੍ਰਗਾਸ ਸੁ ਗਜਾਨਾ।
ਬਾਰਿ ਬਾਰਿ ਮਨ ਅਧਿਕ ਧਿਕਾਰਾ।
-ਬੀਤਯੋ ਹੁਤੋ ਗ਼ਜ਼ਬ ਇਹ ਭਾਰਾ ॥੩੮॥
ਜੇਕਰਿ ਚੋਬਦਾਰ ਨਹਿਂ ਹੋਤਾ।
ਇਸ ਮਿਸ ਖਾਤ ਨਰਕ ਮਹਿਂ ਗੋਤਾ।
ਮੈਂ ਸਿੱਖੀ ਇਸ ਭਾਂਤਿ ਕਮਾਈ।
ਗੁਰ ਢਿਗ ਸੇਵਤਿ ਰਹਯੋ ਸਦਾਈ ॥੩੯॥
ਆਇਸੁ ਲੇਇ ਬਜਾਹੁ ਕੋ ਗਯੋ।
ਤਹਿਂ ਗੁਰ ਹੁਕਮ ਬਿਲੋਕਤਿ ਭਯੋ।
ਖੋੜਸ ਬਰਖਨਿ ਕੀ ਬਰ ਬਾਲਾ।
ਬੇਦ ਲੋਕ ਮਤ ਧਰਮ ਬਿਸਾਲਾ ॥੪੦॥
ਅਸ ਤ੍ਰਿਯ ਸੰਗ ਪ੍ਰਥਮ ਕੋ ਮੇਲ।
ਜੋ ਨਿਸ਼ਪਾਪ ਮਦਨ ਕੋ ਕੇਲ।
ਸਿੱਖੀ ਸਿਦਕ ਰਾਖਿਬੇ ਹੇਤੁ।
ਚਲਯੋ ਤੁਰਤ ਸਭਿ ਤਜਯੋ ਨਿਕੇਤ[7]- ॥੪੧॥

---

[1]ਹੁਣ ਇਹ ਚਾਰ ਘੜੀ ਠਹਿਰੇਗਾ।
[2]ਕਾਮ ਦਾ ਮਦ।
[3](ਬਾਕੀ) ਰਹਿੰਦੀ ਰਾਤ ਜਦੋਂ ਬੀਤ ਗਈ।
[4]ਕਾਮ।
[5]ਚਾਹਿਆ।
[6]ਅੰਧੇਰੇ ਦੇ ਨਾਲ ਹੀ।
[7]ਭਾਵ ੬ ਬਰਸਾਂ ਦੀ ਜਵਾਨ ਇਸਤ੍ਰੀ ਜੋ ਲੋਕ ਸ਼ਾਸਤ੍ਰ ਤੇ ਧਰਮ ਮੂਜਬ ਮੈਨੂੰ ਵਿਹਤ ਸੀ, ਐਸੀ ਇਸਤ੍ਰੀ ਨਾਲ ਪਹਿਲਾ ਮਿਲਾਪ ਜੋ ਕਿ ਨਿਸ਼ਪਾਪ ਭੋਗ ਸੀ ਉਹ ਤਾਂ ਮੈਂ ਸਿੱਖੀ ਸਿਦਕ ਰੱਖਣੇ ਦੀ ਖਾਤਰ ਘਰ ਛਡਕੇ ਟੁਰ ਆਇਆ ਹਾਂ (ਤੇ ਇਥੇ ਕਿਸ ਗਲ ਤੇ ਮੈਂ ਧਰਮ ਹਾਰਨ ਲੱਗਾ ਸਾਂ)।

ਇਮ ਪਛਤਾਇ ਜ਼ੀਨ ਹਯ ਪਾਇ।
ਚਢਿ ਅਨੰਦਪੁਰਿ ਕੀ ਦਿਸ਼ਿ ਧਾਇ।
ਮਾਰਗ ਲੰਘਿ ਸਤੱਦ੍ਰਵ ਤਰਜੋ।
ਆਨਿ ਗੁਰੂ ਕੇ ਪੁਰਿ ਮਹਿਂ ਬਰਜੋ ॥੪੨॥
ਹਯ ਲੰਘਾਇ ਕਰਿ ਤੂਰਨ ਗਯੋ।
ਜਗਤਨਾਥ ਤਬਿ ਦੇਖਤਿ ਭਯੋ।
ਸਮੁਖ ਹੋਇ ਕਰਿ ਬੰਦਨ ਠਾਨੀ।
ਸਤਿਗੁਰ ਸਿਖ ਕੌ ਪਿਖਿ ਕਹਿ ਬਾਨੀ ॥੪੩॥
'ਜੋਗਾ ਸਿੰਘ ਸਦਨ ਤੇ ਆਯੋ।
ਪਿਖਹੁ ਮਹਾਂ ਉਰ ਸਿਦਕ ਕਮਾਯੋ।'
ਇਮ ਕਹਿ ਕਰਿ ਬਿਗਸੇ ਮੰਦ ਮੰਦ।
ਬਾਰਿ ਬਾਰਿ ਪੁਨ ਭਨੈਂ ਮੁਕੰਦ ॥੪੪॥
ਹਸਤ ਬਹੁਤ ਅਰੁ ਕਹੈਂ ਸੁ ਬੈਨ।
ਕ੍ਰਿਪਾ ਰਸੀਲੇ ਕਰਿ ਕਰਿ ਨੈਨ।
ਹਸਹਿਂ ਬਿਲਾਸ ਕਰਹਿਂ ਬਹੁਤੇਰੇ।
ਨਿਕਟ ਸਿੰਘ ਗਨ ਗੁਰ ਕੇ ਹੇਰੇ ॥੪੫॥
ਹਾਥ ਜੋਰਿ ਕੀਨਸਿ ਅਰਦਾਸ[1]।
'ਸ਼੍ਰੀ ਪ੍ਰਭੁ ਰਾਵਰ ਕੇਰ ਬਿਲਾਸ।
ਜਾਨਹੁ ਆਪ ਨ ਹਮ ਕੁਛ ਜਾਨਾ।
ਹਸਨ ਹੇਤੁ ਕਜਾ ਕਰਹੁ ਬਖਾਨਾ' ॥੪੬॥
ਤਬਿ ਗੁਰ ਕਹਜੋ 'ਬੂਝ ਲਿਹੁ ਇਸ ਕੋ।
ਬ੍ਰਿਥਾ ਆਪਨੀ ਕਹਿ ਸਭਿ ਕਿਸ ਕੋ[2]।
ਜਿਮ ਬੀਤੀ ਗਤਿ ਇਸ ਕੇ ਸਾਥ।
ਜਿਮ ਰਾਖਜੋ ਪ੍ਰਭੁ ਦੇ ਕਰਿ ਹਾਥ' ॥੪੭॥
ਜੋਗਾ ਸਿੰਘ ਲਖੀ ਗਤਿ ਸੋਏ।
-ਮਮ ਹਿਤ ਚੋਬਦਾਰ ਗੁਰ ਹੋਏ-।
ਸਮੁਝਿ ਬਾਰਤਾ ਚਰਨੀ ਪਰਜੋ।
'ਧੰਨ ਪ੍ਰਭੂ ਦੇ ਹਾਥ ਉਬਰਜੋ ॥੪੮॥
ਆਪ ਸਮਾਨ ਨ ਅਪਰ ਕ੍ਰਿਪਾਲਾ।
ਸਦਾ ਦਾਸ ਕੇ ਬਨਿ ਰਖਵਾਲਾ।

---

[1]ਭਾਵ ਸਿੱਖਾਂ ਨੇ।
[2]ਸਭ ਕਿਸੇ ਨੂੰ।

ਤਜਹੁ ਜਿਠਾਈ ਸਿਖ ਕੇ ਕਾਰਨ[1]।
ਜਯੋਂ ਕਯੋਂ ਕਰਿਹੌਂ ਦਾਸ ਉਧਾਰਨਿ ॥੪੯॥
ਨਈ ਨ ਕਰਹੁ ਸਦਾ ਬਨਿ ਆਯਾ।
ਨਾਮਦੇਵ ਕੋ ਛਾਪਰ ਛਾਯਾ।
ਧੰਨੇ ਕੇ ਬਛੁਰੇ ਗਨ ਚਾਰੇ।
ਹਿਤ ਕਬੀਰ ਕੇ ਬਨ ਬਨਜਾਰੇ[2] ॥੫੦॥
ਤਿਮ ਹੀ ਮਮ ਹਿਤ ਭੇ ਚੁਬਦਾਰਾ।
ਸੇਵਕ ਰਾਖਯੋ ਬਿਰਦ ਸੰਭਾਰਾ।
ਮੇਰੋ ਕਹਯੋ[3] ਕਹਾਂ ਛਬਿ ਦੈ ਹੈ।
ਆਪ ਸੁਨਾਵਹੁ ਸਭਿ ਸੁਨਿ ਲੈ ਹੈਂ' ॥੫੧॥
ਜੋਗਾ ਸਿੰਘ ਤੇ ਸੁਨਿ ਕਰਿ ਬ੍ਰਿੰਦ।
ਕਹੈ ਖਾਲਸਾ 'ਕਹੋ ਮੁਕੰਦ।'
ਤਬਿ ਕਲਗੀਧਰ ਸਕਲ ਸੁਨਾਈ।
'ਤਜਿ ਫੇਰੇ ਮਮ ਆਇਸੁ ਪਾਈ[4] ॥੫੨॥
ਪੁਰਿ ਹੁਸ਼ੀਆਰ ਆਇ ਕਰਿ ਡੇਰਾ।
ਬਿਰਮਯੋ ਬਾਰਬਧੂ ਪੁਨ ਹੇਰਾ[5]।
ਜੇ ਮੈਂ ਨਹੀ ਬਚਾਵੌਂ ਤਹਾਂ।
ਆਗਯਾਕਾਰੀ ਗੁਰ ਸਿਖ ਮਹਾਂ ॥੫੩॥
ਬਿਗਰੈ ਧਰਮ, ਨਰਕ ਮਹਿਂ ਜੈ ਹੈ।
ਮੁਝ ਗੁਰ ਕਰੇ ਕਹਾਂ ਫਲ ਪੈ ਹੈ।
ਯਾ ਸਮ ਸਿਖ ਆਇਸੁ ਅਨੁਸਾਰੀ।
ਜੇ ਕਰਿ ਭੂਲ ਜਾਇ ਇਕ ਬਾਰੀ ॥੫੪॥
ਤੌ ਗੁਰ ਤਿਸ ਕੌ ਲੇਤਿ ਬਚਾਇ।
ਕਿਸੂ ਬਿਪਦ ਮਹਿਂ ਜੇ ਪਰ ਜਾਇ।
ਇਸ ਕੇ ਸਮ ਸਿਖ, ਗੁਰ ਸਮ ਮੋਹਿ।
ਕਯੋਂ ਨ ਊਚ ਪਦ ਪ੍ਰਾਪਤਿ ਹੋਹਿ' ॥੫੫॥
ਇਮ ਕਹਿ ਕ੍ਰਿਪਾ ਦ੍ਰਿਸ਼ਟਿ ਤੇ ਹੇਰਾ।
ਗਯਾਨਵਾਨ ਸਿਖ ਕਰਿ ਤਿਸ ਬੇਰਾ।

---

[1]ਸਿੱਖਾਂ ਵਾਸਤੇ ਆਪਣੀ ਵਡਿਆਈ ਬੀ ਛੱਡਦੇ ਹੋ ਤੇ।
[2]ਵਣਜਾਰੇ ਬਣੇ ਸਾਓ।
[3]ਮੇਰੇ (ਬਚਨ) ਕਹਿਆਂ।
[4]ਸਾਡਾ ਹੁਕਮ ਪਾਕੇ ਲਾਵਾਂ ਛਡੀਆਂ।
[5]ਵੇਸ਼ਵਾ ਨੂੰ ਦੇਖ ਕੇ।

ਘਰ ਕੋ ਪਠਜੋ, ਗਯੋ ਤਤਕਾਲਾ।
'ਕਰਹੁ ਗ੍ਰਿਹਸਤ ਕੀ ਰੀਤਿ ਬਿਸਾਲਾ' ॥੫੬॥
ਕਿਤਿਕ ਸਮੈਂ ਬਸਿ ਆਯੋ ਫੇਰ।
ਰਹਜੋ ਸਮੀਪੀ ਦਰਸ਼ਨ ਹੇਰਿ।
ਅੰਤ ਸਮੈਂ ਊਚੋ ਪਦਿ ਪਾਯੋ।
ਚਰਨ ਕਮਲ ਗੁਰ ਕੇਰ ਸਮਾਯੋ ॥੫੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸਿਖ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

## ੩੭. [ਗਊ ਦੀ ਆਣ ਤੇ ਆਨੰਦ ਪੁਰ ਛੱਡਣਾ]

੩੬<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੩੮

ਦੋਹਰਾ: ਇਸ ਪ੍ਰਕਾਰ ਸ਼੍ਰੀ ਸਤਿਗੁਰੂ,
ਕੇਤਿਕ ਦਯੋਸ ਬਿਤਾਇ।
ਕਰੇ ਪਰਾਜੈ ਗਿਰਪਤੀ,
ਬਿਜੈ ਸੁਜਸੁ ਬਹੁ ਪਾਇ ॥੧॥

ਕਬਿੱਤ: ਦੇਸ਼ਨ ਬਿਦੇਸ਼ ਮੈਂ ਵਿਸ਼ੇਸ਼ ਜਸੁ ਫੈਲ ਰਹਯੋ,
'ਗੁਰੂ ਕੇ ਮਨਿੰਦ ਨਹੀਂ ਸੂਰਮਾ ਜਹਾਨ ਮੈਂ।
ਸੈਲਨ ਕੋ ਬਲ ਸਾਰੋ, ਤੀਨ ਲੱਛ ਸੈਨ ਜੋਰਿ,
ਘਾਲਯੋ ਜ਼ੋਰ ਘੋਰ, ਨਹਿਂ ਆਵਤਿ ਬਖਾਨ ਮੈਂ[1]।
ਕੇਤੇ ਮਾਰਿ ਲੀਨਿ ਭਟ, ਘਾਇਲ ਬਿਸਾਲ ਕੀਨਿ,
ਹਾਰੇ ਹੀਨ ਹ੍ਵੈ ਕੈ ਗਏ[2] ਆਪਨੇ ਸਥਾਨ ਮੈਂ।
ਪ੍ਰਭੂ ਜੀ ਦੀਵਾਨ ਮੈਂ, ਕਮਾਨ ਬਾਨ ਪਾਨ ਮੈਂ,
ਬਿਰਾਜੈਂ ਗੁਨ ਗਜਾਨ ਮੈਂ ਕਿ ਦਾਨ ਸਨਮਾਨ ਮੈਂ' ॥੨॥
ਜਹਾਂ ਕਹਾਂ ਫੈਲਯੋ ਜਸੁ ਚਾਂਦਨੀ ਬਿਤਾਨ ਮਾਨੋ[3],
ਸਭਿ ਪਰ ਛਾਯੋ ਜੈਸੇ ਛੱਤ੍ਰ ਸੇਤ[4] ਸੀਸ ਪਰ[5]।
ਹੀਰਾ ਸੋਂ ਪ੍ਰਕਾਸ਼ ਰਹਯੋ, ਸੁਧਾ ਸਮ ਚਾਹੈ, ਸ਼ੰਭੁ,
ਚੌਰ ਸਮ ਝੂਲੈ ਸਮੁਦਾਇ ਅਵਨੀਸ਼ ਪਰ।
ਬੀਚ ਸਤਿ ਸੰਗਤਿ ਕੇ ਹੰਸਨ ਕੀ ਪੰਗਤ ਜਯੋਂ
ਫੂਲ ਰਹੀ ਮਾਲਤੀ ਸੁ ਦੇਸ਼ ਬੀਚ ਘਰ ਘਰ।
ਸਿੰਘ ਜਹਿਂ ਸੁਨਹਿਂ, ਬਿਰਮਾਇ ਰਹੈਂ ਮਨ[6] ਸਬੈ[*]
ਜੈਸੇ ਹ੍ਵੈ ਚਕੋਰ ਗਨ, ਲੋਭੈਂ ਰਜਨੀਸ਼ ਪਰ[7] ॥੩॥
ਸੁਨਤਿ ਗਿਰੀਸ਼ ਕੈ ਗਿਰੀਸ਼ਨ ਕੇ ਨਰ ਗਨ[8]

---

[1]ਕਹਿਆ ਨਹੀਂ ਜਾਂਦਾ।
[2](ਪਹਾੜੀਏ) ਗਏ।
[3]ਚਾਂਦਨੀ ਦੇ ਚੰਦੋਏ ਵਾਂਗ।
[4]ਚਿਟਾ ਛੱਤਰ।
[5](ਉਹ ਜਸ) ਹੀਰੇ ਵਾਂਗ ਪ੍ਰਕਾਸ਼ ਰਿਹਾ ਹੈ, ਸ਼ਿਵ ਜੀ (ਉਸ ਜਸ ਨੂੰ) ਅੰਮ੍ਰਤ ਵਾਂਙੂ ਚਾਹ ਰਹੇ ਹਨ, ਸਾਰੀ ਧਰਤੀ ਦੇ ਰਾਜਿਆਂ ਪਰ ਝੂਲ ਰਿਹਾ ਹੈ ਚੌਰ ਵਾਂਙੂ। [ਹੀਰਾ, ਅੰਮ੍ਰਤ, ਸ਼ਿਵ, ਚੌਰ ਸਾਰੇ ਚਿੱਟੇ ਹਨ ਤੇ ਜਸ ਨਾਲ ਉਪਮਾਂ ਦੇਈਦੀ ਹੈ ਇਨ੍ਹਾਂ ਦੀ]।
[6]ਲੁਭਿਤ ਹੋ ਰਹੇ ਹਨ ਮਨ।
[*]ਪਾ:-ਜਬੈ।
[7]ਚੰਦ ਤੇ।
[8]ਪਹਾੜੀ ਰਾਜੇ ਯਾ ਪਹਾੜੀ ਰਾਜਿਆਂ ਦੇ ਲੋਗ ਸੁਣਕੇ।

ਸਹਿ ਨ ਸਕਤਿ ਮਨ ਮੂਢ ਜਰ ਬਰ ਜਾਤਿ।
ਸ਼ੋਕ ਫੈਲਯੋ ਸੈਲਨ ਮਹਿਂ ਸੂਰਮੇ ਮਰੇ ਹੈਂ ਬਹੁ,
ਸੰਕਟ ਪਰਯੋ ਹੈ ਸਭਿ ਦੇਸ਼ ਭੇ ਬਿਸ਼ੇਸ਼ ਘਾਤ[1]।
ਭੀਮਚੰਦ ਮੰਦ[2] ਦੁਖ ਪਾਇ ਕੈ ਪਠਾਏ ਨਰ
ਜੇਤਿਕ ਨਰਿੰਦ ਪਰਬਤ ਕੇ ਬਿਲੰਦ ਪਾਤਿ[3]।
ਘਾਯਲਨ ਘਾਵ ਮਿਲੇ ਘੋਰ ਜੇ ਘਮੰਡਚੰਦ[4],
ਆਯੋ ਸੋ ਹੰਡੂਰੀਆ ਹੰਕਾਰ ਰਜਪੂਤ ਜਾਤਿ[5] ॥੪॥

ਲਲਿਤਪਦ ਛੰਦੁ: ਬੀਰ ਸਿੰਘ ਜਸਪਾਲੀ ਆਨੁਜ[6]
ਪੁਨ ਮੰਡਸਪਤਿ ਆਯੋ।
ਸਿਵਰ ਕਰੇ[7] ਕਹਿਲੂਰ ਦੂਨ ਮਹਿਂ
ਬਹੁ ਸਨਮਾਨ ਕਰਾਯੋ ॥੫॥

ਅਗਲੇ ਦਯੋਸ ਸਭਾ ਕਰਿ ਇਕਠੇ
ਲੈ ਲੈ ਨਿਜ ਪਰਧਾਨਾ।
ਖੜਗ, ਸਿਪਰ, ਤਰਕਸ਼, ਧਨੁ ਧਰਿ ਕਰਿ
ਚਮੂੰ ਸੁਭਟ ਸੰਗ ਬਾਨਾ[8] ॥੬॥
ਫਰਸ਼ ਬਿਸਾਲਹਿ ਗਿਲਮ ਗਲੀਚੇ
ਹੇਮ ਛਰੀਧਰ ਆਗੇ।
ਬੈਠਯੋ ਭੀਮਚੰਦ ਸਨਮਾਨਤਿ
ਕਹੈਂ ਮਧੁਰਤਾ ਪਾਗੇ ॥੭॥
'ਰਹਯੋ ਅਨੰਦਪੁਰਿ ਸੱਲਜ ਸੁ ਛਾਤੀ
ਕਰਕਤਿ ਬਹੁ ਦੁਖ ਦਾਨੀ।
ਨਹੀਂ ਜਾਮਨੀ ਲੋਚਨ ਨਿੰਦ੍ਰਾ
ਰੁਚੈ ਨ ਭੋਜਨ ਪਾਨੀ ॥੮॥
ਮਰੇ ਸੰਬੰਧੀ ਕਾਜ ਸਰਯੋ ਨਹਿਂ
ਧਨ ਬਹੁ ਖਰਚ ਹੰਗਾਮੇ[9]।

---

[1]ਨਾਸ਼ ਹੋਏ।
[2]ਨੀਚ।
[3]ਜਿਤਨੇ ਪਹਾੜਾਂ ਦੇ ਵਡੇ ਰਾਜੇ ਸਨ (ਤਿਨ੍ਹਾਂ ਪਾਸ) ਪੱਤ੍ਰ ਦੇਕੇ।
[4]ਘਮੰਡ ਚੰਦ ਵਰਗੇ ਘੋਰ ਘਾਇਲਾਂ ਦੇ ਘਾਉ ਮਿਲ ਗਏ ਸਨ।
[5]ਉਹ ਹੰਡੂਰੀਆ (ਘ: ਚੰਦ) ਰਜਪੂਤ ਜਾਤ ਦਾ ਹੰਕਾਰੀ ਆਇਆ।
[6]ਜਸਪਾਲੀਏ ਬੀਰ ਸਿੰਘ ਦਾ ਛੋਟਾ ਭਰਾ। [ਸੰਸ:, ਅਨੁਜ = ਛੋਟਾ ਭਿਰਾਉ]। (ਅ) ਆਨੁਜ = ਆਏ।
[7]ਡੇਰਾ ਕੀਤਾ।
[8]ਤੀਰ। (ਅ) ਬਾਣੇ, ਵਰਦੀਆਂ।
[9]ਜੰਗ ਵਿਚ।

ਚਮੂੰ ਹਤੀ ਆਧੀ ਨਹਿਂ ਰਹਿ ਗਈ
ਸਭਿ ਪਹੁੰਚੇ ਜਮਧਾਮੇਂ' ॥੯॥
ਬੋਲਯੋ ਤਬਿ ਘਮੰਡ ਚੰਦ ਸਭਿ ਮੈਂ
'ਪੰਮਾ ਤੋਹਿ ਪ੍ਰਧਾਨਾ।
ਚਲਨਿ ਲਗੇ ਜਬਿ ਆਨੰਦਪੁਰਿ ਤੇ
ਤਿਨ ਤਬਿ ਕੀਨਿ ਬਖਾਨਾ ॥੧੦॥
-ਜਤਨ ਅਨੰਦਪੁਰਿ ਕੋ ਛੁਟਵਾਵਨਿ
ਮੈਂ ਜਾਨਤਿ ਹੌਂ ਆਛੇ-।
ਅਬਿ ਕ੍ਯੋਂ ਮੋਨ ਸਭਾ ਮਹਿਂ ਬੈਠ੍ਯੋ
ਕਰਹਿ ਕਹਾਂ ਮਤਿ ਪਾਛੇ[1] ॥੧੧॥
ਕਹਹਿ ਮੰਤ੍ਰ[2] ਸਭਿ ਸੁਨਹੁ ਬਿਚਾਰਹੁ
ਉਚਿਤ ਹੋਇ ਕਰਿ ਲੀਜੈ।
ਜ੍ਯੋਂ ਕ੍ਯੋਂ ਕਰਿ ਸਤਿਗੁਰੂ ਨਿਕਾਰਹੁ
ਸਭਿ ਕੀ ਆਸ ਪੁਰੀਜੈ ॥੧੨॥
ਬਿਨਾ ਲਰਨ ਤੇ ਨਿਕਸੈ ਜੈਸੇ
ਸੋ ਉਪਾਇ ਹੈ ਨੀਕਾ।
ਜੰਗ ਕਰੈ ਤੇ ਸਰੈ ਨ ਕਾਰਜ
ਪਰੈ ਸੁਜਸੁ ਨਿਤ ਫੀਕਾ ॥੧੩॥
ਜਿਤੀ ਚਮੂੰ ਤੁਮ ਅੱਗ੍ਰ ਬਟੋਰੀ
ਤਿਤੀ ਨ ਅਬਿ ਕਿਮ ਹੋਵੈ।
ਕਾਤਰ ਭਏ ਨ ਮੁਖ ਉਤ ਕਰਤੇ
ਮ੍ਰਿਤਕ ਹਜ਼ਾਰਹੁਂ ਸੋਵੈਂ' ॥੧੪॥
ਸੁਨਿ ਪੰਮੇ ਸਭਿ ਬਿਖੈ ਬਖਾਨੀ
'ਗੁਰੂ ਧਰਮ ਦਿਢ ਧਾਰੀ।
ਹਿੰਦੁਨਿ ਬਿਖੈ ਧੇਨੁ ਕੈ ਦਿਜਬਰ
ਇਸ ਤੇ ਪਰੈ ਨ ਭਾਰੀ[3] ॥੧੫॥
ਦੇਹਿਂ ਗਊ ਕੀ ਆਨ[4] ਅਨੰਦਪੁਰਿ
ਤਜਾਗਹੁ ਇਤ ਕੋ ਬਾਸਾ।

---

[1]ਇਸ ਦੀ ਅਕਲ ਪਿਛੋਂ ਕੀ ਕਰੇਗੀ।
[2](ਜੋ) ਇਹ ਸਲਾਹ ਦੱਸੇ।
[3]ਇਸ ਤੋਂ ਪਰੇ ਕੋਈ ਸ਼ੈ ਭਾਰੀ ਨਹੀਂ।
[4]ਸੌਂਹ।

ਅਪਰ ਥਾਨ ਮਹਿਂ ਥਿਰ ਹ੍ਵੈ ਰਹੀਐ
ਮਿਟੇ ਬਾਦ ਕੋ ਤ੍ਰਾਸਾ[੧]' ॥੧੬॥
ਕੇਤਿਕ ਸੁਨਿ ਕਰਿ ਕਹੈਂ 'ਨ ਨੀਕੀ,
ਮਹਾਂ ਦੀਨਤਾ ਧਾਰੀ।
ਰਾਜੇ ਹੋਇ ਰੰਕਤਾ ਠਾਨਹੁ
ਨਿਰਬਲ ਨਿਰਧਨ ਕਾਰੀ[੨] ॥੧੭॥
ਆਗੇ ਜਸੁ ਕੋ ਚੰਦ ਚੜਾਯਹੁ[੩]
ਮਾਰ ਖਾਇ ਹਟਿ ਆਏ।
ਅਬਿ ਪੰਮੇ ਕੀ ਮਤਿ ਕੋ ਲੈ ਕੇ
ਲੇਹੁ ਪਰਮਪਦ ਪਾਏ' ॥੧੮॥
ਕੇਤਿਕ ਕਹੈਂ 'ਭਲੀ ਇਹ ਠਾਨਹੁ
ਮਿਟੇ ਮਰਨ ਕੋ ਤ੍ਰਾਸਾ।
ਹਟਹਿ ਜੰਗ ਨਿਤ ਪਰਤਿ ਬਖੇਰਾ
ਸੁਭਟਨਿ ਕੇਰ ਬਿਨਾਸ਼ਾ ॥੧੯॥
ਹੀਨ ਭਏ ਤੇ ਕਜਾ ਘਟਿ ਜੈ ਹੈ
ਮਿਟੈ ਉਪਾਧਿ ਸਦਾ ਕੀ।
ਪੰਮੇ ਸ਼ੁਭ ਮਤਿ ਕਰੀ ਬਿਚਾਰਨ
ਰਹੈ ਨ ਕਾਰਜ ਬਾਕੀ' ॥੨੦॥
ਭੀਮਚੰਦ ਤੇ ਆਦਿ ਗਿਰੇਸ਼੍ਵਰ ਕਹਜੋ
'ਆਜ ਨਿਸ ਮਾਂਹੀ।
ਕਰਿ ਹੇਰਹੁ ਜੇ ਸਿਧ ਹੁਇ ਕਾਰਜ
ਆਨੰਦਪੁਰਿ ਛੁਟ ਜਾਂਹੀ ॥੨੧॥
ਸਭਿ ਜਹਾਨ ਜਾਨਹਿਂ ਜਸੁ ਕਰਿ ਹੈ
ਪੁਰਿ ਤੇ ਗੁਰੂ ਨਿਕਾਸਾ।
ਧੇਨ ਆਨਿ ਕੋ ਕੋ ਕੋ ਜਾਨਹਿਂ
ਲਖਹਿਂ ਕਿ ਪਾਯੋ ਤ੍ਰਾਸਾ[੪]' ॥੨੨॥
ਇਮ ਮਸਲਤ ਕਰਿ ਉਠੇ ਸਕਲ ਹੀ
ਪੰਮੇ ਉੱਦਮ ਲੀਨਾ।

---

[੧]ਜੰਗ ਦਾ ਡਰ।
[੨]ਨਿਰਧਨਾਂ ਵਾਂਙ ਕਾਰ (ਕਰਦੇ ਹੋ)।
[੩]ਭਾਵ ਕਲੰਕ ਲਾਇਆ ਨੇ।
[੪]ਗਊ ਦੀ ਆਨ ਤਾਂ ਕੋਈ ਕੋਈ ਹੀ ਸਮਝੂ (ਸਾਰੇ) ਇਹ ਸਮਝਣਗੇ ਕਿ (ਗੁਰੂ) ਡਰ ਗਿਆ ਹੈ।

ਸੁੰਦਰ ਰਚੀ ਚੂਨ ਕੀ ਧੇਨੂ[੧],
ਚਾਰ ਚਰਨ ਤਿਹ ਕੀਨਾ ॥੨੩॥
ਕਾਨ, ਬਿਖਾਨ[੨], ਪੂੰਛ ਔ ਦ੍ਰਿਸ਼ਟੀ
ਸਗਰੇ ਅੰਗ ਬਨਾਏ।
ਤਿਮਰ ਸਮੇਤ ਰਾਤਿ ਜਬਿ ਹੋਈ
ਸੀਸ ਉਠਾਇ ਸਿਧਾਏ ॥੨੪॥
ਆਨਿ ਅਨੰਦਪੁਰਿ ਦ੍ਵਾਰ ਹੁਤੋ ਜਹਿਂ
ਗੋਮੈ ਲਿੰਪ ਸਥਾਨਾ[੩]।
ਖਰੀ ਕਰੀ[੪] ਬਿਧਿ ਖਰੀ ਤਹਾਂ ਤਬਿ
ਡੋਰੀ ਗਰ ਬੰਧਾਨਾ ॥੨੫॥
ਪੂਰਜੋ ਚੌਂਕ ਧਰੇ ਕੁੱਛ ਅੱਛਤ[੫]
ਕੇਸਰ ਚੰਦਨ ਮਾਲਾ।
ਅਰਚਨ[੬] ਚਰਚਨ ਕਰਿ ਕੈ[੭] ਸਭਿ ਬਿਧਿ
ਪੰਮਾ ਕੂਰ ਕੁਚਾਲਾ ॥੨੬॥
ਲਿਖਜੋ ਪੱਤ੍ਰ ਪਰ 'ਆਨ ਗਊ ਕੀ
ਤਜਾਗ ਅਨੰਦਪੁਰਿ ਜਾਵਹੁ।
ਰਾਜਨ ਕੋ ਅਰਮਾਨ[*] ਰਹੈ ਜਗ
ਨਿਕਟ ਬਸਹੁ ਸੁਖ ਪਾਵਹੁ[੮] ॥੨੭॥
ਏਕ ਬਾਰ ਤਜਿ ਕਿਤਿਕ ਸਮੋ ਮਹਿਂ
ਬਹੁਰ ਬਸਹੁ ਪੁਰਿ ਆਈ।'
ਇਮ ਲਿਖਿ ਕਰਿ ਕਾਗਦ ਢਿਗ ਰਖਿ ਕਰਿ
ਬਨਿ ਤਸਕਰ ਡਰਪਾਈ[੯] ॥੨੮॥
ਗਏ ਅਪਨਿ ਘਰ ਰਾਤਿ ਅੰਧੇਰੀ,
ਹੇਰਜੋ ਕਿਨਹੁਂ ਨ ਜਾਨਾ।

---

[੧]ਆਟੇ ਦੀ ਗਊ ਬਣਾਈ।
[੨]ਸਿੰਗ।
[੩]ਗੋਹੇ ਨਾਲ ਥਾਉਂ ਲਿੰਬ ਕੇ ਪੋਚਕੇ।
[੪]ਖੜੀ ਕੀਤੀ।
[੫]ਚਾਵਲ।
[੬]ਪੂਜਨ।
[੭]ਛਿੜਕਨਾ ਕਰਕੇ।
[*]ਪਾ:-ਅਰਮਾਨ।
[੮]ਤੁਸੀਂ ਸੁਖ ਪਾਉਂਦੇ ਕੋਲੇ ਵਸਦੇ ਹੋ ਰਾਜਿਆਂ ਨੂੰ ਇਹ ਜਗਤ ਵਿਚ ਅਰਮਾਨ ਰਹਿੰਦਾ ਹੈ।
[੯]ਕਾਗਦ ਕੋਲ ਰੱਖਕੇ ਚੋਰ ਬਣਕੇ ਡਰਦੇ ਮਾਰੇ....।

ਸੁਪਤਿ ਰਹੇ ਨਰ ਘਰ ਘਰ ਅਪਨੇ
ਭਈ ਪ੍ਰਾਤਿ ਤਮ ਹਾਨਾ ॥੨੯॥
ਗਏ ਦ੍ਵਾਰ ਜਬਿ ਕਰਜੋ ਬਿਲੋਕਨਿ
'ਇਹ ਕਜਾ ਕਿਸ ਨੇ ਕੀਨਾ?'
ਇਕ ਦੋਇ ਤ੍ਰੈ ਚੌਥੇ ਪਿਖਿ ਪੰਚਮ
ਬਿਕਸੇ ਕਛੂ ਨ ਚੀਨਾ ॥੩੦॥
ਸ੍ਰੀ ਕਲਗ਼ੀਧਰ ਨਿਕਟ ਗਏ ਤਬਿ
ਦੌਰਤਿ ਜਾਇ ਬਤਾਈ।
'ਪ੍ਰਭੁ ਜੀ! ਪੁਰਿ ਕੇ ਪੌਰ ਅੱਗ੍ਰ ਕੀ
ਕਿੰਨ ਇਹ ਬਨਤ ਬਨਾਈ ॥੩੧॥
ਕਾਗਦ ਧਰਜੋ ਨ ਹਮ ਕਰ ਛੂਵਜੋ,
ਚਹਹੁ ਜਿ ਲਿਹੁ ਮੰਗਵਾਈ।
ਧੇਨੁ ਚੂਨ ਕੀ ਲਿੰਪ ਧਰੀ ਧਰਿ
ਕਛੂ ਨ ਜਾਨਜੋਂ ਜਾਈ' ॥੩੨॥
ਸੁਨਿ ਪ੍ਰਭੁ ਦਾਸ ਪਠਜੋ ਪੁਰਿ ਪੌਰਹਿ
ਜਾਇ ਤਬਹਿ ਲੇ ਆਵਾ।
ਕਾਗਦ ਤਬਹਿ ਪੜ੍ਹਾਵਨਿ ਕੀਨਾ
ਜਬਿ ਲਿਖਿਓ ਸੁਨਿ ਪਾਵਾ ॥੩੩॥
ਆਨ ਗਊ ਕੀ ਸਹਿ ਨ ਸਕਹਿਂ ਪ੍ਰਭੁ
ਤਤਛਿਨ ਕੀਨਸਿ ਤਜਾਰੀ।
ਕੂਚ ਕਰਨ ਕੋ ਬਜਜੋ ਦਮਾਮਾ
ਸਭਿ ਕੇ ਸ਼੍ਰਤ[1] ਧੁਨਿ ਡਾਰੀ ॥੩੪॥
ਗਜ ਬਾਜਨਿ ਪਰ ਜ਼ੀਨ ਪਵਾਏ
ਕਰਜੋ ਤਜਾਰ ਸਰਬੰਸਾ।
ਉਦੇ ਸਿੰਘ ਅਰੁ ਆਦਿ ਦਯਾ ਸਿੰਘ
ਮਿਲੇ ਬ੍ਰਿੰਦ ਜਿਮ ਹੰਸਾ ॥੩੫॥
ਚਰਨ ਸਰੋਜਨ ਪਰ ਕਰਿ ਬੰਦਨ
ਹਾਥ ਬੰਦ ਕਰਿ ਭਾਖਾ।
'ਪ੍ਰਭੁ ਜੀ! ਕਿਮ ਤਜਾਰੀ ਕਰਿਵਾਈ
ਤਹਾਂ ਚਲਨ ਅਭਿਲਾਖਾ? ॥੩੬॥
ਕਾਚੀ ਮਤਿ ਕੇ ਕੁਮਤ ਪਹਾਰੀ

---

[1] ਕੰਨੀਂ।

ਤਿਨਹੁਂ ਪ੍ਰਪੰਚ ਪਸਾਰਾ।
ਅਪਜਸ ਜਗ ਮੈਂ ਲੱਜਿਤਿ ਖਿਝਿਐ
ਤੁਮ ਕੋ ਚਹਤਿ ਨਿਕਾਰਾ ॥੩੭॥
ਪਾਪ ਪੁੰਨ, ਦੁਖ ਸੁਖ ਇਹੁ ਦੁੰਦ ਜੁ,
ਹਰਖ ਸੋਗ ਨਹਿਂ ਦੋਊ।
ਗੁਰੂ ਪੁਰਖ ਕੋ ਤਿਹ ਥਲ ਬਾਸਾ
ਜਹਾਂ ਨ ਪਹੁੰਚੈ ਕੋਊ ॥੩੮॥
ਇਮ ਸ਼ੱਤ੍ਰੂ ਕੀ ਸਪਥ ਦਏ ਤੇ
ਉਚਿਤ ਨ ਕਿਤਹੂੰ ਜਾਨਾ।
ਦੋਖੀ ਤੁਮਰੇ ਪਾਪ ਮਤੀ ਨਿਤ
ਪੈ ਹੈਂ ਫਲ ਹੁਇਂ ਹਾਨਾ ॥੩੯॥
ਸਪਥ ਦੋਸ਼[1] ਤੁਮ ਲਗਹਿ ਨ ਕੋਊ
ਨਹਿਂ ਤਜੀਅਹਿ ਪੁਰਿ ਧਾਮਾ।
ਪੀਛੈ ਪ੍ਰਬਲ ਹੋਇ ਰਿਪੁ ਪਰਿ ਕੈ
ਲਾਖਹੁਂ ਸੰਘਰ ਕਾਮਾ[2]' ॥੪੦॥
ਸੁਨਿ ਕਲਗੀਧਰ ਸਭਿ ਸਨ ਭਾਖੋ
'ਕਹੋ ਜਥਾਰਥ ਬਾਤੀ।
ਤਊ ਬਿਚਾਰਹੁ ਲਾਖਹੁਂ ਸ਼ੱਤ੍ਰੂ
ਹਾਰਿ ਪਰੇ ਸਭਿ ਭਾਂਤੀ ॥੪੧॥
ਤਜੈਂ ਸ਼ਸਤ੍ਰ ਖਗ ਤੋਪ ਤੁਪਕ ਸਰ
ਭਏ ਦੀਨ ਘਿਘਿਆਏ।
ਅਪਰ ਉਪਾਇ ਬਨੋਂ ਨਹਿਂ ਕੋਊ
ਬਲ ਕੋ ਤਜਿ ਸਮੁਦਾਏ ॥੪੨॥
ਹੋਇ ਰੰਕ ਸਮ ਦਈ ਸਪਥ ਗੋ,
ਹੈਫ਼[3] ਜੁ ਰਾਜ ਸਮਾਜਾ।
ਮਮ ਜੈਸੇ ਛੱਤ੍ਰੀ[4] ਨਾ ਮਾਨਹਿਂ
ਤੌ ਭੀ ਨੀਕ ਨ ਕਾਜਾ ॥੪੩॥
ਬਲ ਤੇ ਚਹਜੋ ਅਨੰਦਪੁਰਿ ਲੈਬੇ

---

[1]ਸਹੁੰ ਦਾ ਦੋਸ਼।
[2]ਲੱਖਾਂ ਜੰਗ ਵਿਚ ਕੰਮ ਔਣਗੇ।
[3]ਅਫਸੋਸ ਹੈ।
[4]ਮੁਰਾਦ ਬੀਰ ਰਸੀਆ ਹੋਣ ਤੋਂ ਹੈ ਜਾਤ ਤੋਂ ਨਹੀਂ, ਜਾਤ ਤਾਂ ਅੰਮ੍ਰਿਤ ਕੁੰਡ ਵਿਚ ਸਭ ਇਕ ਕਰ ਚੁਕੇ ਹਨ। (ਅ) ਸ਼ਸਤ੍ਰ ਧਾਰੀ।

ਚਲਜੋ ਨ ਬਸ ਕਿਸਿ ਭਾਂਤੀ।
ਅਬਿ ਨਿਰਬਲਤਾ ਧਰਿ ਅਭਿਲਾਖੇ
ਸਭਿ ਸੈਲਪ ਬਲਿ ਸ਼ਾਂਤੀ[1] ॥੪੪॥
ਜੇ ਹਮ ਧੇਨੁ ਸਪਥ ਨਹਿਂ ਮਾਨੈ
ਆਨ ਕੌਨ ਤਬਿ ਮਾਨੇ।
ਦਯਾਸਿੰਘ! ਚਿਤ ਸਮੁਝਿ ਬਿਚਾਰਹੁ
ਰਿਪੁ ਜੀਵਤਿ ਹਤਿ ਜਾਨੇ[2] ॥੪੫॥
ਰਾਜਨ ਕੋ ਜੀਵਨ ਅਬਿ ਧ੍ਰਿਗ ਹੈ
ਸ਼ਸਤ੍ਰ ਗਹਿਨ ਧ੍ਰਿਗ ਹੋਈ।
ਹਮਰੋ ਤੋ ਆਨੰਦਪੁਰਿ ਘਰ ਹੈ
ਇਸ ਮਹਿਂ ਅਪਰ ਨ ਕੋਈ[3] ॥੪੬॥
ਚਿੰਤਾ ਕਰਹੁ ਨ ਧਰਮ ਧਰਹੁ ਨਿਜ,
ਸਭਿ ਕਿਛੁ ਤੁਮਰੇ ਹਾਥਾ।
ਜਗ ਮਹਿਂ ਅਪਜਸੁ ਰਾਜਨ ਕੇਰਾ,
ਮਰੇ ਨਰਕ ਦੁਖ ਸਾਥਾ' ॥੪੭॥
ਕਹਿ ਇੱਤਜਾਦਿਕ ਬਹੁ ਸਮੁਝਾਏ
ਬਹੁਰ ਨ ਸਿੰਘਨ ਭਾਖਾ।
'ਕਾਰਣ ਕਰਣ ਸਰਬ ਮਹਿਂ ਸਮਰਥ
ਕਰਹੁ ਜਥਾ ਅਭਿਲਾਖਾ' ॥੪੮॥
ਸਕਲ ਸਮਾਜ ਸਾਥ ਲੇ ਸਤਿਗੁਰ
ਸੈਨਾ ਸਿੰਘਨ ਕੇਰੀ।
ਭਏ ਤਯਾਰ ਆਨੰਦਪੁਰਿ ਛੋਰਨਿ
ਹਯ ਅਰੂਢਿ ਤਿਸ ਬੇਰੀ ॥੪੯॥
ਨਿਕਸਿ ਚਲੇ, ਜਬਿ ਬਜਜੋ ਦਮਾਮਾ
ਆਗੇ ਭਏ ਗੁਸਾਈਂ।
ਅਪਰ ਕਿਸੂ ਕੇ ਨਹਿਂ ਮਨ ਭਾਵੈ
ਘਰ ਤਯਾਗਨਿ ਸਮੁਦਾਈ ॥੫੦॥
[4]'ਇਤਨੇ ਲਰੇ ਮਰੇ ਸੰਗ ਸ਼ਸਤ੍ਰਨਿ,

---

[1]ਪਹਾੜੀ ਰਾਜਿਆਂ ਦਾ ਬਲ ਨਾਸ਼ ਹੋ ਗਿਆ ਹੈ।
[2]ਜੀਵੰਦੇ ਹੀ ਮਰੇ ਜਾਣੋਂ ਵੈਰੀ।
[3]ਹੋਰ ਕੋਈ ਨਹੀਂ (ਵਸੇਗਾ)।
[4]ਸਾਰੇ ਵਿਚਾਰਾਂ ਕਰਦੇ ਹਨ ਕਿ:-

ਬਲ ਕਰਿ ਪੁਰਿ ਕੋ ਰਾਖਾ।
ਅਬਿ ਸੁਖੇਨ ਹੀ ਤਜਿ ਕਰਿ ਗਮਨੇ
ਕਹਾਂ ਗੁਰੂ ਅਭਿਲਾਖਾ— ॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ 'ਅਨੰਦਪੁਰ ਤਜਨ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

## ੩੮. [ਆਨੰਦਪੁਰ ਛੱਡਣ ਪਿੱਛੋਂ ਜੰਗ]

੩੭<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੩੯

ਦੋਹਰਾ: ਕਰਯੋ ਕੂਚ ਸਤਿਗੁਰ ਚਲੇ ਸੰਗ ਖਾਲਸਾ ਬੀਰ।
ਬਿਜੈ ਨਾਦ ਰਣਜੀਤ ਕੋ ਸੁਨਤਿ ਅਧੀਰਜ ਭੀਰੁ[੧] ॥੧॥

ਪਾਧੜੀ ਛੰਦ: ਤਬਿ ਕਹਯੋ ਖਾਲਸੇ ਜੋਰਿ ਹਾਥ।
'ਨ੍ਰਿਪ ਦਈ ਆਨ[੨] ਪੁਰਿ ਤਜਾਗ ਨਾਥ।
ਪਲਟਾ ਸੁ ਲੇਹੁ ਅਪਨਾ ਜ਼ਰੂਰ।
ਲੁਟ ਗ੍ਰਾਮ ਪਾਇੰ ਉਜਰੈ ਕਹਿਲੂਰ ॥੨॥
ਸੁਖ ਸੰਗ ਅਬੈ ਕਿਮ ਬਸਨ ਦੇਹਿਂ।
ਕਰਿਹੈਂ ਉਜਾਰ ਗ੍ਰਾਮਾਨਿ ਥੇਹ।'
ਸੁਨਿ ਕਰਿ ਸੁ ਬਾਕ ਸਤਿਗੁਰ ਬਖਾਨ।
'ਲਿਹੁ ਮਾਰ ਲੂਟ ਕਰੀਅਹਿ ਨਿਦਾਨ[੩]* ॥੩॥
ਜੋ ਲਰਨ ਆਇ ਹਨੀਐ ਤੁਫੰਗ।'
ਤਬਿ ਗਯੋ ਖਾਲਸਾ ਕਰਨਿ ਜੰਗ।
ਨਿਰਮੋਹ ਨਾਮ ਜਿਹਠਾਂ ਸਥਾਨ।
ਉਤਰੇ ਸੁ ਪ੍ਰਿਥੀ ਪਰ[੪] ਗੁਰ ਸੁਜਾਨ ॥੪॥
ਜਬਿ ਲੁਟਯੋ ਦੇਸ਼ ਗਿਰਪਤਿਨਿ ਕੇਰ।
ਸ਼ੱਤ੍ਰੁਨਿ ਸੈਨ ਪਹੁੰਚੀ ਬਡੇਰ।
ਭੇਜੇ ਸਮੂਹ ਨ੍ਰਿਪ ਭੀਮਚੰਦ।
ਜਿਹ ਸੰਗ ਹੰਡੂਰੀ ਭੂਪਚੰਦ[੫] ॥੫॥
ਸਗਰੇ ਗਿਰੀਸ਼ ਮਨ ਅਧਿਕ ਚਾਵ।
'ਨਹਿਂ ਦੁਰਗ ਕੋਟ ਮਾਵਾਸ ਥਾਵ[੬]।
ਇਹੁ ਭਈ ਬਹੁਤ ਆਛੀ ਲਖੇਹ।
ਗੁਰ ਅਨੰਦਪੁਰਾ ਤਜਿ ਦੀਨਿ ਗ੍ਰੇਹ ॥੬॥

---

[੧]ਕਾਇਰ ਧੀਰਜ ਰਹਿਤ ਹੁੰਦੇ ਹਨ।
[੨]ਸਹੁੰ।
[੩]ਅੰਤ।
*ਜਾਪਦਾ ਹੈ ਕਿ ਵੈਰੀ ਨੇ ਫਰੇਬ ਕਰਕੇ ਗੁਰੂ ਜੀ ਨੂੰ ਰੜੇ ਕਢਿਆ ਹੈ ਤੇ ਦਗੇ ਨਾਲ ਹਮਲਾ ਕਰ ਦਿਤਾ ਹੈ, ਗੁਰੂ ਜੀ ਵੱਲੋਂ ਅਗੋਂ ਮੁਕਾਬਲਾ ਹੋਇਆ ਹੈ। ਇਸੇ ਅੰਸੂ ਦੇ ਅੰਤ ਜਾਕੇ ਇਹ ਗਲ ਖੁੱਲ੍ਹਣ ਲੱਗ ਪੈਂਦੀ ਹੈ ਤੇ ਅੰਸੂ ੪੨ ਦੇ ਅੰਕ ਨੌਂ ਵਿਚ ਸਪਸ਼ਟ ਹੋ ਜਾਂਦੀ ਹੈ। ਗੁਰਬਿਲਾਸ ਤੇ ਪੰਥ ਪ੍ਰਕਾਸ਼ ਵਿਚੋਂ ਵੀ ਇਹੋ ਗਲ ਸਹੀ ਹੁੰਦੀ ਹੈ।
[੪]ਪ੍ਰਿਥਵੀ ਤੇ, ਭਾਵ ਕਿਸੇ ਓਟ ਤੋਂ ਬਿਨਾਂ।
[੫]ਨਾਮ ਹੈ।
[੬](ਗੁਰੂ ਜੀ ਪਾਸ) ਕਿਲਾ ਕੋਟ ਕੋਈ ਨਹੀਂ।

ਨਹਿਂ ਪਰਤਿ ਜ਼ੋਰ, ਹ੍ਵੈ ਜਤਨ ਨਾਂਹਿ।
ਲਰਿ ਕਰਿ ਸੁ ਮਰੈਂ ਭਟ ਅਨਿਕ ਤਾਂਹਿ।'
ਮਿਲਿ ਮਿਲਿ ਗਰੀਸ਼ ਇਮ ਅਨੰਦ ਪਾਇ।
ਪੈਦਲ ਤੁਰੰਗ ਦੀਨਸਿ ਪਠਾਇ ॥੭॥
ਜੇਤੀਕ ਸੈਨ ਬਾਈਸ ਧਾਰ।
ਦੁੰਦਭਿ ਬਜਾਇ ਹੱਥਜ਼ਾਰ ਧਾਰਿ।
ਚਲਿ ਮਨੋ ਓਰੜੀ ਗੰਗ ਧਾਰ।
ਅਨਗਨ ਤੁਫੰਗ ਖਰ ਖੜਗ ਧਾਰਿ ॥੮॥
ਗਨ ਬਜੇ ਢੋਲ ਪਟਹੇ ਨਿਸ਼ਾਨ।
ਭੇਰਿਨਿ[1] ਭੁੰਕਾਰ ਤੁਰਰੀ ਨਿਸ਼ਾਨ।
ਉਤ ਪਾਇ ਖਾਲਸੇ ਲੂਟ ਮਾਰ।
ਸਭਿ ਲਏ ਪਦਾਰਥ ਕਰਿ ਉਜਾਰ ॥੯॥
ਕਹਿਲੂਰ ਦੂਣ ਮਹਿਂ ਧੂਮ ਧਾਮ।
ਇਮ ਪਰੀ ਮਾਰ ਭਜਿ ਤਜਤਿ ਧਾਮ।
ਜੋ ਅਰਹਿ ਬੇਗ ਹੀ ਮਾਰ ਲੇਤਿ।
ਛੂਟੈ ਤੁਫੰਗ ਬਡ ਜੰਗ ਖੇਤ ॥੧੦॥
ਘੋਰਨਿ ਨਚਾਇ ਮੋਰਨਿ ਮਨਿੰਦ।
ਕੋਰਨਿ ਬਨਾਇ[2] ਸੂਰਨਿ ਬਿਲੰਦ।
ਤੋਰਨ ਰਿਪੁਨ[1] ਫੋਰਨ ਸੁ ਅੰਗ।
ਓਰਨ ਉਭੈ[3] ਸੁ ਛੋਰਨਿ ਤੁਫੰਗ ॥੧੧॥
ਤਬਿ ਹੁਇ ਮੁਕਾਬਲੇ ਦਲ ਦੁਊਨ।
ਪ੍ਰੇਰੇ ਸਮੀਰ ਜਿਮ ਜਲਦ ਊਨ[4]।
ਕਰਕਾ ਸਮੂਹ ਗੋਰੀ ਗਿਰੰਤਿ।
ਬਾਰੂਦ ਅਗਨਿ ਤੜਿਤਾ ਦਿਪੰਤਿ[5] ॥੧੨॥
ਇਕ ਬਾਰਿ ਛੁਟੀ ਸ਼ਲਖਾਂ ਕਰਾਲ।
ਭੜਭੜ ਸੁ ਨਾਦ ਸੁਨਤੇ ਬਿਸਾਲ।
ਦਿਸ਼ਿ ਦੁਹਨ ਮਾਰ ਮਾਚੀ ਵਿਸ਼ੇਸ਼।
ਛਣਕੰਤਿ ਗਜਨ ਰਣ ਕੈ ਅਸ਼ੇਸ਼ ॥੧੩॥

---

[1]ਭੇਰੀਆਂ ਦੀ।
[2]ਵਡੇ ਸੂਰਮੇ ਕਤਾਰਾਂ (ਆਪਣੀਆਂ) ਬਣਾਕੇ ਤੋੜਦੇ ਹਨ (ਕਤਾਰਾਂ) ਵੈਰੀ ਦੀਆਂ।
[3]ਦੁਵੱਲੀਓਂ।
[4]ਬੱਦਲ ਓਰੜਕੇ।
[5]ਬਿਜਲੀ ਲਿਸ਼ਕਦੀ ਹੈ।

ਭਰਿ ਮੁਸ਼ਟ ਬਰੂਦ ਡਾਲਤਿ ਉਤਾਲ।
ਗੁਲਕਾਂ ਸੁ ਡਾਲ ਠੋਕਤਿ ਬਿਸਾਲ।
ਭਰਿ ਤੁਰਤ ਪਲੀਤੇ ਪਰ ਜਮਾਇ।
ਤੋੜਾ ਉਭਾਰਿ ਕਲ ਪੈ ਟਿਕਾਇ ॥੧੪॥
ਕਰਿ ਦਸਤਰਵਾਂ ਰਿਪੁ ਤਨ ਤਕਾਇ।
ਡਾਂਭੈਂ ਸ਼ਿਤਾਬ ਨਹਿੰ ਕਰ ਡੁਲਾਇ।
ਜਬਿ ਲਗਹਿ ਜਾਇ ਨਹਿੰ ਦੇਰ ਕੋਇ।
ਗਿਰ ਪਰਹਿ ਭੂਮ ਨਿਜ ਪ੍ਰਾਨ ਖੋਇ ॥੧੫॥
ਅਸਵਾਰ ਧਵਾਇ ਹਯ ਕੋ ਸ਼ਿਤਾਬ।
ਛੋਰਤਿ ਤੁਫੰਗ ਕਰ ਕਰਤਿ ਦਾਬ[1]।
ਰਿਪੁ ਕੋ ਗਿਰਾਇ ਕਸਿ ਲੇਤਿ ਫੇਰ।
ਪੁਨ ਕਰਤਿ ਨੇਰ ਤਤਕਾਲ ਗੇਰਿ ॥੧੬॥

ਰੁਣਝੁਣਾ ਛੰਦ: ਚਲਹਿੰ ਤੁਫੰਗਾ। ਗੁਲਕਨ ਸੰਗਾ।
ਲਗਿ ਲਗਿ ਅੰਗਾ। ਕਰਿ ਕਰਿ ਭੰਗਾ ॥੧੭॥
ਮੁਰਛਤਿ ਹੋਏ। ਧਰ ਪਰ ਸੋਏ।
ਮਨਹੁੰ ਨਿਹਾਲੀ। ਬਰਨ ਸੁ ਲਾਲੀ[2] ॥੧੮॥
ਗਿਰ[3] ਬਹੁ ਲੋਹੂ। ਬਹੁਬਲ ਹੋਹੂ[4]।
ਮੁਖ ਮੁਰਝਾਨੇ। ਹਤਿ ਹੁਇ ਪ੍ਰਾਨੇ ॥੧੯॥
ਰੁਪਿ ਰੁਪਿ ਆਗੇ। ਨਹਿੰ ਡਰਿ ਭਾਗੇ।
ਚਰਨ ਜਮਾਏ। ਨਹਿੰਨ ਹਿਲਾਏ ॥੨੦॥
ਤਕਿ ਤਕਿ ਗੋਰੀ। ਅਰਿ ਦਿਸ਼ਿ ਛੋਰੀ।
ਉਰ ਸਿਰ ਫੋਰੀ। ਕਰ ਪਗ ਤੋਰੀ ॥੨੧॥
ਥਲ ਥਲ ਰੋਕੇ। ਦਲ ਖਲ ਢੋਕੇ[5]।
ਖਲ ਭਲ[6] ਹੋਵਾ। ਅਤਿ ਭੈ ਜੋਵਾ ॥੨੨॥
ਰਨ ਮਹਿੰ ਮਾਰੇ। ਸੁਭਟ ਕਰਾਰੇ।
ਬਡ ਬਰਿਆਰੇ[7]। ਟਰਤਿ ਨ ਟਾਰੇ ॥੨੩॥

---

[1]ਹੱਥ ਨਾਲ (ਘੋੜਾ) ਦਬਾਕੇ।
[2](ਧਰਤੀ) ਮਾਨੋਂ ਲਾਲ ਰੰਗ ਦੀ ਨਿਹਾਲੀ।
[3]ਡਿਗਿਆ।
[4]ਕਮਜ਼ੋਰ। 'ਬਿਹਬਲ' ਪਾਠ ਏਥੇ ਚਾਹੀਏ। ਲਿਖਾਰੀ ਦੀ ਉਕਾਈ ਨਾਲ ਬਹੁਬਲ ਪਾਠ ਹੋ ਗਿਆ ਜਾਪਦਾ ਹੈ।
[5]ਵੈਰੀ ਦੇ ਦਲ ਢੁੱਕੇ
[6]ਖਰਬਰਾਟ।
[7]ਬਲਵਾਨ।

ਝਟਪਟ ਜੁੱਟੇ। ਕਟ ਕਟਿ ਕੁੱਟੇ[1]।
ਲਪ ਪਟ ਹੁੱਟੇ[2]। ਮੁਖ ਲਗਿ ਟੁੱਟੇ ॥੨੪॥
ਸਟਪਟ ਧਾਏ। ਰਕਤ ਭਿਗਾਏ।
ਖੜਗ ਨਚਾਏ। ਤਨ ਰਿਪੁ ਲਾਏ ॥੨੫॥

ਸਾਬਾਸ ਛੰਦ: ਗਹਤਿ ਕਮਾਨਹਿਂ। ਧਨੁ ਖਰ ਬਾਨਹਿ।
ਕਰਿ ਬਲ ਤਾਨਹਿਂ। ਤਕਤ ਨਿਸ਼ਾਨਹਿਂ ॥੨੬॥
ਰਿਪੁ ਗਨ ਹਾਨਹਿਂ। ਲਗਤਿ ਕਿਕਾਨਹਿ।
ਤਜਹਿ ਸੁ ਪ੍ਰਾਨਹਿ। ਤਜਤਿ ਨ ਥਾਨਹਿ ॥੨੭॥
ਹੁਇ ਹਥ ਵੱਥਹਿ। ਖਿਲਤਿ ਪਲੱਥਹਿ[3]।
ਗਹਿ ਗਹਿ ਮੱਥਹਿ[4]। ਬਹੁ ਬਲ ਸੱਥਹਿ[5] ॥੨੮॥
ਮਿਲਿ ਲਲਕਾਰਤਿ। ਸਿਪਰ ਸੰਭਾਰਤਿ।
ਖੜਗ ਪ੍ਰਹਾਰਤਿ। ਕਟਿ ਕਟਿ ਡਾਰਤਿ ॥੨੯॥
ਤੁਪਕ ਕੜਾਕਹਿਂ। ਹਤਹਿਂ ਸੁ ਤਾਕਹਿਂ[6]।
ਮਿਲਿ ਭਟ ਪ੍ਰੇਰਤਿ। ਕਿਤ ਕਿਤ ਟੇਰਤਿ ॥੩੦॥
ਹਯ ਬਰ ਫੇਰਤਿ। ਰਿਪੁ ਹਤਿ ਗੇਰਤਿ।
ਸੁਭਟ ਨਿਬੇਰਤਿ। ਰਿਸ ਦ੍ਰਿਗ ਹੇਰਤਿ[7] ॥੩੧॥

ਦੋਹਰਾ: ਅਧਿਕ ਬ੍ਰਿਧਿ ਕੋ ਕ੍ਰੁੱਧ ਕਰਿ[8], ਜੁੱਧ ਮੱਧ ਬਹੁ ਰੁੱਧਿ[9]।
ਜਨੁ ਦੂਜੋ ਭਾਰਥ[10] ਭਯੋ, ਲਰਤਿ ਬੀਰ ਬੁਧਿ ਸੁਧ[11] ॥੩੨॥

ਲਲਿਤਪਦਛੰਦ: ਉਦੇ ਸਿੰਘ ਅਰੁ ਧਰਮ ਸਿੰਘ ਭਟ
ਸਾਹਿਬ ਸਿੰਘ ਸੰਭਾਰੇ।
ਮੁਹਕਮ ਸਿੰਘ ਟੇਕ ਸਿੰਘ ਮਿਲਿ ਕੈ
ਈਸ਼ਰ ਸਿੰਘ ਪ੍ਰਹਾਰੇ ॥੩੩॥
ਆਲਮ ਸਿੰਘ ਤਜਹਿ ਸਰ ਖਰ ਗਨ

---

[1]ਕਮਰ ਤੇ ਕਟ ਕੱਟ ਦਿਤੇ।
[2]ਗੁੱਥਮਗੁੱਥਾ ਹੋਏ। (ਅ) ਚਾਹੋ ਹੁੱਟੇ ਹੋਏ ਸਨ ਫੇਰ ਬੀ ਗੁੱਥਮਗੁੱਥਾ ਹੋ ਗਏ।
[3]ਭਾਵ ਹੱਥ ਪਲੱਥੇ ਦੀ ਬਾਜ਼ੀ ਖੇਲਦੇ ਹਨ।
[4]ਮਲ ਸੁਟਦੇ ਹਨ।
[5]ਬਹੁਤੇ ਬਲ ਨਾਲ।
[6]ਤੱਕਕੇ ਮਾਰਦੇ ਹਨ।
[7]ਕ੍ਰੋਧ ਭਰੇ ਨੈਣਾਂ ਨਾਲ ਤੱਕਦੇ ਹਨ।
[8]ਅਤਿ ਬਹੁਤਾ ਕ੍ਰੋਧ ਕਰਕੇ।
[9]ਰੁਕ ਗਏ।
[10]ਮਹਾਂ ਭਾਰਥ ਜੁੱਧ।
[11]ਸੁਧ ਬੁਧ (ਭੁਲਾਕੇ)। (ਅ) ਸੁਧ ਬੁੱਧੀ ਨਾਲ ਭਾਵ ਛਲ ਵਲ ਨਹੀਂ ਕਰਦੇ ਨਿਰੋਲ ਬੀਰਤਾ ਦੇ ਭਾਵ ਨਾਲ।

ਦਯਾ ਸਿੰਘ ਗੁਰ ਤੀਰੰ।
ਸਾਹਿਬ ਚੰਦ ਬੀਰ ਰਸ ਮਾਤਾ
ਗਿਨੈ ਨ ਰਿਪੁ ਕੋ ਬੀਰੰ[1] ॥੩੪॥
ਬਖਸ਼ ਸਿੰਘ ਬਖਸ਼ੀਸ਼ ਸਿੰਘ ਦ੍ਵੈ
ਫਤੇ ਸਿੰਘ ਅਸੁ ਫੇਰਾ।
ਇੱਤਯਾਦਿਕ ਸਭਿ ਸਿੰਘ ਭਨੈ ਕੋ[2]
ਕ੍ਰੁੱਧਤਿ ਰਿਦੈ ਘਨੇਰਾ ॥੩੫॥
ਉਤ ਤੇ ਭੂਪਚੰਦ ਹੰਡੂਰੀ
ਬੀਰ ਸਿੰਘ ਜਸਪਾਲੀ।
ਭੀਮਚੰਦ ਪ੍ਰੇਰੇ ਸਭਿ ਰਾਜੇ
ਦੇ ਦੇ ਧੀਰ ਬਿਸਾਲੀ ॥੩੬॥
ਰਾਣੇ ਗਨ ਮੀਏਂ ਜਿਨ ਸੰਗ੍ਯਾ
ਮਿਲੇ ਹਜ਼ਾਰਹੁਂ ਆਏ।
ਸੈਨਾ ਸਕਲ ਗਿਰੀਸ਼ਨਿ ਕੇਰੀ
ਬਹੁਰ ਪ੍ਰਜਾ ਸਮੁਦਾਏ ॥੩੭॥
ਕੋਪ ਕਟੋਚੀ ਅਰੁ ਚੰਬਯਾਲੀ
ਕੁੱਲੂ ਕੈਂਠਲ ਵਾਲੇ।
ਮਿਲ ਗੁਲੇਰੀਆ ਗੂਜਰ ਰੰਘੜ
ਜਿਤ ਕਿਤ ਆਇ ਬਿਸਾਲੇ ॥੩੮॥
ਗਿਨੌਂ ਗਿਰੀਸ਼ਨ ਕੇਤਿਕ ਸੰਗ੍ਯਾ
ਬਾਇਸ ਧਾਰਨ ਆਏ।
ਬਾਜਤਿ ਢੋਲ ਬੋਲਿ ਲਲਕਾਰੇ
ਟੋਲ ਟੋਲ ਹੁਇ ਧਾਏ ॥੩੯॥
ਜੁਦੀ ਜੁਦੀ ਨਿਜ ਮਿਸਲ ਬੰਧਿ ਕਰਿ
ਸਮੁਖ ਖਾਲਸੇ ਹੋਏ।
ਬਜਯੋ ਲੋਹ ਸੋਂ ਲੋਹ ਕਰਾਰਾ
ਕੇਤਿਕ ਧਰ ਮਰਿ ਸੋਏ[3] ॥੪੦॥
ਲੋਥਨ ਤੇ ਪੂਰਨ ਥਲ ਹੋਵਾ

---

[1]ਵੈਰ ਦੇ ਸੂਰਮਿਆਂ ਨੂੰ ਗਿਣਦਾ ਹੀ ਨਹੀਂ।
[2]ਇਤਿਯਾਦਿਕ ਸਾਰੇ ਸਿੰਘ, (ਉਨ੍ਹਾਂ ਦੀ, ਗਿਣਤੀ ਕੌਣ ਕਰੇ, ਦਿਲ ਵਿਚ ਬਹੁਤ ਕ੍ਰੋਧ ਕਰ ਰਹੇ ਸਨ। (ਅ) (ਇਸ ਪਾਸੇ ਦੇ) ਵਰਣਨ ਕੀਤੇ ਸਿੰਘਾਂ ਨੂੰ....।
[3]ਮਰਕੇ ਧਰਤੀ ਤੇ ਸੁੱਤੇ।

ਕੇਤਿਕ ਪਰੇ ਕਰਾਹੈਂ[੧]।
ਕੇਤਿਕ ਜਲ ਜਾਚਤਿ ਦੁਖ ਆਰਤਿ
ਬਜੀ ਬੰਦੂਕ ਮਹਾਂ ਹੈ ॥੪੧॥
ਕ੍ਰੁੱਧਤਿ ਭਯੋ ਖਾਲਸਾ ਅਤਿਸ਼ੈ
ਆਨ ਦਈ[੨] ਨਿਕਸਾਏ।
ਕਪਟੀ, ਦੁਸ਼ਟ, ਅਨਿਸ਼ਟੀ[੩], ਕੰਟਕ[੪]
ਮਾਰਿ ਮਾਰਿ ਉਥਲਾਏ ॥੪੨॥
ਕ੍ਰਿਪਾ ਸਿੰਧੁ ਕਾਲੀ ਤਬਿ ਕੜਕੀ
ਸ਼੍ਰੋਣਤ ਪਾਨ ਕਰੰਤੀ।
ਹੜ ਹੜ ਹਸਤਿ ਦੰਤ ਤੇ ਚਰਬਤਿ
ਹਾਡਨਿ ਮਾਸ ਭਖੰਤੀ ॥੪੩॥
ਫਿਰੀ ਜੋਗਨੀ ਵਾਲ ਖਿਲਾਰਤਿ
ਪੀ ਪੀ ਰਕਤ ਡਕਾਰੇ।
ਨਾਚਤਿ ਮਿਲਿ ਧਮਾਲ ਕੌ ਘਾਲਤਿ[੫]
ਖੁਸ਼ੀ ਕਰੈ ਪਰਵਾਰੇ[੬] ॥੪੪॥
ਧੁਖਿ ਧੁਖਿ ਉਠੇ ਮਸਾਣ ਪੁਕਾਰੇ,
ਭੂਤ ਪ੍ਰੇਤ ਆਨੰਦੇ।
ਤਾਲੀ ਬਜਹਿ ਭਵਾਲੀ ਲੇਤੇ
ਕਾਲੀ ਮਾਲ ਬਨੰਦੇ[੭] ॥੪੫॥
ਗ੍ਰਿੱਧ ਬ੍ਰਿੰਧ ਡਾਕਨ ਡਕਰਾਈ
ਕਾਕ ਕੰਕ ਕੀ ਕੂਕੈਂ[੮]।
ਸਜਾਲ ਪੁਕਾਰਹਿਂ, ਸ੍ਵਾਨ ਖਾਤਿ ਪਲ[੯]
ਬ੍ਰਿੰਦ ਬ੍ਰਿੰਦ ਹੁਇ ਢੂਕੈਂ ॥੪੬॥
ਕਿਤਿਕ ਕਟੇ ਕਰ ਸਹਿਤ ਖੜਗ ਕੇ

---

[੧]ਕਰਾਹੁੰਦੇ ਹਨ ਪਏ ਹੋਏ।
[੨]ਕਸਮ ਦੇਕੇ।
[੩]ਅਹਿਤ ਕਰਨ ਵਾਲੇ।
(ਅ) ਜਿਨ੍ਹਾਂ ਦਾ ਇਸ਼ਟ ਕੋਈ ਨਹੀਂ।
[੪]ਦੁਖਦਾਈ।
[੫]ਲੁਡੀ ਪਾਉਣਾ।
[੬](ਆਪਣੇ) ਪਰਵਾਰ (ਸਮੇਤ ਜੋਗਣੀਆਂ)।
[੭](ਐਉਂ) ਭਵਾਲੀ ਲੈਂਦੇ ਹਨ ਕਿ (ਮਾਨੋਂ) ਕਾਲੀ (ਦੇ ਉਦਾਲੇ) ਮਾਲਾ ਬਣਾ ਰਹੇ ਹਨ।
[੮]ਕਾਵਾਂ ਤੇ ਕੰਕਾਂ ਦੀਆਂ ਕੂਕਾਂ ਹੋ ਰਹੀਆਂ ਸਨ।
[੯]ਮਾਸ।

ਕਰੇ ਰੁੰਡ ਸਿਰ ਕਾਟੇ।
ਪਗ ਜਾਨੂ ਤੇ ਕਾਟ ਕਾਟ ਕਰਿ
ਸੁਭਟ ਗਿਰਨਿ ਕੇ ਡਾਂਟੇ ॥੪੭॥
ਫੂਟੇ ਮੂੰਡ ਲਗੀ ਗਨ ਗੁਲਕਾ
ਜਯੋਂ ਹਾਂਡੀ ਪਟਕੰਤੀ।
ਤੁੰਡ ਵਢੇ, ਕਿਹ ਫੂਟੇ ਲੋਚਨ,
ਪੁੰਜ ਪੁਕਾਰ ਕਰੰਤੀ ॥੪੮॥
ਤੋਮਰ, ਸੇਲ[1], ਸੈਹਥੀ, ਸਾਂਗਨ
ਖੈਂਚੇ ਖੜਗ ਮਯਾਨੋਂ।
ਅਧਿਕ ਕ੍ਰੋਧ ਤੇ ਪਗਨ ਫਿਰੈਂ ਇਕ[2]
ਕਟਿ ਕਟਿ ਪਰੈਂ ਨਿਦਾਨੋਂ ॥੪੯॥
ਭਯੋ ਭਯੰਕਰ ਸੰਘਰ ਭਾਰੋ
ਛੂਛੇ ਤੁਰੰਗ ਫਿਰੰਤੇ।
ਆਯੁਧ ਤੇ ਸੰਕੀਰਨੁ ਬਨੁ ਭਾ[3]
ਲੋਥਨ ਪੋਥ ਕਰੰਤੇ ॥੫੦॥
ਕਹੌਂ ਕਹਾਂ ਲਗਿ ਜੁਟੇ ਝਟਾਪਟ
ਸਟਪਟ ਭਟ ਕਟ ਡਾਟੇ।
ਲਟਪਟ ਹ੍ਵੈ ਕੈ ਮਿਟੇ ਨ ਅਟਕੇ[4],
ਨਹਿਂ ਸਟਕੈਂ ਤਨ ਫਾਟੇ[5] ॥੫੧॥
ਲਰਤਿ ਲਰਤਿ ਰਵਿ ਅਸਤ ਗਯੋ ਜਬਿ
ਹਟੇ ਪਹਾਰੀ ਕਾਚੇ।
ਲੋਥ ਸੰਭਾਰ ਮਿਲਯੋ ਦਲ ਸਿੰਘਨਿ
ਆਇ ਪਿਖੇ ਗੁਰ ਸਾਚੇ ॥੫੨॥
ਆਯੁਧ ਛੀਨ ਹਜ਼ਾਰਹੁੰ ਆਨੇ
ਅਪਰ ਵਸਤੁ ਗਨ ਲੂਟੇ।
ਮਾਰਿ ਉਜਾਰੇ ਗ੍ਰਾਮ ਦੂਣ ਕੇ
ਅਰੇ ਅੱਗ੍ਰ ਸੋ ਕੂਟੇ ॥੫੩॥
ਲੇ ਕਰਿ ਫਤੇ ਖਾਲਸਾ ਆਯੋ

---

[1]ਸੇਲੇ।
[2]ਇਕ ਪੈਰ ਵੀ ਨਹੀਂ ਹਟਦੇ ਭਾਵ ਜੰਮਕੇ ਲੜਦੇ ਹਨ।
[3]ਬਨ ਸ਼ਸਤ੍ਰਾਂ ਨਾਲ ਢਕਿਆ ਗਿਆ, ਭਾਵ ਥਾਓਂ ਥਾਈਂ ਸ਼ਸ਼ਤ੍ਰ ਖਿੱਲਰੇ ਪਏ ਸਨ।
[4]ਅਟਕ ਕੇ ਹਟੇ ਨਾ।
[5](ਪਿਛੇ ਨਾ) ਹਟੇ ਚਾਹੋ ਤਨ ਫੁਟ ਗਏ।

ਡੇਰੇ ਬਿਥਰਿ[1] ਲਗਾਏ।
ਮਨਹੁ ਕੇਹਰੀ ਮਿਲੇ ਦੂਣ ਮਹਿਂ
ਸਤਿਗੁਰ ਫਤੇ ਬੁਲਾਏ ॥੫੪॥
ਤ੍ਰਾਸਤਿ ਭਏ ਪਹਾਰੀ ਦੀਰਘ
ਦੂਰ ਜਾਇ ਥਲ ਹੇਰਾ।
ਪਰਮ ਦੁਖੀ ਹੁਇ ਸ਼੍ਰਮ ਅਤਿ ਲਰਤੇ
ਘਾਲਿ ਦੀਨਿ ਤਬਿ ਡੇਰਾ ॥੫੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

[1]ਖਿੱਲਰਕੇ।

## ੩੯. [ਬਾਹਰ ਡੇਰਾ ਕਰਨਾ]

੩੮<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੪੦

ਦੋਹਰਾ: ਊਚੇ ਥਲ ਪਰ ਸਤਿਗੁਰੂ,
ਡੇਰਾ ਦਿਯੋ ਲਗਾਇ।
ਥਿਰਜੋ ਖਾਲਸਾ ਜਾਇ ਕਰਿ,
ਫਤੇ ਜੰਗ ਤੇ ਪਾਇ ॥੧॥

ਚੌਪਈ: ਕਲਗ਼ੀਧਰ ਕੇ ਪਗ ਸਿਰ ਧਰਿ ਧਰਿ।
ਪਰਮ ਪ੍ਰੇਮ ਤੇ ਦਰਸ਼ਨ ਕਰਿ ਕਰਿ।
ਥਿਰਜੋ ਖਾਲਸਾ ਸ਼੍ਰਮ ਪਰਹਰਜੋ।
ਕਿਨਹੁਂ ਸ਼ਨਾਨ ਸੁਚੇਤਾ ਕਰਜੋ ॥੨॥
ਘਾਇਲ ਸਾਲਪੱਤ੍ਰ ਕੋ ਪਾਇ।
ਨਿਜ ਘਾਵਨ ਪਰ ਤਤਛਿਨ ਲਾਇ।
ਮਿਟੀ ਪੀਰ ਮਿਲਿ ਮਾਸ ਗਯੋ ਹੈ।
ਲਰਿਬੇ ਕੋ ਸਵਧਾਨ ਭਯੋ ਹੈ ॥੩॥
ਜੋ ਮਰਿ ਗਏ ਸੁ ਦੀਨੇ ਦਾਗ਼।
ਬਸੇ ਸ੍ਵਰਗ ਹ੍ਵੈ ਕੈ ਬਡਭਾਗ।
ਬਰਤੀ ਦੇਗ ਸਰਬ ਕੋ ਜਬੈ।
ਖਾਨ ਪਾਨ ਕਰਿ ਤ੍ਰਿਪਤੇ ਤਬੈ ॥੪॥
ਕੇਤਿਕ ਸਿੰਘ ਅਗਾਊ ਹ੍ਵੈ ਕੈ।
ਜਾਗਤਿ ਰਹੇ ਸੁਚੇਤਾ ਕੈ ਕੈ[1]।
ਨਮਸਕਾਰਨੀ[2] ਤਜਾਗਤਿ ਰਹੈਂ[3]।
ਜਿਨ ਕੋ ਸੁਨਿ ਸੁਨਿ ਨ੍ਰਿਪ ਡਰ ਲਹੈਂ ॥੫॥
ਉਤ ਰਾਜਨ ਬਹੁ ਸੰਕਟ ਪਾਏ।
ਮਰੇ ਸਬੰਧੀ ਜਿਨ ਸਮੁਦਾਏ।
ਕਿਤਕ ਰੁਦਤਿ ਹੈਂ ਡੇਰੇ ਮਾਂਹਿ।
ਭ੍ਰਾਤ ਪੁੱਤ੍ਰ ਪਿਤ ਮਰਿਗੇ ਜਾਂਹਿ ॥੬॥
ਕਿਨ ਭੋਜਨ ਖਾਏ ਨਹਿਂ ਖਾਏ।
ਅਧਿਕ ਸ਼ੋਕ ਜਿਨ ਬਿਖੈ ਸਮਾਏ।
ਪ੍ਰਜਾ ਕਿ ਸੈਨਾ ਜਿਤ ਕਿਤ ਰੋਵੈ।

---

[1]ਸਾਵਧਾਨ ਰਹਿਕੇ।
[2]ਬੰਦੂਕਾਂ।
[3]ਚਲਾਉਂਦੇ ਰਹੇ।

ਜਿਨ ਕੇ ਸਨਬੰਧੀ ਰਣ ਸੋਵੈਂ ॥੭॥
ਨਿਸਾ ਭਯੰਕਰ ਤਿਨ ਕੋ ਹੋਈ।
ਤੜਫਹਿਂ ਰਣ ਥਲ ਘਾਇਲ ਕੋਈ।
ਨਹਿਂ ਉਠਾਵਨੇ ਪਾਏ ਸੋਇ।
ਲਰਤਿ ਭਯੋ ਤਮ, ਮਿਟਿਗੇ ਦੋਇ[1] ॥੮॥
ਪਰੇ ਬਿਸੁਰਤਿ ਹੈਂ ਬਿਚ ਡੇਰੇ।
ਖਾਨ ਪਾਨ ਕੇ ਜਾਹਿਂ ਨ ਨੇਰੇ।
ਕੇਤਿਕ ਕਰਹਿਂ ਪ੍ਰਬੋਧਨ ਕਾਹੂੰ[2]।
-ਯਹੀ ਰੀਤਿ ਹੋਵਹਿ ਰਣ ਮਾਂਹੂੰ- ॥੯॥
ਭੀਮਚੰਦ ਕੋ ਗਾਰਿ ਨਿਕਾਰਹਿਂ।
'ਇਹ ਗਿਰਰਾਜਨ ਜਰਾਂ ਉਖਾਰਹਿ।
ਗੁਰ ਸਨ ਰਚਿ ਬਿਰੋਧ ਮਰਿਵਾਏ।
ਅਚਲਨਿ ਕੋ ਨਰ[3] ਰਹਿਨ ਨ ਪਾਏ ॥੧੦॥
ਸਰਬ ਲਰਾਇ ਆਪ ਰਹਿ ਪਾਛੇ।
ਬਿਧਵਾ ਗਿਰ ਤ੍ਰੀਯਨਿ ਕੋ ਬਾਂਛੇ[4]।
ਗੁਰ ਕੈ ਕਮਤੀ ਹੋਇ ਨ ਕੋਈ।
ਚਹੁੰ ਦਿਸ਼ਿ ਤੇ ਗਨ ਸਿਖ ਹੁਇਂ ਸੋਈ ॥੧੧॥
ਲੈ ਲੈ ਪਾਹੁਲ ਜੰਗ ਮਚਾਵੈਂ।
ਨਹਿਂ ਦਰਮਾਂਹਾ[5] ਗੁਰ ਤੇ ਪਾਵੈਂ।
ਕਹਾਂ ਰੀਸ ਪ੍ਰਭੁ ਕੀ ਇਹ ਕਰੈ।
ਨਾਹਕ ਕਰਿ ਬਿਰੋਧ ਲਰਿ ਪਰੈ ॥੧੨॥
ਪ੍ਰਜਾ ਸੈਨ ਕੋ ਕਿਯਸਿ ਬਿਨਾਸਾ।
ਉਪਜਯੋ ਬੰਸ* ਬੰਸ ਮਹਿਂ ਬਾਂਸਾ[6]।'
ਇਮ ਰੋਵਤਿ ਅਰੁ ਕਰਤਿ ਬ੍ਰਿਲਾਪਾ।
ਜਾਗਤਿ ਰਹੇ ਧਰੇ ਡਰ ਆਪਾ ॥੧੩॥
ਕੋ ਕੋ ਖਾਨ ਪਾਨ ਕਰਿ ਸੋਵਾ।

---
[1]ਹਟ ਗਏ ਦੋਵੇਂ (ਖਾਲਸਾ ਤੇ ਪਹਾੜੀਏ)।
[2]ਸਮਝਾਉਂਦੇ ਹਨ ਕਿ....।
[3]ਪਹਾੜੀਆਂ ਦਾ ਕੋਈ ਆਦਮੀ.
[4]ਪਹਾੜੀ ਇਸਤ੍ਰੀਆਂ ਵਿਧਵਾ ਕਰਨਾ ਚਾਹੁੰਦਾ ਹੈ।
[5]ਤਨਖਾਹ।
*ਪਾ:-ਬੰਧ।
[6](ਆਪਣੀ) ਵੰਸ਼ ਵਿਚ ਉਪਜਿਆ ਹੈ, (ਜਿਵੇਂ) ਵਾਸਾਂ ਵਿਚ (ਖਹਿਣੇ ਵਾਲਾ) ਵਾਂਸ।

ਅਪਰ ਸਕਲ ਹੂੰ ਸੰਕਟ ਜੋਵਾ।
ਰਜਨੀ ਕਰੀ ਬਿਤੀਤ ਦੁਖਾਰੇ।
ਬੈਠੇ ਜਾਗਤਿ ਭਈ ਸਕਾਰੇ ॥੧੪॥
ਸੌਚ ਸ਼ਨਾਨ ਖਾਲਸੇ ਠਾਨੀ।
ਊਚੀ ਧੁਨਿ ਤੇ ਪਠਿ ਗੁਰਬਾਨੀ।
ਜਥਾ ਬਿਪਨ ਮਹਿਂ ਮੁਨਿ ਸਮੁਦਾਯਾ।
ਬੇਦ ਘੋਖ ਕੋ ਪਠਤਿ ਉਠਾਯਾ[1] ॥੧੫॥
ਆਸਾਵਾਰ ਰਬਾਬੀ ਗਾਵੈਂ।
ਮਧੁਰ ਮ੍ਰਿਦੰਗ ਰਬਾਬ ਬਜਾਵੈਂ।
ਰਾਗ ਰਾਗਨੀ ਸੁੰਦਰ ਨਾਨਾ।
ਸੁਰ ਸਰ ਬਿਖਮ ਊਚ ਲਘੁ ਜਾਨਾ[2] ॥੧੬॥
ਪਰਮੇਸ਼ੁਰ ਕੀ ਸਿਫਤ ਬਿਸਾਲਾ।
ਸੁਖਦ ਲੋਕ ਦ੍ਵੈ ਸੁਨਹਿਂ ਰਸਾਲਾ।
ਸਤਿਗੁਰ ਠਾਨੀ ਸੌਚ ਸ਼ਨਾਨਾ।
ਬੈਠੇ ਇਕ ਆਸਨ ਕਰਿ ਧ੍ਯਾਨਾ ॥੧੭॥
ਭਈ ਪ੍ਰਭਾਤਿ ਖਾਲਸਾ ਆਇ।
ਬੈਠਿ ਦਿਵਾਨ ਮਹਾਂਨ ਲਗਾਇ।
ਬ੍ਰਿਤੀ ਟਿਕਾਇ ਰੰਗ ਇਕ ਰਾਤੇ।
ਸ਼੍ਰੀ ਗੁਰ ਚਰਨ ਪ੍ਰੇਮ ਮਹਿਂ ਮਾਤੇ ॥੧੮॥
ਦਿਵਸ ਚਢ੍ਯੋ ਗੁਰ ਨਯਨ ਉਘਾਰੇ।
ਸ਼ਸਤ੍ਰ ਸੁ ਬਸਤ੍ਰ ਬਿਭੂਖਨਿ ਧਾਰੇ।
ਖੜਗ ਸਿਪਰ ਸਿੰਘਨ ਤਨ ਲਾਏ।
ਗਹੇ ਤੁਪਕ ਕਟ ਕਸੀ ਸੁਹਾਏ ॥੧੯॥
'ਪ੍ਰਭੁ ਜੀ! ਆਇਸੁ ਦੇਹੁ ਚਢਨਿ ਕੀ।
ਦੁਸ਼ਟਨ ਕੋ ਕਰਿ ਮਾਰ ਕਢਨਿ ਕੀ।
ਮਾਰੇ ਕਾਲ[3] ਬਿਹੋਸ਼ੀ ਧਰੇ।
ਲੋਥੈਂ ਪਰੇ ਘਨੇ ਰਣ ਮਰੇ ॥੨੦॥
ਆਜ ਨਿਬੇਰਹਿਂਗੇ ਭਲਿ ਭਾਂਤੀ।
ਭਾਜਹਿਂ ਫੂਟਤਿ ਸਿਰ ਅਰੁ ਛਾਤੀ।

---
[1]ਵੇਦ ਪਾਠ ਕਰਦਿਆਂ ਧੁਨਿ ਨੂੰ ਉਠਾਉਂਦੇ ਹਨ।
[2]ਉੱਚੀਆ, ਨੀਵੀਆਂ, ਸਰਲ ਤੇ ਵਿਖਮ ਸਾਰੇ ਭੇਦ ਜਾਣਦੇ ਹਨ [ਸਰ=ਸਰਲ]।
[3]ਜੋ ਕੱਲ ਮਾਰੇ ਸੀ।

ਬਡ ਘਮਸਾਨ ਖਾਲਸੇ ਘਾਲਾ।
ਦੁਰਜਨ ਕੋ ਦਿਨ ਬਿਤਯੋ ਦੁਖਾਲਾ' ॥੨੧॥
ਸੁਨਿ ਸਤਿਗੁਰ ਤਬਿ ਧੀਰਜ ਦੀਨਿ।
'ਸੰਘਰ ਮਹਾਂ ਪ੍ਰਥਮ ਜੋ ਕੀਨਿ।
ਸੁਮਤਿ ਹੋਹਿਂ ਭਟ ਸਕਲ ਤੁਰੰਗ।
ਆਜ ਅਸੂਦੇ[1] ਬਨਿ ਕੇ ਅੰਗ ॥੨੨॥
ਬਹੁਰ ਜੰਗ ਕੀ ਕੀਜਹਿ ਤਯਾਰੀ।
ਮਰਦਹੁ ਫੇਰ ਸ਼ੱਤ੍ਰੁ ਨ੍ਰਿਪ ਭਾਰੀ।'
ਇਮ ਕਹਿ ਕਰਿ ਸਭਿ ਸਿੰਘ ਟਿਕਾਏ।
ਡੇਰੇ ਥਿਰੇ ਮਹਾਂ ਸੁਖ ਪਾਏ ॥੨੩॥
ਭੀਮਚੰਦ ਉਤ ਜਾਗਤਿ ਭਯੋ।
ਅਪਨਿ ਨ੍ਰਿਪਨ ਕੋ ਦਲ ਪਿਖਿ ਲਯੋ।
ਸਹਿਮ ਬਿਸਾਲ ਹੋਇ ਸਭਿ ਰਹੇ।
ਲਰਤਿ ਸਕਲ ਦਿਨ ਸੰਕਟ ਲਹੇ ॥੨੪॥
ਜੇ ਉਬਰੇ ਸੋ ਦੁਖੀ ਬਿਸਾਲੇ।
ਮਰੇ ਜੰਗ ਨਹਿਂ ਲੋਥ ਉਠਾਲੇ।
ਘਾਇਲ ਪਰੇ ਸੈਂਕਰੇ ਐਸੇ।
ਕੇਤਿਕ ਬਚੇ, ਮਰਣ ਹੁਇ ਜੈਸੇ[2] ॥੨੫॥
ਕਰੇ ਸੰਭਾਰਨਿ ਧੀਰਜ ਦੀਨੇ।
ਕੇਤਿਕ ਕੋ ਧਨ ਬਖਸ਼ਨਿ ਕੀਨੇ।
ਸਿਰੇਪਾਉ ਕੇਤਿਕ ਪਹਿਰਾਏ।
ਬੈਠਯੋ ਮਹਾਂ ਦਿਵਾਨ ਲਗਾਏ ॥੨੬॥
ਪਠਿ ਨਰ ਸਗਰੇ ਨ੍ਰਿਪਤ ਹਕਾਰੇ।
ਉਠਿ ਉਠਿ ਕਰਿ ਆਗੇ ਸਤਿਕਾਰੇ।
ਮਿਲਿ ਮਸਲਤ ਕਰਿ ਕਸ਼ਟ ਸੁਨਾਏ।
'ਆਨੰਦਪੁਰਿ ਕੋ ਤਜਿ ਗੁਰੁ ਆਏ ॥੨੭॥
ਹੁਤੇ ਵਹਿਰ ਭੀ ਸਿੰਘ ਸੁ ਥੋਰੇ।
ਭਯੋ ਜੰਗ ਸੁਭਟਨਿ ਕਿਯ ਜ਼ੋਰੇ।
ਦਲ ਬਿਸਾਲ ਹਮ ਸਗਰੋ ਢੋਵਾ।
ਤਊ ਖਾਲਸਾ ਰੁਪਯੋ ਖਲੋਵਾ ॥੨੮॥

---

[1]ਸੁਖੀ; ਭਾਵ ਅਜ ਅਰਾਮ ਕਰੋ।
[2]ਬਚੇ ਵੀ ਮੋਇਆਂ ਵਰਗੇ।

ਮਰੇ ਸੈਂਕਰੇ ਘਾਇਲ ਹੋਹਿ।
ਨਹੀਂ ਪਲਾਇਨ, ਲਰਹਿਂ ਸੁ ਕ੍ਰੋਹਿ[1]।
ਭਈ ਬਿਹਾਲ ਬਾਹਨੀ ਸਾਰੀ।
ਲੂਟਿ ਕੂਟਿ ਕਰਿ ਦੂਣ ਉਜਾਰੀ ॥੨੯॥
ਟਰਹਿਂ ਜੁੱਧ ਤੇ ਨਾਂਹਿਨ ਲਖੀਅਤਿ।
ਆਜ ਨ ਚਢੇ ਕਹਾਂ ਬਿਧਿ ਪਿਖੀਅਤਿ।
ਸ਼ਾਹੁ ਨਿਕਟਿ ਪਰਧਾਨ ਪਠਾਯੋ।
ਤਿਸ ਕੋ ਲਿਖ੍ਯੋ ਪ੍ਰਥਮ ਇਮ ਆਯੋ ॥੩੦॥
-ਸੀਰੰਦ ਕੋ[2] ਸੂਬਾ ਚਢਿ ਆਵੈ।
ਹਮਰੀ ਕਰੈ ਸਹਾਇ ਸੁ ਧਾਵੈ[3]-।
ਹੁਕਮ ਸ਼ਾਹ ਕੋ ਤਬਿ ਹੁਇ ਗਯੋ।
ਅਬਿ ਲੌਂ ਆਵਨ ਸੋ ਨਹਿਂ ਭਯੋ ॥੩੧॥
ਪਠਹਿਂ[4] ਪ੍ਰਧਾਨ ਆਜ ਕੋ ਔਰ।
ਮਿਲਹਿ ਜਾਇ ਸੀਰੰਦ ਕੀ ਠੌਰ।
ਜੈਸੀ ਕੈਸੀ ਸੁਧਿ ਲੇ ਆਵੈ।
ਕੈ ਵਜ਼ੀਰ ਖਾਂ ਜਾਇ ਚਢਾਵੈ' ॥੩੨॥
ਭੀਮਚੰਦ ਤੇ ਸੁਨਿ ਕਰਿ ਕਾਨ।
ਭੂਪ ਚੰਦ ਤਬਿ ਕੀਨ ਬਖਾਨ।
'ਬਿਨਾ ਸ਼ਾਹੁ ਕੀ ਸੈਨ ਘਨੇਰੀ[5]।
ਗੁਰੂ ਨ ਹਾਰੈ, ਮੈਂ ਭਲ ਹੇਰੀ ॥੩੩॥
ਵਹਿਰ ਦੁਰਗ ਤੇ ਨਾਂਹਿ ਨ ਓਟਾ।
ਭਯੋ ਨ ਸੰਘਰ ਕਲ ਕੁਛ ਖੋਟਾ।
ਦਲ ਪਰ ਕਰੀ ਘਨੀ ਫਰਵਾਹਿਂ[6]।
ਮਰੇ ਬ੍ਰਿੰਦ ਗਨ ਪਰੇ ਕਰਾਹਿਂ ॥੩੪॥
ਤੁਮ ਪ੍ਰਥਮੈ ਨਹਿਂ ਜੰਗ ਮਚਾਵਹੁ।
ਪਰੇ ਰਹੋ ਸਨਮੁਖ ਦ੍ਰਿਸ਼ਟਾਵਹੁ[7]।

---

[1]ਦੌੜੇ ਨਹੀਂ, ਕ੍ਰੋਧ ਕਰਕੇ ਲੜਦੇ ਰਹੇ।
[2]ਸਿਰਹਿੰਦ ਦਾ।
[3]ਸਾਡੀ ਸਹਾਇਤਾ ਕਰਨ ਲਈ ਧਾਵਾ ਕਰੇਗਾ।
[4]ਭੇਜੀਏ।
[5]ਸ਼ਾਹ ਦੀ ਬਹੁਤੀ ਸੈਨਾ ਤੋਂ ਬਿਨਾਂ।
[6]ਮਾਰ, ਸ਼ਸਤ੍ਰਾਂ ਦੀ ਮਾਰ।
[7]ਦੇਖਦੇ ਰਹੋ।

ਸੂਬਾ ਜਬਿ ਸਿਰੰਦ ਕੋ ਆਵੈ।
ਤਿਹ ਸੋਂ ਮਿਲਿ ਪੁਨ ਗੁਰੂ ਹਰਾਵੈਂ ॥੩੫॥
ਨਾਹਕ ਸੁਭਟ ਹਜ਼ਾਰਹੁਂ ਮਰੇ।
ਕਿਸ ਪ੍ਰਕਾਰ ਕੁਛ ਕਾਜ ਨ ਸਰੇ।'
ਕਰਿ ਮਸਲਤ ਇਮ ਗਿਰਪਤਿ ਸਾਰੇ।
ਸਚਿਵ ਪਠਾਯੋ ਬਿਨਾ ਅਵਾਰੇ ॥੩੬॥
'ਕਿਮ ਬਿਲੰਬ ਆਵਨ ਮਹਿਂ ਹੋਈ।
ਫਿਰੇ ਨ ਸ਼ਾਹੁ ਹੁਕਮ ਕਿਯ ਜੋਈ।
ਸਭਿ ਲੇ ਭੇਦ ਪਠਾਵਹੁ ਸੁਧਿ ਕੋ।
ਆਨਹੁਂ ਚਮੂੰ ਕਰੋ ਬਡ ਬੁਧਿ ਕੋ' ॥੩੭॥
ਵਸਤੁ ਅਜਾਇਬ ਭੇਟ ਪਠਾਈ।
ਮੰਤ੍ਰੀ ਗਯੋ ਬਿਲੰਬ ਬਿਹਾਈ।
ਨਿਜ ਸੁਭਟਨਿ ਕੋ ਕਮਰ ਕਸਾਇ।
ਠਾਂਢੇ ਕਰੇ ਅੱਗ੍ਰ ਸਮੁਦਾਇ ॥੩੮॥
ਤ੍ਰਾਸਤਿ ਰਿਦੈ ਨ ਧੀਰਜ ਧਰੈਂ।
-ਔਚਕ ਆਇ ਸਿੰਘ ਨਹਿਂ ਪਰੈਂ-।
ਸਰਬ ਪ੍ਰਕਾਰ ਕਰੈਂ ਤਕਰਾਈ।
ਰਖੇ ਤੁਰੰਗਨ ਜ਼ੀਨ ਪਵਾਈ ॥੩੯॥
ਸਨਮੁਖ ਡੇਰੇ ਦੋਇ ਦਲੋਂ ਕੇ।
ਪਿਖਹਿਂ ਪਰਸਪਰ ਊਚ ਥਲੋਂ ਕੇ।
ਤੰਬੂ ਸ਼ਮਿਯਾਨੇ ਗਨ ਤਾਨੇ।
ਖਰੇ ਨਿਸ਼ਾਨ ਚੀਰ ਫਹਿਰਾਨੇ ॥੪੦॥
ਦੁੰਦਭਿ ਢੋਲਨਿ ਪਟਹਿ ਬਜਾਵੈਂ।
ਨੌਬਤ ਆਪਸ ਬਿਖੈ ਸੁਨਾਵੈਂ।
ਵਧਯੋ ਵਿਰੋਧ ਅਧਿਕ ਦਲ ਦੋਊ।
ਚਹਤਿ ਜੁੱਧ ਕ੍ਰੁੱਧਤਿ ਚਿਤ ਸੋਊ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਡੇਰਾ ਕਰਨ' ਪ੍ਰਸੰਗ ਬਰਨਨੰ ਨਾਮ ਏਕ ਊਨ ਚਤਵਾਰਿੰਸਤੀ ਅੰਸੂ ॥੩੯॥

# ੪੦. [ਤੋਪ ਦੇ ਗੋਲੇ ਤੋਂ ਬਚਾਉ]

੩੯<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੪੧

ਦੋਹਰਾ: ਫਰਜੋ ਦੁਪਹਿਰਾ ਸਤਿਗੁਰੂ, ਕਰਿ ਕੈ ਉਠੇ ਅਰਾਮ।
ਬਿਜੀਆ ਮਰਚ ਇਲਾਇਚੀ, ਸਰਦਾਈ ਸੁ ਬਦਾਮ* ॥੧॥
ਚੌਪਈ: ਛੱਤ੍ਰ ਧਾਰ ਮਾਵਾ[੧] ਵਡ ਕਰਜੋ।
ਲਯੋ ਦਾਸ ਤੇ ਨਿਜ ਕਰ ਧਰਜੋ।
ਬਹੁ ਮਾਦਿਕ[੨] ਜੁਤਿ ਬਿਜੀਆ[੩] ਪੀਆ।
ਦੁਤਿਯ ਕਟੋਰਾ ਪੁਨ ਭਰਿ ਲੀਆ ॥੨॥
ਮਾਵੇ ਸੰਗ ਪਾਨ ਕਰਿ ਲਿਯੋ+।
ਸੌਚ ਹੇਤ ਪੁਨ ਉਠਿਬੋ ਕਿਯੋ।
ਪੁਨ ਸ਼ਨਾਨ ਕਰਿ ਨਿਰਮਲ ਨੀਰ।
ਪਹਿਰੇ ਸੁੰਦਰ ਚੀਰ ਸਰੀਰ ॥੩॥
ਊਚੇ ਥਲ ਸੁਭ ਫਰਸ਼ ਕਰਾਯੋ।
ਰੁਚਿਰ ਬਿਸਾਲ ਪ੍ਰਯੰਕ ਡਸਾਯੋ।
ਤਿਸ ਪਰ ਥਿਰੇ ਜਾਇ ਗੋਸਾਈਂ।
ਊਪਰ ਸ਼ਮਿਯਾਨਾ ਦੁਤਿ ਪਾਈ ॥੪॥
ਮੇਚਕ ਕੇਸ ਪਾਸ[੪] ਤਿਸ ਕਾਲਾ।
ਕੰਘਾ ਕਰਿਬੇ ਲਗੇ ਕ੍ਰਿਪਾਲਾ।
ਸੁਠ ਸੁੰਦਰ ਬੰਧੀ ਦਸਤਾਰੂ।
ਊਪਰ ਜਿਗਾ ਦਿਪਤਿ ਦੁਤਿ ਚਾਰੂ ॥॥ ੫॥
ਜਬਰ ਜਵਾਹਰ ਜਾਗਤਿ ਜੋਤੀ।
ਕਲਗ਼ੀ ਤੁੰਗ ਅਧਿਕ ਛਬਿ ਹੋਤੀ।
ਸੂਰਜ ਮੁਖੀ[੫] ਲੀਏ ਕਰ ਖਰਜੋ।
ਊਪਰ ਚਮਰ ਚਲਾਚਲ[੬] ਢੁਰਜੋ ॥੬॥
ਥਲ ਥਲ ਬਿਖੈ ਸੁਚੇਤਾ ਕਰਿ ਕੈ।
ਕੇਸਨ ਕੋ ਜੁਤਿ ਅਦਬ ਸੁਧਰਿ ਕੈ।

---

*ਪਾ:-ਸੁਖਧਾਮ।
[੧]ਅਫੀਮ ਦੀ ਗੋਲੀ।
[੨]ਅਫੀਮ।
[੩]ਸੁੱਖਾ।
+ਦੇਖੋ ਰਾਸਿ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।
[੪]ਭਾਵ ਕੇਸਾਂ ਦਾ ਜੂੜਾ (ਖੋਹਲ ਕੇ)।
[੫]ਪੱਖਾ।
[੬]ਚੰਚਲ।

ਬੰਧਿ ਬੰਧਿ ਕਰਿ ਸਿਰ ਪਰ ਪਾਗ।
ਆਏ ਸਿੰਘ ਸਭਾ ਸ਼ੁਭ ਲਾਗ ॥੭॥
ਕਰਿ ਕਰਿ ਦਰਸ਼ਨ ਸਿਰ ਤੇ ਨਮੈਂ।
ਥਿਰਯੋ ਖਾਲਸਾ ਸਭਿ ਤਿਹ ਸਮੈਂ।
ਤਾਉ ਦੇਤਿ ਮੂਛਨਿ ਪਰ ਦੋਈ[1]।
ਕਰ ਤੇ ਸ਼ਮਸ ਸੁਧਾਰਤਿ ਕੋਈ ॥੮॥
ਭੀਮਚੰਦ ਤੇ ਆਦਿ ਪਹਾਰੀ।
ਗੁਰੂ ਸਭਾ ਸਭਿ ਤਿਨਹੁਂ ਨਿਹਾਰੀ।
ਦੂਰਬੀਨ ਕੋ ਲਾਇ ਸੁ ਤਬੈ[*]।
ਗੁਰ ਜੁਤਿ ਪਿਖ੍ਯੋ ਖਾਲਸਾ ਸਬੈ ॥੯॥
ਏਕ ਤੁਰਕ ਤਿਨ ਕੇ ਢਿਗ ਖਰ੍ਯੋ।
ਜਮਾਦਾਰ ਬਹੁ ਨਰ ਕੋ ਕਰ੍ਯੋ।
ਸਭਿ ਗਿਰਪਤਿਨਿ ਸਾਥ ਤਿਨ ਕਹ੍ਯੋ।
'ਗੁਰ ਕੋ ਹਤਨਿ ਸੁਗਮ ਹਮ ਲਹ੍ਯੋ ॥੧੦॥
ਇਸ ਥਲ ਤੇ ਮੈਂ ਤੋਪ ਚਲਾਵਹੁਂ।
ਬੈਠੇ ਸਹਿਤ ਪ੍ਰਯੰਕ ਉਡਾਵਹੁਂ।
ਇਲਮ[2] ਮੋਹਿ ਕੋ ਅਹੈ ਬਿਸਾਲਾ।
ਤਕ ਮਾਰੋਂ ਇਤ ਖਰੋ ਸੁਖਾਲਾ ॥੧੧॥
ਬਧੌਂ ਸ਼ਿਸਤ ਸਤਿਗੁਰ ਕੀ ਓਰਾ।
ਭਰ੍ਯੋ ਜ਼ੋਰ ਤੇ ਪਹੁਂਚਹਿ ਗੋਰਾ।
ਨਿਤ ਕੀ ਕਲਹਾ ਸਕਲ ਮਿਟਾਵੌਂ।
ਸਭਿ ਰਾਜਨਿ ਕੋ ਸੁਖ ਉਪਜਾਵੌਂ ॥੧੨॥
ਪਾਵੌਂ ਦਰਬ ਇਨਾਮ ਘਨੇਰੋ।
ਇਲਮ ਬਿਲੋਕਿ ਲੇਹਿਂ ਸਭਿ ਮੇਰੋ।
ਗੁਰ ਬਿਨ ਬਹੁਰ ਲਰਹਿ ਕੋ ਨਾਹੀ।
ਆਪ ਆਪ ਕੋ ਸਭਿ ਮਿਟ ਜਾਹੀਂ[3]' ॥੧੩॥
ਸਭਿ ਗਿਰਪਤੀ ਸੁਨਤਿ ਹਰਖਾਏ।
'ਇਹ ਤੌਂ ਕਾਰਜ ਸੁਗਮ ਬਨਾਏ।'

---

[1]ਦੋਹਾਂ ਮੁੱਛਾਂ ਤੇ (ਖਾਲਸਾ)।
[*]ਦੂਰਬੀਨ ੧੬੫੭ ਬਿ: ਦੇ ਲਗਪਗ ਈਜਾਦ ਹੋਈ ਤੇ ਅੱਧੀ ਸਦੀ ਵਿੱਚ ਪ੍ਰਚਾਰ ਚੋਖਾ ਪਾ ਗਈ ਸੀ, ਤੇ ਇਸ ਵੇਲੇ ਸੰਮਤ ੧੭੫੭ ਲਗ ਪਗ ਹੈ।
[2](ਗੋਲੰਦਾਜ਼ੀ ਦੀ ਵਿੱਦਯਾ।)
[3](ਫੇਰ) ਸਾਰੇ ਆਪੋ ਆਪ ਹੋਕੇ ਹਟ ਜਾਣਗੇ। ਭਾਵ ਸਿੱਖ ਸੈਨਾ ਖਿੰਡ ਫੁਟ ਜਾਏਗੀ।

ਭੀਮਚੰਦ ਤਿਹ ਸੰਗ ਉਚਾਰਾ।
'ਮੁਝ ਤੇ ਧਨ ਲਿਹੁ ਪੰਜ ਹਜ਼ਾਰਾ ॥੧੪॥
ਏਕ ਗ੍ਰਾਮ ਪੁਨ ਦੇਹੁਂ ਇਨਾਮ।
ਨਿਤ ਗੁਜ਼ਰਾਨ ਹੋਹਿ ਤੁਝ ਧਾਮ।'
ਭੂਪਚੰਦ ਹੰਡੂਰੀ ਕਹੈ।
'ਗੁਰੂ ਹਤੇ ਸਗਰੇ ਸੁਖ ਲਹੈਂ ॥੧੫॥
ਸਭ ਗਿਰਪਤਿ ਦੈ ਹੈਂ ਸਿਰੁਪਾਉ।
ਹੋਤਿ ਤਰੀਫ ਜਗਤ ਸਭਿ ਥਾਂਉਂ।
ਅਬਿ ਤੋ ਭਈ ਅਬੇਰ ਬਿਤਯੋ ਦਿਨ।
ਆਨਹੁ ਤੋਪ ਕਰਹੁ ਥਿਰ ਥਲ ਮਨ[1] ॥੧੬॥
ਇਸੀ ਸਮੈਂ ਬੈਠੇਂਗੇ ਕਾਲੀ।
ਤੁੰਗ ਸਥੰਡਲ ਪਰ ਮੁਦ ਨਾਲੀ।
ਰਾਖਹੁ ਤੋਪ ਤਯਾਰ ਥਿਰ ਕਰਿ ਕੈ।
ਗੋਰਾ ਅਰੁ ਬਰੂਦ ਸੰਗ ਭਰਿ ਕੈ ॥੧੭॥
ਪ੍ਰਥਮ ਅਵਾਜ਼ ਕਰਹੁ ਨਹਿਂ ਕੋਈ।
ਸੁਨਿ ਕੈ[2] ਸਨਮੁਖ ਥਿਰੈ ਨ ਕੋਈ।
ਰਾਖਹੁ ਜੋਰਿ ਨਿਸ਼ਾਨੇ ਸੰਗ[3]।
ਔਚਕ ਛੋਰਿ[4] ਕਰਹੁ ਗੁਰ ਭੰਗ ॥੧੮॥
ਫਤੇ ਸੁਗਮ ਪੈ ਹੈਂ ਗਿਰ ਰਾਜੇ।
ਪੂਰਨ ਹੋਹਿਂ ਸਰਬ ਕੇ ਕਾਜੇ।'
ਇਮ ਗਿਨਤਯੋ ਸੰਧਯਾ ਹੁਇ ਗਈ।
ਸਰਬ ਸਭਾ ਉਠਿ ਨਿਜ ਥਲ ਗਈ ॥੧੯॥
ਨਿਸ ਮਹਿਂ ਜਤਨ ਕਰਤਿ ਖਲ ਰਹੇ।
ਆਨੀ ਤੋਪ ਬਿਸਾਲ ਜੁ ਅਹੇ।
ਖਰੀ ਕਰੀ ਬਿਧਿ ਖਰੀ ਸਥਾਨ[5]।
ਬ੍ਰਿੰਦ ਨਰਨ ਮਿਲਿ ਕੈ ਕਰਿ ਤਾਨ[6] ॥੨੦॥

---

[1](ਜਿਸ) ਥਾਵੇਂ ਮਨ (ਚਾਹੇ) ਤੋਪ ਖੜੀ ਕਰ ਲਓ। (ਅ) ਥੜੇ ਦਾ ਥਾਉਂ ਪੱਕਾ ਕਰ ਲਓ [ਮੱਣ=ਥੜਾ। ਥਲ=ਥਾਉਂ। ਥਿਰ=ਪੱਕਾ]।
[2](ਮਤਾਂ) ਸੁਣਕੇ........।
[3]ਨਿਸ਼ਾਨੇ ਦੇ ਨਾਲ ਜੋੜਕੇ ਰੱਖੋ।
[4]ਚਲਾਕੇ ਤੋਪ।
[5]ਉਸ ਥਾਂ ਚੰਗੀ ਤਰ੍ਹਾਂ।
[6]ਜੋਰ ਕਰਕੇ।

ਸ੍ਰੀ ਕਲਗ਼ੀਧਰ ਤਿਸ ਥਲ ਥਿਰ ਕੈ।
ਚੌਂਕੀ ਸੋਦਰ ਕੀ ਸੁਨਿ ਕਰਿ ਕੈ।
ਉਠਿ ਕੈ ਪ੍ਰਭੁ ਸਿਵਰ ਕੋ ਆਏ।
ਖਾਨ ਪਾਨ ਕੀਨੇ ਮਨ ਭਾਏ ॥੨੧॥
ਸਰਬ ਖਾਲਸੇ ਅਚਜੋ ਅਹਾਰਾ।
ਨਿਸਾ ਪਰੀ ਤੇ ਸੁਪਤਿ ਸੁਖਾਰਾ।
ਸੁਪਨੇ ਭੀ ਨਹਿੰ ਕੇਹਰਿ ਤ੍ਰਾਸਾ[1]।
ਤਥਾ ਨ੍ਰਿਭੈ, ਰਿਪੁ ਚਹਤਿ ਬਿਨਾਸ਼ਾ ॥੨੨॥
ਜਾਮ ਜਾਮਨੀ ਤੇ ਗੁਰਬਾਨੀ।
ਇਕ ਮਨ ਹ੍ਵੈ ਕੈ ਬਦਨ ਬਖਾਨੀ।
ਜਥਾ ਬਿੱਪ੍ਰ ਬਰ ਬੇਦ ਪਠੰਤੇ।
ਹਿਤ ਪਰਲੋਕ ਹੋਨਿ ਸੁਖਵੰਤੇ ॥੨੩॥
ਕਰਹਿੰ ਸ਼ਨਾਨ ਨੀਰ ਨਿਰਮਲ ਮੈਂ।
ਹੋਤਿ ਸ਼ਬਦ ਕੀ ਧੁਨਿ ਸਭਿ ਦਲ ਮੈਂ।
ਗਾਇੰ ਰਬਾਬੀ ਆਸਾਵਾਰ।
ਜਿਸ ਥਲ ਸ੍ਰੀ ਸਤਿਗੁਰ ਦਰਬਾਰ ॥੨੪॥
ਕਰਹਿੰ ਅਵਾਜ਼ ਨਕੀਬ ਉਚਾਰਨ।
ਭਾਟ ਕਬਿੱਤ ਪਢਹਿੰ ਜਸੁ ਕਾਰਨ।
ਬਜਹਿੰ ਮ੍ਰਿਦੰਗ ਰਬਾਬ ਸਤਾਰ।
ਰਾਗ ਰਾਗਨੀ ਮੰਗਲ ਚਾਰੁ ॥੨੫॥
ਭਯੋ ਤਿਹਾਵਲ ਤਬਿ ਸਮੁਦਾਇ।
ਹੋਤਿ ਪ੍ਰਾਤਿ ਦੀਨਸਿ ਬਰਤਾਇ।
ਬਸਤ੍ਰ ਸ਼ਸਤ੍ਰ ਗੁਰ ਧਾਰਨ ਕਰੇ।
ਆਨਿ ਖਾਲਸਾ ਚਹੁੰਦਿਸ਼ਿ ਥਿਰੇ ॥੨੬॥
ਹੋਤਿ ਬਾਰਤਾਲਾਪ ਅਨੇਕ।
ਸੁਨਹਿੰ ਕਹਹਿੰ ਪ੍ਰਭੁ ਜਲਧਿ ਬਿਬੇਕ।
ਤਜਾਰ ਸਿੰਘ ਭੇ ਚਢਿਬੇ ਹੇਤੁ।
ਗਹੇ ਸ਼ਸਤ੍ਰ ਬਨ ਭਲੇ ਸੁਚੇਤ ॥੨੭॥
ਪਿਖਿ ਸਤਿਗੁਰ ਸਭਿ ਬਰਜਨ ਕਰੇ।
'ਸੁਨਹੁ ਖਾਲਸਾ! ਧੀਰਜ ਧਰੇ।
ਸਨੇ ਸਨੇ ਮਾਰਨ ਇਨ ਬਨੇ।

---

[1]ਸ਼ੇਰ ਨੂੰ ਡਰ।

ਜਗ ਮਹਿਂ ਦੋਖੀ ਤੁਮਰੇ ਘਨੇ ॥੨੮॥
ਥਿਰੇ ਰਹੋ ਅਬਿ ਅਪਨੇ ਡੇਰੇ।
ਦੁਸ਼ਟਨ ਕਾਲ ਹੋਨਿ ਦਿਹੁ ਨੇਰੇ।'
ਤਿਸ ਦਿਨ ਭੀ ਗੁਰ ਸਿੰਘ ਟਿਕਾਏ।
ਨਹੀਂ ਲਰਨ ਕੇ ਹੇਤੁ ਪਠਾਏ ॥੨੯॥
ਦੇਗ਼ ਦਈ ਬਰਤਾਇ ਸਭਿਨਿ ਕੋ।
ਤ੍ਰਿਪਤਿ ਭਏ ਤਬਿ ਖਾਇ ਅਸਨ ਕੋ।
ਕਰਯੋ ਦੁਪਹਿਰੇ ਬਿਖੈ ਅਰਾਮ।
ਪੌਢੇ ਪ੍ਰਭੁ ਪ੍ਰਯੰਕ ਅਭਿਰਾਮ ॥੩੦॥
ਤ੍ਰਿਤੀ ਪਹਿਰ ਮਹਿਂ ਜਾਗਤਿ ਭਏ।
ਤਿਮ ਹੀ ਦੋਨਹੁਂ ਮਾਦਿਕ ਲਏ।
ਸੌਚ ਸ਼ਨਾਨ ਠਾਨਿ ਬਿਧਿ ਸੰਗਿ।
ਗਮਨੇ ਸ਼੍ਰੀ ਗੁਰ ਥਾਨ ਉਤੰਗ ॥੩੧॥
ਤਹਾਂ ਫਰਸ਼ ਪਰਯੰਕ ਡਸਾਏ।
ਬੈਠੇ ਜਾਇ ਭਯੋ ਮਨ ਭਾਏ[1]।
ਸੁਧਿ ਸੁਨਿ ਕੈ ਤਤਛਿਨ ਇਕ ਆਯੋ[2]।
ਸਕਲ ਭੇਵ ਤਿਨ ਭਾਖਿ ਸੁਨਾਯੋ ॥੩੨॥
'ਪ੍ਰਭੁ ਜੀ ਇਹਾਂ ਨ ਬੈਠਨ ਕਰੀਐ।
ਤੂਰਨ ਹੀ ਥਲ ਅਨਤ ਸਿਧਰੀਐ।
ਏਕ ਦੁਸ਼ਟ ਲੇ ਪੰਚ ਹਜ਼ਾਰ।
ਤੋਪ ਬਿਸਾਲ ਰਖੀ ਕਰਿ ਤਯਾਰ ॥੩੩॥
ਸ਼ਿਸਤ ਬਨਾਵਤਿ ਦਿਨ ਮਹਿਂ ਰਹਯੋ।
ਰਾਵਰਿ ਹਤਨ ਹੇਤੁ ਚਿਤ ਚਹਯੋ।
ਦਗਾ ਸਭਿਨਿ ਇਮ ਰਚਯੋ ਬਨਾਇ।
ਔਚਕ ਗੋਰਾ ਹਤੈਂ ਟਿਕਾਇ' ॥੩੪॥
ਸੁਨਿ ਪ੍ਰਭੁ ਕਹਯੋ 'ਤ੍ਰਾਸ ਅਬਿ ਧਰਿਹੈਂ।
ਤਯਾਗਹਿਂ ਨਿਜ ਥਲ ਕੋ ਚਲਿ ਪਰ ਹੈਂ।
ਉਚਿਤ ਨ ਹਮ ਕੋ ਐਸੀ ਬਾਤਿ।
ਦੁਸ਼ਮਨ ਸੋਂ ਰਣ ਹੈ[3] ਦਿਨ ਰਾਤ ॥੩੫॥

---

[1](ਪਹਾੜੀਆਂ ਦੀ) ਮਨ ਭਾਂਵਦੀ (ਗਲ) ਹੋਈ।
[2](ਵੈਰੀ ਦਲ ਵਿਚੋਂ ਕੋਈ ਆਪਣਾ ਸੂੰਹੀਆਂ) ਆਇਆ।
[3]ਨਾਲ ਜੰਗ ਹੈ।

ਕਹਾਂ ਕਹਾਂ ਹਮ ਦੁਰਤੇ ਫਿਰਹਿਂ।
ਦੇਖਹਿਂ ਦੁਰਜਨ ਆਨੰਦ ਧਰਹਿਂ।
ਬੈਠਿ ਲਖਹੁ ਕਰਤਾਰ ਤਮਾਸੇ।
ਹੁਇ ਹੈ ਦੋਖੀ ਕੇਰ ਬਿਨਾਸ਼ੇ' ॥੩੬॥
ਕੰਘਾ ਕਰਨਿ ਲਗੇ ਗੁਰ ਥਿਰੇ।
ਪੁਨ ਦਸਤਾਰ ਬੰਧਬੋ ਕਰੇ।
ਕਲਗ਼ੀ ਜਿਗਾ ਸੁਧਾਰਿ ਬਨਾਏ।
ਸਿਰ ਪਰ ਸੇਵਕ ਚਮਰ ਢੁਲਾਏ ॥੩੭॥
ਦੁਸ਼ਟ ਪਲੀਤਾ ਤੋਪਹਿਂ ਦਾਗੇ।
ਇਕ ਸਿਖ ਖਰੋ ਹੁਤੋ ਗੁਰ ਆਗੇ।
ਤਿਸ ਕੇ ਲਗਜੋ ਆਨਿ ਕਰਿ ਗੋਰਾ।
ਬਡੇ ਬੇਗ ਤੇ ਸ਼ੂੰਕਤਿ ਘੋਰਾ ॥੩੮॥
ਦਰਸ਼ਨ ਕਰਤਿ ਪ੍ਰਾਨ ਤਜਿ ਗਯੋ[1]।
ਤਬਿ ਸਤਿਗੁਰ ਨਿਜ ਕਰ ਧਨੁ ਲਯੋ।
ਤਰਗਸ ਤੇ ਕਾਢਜੋ ਸਰ ਤੀਛਨ।
ਖਪੁਰਾ ਆਯੁਤ[2] ਸੰਧਜੋ ਭੀਛਨ ॥੩੯॥
ਖੈਂਚਿ ਕਾਨ ਲੌਂ ਤੁਰਤ ਚਲਾਯੋ।
ਅਹਿ ਸਮ ਸ਼ੂੰਕਤਿ ਬੇਗ ਸਿਧਾਯੋ।
ਦੁਤੀ ਹਤਨ ਕੋ ਤੋਪ ਕਸੰਤਾ।
ਸ਼ਿਸਤ ਬਾਂਧ ਕਰਿ ਗੁਰੂ ਤਕੰਤਾ ॥੪੦॥
ਤਬਿ ਹੀ ਲਗਜੋ ਭਾਲ ਮਹਿਂ ਜਾਈ।
ਗਿਰਜੋ ਸਭਿਨਿ ਮਹਿਂ ਗਿਰਦੀ ਖਾਈ[3]।
ਦੂਸਰ ਖਪਰਾ ਔਰ ਨਿਕਾਰਾ।
ਧਨੁ ਮੈਂ ਜੋਰਜੋ ਤੁਰਤ ਪ੍ਰਹਾਰਾ ॥੪੧॥
ਭ੍ਰਾਤਾ ਹੁਤੋ ਤੁਰਕ ਕੋ ਔਰ।
ਲਗਜੋ ਰਿਦੈ ਗਿਰਿਗਾ ਤਿਸ ਠੌਰ।
ਜਬਿ ਦੋਨਹੁਂ ਤੁਰਨ ਮਰਿ ਗਏ।
ਦੇਖਤਿ ਲੋਕ ਤ੍ਰਾਸ ਧਰਿ ਧਏ[4] ॥੪੨॥

---

[1]ਓਹ ਸਿੱਖ।
[2]ਚੌੜੇ ਮੂੰਹ ਵਾਲਾ ਤੀਰ।
[3]ਭਵਾਟਣੀ ਖਾਕੇ।
[4]ਦੌੜ ਗਏ।

ਸੂਨੀ ਤੋਪ ਖਰੀ ਇਕ ਰਹੀ।
ਅਪਰ ਸਮੀਪ ਰਹਜੋ ਕੋ ਨਹੀਂ।
ਭੀਮਚੰਦ ਕੇ ਢਿਗ ਸਭਿ ਰਾਜੇ।
ਕਰਹਿਂ ਬਾਤ 'ਇਹੁ ਬਨਜੋਂ ਸੁ ਕਾਜੇ[1]! ॥੪੩॥
ਲਗੈ ਤੋਪ ਕੋ ਗੋਰਾ ਜਬੈ।
ਮਰੈ ਗੁਰੂ ਭਾਜਹਿਂ ਸਿਖ ਸਭੈ।'
ਇਤਨੇ ਮਹਿਂ ਨਰ ਧਾਵਤਿ ਭਏ।
'ਸਰ ਲਗਿ ਤੁਰਕ ਮਰੇ' ਕਹਿ ਦਏ ॥੪੪॥
'ਇਕ ਗੋਰਾ ਇਨ ਪ੍ਰਥਮ ਚਲਾਯੋ।
ਤਬਿ ਹੀ ਬਾਨ ਆਨਿ ਲਗਿ[2] ਘਾਯੋ।
ਦੁਤਿਯੋ ਲਗਜੋ ਭ੍ਰਾਤ ਤਿਸ ਮਰਜੋ।
ਪਿਖਿ ਭਾਜੇ ਸਭਿ ਉਰ ਡਰ ਧਰਜੋ' ॥੪੫॥
ਕਿਤਿਕ ਸਮੋਂ ਗਿਰ ਈਸ਼ਨ ਟਾਰੇ[3]।
ਬਹੁਰ ਤੋਪ ਢਿਗ ਜਾਇ ਨਿਹਾਰੇ।
ਬਿਸਮੇ ਮਤਿ ਹਾਰੀ ਸਭਿਹੂੰਨਿ।
ਪਰਖੇ ਬਾਨ ਗੁਰੂ ਕੇ ਤੂਨ[4] ॥੪੬॥
ਆਇ ਕੋਸ ਲਗਿ[5] ਬੇਗ ਸੁ ਬਾਨਾ।
ਹਤਜੋ ਬਹੁਰ ਨਰ ਭਾਲ ਨਿਸ਼ਾਨਾ[6]।
ਤਬਿ ਦੋਨਹੁਂ ਕੀ ਕਬਰ ਖਟਾਈ।
ਤਿਸ ਹੀ ਥਲ ਸੋ ਦੀਏ ਦਬਾਈ ॥੪੭॥
'ਸਜਾਹੀ ਟਿੱਬੀ' ਨਾਮ ਸੁ ਥਾਨ।
ਚਿੰਨ੍ਹ ਤਹਾਂ ਅਬਿ ਲਗਿ ਹੈ ਜਾਨ।
ਦੋਨਹੁਂ ਕਬਰਾਂ ਪਰੀ ਦਿਖਾਵਤਿ।
ਜਿਨ ਦੇਖੇ ਸੋ ਆਨਿ ਬਤਾਵਤਿ[7] ॥੪੮॥
ਇਤ ਸਤਿਗੁਰੂ ਸੋ ਸਿਖ ਸਿਸਕਾਰਾ।
ਸੋ ਭੀ ਚਿੰਨ੍ਹ ਅਬਿ ਲਗੋਂ ਨਿਹਾਰਾ।

---

[1]ਚੰਗੀ ਗਲ ਹੋਈ ਹੈ।
[2]ਆ ਲੱਗਾ।
[3]ਸਮਾ ਬਿਤਾਕੇ।
[4]ਗੁਰੂ ਜੀ ਦੇ ਭੱਥੇ ਦੇ ਬਾਣ ਪਰਖ ਲਏ।
[5]ਕੋਹ ਤਕ।
[6]ਮੱਥੇ ਦਾ ਨਿਸ਼ਾਨਾ ਕਰਕੇ।
[7]ਜਿਨ੍ਹਾਂ ਦੇਖੀਆਂ ਹਨ ਉਹਨਾਂ ਆਕੇ ਦੱਸਿਆ ਹੈ (ਮੈਨੂੰ)।

ਜਹਿਂ ਪ੍ਰਭੁ ਬੈਠੇ ਸੋ ਭੀ ਥਾਨ।
ਬਿਦਤਿ ਅਹੈ ਸਿਖ ਪਿਖਹੁ ਸੁਜਾਨ ॥੪੯॥
ਦੋਹਰਾ: ਨਿਸਾ ਭਈ ਪ੍ਰਭੁ ਸਿਵਰ ਮਹਿਂ, ਆਨਿ ਬਿਰਾਜੇ ਥਾਨ।
ਖਾਨ ਪਾਨ ਕਰਿ ਕੈ ਭਲੇ, ਪੌਢੇ ਗੁਰ ਭਗਵਾਨ ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਤੋਪ' ਪ੍ਰਸੰਗ ਬਰਨਨੰ ਨਾਮ ਚਾਲੀਸਮੋ ਅੰਸੂ ॥੪੦॥

## ੪੧. [ਵਜ਼ੀਰ ਖਾਂ ਦਾ ਆਉਣਾ]

੪੦<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੪੨

ਦੋਹਰਾ: ਇਸ ਪ੍ਰਕਾਰ ਕੇਤਿਕ ਦਿਵਸ,
ਬਸੇ ਬਸਤਿ ਨਿਰਮੋਹ[1]।
ਕਬਿ ਕਬਿ ਚਢਿ ਕੈ ਖਾਲਸਾ,
ਰਿਪੁ ਮੁਕਾਬਲੇ ਹੋਹਿ[2] ॥੧॥

ਚੌਪਈ: ਸ਼ਾਹੁ ਹੁਕਮ ਸੀਰੰਦ ਮੈਂ ਆਯੋ।
ਤਬਿ ਵਜ਼ੀਰ ਖਾਂ ਸਭਿ ਸੁਨਿ ਪਾਯੋ।
'ਗਿਰਨ ਬਿਖੈ ਗੁਰ ਧੂਮ ਉਠਾਰੀ।
ਤਹਿਂ ਤੁਮ ਜਾਹੁ ਲੇਹੁ ਦਲ ਭਾਰੀ ॥੨॥
ਮਿਲਹਿ ਗੁਰੂ ਤਬਿ ਮੇਲਨਿ ਕਰੋ।
ਨਾਂਹਿ ਤ ਸਨਮੁਖ ਹ੍ਵੈ ਕਰਿ ਲਰੋ।'
ਸੁਨਿ ਸਿਰੰਦ ਕੋ ਸੂਬਾ ਤਬੈ।
ਤਯਾਰੀ ਕਰੀ ਚਢਨਿ ਕੀ ਸਬੈ ॥੩॥
ਦੂਰ ਦੂਰ ਤੇ ਚਮੂੰ ਸਕੇਲਿ।
ਗਜ ਬਾਜਨਿ ਪਰ ਜ਼ੀਨਨਿ ਮੇਲਿ।
ਲਾਖਹੁਂ ਸੁਭਟ ਜੋਰ ਕਰਿ[3] ਚਢਯੋ।
ਦੁੰਦਭਿ ਬਜਯੋ ਬੀਰ ਰਸ ਬਢਯੋ ॥੪॥
ਚਲੇ ਨਿਸ਼ਾਨ ਸੈਂਕਰੇ ਆਗੇ।
ਬਾਦਤ[4] ਬਜਨ ਸੈਂਕਰੇ ਲਾਗੇ।
ਮਨਹੁਂ ਸਮੁੰਦ੍ਰ ਉਮਡ ਕਰਿ ਚਾਲਾ।
ਪੈਦਲ ਪਸਰੇ ਜਹਿਂ ਜਲ ਜਾਲਾ[5] ॥੫॥
ਨੱਕ੍ਰ ਮਤੰਗ, ਮੱਛ ਬਡ ਘੋਰੇ[6]।
ਬੜਵਾ ਅਗਨਿ ਸ਼ਸਤ੍ਰ ਚਹੁਂ ਓਰੇ।
ਤੁੰਮਲ ਬਡੇ ਤਰੰਗ ਉਠੰਤੇ[7]।
ਬਾਦ ਨਾਦ ਬਡ ਜਯੋਂ ਗਰਜੰਤੇ[8] ॥੬॥

---

[1]ਨਿਰਮੋਹ ਬਸਤੀ ਵਿਚ।
[2]ਹੁੰਦਾ ਹੈ।
[3]ਜੋੜ ਕੇ।
[4]ਵਾਜੇ।
[5]ਜਿੱਥੇ ਪੈਦਲ ਸੈਨਾ ਹੈ ਉਹ ਮਾਨੋ ਸਮੁੰਦਰ ਵਿਚ ਬਹੁਤਾ ਜਲ ਪਸਾਰਿਆ ਹੈ।
[6]ਹਾਥੀ ਮਾਨੋ ਤੰਦੂਏ ਹਨ ਤੇ ਘੋੜਿਆਂ ਰੂਪੀ ਵਡੇ ਮੱਛ ਹਨ।
[7]ਫੌਜੀ ਦਸਤੇ ਮਾਨੋ ਬੜੀਆਂ ਬੜੀਆਂ ਲਹਿਰਾਂ ਉਠਦੀਆਂ ਹਨ।
[8]ਵਾਜਿਆਂ ਦੀ ਅਵਾਜ ਮਾਨੋਂ (ਸਮੁੰਦਰ) ਗੱਜਦਾ ਹੈ।

ਕਰਤਿ ਮਜਲ ਪਰ ਮਜਲ ਸਿਧਾਏ।
ਰੋਪੜ ਬਿਖੈ ਤਬਹਿ ਚਲਿ ਆਏ।
ਖਬਰ ਗਈ ਗਿਰਪਤਿ ਕੇ ਪਾਸੀ।
ਕਲਗ਼ੀਧਰ ਭੀ ਸੁਨਿ ਦਲ ਰਾਸੀ[੧] ॥੭॥
ਰਣ ਬਡ ਕੀ ਤਜਾਰੀ ਬਹੁ ਕੀਨਿ।
ਗੁਲਕਾ ਅਰੁ ਬਰੂਦ ਸੋ ਲੀਨਿ।
ਉਤ ਤੇ ਸਕਲ ਗਿਰੀਸ਼ੁਰ[੨] ਆਏ।
ਇਤ ਤੇ ਤੁਰਕ ਅਗਨ ਰਿਪੁ ਧਾਏ ॥੮॥
ਭਯੋ ਭੇੜ ਗਾੜ੍ਹੇ ਸੰਗ੍ਰਾਮੂ।
ਕੇਤਿਕ ਗਿਨੀਅਹਿਂ ਬੀਰਨ ਨਾਮੂ।
ਭੀਮਚੰਦ ਸੁਨਿ ਸੈਨ ਬਿਲੰਦ।
ਭੂਪ ਚੰਦ ਹੰਡੂਰਿ ਅਨੰਦ ॥੯॥
'ਅਬਿ ਗੁਰ ਕਹਾਂ ਜਾਇ ਥਿਰ ਰਹੈ।
ਦੁਰਗ ਨ ਕੋਟ ਮਵਾਸਾ ਲਹੈ[੩]।
ਚਹੁੰ ਦਿਸ਼ਿ ਤੇ ਘੇਰਹਿਂ ਗਹਿ ਲੈਹੈਂ।
ਨਾਂਹਿ ਤ ਬੀਚ ਕਟਾ ਕਰਿ ਦੈ ਹੈਂ ॥੧੦॥
ਦੀਰਘ ਲਸ਼ਕਰ ਤੁਰਕਨਿ ਕੇਰਾ।
ਚਹਹਿਂ ਹਕਾਰਹਿਂ ਅਪਰ ਘਨੇਰਾ[੪]।
ਇਕ ਦਿਸ਼ਿ ਤੇ ਓਰੜਿ ਹਮ ਪਰੈਂ।
ਉਤ ਤੇ ਸ਼ਾਹੁ ਚਮੂੰ ਬਡ ਲਰੈ' ॥੧੧॥
ਇਤ ਸ਼ਤ[੫] ਭਟ ਦੇ ਕਰਿ ਤਿਸ ਨਾਲ[੬]।
ਅਪਰ ਸਚਿਵ ਭੇਜਯੋ ਤਤਕਾਲ।
'ਆਛੇ ਮਗ ਕੋ ਲਸ਼ਕਰ ਲਜਾਵਹੁ।
ਸੂਬੇ ਸਾਥ ਸਲਾਮ ਅਲਾਵਹੁ' ॥੧੨॥
ਸਕਲ ਬਾਰਤਾ ਦਿਹੁ ਸਮੁਝਾਇ।
'ਪੁਰਿ ਤੇ ਵਹਿਰ ਗੁਰੂ ਇਕ ਥਾਂਇ।
ਗਹਿਨ ਸੁਖੇਨ ਤਾਂਹਿ ਕੋ ਜਾਨਹੁਂ।

---

[੧]ਸਾਰੇ ਦਲਾਂ ਦੀ (ਖਬਰ) ਸੁਣ ਲਈ।
[੨]ਪਹਾੜੀ ਰਾਜੇ।
[੩](ਜਿੱਥੇ) ਆਕੀ ਹੋ ਰਹਿਣਗੇ।
[੪]ਜਿੰਨਾ ਹੋਰ ਚਾਹੀਏ ਬਹੁਤਾ ਬੁਲਾ ਸਕਦੇ ਹਾਂ।
[੫]ਇਕ ਸੌ।
[੬]ਭਾਵ ਮੰਤ੍ਰੀ ਨਾਲ।

ਲਰਿਬੇ ਜਤਨ ਬਡੋ ਨਹਿਂ ਠਾਨਹੁਂ ॥੧੩॥
ਇਤ ਤੇ ਹਮ ਆਵਹਿਂ ਦਲ ਮੇਲਿ[1]।
ਉਤ ਤੇ ਆਪ ਘਾਲੀਅਹਿ ਹੇਲ।'
ਦੇ ਜ਼ਾਫਤ[2] ਕੋ ਦਰਬ ਪਠਾਯੋ।
ਤੂਰਨ ਸਚਿਵ ਤੁਰਕ ਪਹਿ ਆਯੋ ॥੧੪॥
ਘਾਤ ਅਨੇਕ ਬਤਾਵਤਿ ਲਜਾਇ।
ਦਲ ਮੁਕਾਬਲੇ ਭਾ ਸਮੁਦਾਇ।
ਇਕ ਦਿਸ਼ਿ ਤੁਰਕ ਘਾਲਿ ਘਮਸਾਨਾ।
ਦਿਸ਼ਿ ਦੂਸਰ ਦਲ ਅਚਲ[3] ਮਹਾਨਾ ॥੧੫॥
ਬਾਜਨਿ ਲਗੀ ਬੰਦੂਕ ਬਡੇਰੀ।
ਰੁਪਜੋ ਖਾਲਸਾ ਕਰੇ ਦਿਲੇਰੀ।
ਦੁਹਿ ਦਿਸ਼ਿ ਤੇ ਲਸ਼ਕਰ ਬਡ ਆਯੋ।
ਤਊ ਨ ਤ੍ਰਾਸ ਕਛੂ ਮਨ ਭਾਯੋ ॥੧੬॥
ਮ੍ਰਿਗ ਝੁੰਡਨ ਮਹਿਂ ਕੇਹਰ ਮੱਤੇ[4]।
ਨ੍ਰਿਭੈ ਤਥਾ ਰਸ ਬੀਰ ਸੁ ਰੱਤੇ।
ਸੰਗਤਿ ਦੀਪਮਾਲ ਕੇ ਮੇਲੇ।
ਹਿਤ ਦਰਸ਼ਨ ਕੇ ਭਈ ਸਕੇਲੇ ॥੧੭॥
ਤਿਨ ਮਹੁਂ ਹੁਤੇ ਜੁ ਆਯੁਧਧਾਰੀ।
ਸੁਨਿ 'ਗੁਰ ਸੰਗ ਹੋਹਿ ਰਣ ਭਾਰੀ।'
ਦਰਸ਼ਨ ਪਰਸਤਿ ਪਾਵਨ ਹੋਏ।
ਹਾਥ ਜੋਰਿ ਸੋ ਅੱਗ੍ਰ ਖਰੋਏ ॥੧੮॥
'ਸ਼੍ਰੀ ਪ੍ਰਭੁ ਪਿਖਿ ਕਰਿ ਕੈ ਸੰਗ੍ਰਾਮੂ।
ਗਮਨੈਂ ਬਹੁਰ ਆਪਣੇ ਧਾਮੂ[5]।
ਤੁਰਕਨ ਲਸ਼ਕਰ ਆਵਤਿ ਸੁਨਜੋਂ।'
ਕਲਗ਼ੀਧਰ ਪ੍ਰਸੰਨ ਹ੍ਵੈ ਭਨਜੋ ॥੧੯॥
'ਸ਼ਸਤ੍ਰ ਧਰਨ ਕੋ ਧਰਮ ਇਹੀ ਹੈ।
ਰਿਪੁਨਿ ਹਤਨਿ ਤਿਨ ਔਰ ਨਹੀਂ ਹੈ।
ਗੁਰ ਘਰ ਤੇ ਸਭਿ ਕਿਛ ਵਰ ਪਾਵਹੁ।

---

[1]ਜੋੜ ਕੇ, ਕੱਠਾ ਕਰਕੇ।
[2]ਭਾਵ ਪ੍ਰਾਹੁਣਚਾਰੀ ਲਈ।
[3]ਪਹਾੜੀਆਂ ਦਾ।
[4]ਮਸਤੇ।
[5]ਆਪਣੇ ਘਰਾਂ ਨੂੰ ਫੇਰ ਜਾਵਾਂਗੇ।

ਜਸੁ ਜੀਵਤਿ, ਮ੍ਰਿਤੁ ਸੁਰ ਪੁਰਿ ਜਾਵਹੁ ॥੨੦॥
ਮੈਂ ਵਾਲੀ ਦੁਹੁਂ ਲੋਕਨ ਮਾਂਹੀ।
ਹਨਹੁਂ ਰਿਪੁਨਿ ਕੌ ਮਿਟੀਅਹਿ ਨਾਂਹੀ।'
ਸੋ ਭਟ ਅਰਹਿਂ ਅਗਾਰੀ ਹੋਇ।
ਕਰੀ ਮੋਰਚੇ ਬੰਦੀ ਸੋਇ[1] ॥੨੧॥
ਸਤਿਗੁਰ ਕਹ੍ਯੋ ਅੱਗ੍ਰ ਨਹਿਂ ਜਾਵਹੁ।
ਜ੍ਵਾਲਾਬਮਣੀ ਥਿਰੇ ਚਲਾਵਹੁ।
ਦੁਸ਼ਮਨ ਨਹੀਂ ਟਿਕਨ ਹੁਇ ਸਕਹੀ[2]।
ਅੱਗ੍ਰ ਵਧਹਿ ਹਤਿ ਤੁਪਕਨ ਤਕਿਹੀ[3]' ॥੨੨॥
ਦੂਰ ਦੂਰ ਲਗਿ ਸਭਿ ਚਹੂੰ ਓਰੇ।
ਕਰੇ ਮੋਰਚ ਸੰਘਰ ਘੋਰੇ[4]।
ਭਰਿ ਭਰਿ ਰਾਬੇ[5] ਮਾਰਤਿ ਐਸੇ।
ਬਾਛੜ ਕਰਿਕਾ ਪਰਤੀ ਜੈਸੇ[6] ॥੨੩॥
ਗਿਰਹਿਂ ਤੁਰੰਗਮ ਅਰੁ ਅਸਵਾਰ।
ਰੁਪੇ ਸੂਰਮੇ ਪਰੇ ਸੁਮਾਰ[7]।
ਦੋਨਹੁਂ ਦਿਸ਼ਾ ਓਰੜੇ ਆਵੈਂ।
ਜਨੁ ਘਨ ਘਟਾ ਚੜੀ ਗਰਜਾਵੈਂ ॥੨੪॥
ਪੜਹਿਂ ਤੁਫੰਗਨ ਕੇ ਕੜਕਾਰ।
ਹੇਲ ਘਾਲਿ ਅਰਿ ਪਰੇ ਜੁਝਾਰ[8]।
ਨ੍ਰਿਭੈ ਹੋਇ ਢਿਗ ਢੂਕੈਂ ਜਯੋਂ ਜਯੋਂ।
ਗੁਲਕਾ ਕੇ ਪ੍ਰਹਾਰ ਹੁਇਂ ਤਯੋਂ ਤਯੋਂ ॥੨੫॥
ਸ਼੍ਰੀ ਗੁਰ ਚਾਂਪ ਕਠੋਰ ਸੰਭਾਰੇ।
ਖਪਰੇ ਤੀਛਨ ਭੀਛਨ ਮਾਰੇ।

---

[1](ਪਹਿਲੇ, ਜਿਨ੍ਹਾਂ ਮੋਰਚੇ ਬੰਦੀ ਕੀਤੀ ਹੈ ਸੀ ਓਹ ਸੂਰਮੇਂ ਅਗੇ ਹੋਕੇ ਅੜਨਾ ਚਾਹੁੰਦੇ ਹਨ, (ਉਨ੍ਹਾਂ ਪ੍ਰਤੀ ਗੁਰੂ ਜੀ ਕਹਿੰਦੇ ਹਨ)।
[2]ਟਿਕ ਨਹੀਂ ਸਕਣਗੇ।
[3]ਜੇ ਅਗੇ ਵਧਣ ਤਾਂ ਤੱਕ ਕੇ ਬੰਦੂਕਾਂ ਮਾਰੋ।
[4]ਭਜਾਨਕ ਜੰਗ ਲਈ।
[5]ਕੱਠੀਆਂ ਬੰਦੂਕਾਂ ਦੀ ਬੁਛਾੜ।
[6]ਜਿਵੇਂ ਗੜਿਆਂ ਦੀ ਵਾਛੜ ਪੈਂਦੀ ਹੈ।
[7]ਸੂਰਮੇਂ ਜੰਮੇ ਖੜੇ ਹਨ ਚਾਹੋ ਮਾਰ ਪੈ ਰਹੀ ਹੈ।
(ਅ) (ਜੀਉਂਦੇ) ਸੂਰਮੇਂ ਅੜੇ ਖੜੇ ਹਨ (ਜੋ) ਜ਼ਖਮੀ (ਹੋਏ ਹਨ ਸੋ) ਡਿਗ ਪਏ ਹਨ।
(ੲ) ਸੂਰਮੇ ਅੜ ਰਹੇ ਹਨ (ਚਾਹੋ) ਚੰਗੀ ਮਾਰ ਪੈ ਰਹੀ ਹੈ।
[8]ਸੂਰਮੇ ਵੈਰੀ ਹਮਲਾ ਕਰਕੇ ਆ ਪਏ।

ਬੀਂਧਤਿ ਸੁਭਟ ਪਵੰਗਮ ਗਾਤ[੧]।
ਇਕ ਦ੍ਵੈ ਤ੍ਰੈ ਚਤੁਰਥ ਪਰ ਜਾਤਿ ॥੨੬॥
ਦੜਿ ਦੜਿ ਪੜਤਿ ਪਰੇ ਤੜਫੜਤ।
ਲੜਿ ਲੜਿ ਭਿੜਤਿ ਕੜਾਕੜ ਛੜਤਿ[੨]।
ਸੜਸੜ[੩] ਗੁਲਕਾਂ ਚਲਿ ਚਲਿ ਫੋੜਤਿ।
ਲਗਿ ਲਗਿ ਭਟ ਗਨ ਕਰ ਪਗ ਤੋੜਤਿ ॥੨੭॥
ਤੁਰਕਨਿ ਕੇ ਲਸ਼ਕਰ ਪਰ ਸਤਿਗੁਰ।
ਸਰਿ ਪਰਹਾਰਤਿ ਬੀਧਤਿ ਅਰਿ ਉਰ[੪]।
ਗਿਰਹਿਂ ਇਕੱਤ੍ਰ ਲਗਹਿਂ ਇਕ ਬਾਨ।
ਪਰਹਿਂ ਪਾਰ ਕਰਿ ਕਰਿ ਬਹੁ ਹਾਨਿ ॥੨੮॥
ਜਥਾ ਚੰਦ੍ਰਮਾ ਕੌ ਪਰਵਾਰਾ।
ਜਥਾ ਖੇਤ ਕੇ ਚਹੁਂ ਦਿਸ਼ਿ ਬਾਰਾ।
ਜਿਮ ਕਰ ਕੇ ਕੰਕਨ ਚਹੁਂ ਫੇਰੇ[੫]।
ਤਿਮ ਸਤਿਗੁਰ ਕੋ ਪਾਯੋ ਘੇਰੇ ॥੨੯॥
ਥਿਰੇ ਮੋਰਚੇ ਸਿੰਘ ਸੁ ਗਾਢੇ।
ਸ਼ਲਖੈਂ ਛੋਰਤਿ ਹੁਇ ਹੁਇ ਠਾਂਢੇ।
ਮਾਰਿ ਮਾਰ ਕਰਿ ਮੋਰਹਿਂ ਅਰੀ।
ਨੇਰ ਨ ਹੋਨਿ ਦੇਤਿ, ਬ੍ਰਤ ਧਰੀ[੬] ॥੩੦॥
ਜਿਨ ਕੇ ਮਨ ਜਮ ਕੌ ਭਿ ਨ ਤ੍ਰਾਸਾ।
ਰੁਪਯੋ ਖਾਲਸਾ ਸ਼ੱਤ੍ਰੂ ਬਿਨਾਸ਼ਾ।
ਚਹੁਂਦਿਸ਼ਿ ਤੇ ਸਤਿਗੁਰ ਤੇ ਦੂਰ।
ਰਾਖੇ ਦੁਸ਼ਮਨ ਜੇ ਬਡ ਕ੍ਰੂਰ[੭] ॥੩੧॥

ਨਰਾਜਛੰਦ: ਗੁਰੂ ਸਪੂਤ ਪੂਤ[੮] ਚੀਤ, ਸ੍ਰੀ ਅਜੀਤ ਸਿੰਘ ਜੀ।
ਕੁਦੰਡ ਲੇ ਪ੍ਰਚੰਡ, ਛੰਡਿ ਬਾਨ[੯] ਧੀਰ ਸਿੰਘ ਜੀ[੧੦]।

---

[੧]ਘੋੜਿਆਂ ਦੇ ਸਰੀਰ।
[੨]ਕੜਾਕਾੜ ਛੱਡਦੇ ਹਨ (ਗੋਲੀਆਂ)।
[੩]ਛੇਤੀ ਛੇਤੀ।
[੪]ਵੈਰੀ ਦੇ ਕਲੇਜੇ।
[੫]ਜਿਵੇਂ ਕੰਗਨ ਹੱਥ ਦੇ ਚੁਫੇਰੇ ਹੁੰਦਾ ਹੈ।
[੬](ਐਸਾ) ਨੇਮ ਧਾਰਨ ਕੀਤਾ ਹੈ (ਜਿਨ੍ਹਾਂ ਨੇ)।
[੭]ਕਰੜੇ।
[੮]ਪਵਿੱਤ੍ਰ।
[੯]ਤੀਰ ਛੱਡੇ।
[੧੦]ਸ਼ੇਰ ਵਤ ਧੀਰਜ ਧਾਰਕੇ।

ਸੜਾਸੜੀ ਪ੍ਰਹਾਰਿ ਕੈ, ਬਿਹੰਡ ਤੁੰਡ ਫੋਰਿ ਕੈ।
ਕਰੇ ਜੁ ਹੇਲ ਆਵਤੇ, ਸ਼ਿਤਾਬ ਦੀਨਿ ਮੋੜਿ ਕੈ ॥੩੨॥
ਨਿਖੰਗ ਤੇ ਖਤੰਗ ਏਕ, ਸੰਗ ਹੀ ਨਿਕਾਰਿ ਕੈ[੧]।
ਧਰਾ ਧਰੇ ਸਮੂਹ, ਫੇਰ ਲੇਤਿ ਹੈਂ ਸੰਭਾਰਿ ਕੈ[੨]।
ਸੁ ਬੈਠਿ ਬੀਰ ਆਸਨੰ, ਸਰਾਸਨੰ[੩] ਸੁ ਧਾਰਿ ਕੈ।
ਸੁ ਤਾਨਿ ਬਾਨ ਕਾਨ ਲੌਂ, ਅਨੇਕ ਸ਼ੱਤ੍ਰ ਮਾਰਿ ਕੈ ॥੩੩॥
ਉਡੰਤਿ ਜਾਤਿ ਬੇਗ ਤੇ, ਪ੍ਰਵੇਸ਼ ਹ੍ਵੈ ਲਰੰਤਿ ਹੀ[੪]।
ਤੁਰੰਗ[*] ਅੰਗ ਭੰਗਿ ਕੈ, ਸੁ ਪਾਰ ਕੋ ਪਰੰਤ ਹੀ[੫]।
ਸਰੀਰ ਬੀਧ ਬੀਰ ਕੇ, ਨ ਨੀਰ ਫੇਰ ਜਾਚਿਤੇ।
ਅਤੰਕ ਤੇ ਸਸ਼ੰਕ ਕੈ, ਨਿਸੰਗ ਜੰਗ ਮਾਚਤੇ[੬] ॥੩੪॥
ਵਜ਼ੀਰਖਾਨ ਸੈਨ ਕੋ, ਦਲੇਰ ਹ੍ਵੈ ਪਰੇਰਤੋ।
'ਕਹਾਂ ਥਿਰੰਤਿ ਤ੍ਰਾਸ ਤੇ, ਸਮੂਹ ਕਜਾ ਨਿਬੇਰਤੋ[੭]?
ਮਰੇ ਜੁ ਹੇਲ ਘਾਲਤੇ, ਬਚੇ ਸਮੀਪ ਢੂਕਿਯੇ[੮]।
ਗੁਰੂ ਗਹੰਨ ਕੀਜਿਯੈ, ਉਠੇ ਨ ਕਯੋਂ ਹੂੰ ਰੂਕਿਯੇ[੯] ॥੩੫॥
ਕ੍ਰਿਪਾਨ ਖੈਂਚਿ ਮਜਾਨ ਤੇ, ਪ੍ਰਵੇਸ਼ ਬੀਚ ਹੂਜਿਯੇ।
ਪ੍ਰਹਾਰ ਸਾਂਗ ਸੈਹਥੀਨ, ਨੇਜ ਚੋਕ ਦੀਜਿਯੇ[੧੦]।
ਤੁਫੰਗ ਏਕ ਸੰਗ ਤਜਾਗਿ[੧੧] ਸਿੰਘ ਮਾਰ ਲੀਜਿਯੇ।
ਅਕੇਲ ਫੇਰ ਕਜਾ ਕਰੈ[੧੨], ਨ ਤ੍ਰਾਸ ਚਿੱਤ ਕੀਜਿਯੇ' ॥੩੬॥
ਸੁਨੇ ਵਜੀਦਖਾਨ[+] ਤੇ, ਸੁ ਏਕ ਤਾਨ ਹੋਇ ਕੈ।

---

[੧]ਇਕੋ ਵੇਰ ਹੀ ਕੱਢ ਕੇ।
[੨]ਧਰਤੀ ਤੇ ਧਰ ਕੇ ਸਾਰੇ ਫੇਰ ਸੰਭਾਲਕੇ (ਚਲਾਉਣ ਲਈ) ਲਈ ਜਾਂਦੇ ਹਨ।
[੩]ਧਨੁਖ।
[੪]ਵੇਗ ਨਾਲ ਉਡਦੇ ਜਾਂਦੇ (ਤੀਰ) ਲਗਦਿਆ ਹੀ ਪ੍ਰਵੇਸ਼ ਕਰ ਜਾਂਦੇ ਹਨ। ਪਾਠ 'ਲਰੰਤ ਹੀ' ਲਿਖਾਰੀ ਦੀ ਕਲਮ ਉਕਾਈ ਜਾਪਦੀ ਹੈ; ਪਾਠ 'ਲਗੰਤ ਹੀ'ਚਾਹਜੇ।
[*]ਸ਼ੁਧ ਪਾਠ 'ਤੁਰੰਤ' ਜਾਪਦਾ ਹੈ।
[੫]ਪਾਰ ਪੈ ਜਾਂਦਾ ਹੈ।
[੬]ਜੋ ਨਿਸ਼ੰਗ ਹੋਕੇ ਜੰਗ ਵਿਚ ਮਚ ਰਹੇ ਸਨ ਉਨ੍ਹਾਂ ਨੂੰ ਭੈ ਨਾਲ ਸ਼ੰਕਾ ਵਿਚ ਪਾ ਦਿਤਾ।
[੭](ਕੀਹ) ਸਾਰੇ ਨਿਬੇੜ ਦਿਤੇ ਹਨ (ਗੁਰੂ ਜੀ ਨੇ)।
[੮]ਹੱਲਾ ਕਰਦੇ ਜੋ ਮਰੇ (ਸੋ ਮਰ ਗਏ) ਜੋ ਬਚੇ ਸੋ ਨੇੜੇ ਹੋਕੇ ਢੁਕੇ ਭਾਵ ਅਗੇ ਵਧੋ।
[੯]ਉਠੋ ਤੇ ਕਿਵੇਂ ਵੀ ਨਾ ਰੁਕੋ। (ਅ) ਐਸ ਤਰ੍ਹਾਂ ਰੋਕੋ ਕਿ ਫੇਰ ਉਠ ਨਾ ਸਕੇ। (ੲ) ਜੇ ਗੁਰੂ ਉਠ ਬੈਠਾ ਤਾਂ ਫਿਰ ਰੁਕ ਨਹੀਂ ਸਕੇਗਾ।
[੧੦]ਨੇਜ਼ੇ ਦੀ ਚੋਭ ਦਿਓ।
[੧੧]ਇਕੋ ਵਾਰੀ ਚਲਾਕੇ।
[੧੨]ਅਕੱਲਾ (ਗੁਰੂ) ਫਿਰ ਵੀ ਕਰ ਸਕੇਗਾ।
[+]ਕਵੀ ਜੀ ਬਹੁਤੀ ਥਾਈਂ ਵਜ਼ੀਰ ਖਾਂ ਨੂੰ ਵਜੀਦ ਖਾਨ ਬੀ ਲਿਖਦੇ ਹਨ। ਠੀਕ ਨਾਮ-ਵਜ਼ੀਰਖਾਨ-ਹੈ।

ਅਗਾਇ ਪਾਇ ਰੋਪਤੇ ਸੁ ਕੋਪ ਤ੍ਰਾਸ ਖੋਇ ਕੈ[1]।
ਬਿਸਾਲ ਹਲ ਘਾਲਿਓ ਚਲਾਇ ਆਯੁਧਾਨ ਕੋ।
ਪੁਕਾਰ 'ਮਾਰਿ ਮਾਰਿ', ਹਾਥ ਧਾਰਿ ਕੈ ਨਿਸ਼ਾਨ ਕੋ ॥੩੭॥
ਛੁਟੀ ਤੁਫੰਗ ਏਕ ਸੰਗ, ਚਾਰਿ ਓਰ ਓਰੜੇ।
ਸਮੀਪ ਢੂਕ ਢੂਕਤੇ, ਨ ਧੀਰ ਧਾਰਿ ਥੋਰੜੇ।
ਪਦਾਂਤਿ ਕੈ ਸਊਰ ਹਾਲ ਹੂਲ ਭੂਰ ਭੇਲਤੇ[2]।
ਧਕੇਲ ਸੇਲ ਠੇਲਤੇ, ਸਕੇਲਿ ਗੇਲ ਪੇਲਤੇ[3] ॥੩੮॥
ਪਰਜੋ ਸੁ ਜੋਰ ਖਾਲਸੇ[4], ਗੁਰੂ ਸੰਭਾਲਿ ਬਾਨ ਕੌ।
ਚਲਾਇ ਦੀਨਿ ਸੈਂਕਰੇ, ਕਰੇ ਸੁ ਬੀਰ ਹਾਨ ਕੋ।
ਧਵਾਇ ਅੱਗ੍ਰ ਆਵਤੇ, ਨਿਸ਼ੰਕ ਤੀਰ ਖਾਵਤੇ।
ਗਿਰੇ ਸੁ ਜੰਗ ਖੇਤ ਮੈਂ, ਕਹੂੰ ਨ ਜਾਨ ਪਾਵਤੇ ॥੩੯॥
ਗੁਰੂ ਗੋਬਿੰਦ ਸਿੰਘ ਜੀ, ਬਿਲੰਦ ਕੋਪ ਧਾਰਿਓ।
ਪ੍ਰਹਾਰ ਬ੍ਰਿੰਦ ਬਾਨ ਕੋ, ਸਮੂਹ ਬੀਰ ਮਾਰਿਓ।
ਪਰੇ ਤੁਰੰਗ ਸੈਂਕਰੇ, ਸਊਰ ਹੇਠ ਊਪਰੇ।
ਬਿਸਾਲ ਸ਼੍ਰੋਣ ਚਾਲਿਓ, ਬਹਜੋ ਪ੍ਰਵਾਹ ਭੂ ਪਰੇ ॥੪੦॥
ਭਈ ਸੁ ਲੋਥ ਪੋਥਨਾ, ਬੰਦੂਕ ਬ੍ਰਿੰਦ ਬਾਜਿਆ[5]।
ਸੁ ਹੇਲ ਝਾਲਿ ਖਾਲਸਾ[6], ਨ ਏਕ ਪੈਰ ਭਾਜਿਆ।
ਹਜ਼ਾਰਹੁਂ ਪ੍ਰਹਾਰ ਕੈ, ਥਿਰੇ ਸੁ ਮੋਰਚਾਨ ਮੈਂ।
ਪ੍ਰਹਾਰਿਯੇ ਪ੍ਰਬੁੱਧ ਹਾਰਿ, ਨਾ ਰਹੇ ਗੁਮਾਨ ਮੈਂ[7] ॥੪੧॥
ਮਚਜੋ ਘਮੰਡ[8] ਦਾਰੁਣਾ, ਕਹਾਂ ਲਗੇ ਸੁਨਾਈਯੇ।
ਰਹੇ ਲਗਾਇ ਓਜ ਮੂਢ, ਨਾ ਕਛੂ ਬਸਾਈਯੇ[9]।
ਪ੍ਰਬਾਜ ਸਾਰ ਸਾਰ ਸੰਗ, ਡੇਢ ਜਾਮ ਬੀਤਿਯੋ[10]।

---

[1]ਕ੍ਰੋਧ ਕਰਕੇ ਤੇ ਡਰ ਗਵਾਕੇ ਅੱਗੇ ਪੈਰ ਜਮਾਉਂਦਾ ਹੈ।
[2]ਪਿਆਦੇ ਤੇ ਅਸਵਾਰ ਹੂਲਕੇ ਹੱਲਾ ਕਰਦੇ ਹਨ ਮਿਲ ਕੇ ਸਾਰੇ।
[3]ਸੇਲਿਆਂ ਦੇ ਧੱਕੇ ਨਾਲ (ਅੱਗੇ ਆਇਆਂ) ਨੂੰ ਠੇਲਦੇ (ਰੇੜਦੇ ਤੇ) ਕੱਠੇ ਹੋ ਕੇ ਰਸਤੇ ਵਿਚ ਦਬਾਉਂਦੇ ਹਨ।
[4]ਖਾਲਸੇ ਉਤੇ।
[5]ਵੱਜੀਆਂ ਭਾਵ ਚਲੀਆਂ।
[6]ਹੱਲੇ ਨੂੰ ਝੱਲਿਆ ਖਾਲਸੇ ਨੇ।
[7]ਜਦੋਂ ਮਾਰ ਪਈ ਬੁੱਧੀ ਹਾਰ ਗਈ ਗੁਮਾਨ ਜ਼ਰਾ ਨਾ ਰਿਹਾ। ਪਰ ਸ਼ੁਧ ਪਾਠ 'ਪਹਾਰੀਏ' ਚਾਹੀਦਾ ਹੈ ਕਿ ਪਹਾੜੀਏ ਹਾਰ ਸਮਝਕੇ ਹੰਕਾਰ ਵਿਚ ਨਾ ਰਹੇ।
[8]ਜੰਗ।
[9]ਵੱਸ ਨਾ ਚਲਿਆ।
[10]ਲੋਹੇ ਨਾਲ ਲੋਹਾ ਚੰਗੀ ਤਰ੍ਹਾਂ ਵਜਦਿਆਂ ਡੇਢ ਪਹਿਰ ਬੀਤ ਗਿਆ। [ਪ੍ਰ=ਚੰਗੀ ਤਰ੍ਹਾਂ, ਪਰਸਪਰ। ਬਾਜ=ਵੱਜਿਆ]।

ਹਜ਼ਾਰਹੂੰ ਖਪਾਇ ਬੀਰ, ਭਾ ਹੰਕਾਰ ਰੀਤਿਯੋ[੧] ॥੪੨॥
ਅਥਯੋ ਸਿਧਾਇ ਮਾਰਤੰਡ, ਬਾਰਨੀ ਦਿਸ਼ਾਨ ਕੋ[੨]।
ਪ੍ਰਕਾਸ਼ ਮੰਦ ਹੋਤਿ ਭਾ, ਅੰਧੇਰ ਮੋਂ ਭਯਾਨ ਕੋ[੩]।
ਮਿਟੇ ਸੁ ਆਪ ਆਪ ਕੋ, ਹਟੇ ਪ੍ਰਬੀਰ ਹੂਟਿ ਕੈ[੪]।
ਗੁਰੂ ਬਿਸਾਲ ਸੂਰਮਾ, ਰਹਯੋ ਮਵਾਸ ਜੂਟਿਕ[੫] ॥੪੩॥
ਦੋਹਰਾ: ਡੇਰਾ ਕੀਨਸਿ ਦਲ ਸਕਲ, ਸ਼੍ਰਮਤਿ ਅੰਗ ਲਰਿ ਜੰਗ[੬]।
ਖਾਨ ਪਾਨ ਕੇ ਕਰਨ ਹਿਤ, ਉਤਰੇ ਬੀਰ ਸੁਸੰਗ[੭] ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਵਜੀਦਖਾਨ' ਪ੍ਰਸੰਗ ਬਰਨਨੰ ਨਾਮ ਏਕ ਚਤਵਾਰਿੰਸਤੀ ਅੰਸੂ ॥੪੧॥

---

[੧]ਹੰਕਾਰ ਤੋਂ ਖਾਲੀ ਹੋਏ (ਵੈਰੀ)।
[੨]ਪਸ਼ਚਮ ਦਿਸ਼ਾ ਨੂੰ। [ਸੰਸ:, ਵਾਰੁਣੀ]।
[੩]ਭਜਾਨਕ ਅੰਧੇਰਾ ਹੋ ਗਿਆ।
[੪]ਆਪੋ ਆਪਣੇ ਪਾਸੇ ਨੂੰ ਸੂਰਮੇਂ ਥੱਕ ਕੇ ਹਟ ਗਏ। [ਸੰਸ:, ਪ੍ਰਵੀਰ=ਸ੍ਰੇਸ਼ਟ ਸੂਰਮੇਂ]।
[੫]ਜੁੱਟਕੇ।
[੬]ਲੜਦਿਆਂ ਜੰਗ ਵਿਚ।
[੭]ਸੰਗੀਆਂ ਸਣੇ।

## ੪੨. [ਰਾਜਿਆਂ ਨੇ ਵਜ਼ੀਰ ਖਾਂ ਨੂੰ ਭੜਕਾਉਣਾ। ਰਾਇ ਬਿਸਾਲੀ ਮੇਲ]

੪੧<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੪੩

ਦੋਹਰਾ: ਭਯੋ ਖੇਤ ਦਾਰੁਨ ਮਹਾਂ, ਲੋਥ ਸੰਕੀਰਣ ਜਾਲ[1]।
ਕੂਕੈਂ ਜੰਬੁਕ ਆਨਿ ਕੈ, ਕੂਕਰ ਕੂਕਿ ਬਿਸਾਲ ॥੧॥
ਚੌਪਈ: ਨਿਜਗਣ ਕੇ ਗਣ[2] ਲੈ ਕਰਿ ਸੰਗ।
ਬਿਚਰੇ ਰੁੱਦ੍ਰ ਰੁੱਦ੍ਰ ਕਰਿ ਅੰਗ[3]।
ਬ੍ਰਿੰਦ ਜੋਗਨੀ ਪੀਵਤਿ ਸ਼੍ਰੋਣ।
ਬੋਲ ਭਯੰਕਰ ਸੁਨਿਯਤਿ ਸ਼੍ਰੋਣ ॥੨॥
ਪਰੇ ਹਜ਼ਾਰਹੁਂ ਹਯ ਹਥਜਾਰ।
ਨਹਿਂ ਘਾਯਲ ਕੀ ਕਰੀ ਸੰਭਾਰ।
ਤਿਸ ਛਿਨ ਜੀਵਤਿ ਭੀ ਮਰਿ ਗਏ।
ਬਨ ਕੇ ਜੀਵ ਮਾਸ ਭਖਿ ਲਏ ॥੩॥
ਪਰੀ ਮਾਰ ਤੁਰਕਨਿ ਪਰ ਗਾਢੀ।
ਮਹਾਂ ਸੋਗ ਜੁਤਿ ਪੀਰਾ ਬਾਢੀ।
ਰਹ੍ਯੋ ਵਜੀਦਖਾਨ ਚਿਤ ਚਿਤਵਤਿ।
-ਇਹ ਮਮ ਲਸ਼ਕਰ ਪਰ ਕਯਾ ਬਿਤਵਤਿ[4] ॥੪॥
ਜਾਨੀ ਗਈ ਨ ਕੁਛ ਬੁਧਿ ਮਨ ਤੇ-।
ਝੁਰ੍ਯੋ ਪਾਇ ਪਰਾਜੈ ਰਨ ਤੇ।
-ਸਿੰਘ ਅਲਪ ਹੀ ਹਤੇ ਨ ਗਏ।
ਰਹੇ ਮਵਾਸੀ ਬਡ ਬਲ ਕਿਯੇ ॥੫॥
ਕੋਟ ਦੁਰਗ ਕੀ ਓਟ ਨ ਕੋਈ।
ਬੀਚ ਮਦਾਨ ਮੋਰਚੇ ਹੋਈ।
ਮਰੇ ਹਜ਼ਾਰਹੁਂ ਬੀਰ ਤੁਰੰਗ।
ਨਹੀਂ ਸੰਭਾਰਹਿਂ ਘਾਇਲ ਜੰਗ[5]- ॥੬॥
ਇੱਤਯਾਦਿਕ ਪਛੁਤਾਵਤਿ ਰਹ੍ਯੋ।
ਗੁਰ ਪ੍ਰਤਾਪ ਨਹਿਂ ਮੂਰਖ ਲਹ੍ਯੋ।
ਭੀਮਚੰਦ ਕਹਿਲੂਰੀ ਗਯੋ।
ਭੂਪਚੰਦ ਹੰਡੂਰੀ ਲਹ੍ਯੋ ॥੭॥

---

[1]ਸਾਰੀਆਂ (ਦੋਹਾਂ ਧਿਰਾਂ ਦੀਆਂ) ਲੋਥਾਂ ਰਲੀਆਂ ਮਿਲੀਆਂ ਪਈਆਂ ਹਨ।
[2]ਸਾਰੇ ਆਪਣੇ ਗੁਣਾਂ ਨੂੰ।
[3]ਰੁੱਦ੍ਰ ਸਰੀਰਾਂ ਨੂੰ ਭਯਾਨਕ ਬਨਾਕੇ ਵਿਚਰ ਰਹੇ ਹਨ।
[4]ਕੀ ਬੀਤਦੀ ਹੈ?
[5]ਜੰਗ ਵਿਚ ਜ਼ਖਮੀ ਹੋਇਆਂ ਦੀ ਸੰਭਾਲ ਵੀ ਨਹੀਂ ਕੀਤੀ ਜਾ ਸਕੀ।

ਮਿਲੇ ਜਾਇ ਝੁਕਿ ਕਰੀ ਸਲਾਮੂ।
ਭਾਖ੍ਯੋ ਗੁਰ ਅਹਿਵਾਲ ਤਮਾਮੂ।
'ਮਹਾਂ ਸੂਰਮਾ ਅਤਿ ਧਨੁ ਧਾਰੀ।
ਹਮ ਨਿਤ ਕਰਤਿ ਰਹੇ ਰਣ ਭਾਰੀ ॥੮॥
ਕਾਢਿ ਅਨੰਦਪੁਰਿ ਬਾਹਰ ਲ੍ਯਾਏ*।
ਅਬਿ ਗਹਿ ਲੈ ਹੈਂ ਜਾਨਿ ਨ ਪਾਏ।
ਹਜ਼ਰਤ ਕੇ ਸਮੀਪ ਪਹੁੰਚਾਵੈ।
ਤਬਿ ਨਚਿੰਤ ਹ੍ਵੈ ਦਿਵਸ ਬਿਤਾਵੈਂ' ॥੯॥
ਕਹ੍ਯੋ ਵਜੀਦ ਖਾਨ ਨ੍ਰਿਪ ਸੰਗ।
'ਭਯੋ ਆਜ ਭੀ ਦੀਰਘ ਜੰਗ।
ਤੁਮ ਤਨ ਦੇ ਕਰਿ ਲਰਹਿ ਨ ਕੋਈ।
ਅਪਨਿ ਚਮੂੰ ਮੈਂ ਸਗਰੀ ਢੋਈ ॥੧੦॥
ਮਰੇ ਸੈਂਕਰੇ ਸੁਭਟ ਤੁਰੰਗ।
ਪਰੇ ਹਜ਼ਾਰਹੁੰ ਘਾਯਲ ਅੰਗ।
ਬੈਠਿ ਮੋਰਚਨਿ ਮਾਰ ਮਚਾਈ।
ਹਮ ਮਦਾਨ ਸਨਮੁਖ ਬਹੁ ਘਾਈ[1] ॥੧੧॥
ਨਹੀਂ ਪ੍ਰਾਤਿ ਕੋ ਪਾਵਹਿਂ ਜੰਗ।
ਸੰਭਾਰਹਿਂ ਮ੍ਰਿਤੁ ਘਾਯਲ ਅੰਗ।
ਪਰਸੌਂ ਦੇਹਿਂ ਜੋਰ ਬਹੁ ਲਰੈਂ।
ਘੇਰਿ ਚੁਗਿਰਦੇ ਗਹਿਬੋ ਕਰੈਂ' ॥੧੨॥
ਬੋਲ੍ਯੋ ਭੂਮਚੰਦ ਹੰਡੂਰੀ।
'ਰਾਵਰਿ ਕਹੀ ਬਾਰਤਾ ਰੂਰੀ।
ਤੁਮ ਮਾਲਿਕ ਹਮਰੇ ਅਬਿ ਆਏ।
ਸਰਬ ਸੁਧਾਰਹੁ ਕਾਜ ਸੁਹਾਏ' ॥੧੩॥
ਪੁਨ ਵਜੀਦ ਖਾਂ ਬੂਝਨਿ ਕਰੇ।
'ਗੁਰ ਬਿਰੋਧ ਕਿਹ ਕਾਰਨ ਪਰੇ।
ਬਹੁਰ ਨ ਮੇਲ ਤੁਮਾਰੋ ਹੋਵਾ।
ਚਿਰ ਤੇ ਲਰਹਿਂ ਅਬਹਿ ਲਗਿ ਜੋਵਾ' ॥੧੪॥
ਸੁਨਿ ਕੈ ਭੀਮਚੰਦ ਬਚ ਭਾਖਾ।

---

*ਹੁਣ ਗਊ ਦੀ ਸਹੁੰ ਦੇਕੇ ਬਾਹਰ ਲਿਆਉਣ ਦਾ ਫ੍ਰੇਬ ਤੇ ਮਨੋਰਥ ਸਪਸ਼ਟ ਹੋ ਗਿਆ। ਹੱਲਾ ਰਾਜਿਆਂ ਵਲੋਂ ਪਹਿਲਾਂ ਹੋਇਆ ਕਿ ਬੇਓਟੇ ਹੋ ਗਏ ਗੁਰੂ ਨੂੰ ਛੇਤੀ ਮਾਰ ਲਵਾਂਗੇ, ਇਹ ਗਲ ਬੀ ਸਾਫ ਹੋ ਗਈ।
[1]ਬਹੁਤੇ ਮਾਰੇ।

'ਕਹਹਿਂ ਕਹਾਂ, ਹਮ ਗੁਰ ਅਭਿਲਾਖਾ[1]।
ਸਭਿ ਇਕ ਸਮੈਂ ਮਿਲੇ ਤਿਨ ਜਾਈ[2]।
ਪਿਖਨਿ ਕਹਤਿ ਦੇਵੀ ਬਿਦਤਾਈ ॥੧੫॥
ਥਿਰੇ ਸਮੀਪ ਜਬਹਿ ਸਮੁਦਾਯਾ।
ਦੇਖਤਿ ਹਮ ਕੋ ਏਵ ਅਲਾਯਾ।
-ਸਿੱਖ ਬਨਹੁਂ ਲੇ ਪਾਹੁਲ ਮੇਰੀ।
ਕੇਸ ਕਾਛ ਰਖਿ ਰਹਤਿ ਬਡੇਰੀ ॥੧੬॥
ਹਜ਼ਰਤ ਕੇ ਸੰਗ ਮੋਰ ਬਿਰੁੱਧਾ।
ਇਕਠੇ ਹੋਇ ਕਰੈਂ ਬਹੁ ਜੁੱਧਾ।
ਤੇਗ਼ ਬਹਾਦਰ ਪਿਤਾ ਹਮਾਰਾ।
ਚਵਗੱਤੇ ਨਾਹਕ ਗਹਿ ਮਾਰਾ ॥੧੭॥
ਸੋ ਪਲਟਾ ਤਿਸ ਤੇ ਹਮ ਲੇਨੋ[*]।
ਦੇਸ਼ਨਿ ਲੂਟਿ ਉਜਾਰ ਸੁ ਦੇਨੋ।
ਲਵਪੁਰਿ ਕੋ ਪੂਰਬ ਲਰਿ ਲੈਹੈਂ।
ਸੋ ਸਭਿ ਰਾਜ ਤੁਮਹਿਂ ਕੋ ਦੈਹੈਂ[*]- ॥੧੮॥
ਇੱਤਜਾਦਿਕ ਹਮ ਕੋ ਬਹੁ ਕਹਜੋ।
ਸੁਨਿ ਕੈ ਇਹੁ ਕੁਸੂਤ ਚਿਤ ਲਹਜੋ।
ਖੈਰ ਖ੍ਵਾਹ ਹਮ ਹਜ਼ਰਤ ਕੇਰੇ।
ਇਹ ਤਿਨ ਸੋਚਹਿ[3] ਜੰਗ ਬਡੇਰੇ ॥੧੯॥
ਕਹਿ ਬਹੁ ਰਹਜੋ ਨ ਤਬਿ ਹਮ ਮਾਨੀ।
ਚਲਿ ਆਏ ਅਪਨੀ ਰਜਧਾਨੀ।
ਇਹੁ ਕਾਰਨ ਹੈ ਲਰਿਬੇ ਕੇਰਾ।
ਅਪਰ ਨਹੀਂ ਗੁਰ ਕੇ ਸੰਗ ਝੇਰਾ ॥੨੦॥
ਅਬਿ ਆਏ ਤੁਮ ਭਲੀ ਸੁ ਹੋਈ।
ਜਿਮ ਉਚਰਹੁ ਹਮ ਕਰਿਹੈਂ ਸੋਈ।
ਹਜ਼ਰਤ ਕੇ ਗ਼ੁਲਾਮ ਹਮ ਜਾਨੋ।
ਕਰਨਿ ਬਿਰੋਧ ਨਹੀਂ ਹਮ ਮਾਨੋ ॥੨੧॥
ਅਬਿ ਕੇ ਲਰਹੁ ਲਾਇ ਬਲ ਸਾਰੋ।

---

[1]ਗੁਰਾਂ ਦੀ ਇੱਛਾ।
[2]ਭਾਵ ਗੁਰੂ ਜੀ ਨੂੰ ਜਾਕੇ ਮਿਲੇ ਸਾਂ।
[*]ਇਹ ਰਾਜੇ ਉਸ ਤਰ੍ਹਾਂ ਗਲਾਂ ਬਣਾ ਬਣਾਕੇ ਕਹਿ ਰਹੇ ਹਨ ਜਿਵੇਂ ਨਵਾਬ ਨੂੰ ਚਿਪ ਚੜੇ।
[3]ਤਿਸ (ਨੁਰੰਗੇ) ਨਾਲ।

ਚਹੂੰ ਓਰ ਤੇ ਕਰਹਿਂ ਪ੍ਰਹਾਰੋ।
ਫਤੇ ਕਰਹਿਂਗੇ ਗਨ ਕੋ ਗਹਿ ਕੈ।
ਹੁਇ ਹੈ ਸੁਜਸੁ, ਕਹੈ ਜਗ ਲਹਿ ਕੈ[੧]'[+] ॥੨੨॥
ਏਵ ਪਰਸਪਰ ਮਸਲਤ ਧਰਿ ਕੈ।
ਉਠੇ ਸਲਾਮ ਤੁਰਕ ਕੋ ਕਰਿ ਕੈ।
ਡੇਰੇ ਜਾਇ ਸੁ ਸੁਪਤੇ ਰਾਤਿ।
ਉਠੇ ਬਹੁਰ ਜਬਿ ਹੋਈ ਪ੍ਰਾਤਿ ॥੨੩॥
ਸਤੱਦ੍ਰਵ ਪਾਰ ਸੁ ਪੁਰੀ ਬਿਸਾਲੀ[੨]।
ਤਹਾਂ ਰਾਵ ਇਕ ਸੁਮਤਿ ਬਿਸਾਲੀ[੩]।
ਸੁਨਿ ਕਰਿ ਗੁਰ ਸੰਗ ਅਧਿਕ ਬਖੇਰਾ।
'ਭੀਮਚੰਦ ਬਡ ਠਾਨਜੋ ਬੈਰਾ ॥੨੪॥
ਪ੍ਰਥਮ ਲਰਜੋ ਹਾਰਜੋ ਮਤਿਮੰਦ।
ਦਿਯੋ ਮਰਾਇ ਕੇਸਰੀ ਚੰਦ।
ਜਮਤੁੱਲਾ ਭਾਊ ਮਰਿਵਾਯੋ।
ਅਪਰ ਹਜ਼ਾਰਹੁਂ ਭਟ ਗਿਰਵਾਯੋ[੪] ॥੨੫॥
ਮੂਰਖ ਕੋ ਬਸਿ ਚਲਜੋ ਨ ਕੋਈ।
ਬਹੁਰੋ ਕਰੀ ਕੁਮਤਿ ਬਡ ਜੋਈ।
ਸ਼ਸਤਰ ਧਰਨ ਧਰਮ ਕੋ ਤਜਾਗਾ।
ਨਿਰਬਲ ਦੀਨ ਰੰਕ ਮਗ ਲਾਗਾ[੫] ॥੨੬॥
ਰਾਜਾ ਅਪਰ ਕੌਨ ਇਮ ਕਰੈ।
ਧਰਮ ਛੋਰਿ ਲੱਜਾ ਪਰਹਰੈ।
ਤਸਕਰ ਸਮਸਰ ਪਠਿ ਕਰਿ ਪੰਮਾ।
ਆਨੰਦਪੁਰਿ ਕੇ ਦ੍ਵਾਰ ਕੁਕੰਮਾ[੬] ॥੨੭॥
ਆਨ ਧੇਨੁ ਕੀ ਦੀਨੀ ਜਾਇ।
ਨਹਿਂ ਰਾਜਨਿ ਤੇ ਲੱਜਜਾ ਪਾਇ।

---

[੧]ਦੇਖਕੇ ਜਗਤ ਕਰੇਗਾ।
[+]ਰਾਜਿਆਂ ਦੀ ਇਸ ਗੁਫਤਗੂ ਵਿਚ ਉਨ੍ਹਾਂ ਦੇ ਗਿਰਾਉ ਦਾ ਕਮਾਲ, ਗੁਲਾਮੀ ਵਿਚ ਹੀਣੀ ਦਸ਼ਾ ਤੇ ਖਾਨਾ ਜੰਗੀ ਦਾ ਨਕਸ਼ਾ ਆਪੇ ਸਫੁੱਟ ਹੋ ਰਿਹਾ ਹੈ।
[੨]ਨਾਮ ਪੁਰੀ ਦਾ।
[੩]ਬੜੀ ਬੁੱਧੀ ਵਾਲਾ ਸੀ।
[੪]ਮਰਵਾਏ।
[੫]ਨਿਤਾਣੇ ਗ਼ਰੀਬਾਂ ਤੇ ਕੰਗਾਲਾਂ ਦੇ ਰਾਹੇ ਪੈ ਗਿਆ ਹੈ। (ਆਟੇ ਦੀ ਗਊ ਵਾਲੀ ਗਲ ਵਲ ਇਸ਼ਾਰਾ ਹੈ)।
[੬]ਦਰਵਾਜ਼ੇ ਅੱਗੇ ਕੁਕਾਜ ਕੀਤਾ।

ਗੁਰੂ ਬੀਚ ਬਰ ਲੀਨਿ ਸੁ ਮਾਨ।
ਤਜ੍ਯੋ ਅਨੰਦਪੁਰਿ ਧੀਰ ਨਿਧਾਨ ॥੨੮॥
ਧਰਮ ਧੁਰੰਧਰ ਜਿਮ ਕਰਿ ਗਏ।
ਅਪਰ ਕੌਨ ਮਾਨਹਿਂ ਇਮ ਦਏ[1]।
ਬਹੁਰ ਨ ਟਰ੍ਯੋ ਮੂਢ ਮਤਿਮੰਦਾ।
ਕਰੇ ਅਵਾਹਨ ਤੁਰਕ ਬਿਲੰਦਾ ॥੨੯॥
ਬੈਠੇ ਵਹਿਰ ਦੁਰਗ ਨਹਿਂ ਕੋਟ।
ਹਿਤ ਲਰਿਬੇ ਕੁਛ ਕਰੀ ਨ ਓਟ।'
ਨਿਜ ਪਰਧਾਨ ਸੰਗ ਕਹਿ ਸੁਨਿ ਕਰਿ।
'ਹਮ ਚਢਿ ਆਨਹਿਂ ਨਿਜ ਪੁਰਿ ਸਤਿਗੁਰ ॥੩੦॥
ਸਾਹਿਬ ਕਰਾਮਾਤ ਸੰਗ ਬੈਰ।
ਇਨ ਕੇ ਬੰਸ ਹੋਇ ਨਹਿਂ ਖ਼ੈਰ।
ਦੁਖ ਪਾਵਹਿਂਗੇ ਪਰਿ ਹੈਂ ਨਰਕ।
ਕਰਹਿਂ ਕੁਕਰਮ ਹੋਇ ਹੈਂ ਗ਼ਰਕ' ॥੩੧॥
ਤਜਾਰੀ ਕਰਤਿ ਅਰੂਢ੍ਯੋ ਰਾਵ।
ਦਰਸ਼ਨ ਪਰਸਨ ਕੋ ਉਰ ਚਾਵ।
ਜਿਤਿਕ ਸੈਨ ਅਪਨੀ ਲੇ ਸਾਥ।
ਆਨਿ ਮਿਲ੍ਯੋ ਜਹਿਂ ਬੈਠੇ ਨਾਥ ॥੩੨॥
ਪਦ ਅਰਬਿੰਦਨ ਪਰ ਸਿਰ ਧਰ੍ਯੋ।
ਬਹੁ ਬਿਧਿ ਬਿਨਤੀ ਬਾਕ ਉਚਰ੍ਯੋ।
'ਪ੍ਰਭੁ ਜੀ! ਚਲਹੁ ਸੰਗ ਅਬਿ ਮੇਰੇ।
ਰਿਦੈ ਜਾਨਿ ਕਰਿ ਅਪਨੇ ਚੇਰੇ ॥੩੩॥
ਨਿਜ ਪਾਵਨ ਕਰਿ ਕਰੀਅਹਿ ਪਾਵਨ।
ਜਿਨ ਤੇ ਹੋਇ ਸਦਨ ਮਮ ਪਾਵਨ।
ਨਗਰ ਬਿਸਾਲੀ ਅਪਨੋ ਜਾਨਹੁ।
ਰਹਹੁ ਨਿਕੇਤਿ ਬਾਸ ਕੋ ਠਾਨਹੁ ॥੩੪॥
ਸਿੰਧ ਮੇਖਲਾ ਅਵਨੀ ਸਾਰੀ।
ਮਹਾਰਾਜ! ਪ੍ਰਭੁ ਅਹੈ ਤੁਮਾਰੀ।
ਭੀਮਚੰਦ ਆਦਿਕ ਗਨ ਰਾਜੇ।
ਮੂਢਮਤੀ ਸਭਿ ਕਰਹਿਂ ਕੁਕਾਜੇ ॥੩੫॥
ਇਨ ਕੇ ਹੋਇ ਗਏ ਮੁਖ ਕਾਰੇ।

---

[1](ਸਹੁੰਆਂ) ਦਿੱਤੀਆਂ।

ਉਤਰੇ ਨਹੀਂ ਕਲੰਕ, ਪਖਾਰੇ[1]।
ਦਿਨਪ੍ਰਤਿ ਅਧਿਕ ਸਜਾਮਤਾ ਲਾਗੈ।
ਸਕਲ ਕਲੰਕਤਿ ਕੁਲ ਕਿਯ ਆਗੈ ॥੩੬॥
ਅਨਿਕ ਉਪਾਵਨਿ ਤੇ ਨਹਿਂ ਜੈ ਹੈ।
ਇਸ ਦਿਨ ਕੋ ਨਿਤ ਹੀ ਪਛੁਤੈ ਹੈਂ।
ਜਮਨਾ, ਗੰਗਾ, ਗਯਾ, ਬਨਾਰਸ।
ਤਹਾਂ ਨ ਮਿਟਹਿ ਇਨਹੁਂ ਮੁਖ ਕਾਰਸ ॥੩੭॥
ਜਾਇਂ ਹਿਮਾਚਲ ਬਦਰੀਨਾਥ।
ਤਹਿਂ ਭੀ ਮਿਟਹਿ ਨ, ਰਹਿ ਮੁਖ ਸਾਥ।
ਤੀਰਥ ਜਿਤਿਕ ਸਮੁੰਦ੍ਰਾਦਿਕ ਹੈਂ।
ਬਿਮਲ ਨ ਕਹੂੰ, ਸਦਾ ਇਨ ਧਿਕ ਹੈਂ[2] ॥੩੮॥
ਹਿੰਦੁ ਧਰਮ ਕੀ ਧੁਜਾ ਭਏ ਹੋ।
ਪਰ ਉਪਕਾਰ ਕ੍ਰਿਪਾਲ ਥਿਏ ਹੋ।
ਸਰਬ ਸ਼ਿਰੋਮਣਿ ਦੀਪਕ ਦੀਪ[3]।
ਤੁਮਰੀ ਸਮਸਰ ਕੋ ਅਵਨੀਪ? ॥੩੯॥
ਰਾਮਚੰਦ ਜੈਸੇ ਤੁਮ ਬਾਨਾ।
ਹੋ ਅਤਿਰਥੀ ਸੁ ਕ੍ਰਿਸ਼ਨ ਸਮਾਨਾ।
ਜਿਮ ਗਿਰਵਰ ਪਰ ਜੁਤਿ ਪਰਵਾਰਾ[4]।
ਜਰਾਸੰਧ ਦਲ ਲੇ ਪਰਵਾਰਾ[5] ॥੪੦॥
ਲਖਨਿ ਬਿਖੈ ਆਵਤਿ ਬਿਧਿ ਸੋਏ।
ਕ੍ਰਿਸ਼ਨਾਚੰਦ ਕੇ ਤਨ ਤੁਮ ਹੋਏ।
ਨਰ ਲੀਲਾ ਕੇ ਬਨਿ ਅਨੁਸਾਰੀ।
ਕਰਹੁ ਕ੍ਰਿਪਾ ਸ਼੍ਰੀ ਪ੍ਰਭੁ ਉਪਕਾਰੀ ॥੪੧॥
ਨਾਂਹਿ ਤ ਲਾਖਹੁਂ ਦਲ ਬਹੁ ਭਾਰੇ।
ਮਰਹਿਂ ਛਿਨਕ ਮਹਿਂ ਬਾਕ ਉਚਾਰੇ।
ਨਹਿਂ ਪ੍ਰਤਾਪ ਇਹ ਲਖਹਿਂ ਤੁਹਾਰੋ।
ਪਰਹਿਂ ਨਰਕ ਮਹਿਂ ਲਹਿਂ ਦੁਖ ਭਾਰੋ ॥੪੨॥
ਅਪਨੋ ਨਗਰ ਜਾਨ ਕਰਿ ਧਾਮੂ।

---

[1]ਧੋਤਿਆਂ ਕਲੰਕ ਨਹੀਂ ਉਤਰੇਗਾ।
[2](ਇਨ੍ਹਾਂ ਦਾ ਮੂੰਹ) ਕਿਤੇ ਬੀ ਉੱਜਲਾ ਨਹੀਂ (ਹੋਵੇਗਾ) ਸਦਾ ਧਿਕਾਰ ਰਹੇਗੀ (ਇਨ੍ਹਾਂ ਪਰ)।
[3]ਪ੍ਰਕਾਸ਼ ਦੇ ਪ੍ਰਕਾਸ਼। (ਅ) ਸਰਬ ਸ਼ਿਰੋਮਣ ਦੀਪ (=ਜੰਬੂ ਦੀਪ) ਦੇ ਆਪ ਦੀਪਕ ਹੋ।
[4]ਪਹਾੜ ਪਰ ਪਰਵਾਰ ਸਹਿਤ (ਕ੍ਰਿਸ਼ਨ ਜੀ ਨੂੰ).....।
[5]ਘੇਰ ਲਿਆ।

ਰਚਨ ਜੰਗ ਤੇ ਕਰਹੁ ਅਰਾਮੂ।'

ਇੱਤਜਾਦਿਕ ਸੁਨਿ ਕਰਿ ਤਿਸ ਬੈਨ।
ਕਰਯੋ ਬਿਲੋਕਨ ਕਰੁਨਾ ਨੈਨ ॥੪੩॥

'ਪੂਰਬ ਜਨਮ ਤਪਯੋ ਤਪ ਜਬੈ।
ਸਤਿ ਸੰਗਤਿ ਭੀ ਕੀਨਸਿ ਤਬੈ।
ਤਿਸ ਕੋ ਫਲ ਤੋ ਕਹੁ ਹੁਇ ਆਯੋ।
ਚਾਹਤਿ ਬੰਧਨ ਅਪਨਿ ਗਵਾਯੋ ॥੪੪॥
ਉਪਜੀ ਸੁਮਤਿ ਆਨ ਇਸ ਸਮੈਂ।
ਨ੍ਰਿਭੈ ਹੋਇ ਗੁਰ ਘਰ ਕੋ ਨਿਮੈਂ[1]।
ਸਭਿ ਕੇ ਸੰਗ ਹਮਾਰ ਬਖੇਰਾ।
ਬਿਨ ਬਿਚਾਰ ਆਯੋ[2] ਇਸ ਬੇਰਾ ॥੪੫॥
ਹੈ ਜੇ ਕਰਿ ਇਮ ਭਾਉ ਤੁਮਾਰੇ।
ਗਮਨਹਿਂ ਨਗਰ ਬਿਸਾਲਿ ਮਝਾਰੇ।
ਤੂੰ ਚਲਿ ਪ੍ਰਥਮ ਅਪਨਿ ਘਰਿ ਮਾਂਹੀ।
ਹਤਿਬੇ ਰਿਪੁ ਹਮ ਮਿਟਹਿਂ ਸੁ ਨਾਂਹੀ ॥੪੬॥
ਕਰਹਿਂ ਹਜ਼ਾਰਹੁਂ ਕੇਰਿ ਸੰਘਾਰਨਿ।
ਆਵਹਿਂਗੇ ਰਚਿ ਕੇ ਰਣ ਦਾਰੁਨ।
ਤੁਰਕਨਿ ਅਰੁ ਗਿਰਪਤਿਨਿ ਗੁਮਾਨ।
ਕਰੌਂ ਹਾਨ ਘਾਲਉਂ ਘਮਸਾਨ ॥੪੭॥
ਰਾਜ ਤੇਜ ਇਨ ਕੁਲ ਤੋ ਖੋਵੌਂ।
ਕੁਮਤਿ ਕੁਕਰਮੀ ਪਾਪੀ ਜੋਵੌਂ।
ਪੰਥ ਖਾਲਸਾ ਹਮ ਰਚਿ ਦੀਨ।
ਸਨੇ ਸਨੇ ਸਭਿ ਲੈ ਹੈ ਛੀਨ ॥੪੮॥
ਕ੍ਰਿਪਾ ਕਾਲਕਾ ਕੀ ਬਹੁ ਅਹੈ।
ਅਵਲੋਕਤਿ ਸ਼ੱਤ੍ਰੁਨਿ ਕੋ ਦਹੈ।
ਚਢਹੁ ਰਾਵ, ਹਮ ਆਇਂ ਪਿਛੇਰੇ।
ਘਾਲਹਿਂ ਤੋਹਿ ਨਗਰ ਮਹਿਂ ਡੇਰੇ' ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਬਿਸਾਲੀ ਰਾਵ ਮਿਲਨਿ' ਪ੍ਰਸੰਗ ਬਰਨਨੰ ਨਾਮ ਦੋਇ ਚੱਤ੍ਵਾਰਿੰਸਤੀ ਅੰਸੂ ॥੪੨॥

[1]ਨਿਵਿਆਂ ਹੈਂ।
[2](ਇਸ ਗੱਲ ਦਾ ਅਪਨੇ ਲਈ ਫਲ) ਬਿਚਾਰੇ ਬਿਨਾਂ ਆਏ ਹੋ।

## ੪੩. [ਜੰਗ]

੪੨<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੪੪

ਦੋਹਰਾ: ਬਹੁਰ ਬਿਸਾਲੀ ਰਾਵ* ਕਹਿ, 'ਰਣ ਤੁਮ ਕਰੇ ਬਿਸਾਲ।
ਬਿਨਾ ਲਰੇ ਹੀ ਚਢਿ ਚਲਹੁ, ਅਪਨਿ ਸਮਾਜ ਸੰਭਾਲਿ ॥੧॥
ਚੌਪਈ: ਭੀਮ ਚੰਦ ਆਦਿਕ ਗਨ ਰਾਜੇ।
ਇਨਹੁਂ ਕਰੇ ਬਡ ਪਾਪਨਿ ਕਾਜੇ[1]।
ਤਿਸੀ ਪਾਪ ਤੇ ਇਹ ਖਪਿ ਜੈ ਹੈਂ।
ਨਹੀਂ ਕੁਸ਼ਲ ਕੇ ਸਹਿਤ ਥਿਰੈ ਹੈਂ ॥੨॥
ਤੁਰਕ ਆਪ ਹੀ ਗਮਨਹਿਂ ਪਾਛੇ[2]।
ਕਯੋਂ ਪ੍ਰਭੁ ਜੰਗ ਆਪ ਅਬਿ ਬਾਂਛੇ।'
ਸੁਨਿ ਕਰਿ ਸ਼੍ਰੀ ਗੋਬਿੰਦ ਸਿੰਘ ਧੀਰ।
ਕਹਯੋ 'ਚਲਹੁ ਲੇ ਸੰਗ ਬਹੀਰ[3] ॥੩॥
ਹਮ ਇਸ ਤੁਰਕ ਸੰਗ ਕਰਿ ਜੰਗ।
ਭੂਪ ਗੁਮਾਨ ਕਰਹਿਂ ਸਭਿ ਭੰਗ।
ਰੁੰਡ ਮੁੰਡ ਰਨ ਬਿਖੈ ਬਿਖੇਰੌਂ।
ਤੋਲ ਲਰਾਈ[4] ਸਭਿ ਬਿਧਿ ਹੇਰੌਂ ॥੪॥
ਨਾਂਹਿਤ ਬਾਦੀ ਤੁਰਕ ਮਹਾਨੈ।
-ਬਿਨਾ ਲਰੇ ਮਿਟਿਗੇ- ਮਨ ਜਾਨੈਂ।'
ਕਹਿ ਬਹੁ ਰਹਯੋ ਰਾਵ ਤਿਸ ਬਾਰੀ।
ਪ੍ਰਭੁ ਕੀ ਕਹੀ ਬਾਤ ਉਰ ਧਾਰੀ ॥੫॥
ਲਏ ਬਿਹੀਰ ਸੰਗ ਕੋ ਚਾਲਾ।
ਨਗਰ ਬਿਸਾਲੀ ਧੀਰ ਬਿਸਾਲਾ।
ਲੈ ਪਹੁਂਚਯੋ ਜਬਿ ਤਟ ਦਰੀਆਉ।

---

*ਸਾਨੂੰ ਖੋਜ ਕਰਨ ਤੇ ਪਤਾ ਮਿਲਿਆ ਹੈ ਕਿ ਇਸ ਰਾਜੇ ਦਾ ਨਾਮ ਸਲਾਹੀ ਚੰਦ ਸੀ। ਤਵਾ: ਖਾ: ਨੇ ਨਾਮ ਧਰਮਪਾਲ ਦਿਤਾ ਹੈ, ਰਾਜਾ ਧਰਮੀ ਹੋਣ ਕਰਕੇ ਇਹ ਉਸ ਦਾ ਅੱਲ ਹੋਸੀ। ਇਸ ਰਾਜੇ ਤੋਂ ਪਿਛਲੇ ਸਭ ਰਾਜੇ ਕੇਸ਼ਾਧਾਰੀ ਰਹੇ ਹਨ। ਗੁਰੂ ਕਾ ਸਥਾਨ ਉੱਥੇ ਹੈ ਜਿੱਥੇ ਰਾਉ ਹੁਣ ਤਕ ਕੜਾਹ ਪ੍ਰਸ਼ਾਦ ਹਰ ਮਹੀਨੇ ਚੜ੍ਹਾਉਂਦਾ ਹੈ। ਮਹਲਾਂ ਦੇ ਅੰਦਰ ਜਿਥੇ ਗੁਰੂ ਜੀ ਟਿਕੇ ਸਨ, ਗੁਰੂ ਕਾ ਟਿਕਾਣਾ ਸੀ, ਜਿਸ ਬਾਬਤ ਅਨੰਦ ਪੁਰ ਦੇ ਟਿਕਾ ਰਾਮ ਨਰਾਇਣ ਸਿੰਘ ਜੀ ਅੱਖੀਂ ਡਿੱਠੀ ਸਾਖ ਭਰਿਆ ਕਰਦੇ ਸਨ। ਨਵੀਨ ਅਕਾਲੀ ਅੰਦੋਲਨ ਨੇ ਹਰ ਕਿਸੇ ਨੂੰ ਭੈ ਭੀਤ ਕਰ ਰਖਿਆ ਹੈ। ਪਰ ਅਚਰਜ ਨਹੀਂ ਕਿ ਹੁਣ ਬੀ ਨਿਸ਼ਾਨ ਮੌਜੂਦ ਹੋਵੇ।

[1]ਪਾਪਾਂ ਦੇ ਕੰਮ।

[2]ਪਿਛੇ ਮੁੜ ਜਾਣਗੇ।

[3]ਇਥੇ ਵਹੀਰ ਤੋਂ ਮੁਰਾਦ ਜਨਤਾ ਦੇ ਉਸ ਹਿੱਸੇ ਦੀ ਹੈ ਜੋ ਲੜਨ ਵਾਲੇ ਨਹੀਂ, ਜਿਵੇਂ ਸ਼ਹਿਰ ਦੇ ਵਾਸੀ, ਤੇ ਹੋਰ ਲੋਕ।

[4]ਲੜਾਈ ਦਾ ਤੋਲ।

ਕੁਛ ਬਿਹੀਰ ਕੋ ਪਾਰ ਲੰਘਾਉ ॥੬॥
ਬਜਵਾਯਹੁ ਰਣਜੀਤ ਨਗਾਰਾ।
ਸਕਲ ਖਾਲਸਾ ਹੋਯਸਿ ਤਜਾਰਾ।
ਪਾਇ ਦੁਗੁਲਕਾ ਜ੍ਵਾਲਾਬਮਣੀ।
ਕਰੀ ਤਜਾਰ ਸ਼ੱਤ੍ਰੁਨਿ ਮਦ ਸ਼ਮਣੀ[1+] ॥੭॥
ਸਤਿਗੁਰ ਖੱਚਰ ਤੀਰਨਿ ਕੇਰੀ।
ਰਖੀ ਸੰਗ ਸੋ ਲਾਇ ਘਨੇਰੀ।
ਉਦੇ ਸਿੰਘ ਆਲਮ ਸਿੰਘ ਬੀਰ।
ਦਯਾ ਸਿੰਘ ਮੁਹਕਮ ਸਿੰਘ ਧੀਰ ॥੮॥
ਇਨ ਕੇ ਜੁਤਿ ਅਸਵਾਰ ਹਜ਼ਾਰ।
ਕਰੇ ਅਜੀਤ ਸਿੰਘ ਕੇ ਲਾਰ।
ਸਹਿਬਚੰਦ ਮਹਾਂ ਬਲਿ ਜੋਧਾ।
ਰਿਪੁ ਮਾਰਨਿ ਕੋ ਬਰਧਸਿ[2] ਕ੍ਰੋਧਾ ॥੯॥
ਤਿਸ ਕੇ ਸੰਗ ਹਜ਼ਾਰ ਕਰੇ ਹੈਂ।
ਨਮਸਕਾਰਨੀ ਹਾਥ ਧਰੇ ਹੈਂ।
[3]'ਰਹੈ ਅਜੀਤ ਸਿੰਘ ਹਮ ਆਗੇ[4]।
ਦੁਸ਼ਮਨ ਗੰਜਹਿ ਜੰਗ ਸੁ ਜਾਗੇ[5] ॥੧੦॥
ਸਾਹਿਬਚੰਦ ਪਿਛਾਰੀ ਰਹੈ।
ਹਤਹਿ ਦੁਸ਼ਟ ਜਬਿ ਆਵਤਿ ਲਹੈ।
ਅਪਰ ਖਾਲਸਾ ਸੰਗ ਹਮਾਰੇ।
ਸਨੇ ਸਨੇ ਗਮਨਹਿਂ ਪਰਵਾਰੇ[6]' ॥੧੧॥
ਇਮ ਜਬਿ ਕੂਚ ਗੁਰੂ ਕੋ ਜਾਨਾ।
ਚਹੁੰਦਿਸ਼ਿ ਉਮਡੇ ਸ਼ੱਤ੍ਰੂ ਮਹਾਨਾ।
ਭੂਮ ਅਕਾਸ਼ ਏਕ ਹੁਇ ਗਯੋ।
ਅੰਧ ਧੁੰਧ ਇਕ ਸਮ ਤਬਿ ਭਯੋ ॥੧੨॥
ਉਡੀ ਧੂਲ ਸੂਰਜ ਤਬਿ ਛਾਯੋ।

---

[1]ਵੈਰੀ ਦਾ ਮਦ ਨਾਸ਼ ਕਰਨ ਵਾਲੀਆਂ।
[+]ਪਾ:-ਦਮਣੀ।
[2]ਵਧਿਆ।
[3]ਗੁਰੂ ਜੀ ਨੇ ਕਿਹਾ:-।
[4]ਸਾਡੇ ਅੱਗੇ ਰਹਿਣ।
[5]ਭਾਵ ਜੰਗ ਹੋ ਪਿਆਂ ਤੇ ਵੈਰੀ ਨੂੰ ਮਾਰੇ। (ਅ) ਜੰਗ ਵਿਚ ਸੁਚੇਤ ਹੋਕੇ।
[6]ਘੇਰਾ ਪਾ ਕੇ।

ਉਮਡੇ ਚਲਿ ਕੈ ਜਲ ਨਿਧਿ ਧਾਯੋ[1]।
ਦੁੰਦਭਿ ਢੋਲ ਪਟਹਿ ਸ਼ਰਨਾਈ।
ਚਹੁੰਦਿਸ਼ਿ ਬਾਜ ਉਠੇ ਸਮੁਦਾਈ ॥੧੩॥
ਇਕ ਹੀ ਬਾਰ ਤੜਾਭੜ ਹੋਈ।
ਭੁਰਜੇ ਧਾਨ ਭਾਠ ਜਿਮ ਕੋਈ।
ਇਕ ਇਕ ਵਾਰ ਖਾਲਸੇ ਕੀਨਿ।
ਦੁਇ ਦੁਇ ਕਰੇ ਪ੍ਰਾਨ ਤੇ ਹੀਨ ॥੧੪॥
ਲਗਹਿ ਦੁਗਾੜਾ[2] ਫੋੜ ਸਰੀਰ।
ਦੜਦੜ ਪੜਹਿਂ ਧਰਾਪਰ ਬੀਰ।
ਤੋੜਾ ਮੋੜਿ ਕਲਾ ਪਰ ਜੜੈਂ।
ਡੰਭੈਂ ਪਲੀਤੇ ਤਬਿ ਛੁਟਿ ਪੜੈਂ ॥੧੫॥
ਘਾਲਯੋ ਘੇਰਾ ਤੁਰਕ ਪਹਾਰੀ।
ਬਾਮ ਦਾਹਿਨੇ ਅੱਗ੍ਰ ਪਿਛਾਰੀ।
ਸ਼੍ਰੀ ਅਜੀਤ ਸਿੰਘ ਸੰਧੇ ਬਾਨਾ।
ਹਤਹਿਂ ਰਿਪੁਨਿ ਤਨੁ ਕਰਿ ਕਰਿ ਤਾਨਾ[3] ॥੧੬॥
ਉਦੇ ਸਿੰਘ ਤੇ ਆਦਿਕ ਸਿੰਘ।
ਬਿਚਰੇ ਰਣ ਜਿਮ ਮ੍ਰਿਗ ਪਰ ਸਿੰਘ।
ਆਗੈ ਲਰਤਿ ਭਯੋ ਕਰਿ ਜੋਰ।
ਘਾਲਿ ਘਨੋ ਘਮਸਾਨੈਂ ਘੋਰ ॥੧੭॥
ਰਿਪੁਨਿ ਧਕਾਵਤਿ ਚਲਤਿ ਅਗਾਰੀ।
ਦਰੜਤਿ ਜਾਤੇ ਗਿਰੇ ਸੁਮਾਰੀ[4]।
ਬਾਮ ਦਾਹਿਨੇ ਸ਼੍ਰੀ ਪ੍ਰਭੁ ਆਪ।
ਦੁਸ਼ਟਨ ਹਨਹਿਂ ਐਂਚਿ ਦ੍ਰਿੜ ਚਾਂਪ ॥੧੮॥
ਬਾਮ ਹਾਥ ਤੇ ਕਬਹੁੰ ਚਲਾਵੈਂ।
ਕਬਹੂੰ ਦਹਿਨੇ ਰਿਪੁਨਿ ਤਕਾਵੈਂ।
ਜਿਤ ਦਿਸ਼ਿ ਦੇਖੈਂ ਦੁਸ਼ਟਨਿ ਜੋਰ।
ਤਿਸ ਕਰ ਗਹਿ ਕੈ[5] ਛੋਰਹਿਂ ਘੋਰ ॥੧੯॥

---

[1]ਮਾਨੋਂ ਸਮੁੰਦਰ ਧਾਇਆ ਹੈ।
[2]ਦੋ ਗੋਲੀਆਂ ਕੱਠੀਆਂ।
[3](ਪੂਰਾ) ਤਾਣ ਲਾਕੇ ਬਾਣ ਸੰਧਦੇ ਹਨ ਤੇ ਵੈਰੀ ਦੇ ਤਨ ਨੂੰ ਮਾਰਦੇ ਹਨ।
[4](ਜਿਸ ਨੂੰ ਮਾਰਦੇ ਹਨ ਸੋ ਡਿੱਗਦਾ ਹੈ ਤੇ (ਐਸਿਆਂ ਨੂੰ) ਦਰੜਦੇ ਚਲੇ ਜਾਂਦੇ ਹਨ। (ਅ) (ਧਕਾਂਵਦਿਆਂ) ਜੋ ਡਿੱਗਦੇ ਹਨ ਸੋ ਦਰੜੀਕੇ ਜ਼ਖਮੀ ਹੋ ਜਾਂਦੇ ਹਨ।
[5]ਉਸੇ ਹੱਥ ਵਿਚ ਫੜਕੇ।

ਸ਼ੂੰਕੈਂ ਖਪਰੇ ਸਰਪ ਸਮਾਨਾ।
ਇਕ ਦੁਇ ਤ੍ਰੈ ਚਹੁਂ ਬੇਧਤਿ ਬਾਨਾ।
ਸੂਕੇ ਨਿਕਸਹਿਂ[1] ਪਾਰ ਪਰੰਤਾ।
ਹਯ ਭਟ ਬ੍ਰਿੰਦਨ ਕੋ ਉਥਲੰਤਾ ॥੨੦॥
ਪਾਛੇ ਸਾਹਿਬ ਚੰਦ ਜੁਝਾਰਾ।
ਬਾਨ ਪ੍ਰਹਾਰਤਿ ਕਰਹਿ ਸੁਮਾਰਾ[2]।
ਜਿਸ ਕੇ ਲਗਹਿ ਜਾਚਹਿ ਪਾਨੀ।
ਗਿਰੈ ਤੁਰੰਗ[3] ਹੁਇ ਪ੍ਰਾਨਨਿ ਹਾਨੀ ॥੨੧॥
ਪਿਖਿ ਸਿਰੰਦ ਸੂਬਾ ਅਭਿਮਾਨੀ।
ਬਿਸਮਜੋ ਖਾਂ ਵਜੀਦ ਮਤਿ ਹਾਨੀ।
-ਜੰਗ ਭਯੰਕੁਰ ਬਡ ਘਮਸਾਨਾ।
ਪ੍ਰਥਮ ਨ ਦੇਖਜੋ ਅਸ ਕਿਸ ਥਾਨਾ- ॥੨੨॥
ਸਗਰੋ ਲਸ਼ਕਰ ਪ੍ਰੇਰਨ ਕਰਜੋ।
'ਲਰਹੁ ਅੱਗ੍ਰ ਹ੍ਵੈ ਕਜੋਂ ਮਨ ਡਰਜੋ।
ਦਗੀ ਤੋਪ ਸਤਿਗੁਰ ਕੇ ਦਲ ਤੇ।
ਮਾਰਤਿ ਤੁਰਕਨਿ ਕੋ ਦਲਮਲਤੇ ॥੨੩॥
ਢੂਕਹਿਂ ਹੇਲ ਘਾਲ ਜੁਤਿ ਜ਼ੋਰ।
ਗੁਲਕਾ ਲਗਤਿ ਦੇਤਿ ਮੁਖ ਤੋਰਿ।
ਗੂਜਰ ਰੰਘਰ ਆਦਿ ਗਵਾਰੇ।
ਪੈਦਲ ਢੂਕੀ ਆਨਿ ਹਜ਼ਾਰੇ ॥੨੪॥
ਭੀਮਚੰਦ ਪ੍ਰੇਰੀ ਨਿਜ ਸੈਨਾ।
ਮਰਿ ਮਰਿ ਗਿਰਹਿਂ ਨਿਹਾਰਨਿ ਨੈਨਾ।
ਭੂਪਚੰਦ ਹੰਡੂਰੀ ਕ੍ਰੋਧਾ।
ਲੈ ਲੈ ਸਾਥ ਆਪਨੇ ਜੋਧਾ ॥੨੫॥
ਵਧਿਕੇ ਚਹਿਂ ਪਹੁਂਚਜੋ ਦਲ ਨੇਰੇ।
ਗੁਲਕਾ ਬਾਨ ਖਾਇ ਤਿਸ ਬੇਰੇ।
ਠਟਕ ਰਹਹਿ ਨਹਿਂ ਚਰਨ ਉਠਾਵਹਿ।
ਤਹਿਂ ਥਿਰ ਹੋਇ ਰੌਰ ਕੋ ਪਾਵਹਿ ॥੨੬॥
ਜਥਾ ਸ਼ੇਰ ਕੇ ਤੀਰ ਨ ਹੋਵੈ।

[1]ਤੀਰ ਦੀ ਤੇਜ਼ੀ ਦੀ ਉਪਮਾ ਕਰ ਰਹੇ ਹਨ।
[2]ਮਾਰ ਕਰਦਾ ਹੈ।
[3]ਘੋੜੇ ਤੋਂ।

ਤਥਾ ਭਯੰਕੁਰ ਸਿੰਘਨ ਜੋਵੈ।
ਰਣ ਕੇ ਪਿਖਤਿ ਬੀਰਤਾ ਹਾਲੀ।
ਨਹਿਂ ਪਿਖੀਅਤਿ ਕਿਸ ਧੀਰ ਬਿਸਾਲੀ ॥੨੭॥
ਸਨੇ ਸਨੇ ਗਮਨੇ ਗੁਰ ਜਾਵੈਂ।
ਅਰਹਿ ਜੁ ਅੱਗ੍ਰ ਧਕੇਲਤਿ ਧਾਵੈਂ।
ਚਹੂੰ ਓਰ ਰੌਰਾ ਬਹੁ ਮਾਚੇ।
ਨਿਕਟ ਨ ਹੋਹਿ ਸਕਹਿਂ ਗੁਰ ਸਾਚੇ[1] ॥੨੮॥
ਗੁਲਕਾ ਸਰ ਬਰਖਹਿਂ ਇਕਸਾਰ।
ਅਸ ਕੋ ਬੀਰ ਰਹੈ ਧ੍ਰਿਤ ਧਾਰਿ।
ਘੇਰਯੋ ਜਾਇ ਗੁਰੂ[2] ਚਹੁੰ ਓਰੇ।
ਅਸ ਉਪਮਾ ਹੋਵਤਿ ਤਿਸ ਠੌਰੇ ॥੨੯॥
[3]ਗੁਰ ਦਲ ਚੰਦ ਪ੍ਰਕਾਸ਼ ਬਿਲੰਦੇ।
ਚਲੇ ਜਾਹਿਂ ਰਿਪੁ ਤਾਰਨਿ ਬ੍ਰਿੰਦੇ।
ਸਿੰਘਨ ਦਲ ਜਿਮ ਮੰਦਰ ਪਰਬਤ[4]।
ਮਥਨ ਸਮੈਂ ਸੁਰਅਸੁਰ ਸੁ ਜਿਤ ਕਿਤ[5] ॥੩੦॥
ਰੋਕ ਰਹੇ ਸੁ ਰੁਕਤਿ ਨ ਕੈਸੇ।
ਬਿਚ ਗੋਬਿੰਦ ਸਿੰਘ ਸ੍ਰੀ ਪਤਿ[6] ਜੈਸੇ।
ਹਤਿ ਰਾਵਨ[7] ਜਿਮ ਲੰਕਾ ਨਗਰੀ।
ਤਿਮ ਸੈਨਾ ਸਿੰਘਨ ਕੀ ਸਗਰੀ ॥੩੧॥
ਦੁਸ਼ਮਨ ਦਲ ਚਹੁੰਦਿਸ਼ਿ ਕੋ ਘੇਰਾ।
ਸੋ ਸਮੁੰਦ੍ਰ ਹੈ ਚਹੁੰਦਿਸ਼ਿ ਫੇਰਾ।
ਰਾਮਚੰਦ ਸਮ ਸਤਿਗੁਰ ਸ਼ੋਭਾ।
ਲਛਮਨ ਸ੍ਰੀ ਅਜੀਤ ਸਿੰਘ ਸ਼ੋਭਾ ॥੩੨॥
ਜਰਾਸੰਧ ਕੀ ਸੈਨ ਚੁਫੇਰੇ।
ਕ੍ਰਿਸ਼ਨ ਹਲੀ[8] ਜਿਮ ਲੀਨਸਿ ਘੇਰੇ।

---

[1]ਸੱਚੇ ਗੁਰੂ ਦੇ ਨੇੜੇ ਨਹੀਂ ਹੋ ਸਕਦੇ।
[2]ਗੁਰੂ ਜੀ ਨੂੰ।
[3]ਗੁਰੂ ਕਾ ਦਲ ਚੰਦ ਵਾਂਙੂ ਵਡੇ ਪ੍ਰਕਾਸ਼ ਵਾਲਾ ਸ਼ੱਤ੍ਰੂ ਰੂਪੀ ਤਾਰਿਆਂ ਦੇ ਸਮੂਹ ਵਿਚੋਂ ਟੁਰਿਆ ਜਾ ਰਿਹਾ ਹੈ, ਅੱਗੇ ਹੋਰ ਉਪਮਾਂ ਦੇਂਦੇ ਹਨ:-।
[4]ਮੰਦ੍ਰਾਚਲ ਪਰਬਤ ਵਤ।
[5]ਰਿੜਕਣ ਵੇਲੇ ਦੇਵਤਿਆਂ ਦੈਤਾਂ ਵਾਂਗ ਜਿਥੇ ਕਿਥੇ (ਹਨ ਪਹਾੜੀਏ ਤੇ ਤੁਰਕ)।
[6]ਵਿਸ਼ਨੂੰ।
[7]ਰਾਵਣ ਦੇ ਮਾਰਨ ਵੇਲੇ......।
[8]ਬਲਭੱਦ੍ਰ ਤੇ ਕ੍ਰਿਸ਼ਨ ਨੂੰ।

ਜਾਦਵ ਦਲ ਜੁਤਿ ਜਿਮ ਚਲਿ ਜਾਵੈਂ।
ਸ਼੍ਰੀ ਗੋਬਿੰਦ ਸਿੰਘ ਤਿਮ ਛਬਿ ਪਾਵੈਂ ॥੩੩॥
ਤੁਰਕਨਿ ਲਸ਼ਕਰ ਗਿਰਪਤਿ ਕੇਰਾ।
ਜਨੁ ਉਮਡੇ ਘਨ ਪਾਯਹੁ ਘੇਰਾ।
ਗੋਬਿੰਦ ਸਿੰਘ ਸੂਰਜ ਕੋ ਰੋਕੈਂ[1]।
ਕਿਰਨੈ ਬਾਨ ਧਸੈਂ ਜੁਤਿ ਫੋਕੈਂ[2] ॥੩੪॥
ਚੰਦ ਸਹਾਇਕ ਜਿਮ ਚਲਿ ਆਵੈ।
ਤਿਮ ਅਜੀਤ ਸਿੰਘ ਉਪਮਾ ਪਾਵੈ।
ਉਡਗਨਿ ਕੇ ਸਮ ਸਿੰਘ ਘਨੇਰੇ।
ਨਭ ਮਹਿਂ ਚਲੇ ਜਾਹਿਂ ਤਿਮ ਹੇਰੇ ॥੩੫॥
ਸਿਮਟੀ ਤੜਿਤਾ[3] ਜਨੁ ਇਕ ਥਾਇਂ।
ਚਹੁੰਦਿਸ਼ਿ ਮੇਘ ਘਿਰੇ ਸਮੁਦਾਇ[4]।
ਨਭ ਮਹਿਂ ਚਲਹਿ ਜਾਹਿਂ ਤਿਸ ਬੇਰੇ।
ਤਿਮ ਘੇਰੇ ਮਹਿਂ ਗੁਰੂ ਸੁ ਹੇਰੇ ॥੩੬॥
ਦੇਖਯੋ ਸੰਘਰ ਅਤਿਸ਼ੈ ਮਾਚੇ।
ਉਰ ਅਨੰਦ ਰਾਚੇ ਗੁਰ ਸਾਚੇ।
ਸੂਰਨਿ ਕੇ ਮੁਖ ਉਘਰਤਿ ਲਾਲੀ।
ਹਤਹਿਂ ਰਿਪੁਨ ਧਰਿ ਧੀਰ ਬਿਸਾਲੀ ॥੩੭॥
ਜੋਗਨਿ ਗਨ ਮਾਰਤਿ ਕਿਲਕਾਰੀ।
ਨਾਚਤਿ ਪ੍ਰੇਤ ਬਜਾਵਤਿ ਤਾਰੀ।
ਭਰਿ ਭਰਿ ਖੱਪਰ ਸ਼੍ਰੋਣਤ ਕੇਰੇ।
ਪੀ ਪੀ ਲੇਤਿ ਡਕਾਰ ਬਡੇਰੇ ॥੩੮॥
ਗ੍ਰਿੱਧ ਬ੍ਰਿੱਧ ਆਮਿਖ ਕਉ ਖਾਇ।
ਜੰਬੁਕ ਮਨ ਮਹਿਂ ਰਹੈਂ ਅਘਾਇ।
ਦਾਰੁਣ ਕੇਤ ਬਿਦਾਰਣ ਜੋਏ[5]।
ਗਮਨੇ ਸੁਰਗ ਬਿਦਾ ਰਣ ਹੋਏ[6] ॥੩੯॥
ਸੂਰ ਬਰੇ ਹੂਰਨ ਮੁਖ ਰੂਰੇ।

---

[1]ਗੁਰੂ ਗੋਬਿੰਦ ਸਿੰਘ ਰੂਪੀ ਸੂਰਜ ਨੂੰ ਰੋਕਿਆ ਹੋਇਆ ਹੈ।
[2]ਬਾਗੜ ਸਣੇ ਤੀਰਾਂ ਰੂਪੀਂ ਕਿਰਨਾਂ ਧਸਦੀਆਂ ਜਾਂਦੀਆਂ ਹਨ (ਵੈਰੀ ਰੂਪ ਬਦਲਾਂ ਵਿਚ) [ਫੋਕ=ਬਾਗੜ]।
[3]ਬਿਜਲੀ।
[4]ਸਮੂਹ ਬੱਦਲਾਂ ਦੀ ਘੇਰੀ ਹੋਈ ਬਿਜਲੀ।
[5]ਜੋ ਭਿਆਨਕ ਰਣ ਭੂਮੀ ਵਿਚ ਨਾਸ ਹੋਏ (ਉਹ)।
[6]ਰਣ ਤੋਂ ਵਿਦਾ ਹੋਕੇ ਸੂਰਗ ਨੂੰ ਗਏ।

ਤਊ ਨਾ ਜਾਤਿ ਮਹਾਂ ਰਿਸ ਪੂਰੇ[1]।
ਲੋਥ ਸੰਕੀਰਣ ਬਣ ਸਭਿ ਹੋਵਾ[2]।
ਬਿਥਰਯੋ ਸ਼੍ਰੋਣਤ ਜਹਿਂ ਕਹਿਂ ਹੋਵਾ ॥੪੦॥
ਕਹੌਂ ਕਹਾਂ ਲਗਿ ਰਣ ਘਮਸਾਨਾ।
ਪਰੇ ਦੁਸ਼ਟ ਲਾਯਹੁ ਬਡ ਤਾਨਾ।
ਕੁਛ ਬਸਿ ਚਲ੍ਯੋ ਨ ਦੁਸ਼ਮਨ ਹਾਰੇ।
ਪਹੁੰਚੇ ਸਤੱਦ੍ਰਵ ਕੇਰ ਕਿਨਾਰੇ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਤੀਨ ਚਤਵਾਰਿੰਸਤੀ ਅੰਸੂ ॥੪੩॥

---

[1]ਕ੍ਰੋਧ ਵਿਚ ਭਰੇ ਸੂਰਮਿਆਂ (ਦੀਆਂ ਰੂਹਾਂ ਨੂੰ ਚਾਹੋ) ਹੂਰਾਂ ਵਰ ਰਹੀਆਂ ਹਨ, ਤਦ ਬੀ ਸੁਰਗਾਂ ਨੂੰ ਨਹੀਂ ਜਾਂਦੇ ਭਾਵ ਲੜਨ ਦਾ ਜੋਸ਼ ਦੇਹ ਵਿਚੋਂ ਨਿਕਲਕੇ ਬੀ ਮੱਠਾ ਨਹੀਂ ਹੋਇਆ।

[2]ਸਾਰਾ ਬਨ ਲੋਥਾਂ ਨਾਲ ਭਰ ਰਿਹਾ ਹੈ।

## ੪੪. [ਘਮਸਾਨ। ਸਾਹਿਬ ਚੰਦ ਜੀ ਦੀ ਸ਼ਹਾਦਤ]

੪੩<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੪੫

ਦੋਹਰਾ: ਸਤੱਦ੍ਰਵ ਸਲਿਤਾ ਕੇ ਨਿਕਟ,
ਪਰਯੋ ਜੰਗ ਕੋ ਜੋਰ।
ਬਰਖਾ ਸ਼ਸਤ੍ਰਨ ਕੀ ਪਰੈ,
ਗੋਰਾ ਗੋਰੀ ਘੋਰ ॥੧॥
ਰਸਾਵਲ ਛੰਦ: ਰਿਸੇ ਬੀਰ ਜੁਟੇ। ਰਿਦੇ ਸੀਸ ਫੂਟੇ।
ਤੁਫੰਗੈਂ ਤੜਾਕੈਂ। ਸੁ ਗੋਰੀ ਸੜਾਕੈਂ ॥੨॥
ਚਲੈਂ ਤੀਰ ਤੀਖੇ। ਬਿਖੀਚੈ ਸਰੀਖੈ[1]।
ਕਰੇ ਪੁੰਜਾ ਹੇਲਾ। ਮਹਾਂ ਰੌਰ ਮੇਲਾ ॥੩॥
ਹਲਾ ਹੱਲ ਮਾਚੀ। ਲਹੂ ਧੂਲ ਰਾਚੀ।
ਭਈ ਲੋਥ ਪੋਥੇ। ਬਿਨਾ ਪ੍ਰਾਨ ਥੋਥੇ ॥੪॥
ਸੁ ਨੈਨਾ ਉਘਾਰੇ। ਪਰੇ ਸੂਰ ਮਾਰੇ।
ਤਬੈ ਭੀਮਚੰਦੰ। ਬਿਲੋਕੈਂ ਸੁ ਬ੍ਰਿੰਦੰ ॥੫॥
-[2]ਬਡੀ ਸੈਨ- ਜਾਨੀ। -ਨਹੀ ਨੀਯਰਾਨੀ।
ਹਿਲੇ ਸਿੰਘ ਨਾਂਹੀ। ਰਹੇ ਧੀਰ ਮਾਂਹੀ- ॥੬॥
ਬੁਲਯੋ ਭੂਪਚੰਦੰ। 'ਸੁਨੋ ਹੋਸ਼ਵੰਦੰ!
ਚਮੂੰ ਸ਼ਾਹ ਭਾਰੀ। ਹਮੋ ਨੇ ਹਕਾਰੀ ॥੭॥
ਦੁਰੇ ਕੋਟ ਨਾਂਹੀ। [3]ਮਦਾਨੰ ਕਿ ਮਾਂਹੀ।
ਰਹੈ ਗੋ ਕਰਾਰਾ। ਗੁਰੂ ਜੇ ਨ ਹਾਰਾ ॥੮॥
ਕਹੌਂ ਫੇਰ ਕੈਸੇ। ਤਜੈ ਧੀਰ, ਵੈਸੇ[4]।
ਅਬੈ ਜੇ ਨ ਮਾਰਾ। ਗਹਯੋ ਕੈ ਨ ਭਾਰਾ[5] ॥੯॥
ਪੁਨੰ ਕੌਨ ਮਾਰੈ। ਕਿਸੂ ਤੇ ਨ ਹਾਰੈ।
ਮਹਾਂ ਧੀਰ ਧਾਰੈ। ਹਮੂ ਕੋ ਪ੍ਰਹਾਰੈ ॥੧੦॥
ਦੋਹਰਾ: ਗਮਨੌਂ ਸੂਬੇ ਨਿਕਟ ਅਬਿ,
ਕਰੇ ਚਮੂੰ ਕੋ ਜ਼ੋਰ।
ਗੁਰ ਗੋਬਿੰਦ ਸਿੰਘ ਘੇਰਿਯੇ, ਗਹਿ ਲੀਜੈ ਇਸ ਠੌਰ ॥੧੧॥

---

[1]ਸੱਪਾਂ ਵਰਗੇ।
[2](ਪਹਾੜੀਆਂ) ਜਾਣਿਆਂ (ਕਿ ਸਾਡੀ) ਵੱਡੀ ਸੈਨਾ ਬੀ (ਸਿੱਖਾਂ ਦੇ) ਨੇੜੇ ਨਹੀਂ ਢੁੱਕ ਸਕੀ।
[3]ਜੇ ਮੈਦਾਨ ਵਿਚ ਬੀ ਤਕੜਾ ਰਹਿ ਗਿਆ ਤੇ ਗੁਰੂ ਨਾ ਹਾਰਿਆ ਤਾਂ.....।
[4]ਫਿਰ ਕਹੋ ਕਿ ਉਹ ਕਿਸ ਤਰ੍ਹਾਂ ਧੀਰਜ ਛੱਡੇਗਾ, ਵੈਸੇ (ਜਦੋਂ ਕਿ ਉਹ ਕਾਮਯਾਬ ਹੋ ਗਿਆ ਤੇ ਕਿਲੇ ਕੋਟ ਮੱਲ ਬੈਠਾ)।
[5]ਭਾਰਾ ਜ਼ੋਰ ਕਰਕੇ ਨਾ ਫੜੇ ਗਏ। (ਅ) (ਜੇ) ਭਾਰੇ (ਗੁਰੂ ਨੂੰ) ਨਾ ਫੜ ਲਿਆ।

ਲਲਿਤਪਦਛੰਦ: ਬਹੁਰੋ ਘਾਤਿ ਹਾਥ ਨਹਿਂ ਆਵੈ
ਹੁਇ ਮਵਾਸ ਕਿਸ ਥਾਨਾ।
ਸ਼ਾਹੁ ਹੁਕਮ ਭੀ ਪਕਰਨਿ ਕੇਰਾ
ਨਾਂਹਿ ਤ ਕਰਿ ਦਿਹੁ ਹਾਨਾ ॥੧੨॥
ਹੋਇ ਨ ਐਸੀ ਪਾਰ ਉਤਰ ਕਰਿ
ਘਨੀ ਮਚਾਵੈ ਮਾਰਾ।
ਆਗਾ ਘੇਰਿ ਹੇਲ ਕੋ ਘਾਲਹੁ
ਪਕਰ ਲੇਹੁ ਇਸ ਬਾਰਾ' ॥੧੩॥
ਗਮਨਜੋਂ ਤਬਿ ਵਜੀਦ ਖਾਂ ਪਾਸੀ
ਸਗਰੀ ਬਾਤ ਸੁਨਾਈ।
ਕਰੀ ਪ੍ਰਚਾਰਨ[1] ਚਮੂੰ ਘਨੀ ਤਬਿ
ਚਹੁੰ ਦਿਸ਼ਿ ਤੇ ਉਮਡਾਈ ॥੧੪॥
ਆਪ ਵਜੀਦ ਖਾਨ ਭੀ ਸਰਕਜੋ[2],
ਢੁਕੇ ਨਰੇਸ਼ ਪਹਾਰੀ।
ਗੂਜਰ ਰੰਘਰ ਤੁਰਕ ਗਿਨਹਿ ਕੋ,
ਕਰਹਿਂ ਧਕੇਲ ਅਗਾਰੀ ॥੧੫॥
ਮਹਾਂ ਧੂਮ ਮਾਚੀ ਤਿਸ ਥਲ ਮਹਿਂ
ਢੁਕੇ ਆਨਿ ਤਬਿ ਨੇਰੇ।
ਸਾਹਿਬਚੰਦ ਜੂਥਪਤਿ[3] ਗੁਰ ਕੋ,
ਕ੍ਰੁੱਧਤਿ ਜੁੱਧ ਬਡੇਰੇ ॥੧੬॥
ਸਿਪਰ ਕ੍ਰਿਪਾਨ ਖੈਂਚਿ ਕਰਿ ਮਜਾਨੋ
ਅਰਜੋ ਅੱਗ੍ਰ ਬਡ ਜੋਧਾ।
ਸੰਗ ਸੈਂਕਰੇ ਔਰ ਸੂਰਮਾ
ਆਵਤਿ ਦਲ ਕੋ ਰੋਧਾ[4] ॥੧੭॥
ਧਸਜੋ ਕਟਕ[5] ਮਹਿਂ, ਝਟਕ ਕਾਟਤੋ
ਚਲੇ ਖੜਗ ਭਟ ਅੰਗੰ[6]।
ਖੰਡ ਖੰਡ ਕਰਿ ਰੁੰਡ ਮੁੰਡ ਗਨ

---

[1]ਵੰਗਾਰੀ।
[2]ਟੁਰਿਆ।
[3]ਸੈਨਾਪਤੀ।
[4]ਰੋਕਿਆ।
[5]ਸੈਨਾ।
[6]ਸੂਰਮਿਆਂ ਦੇ ਅੰਗਾਂ ਨੂੰ......।

ਤੁੰਡ ਪੰਡੁ ਭੇ ਰੰਗ[1] ॥੧੮॥
ਭਯੋ ਪ੍ਰਚੰਡ ਘਮੰਡ ਘਨੇਰਾ
ਪਰੇ ਕੇਤਿਕ ਕਰ ਕਾਟੇ[2]।
ਖੰਡਨ ਕਰਿ ਭੁਜਦੰਡ ਕਿਨਹੁੰ ਕੇ
ਮਾਰਿ ਮਾਰਿ ਕਰਿ ਸਾਟੇ[3] ॥੧੯॥
ਝਟਪਟ ਕਟੇ, ਨ ਸਟਕੇ[4] ਸਟਪਟ
ਕਟ ਤੇ ਕਟਿ ਕਟਿ ਗੇਰੇ।
ਪਗ ਕਾਟੇ, ਕਿਹ ਜੰਘ ਕਟੀ, ਜੁਗ
ਜਾਨੂ[5] ਕਾਟਿ ਨਿਬੇਰੇ ॥੨੦॥
ਉਰੂ[6] ਕਟੇ, ਫਾਟੀ ਕਿਸ ਛਾਤੀ,
ਪ੍ਰਿਸ਼ਟਿ ਖੜਗ ਕਿਨ ਖਾਏ[7]।
ਰਿਪੁ ਕੋ ਵਾਰ ਸਿਪਰ ਪਰ ਲੈ ਕੈ
ਮਾਰਿ ਮਾਰਿ ਉਥਲਾਏ ॥੨੧॥
ਕਰਾਚੋਲ ਸ਼੍ਰੋਣਤ ਸੋਂ ਲਿਪਟੇ
ਚਮਕਤਿ ਹ੍ਵੈ ਹੈ ਲਾਲੰ।
ਲਹਿਲਹਾਤਿ ਜਨੁ ਜਮ ਕੀ ਜੀਹਾ
ਚਰਿਬੇ ਪਾਨ ਗੁਲਾਲੰ[8] ॥੨੨॥
ਪਰੇ ਕਰਾਹੈਂ ਘਾਵ ਮਹਾਂ ਹੈਂ
ਦਰੜੇ ਉਠਿ ਨ ਸਕੰਤੇ।
ਯੌਂ ਬੀਰਨ ਘਾਲਯੋ ਘਮਸਾਨਾ
ਘੂਮਤਿ ਘਾਵ ਲਗੰਤੇ ॥੨੩॥
ਰਕਤ ਬਹਯੋ, ਪਟ ਰੰਗ ਚਢਯੋ ਸਭਿ,
ਧਰੇ ਲਾਲ ਜਨੁ ਬਾਗੇ[9]।
ਮਨਹੁੰ ਅਧੂਮ ਅਗਨਿ ਹੈ ਦੀਖਤਿ
ਗਿਰੇ ਲਰਤਿ ਹੁਇ ਆਗੇ ॥੨੪॥

---

[1]ਮੂੰਹ ਪੀਲੇ ਰੰਗ ਦੇ ਹੋ ਗਏ।
[2]ਹੱਥ ਕੱਟੇ ਹੋਏ।
[3]ਸੁੱਟੇ।
[4]ਨਹੀਂ ਹਟੇ।
[5]ਦੋਵੇਂ ਗੋਡੇ।
[6]ਪੱਟ।
[7]ਪਿੱਠ ਤੇ ਤਲਵਾਰ ਕਿਸੇ ਖਾਧੀ।
[8]ਲਾਲ ਪਾਨ ਚੱਬਕੇ।
[9]ਪੁਸ਼ਾਕੇ।

ਸਾਹਿਬਚੰਦ ਅਧਿਕ ਉਤਸਾਹਾ
ਰਿਪੁ ਦਲ ਆਵਤਿ ਦੇਖਾ।
ਸਨਮੁਖ ਹੋਇ ਖੜਗ ਪਰਹਾਰਹਿਂ
ਤੁਰਕ ਬਿਲੋਕਿ ਬਿਸੇਖਾ ॥੨੫॥
ਪੁਨ ਪਹਾੜੀਏ ਓਰੜ ਆਏ
ਘਿਰਯੋ ਬੀਰ ਬਰ ਜੋਧਾ।
ਖਾਇ ਘਾਵ ਤਨ ਰੁਪਯੋ ਮਹਾਂ ਭਟ
ਪਲ ਪਲ ਬਾਢਯੋ ਕ੍ਰੋਧਾ ॥੨੬॥
ਬਹੁਤਨਿ ਘੇਰ ਕ੍ਰਿਪਾਨ ਪ੍ਰਹਾਰੇ,
ਕਟੇ ਅੰਗ ਭੀ ਮਾਰੈ[1]।
ਜਬਿ ਲੌਂ ਗਿਰਯੋ ਨ ਅਵਨੀ ਊਪਰ
ਤਬਿ ਲੌਂ ਖੜਗ ਪ੍ਰਹਾਰੈ ॥੨੭॥
ਰੁਪਯੋ ਚਹੁੰ ਦਿਸ਼ਿ ਕਹਿਂ ਲਗ ਕਾਟਹਿ
ਬਹੁ ਬੀਰਨ ਮਿਲਿ ਮਾਰਯੋ।
ਚੰਦ ਮੁਖੀ ਹੂਰਨ ਲੈ ਤਤਛਿਨ
ਬਰ ਬਿਮਾਨ ਮਹਿਂ ਡਾਰਯੋ ॥੨੮॥
ਦੌਰਿ ਸੁਭਟ ਇਕ ਗੁਰ ਤਟ ਪਹੁੰਚਯੋ
ਸੁਧ ਸੁਨਾਇ ਤਿਨਿ ਸਾਰੀ।
'ਸਾਹਿਬਚੰਦ ਘਿਰਯੋ ਅਰਿ ਗਨ ਮਹਿਂ
ਬਹੁ ਕਰਵਾਰ ਪ੍ਰਹਾਰੀ ॥੨੯॥
ਜੀਵਤਿ ਰਹਯੋ ਤ ਜਾਇ ਨਿਕਸਾਹੁ
ਮਰਯੋ ਲੋਥ ਤਿਹ ਲੀਜੈ।
ਨਹੀਂ ਚਲਯੋ ਬਸ ਸਿੰਘਨ ਕੇਰਾ
ਸੈਨਾ ਬਡੀ ਲਖੀਜੈ' ॥੩੦॥
ਸੁਨਿ ਸਤਿਗੁਰ ਨਰ ਸੋਂ ਕਹਿ ਭੇਜਾ
'ਕਹੁ ਅਜੀਤ ਸਿੰਘ ਤਾਂਈ।
ਸਲਿਤਾ ਤਟ ਲਗਿ ਤਕਰੇ ਰਹੀਅਹਿ
ਰਿਪੁ ਰਖਿ ਦੂਰ ਹਟਾਈ ॥੩੧॥
ਹਮ ਕਰਿ ਜੋਰ ਲੋਥ ਕਹੁ ਆਨਹਿਂ,
ਸੰਸੈ ਕਰੋ ਨ ਕੋਈ।
ਉਦੈ ਸਿੰਘ ਆਦਿਕ ਭਟ ਸਗਰੇ

---
[1] ਭਾਵੇਂ ਅੰਗ ਕਟੀਜ ਰਹੇ ਹਨ ਫੇਰ ਬੀ ਮਾਰਦਾ ਹੈ (ਸਾਹਿਬ ਚੰਦ)।

ਹਤਹੁ ਤੁਰਕ ਰਿਪੁ ਜੋਈ' ॥੩੨॥
ਇਮ ਕਲਗੀਧਰ ਕਹਿ ਉਰ ਕ੍ਰੋਧੇ
ਲੇ ਬਚਿੱਤ੍ਰ ਸਿੰਘ ਸੰਗਾ।
ਅਪਰ ਸਿੰਘ ਭੀ ਗਮਨੇ ਗੁਰ ਸਿਉਂ
ਕਸੀ ਦੁਗੁਲਕ ਤੁਫੰਗਾ[1] ॥੩੩॥
ਲੋਥ ਪਰੀ ਗਨ ਤੁਰਕਨ ਦਲ ਮਹਿਂ
ਢਿਗ ਹੁਇ ਬਾਨ ਚਲਾਏ।
ਤੁਪਕਨਿ ਸ਼ਲਖ ਛੁਟੀ ਇਕਬਾਰੀ
ਹਤੇ ਗਿਰੇ ਸਮੁਦਾਏ ॥੩੪॥
ਘਾਲਜੋ ਹੇਲ ਪ੍ਰਭੂ ਤਿਸ ਥਲ ਪਰਿ
ਲਸ਼ਕਰ ਭੈ ਬਿਰਧਾਯੋ।
ਜਥਾ ਕੇਹਰੀ ਸਨਮੁਖ ਆਵਹਿ
ਤਿਮ ਪ੍ਰਭੁ ਕੋ ਦਰਸਾਯੋ ॥੩੫॥
ਤੀਰਨਿ[2] ਬੀਧੇ ਬਹੁ ਬਹੁ ਬੀਰਨ
ਧੀਰਜ ਸ਼ੱਤ੍ਰੁਨਿ ਤੋਰਾ।
ਖਰੇ ਰਹਨਿ ਕੀ ਸ਼ਕਤਿ ਨ ਹੋਈ
ਤਤਛਿਨ ਹੀ ਮੁਖ ਮੋਰਾ ॥੩੬॥
ਮਾਰਿ ਮਾਰਿ ਕਰਿ ਸਿੰਘ ਪੁਕਾਰੇ
ਬ੍ਰਿੰਦ ਤੁਰਕ ਸੰਘਾਰੇ।
ਜੀਵਤਿ ਜੇ ਪਿਖਿ ਮ੍ਰਿਤਕ ਘਨੇਰੇ
ਭਾਗਨਿ ਕੋ ਪਗ ਧਾਰੇ ॥੩੭॥
ਓਰੜ ਪਰਜੋ ਖਾਲਸਾ ਤਿਤ ਕੋ
ਗੁਰ ਕਹਿ ਤਿਨਹਿ ਹਟਾਏ।
ਚਮਕੇ ਖੜਗ ਬ੍ਰਿੰਦ ਹੀ ਹਾਥਨਿ
ਪਹੁੰਚਤਿ ਨਿਕਟ ਚਲਾਏ ॥੩੮॥
ਤੁਰਕ ਪਹਾਰੀ ਭਏ ਪਲਾਇਨ
ਪਹੁੰਚੇ ਤਹਿਂ ਲਗਿ ਜਾਈ।
ਸਾਹਿਬਚੰਦ ਮਰਜੋ ਜਹਿਂ ਮਾਰਤਿ
ਤਤਛਿਨ ਲੋਥ ਉਠਾਈ ॥੩੯॥
ਪਿਖਿ ਵਜੀਦਖਾਂ ਭਾਜਜੋ ਲਸ਼ਕਰ

---

[1]ਦੁਨਾਲੀ ਬੰਦੂਕਾਂ।
[2]ਤੀਰਾਂ ਨਾਲ।

ਗਾਰ ਨਿਕਾਰਤਿ ਫੇਰੇ।
'ਕਹਾਂ ਭਯੋ ਥਿਰ ਰਹਯੋ ਨ ਕੈਸੇ
ਕਯੋਂ ਨ ਅਲਪ ਰਿਪ ਹੇਰੇ' ॥੪੦॥

ਰਸਾਵਲ ਛੰਦ: ਲਈ ਲੋਥ ਚਾਲੇ। ਨਦੀ ਤੀਰ ਜਾਲੇ।
ਮਚਯੋ ਜੁਧ ਭਾਰੀ। ਮਿਲੇ ਹੈਂ ਪਹਾਰੀ ॥੪੧॥
ਵਜੀਦੰ ਪਠਾਨਾ। ਦਲੰ ਫੇਰਿ ਆਨਾ।
ਸਬੈ ਆਇ ਰਾਜੇ। ਬਡੀ ਲਾਜ ਲਾਜੇ[੧] ॥੪੨॥
ਨਹੀਂ ਲੋਥ ਰਾਖੀ। 'ਧਿਕੰ' ਆਪ ਭਾਖੀ।
ਚਪੈ[੨] ਚੌਪ ਹੀਨਾ। ਨਹੀਂ ਧੀਰ ਲੀਨਾ ॥੪੩॥
ਖਰੇ ਸਿੰਘ ਹੇਰੈਂ। ਸੁ ਗੋਰੀਨਿ ਗੇਰੈਂ।
ਮਨੋ ਮੇਘ ਵੁੱਠੇ[੩]। ਸੁ ਓਰਾਨ ਵੁੱਠੇ[੪] ॥੪੪॥
ਕ੍ਰਿਖੀ ਸੇ ਪਹਾਰੀ। ਗਿਰੰਤੇ ਅਗਾਰੀ।
ਮਹਾਂ ਸਾਰ ਬਾਜਾ। ਤਬੈ ਕ੍ਵੈ ਨ ਭਾਜਾ ॥੪੫॥
ਹਥਾਵੱਥ ਹੋਏ। ਲਰੈਂ ਬੀਰ ਦੋਏ।
ਫਿਰੈਂ ਛੂਛ ਘੋਰੇ। ਜ਼ਰੀ ਜ਼ੀਨ ਬੋਰੇ ॥੪੬॥
ਕਹੂੰ ਬਾਜ[੫] ਮਾਰੇ। ਕਹੂੰ ਸ੍ਵਾਰ ਡਾਰੇ।
ਕਹੂੰ ਘਾਇ ਘਾਲੇ। ਭਜੰਤੇ ਬਿਹਾਲੇ ॥੪੭॥
ਕਹੂੰ ਮਾਰਿ ਨੇਜੇ। ਜਮੰਧਾਮ ਭੇਜੇ।
ਕਿਨੈ ਸਾਂਗ ਮਾਰੀ। ਭਈ ਫੋਰਿ ਪਾਰੀ ॥੪੮॥
ਕਰਾਚੋਲ ਕੋਈ। ਹਤੇ ਕੀਨਿ ਦੋਈ[੬]।
ਕਿਸੂ ਕੇ ਤਮਾਚੇ। ਹਤੇ ਧੂਲ ਰਾਚੇ ॥੪੯॥
ਗੁਰੂ ਕੇਰ ਤੀਰੰ। ਬਿਧੇ ਬ੍ਰਿੰਦ ਬੀਰੰ।
ਪਰੇ ਪ੍ਰਾਨ ਖੋਏ। ਬਡੀ ਨੀਂਦ ਸੋਏ ॥੫੦॥
ਚਲੀ ਪੁੰਜ ਗੋਰੀ।
ਮਰੇ ਦੌਨ ਓਰੀ।
ਕਟਾਰੰ ਪ੍ਰਹਾਰਾ। ਕਿਨੂ ਪੇਟ ਫਾਰਾ ॥੫੧॥
ਬਜੈ ਰਾਗ ਮਾਰੂ। ਲਰੰਤੇ ਜੁਝਾਰੂ।

---

[੧]ਲੱਜਾ ਨਾਲ ਲਜਾਇਮਾਨ ਹੋਏ।
[੨]ਖਿੱਝਿਆ।
[੩]ਮਾਨੋਂ ਬਦਲ ਵਰਖਦੇ ਹਨ।
[੪]ਗੜੇ ਵਰਖਾਉਂਦੇ ਹਨ।
[੫]ਘੋੜੇ।
[੬]ਮਾਰਕੇ ਦੋ ਕਰ ਦਿੱਤੇ (ਟੋਟੇ)।

ਮਹਾਂ ਫਾਗ[1] ਖੇਲੈਂ। ਮਿਲੈਂ ਪੈ ਧਕੇਲੈਂ ॥੫੨॥
ਸਿਰਖੰਡੀਛੰਦ: ਕਹਿ ਕਹਿ ਕੜਕਤਿ ਕਾਲੀ, ਆਮਿਖ ਭੱਖਣਾ।
ਧੂੜ ਉਤੰਗ ਬਿਸਾਲੀ, ਸੂਰਜ ਛਪਿ ਗਯੋ।
ਚਮੂੰ ਭਈ ਬਿਕਰਾਲੀ, ਮੁਖ ਪਰ ਖੇਹ ਤੇ।
ਲੋਹੂ ਕਪਟ ਕਰਾਲੀ, ਆਂਤ੍ਰੈ ਗਿਰ ਪਰੀ ॥੫੩॥
ਕੂਕਾਂ ਜੰਬੁਕ ਕੂਕੀ, ਸ੍ਵਾਨ ਪੁਕਾਰਤੇ।
ਗ੍ਰਿੱਝਾਂ ਉਡ ਉਡਿ ਢੂਕੀ, ਕਾਕਨਿ, ਕੰਕ ਸੋ[2]।
ਗੁਲਕਾਂ ਚਲਿ ਚਲਿ ਸ਼ੂੰਕੀ, ਉਰ ਸਿਰ ਫੋੜਤੀ।
ਜੀਵਣ ਆਸ਼ਾ ਚੂਕੀ, ਭੜਥੂ ਘੱਤਣਾ ॥੫੪॥
ਜਿਰਹਿ ਸੰਜੋਵਾਂ ਟੂਟੀ, ਗਰ ਤੇ ਗਿਰ ਪਰੀ।
ਲਰਤਜੋਂ ਚਮੂੰ ਨਿਖੁਟੀ, ਹੂਟੀ ਓਜ ਤੇ।
ਛਾਤੀ ਅਖੀਆਂ ਫੂਟੀ, ਲਗਿ ਲਗਿ ਗੋਰੀਆਂ।
ਬਹੁਤੀ ਬਾਛੜ ਸੂਟੀ[3], ਕਸਿ ਕਸ ਤੁਪਕ ਕੋ ॥੫੫॥
ਕਹਿੰ ਲਗਿ ਕਥੌਂ ਲਰਾਈ, ਭਾਰਥ ਜਨੁ ਭਯੋ।
ਮਿਟੇ ਨ ਭਟ, ਬਰਿਆਈ[4], ਕਟਿ ਕਟਿ ਕਾਟਿਤੇ।
ਲੋਥਨਿ ਅਵਿਨੀ ਛਾਈ, ਜੋ ਰਛ ਖੇਤ ਕੀ[5]।
ਘਾਇਲ ਹ੍ਵੈ ਸਮੁਦਾਈ, ਭਾਗੇ ਕੇਤਿਨੇ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸਾਹਿਬਚੰਦ ਬੱਧ' ਪ੍ਰਸੰਗ ਬਰਨਨੰ ਨਾਮ ਚਾਰਚੱਤ੍ਵਾਰਿੰਸਤੀ ਅੰਸੂ ॥੪੪॥

---
[1]ਹੋਲੀ।
[2]ਕਾਉਂ ਤੇ ਚਿੱਟੀਆਂ ਚੀਲਾਂ।
[3]ਗੋਲੀਆਂ ਦੀ ਵਾਛੜ ਸੁੱਟੀ।
[4]ਜ਼ੋਰੋ ਜ਼ੋਰੀ।
[5]ਸ਼ੁਧ ਪਾਠ 'ਰਣ ਖੇਤ ਕੀ' ਜਪਦਾ ਹੈ; ਅਰਥ-ਰਣ ਭੂਮਕਾ ਦੀ ਪ੍ਰਿਥਵੀ ਲੋਥਾਂ ਨਾਲ ਛਾ ਗਈ।

## ੪੫. [ਵਿਜੈ ਲੈਕੇ ਬਿਸਾਲੀ ਪਹੁੰਚਣਾ]

੪੪<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੪੬

ਦੋਹਰਾ: ਅੰਧ ਧੁੰਧ ਬਹੁ ਧੂਮ[1] ਤੇ,
ਚਢੀ ਧੂਲ ਅਸਮਾਨ।
ਧੂਮ ਪਰੀ[2] ਬਹੁ ਬੀਰ ਕੀ,
ਮਾਨੀ ਸਭਿ ਨੇ ਆਨਿ ॥੧॥

ਨਵਨਾਮਕਛੰਦ: ਤੜਭੜ ਤੁਪਕਨ। ਤਜਿ ਤਜਿ ਅਰਿ ਹਨਿ।
ਖੜਗਨਿ ਹਤਿ ਹਤਿ। ਮਰਤਿ ਸੁ ਜਿਤ ਕਿਤ ॥੨॥
ਸਤੁਦ੍ਰਵ ਤਟ ਪਰ। ਅਟਿਕ ਸੁਭਟ ਬਰ[3]।
ਰੁਪਿ ਰੁਪਿ ਲਰਿ ਕਰਿ। ਮਿਟਤਿ ਨ ਪ੍ਰਾਣ ਧਰਿ[4] ॥੩॥
ਗੁਰ ਸੁਤ ਸਰ ਖਰ[5]। ਕਰਖਤਿ[6] ਧਨੁ ਧਰਿ[7]।
ਬਲ ਬਡ ਭਰਿ ਭਰਿ। ਤਜਤਿ ਤੁਰਤ ਧਰਿ[8] ॥੪॥
ਸਰਪਨ ਸਮਸਰ। ਫੁੰਕਰਤਿ ਅਰਿ ਪਰ[9]।
ਬਿਧਿ ਬਿਧਿ ਗਿਰ ਧਰ। ਰਕਤ ਸੁ ਭਰਿ ਭਰਿ[10] ॥੫॥
ਭਟ ਪਰਿ ਮਹਿ ਮਹਿ[11]। ਪੁਨ ਸਰ ਗਹਿ ਗਹਿ।
ਰਿਪੁ ਤਨ ਲਹਿ ਲਹਿ। 'ਥਿਤ ਰਹੁ' ਕਹਿ ਕਹਿ ॥੬॥
ਰਿਸ ਉਰ ਕਰਿ ਕਰਿ।
ਧਰ ਧਰਿ ਧਰ ਧਰਿ[12]।
ਅਰਿ ਅਰਿ ਅਰਿ ਹਰਿ[13]। ਸ਼ੁੰਕਤਿ ਸਰ ਖਰ ॥੭॥

ਚੰਚਲਾ ਛੰਦ: ਸ੍ਰੀ ਗੁਬਿੰਦ ਸਿੰਘ ਜੀ, ਅਨੰਦ ਮੈਂ ਬਿਲੰਦ ਹੋਇ।
ਸਿੰਘ ਪੁੰਜ ਸੰਗ, ਬਾਕ ਬੋਲਤੇ ਪ੍ਰਕੋਪ ਜੋਇ।
'ਮਾਰੀਏ ਤੁਫੰਗ ਕੋ, ਜੁ ਅੱਗ੍ਰ ਆਨਿ ਕੀਨਿ ਢੋਇ।

---

[1]ਧੂੰਏਂ ਨਾਲ।
[2]ਮਸ਼ਹੂਰੀ ਹੋਈ।
[3]ਅਟਕੇ (ਸਾਰੇ) ਸ੍ਰੇਸ਼ਟ ਸੂਰਮੇਂ।
[4]ਭਾਵ ਜਿੰਨਾ ਚਿਰ ਪ੍ਰਾਣ ਰਹਿੰਦੇ ਹਨ, ਹਟਦੇ ਨਹੀਂ।
[5]ਤਿੱਖੇ ਤੀਰ।
[6]ਖਿੱਚਦਾ ਹੈ [ਆਕਰਖਤ]।
[7]ਧਨੁਖ ਫੜਕੇ।
[8]ਤੁਰਤ ਕਰਕੇ ਚਲਾਉਂਦਾ ਹੈ।
[9]ਵੈਰੀ ਉਤੇ ਫੁੰਕਾਰਕੇ ਜਾ ਲਗਦੇ ਹਨ।
[10]ਵਿੰਨ੍ਹ ਵਿੰਨ੍ਹ ਕੇ ਧਰਤੀ ਤੇ ਡਿੱਗਦੇ ਹਨ ਲਹੂ ਦੇ ਭਰੇ ਹੋਏ।
[11](ਇਉਂ) ਧਰਤੀ ਉਤੇ ਸੂਰਮੇ ਪੈਂਦੇ ਜਾਂਦੇ ਹਨ।
[12]ਧਰਤੀ (ਉਤੇ) ਧੜ (ਹੀ) ਧੜ ਧਰੀ ਜਾਂਦੇ ਹਨ।
[13]ਅੜਨੇ ਵਾਲੇ ਵੈਰੀਆਂ ਨੂੰ ਅੜਕੇ ਮਾਰਦੇ ਹਨ।

ਪੰਥ ਕੋ ਛੁਟਾਇ ਲੇਹੁ, ਮੋਰ ਲੇਹੁ ਮਾਰ ਸੋਇ[1] ॥੮॥
ਰਾਖਿਯੇ ਨਦੀ ਉਰਾਰਿ, ਸ਼ੂਰ ਸ਼ੱਤ੍ਰ ਜੇ ਸਮੂਹ।
ਪਾਰਿ ਹੈ ਉਲੰਘਨੌਂ, ਹਟਾਇ ਬੈਰਿਯਾਨਿ ਹੂਹ[2]।
ਪਾਛ ਰਾਖਿ ਆਪਨੇ, ਨਿਵਾਰਿਯੇ ਤੁਫੰਗ ਮਾਰਿ।'
ਸ੍ਰੀ ਗੁਰੂ ਉਚਾਰਿ, ਸ਼੍ਰੋਨ ਸ਼੍ਰੂਯ ਸਿੰਘ ਕੋਪ ਧਾਰਿ[3] ॥੯॥
ਆਦਿ ਜੇ ਅਜੀਤ ਸਿੰਘ, ਆਯੁਧਾਨ ਮਾਰਿ ਮਾਰਿ।
ਸ਼ੀਘ੍ਰ ਹੀ ਪਹੂਚਿ ਕੈ, ਗਏ ਤਹਾਂ ਪ੍ਰਹੇਲ ਡਾਰ[4]।
'ਜਾਨ ਨਾਂਹਿ ਦੀਜੀਏ, ਹਨੀਜੀਏ' ਉਚਾਰਿ ਊਚ।
'ਬਾਨ ਮਾਰਿ ਤੀਛਨਾ, ਜਿ ਭੀਛਨਾ ਲਗੰਤਿ ਮੂਚ[5]' ॥੧੦॥

ਲਲਿਤਪਦ ਛੰਦ: ਪਿਖਿ ਅਜੀਤ ਸਿੰਘ ਗਮਨੇ ਆਗੇ
ਉਦੇ ਸਿੰਘ ਰਿਸ ਧਾਰੀ।
ਆਲਮਸਿੰਘ ਦਯਾ ਸਿੰਘ ਪਹੁੰਚਜੋ
ਮੁਹਕਮ ਸਿੰਘ ਅਗਾਰੀ ॥੧੧॥
ਬਖ਼ਸ਼ਸ਼ ਸਿੰਘ ਬਖਸ਼ੀਸ਼ ਸਿੰਘ ਜੁਗ
ਈਸ਼ਰ ਸਿੰਘ ਸੁ ਕ੍ਰੋਧਾ।
ਸ਼ੇਰ ਸਿੰਘ ਦੇਵਾ ਸਿੰਘ ਉਮਡਜੋ
ਬਰ ਬਚਿੱਤ੍ਰ ਸਿੰਘ ਜੋਧਾ ॥੧੨॥
ਨਾਹਰ ਸਿੰਘ ਗਰਜਾ ਸਿੰਘ ਗਰਜਜੋ
ਅਜਬ ਸਿੰਘ ਤਤਕਾਲਾ।
ਗਯੋ ਅਜਾਇਬ ਸਿੰਘ ਤਹਾਂ ਕੋ
ਸੰਤ ਸਿੰਘ ਰਿਪੁ ਕਾਲਾ ॥੧੩॥
ਅਨਿਕ ਸਿੰਘ ਭਗਵਾਨ ਸਿੰਘ ਤਹਿਂ
ਮਹਾਂ ਸਿੰਘ ਹਯ ਪ੍ਰੇਰਾ।
ਧਰਮ ਸਿੰਘ ਸਾਹਿਬ ਸਿੰਘ ਧਾਏ
ਰਾਮ ਸਿੰਘ ਰਸ ਹੇਰਾ ॥੧੪॥
ਕਹਿਂ ਲਗਿ ਗਿਨੌਂ ਸੁਭਟ ਬਰ ਗੁਰ ਕੇ
ਗਏ ਹਟਾਵਨਿ ਆਗੇ।

---

[1]ਮੋੜਕੇ ਮਾਰ ਲਓ।
[2]ਵੈਰੀਆਂ ਨੂੰ ਹੱਲਾ ਕਰਕੇ।
[3]ਕੰਨੀ ਸੁਣਕੇ ਸਿੰਘਾਂ ਨੇ ਗੁੱਸੇ ਵਿੱਚ ਆਕੇ।
[4]ਹੱਲਾ ਕਰਕੇ।
[5]ਜੋ ਲਗਦਿਆਂ ਡਿੱਗ ਪੈਣ
[ਮੁਚ=ਤਿਆਗਣਾ। ਡਿਗਣਾਂ]।

ਚਮੂੰ ਮਲੇਛਨ ਰੋਕਤਿ ਉਤ ਤੇ
ਸਿੰਘ ਸੁ ਬਰਜਨ ਲਾਗੇ ॥੧੫॥
ਦੋਨਹੁਂ ਕੇ ਭਟ ਭੇੜ[1] ਭਯੰਕਰ
ਸ਼ਸਤ੍ਰ ਪੁੰਜ ਬਰਖਾਏ।
ਹਥਾਵੱਥ ਹ੍ਵੈ ਕੈ ਗੁਥ ਜੁੱਥੇ[2]
ਮਥਹਿਂ[3] ਮਾਰਿ ਉਲਟਾਏ ॥੧੬॥
ਹਲੀ ਚਮੂੰ ਅਵਲੋਕਿ[4] ਵਜੀਦੇ
ਜਥੇਦਾਰ ਪਠਿ ਔਰੰ।
ਤਿਤ ਕੋ ਜਾਇ[5] ਤੁਰੰਗਮ ਪ੍ਰੇਰਤਿ
ਰੋਕ ਲਿਏ ਤਿਸ ਠੌਰੰ ॥੧੭॥
ਖਪਰੇ ਤੀਛਨ ਭੀਛਨ ਸਤਿਗੁਰ
ਐਂਚਿ ਐਂਚਿ ਗਨ ਮਾਰੇ।
ਹਯ ਸਮੇਤ ਰਣ ਖੇਤ ਰਹਜੋ ਸੋ
ਸੰਗੀ ਕਿਤਿਕ ਸੰਘਾਰੇ ॥੧੮॥
ਉਤ ਤੇ ਸ੍ਰੀ ਅਜੀਤ ਸਿੰਘ ਮੋਰੇ
ਆਗਾ ਬਿਨ ਰਿਪੁ ਕੀਨੋ।
ਜੋ ਪਹੁਂਚਹਿ ਰੋਕਨ ਤਿਤ ਦਿਸ਼ਿ ਕੋ,
ਹੋਇ ਸੁ ਪ੍ਰਾਨ ਬਿਹੀਨੋ ॥੧੯॥
ਲੂਝ ਰਹੇ ਬਹੁ ਜੂਝ ਪਰੇ[6] ਗਨ,
ਤਹਾਂ ਨ ਠਹਿਰਨ ਦੀਨੋ।
ਸਨੇ ਸਨੇ ਸਲਿਤਾ ਜਲ ਪਾਰਹਿ
ਲਰਤਿ ਪਯਾਨੋ ਕੀਨੋ ॥੨੦॥
ਰਿਸ ਕੋ ਧਰਿ ਧਰਿ ਬਲ ਕੋ ਕਰਿ ਕਰਿ
ਰੋਕਨਿ ਫਿਰ ਫਿਰ ਚਾਹੈਂ[7]।
ਪਹੁਂਚੇ ਨਹੀਂ ਅਨੇਕ ਜਤਨ ਤੇ
ਮਰਿ ਮਰਿ ਗਿਰੇ ਤਹਾਂ ਹੈਂ ॥੨੧॥

---

[1]ਮੁਕਾਬਲਾ।
[2]ਗੁੱਥਮਗੁੱਥਾ।
[3]ਮਲ ਸਿੱਟਦੇ ਹਨ।
[4](ਆਪਣੀ) ਸੈਨਾ ਹੱਲ ਖੜੋਤੀ ਵੇਖਕੇ।
[5]ਉਸ ਪਾਸੇ ਨੂੰ ਜਾਇਕੇ (ਜਥੇਦਾਰ ਨੇ)।
[6]ਲੜ ਕੇ ਬਹੁਤੇ ਮਰ ਗਏ।
[7]ਚਾਹੁੰਦੇ ਹਨ (ਪਹਾੜੀਏ)।

ਠਹਿਰ ਨ ਦੇਤਿ ਸਰਨਿ ਕੀ ਬਰਖਾ
ਤੀਨ ਚਾਰ ਬਿਧ ਜਾਈਂ[1]।
ਬਿਨ ਮਾਰੇ ਕੋ ਛੂਛ ਨ ਚਾਲਹਿ[2]
ਹਯ ਭਟ ਮਰਿ ਸਮੁਦਾਈ ॥੨੨॥
ਆਗੈ ਗੁਰ ਸੁਤ, ਮੱਧ ਗੁਰੂ ਥਿਤ,
ਪਾਛੈ ਸਿੰਘ ਜੁਝਾਰੇ।
ਕਰੇ ਕਦਨ ਸ਼ੱਤ੍ਰੂ ਅਨਗਨ ਹੀ
ਲੋਥ ਲੋਥ ਪਰ ਡਾਰੇ ॥੨੩॥
ਸ਼ਸਤ੍ਰਨਿ ਬਲ ਤੇ ਦੂਰ ਰਖੇ ਰਿਪੁ
ਸਲਿਤਾ ਤਰੀ ਸੁਖੈਨਾ।
ਪਾਰ ਗੁਰੂ ਜੁਤਿ ਸਿੰਘਨਿ ਸਭਿ ਦਲ,
ਉਰੇ ਮਲੇਛੀ ਸੈਨਾ ॥੨੪॥
ਸਲਿਤਾ ਬਿਖੈ ਪ੍ਰਵੇਸ਼ਨ ਚਾਹਤਿ
ਪਰੈ ਤੀਰ ਅਰੁ ਗੋਰੀ।
ਮਰੇ ਕਿਤਿਕ ਬਹਿ ਗਏ ਬੀਚ ਹੀ
ਥਿਰਹਿਂ ਉਰਾਰਹਿਂ ਓਰੀ ॥੨੫॥
ਰਿਸ ਕੋ ਕਰਤਿ ਦੰਤ ਕੋ ਚਰਬਤਿ
ਬਸ ਨਹਿਂ ਕਛੂ ਬਸਾਵੈ।
ਗਰਜਹਿ ਤੋਪ ਟੋਲ ਕਹੁ ਮਾਰਹਿਂ
ਖਰੇ ਹੋਨਿ ਨਹਿਂ ਪਾਵੈਂ ॥੨੬॥
ਭੀਮਚੰਦ ਆਦਿਕ ਸਭਿ ਰਾਜੇ
ਮਿਲੇ ਵਜੀਦ ਪਠਾਨਾ।
'ਅਬਿ ਤੌਂ ਪਾਰ ਪਰੇ ਦਿਢ ਹ੍ਵੈ ਕਰਿ,
ਹਤਹਿਂ ਤੁਪਕ ਅਰੁ ਬਾਨਾ ॥੨੭॥
ਨਾਹਕ ਸੈਨ ਨਹੀਂ ਹਨਵਾਵਹੁ[3]
ਗੁਰੂ ਸੂਰਮਾ ਭਾਰੀ।
ਹਮ ਕੋ ਕਹਤਿ ਹੁਤੇ ਕਜਾ ਹੋਯੋ
ਅਬਿ ਤੁਮ ਲੇਹੁ ਨਿਹਾਰੀ ॥੨੮॥
ਚਮੂੰ ਅਲਪ ਹੈ ਚਾਕਰ, ਨਾਂਹਿਨ,

---

[1]ਵਿੰਨ੍ਹੇ ਜਾਂਦੇ ਹਨ।
[2]ਖਾਲੀ ਨਹੀਂ ਚਲਦਾ (ਬਾਨ)।
[3]ਮਰਵਾਓ।

ਲਾਖਹੁਂ ਸੰਗ ਲਰੰਤਾ[੧]।
ਗਹਿਬੇ ਮਹਿਂ ਤੜਿਤਾ ਨਹਿਂ ਆਵਹਿ[੨],
ਤਿਮ ਗੁਰ ਬੀਰ ਦਿਖੰਤਾ ॥੨੯॥
ਕਰਹੁ ਸੰਭਾਲਨ ਘਾਇਲ ਮ੍ਰਿੱਤਕ
ਘਾਲਯੋ ਦੂਰ ਸੁ ਡੇਰਾ।
ਹਮਰੇ ਦੇਸ਼ ਨਹੀਂ ਗੁਰ ਥਿਰ ਅਬਿ
ਨਦੀ ਤੀਰ ਪਰ ਹੇਰਾ' ॥੩੦॥
ਬਿਸਮਯੋ ਤਬਿ ਵਜੀਦ ਖਾਂ ਬੋਲਯੋ
'ਅਚਰਜ ਕੀਨ ਗਯੋ ਹੈ[੩]।
ਜਲ ਪ੍ਰਵਾਹ ਸਮ ਰੁਕਯੋ ਨ ਕਿਮਹੂੰ
ਮਾਰਤਿ ਪਾਰ ਭਯੋ ਹੈ ॥੩੧॥
ਪੁੰਜ ਸੁਭਟ ਕੋ ਖੇਤ ਪਰਯੋ ਪਿਖਿ
ਪੁਰੀ ਨ ਚਿਤ ਕੀ ਬਾਂਛੇ।
ਪਕਰਯੋ ਗਯੋ ਨ ਭਯੋ ਸੰਘਾਰਨਿ,
ਬਿਜੈ ਲੇਤਿ ਗੁਰ ਗਾਛੇ[੪]' ॥੩੨॥
ਰਿਦੈ ਬਿਸੂਰਤਿ ਮੂਰਖ ਮਿਲਿ ਕੈ
ਮਹਿੰਮਾ ਤੇ ਅਨਜਾਨੇ।
ਤਜਿ ਸਲਿਤਾ ਤਟ ਦੂਰ ਪਿਛੇ ਹਟ
ਡੇਰਾ ਪਾਇ ਸਥਾਨੇ ॥੩੩॥
-ਗੁਰ ਕੀ ਤੋਪ ਨ ਗੋਰਾ ਪਹੁਂਚਹਿ[੫]-
ਕੋਸਕ ਤਜਿ ਕਰਿ ਆਏ।
ਕਰਿ ਤਕਰਾਈ ਅਨਿਕ ਬਿਧਿਨਿ ਕੀ
ਥਿਰ ਸੁਚੇਤਿ ਸਮੁਦਾਏ ॥੩੪॥
ਜਾਗ੍ਰਤ ਰਹੇ -ਨ ਆਇ ਪਰੈ ਗੁਰ-
ਕਸਿ ਤੁਫੰਗ ਧਰਿ ਹਾਥੈਂ।
ਮਰਹਿਂ ਅਨਿਕ ਕੋ ਕਰਹਿ ਸੰਭਾਰਨ[੬]?
ਪਰੇ ਮਿਲੇ ਰਜ ਸਾਥੈਂ ॥੩੫॥

---

[੧]ਲੱਖਾਂ ਦੇ ਨਾਲ (ਗੁਰੂ) ਲੜਦਾ ਹੈ।
[੨](ਜਿਵੇਂ) ਬਿਜਲੀ ਫੜੀ ਨਹੀਂ ਜਾਂਦੀ।
[੩]ਕਰ ਗਏ ਹਨ।
[੪]ਸਗੋਂ ਜੋ ਲੈਕੇ (ਪਾਰ) ਗੁਰੂ ਜੀ ਚਲੇ ਗਏ।
[੫]ਗੁਰਾਂ ਦੀ ਤੋਪ ਦਾ ਗੋਲਾ ਨਾ ਆ ਪੁਜੇ।
[੬]ਕੌਣ ਸੰਭਾਲੇ।

ਭੀਮਚੰਦ ਕਰ ਬੰਦਿ ਬਿਨੈ ਕਹਿ
ਦੇ ਬਹੁ ਦਰਬ ਉਤੰਗਾ।
ਅਪਰ ਅਜਾਇਬ ਵਸਤੂ ਦੇ ਕਰਿ
ਇਕ ਸ਼ਿੰਗਾਰ ਮਤੰਗਾ ॥੩੬॥
'ਆਨਿ ਬਚਾਯਹੁ ਭਏ ਸਹਾਇਕ
ਨਤੁ ਗੁਰ ਦੇਸ਼ ਨਿਕਾਰੈ[1]।
ਅਬਿ ਬਸਿਬੋ ਹੁਇ ਸੈਲ ਬਿਖੈ ਹਮ
ਗੁਰੂ ਭਯੋ ਜਬਿ ਪਾਰੈ' ॥੩੭॥
ਇੱਤਜਾਦਿਕ ਕਹਿ ਰੁਖ਼ਸਦ ਕੀਨਸਿ
'ਪੁਰਿ ਸਿਰੰਦ ਅਬਿ ਜਾਵੋਂ।
ਹਮ ਹਜ਼ਰਤ ਕੇ ਨਿਤ ਗ਼ੁਲਾਮ ਹੈਂ
ਭੀਰ ਪਰੇ ਤਬਿ ਆਵੋਂ ॥੩੮॥
ਹੋਤਿ ਪ੍ਰਾਤਿ ਕੇ ਹਮ ਨਿਜ ਘਰ ਮਹਿਂ
ਜੈ ਹੈਂ, ਮਿਟੀ ਲਰਾਈ।'
ਸਕਲ ਸੈਲਪਤਿ ਸੂਬੇ ਸਨ ਮਿਲਿ
ਪਹੁੰਚੇ ਨਿਜ ਨਿਜ ਥਾਂਈ ॥੩੯॥
ਰੁਦਨ ਪੀਟਬੋ ਸ਼ੋਕ ਮਹਾਨਾ
ਗਿਰ ਗਨ ਘਰ ਘਰ ਹੋਵਾ।
ਕਿਸ ਕੋ ਸੁਤ, ਪਿਤ, ਭ੍ਰਾਤਾ, ਪਤਿ ਹਤਿ
ਅਪਨਿ ਸੰਬੰਧਨਿ ਜੋਵਾ ॥੪੦॥
ਭੀਮਚੰਦ ਕੋ ਗਾਰਿ ਨਿਕਾਰਹਿਂ
ਪ੍ਰਜਾ ਸੁਭਟ ਮਰਿਵਾਏ।
ਸਾਹਿਬ ਕਰਾਮਾਤਿ ਸੰਗ ਭਿਰਿ ਕੈ
ਕਜਾ ਲੀਨਸਿ ਦੁਖ ਪਾਏ' ॥੪੧॥
ਸ਼੍ਰੀ ਗੁਰ ਮਹਾਰਾਜ ਤਟ ਪਰਲੇ
ਸੁਖ ਸੋਂ ਕਰਿ ਬਿਸਰਾਮਾ।
ਘਾਇਲ ਸਕਲ ਸੰਭਾਰਨਿ ਕੀਨੇ
ਅਰੇ ਕੀਨਿ ਰਣ ਕਾਮਾ ॥੪੨॥
ਮ੍ਰਿਤਕ ਸਿੰਘ ਸਭਿ ਦਾਹ ਕਰਾਏ
ਪਹੁੰਚਾਏ ਸੁਰਲੋਕਾ।
ਸਾਲਪੱਤ੍ਰ ਘਾਯਲ ਪਰ ਲਾਏ

---

[1]ਨਹੀਂ ਤਾਂ ਗੁਰੂ ਨੇ ਸਾਨੂੰ ਦੇਸੋਂ ਕੱਢ ਦੇਣਾ ਸੀ।

ਪੀਰ ਮਿਟੀ, ਨਹਿਂ ਸ਼ੋਕਾ ॥੪੩॥
ਡੇਰਾ ਕਰਿ ਅਰਾਮ ਭਟ ਸਗਰੇ
ਖਾਨ ਪਾਨ ਸਭਿ ਕੀਨਾ।
ਸੁਪਤਿ ਜਥਾ ਸੁਖ ਰਾਤਿ ਬਿਤਾਈ
ਭਈ ਪ੍ਰਾਤਿ ਤਮ ਛੀਨਾ ॥੪੪॥
ਰਾਵ ਬਿਸਾਲੀ ਕੋ ਤਬਿ ਆਯਹੁ
ਚਰਨ ਸਰੋਜਨ ਬੰਦੇ।
ਕਰਹਿ ਬਾਰਤਾ ਸੰਘਰ ਕੇਰੀ
ਹੋਵਤਿ ਰਿਦੈ ਅਨੰਦੇ ॥੪੫॥
'ਧੰਨ ਗੁਰੂ ਪੂਰਨ ਪ੍ਰਭੁ ! ਕਰਤਾ
ਸਮਸਰ ਆਨ ਨ ਕੋਈ।
ਭੀਮ ਚੰਦ ਹੰਕਾਰ ਨਿਕੰਦਾ
ਤੁਰਕਨਿ ਕੀ ਪਤ ਖੋਈ ॥੪੬॥
ਪਾਰ ਸਥਾਨ ਖੇਤ ਰਣ ਮਾਂਹੀ
ਸੰਕੀਰਨ[1] ਨਰ ਘੋਰਾ[2]।
ਜਿਤ ਕਿਤ ਮਰੇ ਪਰੇ ਦ੍ਰਿਸ਼ਟਾਵੈਂ
ਕੂਕੈਂ ਜੰਬੁਕ ਘੋਰਾ[3] ॥੪੭॥
ਗ੍ਰਿੱਧ ਫਿਰੈਂ ਤਹਿਂ ਭਈ ਹਜ਼ਾਰਹੁੰ,
ਸ੍ਵਾਨ ਪੁਕਾਰਤਿ ਬ੍ਰਿੰਦਾ।
ਕਈ ਦਿਵਸ ਲੌ ਖਾਇ ਅਘਾਵਹਿਂ
ਖੁਰਜੋ ਨ ਪਰਜੋ ਬਿਲੰਦਾ[4] ॥੪੮॥
ਮੁਝ ਕੋ ਜਾਨ ਆਪਨੋ ਚੇਰਾ,
ਨਗਰ ਚਲਹੁ ਦ੍ਰਿਗ ਹੇਰੋ।
ਚਰਨ ਸੋਰਜਨ ਪਾਇ ਨਿਕੇਤਹਿਂ
ਪਾਵਨ ਕੀਜਹਿ ਮੇਰੋ ॥੪੯॥
ਵਸਤੁ ਦਾਸ ਕੀ ਘਰ ਤੇ ਆਦਿਕ
ਸਭਿ ਅਪਨੀ ਪ੍ਰਭ ਜਾਨੋ।
ਚਹਹੁ ਸੁ ਬਰਤਹੁ ਕਰੁਨਾ ਕਰਿ ਕੈ

---

[1]ਖਿੰਡੇ ਪਏ।
[2]ਆਦਮੀ ਤੇ ਘੋੜੇ।
[3]ਭਿਆਨਕ।
[4]ਬੜਾ ਪਿਆ ਹੈ ਖੁੜੇਗਾ ਨਹੀਂ (ਮੁਰਦਿਆਂ ਦਾ ਮਾਸ)।

ਮਨ ਭਾਵਤਿ ਸੁਖ ਠਾਨੋ' ॥੫੦॥

ਇਸ ਪ੍ਰਕਾਰ ਬਹੁ ਪ੍ਰੇਮ ਪੇਖਿ ਕਰਿ
ਸਤਿਗੁਰ ਭਏ ਕ੍ਰਿਪਾਲਾ।
ਜ਼ੀਨ ਪਵਾਇ ਕਰਾਯੋ ਦੁੰਦਭਿ
ਦੀਰਘ ਨਾਦ ਉਠਾਲਾ ॥੫੧॥

ਕਰਜੋ ਕੂਚ ਪ੍ਰਭੁ ਰਾਵ ਸੰਗ ਲੇ
ਬਾਤਹਿਂ ਕਰਤਿ ਪਯਾਨੇ।
ਦੇਖਿ ਸਰੂਪ ਤ੍ਰਿਪਤ ਨਹਿਂ ਹੋਵਤਿ,
ਰਹੇ ਬਿਰਾਜ ਮਹਾਨੇ[1] ॥੫੨॥

ਆਨਿ ਉਤਾਰੇ ਅਨਿਕ ਭਾਉ ਕਰਿ
ਸੇਵਾ ਮਹਿਂ ਮਨ ਲਾਯੋ।
ਬਾਂਛਤਿ ਵਸਤੁ ਪ੍ਰੇਮ ਤੇ ਦੇ ਕਰਿ
ਰਿਦੈ ਅਧਿਕ ਹਰਖਾਯੋ ॥੫੩॥

ਸ਼੍ਰੀ ਅਜੀਤ ਸਿੰਘ ਸਰਬ ਖਾਲਸਾ
ਰਾਵ ਭਾਵ ਕੋ ਹੇਰੇ।
ਸ੍ਰੀ ਪ੍ਰਭੁ ਨਿਕਟ ਪ੍ਰਸ਼ੰਸ਼ਾ ਠਾਨਤਿ
'ਪ੍ਰੇਮੀ ਭਾਗ ਬਡੇਰੇ' ॥੫੪॥

ਸਰਬ ਭਾਂਤਿ ਕਰਿ ਸਭਿਹੂੰ ਸੁਖ ਭਾ
ਬਾਂਛਤਿ ਵਸਤੁ ਪੁਚਾਈ।
ਖਾਨ ਪਾਨ ਕਰਿ ਅਧਿਕ ਅਨੰਦੇ
ਗੁਰ ਤੇ ਖੁਸ਼ੀ ਕਰਾਈ ॥੫੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਬਿਸਾਲੀ' ਪ੍ਰਸੰਗ ਬਰਨਨੰ ਨਾਮ ਪੰਚ ਚਤਵਾਰਿੰਸਤੀ ਅੰਸੂ ॥੪੫॥

---

[1]ਭਾਵ (ਜੋ ਉਸ ਵੇਲੇ) ਬਹੁਤ ਸ਼ੋਭਾ ਦੇ ਰਿਹਾ ਸੀ। [ਵਿਰਾਜਨਾ=ਬਹੁਤ ਸ਼ੋਭਾ ਦੇਣਾ]।

## ੪੬. [ਬਿਸਾਲੀ ਡੇਰਾ। ਸਿੰਘਾਂ ਦਾ ਪਹਾੜੀਆਂ ਨਾਲ ਜੰਗ]

੪੫<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੪੭

ਦੋਹਰਾ: ਬਸੇ ਬਿਸਾਲੀ ਨਗਰ ਮਹਿਂ, ਗੁਰੂ ਗ਼ਰੀਬ ਨਿਵਾਜ।
ਆਇ ਰਾਵ ਬੰਦਨ ਕਰੈ, ਸੇਵੈ ਜਿਤਿਕ ਸਮਾਜ ॥੧॥

ਚੌਪਈ: ਬੈਠੇ ਨਿਕਟ ਬਾਕ ਗੁਰੁ[1] ਸੁਨੇ।
ਭਾਗ ਆਪਨੇ ਦੀਰਘ ਗੁਨੇ।
ਸਗਲ ਖਾਲਸੇ ਲਗਹਿ ਦਿਵਾਨ।
ਸ਼੍ਰੀ ਅਜੀਤ ਸਿੰਘ ਥਿਤ ਹੁਇਂ ਆਨਿ ॥੨॥
ਬੋਲਜੋ ਰਾਵ ‘ਸੈਲਪਤਿ ਅੰਧੇ।
ਰਾਵਰਿ ਸਾਥ ਬੈਰ ਬਡ ਬੰਧੇ।
ਲੋਕ ਪ੍ਰਲੋਕ ਖੋਇ ਜਿਨ ਲੀਨੋ।
ਮਹਾਂ ਕੁਕਾਜ ਆਪਨੋ ਕੀਨੋ ॥੩॥
ਅਪਜਸੁ ਜਗ ਮਹਿਂ ਬਹੁ ਬਿਸਤਾਰਾ।
ਬਾਰਿ ਅਨੇਕ ਲਰਤਿ ਰਣ ਹਾਰਾ।
ਸੁਨਹਿ ਸ਼੍ਰੋਣ ਮਨ ਜੋ ਕਰਤੂਤ।
ਕਹੈ ਗਿਰੇਸ਼ੁਨਿ ਬਿਖੈ ਕੁਪੂਤ ॥੪॥
ਬਾਰਿ ਬਾਰਿ ਤੁਰਕਾਨਿ ਅਗਾਰੀ।
ਨਿੰਮ੍ਰੀ ਹੋਤਿ ਦੇਤਿ ਧਨ ਭਾਰੀ।
ਹਾਰਜੋ ਧਰਮ ਹਿੰਦੂਅਨਿ ਕੇਰਾ।
ਬਨਹਿ ਦੀਨ ਬੋਲਤਿ -ਮੈਂ ਚੇਰਾ- ॥੫॥
ਆਨ ਕਾਨਿ ਜੇ ਰਾਖਤਿ ਰਾਜਾ[2]।
ਕੋ ਇਮ ਕਰਹਿ ਜੁ ਕੀਨਿ ਕੁਕਾਜਾ।
ਧਿਕ ਧਿਕ ਬਾਰ ਬਾਰਿ ਇਸ ਕਹੈਂ।
ਸਤਿਗੁਰ ਸੰਗ ਬਿਰੋਧੀ ਲਹੈਂ ॥੬॥
ਰਾਜ ਤੇਜ ਸ਼ਸਤ੍ਰਨਿ ਬਲ ਤਜਾਗਾ।
ਮਹਾਂ ਰੰਕਤਾ ਕੇ ਮਗ ਲਾਗਾ।
ਤਸਕਰ ਸਮਸਰ ਕਰਿ ਕੈ ਪੰਮਾਂ।
ਚੁਨ ਧੇਨੁ ਲੇ ਗਯੋ ਕੁਕੰਮਾ[3] ॥੭॥
ਕਰੀ ਕੁੱਕ੍ਰਿਤ ਆਨ[4] ਕੋ ਦੀਨ।

---

[1]ਗੁਰੂ ਜੀ ਦੇ।
[2]ਆਨ ਤੇ ਕਾਣ ਨੂੰ ਰੱਖਣ ਵਾਲਾ ਜੇ ਰਾਜਾ ਹੁੰਦਾ ਤਾਂ।
[3]ਕੁਕਰਮੀ।
[4]ਕਸਮ।

ਬੰਚਕ[੧] ਬਨਿ ਪ੍ਰਪੰਚ[੨] ਅਸ ਕੀਨ।
ਮਹਾਂ ਪਰਾਜਯ[੩] ਕੋ ਇਹ ਲੱਛਣ।
ਹਸਹਿਂ ਧਿਕਾਰਹਿਂ ਸਕਲ ਬਿਚੱਛਨ ॥੯॥
ਤੁਮ ਕੋ ਧੰਨਜ ਸੁਜਸੁ ਬਿਸਤਾਰਾ।
ਮਾਨ ਆਨ[੪] ਬਡ ਧਰਮ ਦਿਖਾਰਾ।
ਰਾਵਰਿ ਬਿਨਾ ਕੌਨ ਅਬਿ ਕਰੈ।
ਰਿਪੁ ਕੇ ਰਹੇ ਆਨ ਕੋ ਧਰੈ[੫] ॥੧੦॥
ਅਪਨੋ ਨਗਰ ਬਿਸਾਲ ਬਸੰਤਾ[੬]।
ਨਿਕਸੇ ਸਭਿ ਕਿਛੁ ਤਜਾਗਿ ਤੁਰੰਤਾ।'
ਸੁਨਿ ਕਰਿ ਦਯਾ ਸਿੰਘ ਤਬਿ ਕਹਜੋ।
'ਕਰਜੋ ਕੁਕਰਮ ਸਭਿਨਿ ਹੂੰ ਲਹਜੋ ॥੧੯॥
ਬਡੇ ਪੁਰਖ ਕੂਰੇ ਕਰਿ ਮਾਰਤਿ।
ਤਾਵਤ ਅਧਿਕ ਛਿਮਾ ਕਰਿ ਡਾਰਤਿ।
ਮਹਾਂ ਦੁਸ਼ਟ ਸੁਖ ਸੋਂ ਨਹਿਂ ਬਸੈ।
ਪੰਥ ਖਾਲਸਾ ਸਰਿ ਪਰ ਲਸੈ[੭] ॥੧੧॥
ਜੇਕਰਿ ਸ਼ਰਣ ਪਰਤਿ ਸੋ ਆਇ।
ਰਾਜ ਤੇਜ ਪਰਤਾਪ ਅਧਿਕਾਇ।
ਲੋਕ ਪ੍ਰਲੋਕ ਸੁਖੀ ਨਿਤ ਰਹਤਿ।
ਸਕਲ ਜਗਤ ਮਹਿਂ ਜਸੁ ਕੋ ਲਹਤਿ' ॥੧੨॥
ਬੋਲੇ ਕਲਗ਼ੀਧਰ ਮੁਸਕਾਵਿਤ।
'ਇਹ ਨਿਰਭਾਗ ਨਹੀਂ ਕੁਛ ਪਾਵਤਿ।
ਪੰਥ ਖਾਲਸਾ ਹਮ ਉਪਜਾਯੋ।
ਰਾਜ ਤੇਜ ਨਿਤ ਵਧਹਿ ਸਵਾਯੋ ॥੧੩॥
ਸਕਲ ਸੈਲਪਤਿ ਕੋ ਦੁਖਦਾਈ।
ਤ੍ਰਸਤਿ ਹੋਇ ਪਰਿ ਹੈਂ ਸ਼ਰਨਾਈ[੮]।

---

[੧]ਠੱਗ।
[੨]ਫਰੇਬ।
[੩]ਹਾਰ।
[੪]ਸੁਗੰਦ।
[੫]ਵੈਰੀ ਦੇ ਕਹਿਆਂ ਸਹੁੰ ਨੂੰ ਕੌਣ ਮੰਨਦਾ ਹੈ।
[੬]ਭਾਰੀ ਵਸਦਾ ਸੀ।
[੭]ਚਮਕੇਗਾ।
[੮]ਡਰਕੇ ਸ਼ਰਣੀ ਪੈਣਗੇ।

ਛੀਨਹਿ ਦੇਸ਼ ਕਿ ਲੈ ਹੈ ਦੰਡ।
ਜੇ ਕਰਿ ਲਰਹਿਂ ਹੋਇਂ ਖੰਡ ਖੰਡ ॥੧੪॥
ਕੇਤਿਕ ਬਰਖਨ ਮਹਿਂ ਇਕ ਸਿੱਖਜ[1]।
ਪਰਹਿ ਸਭਿਨਿ ਪਰ, ਕਥਾ ਭਵਿੱਖਜ।
ਤੁਰਕਨ ਸਹਿਤ ਸੈਲਪਤਿ ਸਾਰੇ।
ਕੋ ਕੋ ਬਚਹਿ, ਜਾਹਿਂ ਤਬਿ ਮਾਰੇ ॥੧੫॥
ਦੇਸ਼ ਉਜਾਰਹਿ ਧੂਮ ਉਠਾਵਹਿ।
ਲੂਟ ਕੂਟ ਕਰਿ ਸਭਿਨਿ ਤ੍ਰਸਾਵਹਿ।
ਅਬਿ ਤੌਂ ਹਮ ਨੇ ਖੇਲ ਪਸਾਰੀ।
ਸੀਖਹਿ ਪੰਥ ਕਰਣ ਰਣ ਭਾਰੀ[2] ॥੧੬॥
ਸ਼ਰਣ ਪਰਹਿ ਨਿਤ ਹੋਹਿ ਉਬਾਰਣ[3]।
ਨਾਂਹਿ ਤ ਸਹਿਤ ਬੰਸ ਹੁਇ ਮਾਰਣ।
ਏਕ ਸੰਹਸ੍ਰ[4] ਕੋਸ ਜਿਨ[5] ਰਾਜ।
ਚੱਕ੍ਰਵਰਤਿ ਕੋ ਸਿਰ ਪਰ ਤਾਜ ॥੧੭॥
ਹਮ ਤਿਸ ਕੀ ਜਰ ਕਰਹਿਂ ਉਖਾਰਣ।
ਰਾਜ ਤੇਜ ਬਿਨਸੈ ਬਡ ਦਾਰੁਨ।
ਸੈਲਪਤੀ ਗਿਨਤੀ ਕਿਸ ਬਿਖੈ।
ਅਬਿ ਤੌਂ ਪੰਥ ਲਰਨ ਹੀ ਸਿਖੈ' ॥੧੮॥
ਇਮ ਸੁਨਿ ਰਾਵ ਹਰਖ ਚਿਤ ਭਯੋ।
ਬੈਠਿ ਕਿਤਿਕ ਚਿਰ ਘਰ ਉਠਿ ਗਯੋ।
ਰਿਦੈ ਸਰਾਹਤਿ -ਗੁਰ ਬਡ ਤੇਜ।
ਕੋ ਇਨ ਕੇ ਸਮ ਮਹਾਂ ਮਜੇਜ[6]- ॥੧੯॥
ਚਾਵਰ ਚੂਨ ਪਹਿਤ ਘ੍ਰਿਤ ਆਛੇ।
ਪਹੁੰਚਾਵਤਿ ਜੇਤਿਕ ਹੁਇ ਬਾਂਛੇ।
ਤ੍ਰਿਣ ਕਾਸ਼ਟ ਕੀ ਸਗਰੀ ਸੇਵਾ।
ਕਰਤਿ ਪ੍ਰਸੰਨ ਹੇਤੁ ਗੁਰਦੇਵਾ ॥੨੦॥

---

[1]ਮਹਾਰਾਜਾ ਰਣਜੀਤ ਸਿੰਘ ਵਲ ਇਸ਼ਾਰਾ ਹੈ।
[2]ਭਾਰੀ ਜੰਗ ਕਰਨਾ।
[3]ਸ਼ਰਨ ਪਏ ਬਚਣਗੇ।
[4]ਇਕ ਹਜ਼ਾਰ।
[5]ਭਾਵ ਨੁਰੰਗੇ ਦਾ।
[6]ਉਚੇ ਸੁਭਾਵ ਵਾਲਾ, ਚੜ੍ਹਦੀਆਂ ਕਲਾਂ ਵਾਲਾ। (ਅ) ਮਿਜ਼ਾਜ=ਖ਼ੁ, ਸੁਭਾਵ, ਪੰਜਾਬੀ ਵਿਚ 'ਮਿਜ਼ਾਜ' ਕਦੇ ਹੰਕਾਰੀ ਤੇ ਕਦੇ ਉੱਚ ਸੁਰਤੇ ਲਈ ਬੀ ਵਰਤ ਲੈਂਦੇ ਹਨ।

ਦੁਇ ਤ੍ਰੈ ਬਾਸੁਰ ਜਬਹਿ ਬਿਤਾਏ।
ਪੁਨ ਰਣਜੀਤ ਨਗਾਰਾ ਵਾਏ[1]।
ਕਰਿ ਅਖੇਰ ਕੋ ਵਹਿਰ ਬਹਾਨਾ।
ਭਏ ਅਰੂਢਨਿ ਗੁਰ ਭਗਵਾਨਾ ॥੨੧॥
ਉਤਰ ਉਰਾਰ ਨਦੀ ਤੇ ਆਏ।
ਬਿਚਰਤਿ ਬਨ ਕੇਤਿਕ ਮ੍ਰਿਗ ਘਾਏ।
ਤੁਰਕ ਪਰਾਜੈ ਪਾਇ ਬਿਸਾਲਾ।
ਪਸ਼ਚਾਤਾਪ ਕਰਤਿ ਪੁਰਿ ਚਾਲਾ[2] ॥੨੨॥
-ਸੁਭਟ ਹਜ਼ਾਰਹੁਂ ਕਰਿ ਮਰਿਵਾਵਨ[3]।
ਨਹਿਂ ਗੁਰ ਗਹ੍ਯੋ ਗਯੋ ਕੋ ਘਾਵ ਨ[4]।
ਚਮੂੰ ਮਾਰਿ[5] ਨਦ ਪਾਰਿ ਉਤਰਿਗਾ।
ਏਕ ਸੰਬੰਧੀ ਤੁਰਕ ਸੁ ਮਰਿਗਾ- ॥੨੩॥
ਇਮ ਪਛੁਤਾਵਤਿ ਗਯੋ ਸਿਰੰਦ।
ਪਾਇ ਨਮੋਸ਼ੀ ਸ਼ੋਕ ਬਿਲੰਦ।
ਭੀਮਚੰਦ ਕੇ ਭਟ ਸਮੁਦਾਈ।
ਉਤਰੇ ਕਿਤ ਕਿਤ ਹਿਤ ਤਕਰਾਈ ॥੨੪॥
ਸੁਨਿ ਸਤਿਗੁਰ ਕੋ ਬਜਤਿ ਨਗਾਰਾ।
ਤ੍ਰਾਸਤਿ ਤੁਰਤ ਕਰਤਿ ਭੇ ਤਜਾਰਾ।
ਗਯੋ ਖਾਲਸਾ ਜਿਤ ਸੋ ਜੋਏ[6]।
ਦੋਨਹੁਂ ਦਲ ਮੁਕਾਬਲੇ ਹੋਏ ॥੨੫॥
ਚਲੀ ਤੁਫੰਗੈਂ ਗੁਲਕਾ ਸੰਗ।
ਕਰੇ ਪਹਾਰੀ ਅੰਗਨ ਭੰਗ।
ਸ੍ਰੀ ਪ੍ਰਭੁ ਨਹਿਂ ਤਿਸ ਕੀ ਦਿਸ਼ਿ ਗਏ।
ਕਿਤਿਕ ਸਿੰਘ ਪਹੁੰਚੇ ਰਨ ਭਏ ॥੨੬॥
ਹਯ ਧਵਾਇ ਕਰਿ ਤਾਕਤਿ ਮਾਰੈਂ।
ਦੜ ਗਿਰ ਪਰਹਿਂ ਨ ਬਹੁਰ ਸੰਭਾਰੈਂ।
ਕੇਤਿਕ ਚਿਰ ਲੌ ਅਰੇ ਪਹਾਰੀ।

---

[1]ਵਜਾਇਆ।
[2]ਸ਼ਹਿਰ ਨੂੰ ਚਲਾ ਗਿਆ ਸੀ।
[3]ਭਾਵ, ਮੈਂ ਮਰਵਾ ਲਏ।
[4]ਮਾਰਨਾ ਤਾਂ ਕਿਤੇ ਰਿਹਾ ਗੁਰੂ ਫੜਿਆ ਬੀ ਨਹੀਂ ਗਿਆ।
[5](ਸਾਡੀ) ਫੌਜ ਨੂੰ ਮਾਰਕੇ।
[6]ਜਿਧਰ ਖਾਲਸੇ ਨੇ ਉਹ ਵੇਖੇ ਉਧਰ ਨੂੰ ਗਏ।

ਉਮਡੇ ਸਿੰਘ ਬੀਰ ਬਲਿ ਭਾਰੀ ॥੨੭॥
ਹੇਲਾ ਘਾਲਿ ਪਰੇ ਇਕ ਬਾਰੇ।
ਊਚ ਪੁਕਾਰਤਿ 'ਮਾਰਹੁ ਮਾਰੇ।'
ਬੀਚ ਪ੍ਰਵੇਸ਼ੇ ਤਿਨ ਕੇ ਜਾਇ।
ਦੀਰਘ ਤੋਮਰ ਹਤੇ ਰਿਸਾਇ ॥੨੮॥
ਖੜਕ ਨਿਕਾਸਿ ਬਿਨਾਸ਼ਨਿ ਕਰੇ।
ਭਜੇ ਗਿਰਨਿ ਨਰ ਡਰ ਉਰ ਧਰੇ।
ਤਿਨ ਮਹੁਂ ਕੇਤਿਕ ਮਾਰਿ ਗਿਰਾਏ।
ਅਪਰ ਪ੍ਰਾਨ ਪ੍ਰਿਯ ਕਰਤਿ[1] ਪਲਾਏ ॥੨੯॥
ਲੂਟ ਕੂਟ ਲੀਨਸਿ ਤਿਨ ਡੇਰਾ।
ਹਯ ਆਯੁਧ ਆਦਿਕ ਜੋ ਹੇਰਾ।
ਕੇਤਿਕ ਗ੍ਰਾਮ ਮਾਰ ਕਰਿ ਫਿਰੇ।
ਆਇ ਮਿਲੇ ਗੁਰ ਦਰਸ਼ਨ ਕਰੇ ॥੩੦॥
ਮਿਲਜੋ ਖਾਲਸਾ ਬਹੁ ਗਰਜਾਵੈ।
ਵਾਹਿਗੁਰੂ ਕੀ ਫਤੇ ਬੁਲਾਵੈ।
ਕਰਤਿ ਅਖੇਰ ਪ੍ਰਭੂ ਹਟਿ ਆਏ।
ਸਲਿਤਾ ਉਤਰਿ ਸਿਵਰ ਦਰਸਾਏ ॥੩੧॥
ਤਜੇ ਤੁਰੰਗਮ ਕਿਯ ਬਿਸਰਾਮੂ।
ਡਰੇ ਸਕਲ ਹੀ ਗਿਰ ਕੇ ਗ੍ਰਾਮੂ।
ਲੇ ਲੇ ਭਾਜਰ[2] ਦੂਰ ਸਿਧਾਏ।
ਬਸੇ ਅਨਤ ਥਲ ਬਾਮ ਕਿ ਦਾਏ[3] ॥੩੨॥
ਬਿਗਜੋ ਦਰਬ ਮਾਮਲਾ[4] ਜਬੈ।
ਭੀਮਚੰਦ ਕੋ ਚਿਤ ਦੁਖਿ ਤਬੈ।
ਬਸ ਨ ਬਸਾਇ ਬਿਸੂਰਤਿ ਭਾਰੀ।
ਗੁਰ ਬਿਰੋਧ ਤੇ ਅਧਿਕ ਬਿਗਾਰੀ ॥੩੩॥
ਇਹ ਸਤਿਗੁਰ ਨਿਤ ਕਰਿਤ ਬਿਲਾਸਾ।
ਚਢੇ ਅਖੇਰ ਨਿਹਾਰਿ ਤਮਾਸ਼ਾ[5]।
ਸੰਗਤਿ ਦਰਸ਼ਨ ਕੋ ਤਹਿਂ ਜਾਵੈ।

---

[1]ਪ੍ਰਾਣ ਪਿਆਰੇ ਕਰਕੇ।
[2]ਭਾਵ ਭਾਜੜ ਪੈ ਗਈ ਦੂਰ ਚਲੇ ਗਏ।
[3]ਸੱਜੇ ਕਿ ਖੱਬੇ।
[4]ਮਾਮਲੇ ਦਾ ਰੁਪੱਯਾ।
[5]ਸ਼ਿਕਾਰ ਚੜ੍ਹਕੇ ਤਮਾਸ਼ੇ ਦੇਖਦੇ ਹਨ।

ਸੁਨਿ ਸੁਨਿ ਸਿੰਘ ਦੇਸ਼ ਤੇ ਆਵੈਂ ॥੩੪॥
ਦਰਬ ਵਸਤੁ ਗਨ ਹਯ ਹੱਥਯਾਰ।
ਲਗਹਿਂ ਅਕੋਰਨਿ ਕੋ ਅੰਬਾਰ।
ਅਧਿਕ ਤਿਹਾਵਲ ਨਿਤਪ੍ਰਤਿ ਹੋਵੈ।
ਬ੍ਰਿੰਦ ਇਕੱਤ੍ਰ ਦਰਸ ਕੋ ਜੋਵੈਂ ॥੩੫॥
ਚਢਹਿਂ ਪ੍ਰਭੁ ਹਯ ਵਹਿਰ ਸਿਧਾਵਹਿਂ।
ਹਿਤ ਅਖੇਰ ਸਲਿਤਾ ਲੰਘ ਆਵਹਿਂ।
ਬਾਜਤਿ ਬਡ ਰਣਜੀਤ ਦਮਾਮਾ।
ਸੁਨਿ ਖਲਭਲ ਹੁਇ ਸ਼ੱਤ੍ਰੁਨਿ ਧਾਮਾ ॥੩੬॥
ਦੂਰ ਦੂਰ ਲਗਿ ਜਾਹਿਂ ਅਖੇਰ।
ਸੁਨਿ ਕੋ ਆਇ ਸਕੈ ਨ ਅਗੇਰ।
ਇਤ ਉਤ ਤੁਰਤ ਕਹੂੰ ਰਿਪੁ ਦੁਰੈਂ।
ਜਬਿ ਸਤਿਗੁਰ ਡੇਰੇ ਕਹੁ ਮੁਰੈਂ ॥੩੭॥
ਤਬਿ ਨਿਚਿੰਤ ਹੁਇ ਥਿਰ ਨਿਜ ਥਾਨ।
ਦੇਸ਼ ਸੈਲ ਕੇ[1] ਤ੍ਰਾਸ ਮਹਾਨ।
-ਔਚਕ ਸਿੰਘ ਆਇ ਨਹਿਂ ਪਰੈਂ।
ਲੂਟ ਕੂਟ ਹਤਿ ਕਰਿ ਫਿਰ ਫਿਰੈਂ- ॥੩੮॥
ਯਾਂ ਤੇ ਨਿਸਦਿਨ ਬਨਿ ਸਵਧਾਨ।
ਕਸ਼ਟ ਪ੍ਰਜਾ ਰਾਜਾ ਬਹੁ ਮਾਨਿ।
ਪਛੁਤਾਵਤਿ ਮੂਰਖ ਮਤਿਮੰਦ।
ਚਹਤਿ ਰਿਦੈ ਹੁਇ ਸੰਧਿ ਅਨੰਦ ॥੩੯॥
-ਗੁਰ ਕੋ ਬਿਗਰਯੋ ਕਾਜ ਨ ਰਾਈ।
ਬਨਹਿਂ ਸਿੰਘ ਦੇਸ਼ਨਿ ਸਮੁਦਾਈ।
ਦਿਨ ਪ੍ਰਤਿ ਭੇਟ ਸੰਗਤਾਂ ਲਯਾਵੈਂ।
ਆਦਿ ਵਿਲਾਇਤ ਕੇ ਨਰ ਆਵੈਂ ॥੪੦॥
ਹਮਰੀ ਚਮੂੰ ਖਪੀ ਲਰਿ ਸਾਰੀ।
ਖਰਚ ਹੰਗਾਮੇ ਪਰ[2] ਧਨ ਭਾਰੀ।
ਆਦਿ ਕੇਸਰੀ ਚੰਦ ਅਛੇਰੇ।
ਸਚਿਵ ਸੰਬੰਧੀ ਮਰੇ ਘਨੇਰੇ ॥੪੧॥
ਅਪਜਸੁ ਜਗ ਮਹਿਂ ਭਯੋ ਬਿਸਾਲਾ-।

---

[1]ਪਹਾੜੀ ਦੇਸ਼ ਵਿਚ।
[2]ਜੰਗ ਉਤੇ।

ਇੱਤਜਾਦਿਕ ਝੂਰਹਿਂ ਗਿਰਪਾਲਾ।
ਲਰਨ ਹੇਤੁ ਉੱਦਜੋਗ[1] ਨ ਕਰੈਂ।
ਰਣ ਕੋ ਸਿਮਰਿ ਸਿਮਰਿ ਡਰਿ ਧਰੈਂ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਅਖੇਰ' ਪ੍ਰਸੰਗ ਬਰਨਨੰ ਨਾਮ ਖਸ਼ਟ ਚਤਵਾਰਿੰਸਤੀ ਅੰਸੂ ॥੪੬॥

---

[1]ਉਦਮ।

## ੪੭. [ਬਿਭੌਰ ਦੇ ਰਾਣੇ ਨਾਲ ਮੇਲ]

੪੬<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੪੮

ਦੋਹਰਾ: ਵਾਰ ਪਾਰ ਦਰੀਆਉ ਕੇ, ਸਤਿਗੁਰ ਕਰੈਂ ਅਖੇਰ।
ਚਢੈਂ ਜਬੈ ਛਿਤ ਬਿਚਰਤੇ, ਊਚ ਨੀਚ ਥਲ ਹੇਰਿ ॥੧॥
ਚੌਪਈ: ਏਕ ਦਿਵਸ ਚਢਿ ਗੁਰੂ ਪਯਾਨੇ।
ਪੁਰਿ ਭੰਭੌਰ* ਬਸਹਿ ਜਿਸ ਥਾਨੇ।
ਸੰਗ ਖਾਲਸੇ ਕੋ ਦਲ ਭਾਰੀ।
ਬਜਤਿ ਜਾਤਿ ਰਣਜੀਤ ਅਗਾਰੀ ॥੨॥
ਤਹਿਂ ਕੇ ਰਾਵ ਸੁਨੀ ਧੁਨਿ ਜਬੈ।
ਹਰਖਤਿ ਹੋਇ ਅਰੂਢਯੋ ਤਬੈ।
ਨਿਜ ਪਰਧਾਨ ਲਏ ਕੁਛ ਸੰਗ।
ਦੇਨਿ ਹੇਤੁ ਕਰਿ ਤਯਾਰ ਤੁਰੰਗ ॥੩॥
ਨਿਕਸਿ ਨਗਰ ਤੇ ਬਾਹਿਰ ਆਯੋ।
ਜਿਤ ਧੁਨਿ ਸੁਨੀ ਤਿਤੈ ਕੋ ਪਾਯੋ।
ਪ੍ਰਥਮ ਸਚਿਵ ਕੋ ਨਿਕਟ ਪਠਾਇ।
ਆਪ ਗਯੋ ਤੂਰਨ ਤਬਿ ਧਾਇ ॥੪॥
ਦੇਖਤਿ ਉਤਰਿ ਤੁਰੰਗ ਤੇ ਆਯੋ।
ਚਰਨ ਸਰੋਜਨ ਕੋ ਲਪਟਾਯੋ।
'ਸ਼੍ਰੀ ਪ੍ਰਭੁ ! ਕ੍ਰਿਪਾ ਕਰੀ ਇਤ ਆਏ।
ਮੋਹਿ ਆਪਨੋ ਲੀਨ ਬਨਾਏ ॥੫॥
ਮੈਂ ਅਤਿ ਮੰਦ ਨ ਮਹਿੰਮਾ ਜਾਨੀ।
ਨਹੀਂ ਸ਼ਰਨ ਪਕਰੀ ਸੁਖ ਖਾਨੀ।
ਚਲਹੁ ਨਗਰ ਕਰਿ ਪਾਵਨ ਪਾਵਨ[1]।
ਸਗਰੇ ਮੰਦਿਰ ਕਰੀਅਹਿ ਪਾਵਨ' ॥੬॥
ਇੱਤਯਾਦਿਕ ਜਬਿ ਕੀਨਿ ਬਿਨੰਤੀ।
ਢਰੇ ਕ੍ਰਿਪਾ ਤਜਿ ਔਰੇ ਗਿਨਤੀ।
'ਜੇ ਕਰਿ ਤੁਵ ਉਰ ਭਾਉ ਬਿਸਾਲੇ।
ਚਲਹੁਂ ਬਿਲੋਕਹਿੰਗੇ ਗ੍ਰਿਹ ਚਾਲੇ' ॥੭॥
ਦੇ ਕਰਿ ਭੇਟ ਅਗਾਰੀ ਹੋਵਾ।
ਸਨੇ ਸਨੇ ਚਲਿ ਮਾਰਗ ਜੋਵਾ।

---

*ਕਵੀ ਜੀ ਨੇ ਦੋ ਤਰ੍ਹਾਂ ਇਸ ਨੂੰ ਲਿਖਿਆ ਹੈ:-ਭੰਭੌਰ, ਬਿਭੌਰ।
[1]ਚਾਣਨ ਪਾਕੇ।

ਨਿਜ ਪੁਰਿ ਮਹਿੰ ਪ੍ਰਭੁ ਆਨਿ ਉਤਾਰੇ।
ਸੇਵਾ ਕੀਨੀ ਅਨਿਕ ਪ੍ਰਕਾਰੇ ॥੮॥
ਭੱਖਜ, ਭੋਜ, ਲੇਹਜ ਅਰੁ ਚੋਸਾ।
ਕਰਿ ਤਯਾਰ ਬਡਿ ਥਾਰ ਪਰੋਸਾ।
ਚੌਕੀ ਚਾਰੁ ਬਿਸਾਲ ਡਸਾਇ।
ਤਿਸ ਪਰ ਸੁਜਨੀ ਬਿਸਦ ਬਿਛਾਇ[1] ॥੯॥
ਤਾ ਪਰ ਬਿਨਤੀ ਭਾਖਿ ਬਿਠਾਏ।
ਦੂਸਰ ਚੌਂਕੀ ਅੱਗ੍ਰ ਟਿਕਾਏ।
ਤਿਸ ਪਰ ਥਾਰ ਪਰੋਸਿ ਧਰਯੋ ਹੈ।
ਹਾਥ ਜੋਰਿ ਢਿਗ ਆਪ ਖਰਯੋ ਹੈ ॥੧੦॥
ਦਾਸ ਅਨੇਕ ਸੇਵ ਪਰ ਲਾਏ।
ਲੇ ਕਰਿ ਬਿਜਨਾ ਆਪ ਝੁਲਾਏ।
ਸਭਿ ਸਿੰਘਨ ਕੌ ਪੁਨ ਬਰਤਾਯੋ।
ਸ੍ਵਾਦਲ ਭੋਜਨ ਕਰਹਿ ਅਚਾਯੋ ॥੧੧॥
ਸੀਤਲ ਪਾਨੀ ਪਾਨ ਕਰਾਇ।
ਗੁਰ ਤੇ ਖੁਸ਼ੀ ਲਈ ਬਹੁ ਭਾਇ।
ਸੁੰਦਰ ਮੰਦਿਰ ਸੌਧ[2] ਉਚੇਰਾ।
ਤਹਾਂ ਪ੍ਰਯੰਗ ਡਸਾਇ ਬਡੇਰਾ ॥੧੨॥
[3]ਮ੍ਰਿਦੁਲ ਬਿਸਦ ਬਰ ਛਾਦਿ ਬਿਛੌਨਾ।
ਸੇਜਬੰਦ ਬੰਧੇ[4], ਬਿਚ ਭੌਨਾ।
ਹਿਤ ਅਰਾਮ ਗੁਰ ਕੋ ਲੇ ਗਯੋ[4]।
ਪੌਢਿ ਰਹੇ ਪ੍ਰਭੁ ਸੁਖ ਕੋ ਲਹਯੋ ॥੧੩॥
ਸਕਲ ਹਯਨਿ ਕੋ ਤ੍ਰਿਣ ਅਰੁ ਦਾਨਾ।
ਕਰਯੋ ਤ੍ਰਿਪਤ ਜੁਤਿ ਸੇਵ ਮਹਾਂਨਾ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ ॥੧੪॥
ਸੌਚ ਸ਼ਨਾਨ ਠਾਨਿ ਕਰਿ ਆਛੇ।
ਬਹੁਰ ਅਰੂਢਨਿ ਕੋ ਚਿਤ ਬਾਂਛੇ।

---

[1]ਚਿਟੀ ਸੋਜ਼ਨੀ ਵਿਛਾਈ।
[2]ਚੂਨੇਗਚ [ਸੰਸ:, ਸੌਧ=ਮਹਲ। ਚਿੱਟੇ ਚੂਨੇ ਦਾ ਬਣਿਆ]।
[3]ਕੂਲੇ ਚਿੱਟੇ ਤੇ ਸ੍ਰੇਸ਼ਟ ਵਿਛੌਣੇ ਨਾਲ (ਪਲੰਘ) ਢੱਕਿਆ ਭਾਵ ਵਿਛਾਇਆ ਤੇ ਸੇਜਬੰਦ ਬੰਨ੍ਹੇ।
[4](ਅਤੇ) ਗੁਰੂ ਜੀ ਨੂੰ ਅਰਾਮ ਕਰਨ ਵਾਸਤੇ ਘਰ ਲੈ ਗਿਆ।

ਹਾਥ ਜੋਰਿ ਕਰਿ ਬੋਲੵੋ ਰਾਊ।
'ਇਤ ਹੀ ਰਹੀਅਹਿ ਸਹਿਜ ਸੁਭਾਊ ॥੧੫॥
ਅਪਨੋ ਨਗਰ ਸਗਰ ਹੀ ਜਾਨਹੁ।
ਸੁੰਦਰ ਮੰਦਿਰ ਮਹਿਂ ਸੁਖ ਠਾਨਹੁ।
ਡੇਰਾ ਜੇਤਿਕ ਰਹੵੋ ਪਿਛਾਰੀ।
ਬਸਨ ਹੇਤਿ ਇਤ ਲੇਹੁ ਹਕਾਰੀ ॥੧੬॥
ਥਿਰਹੁ ਇਹਾਂ ਮੁਝ ਕਰਹੁ ਨਿਹਾਲ।
ਬਨੵੋ ਅਚਾਨਕ ਹੀ ਅਸ ਕਾਲ।'
ਇੱਤਜਾਦਿਕ ਬਹੁ ਬਿਨਤੀ ਕਰਿ ਕਰਿ।
ਭਾਉ ਰਿਦੇ ਮਹਿ ਦੀਰਘ ਧਰਿ ਧਰਿ ॥੧੭॥
ਨਿਜ ਪੁਰਿ ਮਹਿਂ ਗੁਰ ਲਏ ਟਿਕਾਇ।
ਸੇਵਾ ਕਰਤਿ ਧਰਤਿ ਚਿਤ ਚਾਇ।
ਦ੍ਵੈ ਅਸਵਾਰ ਚਢਾਇ ਪਠਾਏ।
ਜਾਇ ਬਿਸਾਲੀ ਰਾਵ ਸੁਨਾਏ ॥੧੮॥
'ਤਿਸ ਪੁਰ ਡੇਰਾ ਰਾਵ ਰਖਾਯੋ।
ਨਿਜ ਬਿਹੀਰ ਭੀ ਤਹਾਂ ਬੁਲਾਯੋ।
ਬਹੁਤ ਬਿਨੈ ਕਰਿ ਕਹਿ ਗੁਰ ਰਾਖੇ।
ਆਵਨ ਦੀਏ ਨ, ਆਵਨ ਕਾਂਖੇ[1]' ॥੧੯॥
ਰਾਵ ਬਿਸਾਲੀ ਕੋ ਸੁਨਿ ਤਬੈ।
ਸੰਗ ਬਿਹੀਰ ਲੀਨਿ ਜੋ ਸਬੈ।
ਚਢਿ ਕਰਿ ਆਪ ਸਾਥ ਹੀ ਗਯੋ।
ਪੁਰੀ ਬਿਭੌਰ ਸੁ ਪ੍ਰਾਪਤਿ ਭਯੋ ॥੨੦॥
ਭਯੋ ਇਕੱਤ੍ਰ ਸਕਲ ਗੁਰ ਡੇਰਾ।
ਮਿਲੵੋ ਜਾਇ ਚਰਣਾਂਬੁਜ ਹੇਰਾ।
ਹਾਥ ਬੰਦਿ ਕਰਿ ਬਿਨੈ ਬਖਾਨੀ।
'ਮਹਾਰਾਜ! ਤੁਮਰੀ ਰਜਧਾਨੀ ॥੨੧॥
ਨਹੀਂ ਬਿਸਾਲੀ ਮਹਿਂ ਕਿਮ ਰਹੇ।
ਮੋ ਮਹਿਂ ਦੋਸ਼ ਕਿ ਰਾਵਰ ਲਹੇ[2]?
ਦਰਸ਼ਨ ਕਰਤਿ ਨ ਮੈਂ ਤ੍ਰਿਪਤਾਯੋ।
ਸੇਵ ਕਰਨ ਤੇ ਮਨ ਨ ਹਟਾਯੋ ॥੨੨॥

---
[1]ਆਵਨ ਦੀ ਚਾਹ ਸੀ (ਪਰ ਰਾਜੇ ਨੇ) ਆਉਣ ਨਹੀਂ ਦਿੱਤੇ।
[2]ਕੀ ਦੋਸ਼ ਆਪ ਜੀ ਨੇ ਵੇਖਿਆ ਹੈ?

ਕਿਸ ਕਾਰਨ ਤੇ ਇਤ ਥਿਰ ਰਹੇ?'
ਮੁਸਕਾਵਤਿ ਕਲਗੀਧਰ ਕਹੇ।
'ਔਚਕ ਰਾਵ ਮਿਲਯੋ ਬਨ ਬਿਚਰਤਿ।
ਬਿਨਤੀ ਕਰਤਿ ਭਯੋ ਧਰਿ ਹਿਤ ਚਿਤ ॥੨੩॥
ਆਨਿ ਆਪਨੇ ਸਦਨ ਉਤਾਰੇ।
ਬਹੁਰ ਚਢਨ ਹਿਤ ਕੀਨਸਿ ਤਜਾਰੇ।
ਅਧਿਕ ਭਾਉ ਤੇ ਰਾਖਿ ਟਿਕਾਏ।
ਤੋ ਪਰ ਖੁਸ਼ੀ ਅਹੈ ਅਧਿਕਾਏ ॥੨੪॥
ਸੁਖ ਸੋਂ ਭੋਗਹੁ ਰਾਜ ਸਮਾਜਾ।
ਕਰਹੁ ਤਿਹਾਵਲ ਅਰਹਿ ਜੁ ਕਾਜਾ।
ਕਰਿ ਅਰਦਾਸ ਧਰਹੁ ਮਮ ਧਜਾਨਾ।
ਹੋਹਿ ਮਨੋਰਥ ਪੂਰ ਮਹਾਨਾ ॥੨੫॥
ਸ਼ੱਤ੍ਰੁ ਜ਼ੋਰ ਜੇ ਤੁਮ ਪਰ ਕਰੈ।
ਹੇਤੁ ਸਹਾਇ ਖਾਲਸਾ ਚਰੈ।
ਕਰਿ ਦੀਜਹਿ ਸੁਧਿ ਸੁਨ ਤਿਹ ਧਾਵੈ।
ਅਨਿਕ ਰਿਪੁਨਿ[1] ਦੇ ਹਾਥ ਬਚਾਵੈ' ॥੨੬॥
ਇਮ ਧੀਰਜ ਦੇ ਰਾਵ ਪਠਾਯਹੁ।
ਪਦ ਅਰਬਿੰਦਨ ਸੀਸ ਨਿਵਾਯਹੁ।
ਸਭਿ ਸਿੰਘਨ ਕੋ ਫਤੇ ਬੁਲਾਈ।
ਗਯੋ ਆਪਨੇ ਘਰ ਹਰਖਾਈ ॥੨੭॥
ਸਤਿਗੁਰ ਤਹਾਂ ਬਸੇ ਸੁਖ ਪਾਏ।
ਇਕ ਦਿਨ ਬੈਠੇ ਸਹਿਜ ਸੁਭਾਏ।
ਊਚੇ ਥਲ ਪਰ ਥਿਰੇ ਨਿਹਾਰੇ।
ਦੇਸ਼ ਮਹਾਂ ਰਮਨੀਕ ਬਿਚਾਰੇ ॥੨੮॥
ਨਿਕਟ ਖਾਲਸਾ ਗਨ ਪੁਰਿ[*] ਰਾਊ[2]।
ਹੇਰਿ ਹੇਰਿ ਬੋਲੇ ਚਿਤ ਚਾਊ।
'ਸੁੰਦਰ ਸੈਲ[3] ਸੈਲ[4] ਕੇ ਲਾਯਕ।
ਮਨਹੁ ਹਿਮਾਲੇ ਕੀ ਦੁਤਿ ਦਾਯਕ ॥੨੯॥

---

[1]ਵੈਰੀਆਂ ਤੋਂ।
[*]ਪਾ:-ਪੁਨ।
[2]ਸਾਰਾ ਖਾਲਸਾ ਤੇ ਪੁਰੀ ਦਾ ਰਾਜਾ।
[3]ਪਹਾੜ।
[4]ਸੈਰ।

ਕਿਧੌਂ ਕੈਲਾਸ਼ ਰੁੱਦ੍ਰ[1] ਕੋ ਥਾਨਾ।
ਉਪਜਾਵਤਿ ਉਰ ਅਨੰਦ ਮਹਾਨਾ।
ਪੰਡਪੁੱਤ੍ਰ[2] ਇਤ ਫਿਰ ਕਰਿ ਬਨ ਮੈਂ।
ਤਪਤ ਸਥਲ ਕੋ ਲਖਿ ਕਰਿ ਮਨ ਮੈਂ ॥੩੦॥
ਕਿਤਿਕ ਸਮਾ ਬਸਿ ਇਹਾਂ ਬਿਤਾਏ।
ਗਿਰ ਤਰੁਵਰੁ ਪਿਖਿ ਕੈ ਹਰਖਾਏ।
ਪੂਰਬ ਸਤਿਜੁਗ ਮਹਿਂ ਬਿਧਿ[3] ਆਯੋ।
ਥਿਰਯੋ ਇਹਾਂ ਦੀਰਘ ਤਪਤਾਯੋ ॥੩੧॥
ਨਾਮ ਕਲੇਸਰ[4] ਬ੍ਰਹਮੇ ਧਰਯੋ।
ਇਤ ਉਤ ਬਿਚਰਤਿ ਆਨੰਦ ਕਰਯੋ।
ਯਾਂ ਤੇ ਪਾਵਨ ਇਹ ਅਸਥਾਨਾ।
ਪਰਮ ਮੁਨੀ ਤਪ ਤਪੇ ਮਹਾਨਾ ॥੩੨॥
ਫਲ ਮੂਲਨਿ ਤੇ ਸੁਖ ਕੋ ਪਾਏ।
ਗਿਰਵਰ ਸ਼ੋਭਾ ਪਿਖਿ ਬਿਰਮਾਏ।
ਅਧਿਕ ਤਪੇ ਤਪ ਮਨ ਕੋ ਰੋਕਿ।
ਮਰਿ ਪਹੁੰਚੇ ਕਮਲਾਸਨ[5] ਲੋਕ' ॥੩੩॥
ਇੱਤਯਾਦਿਕ ਸੁਨਿ ਕੈ ਗੁਰ ਬਚਨਾ।
ਕਰਹਿਂ ਨਿਹਾਰਨਿ ਗਿਰਵਰ ਰਚਨਾ।
'ਪ੍ਰਭੁ ਜੀ! ਉਚਰਤਿ ਹੋ ਤੁਮ ਜੈਸੇ।
ਪਿਖੀਯਤਿ ਤਰੁਵਰੁ ਗਿਰਵਰ ਤੈਸੇ ॥੩੪॥
ਮਨ ਕੋ ਮੋਦ ਉਪਾਵਨ ਹਾਰੇ।
ਕਯੋਂ ਨਹਿਂ ਬਿਰਮਹਿ ਆਇ ਨਿਹਾਰੇ[6]।'
ਇਸ ਪ੍ਰਕਾਰ ਪ੍ਰਭੁ ਸੈਲ ਸਰਾਹਾ।
ਬਸੇ ਤਹਾਂ ਮਨ ਆਨੰਦ ਪਾਹਾ ॥੩੫॥
ਮ੍ਰਿਗੀਆ[7] ਕਰਤੇ ਬਿਚਰੈਂ ਕਬੈ।
ਸਿੰਘ ਅਰੂਢਹਿਂ ਸੰਗੀ ਸਬੈ।

---

[1]ਸ਼ਿਵ।
[2]ਯੁਧਿਸ਼ਟਰ।
[3]ਬ੍ਰਹਮਾ।
[4]ਭਬੋਰ ਦੇ ਇਕ ਪਹਾੜ ਦਾ ਨਾਮ।
[5]ਬ੍ਰਹਮਾ ਦੀ ਪੁਰੀ।
[6]ਜੋ ਆਕੇ ਵੇਖਦਾ ਹੈ ਕਿਉਂ ਨਾਂ ਲਲਚੇ।
[7]ਸ਼ਿਕਾਰ।

ਕਬਹੁੰ ਗੁਰ ਨੰਦਨ ਚਢਿ ਜਾਵੈਂ।
ਸੈਲ ਕਰਹਿਂ ਜੇਤਿਕ ਮਨ ਭਾਵੈ ॥੩੬॥
ਊਚ ਨੀਚ ਥਲ ਬਿਖਮ ਕਿ ਸਮ ਹੈਂ।
ਬਹੁ ਰਮਣੀਕ ਸੁਗਮ ਦੁਰਗਮ ਹੈਂ।
ਚਲਤਿ ਬੇਗ ਤੇ ਨਿਰਮਲ ਵਾਹੈ[1]।
ਬਿਨਾ ਧੂਲ ਬਨ ਮਗ ਅਵਗਾਹੈ[2] ॥੩੭॥
ਕੁਸਮਤ ਬਨ ਕੀ ਪ੍ਰਭਾ ਬਿਲੋਕੈਂ।
ਸਘਨੇ ਅਧਿਕ ਸੁਗੰਧੀ ਰੋਕੈਂ।
ਜਹਿਂ ਲਗਿ ਇੱਛਹਿਂ ਬਿਚਰਤਿ ਆਵੈਂ[3]।
ਇਸ ਪ੍ਰਕਾਰ ਨਿਸ ਦਜੋਸ ਬਿਤਾਵੈਂ ॥੩੮॥
ਦੇਸ਼ ਬਿਦੇਸ਼ਨ ਬਿਦਤ ਮਹਾਨ।
ਸਤਿਗੁਰ ਬਸੇ ਜਾਇ ਤਿਸ ਥਾਨ।
ਸੁਨਿ ਸੁਨਿ ਕਰਿ ਸਿਖ ਸੰਗਤਿ ਸਾਰੀ।
ਆਵਹਿ ਦਰਸ਼ਨ ਇੱਛਾਧਾਰੀ ॥੩੯॥
ਪੂਰਬ ਦੱਛਨ ਪਸ਼ਚਮ ਕੇਰੇ।
ਲੈ ਲੈ ਕਰਿ ਉਪਹਾਰ ਘਨੇਰੇ।
ਪਰੇ ਬਿਹੀਰ ਚਲੇ ਬਹੁ ਆਵੈਂ।
ਗੁਰਬਾਣੀ ਪਠਿ ਗੁਰੁ ਗੁਰੁ ਧਜਾਵੈਂ ॥੪੦॥
ਕੇਤਿਕ ਸੰਗਤਿ ਸ਼ਸਤ੍ਰਨਿ ਧਾਰੀ।
ਬਨ ਸੁਚੇਤ ਆਵਤਿ ਬਲ ਭਾਰੀ।
ਦੁਸ਼ਟਨ ਕੋ ਦਬਾਇੰ ਜੇ ਅਰੈਂ।
ਬਲੀ ਪਿਖੈਂ ਕੋ ਨੇਰ ਨ ਕਰੈ ॥੪੧॥
ਕੇਤਿਕ ਬਿਨ ਆਯੁਧ ਗਨ ਮਿਲੈਂ।
ਗੁਰੂ ਆਸਰੇ ਬਲ ਕਰਿ ਚਲੈਂ।
ਕਾਰ ਗੁਰੂ ਕੀ ਇਕਠੀ ਧਰੈਂ।
ਆਵਹਿਂ ਆਪ ਤ ਲਜਾਵਨ ਕਰੈਂ ॥੪੨॥
ਇਸ ਪ੍ਰਕਾਰ ਸਤਿਗੁਰ ਬਿਸਰਾਮੇ*।

---

[1]ਨਿਰਮਲ ਨਾਲੇ ਤ੍ਰਿੱਖੇ ਚਲਦੇ ਹਨ [ਵਾਹਾ=ਨਾਲਾ]।
(ਅ) ਨਿਰਮਲ ਹਵਾ ਜ਼ੋਰ ਦੀ ਵਗਦੀ ਹੈ। [ਵਾ=ਵਾਯੂ]।
[2]ਫਿਰਦੇ ਹਨ।
[3]ਭਾਵ ਗੁਰੂ ਜੀ।
*ਜਿੱਥੇ ਸਤਿਗੁਰ ਜੀ ਕਦੇ ਕਦੇ ਏਕਾਂਤ ਜਾ ਬੈਠਿਆ ਕਰਦੇ ਸਨ ਤੇ ਜਿਸ ਟਿਕਾਣੇ ਬੈਠਕੇ ਚੌਪਈ ਰਚੀ ਸੋ ਥਾਂ ਭਬੌਰ ਦੇ ਬਾਹਰ ਹੁਣ ਤੱਕ ਦੱਸੀਦਾ ਹੈ।

ਅਚਲ ਸਥਾਨ[1] ਸੈਲ ਅਭਿਰਾਮੇ।
ਸਕਲ ਖਾਲਸਾ ਸੁਖ ਕੋ ਪਾਇ।
ਰਣ ਕੋ ਸਿਮਰਹਿ ਦਿਵਸ ਬਿਤਾਇ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਗੁਰ ਬਿਸ੍ਰਾਮ' ਪ੍ਰਸੰਗ ਬਰਨਨੰ ਨਾਮ ਸਪਤ ਚਤਵਾਰਿੰਸਤੀ ਅੰਸੂ ॥੪੭॥

[1]ਪਹਾੜੀ ਥਾਉਂ।

## ੪੮. [ਕਲਮੋਟ ਨੂੰ ਘੇਰਨਾ]

੪੭<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੪੯

ਦੋਹਰਾ: ਕਹੈ ਖਾਲਸਾ 'ਗੁਰੂ ਜੀ! ਬਿਨ ਰਣ ਦਿਵਸ ਬਿਤੀਤਿ।
ਸੁਖ ਸੋਂ ਸ਼ੱਤ੍ਰੂ ਸੁਪਤਿ ਹੁਇ, ਆਛੀ ਲਗਹਿ ਨ ਰੀਤਿ' ॥੧॥
ਚੌਪਈ: ਬਿਕਸੇ ਸ਼੍ਰੀ ਮੁਖ ਤੇ ਫੁਰਮਾਯੋ।
'ਘਨੋ ਜੰਗ ਤੁਮਰੇ ਗਰ ਪਾਯੋ।
ਅਵਨੀ ਪੂਰਨ ਸ਼ੱਤ੍ਰੂ ਤੁਮਾਰੇ।
ਸਨੇ ਸਨੇ ਹਨਿ ਬਨਹੁ ਸੁਖਾਰੇ ॥੨॥
ਜੋ ਇੱਛਹੁ ਅਬਿ[1] ਭੀ ਹੁਇ ਰਹੈ[2]?
ਕੰਟਕ ਦੁਸ਼ਟ ਹਤਨ ਨਿਰਬਹੈ[3]।'
ਬੈਠੇ ਹੁਤੇ ਗੁਰੂ ਸ਼ੁਭ ਥਾਨ।
ਤਬਿ ਲੌ ਸੰਗਤਿ ਪਹੁੰਚੀ ਆਨਿ ॥੩॥
ਕਰਿ ਕਰਿ ਨਮੋ ਦਰਸ ਅਵਿਲੋਕਾ।
ਕਰੀ ਪੁਕਾਰ 'ਹਮੈ ਬਹੁ ਸ਼ੋਕਾ।
ਵਸਤੁ ਅਜਾਇਬ ਰਾਵਰਿ ਹੇਤੁ।
ਕਰੀ ਬਟੋਰਨਿ ਬ੍ਰਿੰਦ ਨਿਕੇਤ ॥੪॥
ਆਵਤਿ ਲੀਏ ਗ੍ਰਾਮ ਕਲਮੋਟਾ[4]।
ਬਸੈਂ ਗਵਾਰ ਕਰਮ ਜਿਨ ਖੋਟਾ।
ਰਾਵਰ ਕੀ ਬਹੁ ਦਈ ਦੁਹਾਈ।
ਨਹਿਂ ਮਾਨੇ ਛੀਨੇ ਸਮੁਦਾਈ ॥੫॥
ਗੂਜਰ ਰੰਘਰ ਪੁੰਜ ਮਿਲੇ ਹੈਂ।
ਆਵਤਿ ਮਾਰਗ ਰੋਕ ਖਲੇ ਹੈਂ।
ਵਸਤੁ ਆਪ ਕੀ ਲਾਯਕ ਜੇਈ।
ਲਈ ਖਸੋਟ, ਬਰੇ ਗਢ ਤੇਈ' ॥੬॥
ਸੁਨਿ ਸਤਿਗੁਰ ਕੈ ਕੋਪ ਬਿਸਾਲਾ।
ਫਰਕੇ ਅਧਰ ਬਿਲੋਚਨ ਲਾਲਾ।
ਸੰਗਤਿ ਕੋ ਧੀਰਜ ਤਬਿ ਦੀਨ।
'ਤੁਮਰੀ ਅਰਪੀ ਹਮ ਨੇ ਲੀਨਿ ॥੭॥
ਚਿੰਤਾ ਕਰਹੁ ਨ ਉਰ ਪਛੁਤਾਵਹੁ।

---

[1]ਹੁਣ।
[2]ਸੋ ਹੁਣ ਭੀ ਪੂਰਾ ਹੋ ਰਹੇਗਾ।
[3]ਵੈਰੀਆਂ ਦੁਸ਼ਟਾਂ ਦੇ ਮਾਰਨ ਵਿੱਚ ਹੀ ਬੀਤੇਗੀ।
[4]ਨਾਮ ਹੈ ਪਿੰਡ ਦਾ।

ਬੈਠਹੁ ਮਨਹੁ ਕਾਮਨਾ ਪਾਵਹੁ।'
ਆਲਮ ਸਿੰਘ ਜੋਰਿ ਕਰ ਕਹਾ।
'ਕੰਟਕ ਦੁਸ਼ਟ ਤਹਾਂ ਕੇ ਮਹਾਂ ॥੮॥
ਤਜਿ ਅਨੰਦਪੁਰਿ ਜਬਿ ਚਲਿ ਆਏ।
ਕੇਤਿਕ ਸਿੰਘ ਉਤੈ ਕੋ ਧਾਏ।
ਰੋਕਯੋ ਚਹਤਿ ਰੁਕੇ ਨਹਿਂ ਕੋਇ।
ਛਲ ਕਰਿ ਘੇਰਿ ਲਿਯੇ ਬਿਚ ਦੋਇ ॥੯॥
ਤਿਨ ਕੇ ਸੀਸ ਕਾਟ ਕਰਿ ਗੇਰੇ।
ਨਹੀਂ ਤ੍ਰਾਸ ਮਾਨਹਿਂ ਕਿਸ ਕੇਰੇ।
ਅਸ ਦੁਸ਼ਟਨਿ ਕੌ ਹ੍ਵੈ ਨ ਸਜ਼ਾਇ।
ਕਰਹਿਂ ਬਿਗਾਰ ਰਹੈਂ ਗਰਬਾਇ ॥੧੦॥
ਗੁਰ ਘਰ ਸੋਂ ਬਹੁ ਰਚਯੋ ਬਿਰੁੱਧਾ।
ਚਹਿਯਤਿ ਹਤੇ ਕ੍ਰੁੱਧ ਕਰਿ ਜੁੱਧਾ।'
ਸੁਨਿ ਪ੍ਰਭੁ ਕੋ ਰਿਸ ਭਈ ਘਨੇਰੀ।
ਜਲਤ ਅਗਨਿ ਅਹੁਤੀ ਜਨੁ ਗੇਰੀ ॥੧੧॥
ਆਲਮ ਸਿੰਘ ਕੇ ਸੰਗ ਉਚਾਰੀ।
'ਚਹਤਿ ਖਾਲਸਾ ਕਰਿਯਹਿ ਤਜਾਰੀ।'
ਜੰਗ ਸਮਾਜ ਤਬਹਿ ਬਰਤਾਯੋ।
ਜਾਮਨਿ[1] ਬਿਤੀ ਭੋਰ ਹੁਇ ਆਯੋ ॥੧੨॥
ਹੁਕਮ ਕਰਯੋ ਪ੍ਰਭੁ 'ਬਜਹਿ ਨਗਾਰਾ।
ਸਕਲ ਖਾਲਸਾ ਚਢਹਿ ਸ਼ਿਕਾਰਾ।'
ਪਰੇ ਤੁਰੰਗਨਿ ਪਰ ਬਰ ਜ਼ੀਨ।
ਪੂਰਬ ਪ੍ਰਭੂ ਅਰੂਢਨਿ ਕੀਨ ॥੧੩॥
ਪਰੀ ਦੁਚੋਬ ਖਾਲਸਾ ਚਢਯੋ।
ਸ਼ਸਤ੍ਰਨਿ ਸਹਿਤ ਬੀਰ ਰਸ ਬਢਯੋ।
ਕ੍ਰੁੱਧਤਿ ਪ੍ਰਭੂ ਕਰਯੋ ਪ੍ਰਸਥਾਨਾ।
ਥਰਹਰ ਪ੍ਰਿਥਵੀ ਕੰਪ[2] ਮਹਾਨਾ ॥੧੪॥
ਸ੍ਵੈਯਾ: ਬਾਯੁ ਸਮਾਨ ਸੁ ਬੇਗ ਕੋ ਧਾਰਿ
ਚਲੇ ਗੁਰ ਮਾਰਗ ਮੈਂ ਸਹਿਸਾਈ।
ਦੁੰਦਭਿ ਨਾਦ ਸੁਨਯੋ ਜਹਿਂ ਲੌ

---
[1]ਰਾਤ।
[2]ਕੰਬੀ।

ਸਭਿ ਕੰਪ ਉਠੀ ਗਨ ਲੋਕ ਲੁਕਾਈ।
-ਕੌਨ ਪੈ ਕੋਪ ਕਰਜੋ ਪ੍ਰਭੁ ਧਾਵਤਿ,
ਕੌਨ ਕੀ ਮ੍ਰਿੱਤੁ ਅਬੈ ਨਿਯਰਾਈ?
ਕੋ ਨਹਿਂ ਚਾਹਤਿ ਆਪ ਕੋ ਜੀਵਨ[1]
ਕੀਨਿ ਬਿਗਾਰ ਨਹੀਂ ਸੁਧ ਪਾਈ? - ॥੧੫॥
ਜਾਤਿ ਸੁ ਮਾਰਗ ਛੋਰਿ ਤੁਫੰਗਨ
ਧਾਂਕ ਪਰੀ ਗਿਰ ਦੇਸ਼ ਮਝਾਰੀ।
'ਸ਼੍ਰੀ ਗੁਰ ਗੋਬਿੰਦ ਸਿੰਘ ਕੁਪਜੋ,
ਮਤਿ ਹੀਨ[2]! ਕਹੋ ਕਿਨ ਕੀਨ ਬਿਗਾਰੀ।'
ਭਾਜਤਿ ਏਕ ਮਹਾਂ ਉਰ ਤ੍ਰਾਸਤਿ
ਏਕ ਦੁਰੈਂ ਨਹਿਂ ਦੇਹਿਂ ਦਿਖਾਰੀ।
ਤੇਜ ਧਰੈਂ ਬਲ ਭੂਰ ਭਰੈਂ ਇਮ
ਜਾਤਿ ਭਲੀ ਪ੍ਰਭੁ ਕੀ ਅਸਵਾਰੀ ॥੧੬॥
ਬਾਜਤਿ ਦੀਹ ਨਿਸ਼ਾਨ ਪਯਾਨਤਿ
ਛੋਰਿ ਨਿਸ਼ਾਨ ਕੋ ਚੀਰ ਦਯੋ[3]।
ਯੌਂ ਫਰਰੇ ਫਹਿਰਾਵਤਿ ਹੈਂ
ਜਨੁ ਪੌਨ ਲਗੇ ਘਨ ਜਾਤਿ ਧਯੋ।
ਤੂਰਨ ਆਇ ਉਲੰਘਿ ਨਦੀ ਕਹੁ
ਪੈਂਡ ਬਡੋ ਕਲਮੋਟ ਲਯੋ[4]।
ਔਚਕ ਹੀ ਪਹੁੰਚੇ ਤਿਨ ਪੈ,
ਗਿਰ ਪੈ ਚਢਿ ਦੇਖਨਿ ਦੁਰਗ ਕਿਯੋ ॥੧੭॥
ਯੌਂ ਉਮਡਜੋ ਦਲ ਗੋਬਿੰਦ ਸਿੰਘ ਕੋ
ਵਾਰ ਨ ਪਾਰ ਸੁ ਮਾਰਨ ਧਾਯੋ।
ਆਇਸੁ ਦੀਨਿ ਪ੍ਰਭੁ ਰਿਸ ਕੀਨਿ
'ਲਿਜੈ ਸਭਿ ਛੀਨ ਵਥੂ ਸਮੁਦਾਯੋ।'
ਸ੍ਰੌਨ ਬਿਖੈ ਸੁਨਿ ਸਿੰਘ ਰਿਸੇ ਮਨ
ਧਾਇ ਪਰੇ ਗਨ ਰੌਰ ਉਠਾਯੋ।
ਘੇਰ ਲੀਓ ਕਲਮੋਟ ਕੋ ਕੋਟ,

---

[1]ਆਪਣੇ ਜੀਵਨੇ ਨੂੰ।
[2]ਹੇ ਬਾਵਰਿਓ!
[3]ਝੰਡੇ ਦਾ ਫਰੈਰਾ ਖੋਲ੍ਹ ਦਿੱਤਾ।
[4]ਬੜ ਪੈਂਡਾ ਕਲਮੋਟ ਦਾ (ਮੁਕਾ) ਲਿਆ।

ਚਲੀ ਬਹੁ ਚੋਟਨਿ ਓਟ ਕੋ ਪਾਯੋ[1] ॥੧੮॥
ਧਾਮਨਿ ਜਾਇ ਪ੍ਰਵੇਸ਼ ਭਏ,
ਬਹੁ ਤ੍ਰਾਸ ਦਏ ਖਲ ਭਾਜ ਗਏ।
ਕੇਤਿਕ ਹਾਥ ਤੁਫੰਗਨਿ ਲੈ
ਕਸਿ ਮਾਰਤਿ ਸਿੰਘਨ ਤਾਕਿ ਲਏ।
ਊਚ ਅਵਾਸਨ ਹੋਇ ਮਵਾਸ
ਚਲਾਇ ਬੰਦੂਕਨਿ ਘਾਇ ਘਏ।
ਤੌ ਅਵਿਲੋਕਿ ਕ੍ਰਿਪਾਨਨ ਖੈਂਚਿ ਕੇ
ਸ਼ੱਤ੍ਰ ਗਵਾਰ ਸੁ ਮਾਰਿ ਦਿਏ ॥੧੯॥
ਹੋਨਿ ਲਗੇ ਕਟੀਆ ਪੁਰਿ ਮੈਂ
ਠਹਿਰਹਿਂ ਨਹਿਂ ਪੈਰ ਮਹਾਂ ਡਰਪਾਏ।
ਕੇਤਿਕ ਸਾਮੁਹਿ ਹੋਇ ਮਰੇ ਰਣ,
ਕੇਤਿਕ ਕਾਤੁਰ ਹੋਇ ਪਲਾਏ।
ਮਾਰ ਪਰੀ ਦੁਰਜਾਨ ਕੇ ਊਪਰ
ਘਾਇਲ ਹ੍ਵੈ ਧਰਿ ਪੈ ਤਰਫਾਏ।
ਕੋ ਕਰ ਜੋਰਿ ਨਿਹੋਰਤਿ ਹੈਂ,
ਮੁਖ ਮੋਰਤਿ ਹੈਂ ਨ ਘਨੇ ਰਿਪੁ ਘਾਏ[2] ॥੨੦॥
ਕੇਤਿਕ ਮਾਰਿ ਤੁਫੰਗਨਿ ਅੰਗਨ
ਰੰਗ ਸੁਰੰਗ ਕਰੇ ਤਤਕਾਲਾ।
ਕੇਚਿਤ ਕੇ ਤਨ ਮਾਰਿ ਕ੍ਰਿਪਾਨਨਿ
ਗੇਰ ਲਿਯੇ ਕਰਿ ਘਾਵ ਕਰਾਲਾ।
ਧਾਮ ਉਤੰਗਨ ਕੋ ਤਜਿ ਕੈ
ਭਜਿ ਕੈ ਸਭਿ ਕੋਟ ਕੋ ਓਟ ਸੰਭਾਲਾ।
ਬਾਹਰ ਜੇਤਿਕ ਜ਼ਾਹਰ ਥੇ
ਸਭਿ ਮਾਰ ਲਿਯੇ ਬਡਿ ਆਹਰ ਨਾਲਾ[3] ॥੨੧॥
ਲੂਟ ਲੀਏ, ਅਰੁ ਕੂਟ ਦਿਏ,
ਅਰਿ ਫੂਟ ਗਏ ਸਿਰ, ਛੂਟਸਿ ਪ੍ਰਾਨਾ।
ਗ੍ਰਾਮ ਕੇ ਧਾਰਨ ਸਿੰਘ ਬਰੇ,

[1]ਭਾਵ ਚੋਟਾਂ ਪਈਆਂ (ਨਿਸ਼ਾਨੇ ਵੱਜੇ) ਤਾਂ ਓਹਲੇ ਹੋ ਗਏ। (ਅ) ਚੰਗੀ ਮਾਰ ਪਈ ਓਟ ਪਾਕੇ ਘਰੀਂ ਜਾ ਵੜੇ।
[2]ਕੋਈ ਹੱਥ ਜੋੜਕੇ ਮਿੰਨਤ ਕਰਦੇ ਹਨ, (ਖਾਲਸਾ ਜੀ ਉਨ੍ਹਾਂ ਵਲੋਂ) ਮੂੰਹ ਮੋੜ ਲੈਂਦੇ ਹਨ (ਐਉਂ ਦੇ) ਬਹੁਤੇ ਦੁਸ਼ਮਨ ਨਹੀਂ ਮਾਰੇ ਭਾਵ ਸ਼ਰਨ ਮੰਨਕੇ ਬਹੁਤੇ ਬਚ ਗਏ।
[3]ਉੱਦਮ ਨਾਲ।

ਤਿਨ ਤ੍ਰੀਯਨਿ ਦੇ ਕਰਿ ਤ੍ਰਾਸ ਮਹਾਨਾ।
ਬਾਹਰ ਦੂਰ ਨਿਕਾਰ ਦਬੀ
ਸਿਰ ਪੀਟਤਿ ਹੈਂ ਕਿਸ ਜਾਇਂ ਸਥਾਨਾ*।
ਦਜੋਸ ਬਿਤਜੋ ਦਿਨਨਾਥ ਅਥਜੋ
ਤਮ ਪੁੰਜ ਭਯੋ ਭਯ ਦਾਯਕ ਨਾਨਾ ॥੨੨॥
ਘੋਰ ਉਲੂਕ ਸੁ ਬੋਲਿ ਉਠੇ
ਗਨ ਜੰਬੁਕ ਆਨਿ ਪੁਕਾਰ ਕਰੀ।
ਕੂਕਰ ਕੂਕਤਿ ਮਾਸ ਅਘਾਵਤਿ
ਰੌਰ ਪਰਜੋ ਬਹੁ ਤਾਂਹਿ ਘਰੀ।
ਦੁਰਗ ਮਵਾਸ ਗਵਾਰਨਿ ਕੀਨਿ
ਤੁਫੰਗਨ ਕੀ ਤਿਨ ਮਾਰ ਧਰੀ।
ਸਿੰਘ ਬਰੇ ਬਿਚ ਧਾਮਨ ਕੇ
ਚਹਿਂ ਨੇਰ ਕਰਜੋ ਹਤਿ ਲੇਹਿਂ ਅਰੀ ॥੨੩॥
ਸ੍ਰੀ ਗੁਰੁ ਗੋਬਿੰਦ ਸਿੰਘ ਥਿਰੇ ਜਹਿਂ,
ਸਿੰਘ ਗਏ ਕਰ ਜੋਰਿ ਬਖਾਨੈਂ।
'ਆਇਸੁ ਆਪ ਉਚਾਰਹੁ ਸ੍ਰੀ ਪ੍ਰਭੁ !
ਹੇਲ ਕੋ ਘਾਲਿ ਅਬੈ ਰਿਪੁ ਹਾਨੈਂ।
ਕੋਟ ਮਹਿਂ ਕੂਦ ਕਰਹਿਂ ਕਟਿਯਾ
ਨਹਿਂ ਛੋਰਹਿਂਗੇ ਇਕ ਭੀ ਜੁਤਿ ਪ੍ਰਾਨਹਿਂ।
ਸਿੰਘ ਰਹੇ ਰੁਪ, ਢੂਕ ਚਲੇ ਢਿਗ[1]
ਆਪ ਕੇ ਬਾਕ ਕੀ ਦੇਰ ਪਛਾਨੈ ॥੨੪॥
ਸ੍ਰੀ ਪ੍ਰਭੁ ਧੀਰਜ ਦੀਨ ਪ੍ਰਬੀਨ
'ਕਰੇ ਰਿਪੁ ਦੀਨ ਬਰੇ ਗਢ ਜਾਈ[2]।
ਰਾਤਿ ਮੈਂ ਕੋਪ ਨ ਬਾਦ ਕਰੋ[3]
ਥਿਰਤਾ ਗਹਿ ਬੈਠਿ ਰਹੋ ਸਮੁਦਾਈ।

---

*ਜਨਾਨੀਆਂ ਨੂੰ ਬਾਹਰ ਕੱਢ ਦੇਣ ਦਾ ਕਾਰਨ ਇਹ ਸੀ ਕਿ ਕਿਲ੍ਹੇ ਤੇ ਹੱਲਾ ਕਰਨਾ ਹੈ ਤੇ ਘਮਸਾਣ ਵਿੱਚ ਏਹ ਤੇ ਇਨ੍ਹਾਂ ਦੇ ਬੱਚੇ ਵਿੱਚ ਪਏ ਪਿਸਨਗੇ।

ਤ੍ਰਾਸ ਇਸ ਕਰਕੇ ਦਿੱਤਾ ਕਿ ਐਵੇਂ ਘਰ ਛਡਕੇ ਕੌਣ ਨਿਕਲਦਾ ਹੈ, ਸੋ ਇਹ ਤ੍ਰਾਸ ਦੇਕੇ ਕੱਢਣਾ ਉਨ੍ਹਾਂ ਦੇ ਭਲੇ ਲਈ ਸੀ ਤੇ ਖਾਲਸੇ ਨੂੰ ਸਬਕ ਸਿਖਾਲਨਾ ਸੀ ਕਿ ਜੰਗ ਵਿੱਚ ਬੀ ਇਸਤ੍ਰੀ ਬੱਚੇ ਤੇ ਭੁੱਲਕੇ ਬੀ ਸ਼ਸਤ੍ਰ ਨਾ ਚੱਲ ਜਾਵੇ।

[1]ਨੇੜੇ ਢੁੱਕ ਚੱਲੇ ਹਨ।

[2]ਵੈਰੀ ਦੀਨ ਕਰ ਦਿੱਤੇ ਹਨ ਤੇ ਓਹ ਗੜ੍ਹੀ ਵਿੱਚ ਜਾ ਵੜੇ ਹਨ।

[3]ਬਿਅਰਥ ਕ੍ਰੋਧ ਨਾ ਕਰੋ।

ਹੋਤਿ ਪ੍ਰਭਾਤਿ ਫਤੇ ਕਰਿਯੋ
ਸਭਿ ਹੂੰ ਦਿਹੁ ਨਾਸਿ, ਨ ਜਾਹਿਂ ਪਲਾਈ।
ਮੂਢਨਿ ਸੰਗਤਿ ਛੀਨ ਲਈ
ਤਿਸ ਕੋ ਪਲਟਾ ਹਮ ਲੇਂ ਅਬਿ ਪਾਈ' ॥੨੫॥
ਆਲਮ ਸਿੰਘ ਉਦੇ ਸਿੰਘ ਆਦਿਕ
ਫੇਰ ਕਹ੍ਯੋ ਪ੍ਰਭੁ ਸੋਂ ਕਰ ਜੋਰੇ।
'ਰਾਤ ਹੀ ਮਹਿਂ ਰਿਪੁ ਘਾਤਨਿ ਦੇਹੁ[1]
ਨਿਪਾਤ ਕਰੈਂ ਛਿਨ ਮੈਂ ਸਭਿ ਟੋਰੇ[2]।
ਭਾਜ ਨ ਜਾਹਿਂ, ਕਿ ਆਇ ਸਹਾਇਕ,
ਕੋ ਕਰਿ ਘਾਤਿ ਨ ਜਾਵਹਿਂ ਛੋਰੇ[3]।
ਹ੍ਵੈ ਇੱਤਜਾਦਿਕ ਬਿਘਨ ਘਨੇ ਅਬਿ
ਹੇਲ ਕੋ ਘਾਲਨਿ ਦੇਹੁ ਸੁ ਜ਼ੋਰੇ[4]' ॥੨੬॥
ਸ਼੍ਰੀ ਕਲ਼ਗੀਧਰ ਸਿੰਘਨਿ ਕੋ ਕਹਿਂ
'ਧੀਰਜ, ਨਾਂਹਿ ਕਰੋ ਸਹਿਸਾਈ[5]।
ਚਾਰਹੁਂ ਓਰਨਿ ਘੇਰਨ ਘੇਰਿ
ਸਜੋਰਹਿ ਰਾਖਹੁ ਕੀ ਤਕਰਾਈ[6]।
ਕਾਲ ਪੁਜ੍ਯੋ ਇਨ, ਜਾਤਿ ਨਹੀਂ ਕਿਤ,
ਕੋ ਇਕ ਘਾਤਿ ਸੁ ਹਾਥ ਨ ਆਈ[7]।
ਹੋਤਿ ਪ੍ਰਭਾਤਿ ਕਰੌਂ ਸਭਿ ਘਾਤਿ,
ਰਹੌਂ ਸਵਧਾਨ ਇਹੀ ਭਲਿਆਈ' ॥੨੭॥
ਆਇਸੁ ਮਾਨਿ ਸੁਜਾਨ ਗੁਰੂ
ਭਟ ਗ੍ਰਾਮ ਕੇ ਧਾਮ ਅਰਾਮ ਕਰ੍ਯੋ।
ਚਾਰ ਹੂੰ ਓਰਨਿ ਘੇਰ ਰਖ੍ਯੋ
ਗਢ ਤੀਰ ਤੁਫੰਗਨ ਹਾਥ ਧਰ੍ਯੋ।
ਅੰਤਰ ਤੇ ਗੁਲਕਾਂ ਗਨ ਮਾਰਤਿ
ਜਾਤਿ ਹੈਂ ਬਾਦ ਨ ਕੋਇ ਮਰ੍ਯੋ।

---

[1]ਮਾਰਨ ਦਿਓ।
[2]ਲੱਭਕੇ।
[3]ਕੋਈ ਦਾਉ ਕਰਕੇ (ਕਿਲਾ) ਛੱਡ ਨਾ ਜਾਣ।
[4]ਜੋਰ ਨਾਲ।
[5]ਧੀਰਜ ਕਰੋ, ਕਾਹਲੀ ਨਾ ਕਰੋ।
[6]ਜੋਰ ਨਾਲ ਤਕੜਾਈ ਕਰਕੇ ਰੱਖੋ।
[7]ਕੋਈ ਵੀ ਦਾਉ ਉਨ੍ਹਾਂ ਨੂੰ ਹੱਥ ਨਹੀਂ ਆਵੇਗਾ।

ਰਾਖਤਿ ਦੇ ਕਰ ਆਪ ਪ੍ਰਭੂ
ਬਿਨ ਘਾਵ ਸਬੈ ਦਲ ਪੁੰਜ ਥਿਰਯੋ ॥੨੮॥
ਕੰਟਕ[1] ਸੰਕਟ ਪਾਇ ਘਨੋ
ਗੜ ਬੀਚ ਘਿਰੇ ਡਰਪਾਵਤਿ ਹੈਂ।
ਜੀਵਨ ਕੀ ਨਹਿਂ ਆਸ ਧਰੈਂ,
ਲੁਟ ਧਾਮ ਗਏ ਪਛੁਤਾਵਤਿ ਹੈਂ।
ਕੀਨ ਕੁਕਾਜ ਮਹਾਂ ਗੁਰ ਕੋ
ਤਿਸ ਕੋ ਫਲ ਸੋ ਦਿਖਰਾਵਤਿ ਹੈਂ।
ਤੀਰ ਚਲਾਵਤਿ ਬਾਦ ਸੁ ਜਾਵਤਿ
ਤਯੋਂ ਗੁਲਕਾ ਬਰ ਖਾਵਤਿ ਹੈਂ ॥੨੯॥
ਮੰਚ ਬਿਛਾਇ ਪ੍ਰਭੂ ਕਿਯ ਪੌਢਨਿ
ਏਕ ਤਰੋਵਰ* ਕੇ ਤਰ ਹੋਏ।
ਸਿੰਘ ਪਚੀਸਕ ਪਾਸ ਥਿਰੇ
ਗਹਿ ਆਯੁਧ ਕੌ ਸਵਧਾਨ ਖਰੋਏ।
ਔਰ ਸਭੇ ਭਟ ਘੇਰ ਰਹੇ ਗੜ,
ਏਕ ਸੁਚੇਤ ਖਰੇ, ਇਕ ਸੋਏ।
ਯਾ ਬਿਧਿ ਜਾਮਨਿ ਕੀਨ ਬਿਤਾਵਨਿ
ਚਾਰ ਘਟੀ ਅਰਣੋਦਯ ਜੋਏ ॥੩੦॥
ਸੰਖਨ ਮਹਿਂ ਭਰਿ ਫੂਕ ਬਜਾਵਤਿ
ਬਾਜ ਉਠਯੋ ਰਣਜੀਤ ਨਗਾਰਾ।
ਵਾਹਿਗੁਰੂ ਜੀ ਕੀ ਸੁ ਫਤੇ ਕਹਿਂ
ਹੋਤਿ ਭਯੋ ਉਤਸਾਹ ਉਦਾਰਾ।
ਪੁੰਜ ਤੁਫੰਗਨਿ ਕੇਰ ਤੜਾਕਨ
ਅੰਤਰ ਛੋਰਤਿ ਹੈਂ ਡਰ ਧਾਰਾ।
ਹੋਇ ਸੁਚੇਤ ਸ਼ਨਾਨ ਕਰੈਂ
ਕਿਨ ਕੇਸ ਸੁਧਾਰ ਬੰਧੀ ਦਸਤਾਰਾ ॥੩੧॥
ਤਮ ਮੋਹਿ ਕਿ ਪੂਖਣ ਪੂਖਣ ਪੇਖਿ
ਕਹਯੋ ਭਵ ਭੂਖਣ[2] 'ਹ੍ਵੈ ਸਵਧਾਨਾ।
ਗਢਿ ਪੈ ਅਬਿ ਹੇਲ ਕਰੌ ਮਿਲਿ ਕੈ

[1]ਵੈਰੀ।
*ਇਹ ਬ੍ਰਿਛ (ਪਿੱਪਲ) ਹੁਣ ਤੱਕ ਮੌਜੂਦ ਹੈ।
[2]ਸੰਸਾਰ ਦੇ ਭੂਖਣ ਤੇ ਮੋਹ (ਰੂਪੀ) ਅੰਧੇਰੇ ਦੇ ਸੂਰਜ (ਗੁਰੂ ਜੀ) ਨੇ ਸੂਰਜ ਵੇਖਕੇ ਕਹਿਆ।

ਚਢਿ ਊਪਰ ਬੀਰ ਬਰੋ[੧] ਰਿਪੁ ਹਾਨਾ।
ਕਰਿ ਕਾਰਜ ਲੇਹੁ ਸਬੇਰ ਅਬੇਰ[੨]
ਨਿਬੇਰਹੁ ਜੰਗ ਪਰੈ ਘਮਸਾਨਾ।'
ਸੁਨਿ ਕੈ ਸਭਿ ਸਿੰਘ ਫਿਰੇ ਚਹੁੰ ਓਰਨਿ
ਘਾਲਨਿ ਜ਼ੋਰ ਸੁ ਸ਼ੋਰ ਮਹਾਨਾ ॥੩੨॥
ਢੋਇ ਕਰੀ ਢਿਗ ਢੂਕ ਗਏ
ਚਹੁੰ ਓਰਨਿ ਤੇ ਲਲਕਾਰ ਪਰੇ।
ਪਾਸ ਗਏ, ਨਹਿਂ ਤ੍ਰਾਸ ਭਏ,
ਗਢ ਭੀਤਨ ਲੌ[੩] ਅਬਿ ਜਾਇ ਅਰੇ।
ਹਾਥ ਕਹੀ ਗਹਿ ਢਾਹਨਿ ਲਾਗਜੋ,
ਰੌਰ ਕੋ ਸ਼ੋਰ ਬਿਸਾਲ ਕਰੇ।
ਫੇਰ ਫਿਰੇ ਅਲਬਾਲ ਪਰੇ
ਬਲ ਭੂਰ ਧਰੇ ਚਹਿਂ ਭੀਤ ਚਰੇ[੪] ॥੩੩॥
ਯੌਂ ਚਹੂੰ ਓਰ ਪਰੀ ਜਬਿ ਧੂੰਮ
ਮਿਲੇ ਗਢ ਭੀਤ ਕੇ ਸੰਗ ਸੁ ਜਾਈ।
ਅੰਤਰ ਜ਼ੋਰ ਨਿਰੰਤਰ ਕੋ ਕਰਿ,
ਹਾਰ ਪਰੇ ਤੁਪਕਾਨ ਚਲਾਈ।
ਜਾਨਤਿ ਭੇ -ਚਢਿ ਹੈਂ ਗਢ ਪੈ
ਨਹਿਂ ਪ੍ਰਾਨ ਬਚੈਂ, ਕਤਲਾਮ ਕਰਾਈ-।
ਹੋਇ ਅਧੀਰਜ ਬੀਰਜ[੫] ਕੋ ਤਜਿ
ਤ੍ਰਾਸ ਧਰੇ ਸੋ ਪਰੇ ਘਿਘਿਆਈ ॥੩੪॥
ਚੀਰ ਗਵਾਰਨਿ ਫੇਰਨਿ ਕੀਨਿ[੬]'
ਭਨੈਂ ਬਿਨਤੀ ਗੁਰ ਕੀ ਸੁ ਦੁਹਾਈ।
'ਪ੍ਰਾਨ ਬਚੈਂ, ਇਹ ਦਾਨ ਕਰੋ ਪ੍ਰਭੁ !
ਆਨ ਨ ਬਾਂਛਤਿ ਹੈਂ ਵਥੁ ਕਾਈ।
ਭੂਲ ਗਏ ਬਖਸ਼ੋ ਹਮ ਕੋ
ਨਹਿਂ ਜੀਵਤਿ ਫੇਰ ਕਰੈਂ ਖੁਟਿਆਈ।

---

[੧]ਵੜੇ।
[੨]ਦੇਰੀ ਤੋਂ ਬਿਨਾਂ ਸੁਵੇਰੇ ਹੀ ਕਾਰਜ ਕਰ ਲੌ [ਅ+ਬੇਰ=ਦੇਰੀ ਬਿਨਾਂ]।
[੩]ਕੰਧਾਂ ਤੱਕ।
[੪]ਕੰਧਾਂ ਤੇ ਚੜ੍ਹਨਾ।
[੫]ਬਲ।
[੬](ਹਾਰ ਦਾ) ਪੱਲੂ ਫੇਰਿਆ।

ਆਪ ਦਇਆ ਨਿਧਿ ਸੂਰ ਸ਼ਿਰੋਮਣਿ
ਕੌਨ ਚਹੈ ਤੁਮਰੀ ਸਮਤਾਈ' ॥੩੫॥
ਦੀਨ ਭਏ ਬਿਨਤੀ ਜਬਿ ਕੀਨਿ
ਕ੍ਰਿਪਾਲ ਸੁਨੀ ਕਰੁਨਾ ਹੁਇ ਆਈ।
ਜੀਵਤਿ ਤਜਾਗ ਨਿਕਾਰ ਲਏ ਸਭਿ
ਆਯੁਧ ਛੀਨ, ਕਹੀ ਪਕਰਾਈ।
ਧਾਮ ਸਭੈ ਗਢ ਭੀਤ ਤਬੈ
ਢਹਿਵਾਇ ਦਿਯੇ ਤਿਨ ਤੇ ਬਲ ਲਾਈ।
ਥਾਨ ਸਮਾਨ ਮਦਾਨ ਕਿਯੋ ਤਹਿਂ,
ਮਾਨਹੁ ਨਾਂਹਿਂ ਬਸੇ ਇਸ ਥਾਂਈ[1] ॥੩੬॥

ਦੋਹਰਾ: ਲੂਟ ਕੂਟ ਕਲਮੋਟ ਕੋ, ਪਲਟਾ ਤਿਨ ਤੇ ਲੀਨ।
ਸੂਰ ਸ਼ਿਰੋਮਣਿ ਦਸਮ ਗੁਰ, ਸਭਿ ਜਗ ਮਹਿਂ ਜਸੁ ਕੀਨ ॥੩੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਕਲਮੋਟ ਮਾਰਨ' ਪ੍ਰਸੰਗ ਬਰਨਨੰ ਨਾਮ ਅਸ਼ਟ ਚਤਵਾਰਿੰਸਤੀ ਅੰਸੂ ॥੪੮॥

[1]ਮਾਨੋ ਇਸ ਥਾਵੇਂ (ਕਦੇ) ਵੱਸੇ ਹੀ ਨਹੀਂ ਸਨ।

## ੪੯. [ਵਾਪਸ ਆਨੰਦ ਪੁਰ ਆਏ]

੪੮<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੫੦

ਦੋਹਰਾ: ਕਰਯੋ ਥੇਹ ਕਲਮੋਟ ਕੋ, ਦਈ ਸਜ਼ਾਇ ਬਿਸਾਲ।
ਤਿਸ ਦਿਨ ਤੇ ਸੰਗਤਿ ਸਦਾ, ਸੁਖੀ ਰਹੀ ਸਭ ਕਾਲ ॥੧॥
ਚੌਪਈ: ਕਿਤ ਤੇ ਆਇ ਕਿਸੂ ਮਗ ਜਾਵੈਂ।
ਬਾਕ ਕਠੋਰ ਭਿ ਨਹੀਂ ਅਲਾਵੈਂ।
ਗੁਰ ਕੋ ਤ੍ਰਾਸ ਧਰਹਿਂ ਉਰ ਭਾਰੀ।
ਦੇਖਿ ਲੇਹੁ ਕਲਮੋਟ ਉਜਾਰੀ* ॥੨॥
ਰਾਜੇ ਨਿਜ ਨਿਜ ਪੁਰਿ ਮਹਿਂ ਥਿਰੇ।
ਕੁਛ ਵਿਰੋਧ ਕੋ ਜ਼ਿਕਰ ਨ ਕਰੇ।
ਦਰਬ ਖਰਚ ਹੋਯਸਿ ਬਹੁਤੇਰਾ।
ਦਯੋ ਤੁਰਕ ਅਰ ਭਟਨਿ ਘਨੇਰਾ ॥੩॥
ਜੰਗ ਸਮਾਜ ਅਪਰ ਜੇ ਨਾਨਾ।
ਤਿਨ ਪਰ ਹੋਯਹੁ ਖਰਚ ਮਹਾਨਾ।
ਸਨਬੰਧੀ ਅਰੁ ਸੁਭਟ ਸੰਘਾਰੇ।
ਉਜਰਯੋ ਦੇਸ਼ ਉਪੱਦ੍ਰਵ ਭਾਰੇ ॥੪॥
ਸਭਿ ਹੀ ਰੀਤਿ ਭਯੋ ਨੁਕਸਾਨ।
ਬਧਯੋ ਸ਼ੋਕ ਅਰੁ ਦੁਖੀ ਮਹਾਨ।
ਆਪ ਆਪਨੇ ਪੁਰਿ ਥਿਰ ਰਹੇ।
ਗੁਰ ਕੀ ਬਾਤ ਨ ਕੈਸੇ ਕਹੇਂ ॥੫॥
ਜਬਿ ਸਤਿਗੁਰ ਮਾਰੀ ਕਲਮੋਟ।
ਕਿਸਹੁਂ ਨ ਚਿਤਵਯੋ ਗੁਰ ਸੰਗ ਖੋਟ।
ਇਕ ਮੁਕਾਮ ਕੀਨਸਿ ਤਿਸ ਥਾਨ।
ਬੈਠੇ ਸ਼੍ਰੀ ਪ੍ਰਭੁ ਲਾਇ ਦਿਵਾਨ ॥੬॥
ਦਯਾ ਸਿੰਘ ਆਦਿਕ ਢਿਗ ਥਿਰੇ।
ਸਕਲ ਖਾਲਸਾ ਬਿਨਤੀ ਕਰੇ।
'ਨਿਕਸੇ ਜਬਿ ਅਨੰਦਪੁਰਿ ਛੋਰਿ।
ਗਮਨੇ ਪ੍ਰਿਥਵੀ ਪਰ ਕੀ ਓਰ[1] ॥੭॥
ਸ਼੍ਰੀ ਮੁਖ ਬਾਕ ਏਵ ਫੁਰਮਾਯੋ[2]।

*ਪਿੰਡ ਜੋ ਮੁੜਕੇ ਵੱਸਿਆ 'ਖੇੜਾ ਕਲਮੋਟ' ਅਜੇ ਹੈ। *ਗੁਰਦੁਆਰਾ ਬੀ ਹੈ।
[1]ਜਦੋਂ (ਅਨੰਦਪੁਰ ਛੱਡਕੇ) ਪਰਾਈ ਪ੍ਰਿਥਵੀ ਵੱਲ ਟੁਰੇ ਸੀ ਭਾਵ ਦੂਸਰੇ ਇਲਾਕੇ ਗਏ ਸਾਓ।
[2]ਫੁਰਮਾਇਆ ਸੀ।

ਸਭਿ ਸਿੰਘਨ ਕੋ ਸ਼੍ਰੋਨ ਸੁਨਾਯੋ।
-ਹਮਰੋ ਸਦਨ ਅਨੰਦਪੁਰਿ ਮਾਂਹੀ।
ਇਸ ਕੋ ਕਿਮ ਛੋਰਹਿਂ ਕਬਿ ਨਾਹੀਂ- ॥੮॥
ਸੋ ਅਬਿ ਬਾਕ ਸੰਭਾਲਨਿ ਕਰੋ।
ਚਲਨ ਚਾਹਿ ਉਰ ਪੁਰਿ ਨਿਜ ਧਰੋ।
ਸਰਬ ਗਿਰੇਸ਼ੁਰ ਲਰਿ ਪਚ ਹਾਰੇ।
ਆਪ ਆਪਨੇ ਨਗਰ ਸਿਧਾਰੇ ॥੯॥
ਰਣ ਉੱਦਯੋਗ ਤਜਾਗ ਸਭਿ ਦੀਨਾ।
ਜਨੁ ਉਤਸਾਹ ਛੀਨ ਕਿਨ ਲੀਨਾ।
ਅਬਿ ਹਟਿ ਕਹਾਂ ਬਿਭੌਰ[+] ਸਿਧਾਰੋ।
ਸ਼੍ਰੀ ਅਨੰਦਪੁਰਿ ਅਪਨਿ ਸੰਭਾਰੋ' ॥੧੦॥
ਸਕਲ ਖਾਲਸੇ ਤੇ ਸੁਨਿ ਬਾਨੀ।
ਜਾਨੀ ਮਨ ਕੀ ਚਾਹਿ ਮਹਾਨੀ।
ਦੇਨਿ ਅਨੰਦ ਅਨੰਦਪੁਰਿ ਕੇਰਾ।
ਮਾਨੀ ਬਾਤ ਪ੍ਰਭੁ[1] ਇਸ ਬੇਰਾ ॥੧੧॥
ਪਾਛਲ ਡੇਰਾ ਕਹਿ ਅਨਵਾਯੋ।
ਸੁਨਿ ਸੁਧਿ ਸ਼੍ਰੌਨ ਸ਼ੀਘ੍ਰ ਹੀ ਆਯੋ।
ਸਕਲ ਬਿਹੀਰ ਮਿਲਯੋ ਇਕ ਥਾਂਏ।
ਸੁਪਤ ਜਥਾ ਸੁਖ ਰਾਤਿ ਬਿਤਾਏ ॥੧੨॥
ਦਿਵਸ ਆਗਲੇ ਕੀਨਸਿ ਤਜਾਰੀ।
ਭਯੋ ਦਮਾਮਾ ਜਿਸ ਧੁਨਿ ਭਾਰੀ।
ਜ਼ੀਨ ਪਵੰਗਮ ਪਰ[2] ਸਭਿ ਪਾਏ।
ਆਯੁਧ ਆਦਿ ਤੁਫੰਗ ਉਠਾਏ ॥੧੩॥
ਕਮਰ ਕਸਾ ਕਰਿ ਹੁਇ ਸਵਧਾਨਾ।
ਸਕਲ ਖਾਲਸਾ ਬੀਰ ਮਹਾਨਾ।
ਖੜਗ ਨਿਖੰਗ ਅੰਗ ਸੰਗ ਲਾਇ।
ਚਾਂਪ ਆਪ ਪ੍ਰਭੁ ਹਾਥ ਉਠਾਇ ॥੧੪॥
ਦਲ ਬਿਦਾਰ[3] ਸੁੰਦਰ ਬਡ ਘੋਰਾ।

---

[+]ਪਾ:-ਕਿ ਭੋਰ।
[1]ਸ੍ਰੀ ਗੁਰੂ ਜੀ ਨੇ।
[2]ਘੋੜਿਆਂ ਉਤੇ।
[3]ਦਲ ਨਾਸ਼ਕ (ਅ) ਨਾਮ ਘੋੜੇ ਦਾ।

ਚੰਚਲ ਮਹਾਂ ਭਰਜੋ ਤਨ ਜ਼ੋਰਾ।
ਹੁਇ ਅਰੂਢਿ ਮਾਰਗ ਪ੍ਰਸਥਾਨੇ।
ਦੁੰਦਭਿ ਬਜਤੇ ਸ਼ਬਦ ਮਹਾਨੇ ॥੧੫॥
ਚਲਜੋ ਖਾਲਸਾ ਪ੍ਰਭੂ ਪਿਛਾਰੀ[1]।
ਮਿਲਹਿਂ ਭੇਟ ਦੇ ਪ੍ਰਭੁ ਅਗਾਰੀ[2]।
ਬਿਨੈ ਕਰੈਂ 'ਹਮ ਪ੍ਰਜਾ ਤੁਮਾਰੀ।
ਅਪਨੇ ਜਾਨਿ ਕਰਹੁ ਰਖਵਾਰੀ' ॥੧੬॥
ਤਿਨ ਕੋ ਦੇ ਧੀਰਜ ਚਲਿ ਪਰੈਂ।
ਕੇਤਿਕ ਦੌਰ ਦੌਰ ਨਰ ਦੁਰੈਂ।
ਸਕੈਂ ਨ ਸਨਮੁਖ ਹੁਇ ਡਰ ਲਾਜੈਂ।
ਕੇਤਿਕ ਦੁਸ਼ਟ ਸੁਨਤਿ ਧੁਨਿ ਭਾਜੈਂ ॥੧੭॥
ਜੇ ਬੇਮੁਖ ਹ੍ਵੈ ਗ੍ਰਾਮ ਪਛਾਨੈਂ[3]।
ਲੂਟੈਂ ਕੂਟਹਿਂ ਅੱਗ੍ਰ ਪਯਾਨੈਂ[4]।
ਸ਼੍ਰੀ ਅਨੰਦਪੁਰਿ ਕੋ ਚਲਿ ਆਏ।
ਪਿਤਾ ਸਥਾਨ ਪ੍ਰਥਮ ਦਰਸਾਏ ॥੧੮॥
ਉਤਰਿ ਜੋਰਿ ਕਰ ਬੰਦਨ ਕੀਨਿ।
ਬਹੁਰ ਪ੍ਰਕਰਮਾ ਫਿਰ ਕਰਿ ਦੀਨਿ।
ਹਾਥ ਜੋਰਿ ਅਰਦਾਸ ਕਰਾਇ।
ਮਧੁਰ ਪ੍ਰਸ਼ਾਦਿ ਬਹੁਤ ਬਰਤਾਇ ॥੧੯॥
ਬਹੁਰੋ ਸਦਨ ਆਪਨੇ ਗਏ।
ਪੁਰਿ ਮਹਿਂ ਨਾਨਾ ਮੰਗਲ ਭਏ।
ਨਿਜ ਨਿਜ ਥਾਨ ਖਾਲਸਾ ਥਿਰਜੋ।
ਹਯਨਿ ਲਗਾਵਨਿ ਗਨ ਕੋ ਕਰਜੋ ॥੨੦॥
ਪ੍ਰਥਮ ਬਸੇ ਨਰ ਸਭਿ ਚਲਿ ਆਏ।
ਧਰਿ ਉਪਹਾਰ ਪਗਨਿ ਲਪਟਾਏ।
ਸਭਿਹਿਨਿ ਮਿਲਿ ਮਿਲਿ ਬਿਨੈ ਬਖਾਨੀ।
ਸੁਨਿ ਪ੍ਰਭੁ ਧੀਰਜ ਦਈ ਮਹਾਨੀ ॥੨੧॥
ਪ੍ਰਥਕ ਪ੍ਰਥਕ ਕੀ ਕੁਸ਼ਲ ਪੂਛਿ ਤਬਿ।

---

[1]ਗੁਰੂ ਜੀ ਦੇ ਪਿੱਛੇ।
[2]ਅੱਗੋਂ ਭੇਟ ਦੇਕੇ ਮਿਲਦੇ ਹਨ।
[3]ਜੋ ਬੇਮੁਖ ਹੋਏ (ਸਨ ਉਨ੍ਹਾਂ ਦੇ) ਪਿੰਡ ਪਛਾਣਦੇ ਹਨ।
[4]ਚਲਦੇ ਹਨ (ਸਿੰਘ)।

ਹਰਖਤਿ ਕਰੇ ਨਗਰ ਕੇ ਜਨ ਸਬਿ।
ਹੁਕਮ ਕਰਯੋ 'ਪੁਰਿ ਕੈ ਨਰ ਜੇਈ।
ਉਜਰਿ ਗਏ ਆਨਹੁਂ ਸਭਿ ਤੇਈ ॥੨੨॥
ਅਪਰ ਬਾਨੀਏਂ ਆਦਿ ਜਿ ਆਵਹਿਂ।
ਬਸਹਿਂ ਸਦਨ ਤਿਨ ਕੇ ਬਨਵਾਵਹਿਂ।
ਬਾਂਛਤਿ ਵਸਤੁ ਲੇਂ ਗੁਰ ਘਰ ਤੇ।
ਬਸਹਿਂ ਆਨਿ ਕਰਿ ਪੁਰਿ ਅਬਿ ਨਰ ਤੇ' ॥੨੩॥
ਇਮ ਕਹਿ ਸਕਲ ਹਕਾਰਨਿ ਕਰੇ।
ਅਧਿਕ ਬਸਾਵਨ ਬਾਂਛਾ ਧਰੇ।
ਜਹਿਂ ਕਹਿਂ ਤੇ ਕਹਿ ਜਨ ਅਨਵਾਏ।
ਸਨਮਾਨਹਿਂ ਪੁਰਿ ਅਨੰਦ ਬਸਾਏ ॥੨੪॥
ਆਵਨਿ ਲਗੇ ਸੈਂਕਰੇ ਲੋਕ।
ਪ੍ਰਭੁ ਦੇ ਧਨ ਬਨਵਾਏ ਓਕ[1]।
ਦੁਇ ਛਾਤਨ ਕੇ ਕਿਸ ਕੀ ਤੀਨ।
ਸੁੰਦਰ ਸਦਨ ਸੁਹਾਵਨ ਕੀਨਿ ॥੨੫॥
ਲਗੇ ਅਨਿਕ ਕਾਰੀਗਰ ਆਨਿ।
ਰਚਹਿਂ ਹਵੇਲੀ ਪੌਰ ਮਹਾਂਨ।
ਨਾਨਾ ਰੀਤਿ ਨਿਕੇਤਨਿ ਪੰਗਤਿ।
ਹਰਖਤਿ ਆਨਿ ਬਸੀ ਗਨ ਸੰਗਤਿ ॥੨੬॥
ਬਿੱਪ੍ਰ ਬਸੇ ਖਟ ਕਰਮੀ ਆਇ।
ਬਿਦਜਾਧੈਨ ਅਧਿਕ ਧਰ੍ਮਰਾਇ[2]।
ਸੀਲ ਸੰਤੋਖੀ ਦਯਾ ਸੁਭਾਊ।
ਗੁਰ ਕੇ ਨਗਰ ਬਸੇ ਸਮੁਦਾਊ ॥੨੭॥
ਖੱਤ੍ਰੀ ਕੇਤਿਕ ਆਨਿ ਰਹੇ ਹੈਂ।
ਜਿਨ ਗੁਰ ਸ਼ਰਧਾ ਭਾਉ ਲਹੇ ਹੈਂ।
ਬੈਸ਼ ਬਨਜ ਕੇ ਕਰਤਾ ਆਏ।
ਕਰੀ ਦੁਕਾਨ ਬਜ਼ਾਰ ਸੁਹਾਏ ॥੨੮॥
ਹੋਨਿ ਲਗਯੋ ਬਿਵਹਾਰ ਬਡੇਰੇ।
ਦੇਸ਼ ਬਿਦੇਸ਼ਨਿ ਲਜਾਇਂ ਘਨੇਰੇ।

---

[1]ਘਰ।
[2]ਵਿੱਦਯਾ ਪੜ੍ਹਨ ਵਾਲੇ ਬਹੁਤੇ ਧਰਮੀ।
[ਸੰਸ:, ਵਿਦਯਾ+ਅਧਯਯਨ=ਪੜ੍ਹਨਾ]।

ਮਿਹਨਤਿ[1] ਅਧਿਕ ਨਗਰ ਮਹਿਂ ਪਾਏਂ।
ਕ੍ਰਿਤ ਕੇ ਕਰਨਹਾਰ ਗਨ ਆਏ ॥੨੯॥
ਸਕਲ ਜਾਤਿ ਸ਼ੂਦਰ ਕੀ ਰਹੀ।
ਕਰਹਿਂ ਮਜੂਰੀ ਧਨ ਗਨ ਲਹੀ।
ਗੁਨੀ ਪੁਰਖ ਆਛੀ ਕ੍ਰਿਤ ਕਰੀ[2]।
ਕਦਰ ਸ਼ਿਨਾਸ ਜਾਨਿ ਗੁਰ ਭਰੀ[3] ॥੩੦॥
ਪੁਰਿ ਮਹਿਂ ਬਸੇ ਚਲੀ ਸਭਿ ਕਾਰ।
ਕੋ ਕਰਿ[4] ਲੇ ਪਹੁੰਚਤਿ ਦਰਬਾਰ।
ਧਨ ਇਨਾਮ ਕੋ ਪਾਵਨ ਕਰੈਂ।
ਆਛੀ ਕਰਨ ਚਾਤੁਰੀ ਧਰੈਂ ॥੩੧॥
ਕਾਰੀਗਰ ਸੋਂ ਪ੍ਰਭੂ ਉਚਾਰਾ।
'ਰੁਚਿਰ ਦੁਕਾਨ ਬਨਾਇ ਬਜ਼ਾਰਾ।
ਚਾਰੁ ਪ੍ਰਤੋਲੀ[5] ਰਚੀਐ ਜਿਤ ਕਿਤ।
ਬਸਹਿਂ ਸੁਖੀ ਨਰ ਗਨ ਧਰਿ ਹਿਤ ਚਿਤ' ॥੩੨॥
ਸੁਨਿ ਕੈ ਹੁਕਮ ਰਚਯੋ ਸਭਿ ਸੁੰਦਰ।
ਜਹਿਂ ਕਹਿਂ ਰੁਚਿਰ ਪੌਰ ਕੇ ਮੰਦਿਰ।
ਜਨੁ ਬਿਸ਼ਕਰਮਾ ਆਨਿ ਬਨਾਏ।
ਪੰਕਤਿ ਸਦਨ ਬਜ਼ਾਰ ਸੁਹਾਏ ॥੩੩॥
ਸੁੰਦਰ ਗਰੀ ਕਰੀ ਇਕਸਾਰੀ[6]।
ਬਿਚਰਤਿ ਹਰਖਤਿ ਚਿਤ ਨਰ ਨਾਰੀ।
ਚਹੁੰਦਿਸ਼ਿ ਮਹਿਂ ਉਪਬਨ ਲਗਵਾਏ।
ਤਰੁਵਰੁ ਸਰਬ ਜਾਤਿ ਕੇ ਲਾਏ ॥੩੪॥
ਨਾਨਾ ਬਰਨ ਲਗੀ ਫੁਲਵਾਰੀ।
ਬਿਕਸਤਿ ਪ੍ਰਿਥਕ ਪ੍ਰਿਥਕ ਰਚਿ ਕਜਾਰੀ।
ਬੀਚ ਸਥੰਡਲ ਕਰੇ ਚੁਕੌਨ।

---

[1]ਮਜੂਰੀ।
[2]ਚੰਗੇ ਕਾਰੀਗਰ।
[3]ਭਲੀ ਕਦਰ ਸ਼ਿਨਾਸੀ ਕਰਨ ਵਾਲੇ ਗੁਰੂ ਜੀ ਨੂੰ ਜਾਣਕੇ
(ਅ) ਕਦਰ ਸ਼ਿਨਾਸ ਗੁਰੂ ਜੀ ਨੇ (ਕਦਰਯੋਗ) ਜਾਣਕੇ (ਉਨ੍ਹਾਂ ਦੀ ਝੋਲ) ਭਰੀ।
[4]ਕੋਈ (ਬਾਹਰੋਂ ਹੀ) ਕਰਕੇ (ਭਾਵ ਤਿਆਰ ਕਰਕੇ ਚੀਜ਼ਾਂ) ਲੈਕੇ ਦਰਬਾਰ ਵਿੱਚ ਪਹੁੰਚਦਾ ਹੈ।
[5]ਚੌੜੀ ਸੜਕ ਜੋ ਸ਼ਹਿਰ ਦੇ ਵਿੱਚ ਦੀ ਹੋਕੇ ਲੰਘੇ
[ਸੰਸ:, ਪ੍ਰਤੋਲੀ]।
[6]ਇੱਕੋ ਜਿਹੀ।

ਨਿਕਟ ਨਿਕਟ ਤਰੁਵਰੁ ਬਡ ਜੌਨ[੧] ॥੩੫॥
ਆੜੂ, ਦਾੜਮ[੨], ਕਦਲੀ[੩] ਖਰੇ।
ਸੇਉ[੪], ਰਸਾਲ[੫], ਜਿ ਸ੍ਵਾਦਿਲ ਖਰੇ।
ਤੁਰਸ਼ ਮਧੁਰ ਫਲ ਜਿਨ ਕੋ ਬ੍ਰਿੰਦ।
ਇਕ ਲਘੁ ਹ੍ਵੈ ਇਕ ਹੋਤਿ ਬਿਲੰਦ ॥੩੬॥
ਆਦਿ ਅੰਗੂਰ ਲਤਾਂ[੬] ਲਗਵਾਈ।
ਜਹਿਂ ਕਹਿਂ ਪੰਕਤਿ ਖਰੀ ਸੁਹਾਈ।
ਬੋਲਤਿ ਗਨ ਬਿਹੰਗ ਬਹੁ ਜਾਤੀ।
ਕੋਕਿਲ[੭] ਕੀਰ[੮] ਮੋਰ ਬਹੁ ਭਾਂਤੀ ॥੩੭॥
ਪਾਰਾਵਤ[੯] ਚਕਵਨ[੧੦] ਕੇ ਨਾਦਿ।
ਜਿਨ ਕੇ ਸੁਨੇ ਹੋਇ ਅਹਿਲਾਦਿ।
ਥੋਰੇ ਦਿਵਸਨਿ ਰਚਨਾ ਘਨੀ।
ਪ੍ਰਭੂ ਕ੍ਰਿਪਾ ਤੇ ਸੁੰਦਰ ਬਨੀ ॥੩੮॥
ਪੁੰਜ ਕਵੀ ਗੁਰ ਢਿਗ ਪੁਨ ਆਏ।
ਕਰਹਿਂ ਕਬਿੱਤਨਿ ਅਧਿਕ ਰਿਝਾਏ।
ਮੌਜ ਦਰਬ ਕੀ ਪਾਇ ਬਡੇਰੀ।
ਕੀਰਤਿ ਜਹਿਂ ਕਹਿਂ ਬਿਥਰਿ ਘਨੇਰੀ ॥੩੯॥
ਜੇ ਜੇ ਬਸੇ ਅਨੰਦਪੁਰਿ ਆਇ।
ਸਰਬ ਭਾਂਤਿ ਤੇ ਸੁਖ ਬਹੁ ਪਾਇ।
ਪੁੰਜ ਖਾਲਸਾ ਉਤਰਜੋ ਰਹੈ।
ਸੇਵਹਿ ਗੁਰੂ ਸੁ ਰਸ ਕੋ ਲਹੈ ॥੪੦॥
ਗੁਰਮਤਿ ਧਰਿ ਧਰਿ ਹੁਇਂ ਉਰ ਗਜਾਨੀ।
ਰਾਖਹਿਂ ਰਹਤਿ ਪਠਹਿਂ ਗੁਰਬਾਨੀ।
ਪਾਹੁਲ ਆਨਿ ਪੁੰਜ ਸਿਖ ਲੇਵੈਂ।

---

[੧]ਜੇਹੜੇ।
[੨]ਅਨਾਰ।
[੩]ਕੇਲੇ।
[੪]ਸੇਬ।
[੫]ਅੰਬ।
[੬]ਵੇਲਾਂ।
[੭]ਕੋਇਲਾਂ।
[੮]ਤੋਤੇ।
[੯]ਕਬੂਤਰ [ਸੰਸ:, ਪਾਰਾਪਤ, ਪਾਰਾਵਤ]।
[੧੦]ਚਕਵਿਆਂ।

ਰੀਤਿ ਜਗਤ ਦੁਰਮਤਿ ਤਜਿ ਦੇਵੈਂ[1] ॥੪੧॥
ਲਗਹਿ ਦਿਵਾਨ ਬਿਰਾਜੈਂ ਬੀਚ।
ਦਰਸਹਿਂ ਆਨਿ ਊਚ ਅਰੁ ਨੀਚ।
ਅਰਪਹਿਂ ਅਨਿਕ ਅਕੋਰਨਿ ਲਯਾਇ।
ਹਯ ਹੱਥਯਾਰ ਦਰਬ ਸਮੁਦਾਇ ॥੪੨॥
ਬਸਤ੍ਰ ਬਿਭੂਖਨਿ ਬਹੁ ਮੁਲ ਕੇਰੇ।
ਦੇਸ਼ ਬਿਦੇਸ਼ਨਿ ਕੇ ਨਰ ਹੇਰੇ।
ਆਨਿ ਅਨੰਦਪੁਰਿ ਕਰਿ ਬਿਸਰਾਮੂ।
ਬਿਰਮਾਵਹਿਂ ਹੇਰਤਿ ਅਭਿਰਾਮੂ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਸ਼੍ਰੀ ਗੁਰ ਆਨੰਦਪੁਰ ਆਗਮਨ' ਪ੍ਰਸੰਗ ਬਰਨਨੰ ਨਾਮ ਏਕ ਉਨ ਪੰਚਾਸਤੀ ਅੰਸੂ ॥੪੯॥

---

[1] ਜਗਤ ਵਿਚ ਦੁਰਮਤੀ ਰੀਤੀ ਨੂੰ ਛੱਡਦੇ ਹਨ।

## ੫੦. [ਭੀਮਚੰਦ ਦਾ ਮੇਲ। ਨਾਰਦ ਨੇ ਖੰਭ ਭੇਟ ਕਰਨੇ]

੪੯<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>੫੧

ਦੋਹਰਾ: ਸਕਲ ਸੈਲਪਤਿ ਥਿਰ ਰਹੇ, ਨਿਜ ਰਜਧਾਨੀ ਜਾਇ।
ਆਨ ਮਾਨਿ ਸਤਿਗੁਰੂ ਕੀ, ਉਰ ਹੰਕਾਰ ਬਿਲਾਇ ॥੧॥
ਚੌਪਈ: ਜਹਾਂ ਕਹਾਂ ਹੁਇ ਤੂਸ਼ਨਿ ਥਿਰੇ।
ਭੀਮਚੰਦ ਨਰ ਪਠਵਨਿ ਕਰੇ।
'ਪ੍ਰਭੁ ਜੀ! ਭੂਲਜੋ ਮੈਂ ਬਖ਼ਸ਼ੀਜੈ।
ਨਿਜ ਬਖਸ਼ਿੰਦ ਬਿਰਦ ਲਖਿ ਲੀਜੈ ॥੨॥
ਹਮ ਨੇ ਅਪਨੋ ਸਗਲ ਬਿਗਾਰਾ[1]।
ਭਯੋ ਬਿਰੋਧ ਨਿਤਾਪ੍ਰਤਿ ਭਾਰਾ।
ਅਬਿ ਮੈਂ ਸ਼ਰਣ ਪਰਜੋ ਬਲ ਹਾਰੀ[2]।
ਗੌਰਵ ਮਹਿਮਾ ਜਾਨਿ ਤਿਹਾਰੀ ॥੩॥
ਗਨ ਰਾਜੇ ਉਪਦੇਸ਼ਤਿ ਮੋਹੀ।
ਜਿਸ ਤੇ ਰਾਵਰਿ ਸੋਂ ਰਣ ਹੋਹੀ[3]।
ਕਹੇ ਅਪਰ ਕੇ ਬਿਗਰਤਿ ਰਹਜੋ।
ਅਬਿ ਮੈਂ ਸ਼ਰਨਿ, ਮਹਾਤਮ ਲਹਜੋ[4]' ॥੪॥
ਇੱਤਜਾਦਿਕ ਲਿਖਿ ਬਿਨੈ ਬਡੇਰੀ।
ਗੁਰ ਢਿਗ ਪਠੀ 'ਛਿਮਹੁ ਮਤਿ ਮੇਰੀ।'
ਤਬਿ ਸਤਿਗੁਰ ਕਾਗਦ ਪਠਵਾਯੋ।
ਦਯਾ ਸਿੰਘ ਸੁਨਿ ਬਾਕ ਅਲਾਯੋ ॥੫॥
'ਅਬਿ ਤੌਂ ਭਯੋ ਨਿੰਮ੍ਰ ਤਜਿ ਗਰਬਾ।
ਖੋਇ ਦਰਬ ਅਰੁ ਜਸੁ ਜਗ ਸਰਬਾ।
ਸ਼ਰਨਿ ਪਰਜੋ ਚਾਹਤਿ ਹੁਇ ਹਿਤ ਮੈ[5]।
ਲਖਜੋ ਮਹਾਤਮ ਮੈ[6] ਕੁਛ ਚਿਤ ਮੈਂ ॥੬॥
ਉਚਿਤ ਸੰਧਿ ਜੇ ਜਾਨਹੁ ਤਾਂਹੀ।
ਲਿਹੁ ਮਿਲਾਇ ਸ਼੍ਰੀ ਪ੍ਰਭੁ! ਪਗ ਪਾਂਹੀ।

---

[1]ਵਿਗਾੜਿਆ ਹੈ।
[2]ਬਲ ਹਾਰਕੇ।
[3]ਹੋਇਆ ਸੀ।
[4]ਲਖ ਲਿਆ ਹੈ।
[5]ਸ਼ਰਣ ਪਿਆ ਚਾਹੁੰਦਾ ਹੈ (ਇਸ ਤੋਂ ਜਾਪਦਾ ਹੈ ਕਿ ਹੁਣ) ਹਿਤ ਵਿਚ ਹੋਣਾ ਹੈ।
[6]ਮਹਾਤਮ ਵਾਲੇ [ਮਹਾਤਮਮਯ]
ਪਰ ਸ਼ੁਧ ਪਾਠ-ਮਹਾਤਮ ਕੋ-ਜਾਪਦਾ ਹੈ, ਲਿਖਾਰੀ ਦੀ ਉਕਾਈ ਹੈ।

ਭੀਮ ਚੰਦ ਜੇ ਮਾਨੀ ਆਨ[1]।
ਅਪਰ ਜਿ ਗਿਰਪਤਿ ਕੇਤਿਕ ਮਾਨ[2] ॥੭॥
ਬੇਮੁਖ ਹੋਇ ਮਾਰ ਬਹੁ ਖਾਈ।
ਸ਼ਰਨ ਪਰੇ ਉਰ ਮਹਿਂ ਪਛੁਤਾਈ।
ਮੇਲਹੁ ਆਪ ਉਚਿਤ ਹੈ ਬਾਤੀ।
ਜੇ ਅਧੀਨ ਇਮ ਬਡੋ ਅਰਾਤੀ[3]' ॥੮॥
ਸੁਨਿ ਕਲਗ਼ੀਧਰ ਬਾਕ ਬਖਾਨਾ।
'ਪ੍ਰਥਮ ਕੁਕਰਮ ਤਿਨਹੁਂ ਹੀ ਠਾਨਾ।
ਅਬਿ ਜੇ ਮਿਲਹਿ ਨਹੀਂ ਅਪਮਾਨੈਂ[4]।
ਤਜੈ ਬਿਰੋਧ ਗੁਰਨਿ ਕੋ ਮਾਨੈ ॥੯॥
ਹਮ ਹੁਇਂ ਤਥਾ ਜਥਾ ਸੋ ਹੋਇ।
ਮਿਲਹਿ ਮਿਲਾਵਹਿਂ ਅੰਤਰ ਖੋਇ[5]।
ਰਿਸ ਬਸਿ ਹ੍ਵੈ ਕੈ ਲਰਿਬੇ ਚਾਹਾ।
ਤਿਮ ਹੀ ਮਿਲੇ ਮੇਲ ਰਣ ਮਾਂਹਾ[6]' ॥੧੦॥
ਦਯੋ ਹੁਕਮਨਾਮਾ ਲਿਖਵਾਇ।
ਮ੍ਰਿਦੁਲ ਬਾਂਕ ਹਿਤ ਕੇ ਜਿਸ ਭਾਇ।
ਦੂਤ ਗਯੋ ਲੇਕਰਿ ਢਿਗ ਜਬੈ।
ਖੋਲਿ ਪਠਾਇ, ਜਾਨਿ ਹਿਤ ਸਬੈ[7] ॥੧੧॥
ਹਰਖਤਿ ਹ੍ਵੈ ਕਰਿ ਕੋਪ ਮਿਟਾਯੋ।
ਪੁਨ ਪੰਮਾ ਪਰਧਾਨ ਪਠਾਯੋ।
ਮੇਲ ਕਰਜੋ ਬਾਤਨਿ ਕੇ ਸਾਥ।
ਭਯੋ ਸ਼ੁੱਧ ਮਨ ਪੁਨ ਗਿਰਨਾਥ ॥੧੨॥
ਆਵਾਜਾਈ ਸਚਿਵਨਿ ਕੇਰੀ।
ਕਰਤਿ ਰਹਜੋ ਦੇ ਭੇਟ ਬਡੇਰੀ।
ਅਪਰ ਹੰਡੂਰੀ ਆਦਿਕ ਸਾਰੇ।

---

[1]ਜੇ ਆਣ ਮੰਨ ਲਈ।
[2]ਹੋਰ (ਬੀ) ਕਿੰਨੇ ਹੀ ਰਾਜੇ ਮੰਨ ਜਾਣਗੇ (ਆਨ)। (ਅ) (ਫਿਰ ਉਨ੍ਹਾਂ ਦਾ) ਕਿੰਨਾਂ ਕੁ ਮਾਣ ਹੈ (ਭਾਵ ਉਹ ਬੀ ਅਧੀਨ ਹੋ ਜਾਣਗੇ।
[3]ਵੱਡਾ ਵੈਰੀ ਜੇ ਐਉਂ ਅਧੀਨ ਹੁੰਦਾ ਹੈ।
[4]ਹੁਣ ਜੇ ਮਿਲਦਾ ਹੈ ਅਸੀਂ ਨਿਰਾਦਰ ਨਹੀਂ ਕਰਦੇ।
[5]ਜੇ ਮਿਲੇਗਾ ਤਾਂ ਅਸੀ ਮਿਲਾ ਲਵਾਂਗੇ ਫਰਕ ਗੁਵਾਕੇ।
[6]ਓਵੇਂ ਹੀ (ਅਸੀਂ) ਰਣ ਵਿਚ (ਉਸਨੂੰ) ਮਿਲੇ।
[7]ਖੋਲਕੇ ਪੜ੍ਹਾਈ ਤੇ ਸਾਰੀ ਅਪਣੇ ਹਿਤ ਦੀ ਜਾਣੀ।

ਮੰਤ੍ਰੀ ਪਠਹਿਂ ਪਰਹਿ ਜਬਿ ਕਾਰੇ ॥੧੩॥
ਕਿਸ ਗਿਰਪਤਿ ਕੈ ਭਾਵ ਬਿਸਾਲਾ।
ਕੇਚਿਤ ਕਰਹਿਂ ਅਲਪ ਹਿਤਵਾਲਾ[1]।
ਇਸ ਬਿਧਿ ਰਸ ਹੋਯੋ ਗਿਰ ਰਾਜਨ।
ਕਰਹਿਂ ਸੁਧਾਰਨਿ ਅਪਨੇ ਕਾਜਨਿ ॥੧੪॥
ਕਬਿ ਕਬਿ ਸਤਿਗੁਰ ਚਢਹਿਂ ਅਖੇਰ।
ਬਿਚਰਹਿਂ ਕਾਨਨ ਇਤ ਉਤ ਹੇਰਿ।
ਸੰਗ ਖਾਲਸਾ ਹ੍ਵੈ ਸਮੁਦਾਇ।
ਤੀਰ ਗੋਰੀਆਂ ਵਹਿਰ ਚਲਾਇ ॥੧੫॥
ਨਿਤ ਸ਼ਸਤ੍ਰਨਿ ਕੋ ਹ੍ਵੈ ਅੱਭਜਾਸਾ।
ਪਰਚਹਿਂ ਰਹਹਿਂ ਪ੍ਰਭੁ ਕੇ ਪਾਸਾ।
ਰਾਣੇ ਰਾਇ ਮਿਲੇ ਸਮੁਦਾਇ।
ਜੇ ਸੈਲਨ ਕੇ ਬਿਖੈ ਬਸਾਇਂ[2] ॥੧੬॥
ਸਭਿਹਿਨਿ ਆਨ ਪ੍ਰਭੂ ਕੀ ਮਾਨੀ।
ਮਾਨੈਂ ਜੇ ਨ, ਮਿਟੈ ਰਜਧਾਨੀ[3]।
ਅਨਿਕ ਅਕੋਰਨਿ ਕੋ ਅਰਪੰਤੇ।
ਵਸਤੁ ਅਜਾਇਬ ਹੇਰਿ ਪਠੰਤੇ ॥੧੭॥
ਆਛੇ ਫਲ ਗਨ ਤੋਰਿ ਬਟੋਰਿ[4]।
ਡਾਲੀ ਪਠਹਿਂ ਗੁਰੂ ਕੀ ਓਰ।
ਕੋ ਸੂਖਮ ਚਾਵਰ ਪਹੁੰਚਾਵੈ।
ਕੋ ਬਹੁ ਮੋਲੇ ਬਸਤ੍ਰ ਪਠਾਵੈਂ ॥੧੮॥
ਜਿਸ ਬਿਲੋਕਿ ਪ੍ਰਭੁ ਕਰੈਂ ਅਨੰਦ।
ਐਸੀ ਵਸਤੁ ਪਠਾਇਂ ਬਿਲੰਦ।
ਇਕ ਦਿਨ ਗੁਰੂ ਦਿਵਾਨ ਮਝਾਰੀ।
ਨਾਰਦ ਸਾਧ ਰੂਪ ਨਿਜਧਾਰੀ ॥੧੯॥
ਸੁੰਦਰ ਪੰਖ ਬਿਹੰਗਮ ਕੇਰੇ।
ਧਰੀ ਉਪਾਇਨ ਆਨਿ ਅਗੇਰੇ।
ਬੰਦਨ ਠਾਨਿ ਦਰਸ ਕਰਿ ਬੈਸਾ।

---

[1]ਕਈਕ ਥੋੜ੍ਹੇ ਹਿਤ ਵਾਲਾ (ਭਾਵ) ਕਰਦੇ ਹਨ।
[2]ਵਸਦੇ ਹਨ।
[3]ਰਾਜਧਾਨੀ ਨਾਸ਼ ਹੋ ਜਾਂਦੀ ਹੈ।
[4]ਤੋੜਕੇ ਤੇ ਕੱਠੇ ਕਰਕੇ।

ਦੇਖਿ ਨ ਤ੍ਰਿਪਤਹਿ ਬਹੁ ਛੁਧਿ ਜੈਸਾ ॥੨੦॥
ਤਬਿ ਸਤਿਗੁਰ ਸਾਦਰ ਬੈਠਾਯੋ।
ਮੁਸਕਾਵਤਿ ਸ਼੍ਰੀ ਬਦਨ ਅਲਾਯੋ।
'ਪੰਖ ਆਨਿਬੇ ਹੇਤੁ ਕਸਾਲਾ[੧]।
ਕਯੋਂ ਰਿਖਿਦੇਵ! ਆਪ ਤੁਮ ਝਾਲਾ? ॥੨੧॥
ਤੁਮਰੋ ਦਰਸ਼ਨ ਹੈ ਬਹੁ ਪਾਵਨ।
ਕਰਹੁ ਕ੍ਰਿਪਾ ਜਬਿ ਕਰਹੁ ਦਿਖਾਵਨ।
ਪਰਉਪਕਾਰ ਹੇਤ ਧਰ ਫਿਰੋ।
ਸੁਰ ਮੁਨਿ ਜਨ ਕੋ ਪਾਵਨ ਕਰੋ' ॥੨੨॥
ਸੁਨਿ ਮੁਨਿ ਨਾਰਦ ਪਰਮ ਬਿਸ਼ਾਰਦ[੨]।
ਉੱਤਰ ਹੇਤੁ ਬਖਾਨੀ ਸਾਰਦ[੩]।
'ਸ਼੍ਰੀ ਅਸਕੇਤੁ ਪੁੱਤ੍ਰ ਪ੍ਰਿਯ ਪਰਮ[੪]।
ਧਰਯੋ ਰੂਪ ਗੁਰ ਰਾਖਨਿ ਧਰਮ ॥੨੩॥
ਤੀਨ ਤਾਪ ਖਾਪਨਿ ਸ਼ੁਭ ਦਰਸ਼ਨ।
ਆਇ ਸੁਰਗ ਤੇ ਹਰਖਤਿ ਪਰਸਨ[੫]।
ਰਿਕਤ ਪਾਣ[੬] ਨਹਿਂ ਆਵਤਿ ਆਛੇ।
ਯਾਂ ਤੇ ਭੇਟ ਲਯਾਇਬੋ ਬਾਂਛੇ ॥੨੪॥
ਬਹੁਰ ਬਿਚਾਰਯੋ ਜੋ ਹੁਇ ਪਯਾਰੀ।
ਐਸੀ ਵਸਤੁ ਲੇਉਂ ਕਰ ਧਾਰੀ।
ਕਰਨਿ ਜੰਗ ਅੱਭਯਾਸ ਬਡੇਰਾ।
ਰਿਦੇ ਬਿਚਾਰਨਿ ਕਰਿ ਮੈਂ ਹੇਰਾ ॥੨੫॥
ਯਾਂ ਤੇ ਸ਼ਸਤ੍ਰਨਿ ਕੀ ਬਹੁ ਚਾਹੂ।
ਬਿੱਦਯਾ ਚਾਂਪ ਅਧਿਕ ਸਭਿ ਮਾਂਹੂ।
ਯਾਂ ਤੇ ਤੁਮਰੇ ਸਰਨਿ ਕਰਨਿ ਕੌ[੭]।
ਮੈਂ ਆਨੇ ਸ਼ੁਭ ਬੀਨ ਪਰਨਿ ਕੋ[੮]* ॥੨੬॥

---

[੧]ਖੰਭ ਲਿਆਵਣ ਦੀ ਖੇਚਲ।
[੨]ਚਤੁਰ।
[੩]ਬਾਣੀ।
[੪]ਸ੍ਰੀ ਅਕਾਲ ਪੁਰਖ ਦੇ (ਆਪ) ਪਰਮ ਪ੍ਰਿਯ ਪੁੱਤ੍ਰ ਹੈ।
[੫]ਸੁਰਗ ਤੋਂ ਆਇਆ ਹਾਂ ਅਨੰਦ ਨਾਲ (ਚਰਨ) ਪਰਸਨ।
[੬]ਖਾਲੀ ਹੱਥ।
[੭]ਬਾਣਾਂ ਨਾਲ (ਜੋੜਨ) ਲਈ।
[੮]ਖੰਭ ਚੁਣਕੇ।
*ਖੰਭਾਂ ਦਾ ਪਤਾ ਤੇ ਇਨ੍ਹਾਂ ਤੋਂ ਉਪਦੇਸ਼ ਅਗਲੇ ਅੰਸੂ ਵਿਚ ਆਵੇਗਾ।

ਅਪਨੇ ਬਾਨ ਸੰਗ ਲਗਵਾਓ।
ਬਹੁਰ ਚਾਂਪ ਮੈਂ ਸੰਧਿ ਚਲਾਓ।
ਹੇਰਹੁ ਬੇਗ ਹੋਇ ਹੈ ਐਸੇ।
ਉਡਿ ਕਰਿ ਜਾਇਂ ਬਿਹੰਗਮ ਜੈਸੇ ॥੨੭॥
ਜੇਤਿਕ ਹੋਤਿ ਰਹੇ ਅਵਤਾਰਾ।
ਪਹੁੰਚਿ ਸਭਿਨਿ ਕੋ ਦਰਸ ਨਿਹਾਰਾ[1]।
ਰਾਮਚੰਦ ਸ੍ਰੀ ਕ੍ਰਿਸ਼ਨ ਨਿਹਾਰੇ।
ਸੁੰਦਰ ਨਰ ਸਰੀਰ ਬਹੁ ਧਾਰੇ ॥੨੮॥
ਅਬਿ ਰਾਵਰ ਕੋ ਰੂਪ ਛਬੀਲਾ।
ਕਰਤੇ ਰਹਹੁ ਮਾਨਵੀ ਲੀਲਾ।
ਦੇਖਤਿ ਹੀ ਮਨ ਹੋਤਿ ਸਨੇਹੂ।
ਸਰਬ ਜੋਗ ਪ੍ਰਾਪਤਿ ਫਲ ਏਹੂ ॥੨੯॥
ਕਹੋਂ ਕਹਾਂ ਰਾਵਰ ਕੀ ਸ਼ੋਭਾ।
ਦੁਸ਼ਮਨ ਭੀ ਦੇਖਤਿ ਮਨ ਲੋਭਾ।
ਖੜਗ ਨਿਖੰਗ ਅੰਗ ਕੇ ਸੰਗਾ।
ਸ਼ੋਭਤਿ ਕਲਗੀ ਸੀਸ ਉਤੰਗਾ ॥੩੦॥
ਤੁਮ ਦਰਸ਼ਨ ਤੇ ਮਹਿਦ ਅਨੰਦੰ।
ਮੁਖ ਮੰਡਲ ਦੁਤਿ ਦਿਪਹਿ ਬਿਲੰਦੰ।
ਸੁੰਦਰ ਅਪਰ ਬਿਲੋਕਨਿ ਕੇਰੀ।
ਨਹਿੰ ਬਾਂਛਾ ਰਹਿ ਤੁਮ ਕੋ ਹੇਰੀ[2] ॥੩੧॥
ਸੂਰ ਸ਼ਿਰੋਮਣਿ ਪੰਥ ਚਲਾਯੋ।
ਰਚਜੋ ਸਭਿਨਿ ਕੋ ਜੁੱਧ ਸਿਖਾਯੋ।
ਜਿਸ ਮਹਿਂ ਅਤਿ ਪ੍ਰਸੰਨਤਾ ਮੋਹੀ।
ਪਿਖਿ ਪਿਖਿ ਦਾਰੁਣ ਮਨ ਮਹਿਂ ਹੋਹੀ[3] ॥੩੨॥
ਧੰਨ ਗੁਰੂ ਗੁਰ ਗਾਦੀ ਧੰਨ।
ਜਿਨ ਕੀ ਮਮਤਾ ਕਰਹਿ ਨ ਅੰਨ।
ਰੂਪ ਮਹਿਦ ਮਹੀਯਾਨ ਤੁਮਾਰਾ।
ਨੇਤਿ ਨੇਤਿ ਜਿਸ ਬੇਦ ਉਚਾਰਾ ॥੩੩॥
ਸਰਬ ਸੁਰਾਸੁਰ ਸ਼ਾਰਦ ਸ਼ੇਖ।

---

[1]ਮੈਂ ਦੇਖਿਆ ਹੈ।
[2]ਆਪਦੇ ਦਰਸ਼ਨ ਕਰਕੇ ਹੋਰ ਸੁੰਦਰਤਾ ਦੇ ਦੇਖਣ ਦੀ ਚਾਹ ਨਹੀਂ ਰਹਿੰਦੀ।
[3]ਭਿਆਨਕ ਜੰਗ ਵੇਖ ਵੇਖ ਮੇਰੇ ਮਨ ਵਿਚ ਇਹ ਆਉਂਦੀ ਹੈ:-।

ਅੰਤ ਨ ਪਾਇ ਸਕਹਿਂ ਅਵਿਰੇਖ।
ਨਿਜ ਬ੍ਰਹਮੰਡ ਰੂਪ ਤੁਮ ਧਾਰਾ।
ਪਗ ਪਤਾਲ ਜੋ ਧਰੈ ਪਸਾਰਾ[1] ॥੩੪॥
ਸਾਗਰ ਉਦਰ[2], ਨਸਾ ਨਦ ਨਾਰੇ[3]।
ਲੋਚਨ ਸੂਰਜ ਚੰਦ ਉਦਾਰੇ।
ਬ੍ਰਹਮਲੋਕ ਪ੍ਰਭੁ ਸੀਸੁ ਬਨਾਯੋ।
ਜਹਿਂ ਕਹਿਂ ਏਕੋ ਰੂਪ ਸੁਹਾਯੋ' ॥੩੫॥
ਇੱਤਜਾਦਿਕ ਜਬਿ ਨਾਰਦ ਕਹ੍ਯੋ।
ਬਰਜਤਿ ਗੁਰੁ[4] 'ਤੁਮ ਸਭਿ ਕਿਛ ਲਹ੍ਯੋ।
ਅਹੋ ਦੇਵਰਿਖਿ! ਨਿਤ ਸਰਬੱਗਜ।
ਸਭਿ ਤੇ ਦੀਰਘ ਅਹੋ ਤਤੱਗਜ' ॥੩੬॥
ਇਸ ਬਿਧਿ ਕਹਿ ਕਰਿ ਆਪਸ ਮਾਂਹੀ।
ਭਏ ਅਨੰਦਤਿ ਮਿਲਿ ਕਰਿ ਤਾਂਹੀ[5]।
ਕਰੀ ਪਰਸਪਰ ਨਮੋ ਸਿਧਾਰਾ।
ਬ੍ਰਹਮਲੋਕ ਕੋ ਮੁਨੀ ਪਧਾਰਾ ॥੩੭॥
ਦੇਖਤਿ ਸਭਿ ਕੇ ਅੰਤਰਧਜਾਨਾ।
ਸਿੱਧ ਸਮਾਨ ਖਾਲਸੇ ਜਾਨਾ।
ਪਾਛੇ ਪੂਛਨਿ ਕੀਨੋ ਸਬੈ।
ਭੇਵ ਬਤਾਯੋ ਸਤਿਗੁਰੁ ਤਬੈ ॥੩੮॥
'ਕਮਲਾਸਨ ਕੋ ਨੰਦਨ[6] ਨਾਰਦ।
ਅਹੈ ਦੇਵਰਿਖਿ ਪਰਮ ਬਿਸ਼ਾਰਦ[7]।'
ਇਮ ਕਹਿ ਪੰਖ ਆਪ ਕਰ ਲਏ।
ਏਕ ਸਿੰਘ ਸੋਂ ਇਮ ਕਹਿ ਦਏ ॥੩੯॥
'ਲੇ ਗਮਨਹੁ ਕਾਰੀਗਰ ਤੀਰ।
ਬੈਠਿ ਨਿਕਟ ਲਗਵਾਵਹੁ ਤੀਰ।

---

[1]ਪਤਾਲ ਜੋ ਹੇਠ ਪਸਰਿਆ ਹੋਇਆ ਹੈ (ਆਪਦੇ) ਚਰਨ ਹਨ।
[2]ਸਮੁੰਦਰ ਪੇਟ ਹੈ।
[3]ਨਦੀਆਂ ਨਾਲੇ ਨਾੜੀਆਂ ਹਨ।
[4](ਹੋਰ ਕਹਿਣੋ) ਰੋਕਣ ਲਈ ਗੁਰੂ ਜੀ ਨੇ ਕਿਹਾ। ਰੋਕਣ ਦਾ ਕਾਰਨ ਇਹ ਸੀ ਕਿ ਹੋਰ ਖੁਲ੍ਹੀਆਂ ਗੱਲਾਂ ਨਾ ਕਰੇ।
[5]ਤਿਸ ਨਾਰਦ ਨੂੰ।
[6]ਬ੍ਰਹਮਾ ਦਾ ਪੁੱਤ੍ਰ।
[7]ਚਤੁਰ।

ਇਨ ਕੋ ਤਜਾਗਿ ਦੂਰ ਨਹਿਂ ਜਾਵਹੁ।
ਦੇਖਤਿ ਦ੍ਰਿਗਨ[1] ਬਾਨ ਬਨਵਾਵਹੁ' ॥੪੦॥
ਸੁਨਿ ਪ੍ਰਭੁ ਤੇ ਲੇ ਕਰਿ ਤਬਿ ਗਯੋ।
ਨਿਕਟ ਬੈਠਿ ਬਨਵਾਵਤਿ ਭਯੋ।
ਦੀਰਘ ਪੰਖ ਸੁ ਦੀਰਘ ਬਾਨਾ।
ਕਰੇ ਤਜਾਰ ਸੋ ਰੁਚਿਰ ਮਹਾਨਾ ॥੪੧॥
ਆਛੇ ਸਰ ਬਨਾਇ ਲੇ ਆਯੋ।
ਸੋ ਪ੍ਰਭੁ ਕੋ ਦੇ ਸੀਸ ਨਿਵਾਯੋ।
ਆਪ ਹਾਥ ਮਹਿਂ ਧਰਿ ਕਰਿ ਹੇਰੇ।
ਸਰਬ ਝੂਲ ਖਪਰੇ ਸੁ ਬਡੇਰੇ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਨਾਰਦ ਜੀ ਮਿਲਨ' ਪ੍ਰਸੰਗ ਬਰਨਨੰ ਨਾਮ ਪੰਚਾਸਮੋ ਅੰਸੂ ॥੫੦॥

---
[1]ਅੱਖੀਂ ਵੇਖਦਿਆਂ।

## ੫੧. [ਖੰਭਾਂ ਦੁਵਾਰਾ ਉਪਦੇਸ਼]

੫੦<<ਪਿਛਲਾ ਅੰਸੂ ਤਤਕਰਾ ਰੁਤਿ ੪ ਅਗਲਾ ਅੰਸੂ>>

ਦੋਹਰਾ: ਖਿਰਯੋ ਖਾਲਸਾ ਪਾਸ ਗਨ ਹੁਕਮ ਕਰਯੋ ਮਹਾਰਾਜ।
'ਦੂਰ ਦੂਰ ਲਗਿ ਖਰੇ ਰਹੁ* ਬਾਨ ਖੋਜਿਬੇ ਕਾਜ' ॥੧॥
ਚੌਪਈ: ਸੁਨਿ ਕਰਿ ਸਿੰਘ ਧਾਇ ਕਰਿ ਗਏ।
ਖਰੇ ਸੈਂਕਰੇ ਹੋਵਤਿ ਭਏ।
ਪੂਰਬ ਦਿਸ਼ਿ ਸ਼੍ਰੀ ਮੁਖ ਕੋ ਕਰਿ ਕੈ।
ਚਾਂਪ ਕਠੋਰ ਆਪ ਕਰ ਧਰਿ ਕੈ ॥੨॥
ਖੈਂਚਯੋ ਬਾਨ ਸੰਧਿ ਕੈ ਬਲ ਤੇ।
ਸਕਲ ਬਿਲੋਕਤਿ ਹੈਂ ਤਿਸ ਚਲਿਤੇ।
ਕਹਯੋ ਗੁਰੂ 'ਦੇਖਹੁ ਨਭ ਜੈ ਹੈ[1]।
ਰਾਖਹੁ ਦ੍ਰਿਸ਼ਟਿ ਤਰੇ ਉਤਰੈ ਹੈ?' ॥੩॥
ਛੋਰਯੋ ਜਬੈ, ਮਹਾਂ ਧੁਨਿ ਹੋਈ।
ਗਰਜਿ ਸੁਨੀ ਸਭਿ, ਗਮਨਯੋ ਸੋਈ।
ਰਹੇ ਦੇਖਤੇ ਦ੍ਰਿਗਨ ਲਗਾਇ।
ਗਯੋ ਉਤੰਗ ਨ ਪਰੈ ਦਿਖਾਇ ॥੪॥
ਬਹੁਰ ਦੂਸਰੋ ਤਯਾਗਨਿ ਕੀਨ।
ਤੀਸਰ ਚਾਂਪ ਐਂਚਿ ਤਬਿ ਦੀਨ।
ਤਿਮ ਹੀ ਚੌਥੋ ਦਿਯੋ ਚਲਾਇ।
ਬਹੁਰ ਪੰਚਮੋ ਗਾਜਤਿ ਜਾਇ ॥੫॥
ਸਭ ਸੋਂ ਕਹਿ ਕਹਿ ਤਯਾਗਨ ਕਰੈਂ।
ਊਪਰ ਦੂਰ ਦ੍ਰਿਸ਼ਟਿ ਨਹਿਂ ਧਰੈਂ।
ਦੇਖਤਿ ਰਹੇ ਖਰੇ ਸਭਿ ਹੋਇ।
-ਆਵਹਿ ਤੀਰ[2]- ਪ੍ਰਤੀਖਹਿਂ ਸੋਇ ॥੬॥
ਬੀਤਯੋ ਜਾਮ ਰਹੇ ਤਹਿਂ ਠਾਂਢੇ।
ਹਟਿ ਨਹਿਂ ਆਏ, ਅਚਰਜ ਬਾਢੇ।
ਪੁਨ ਸਭਿ ਸਤਿਗੁਰ ਨਿਕਟ ਪਹੂਚੇ।
'ਪ੍ਰਭੁ ਜੀ! ਦੇਖਿ ਰਹੇ ਹਮ ਊਚੇ ॥੭॥
ਗਏ ਗਗਨ ਮਹਿਂ ਫਿਰੇ ਨ ਫੇਰੇ[3]।

---

*ਪਾ:-ਹੋਇ।
[1]ਅਕਾਸ਼ ਨੂੰ ਜਾਣਦਾ ਹੈ (ਬਾਣ)।
[2]ਤੀਰ ਆਵੇਗਾ।
[3](ਬਾਣ) ਵਾਪਸ ਨਹੀਂ ਮੁੜੇ।

ਦੂਰਿ ਦੂਰਿ ਥਿਰੁ ਹੁਇ ਤਿਹ ਹੇਰੇ।
ਤਰੇ ਧਰਾ ਪਰ ਸੋ ਨਹਿਂ ਆਏ।
ਜੇ ਆਵਤਿ ਦਿਖੀਅਹਿ ਸਮੁਦਾਏ ॥੮॥
ਗਰਜਤਿ ਪੁਨ ਕੋ ਮੇਘ ਸਮਾਨਾ।
ਸੋ ਹਮ ਸੁਨਤਿ ਰਹੇ ਥਿਰ ਕਾਨਾ।
ਗਏ ਦੂਰ ਪੁਨ ਸੁਨੀ ਨ ਸੋਈ।
ਸਭਿ ਕੀ ਮਤਿ ਬਿਸਮਤਿ ਪਿਖਿ ਹੋਈ' ॥੯॥
ਸੁਨਿ ਪ੍ਰਭੁ ਕਹ੍ਯੋ 'ਨ ਊਪਰ ਕੋ ਹੈ[1]।
ਗਗਨ ਪੁਲਾੜ ਪਰ੍ਯੋ ਸਭਿ ਓਹੈ[2]।
ਥਿਰ ਹ੍ਵੈਬੇ ਕੋ ਥਾਨ ਨ ਕੋਈ।
ਗਹੇ ਨ ਕਿਨਹੁਂ ਨ ਕਿਤ ਗੇ ਸੋਈ ॥੧੦॥
ਨੀਕੇ ਦੇਖਿ ਖੋਜਨਾ ਕਰੀਅਹਿ।
ਬਾਨ ਅਜਾਇਬ ਲਜਾਉ, ਨ ਟਰੀਅਹਿ।
ਕਹਾਂ ਗਏ ਕੈ ਦੇਹੁ ਬਤਾਇ?
ਬਾਨ ਬਿਕੀਮਤ ਦਏ ਚਲਾਇ' ॥੧੧॥
ਸ਼੍ਰੀ ਮੁਖ ਤੇ ਸੁਨਿ ਕੈ ਸਿਖ ਕਹੈਂ।
'ਹਮ ਨਹਿਂ ਭੇਵ ਤਿਨੋਂ ਕੋ ਲਹੈਂ।
ਕੁਦਰਤ ਕੇ ਮਾਲਿਕ ਗੁਰ ਪੂਰੇ।
ਕੌਨ ਲਖਹਿ ਚਾਲਿੱਤ੍ਰ ਸੁ ਰੂਰੇ ॥੧੨॥
ਜਾਨਹੁ ਆਪ ਸਰਬ ਕੀ ਗਤੀ।
ਪਕਰੇ ਕਿਧੌਂ ਥਿਰੇ ਜਿਤ ਕਿਤੀ।
ਦੇਖਤਿ ਰਹੇ ਗਗਨ ਦਿਸ਼ਿ ਸਾਰੇ।
ਪਿਖਿ ਚਲਤੇ ਪੁਨ ਨਹੀਂ ਨਿਹਾਰੇ ॥੧੩॥
ਰਹੇ ਪ੍ਰਤੀਖਤਿ ਜਾਮ ਬਿਤਾਯੋ।
ਤਿਨ ਆਗਮਨ ਨਹੀਂ ਲਖਿ ਪਾਯੋ।'
ਸ਼੍ਰੀ ਮੁਖ ਮੁਸਕਾਵਤਿ ਮੰਦ ਮੰਦ।
ਕਹਤਿ ਭਏ, ਤੁਮ ਸੁਮਤਿ ਬਿਲੰਦ ॥੧੪॥
ਸਗਰੇ ਕਰੀਅਹਿ ਭਲੇ ਬਿਚਾਰਨ।
ਸਰ ਆਗਮਨ[3] ਨ ਭਾ ਕਿਸੁ ਕਾਰਨ?

---

[1]ਉਪਰ ਕੋਈ (ਥਾਉਂ) ਨਹੀਂ ਹੈ (ਜਿੱਥੇ ਬਾਣ ਅਟਕ ਰਹੇ)। (ਅ) ਉਪਰ ਕੋਈ (ਬਾਣ) ਨਹੀਂ।
[2]ਔਹ (ਸਾਹਮਣੇ) ਸਾਰਾ ਅਕਾਸ਼ ਖਾਲੀ ਪਿਆ ਹੈ।
[3]ਤੀਰਾਂ ਦਾ (ਹੇਠਾਂ) ਆਵਣਾ।

ਗਏ ਗਹੇ ਕੈ ਕਿਤਹੁੰ ਸਿਧਾਰੇ?
ਜਿਸ ਤੇ ਆਵਤਿ ਨਹੀਂ ਨਿਹਾਰੇ' ॥੧੫॥
ਤਬਿ ਕਰ ਜੋਰਿ ਖਾਲਸਾ ਕਹੈ।
'ਰਾਵਰ ਸਕਲ ਸਥਲ ਗਤਿ ਲਹੈਂ।
ਦਾਸਨ ਕੋ ਸਰ ਗਤੀ[੧] ਬਖਾਨੋ।
-ਜਿਮ ਕਿਤ ਅਟਕੇ- ਪ੍ਰਭੂ! ਸੁ ਜਾਨੋਂ ॥੧੬॥
ਲਾਲਸ ਲਖੀ ਖਾਲਸੇ ਕੇਰੀ।
ਸ੍ਰੀ ਮੁਖ ਉਚਰਤਿ ਭੇ ਤਿਸ ਬੇਰੀ।
'ਇਹ ਤੁਮ ਕੋ ਦ੍ਰਿਸ਼ਟਾਂਤ ਦਿਖਾਯੋ।
ਦਾਸ਼ਟਾਂਤ[੨] ਅਬਿ ਸੁਨਹੁ ਸੁਹਾਯੋ[*] ॥੧੭॥
ਪਰ ਹੁਮਾਉ[੩] ਸੰਗ ਲਾਗਜੋ ਕਾਨ।
ਹਮ ਧਨੁ ਜੋਰਿ ਤਜਜੋ ਬਰ ਬਾਨ।
ਸੋ ਖਗ ਅਪਣੇ ਦੇਸ਼ ਮਝਾਰਾ।
ਲੇ ਗਮਨਜੋਂ ਸਰ, ਤਰੈ ਨ ਡਾਰਾ ॥੧੮॥
ਤਿਮ ਗੁਰਬਾਨੀ ਕੇ ਸੰਗ ਲਾਗਾ।
ਪਠਤਿ ਸੁਨਤਿ ਜੋ ਕਰਿ ਅਨੁਰਾਗਾ।
ਸੋ ਬਾਨੀ ਪਾਠਕ ਲੇ ਜਾਇ।
ਦੇਸ਼ ਗੁਰੂ ਕੋ ਰਿਦਾ ਸੁਹਾਇ[੪] ॥੧੯॥
ਨਿਜ ਸੰਗੀ ਤਹਿਂ ਕਰਹਿ ਪੁਚਾਵਨ।
ਜਹਾਂ ਬਹੁਰ ਨਹੀਂ ਆਵਨ ਜਾਵਨ[੫]।
ਸ੍ਰੀ ਸਤਿਗੁਰ ਸਨ ਦਤਿ ਮਿਲਾਇ।
ਬਡਿ ਅਨੰਦ ਮਹਿਂ ਰਹੈ ਸਮਾਇ ॥੨੦॥
ਪੰਖੀ ਗੁਰੂ, ਸੁ ਪੰਖ ਸ਼ਬਦ ਗਨ[੬]।
ਸਿਖ ਸਰ ਸੰਗ ਲਗੇ ਜਿਸ ਕੇ ਮਨ[੭]।
ਜਨਮ ਮਰਨ ਜੁਗ ਰਾਗ ਰੁ ਦ੍ਵੈਸ਼।

---

[੧]ਬਾਣਾਂ ਦੀ ਗਤੀ।
[੨]ਜਿਸ ਪਰ ਦ੍ਰਿਸ਼ਟਾਂਤ ਘਟਦਾ ਹੈ।
[*]ਪਾ:-ਸੁਨਹੁ ਖਾਲਸਾ ਸਰਬ ਸੁਹਾਯੋ।
[੩]ਇਕ ਪੰਛੀ ਮੰਨਿਆਂ ਹੈ ਜਿਸਦੇ ਸਿਰ ਤੋਂ ਲੰਘਣ ਨਾਲ ਬਾਦਸ਼ਾਹੀ ਮਿਲਦੀ ਹੈ।
[੪](ਉਸ) ਪਾਠਕ ਨੂੰ ਬਾਣੀ ਲੈ ਜਾਂਦੀ ਹੈ ਗੁਰੂ ਕੇ ਹਿਰਦੇ ਰੂਪੀ ਸੁਹਾਵਣੇ ਦੇਸ ਨੂੰ।
[੫]ਭਾਵ ਬਾਣੀ ਆਪਣੇ ਸੰਗੀ ਨੂੰ ਅਮਰ ਦੇਸ਼ ਪਹੁੰਚਾ ਦੇਂਦੀ ਹੈ। ਯਥਾ-ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ।
[੬]ਸਾਰੇ (ਗੁਰੂ ਗ੍ਰੰਥ ਜੀ ਦੇ) ਸ਼ਬਦ ਖੰਭ ਹਨ।
[੭]ਸਿੱਖ ਤੀਰ ਹਨ ਜਿਨ੍ਹਾਂ ਦੇ ਮਨਾਂ ਨਾਲ (ਗੁਰੂ ਕੇ ਸ਼ਬਦਾਂ ਰੂਪੀ ਖੰਭ) ਲਗੇ ਹਨ।

ਹਰਖ ਸੋਗ ਕੋ ਜਹਾਂ ਨ ਲੇਸ਼ ॥੨੧॥
ਗੁਰ ਪੰਖੀ ਕੋ ਬਾਸਾ ਤਹਾਂ।
ਇਕ ਰਸ ਅਨੰਦ ਉਦਧਿ ਨਿਤ ਜਹਾਂ।
ਜਹਿਂ ਪਰਿਣਾਮ[1] ਨ ਹੋਤਿ ਕਦਾਈ।
ਤਹਿਂ ਸਿਖ ਸਰ ਕੋ[2] ਦੇਤਿ ਪੁਚਾਈ ॥੨੨॥
ਤਥਾ ਅਪਰ ਦ੍ਰਿਸ਼ਟਾਂਤ ਸੁਨੀਜੈ।
ਜਿਸ ਕੋ ਜਾਨਿ ਨਾਮ ਰਸ ਪੀਜੈ।
ਨਾਮ ਪੰਖ, ਨਾਮੀ ਸੁ ਬਿਹੰਗ[3]।
ਜੋ ਜੱਗਜਾਸੀ ਲਾਗਜੋ ਸੰਗ ॥੨੩॥
ਪ੍ਰਾਨ ਅੰਤ ਲਗਿ ਤਜਾਗਜੋ ਨਾਂਹੀ।
ਲਾਗਜੋ ਰਹਜੋ ਨਾਮ ਰਸ ਮਾਂਹੀ।
ਪੰਖ ਨਾਮ ਲੇ ਸਰ ਜੱਗਜਾਸੀ[4]।
ਜਾਇ ਮਿਲਾਵਤਿ ਸ਼੍ਰੀ ਪ੍ਰਭੁ ਪਾਸੀ ॥੨੪॥
ਜਹਿਂ ਨਾਮੀ ਕੋ ਦੇਸ਼ ਸੁਹਾਵਨ।
ਤਹਾਂ ਕਰਹਿ ਬਿਨ ਬਿਲਮ ਪੁਚਾਵਨ।
ਯਾਂ ਤੇ ਰਟਹੁ ਸਦਾ ਗੁਰਬਾਨੀ।
ਜਗਤ ਉਧਾਰਨਿ ਪਰਖ ਨਿਸ਼ਾਨੀ ॥੨੫॥
ਉਠਤਿ ਬੈਠਤਿ ਥਿਤ ਕੈ ਚਾਲੇ।
ਪਠਹੁ ਸ਼ਬਦ ਨਿਤ ਰਹਹੁ ਸੁਖਾਲੇ।
ਬਹੁਰ ਨ ਹੋਇ ਜਗਤ ਮਹਿਂ ਫੇਰਾ।
ਕਰਹਿ ਉਬਾਰਨਿ ਗੁਰੂ ਬਡੇਰਾ ॥੨੬॥
ਤਿਮ ਹੀ ਸੱਤਿਨਾਮ ਸਿਮਰੀਜੈ।
ਇਕ ਭੀ ਸ੍ਵਾਸ ਨ ਬਿਰਥਾ ਲੀਜੈ।
ਮਨ ਜਿਹਵਾ ਕੇ ਸੰਗ ਮਿਲਾਇ।
ਰਾਖਹਿਂ ਨਿਸ ਦਿਨ ਮਹਿਂ ਸੁਖਦਾਇ ॥੨੭॥
ਤਿਸ ਕੋ ਅੰਤ ਸਮਾ ਜਬਿ ਆਵੈ।
ਨਾਮੀ ਹਿਤ ਸਹਾਇਤਾ ਧਾਵੈ।
ਪੁੰਨ ਪਾਪ ਕੇ ਬੰਧਨ ਸਾਰੇ।

---

[1]ਭਾਵ ਇਕ ਰਸ ਹਾਲਤ ਰਹੇ ਜਿੱਥੇ [ਸੰਸ:. ਪਰਿਣਾਮ=ਰੂਪਾਂਤਰ ਹੋਣਾ, ਬਦਲੀ]।
[2]ਸਿੱਖ ਰੂਪੀ ਤੀਰ ਨੂੰ।
[3]ਪੰਛੀ ਹੈ।
[4]ਜੱਗਜਾਸੀ ਰੂਪ ਬਾਣ ਨੂੰ ਨਾਮ ਰੂਪੀ ਖੰਭ।

ਸ਼੍ਰੀ ਕਰਤਾਰ ਤੁਰਤ ਨਿਰਵਾਰੇ ॥੨੮॥
ਨਿਕਟ ਆਪਨੇ ਜਨ ਕਰਿ ਰਾਖੇ।
ਜਿਸ ਪਦ ਕੋ ਜੋਗੀ ਅਭਿਲਾਖੇ।
ਅਨਿਕ ਜਤਨ ਤੇ ਸਾਧਹਿਂ ਜੋਗ।
ਹੋਹਿ ਸਪੂਰਨ, ਤਨ ਬਿਨ ਰੋਗ ॥੨੯॥
-ਬ੍ਰਹਮ ਦ੍ਵਾਰ[1] ਮਹਿਂ ਬ੍ਰਿਤੀ ਟਿਕਾਵੈ।
ਜੁਗਤ ਜੋਗ ਕੇ ਰਸ ਕੋ ਪਾਵੈ[2]-।
ਸੋ ਅਬਿ ਕਲੀਕਾਲ ਮਹਿਂ ਨਾਂਹੀ।
ਯਾਂ ਤੇ ਰਮਹੁ ਨਾਮ ਰਸ ਮਾਂਹੀ ॥੩੦॥
ਰਹਿਤ ਵਹਿਰ ਤਨ ਕੀ ਸਭਿ ਧਰੈ।
ਜਿਮ ਗੁਰ ਭਨਜੋ ਨ ਤਿਸ ਤੇ ਟਰੈ।
ਅੰਤਰ ਵ੍ਰਿਤੀ ਨਾਮ ਲਿਵਲਾਵੈ।
ਗੁਰ ਮੂਰਤਿ ਕੋ ਰਿਦੈ ਬਸਾਵੈ ॥੩੧॥
ਪਾਰਬ੍ਰਹਮ ਪੂਰਨ ਕਰਤਾਰਾ।
ਪਰਮੇਸ਼ੁਰ ਜਗਦੀਸ਼ ਉਦਾਰਾ।
ਦੀਨ ਬੰਧੁ ਪ੍ਰਿਯ ਸਿੱਖਨ ਕੇਰਾ।
ਪ੍ਰਭੁ ਹਰਿ ਬਯਾਪਕ ਜਹਿਂ ਕਹਿਂ ਹੇਰਾ ॥੩੨॥
ਅਚੁੱਤ[3], ਮਹਾਂ ਪੁਰਖ, ਗੁਣਖਾਨੀ।
ਪਰਮ ਕ੍ਰਿਪਾਲ, ਪਰਮ ਸੁਖਦਾਨੀ।
ਨਿਰਭਉ, ਨਿਰੰਕਾਰ, ਨਿਰਕਾਲ[4]।
ਨਿਰਗੁਨ ਸਰਗੁਨ ਰੂਪ ਬਿਸਾਲ ॥੩੩॥
ਪ੍ਰਭੁਸੰਭੂ[5], ਨਿਰਭਉ, ਸਭਿ ਸ੍ਵਾਮੀ।
ਮਧੁਸੂਦਨ ਨਿਤ ਅੰਤਰਜਾਮੀ।
ਜਗਜੀਵਨ, ਜਗ ਰਚਨ ਬਿਧਾਤਾ।
ਨਾਰਾਇਣ, ਨਰਪਤਿ, ਜਗ ਦਾਤਾ ॥੩੪॥
ਦੁਸ਼ਟਨ ਗੰਜਨ, ਜਨ ਮਨ ਰੰਜਨ।
ਕਰਤਾਪੁਰਖ, ਅਨੰਤ, ਅਭੰਜਨ।

---

[1]ਬ੍ਰਹਮਰੰਧ੍ਰ। ਸਿਰ ਦੀ ਉਪਰਲੀ ਹੱਡੀ ਵਿਚ ਇਕ ਛੇਕ ਮੰਨਿਆ ਹੈ ਜਿਸਨੂੰ ਫੋੜਕੇ ਯੋਗੀ ਦੇ ਪ੍ਰਾਣ ਨਿਕਲਨੇ ਤੇ ਸਦਗਤੀ ਮੰਨਦੇ ਹਨ। ਇਥੇ ਭਾਵ-ਦਸਮ ਦ੍ਵਾਰ।
[2]ਜੋਗ ਵਿਚ ਜੁੜਕੇ ਉਸ ਦੇ ਰਸ ਨੂੰ ਪਾਵੇ।
[3]ਅਗਿੜ।
[4]ਅਕਾਲ।
[5]ਸੁਤੇ ਪ੍ਰਕਾਸ਼ ਰੂਪ।

ਸੱਤਿ ਰੂਪ, ਜੋਤਿਨ ਕੀ ਜੋਤਿ।
ਜਿਹं ਸੱਤਾ ਤੇ ਜਗਤ ਉਦੋਤਿ ॥੩੫॥
ਪਰਮਾਤਮ, ਨਰਹਰਿ, ਅਬਿਨਾਸ਼ੀ।
ਰੂਪ ਨ ਰੰਗ ਨ ਘਟਿ ਘਟਿ ਵਾਸੀ।
ਪੁਰਸ਼ੋਤਮ, ਪਾਵਨ, ਦੁਖਹਾਰੀ।
ਮਹਿਦ ਮਨੋਹਰ, ਆਨੰਦਕਾਰੀ ॥੩੬॥
ਪਦਮਾਪਤ, ਮਾਧਵ, ਗੋਬਿੰਦ।
ਵਾਹਿਗੁਰੂ, ਸਤਿਗੁਰੂ, ਮੁਕੰਦ।
ਖਲ ਦਲ ਹਰਤਾ, ਗਰਬ ਪ੍ਰਹਾਰੀ।
ਰਾਮ, ਕਿਸ਼ਨ, ਗੋਬਿੰਦ, ਮੁਰਾਰੀ ॥੩੭॥
ਗਨ ਜਨਾਰਦਨ, ਬਿੱਖ੍ਰਕ ਸੈਨਾ[੧]।
ਕਲਮਲ ਹਰਤਾ, ਪੰਕਜ ਨੈਨਾ।
ਜੋਗੇਸ਼੍ਵਰ ਕੇ ਧ੍ਯਾਨ ਬਸੈਯਾ।
ਸ਼੍ਯਾਮ ਰੂਪ, ਅਨੂਪ ਸੁਹੈਯਾ[*] ॥੩੮॥
ਖੜਗਕੇਤੁ ਅਸਕੇਤੁ ਨਿਰੰਜਨ।
ਭਗਤਨਿ ਪ੍ਰਿਯ ਭਵ ਭ੍ਯਾਨ ਪ੍ਰਭੰਜਨ[੨]।
ਮਹਾਂਕਾਲ ਬਡ ਉੱਗ੍ਰ ਸਰੂਪੰ।
ਸ਼ਾਹਨਸ਼ਾਹ ਭੂਪ ਗਨ ਭੂਪੰ ॥੩੯॥
ਇੱਤ੍ਯਾਦਿਕ ਜਿਹ ਨਾਮ ਅਪਾਰਾ।
ਕਰਿ ਬਿਸਤਾਰ ਨ ਪਈਅਤਿ ਪਾਰਾ।
ਸਿਮਰਨ ਕਰਨਿ ਲੇਨਿ ਰਸ ਰਸਨਾ[੩]।
ਸਦਾ ਸੁਖੇਨ ਪਰਹਿ ਜਮ ਬਸ ਨਾ[੪] ॥੪੦॥
ਜੋ ਕ੍ਰਿਤ ਕਰਹਿ ਮਾਨੁ ਸੋ ਆਛੇ[੫]।
ਤਿਸ ਮਹਿਂ ਰਹੁ ਹਰਖਤਿ ਸੁਖ ਬਾਂਛੇ।
ਤਨੁ ਹੰਤਾ ਕੋ ਤ੍ਯਾਗਨ ਕਰੀਅਹਿ।
ਪ੍ਰਭੂ ਰਜ਼ਾਇ ਹਰਖ ਅਨੁਸਰੀਅਹਿ' ॥੪੧॥

---

[੧]ਸਮੂਹ ਜਨ ਜਿਸ ਤੋਂ ਯਾਚਦੇ ਹਨ ਤੇ (ਬਿੱਖ੍ਰਕ=) ਸ਼ੇਸ਼ਨਾਗ ਜਿਸ ਦੀ ਸੇਜਾ ਹੈ।
[*]ਇਹ ਸਾਰੇ ਕਵਿ ਜੀ ਦੱਸ ਰਹੇ ਹਨ ਕਿ ਮੈਂ ਪਰਮੇਸ਼ਰ ਦੇ ਨਾਮ ਲੈ ਰਿਹਾ ਹਾਂ, ਇਨ੍ਹਾਂ ਦੇ ਅਰਥ ਸਰਗੁਣ ਅਵਤਾਰਾਂ ਦੇ ਏਥੇ ਨਹੀਂ ਲਗਦੇ। ਇਹ ਸਭ ਪਰਮੇਸ਼ਰ ਦੇ ਹੀ ਨਾਮ ਹਨ।
[੨]ਭਿਆਨਕ ਸੰਸਾਰ ਨੂੰ ਨਾਸ਼ ਕਰਨ ਵਾਲਾ।
[੩](ਜੇ) ਰਸਨਾ ਨਾਲ ਸਿਮਰਨ ਦਾ ਰਸ ਲੈਂਦਾ ਹੈ।
[੪](ਓਹ) ਜਮਾਂ ਦੇ ਵਸ ਨਹੀਂ ਪੈਂਦਾ।
[੫]ਜੋ ਪਰਮੇਸ਼ਰ ਕਰੇ ਸੋਈ ਅੱਛੀ ਮੰਨੋ।

ਤੀਨਹੁ ਸਾਧਨ[1] ਕੈਵਲ ਕੇਰੇ।
ਸਤਿਗੁਰ ਦਏ ਬਤਾਇ ਬਡੇਰੇ।
ਭਾਣਾ ਮਾਨਨਿ, ਹੰਤਾ ਤਜਾਗਨਿ।
ਸੱਤਿਨਾਮ ਸਿਮਰਨਿ ਲਿਵਲਾਗਨਿ ॥੪੨॥
ਇਹੀ ਪਰਮਪਦ ਕੋ ਪਹੁੰਚਾਵੈਂ।
ਕ੍ਰਿਪਾ ਜਿਨਹੁ ਪਰ ਸੋ ਚਲਿ ਜਾਵੈਂ।
ਵਹਿਰ ਕ੍ਰਿਯਾ ਸ਼ਸਤ੍ਰਨਿ ਅੱਭਜਾਸ।
ਪਾਪੀ ਦੁਸ਼ਟਨ ਕਰਨ ਬਿਨਾਸ ॥੪੩॥
ਸਤਿਗੁਰ ਕਰੀ ਪਰਮ ਬਖਸ਼ੀਸ਼।
ਜਗ ਕੇ ਸੁਖ ਮਿਲਿਬੋ ਜਗਦੀਸ਼[2]।
ਬਡੇ ਭਾਗ ਜਾਗਹਿਂ ਜਿਨ ਕੇਰੇ।
ਚਲੈਂ ਸੁ ਮਾਰਗ ਇਸੀ ਅਛੇਰੇ ॥੪੪॥
ਜਿਮ ਅਰਜਨ ਸੰਗ ਭਾਖੀ ਗੀਤਾ।
'ਕਰਮ ਫਲਨ ਤੇ ਰਹਹੁ ਅਤੀਤਾ[3]।
ਧਰਮ ਧਰਨਿ ਆਯੁਧ[4] ਕੋ ਕਰੀਯਹਿ।
ਅਪਨੋ ਸਾਖੀ ਰੂਪ ਬਿਚਰੀਯਹਿ' ॥੪੫॥
ਤਥਾ ਖਾਲਸੇ ਪ੍ਰਤਿ ਉਪਦੇਸ਼।
'ਸੱਤਿਨਾਮ ਕੋ ਭਜਨ ਹਮੇਸ਼।
ਵਹਿਰ ਕਰਮ ਰਣ ਕਰਨ ਮਹਾਨੇ।
ਕਰਹੁ ਸਦਾ ਸਭਿ ਬਿਧਿ ਸੁਖ ਠਾਨੇ' ॥੪੬॥
ਕਰੇ ਸ਼ੁੱਧ, ਮਨ ਕੀ ਤਜਿ ਮੈਲ[5]।
ਗਮਨੇ ਸੰਤ ਭਗਤ ਜਿਸ ਗੈਲ।
ਸਕਲ ਖਾਲਸੇ ਕੋ ਗੁਰ ਦਯੋ[6]।
ਜਿਨ ਕੇ ਭਾਗ ਬਡੇ ਤਿਨ ਲਹਯੋ ॥੪੭॥
ਕਵਿ ਸੰਤੋਖ ਸਿੰਘ ਗੁਰ ਕੀ ਕਥਾ।
ਕੀਨ ਬਨਾਵਨਿ ਮਮ ਮਤਿ ਜਥਾ।
ਚਤੁਰਥ ਰੁਤ ਪੂਰੀ ਕਰਿ ਤਥਾ।

---
[1]ਭਾਣਾ ਮੰਨਣਾ, ਤਨ ਹੰਤਾ ਤਿਆਗਣਾ ਤੇ ਸਤਿਨਾਮ ਦਾ ਜਾਪ।
[2]ਜਗਤ ਦੇ ਸੁਖ ਤੇ ਜਗਦੀਸ਼ ਦਾ ਮੇਲ (ਵੀ ਦਿਤਾ)।
[3]ਕਰਮਾਂ ਦੇ ਫਲ ਤੋਂ ਨਿਆਰੇ ਰਹੋ।
[4]ਸ਼ਸਤ੍ਰ ਧਾਰਨੇ ਦਾ ਧਰਮ।
[5]ਮਨ ਦੀ ਮੈਲ ਤਜਕੇ (ਮਨ ਨੂੰ) ਸ਼ੁੱਧ ਕਰੇ।
[6]ਗੁਰਾਂ ਨੇ ਦਿਤਾ (ਓਹ ਰਾਹ)

ਲੀਨੋ ਸਾਰ ਜਥਾ ਘ੍ਰਿਤ ਮਥਾ ॥੪੮॥
ਦਸ ਪਤਿਸ਼ਾਹਨ ਕੇ ਸੁਭ ਚਰਨ।
ਧਰ ਕਰਿ ਧਯਾਨ ਬਿਘਨ ਕਿਯ ਹਰਨ।
ਅਭਿਲਾਖਾਂ ਨਿਜ ਪੂਰਨ ਕਰੀ।
ਦੁਸ਼ਟਨ ਕੀ ਮਤਿ ਕਛੁ ਨਹਿਂ ਅਰੀ[1] ॥੪੯॥

ਇਤਿ ਸ਼੍ਰੀ ਗੁਰ ਪ੍ਰਤਾ ਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸ਼੍ਰੀ ਸਤਿਗੁਰੂ ਕਥਾ' ਬਿਚਤਾਯਾਂ ਭਾਖ ਸੂਰਜ ਯਾਂ ਕਵਿ ਸੰਤੋਖ ਸਿੰਘ ਜਬ ਅਤਿ ਬਰਨਨੰ ਨਾਮ ਏਕ ਪੰਚਾਸਤਿ ਅੰਸੂ ॥੫੧॥

[ਚੌਥੀ ਰੁਤਿ ਸੰਪੂਰਨ ਹੋਈ]

---

[1]ਅੜੀ ਨਹੀਂ।